
ਮੋਰ ਉਡਾਰੀ
ਹਰਜੀਤ ਅਟਵਾਲ
www.PunjabiLibrary.com

# ਨਾਵਲ
# ਮੋਰ-ਉਡਾਰੀ
## (ਲੇਖਕ: ਹਰਜੀਤ ਅਟਵਾਲ)

## <u>ਇਕ</u>

ਇੰਡੀਆ ਦੀ ਸੱਜਰੀ-ਸਵੇਰ ਪਰ ਹਵਾਈ ਜਹਾਜ਼ ਵਿਚ।

ਅਰਵਿੰਦ ਸਾਝਰੇ ਉਠਣ ਦਾ ਆਦੀ ਸੀ। ਇਹ ਗੱਲ ਵੱਖਰੀ ਸੀ ਕਿ ਸਾਝਰੇ ਵਾਲਾ ਕੰਮ ਕਦੇ ਉਸ ਨੇ ਕੀਤਾ ਨਹੀਂ ਸੀ। ਨਾ ਕੋਈ ਪਾਠ-ਪੂਜਾ। ਨਾ ਕੋਈ ਕਸਰਤ-ਵਿਯਾਮ। ਕੰਮ 'ਤੇ ਤਾਂ ਹੁਣ ਉਹ ਨੌਂ ਤੋਂ ਪੰਜ ਹੀ ਜਾਂਦਾ ਸੀ। ਕਦੇ ਵਕਤ ਹੁੰਦਾ ਸੀ ਪਹਿਲੀਆਂ ਵਿਚ ਕਿ ਸ਼ਿਫਟ ਵਰਕ ਵੀ ਕਰਨਾ ਪੈਂਦਾ ਸੀ ਪਰ ਹੁਣ ਉਸ ਦੀ ਜੌਬ ਅਜਿਹੀ ਸੀ ਜਿਸ ਨੂੰ ਵਾਈਟ-ਕਾਲਰ ਜੌਬ ਕਹਿੰਦੇ ਸਨ। ਸਾਝਰੇ ਉਠ ਕੇ ਉਸ ਨੇ ਕੀ ਕਰਨਾ ਹੁੰਦਾ ਸੀ! ਕੁਝ ਵੀ ਨਹੀਂ। ਬੈੱਡ ਵਿਚ ਪਿਆ ਆਈਫੋਨ ਖੋਹਲਦਾ। ਸਭ ਤੋਂ ਪਹਿਲਾਂ ਉਹ ਫੇਸਬੁੱਕ 'ਤੇ ਜਾਂਦਾ। ਆਪਣਾ ਅਕਾਊਂਟ ਖੋਹਲ ਕੇ ਆਪਣੇ ਬਣਾਏ ਗਰੁੱਪ 'ਇੰਡੀਆ ਅਬ੍ਰੋਡ' ਨੂੰ ਖੋਹਲਦਾ। ਨਵੀਆਂ ਆਈਆਂ ਪੋਸਟਾਂ ਦੇਖਦਾ। ਕੋਈ ਗਲਤ ਪੋਸਟ ਹੁੰਦੀ ਤਾਂ ਡਿਲੀਟ ਕਰ ਦਿੰਦਾ। ਲੋਕਾਂ ਦੇ ਆਏ ਕੁਮਿੰਟ ਪੜ੍ਹਦਾ। 'ਲਾਈਕਸ' ਬਾਰੇ ਉਹ ਬਹੁਤਾ ਨਹੀਂ ਸੀ ਸੋਚਦਾ, ਦਿਨ ਵਿਚ ਸੈਂਕੜੇ 'ਲਾਈਕਸ' ਆ ਜਾਂਦੇ ਸਨ। ਉਸ ਤੋਂ ਬਾਅਦ ਆਪਣੇ ਅਕਾਊਂਟ ਨੂੰ ਦੇਖਦਾ। ਆਪਣਾ ਸਟੇਟਸ ਅੱਪਡੇਟ ਕਰਦਾ, ਉਹ ਵੀ ਜੇ ਦਿਲ ਕਰਦਾ ਤਾਂ। ਫੇਸਬੁੱਕ 'ਤੇ ਹੀ ਉਹ ਇਕ ਹੋਰ ਗਰੁੱਪ ਦਾ ਮੈਂਬਰ ਵੀ ਸੀ। ਉਹ ਗਰੁੱਪ ਸੀ; 'ਖੁੰਡ ਚਰਚਾ'। ਹਲਕਾ-ਫੁਲਕਾ, ਉਸ ਦੇ ਸੁਭਾਅ ਵਰਗਾ। ਜਦ ਵੀ ਵਕਤ ਮਿਲੇ, ਫੇਸਬੁੱਕ ਖੋਹਲੇ, ਇਸ ਗਰੁੱਪ 'ਤੇ ਗੇੜਾ ਉਹ ਜ਼ਰੂਰ ਮਾਰਦਾ। ਲਤੀਫੇ, ਹੋਰ ਦਿਲਚਸਪ ਗੱਲਾਂ ਇਸ ਦੇ ਮੈਂਬਰ ਭੇਜਦੇ ਰਹਿੰਦੇ ਸਨ। ਜੇ ਉਸ ਨੂੰ ਕੋਈ ਲਤੀਫਾ ਸੁੱਝ ਜਾਵੇ ਜਾਂ ਲੱਭ ਜਾਵੇ ਤਾਂ ਉਹ ਵੀ ਚਾੜ੍ਹ ਦਿਆ ਕਰਦਾ ਸੀ। ਇਵੇਂ ਹੀ ਟਵਿੱਟਰ 'ਤੇ ਵੀ ਗੇੜਾ ਮਾਰ ਲੈਂਦਾ ਪਰ ਟਵਿੱਟਰ 'ਤੇ ਜ਼ਿਆਦਾਤਰ ਗੰਭੀਰ ਵਿਚਾਰ ਹੁੰਦੇ ਜੋ ਉਸ ਦੇ ਸੁਭਾਅ ਨੂੰ ਮੇਚ ਨਹੀਂ ਬਹਿੰਦੇ। ਸਾਰੀ ਰਾਤ ਹੀ ਉਸ ਦਾ ਆਈਫੋਨ ਟੂੰ-ਟੂੰ ਕਰਦਾ ਰਹਿੰਦਾ ਸੀ, ਕਦੇ ਕੋਈ ਈਮੇਲ ਆ ਗਈ ਹੁੰਦੀ, ਕਦੇ ਵੌਟਸਐੱਪ 'ਤੇ ਸੁਨੇਹਾ ਤੇ ਕਦੇ ਕੋਈ ਫੇਸਬੁੱਕ 'ਤੇ ਕੋਈ ਟਿੱਪਣੀ। ਜਦ ਉਹ ਆਪਣਾ ਆਈਫੋਨ ਖੋਹਲਦਾ ਤਾਂ ਉਸ ਦੀ ਪਤਨੀ ਵੇਲਾਂ ਵੀ ਉਸੇ ਵੇਲੇ ਹੀ ਉਠ ਖੜਦੀ ਤੇ ਬੁੜ-ਬੁੜ ਕਰਨ ਲੱਗਦੀ। ਇਸ ਲਈ ਉਸ ਨੇ ਵੇਲਾਂ ਦਾ ਨਾਂ ਹੀ 'ਬੁੜਬੁੜ' ਰੱਖਿਆ ਹੋਇਆ ਸੀ। ਜੇ ਉਹ ਜ਼ਿਆਦਾ ਬੋਲਦੀ ਤਾਂ ਉਹ ਉਠ ਕੇ ਸਿਟਿੰਗਰੂਮ ਵਿਚ ਆ ਜਾਂਦਾ ਤੇ ਲੈਪਟੌਪ ਖੋਹਲ ਲੈਂਦਾ। ਜਿੰਨੀ ਦੇਰ ਉਹ ਘਰ ਹੁੰਦਾ ਤਾਂ ਲੈਪਟੌਪ ਨੂੰ ਬੱਚੇ ਵਾਂਗ ਚੁੱਕੀ ਫਿਰਦਾ। ਵੇਲਾਂ ਲੈਪਟੌਪ ਨੂੰ ਆਪਣੀ ਸੌਂਕਣ ਕਿਹਾ ਕਰਦੀ। ਉਸ ਦੇ ਜਲਦੀ ਉਠਣ ਨੂੰ ਲੈ ਕੇ ਕਹਿੰਦੀ ਕਿ ਉਸ ਨੇ ਕਿਹੜੀਆਂ ਗਊਆਂ ਮਣਸਣੀਆਂ ਜਿਹੜਾ ਏਨੀ ਸਵਖਤੇ ਉਠ ਖੜਦਾ।

ਪੰਜਾਬ ਉਪਰੋਂ ਦੀ ਜਹਾਜ਼ ਲੰਘ ਰਿਹਾ ਸੀ ਤੇ ਉਹ ਖਿੜਕ ਰਾਹੀਂ ਬਾਹਰ ਦੇਖਣ ਦੀ ਨਿਸਫਲ ਜਿਹੀ ਕੋਸ਼ਿਸ਼ ਕਰਨ ਲਗਿਆ। ਛੇਤੀ ਹੀ ਰੌਸ਼ਨੀ ਹੋਣ ਲਗੀ। ਦੁਮੇਲ ਵਿਚ ਸੂਰਜ ਇਕ ਲਕੀਰ ਜਿਹੀ ਵਾਂਗ ਦਿਖਾਈ ਦੇਣ ਲਗਿਆ। ਅਸਮਾਨ ਵਿਚ ਸੂਰਜ ਵੀ ਤਾਂ ਜਲਦੀ ਚੜ੍ਹ ਜਾਣਾ ਸੀ। ਦਿੱਲੀ ਤਕ ਪੁੱਜਦਿਆਂ ਹਲਕੀ ਜਿਹੀ ਧੁੱਪ ਚਮਕਣ ਲਗ ਪਈ ਸੀ। ਦਿੱਲੀ ਪੁੱਜ ਕੇ ਜਹਾਜ਼ ਕੁਝ ਦੇਰ ਉਪਰ ਹੀ ਗੇੜੇ ਕੱਢਦਾ ਰਿਹਾ। ਜ਼ਾਹਰ ਸੀ ਕਿ ਲੈਂਡ ਕਰਨ ਲਈ ਜਗਾਹ ਨਹੀਂ ਮਿਲ ਰਹੀ ਹੋਵੇਗੀ। ਮੌਸਮ ਸਾਫ ਹੋਣ ਕਰਕੇ ਪਾਇਲਟ ਕੀਲੀ ਦੱਬੀ ਆਇਆ ਸੀ, ਇਸ ਲਈ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਉਸ ਨੇ ਜਹਾਜ਼ ਦਿੱਲੀ ਆ ਲਾਇਆ ਸੀ। ਅਰਵਿੰਦ ਸਿੰਘ ਵੀਹ ਸਾਲ ਬਾਅਦ ਇੰਡੀਆ ਆ ਰਿਹਾ ਸੀ। ਜਿਵੇਂ ਕਿ ਉਸ ਦਾ ਸੁਭਾਅ ਸੀ ਕਿ ਜਿਥੇ ਬੈਠ ਗਿਆ, ਬਸ ਬੈਠ ਗਿਆ। ਹਿੱਲਣ ਨੂੰ ਉਸ ਦਾ ਮਨ ਹੀ ਨਹੀਂ ਸੀ ਹੁੰਦਾ। ਇਵੇਂ ਹੀ ਇੰਡੀਆ ਆਉਣ ਦਾ ਵੀ ਉਸ ਦਾ ਦਿਲ ਨਹੀਂ ਸੀ ਮੰਨਿਆਂ। ਇਹ ਵੀ ਜੇ ਮਜਬੂਰੀ ਨਾ ਹੁੰਦੀ, ਵੇਲਾਂ ਨੇ ਏਨਾ ਜ਼ੋਰ ਨਾ ਪਾਇਆ ਹੁੰਦਾ ਤਾਂ ਸ਼ਾਇਦ ਉਹ ਹਾਲੇ ਵੀ ਨਾ ਆਉਂਦਾ। ਵੇਲਾਂ ਦੀ ਸਹੇਲੀ ਏਅਰ ਇੰਡੀਆ ਵਿਚ ਕੰਮ ਕਰਦੀ ਸੀ, ਉਸ ਨੇ ਹੀ ਟਿਕਟ ਬੁੱਕ ਕਰਾ ਦਿਤੀ ਸੀ। ਏਅਰ ਇੰਡੀਆ ਨੂੰ ਉਸ ਨੇ ਕਦੇ ਪਸੰਦ ਨਹੀਂ ਸੀ ਕੀਤੀ। ਵੀਹ ਸਾਲ ਪਹਿਲਾਂ ਏਅਰ ਇੰਡੀਆ ਤੋਂ ਉਹ ਏਨਾ ਸਤਿਆ ਵਾਪਸ ਗਿਆ ਸੀ ਕਿ ਸੌਂਹ ਖਾਧੀ ਸੀ ਕਿ ਮੁੜ ਕੇ ਕਦੇ ਵੀ ਇਸ ਏਅਰ ਲਾਈਨ ਵਿਚ ਸਫਰ ਨਹੀਂ ਕਰੇਗਾ ਪਰ ਕਿਉਂਕਿ ਟਿਕਟ ਲਈ ਕਿਸੇ ਏਜੰਟ ਕੋਲ ਨਹੀਂ ਸੀ ਜਾਣਾ ਪਿਆ ਤੇ ਘਰ ਬੈਠੇ ਬਠਾਏ ਸਾਰਾ ਕੰਮ ਹੋ ਗਿਆ ਸੀ ਇਸ ਲਈ ਉਸ ਨੇ ਏਅਰ ਇੰਡੀਆ ਦੀ ਟਿਕਟ ਹੀ ਮਨਜ਼ੂਰ ਕਰ ਲਈ ਸੀ। ਜਹਾਜ਼ ਵਿਚ ਬੈਠਦਿਆਂ ਹੀ ਉਸ ਨੇ ਦੇਖ ਲਿਆ ਸੀ ਕਿ ਸਰਵਿਸ ਵਿਚ ਕਾਫੀ ਸੁਧਾਰ ਸੀ। ਹੋਰ ਤੇ ਹੋਰ ਆਈਫੋਨ ਲਈ ਚਾਰਜਰ ਵੀ ਲੱਗਿਆ ਹੋਇਆ ਸੀ। ਜਹਾਜ਼ ਲੈਂਡ ਕਰ ਗਿਆ। ਧੁੱਪ ਜਹਾਜ਼ ਦੇ ਅੰਦਰ ਆ ਵੜੀ। ਇੰਗਲੈਂਡ ਵਾਸੀਆਂ ਲਈ ਦੁਰਲੱਭ ਸ਼ੈਅ ਧੁੱਪ, ਉਸ ਨੂੰ ਬਹੁਤ ਚੰਗੀ ਲਗ ਰਹੀ ਸੀ। ਉਹ ਮਨ ਹੀ ਮਨ ਕਹਿਣ ਲਗਿਆ, 'ਹੇ ਮੱਖੀਓ, ਹੇ ਮੱਛਰੋ, ਹੇ ਮੰਗਤਿਓ, ਹੇ ਰਿਸ਼ਵਤਖੋਰੋ, ਹੇ ਟੁੱਟੀ ਹੋਈ ਸੜਕੋ, ਹੇ ਸੜਕਾਂ ਵਿਚਲੇ ਖੱਡਿਓ ਤੇ ਖੜਕਦੇ ਹੋਏ ਵਾਹਨੋਂ, ਹੇ ਐਕਸੀਡੈਂਟੋ, ਮੈਂ ਤੁਹਾਡੇ ਲਈ ਆ ਪੁੱਜਾ ਹਾਂ।' ਉਸ ਦਾ ਤਜਰਬਾ ਉਸ ਦੇ ਅੰਦਰ ਖੌਰੂ ਪਾ ਰਿਹਾ ਸੀ।

ਜਹਾਜ਼ ਠੀਕ ਟਿਕਾਣੇ 'ਤੇ ਜਾ ਰੁਕਿਆ। ਉਸ ਨੂੰ ਲੱਗਦਾ ਸੀ ਕਿ ਸਵਾਰੀਆਂ ਕੂਹਣੀਆਂ ਮਾਰਦੀਆਂ, ਇਕ ਦੂਜੇ ਤੋਂ ਮੂਹਰੇ ਹੁੰਦੀਆਂ ਕੈਬਿਨਾਂ ਵਿਚੋਂ ਸਮਾਨ ਕੱਢਣ ਲੱਗਣਗੀਆਂ, ਜਿਸ ਦਾ ਕਾਰਣ ਹੁੰਦਾ ਹੈ ਅਣਸੁਰੱਖਿਆ ਦੀ ਭਾਵਨਾ। ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਲਈ ਤੁਸੀਂ ਕਤਾਰ ਵਿਚ ਖੜੋ ਪਰ ਫਰਮਾਈਸ਼ੀ ਲੋਕ ਕਤਾਰ ਨੂੰ ਨਕਾਰਦੇ ਹੋਏ ਅੱਗੇ ਲੰਘ ਜਾਣਗੇ, ਤੁਹਾਨੂੰ ਲੱਗੇਗਾ ਕਿ ਪਤਾ ਨਹੀਂ ਤੁਹਾਡੀ ਵਾਰੀ ਆਵੇ

ਹੀ ਨਾ, ਅਜਿਹੇ ਵੇਲੇ ਕਤਾਰਾਂ ਦਾ ਕੀ ਮਤਲਬ। ਉਸ ਦੇ ਕਿਆਫੇ ਦੇ ਉਲਟ ਲੋਕ ਆਪਣਾ ਸਮਾਨ ਲਾਹੁਣ ਲਈ ਕਾਹਲੇ ਨਾ ਪਏ। ਇਥੇ ਵੀ ਕੁਝ ਸਿਆਣਪ ਆ ਗਈ ਜਾਪੀ। ਵਾਹ! ਇੰਡੀਆ ਜ਼ਰੂਰ ਬਦਲ ਗਿਆ ਹੋਵੇਗਾ।

ਜਹਾਜ਼ ਵਿਚੋਂ ਉਤਰ ਕੇ ਦੇਖਿਆ ਕਿ ਏਅਰ ਪੋਰਟ ਦਾ ਨਕਸ਼ਾ ਹੀ ਬਦਲਿਆ ਪਿਆ ਸੀ। ਪੱਛਮ ਦੇ ਕਿਸੇ ਵੀ ਏਅਰ ਪੋਰਟ ਦਾ ਮੁਕਾਬਲਾ ਕਰਦਾ ਜਾਪ ਰਿਹਾ ਸੀ। ਫਰਸ਼ ਜਿਵੇਂ ਸ਼ੀਸ਼ੇ ਦਾ ਹੋਵੇ। ਉਸ ਦਾ ਅਕਸ, ਫਰਸ਼ ਵਿਚ ਦਿਸ ਰਿਹਾ ਸੀ ਭਾਵੇਂ ਧੁੰਧਲਾ ਜਿਹਾ ਹੀ। ਉਹ ਤਿਲਕਣ ਦੇ ਡਰੋਂ ਤੁਰਦਾ ਇੰਮੀਗਰੇਸ਼ਨ ਵਲ ਵਧਿਆ। ਉਹ ਦੁਨੀਆਂ ਦੇ ਕਈ ਮੁਲਕਾਂ ਵਿਚ ਗਿਆ ਸੀ। ਉਸ ਨੂੰ ਦੂਜੇ ਦੇਸ਼ਾਂ ਦੇ ਇੰਮੀਗਰੇਸ਼ਨ ਡੈੱਸਕ ਤੋਂ ਕਦੇ ਡਰ ਨਹੀਂ ਸੀ ਲੱਗਿਆ ਪਰ ਆਪਣੇ ਮੁਲਕ ਵਿਚ ਆ ਕੇ ਉਹ ਬਹੁਤ ਘਬਰਾ ਜਾਂਦਾ। ਲੱਗਦਾ ਕਿ ਹੁਣ ਵੀ ਕੁਝ ਹੋਇਆ, ਹੁਣ ਵੀ ਕੁਝ ਵਾਪਰਿਆ। ਉਸ ਨੂੰ ਜਾਪ ਰਿਹਾ ਸੀ ਕਿ ਰਿਸ਼ਵਤ ਮੰਗਦੀਆਂ ਅੱਖਾਂ ਉਸ ਅੰਦਰ ਤੀਰ ਵਾਂਗ ਵੱਜਣਗੀਆਂ ਤੇ ਇਹਨਾਂ ਨਜ਼ਰਾਂ ਨੂੰ ਬੋਲ ਬਣਦਿਆਂ ਵੀ ਵਕਤ ਨਹੀਂ ਲੱਗੇਗਾ। ਪਤਾ ਨਹੀਂ ਕਿੰਨੇ ਮੰਗ ਲੈਣ। ਪਰ ਉਹ ਬਚ ਗਿਆ। ਇਕ ਦੋ ਫਜ਼ੂਲ ਜਿਹੇ ਸਵਾਲ ਤੇ ਪਾਸਪੋਰਟ ‘ਤੇ ਠੱਕ ਮੋਹਰ। ਹਾਂ, ਕਿਸੇ ਨੇ ਇਹ ਨਹੀਂ ਕਿਹਾ ਕਿ ਵੈਲਕੱਮ ਟੂ ਇੰਡੀਆ ਸਰ। ਸ਼ਾਇਦ ਅਗਲੀ ਵਾਰ ਕਹਿਣਗੇ। ਇਥੋਂ ਨਿਕਲ ਹੁਣ ਸਮਾਨ ਚੁੱਕਣਾ ਸੀ। ਇਕ ਅਟੈਚੀ ਤੇ ਤਿੰਨ ਬੈਗ ਸਨ। ਇਥੇ ਆ ਕੇ ਇਹ ਵੀ ਡਰ ਬਣਿਆਂ ਰਹਿੰਦਾ ਸੀ ਕਿ ਪਤਾ ਨਹੀਂ ਬੈਗ ਮਿਲਣਗੇ ਵੀ ਕਿ ਨਹੀਂ। ਦੋ ਵਾਰ ਅਟੈਚੀ ਗਵਾਉਣ ਦਾ ਤਜਰਬਾ ਸੀ ਉਸ ਦਾ। ਚੰਗੀ ਕਿਸਮਤ ਕਿ ਇਕ ਇਕ ਕਰਕੇ ਚਾਰੇ ਆਈਟਮਾਂ ਆ ਗਈਆਂ। ਵੇਲਾਂ ਦੀ ਚਲਾਕੀ ਦੇਖੋ ਕਿ ਪੀਲੇ ਰੰਗ ਦੀਆਂ ਲੀਰਾਂ ਜਿਹੀਆਂ ਬੰਨ ਦਿੱਤੀਆਂ ਸਨ ਕਿ ਉਸ ਨੂੰ ਪੱਛਾਣ ਰਹੇ। ਹਾਂ, ਇਕ ਬੈਗ ਨੂੰ ਕਾਲੀ ਲੀਰ ਸੀ, ਇਸ ਬੈਗ ਦਾ ਉਸ ਨੂੰ ਖਾਸ ਧਿਆਨ ਰੱਖਣ ਦੀ ਹਿਦਾਇਤ ਸੀ। ਵੇਲਾਂ ਵਲੋਂ ਇਕ ਕਿਸਮ ਨਾਲ ਚੀਕ-ਚੀਕ ਕੇ ਉਸ ਦੇ ਚੇਤੇ ਵਿਚ ਖੁਣਨ ਦੀ ਕੋਸ਼ਿਸ਼ ਕੀਤੀ ਸੀ। ਉਸ ਦੇ ਭੁਲੱਕੜਪੱਨ ਤੋਂ ਵੀ ਡਰਦੀ ਸੀ ਤੇ ਉਸ ਦੀ ਪਛਾਣਨ-ਸ਼ਕਤੀ ਵਿਚ ਨੁਕਸ ਤੋਂ ਵੀ। ਉਹ ਸਮਾਨ ਟਰਾਲੀ ‘ਤੇ ਰੱਖ ਕੇ ਬਾਹਰ ਵੱਲ ਜਾ ਰਿਹਾ ਸਾਂ ਤਾਂ ਸਾਹਮਣੇ ਉਸ ਨੂੰ ਡਿਊਟੀ ਫਰੀ ਦੀ ਦੁਕਾਨ ਨਜ਼ਰ ਪੈ ਗਈ। ਉਸ ਨੂੰ ਗਿਰੀਸ਼ ਦੀ ਕਹੀ ਗੱਲ ਯਾਦ ਆਈ ਕਿ ਹਿੰਦੁਸਤਾਨ ਦੀਆਂ ਡਿਊਟੀ ਫਰੀ ਦੀਆਂ ਦੁਕਾਨਾਂ ਦੁਨੀਆਂ ਦੀਆਂ ਸਭ ਤੋਂ ਸਸਤੀਆਂ ਦੁਕਾਨਾਂ ਵਿਚੋਂ ਹਨ। ਉਸ ਨੂੰ ਆਪਣੇ ਆਪ ‘ਤੇ ਗੁੱਸਾ ਆ ਰਿਹਾ ਸੀ ਕਿ ਉਸ ਨੇ ਸ਼ਰਾਬ ਲੰਡਨ ਤੋਂ ਕਿਉਂ ਖਰੀਦੀ। ਹੁਣ ਉਹ ਬਾਹਰ ਵੱਲ ਤੁਰ ਪਿਆ। ਹੁਣ ਕਸਟਮ ਵਾਲਿਆਂ ਨਾਲ ਵਾਹ ਪੈਣਾ ਸੀ। ਭਾਵੇਂ ਉਸ ਕੋਲ ਕਸਟਮ ਦਾ ਕੁਝ ਵੀ ਨਹੀਂ ਸੀ ਪਰ ਇਹਨਾਂ ਦਾ ਕੀ ਪਤਾ। ਅਟੈਚੀ ਵਿਚ ਦੋ ਬੋਤਲਾਂ ਵਾਈਨ ਤੇ ਇਕ ਬੋਤਲ ਮੈਲਬੂ ਵੀ ਖਤਰਾ ਖੜਾ ਕਰ ਸਕਦੀਆਂ ਸਨ। ਇਥੇ ਉਸ ਨੂੰ ਡਰ ਸੀ ਕਿ ਰਿਸ਼ਵਤ ਮੰਗਦੀਆਂ ਅੱਖਾਂ ਉਹ ਦੇ ਅੰਦਰ ਤੀਰ ਵਾਂਗ ਵੱਜਣਗੀਆਂ ਪਰ ਬਚਾਅ ਰਿਹਾ। ਅਗੋਂ ਆਪਣਾ ਸਮਾਨ ਚੁੱਕ ਕੇ ਹਰੀ-ਬੱਤੀ ਪਾਰ ਕਰਨ ਤੋਂ ਪਹਿਲਾਂ ਵੀ ਡਰ ਰਿਹਾ ਸੀ ਕਿ ਹੁਣ ਵੀ ਰੋਕਿਆ ਗਿਆ, ਹੁਣ ਵੀ ਰੋਕਿਆ ਗਿਆ। ਘੋਖਵੀਆਂ ਅੱਖਾਂ ਉਸ ਵਲ ਝਾਕ ਰਹੀਆਂ ਸਨ ਪਰ ਪਿੱਛਾ ਨਹੀਂ ਸਨ ਕਰ ਰਹੀਆਂ। ਥੋੜੀ ਦੂਰ ਜਾ ਕੇ ਉਸ ਨੇ ਪਿੱਛੇ ਮੁੜ ਕੇ ਦੇਖਿਆ, ਕੋਈ ਨਹੀਂ ਸੀ ਆ ਰਿਹਾ। ਉਹ ਸੋਚਣ ਲੱਗਿਆ ਕਿ ਕੀ ਸੱਚ ਹੀ ਉਹ ਹਿੰਦੁਸਤਾਨ ਵਿਚ ਸੀ ਜਾਂ ਕਿਤੇ ਹੋਰ।

ਉਹ ਏਅਰ ਪੋਰਟ ਦੇ ਏ. ਸੀ. ਦੀ ਜ਼ੱਦ ਵਿਚ ਹੀ ਸੀ ਕਿ ਬਾਹਰ ਚਮਕਦੀ ਧੁੱਪ ਅੱਖਾਂ ਵਿਚ ਰੜਕਣ ਲੱਗੀ। ਉਸ ਨੇ ਮਨ ਹੀ ਮਨ ਕਿਹਾ ਕਿ ਇਹ ਧੁੱਪ ਚੂਗੇਗੀ ਮੇਰੇ ਹੱਡਾਂ ਵਿਚ ਬੈਠੀ ਵੀਹ ਸਾਲ ਪੁਰਾਣੀ ਠੰਡ। ਬਾਹਰ ਨਿਕਲਿਆ ਤਾਂ ਗਰਮ ਹਵਾ ਦਾ ਤੇਜ਼ ਬੁੱਲਾ ਉਸ ਦੇ ਚਿਹਰੇ ‘ਤੇ ਆ ਵੱਜਾ ਤੇ ਨਾਲ ਹੀ ਪਾਂ-ਪਾਂ ਵਜਦੇ ਹੌਰਨ, ਡੰਡਾ ਖੜਕਾਉਂਦੇ ਪੁਲੀਸਵਾਲੇ ਤੇ ਕੁਰਬਲ-ਕੁਰਬਲ ਫਿਰਦੇ ਲੋਕ। ਇਹ ਇੰਡੀਆ ਹੀ ਸੀ। ਹਾਂ, ਕਾਰਾਂ ਨਾਲ ਭਰੀਆਂ ਸੜਕਾਂ ਜ਼ਰੂਰ ਉਸ ਲਈ ਨਵੀਆਂ ਸਨ, ਕਾਰਾਂ ਵੀ ਹਰ ਮੇਕ ਦੀਆਂ। ਉਹ ਟੈਕਸੀ ਵਲ ਵਧਿਆ। ਪੰਜਾਬੀ ਟੈਕਸੀ ਵਾਲੇ ਨੇ ਉਸ ਦੇ ਅਟੈਚੀ ਨੂੰ ਹੱਥ ਪਾਉਂਦਿਆਂ ਪੁੱਛਿਆ,

“ਕਿਥੇ ਚਲੋਂਗੇਂ ਭਾਜੀ?”

“ਯੂ ਨੋਅ, ਮਿੱਤਰ ਯਾਤਰੀ ਘਰ, ਦਰਿਆ ਗੰਜ।”

“ਭਾਜੀ, ਕਿਸੇ ਚੰਗੇ ਜਿਹੇ ਹੋਟਲ ਵਿਚ ਰਹੋ, ਐਨੇ ਸੁਹਣੇ-ਸੁਹਣੇ ਹੋਟਲ ਨੇ ਦਿੱਲੀ ਵਿਚ। ਇੰਗਲੈਂਡ ਤੋਂ ਆ ਕੇ ਵੀ ਟੁੱਚੀ ਜਿਹੀ ਜਗਾਹ ਰਹੋਂਗੇ!”

“ਤੈਨੂੰ ਕਿੱਦਾਂ ਪਤਾ ਕਿ ਮੈਂ ਇੰਗਲੈਂਡ ਤੋਂ ਆਇਆਂ?”

“ਭਾਜੀ, ਪੱਚੀ ਸਾਲ ਹੋ ਗਏ ਸ਼ਿੰਦੇ ਨੂੰ ਟੈਕਸੀ ਕਰਦਿਆਂ, ਬੰਦੇ ਦੀ ਚਾਲ ਦੇਖ ਕੇ ਦੱਸ ਦੇਈਦੈ ਕਿ ਕਿਹੜੇ ਮੁਲਕ ਦਾ ਵਾਸੀ ਐ, ਫੇਰ ਐਸ ਵੇਲੇ ਲੰਡਨ ਤੋਂ ਆਇਆ ਜਹਾਜ਼ ਹੀ ਲੈਂਡ ਕਰਦੈ।”

ਟੈਕਸੀ ਵਾਲਾ ਚੁਸਤ ਬਣਦਾ ਦੱਸ ਰਿਹਾ ਸੀ। ਉਸ ਨੇ ਹੈਂਡ ਬੈਗ ਉਸ ਦੇ ਹੱਥੋਂ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਕਾਹਲੀ ਨਾਲ ਕਿਹਾ,

“ਨਹੀਂ ਬਈ, ਏਹਨੂੰ ਮੈਂ ਆਪਣੇ ਨਾਲ ਹੀ ਰੱਖੂੰ।”

ਡਰਾਈਵਰ ਨੇ ਸਮਾਨ ਬੂਟ ਵਿਚ ਰੱਖ ਦਿਤਾ। ਅਰਵਿੰਦ ਨੇ ਮੁਹਰਲੀ ਸੀਟ ਉਪਰ ਬੈਠ ਕੇ ਬੈਗ ਆਪਣੇ ਪੱਟਾਂ ਉਪਰ ਰੱਖ ਲਿਆ। ਡਰਾਈਵਰ ਨੇ ਟੇਢਾ ਜਿਹਾ ਉਸ ਵਲ ਦੇਖਿਆ ਪਰ ਕੁਝ ਨਾ ਬੋਲਿਆ। ਟੈਕਸੀ ਵਿਚ ਬੈਠਦਿਆਂ ਇਸ ਦੇ ਏ. ਸੀ. ਨੇ ਬਾਹਰਲੀ ਗਰਮੀ ਭੁਲਾ ਦਿੱਤੀ। ਉਹ ਗੱਡੀ ਤੋਰਦਿਆਂ ਹੀ ਪੁੱਛਣ ਲੱਗਿਆ,

“ਕਿਸੇ ਫਾਈਵ ਸਟਾਰ ਵਿਚ ਲੈ ਚੱਲਾਂ?”

“ਨਹੀਂ ਬਈ, ਮੈਂ ਤਾਂ ‘ਮਿੱਤਰ ਯਾਤਰੀ ਘਰ’ ਹੀ ਚਲਾਂਗਾ।”

“ਕੋਈ ਖਾਸ ਕਾਰਨ?”

“ਹਾਂ, ਮੇਰੀ ਬੁਕਿੰਗ ਹੋ ਚੁੱਕੀ ਐ।”

“ਭਾਜੀ, ਯਕੀਨ ਜਾਣਿਓਂ, ਉਹ ਤਾਂ ਕੋਈ ਖਾਸ ਜਗਾਹ ਨਹੀਂ।”

''ਯੂ ਨੋਅ, ਮੇਰੇ ਇਕ ਖਾਸ ਦੋਸਤ ਗਿਰੀਸ਼ ਨੇ ਇਹੀ ਜਗਾਹ ਰਿਕਮੈਂਡ ਕੀਤੀ ਐ। ਦਿੱਲੀ ਦੇ ਐਨ ਵਿਚਕਾਰ, ਸਸਤੀ ਤੇ ਟਿਕਾਊ।''

''ਹਾਂ, ਭਾਜੀ, ਏਹ ਤਾਂ ਹੈ ਵੇ, ਸੀਸ ਗੰਜ ਵੀ ਨਜ਼ਦੀਕ ਤੇ ਹੋਰ ਸਹੂਲਤਾਂ ਵੀ ਪਰ ਭੀੜ ਬਹੁਤ ਐ। ਵੈਸੇ ਭਾਜੀ, ਭੀੜ ਤਾਂ ਹੁਣ ਸਾਰੀ ਜਗਾਹ ਹੀ ਬਹੁਤ ਐ।''

ਡਰਾਈਵਰ ਦੀ ਗੱਲ ਦਾ ਕੋਈ ਉੱਤਰ ਦਿੱਤੇ ਬਿਨਾਂ ਉਹ ਦਿੱਲੀ ਨੂੰ ਦੇਖ ਰਿਹਾ ਸੀ। ਵੀਹ ਸਾਲ ਬਾਅਦ ਇਹ ਉਹ ਦਿੱਲੀ ਨਹੀਂ ਸੀ ਜਾਪ ਰਹੀ। ਕਾਰਾਂ ਲੰਡਨ ਨਾਲੋਂ ਵੀ ਜ਼ਿਆਦਾ ਨਜ਼ਰ ਆ ਰਹੀਆਂ ਸਨ ਤੇ ਸਨ ਵੀ ਵੱਡੀਆਂਵੱਡੀਆਂ। ਡਰਾਈਵਰ ਉਸ ਨੂੰ ਘੋਖਦਾ ਬੋਲਿਆ,

''ਦੇਰ ਬਾਅਦ ਆਏ ਹੋ?''

''ਯੂ ਨੋਅ, ਵੀਹ ਸਾਲ ਬਾਅਦ ਆਇਆਂ, ਕੁਝ ਵੀ ਪੱਛਾਣ ਨਹੀਂ ਹੋ ਰਿਹਾ।''

''ਭਾਜੀ, ਵੀਹ ਸਾਲ ਬਹੁਤ ਹੁੰਦੇ ਆ, ਵੀਹ ਸਾਲ ਵਿਚ ਤਾਂ ਨਿਆਣਾ ਜੰਮ ਕੇ ਵੱਡਾ ਹੋ ਕੇ ਵਿਆਹਿਆ ਵੀ ਜਾਂਦਾ!''

ਆਖਦਾ ਡਰਾਈਵਰ ਹੱਸਿਆ ਤੇ ਉਹ ਵੀ। ਉਹ ਸੋਚ ਰਿਹਾ ਸੀ ਕਿ ਵਾਕਿਆ ਹੀ ਵੀਹ ਸਾਲ ਬਹੁਤ ਹੁੰਦੇ ਹਨ। ਉਹ ਤਾਂ ਸ਼ਾਇਦ ਹਾਲੇ ਵੀ ਨਾ ਆਉਂਦਾ ਜੇ ਵੇਲਾਂ ਮਜਬੂਰ ਕਰਕੇ ਨਾ ਭੇਜਦੀ। ਡਰਾਈਵਰ ਦੱਸਦਾ ਜਾ ਰਿਹਾ ਸੀ,

''ਆਹ ਜਿਹੜੀ ਡਿਵੈਲਪਮੈਂਟ ਹੋ ਰਹੀ ਐ ਏਹਨੇ ਦਿੱਲੀ ਨੂੰ ਜਵਾਨ ਕਰ ਦਿੱਤਾ ਹੋਇਐ, ਮੈਂ ਵੀ ਜਦ ਦਿੱਲੀ ਵਿਚ ਟੈਕਸੀ ਕਰਨ ਆਇਆ ਸੀ ਤਾਂ ਦਿੱਲੀ ਬੁੱਢੀ-ਬੁੱਢੀ ਲੱਗਿਆ ਕਰਦੀ ਸੀ, ਹੁਣ ਪੁਰਾਣੀਆਂ ਬਿਲਡਿੰਗਾਂ ਪਿੱਛੇ ਜਾ ਪਈਆਂ ਤੇ ਚਮਕਦੀਆਂ ਇਮਾਰਤਾਂ ਮੂਹਰੇ ਆ ਗਈਆਂ।''

''ਯੂ ਨੋਅ, ਟਰੈਫਿਕ ਵੀ ਬਹੁਤ ਵਧ ਗਿਆ।''

''ਟਰੈਫਿਕ ਦਾ ਤਾਂ ਕੁਝ ਪੁੱਛੋ ਹੀ ਨਾ, ਹਾਲੇ ਤਾਂ ਅੱਧਾ ਮੈਟਰੋ ਨੇ ਸੰਭਾਲ ਲਿਆ। ਵੈਸੇ ਭਾਜੀ, ਡਿਵੈਲਪਮੈਂਟ ਬਹੁਤ ਹੋਈ ਐ ਪਰ ਪਾਣੀ ਦੇ ਨਿਕਾਸ ਦਾ ਇੰਤਜ਼ਾਮ ਕੋਈ ਨਹੀਂ ਹੋਇਆ, ਜੇ ਜ਼ਰਾ ਜਿੰਨਾ ਵੀ ਮੀਂਹ ਪੈ ਜਾਵੇ ਤਾਂ ਦਿੱਲੀ ਛੱਪੜ ਬਣ ਜਾਂਦੀ ਐ।''

ਉਹ ਦਿੱਲੀ ਬਾਰੇ ਹੋਰ ਵੀ ਜਾਣਕਾਰੀ ਦਿੰਦਾ ਜਾ ਰਿਹਾ ਸੀ। ਆਲੇ ਦੁਆਲੇ ਕੋਈ ਵਿਸ਼ੇਸ਼ ਜਾਂ ਇਤਿਹਾਸਕ ਜਗਾਹ ਦਿਸਦੀ ਤਾਂ ਇਕ ਦਮ ਉਸ ਬਾਰੇ ਦੱਸਣ ਲੱਗਦਾ। ਨਵੀਆਂ ਬਣੀਆਂ ਇਮਾਰਤਾਂ ਬਾਰੇ ਵੀ। ਉਸ ਨੇ ਆਪਣੇ ਬਰਾਬਰ ਜਾਂਦਾ ਅਜੀਬ ਜਿਹਾ ਰਿਕਸ਼ਾ ਦੇਖਿਆ ਜਿਸ ਦੀਆਂ ਚਾਰ ਸੀਟਾਂ ਸਨ। ਦੋ-ਦੋ ਆਮੋ-ਸਾਹਮਣੇ। ਰਿਕਸ਼ੇ ਵਾਂਗ ਹੀ ਬੰਦਾ ਇਸ ਨੂੰ ਚਲਾ ਰਿਹਾ ਸੀ। ਉਸ ਨੇ ਕਿਹਾ,

''ਆਹ ਤਾਂ ਬਈ ਨਵੇਂ ਰਿਕਸ਼ੇ ਚੱਲੇ ਲਗਦੇ ਆ।''

''ਭਾਜੀ, ਇਹ ਚਾਈਨੀ ਰਿਕਸ਼ੇ ਆ। ਇਹ ਮੈਟਰੋ ਸਟੇਸ਼ਨਾਂ ਨਾਲ ਜੁੜੇ ਹੋਏ ਹੁੰਦੇ ਆ ਤੇ ਲਾਈਨ ਵਿਚ ਖੜ ਕੇ ਸਵਾਰੀ ਚੁੱਕਣੀ ਪੈਂਦੀ ਆ।''

''ਪਰ ਏਨਾ ਭਾਰ ਬੰਦਾ ਕਿੰਦਾਂ ਖਿੱਚਦੈ?''

''ਨਹੀਂ ਭਾਜੀ, ਧਿਆਨ ਨਾਲ ਦੇਖੋ, ਏਹਨੂੰ ਛੋਟਾ ਜਿਹਾ ਇੰਜਣ ਲੱਗਿਆ ਹੋਇਆ।''

ਉਸ ਨੇ ਕਿਹਾ ਤੇ ਫਿਰ ਪੁੱਛਣ ਲੱਗਿਆ,

''ਭਾਜੀ, ਵੈਸੇ ਤਾਂ ਸ਼ਿੰਦਾ ਬੰਦੇ ਨਾਲ 'ਹੈਲੋ' ਕਰ ਕੇ ਹੀ ਦੱਸ ਦਿੰਦਾ ਕਿ ਉਹ ਕਿਹੜੇ ਇਲਾਕੇ ਦਾ ਐ ਪਰ ਏਹ ਦੱਸਣਾ ਔਖਾ ਹੋ ਜਾਂਦਾ ਕਿ ਦਿੱਲੀ ਆਏ ਬੰਦੇ ਨੇ ਕਿੰਨੇ ਕੁ ਦਿਨ ਏਥੇ ਠਹਿਰਨਾ ਏ।''

''ਯੂ ਨੋਅ, ਬੜਾ ਚਲਾਕ ਐ ਬਈ ਏਹ ਸ਼ਿੰਦਾ!''

ਉਹ ਡਰਾਈਵਰ ਦੀ ਗੱਲ 'ਤੇ ਖੁਲ੍ਹ ਕੇ ਹੱਸਿਆ ਤੇ ਆਖਿਆ,

''ਮੈਂ ਇਕ-ਦੋ ਦਿਨ ਦਿੱਲੀ ਠਹਿਰਨਾ ਤੇ ਫੇਰ ਜਲੰਧਰ ਚਲੇ ਜਾਣਾ। ਵੈਸੇ ਤਾਂ ਦਿੱਲੀ ਮੈਨੂੰ ਕੋਈ ਖਾਸ ਕੰਮ ਨਹੀਂ, ਦੇਰ ਬਾਅਦ ਆਇਆਂ ਕਰਕੇ ਦਿੱਲੀ ਠਹਿਰਨ ਨੂੰ ਦਿਲ ਕਰ ਆਇਆ।''

''ਫੇਰ ਵੀ ਕਿੰਨੇ ਕੁ ਦਿਨ ਰਹੋਂਗੇ?''

''ਯੂ ਨੋਅ, ਆਏ ਡੌਂਟ ਕੇਅਰ, ਜਿੰਨੇ ਕੁ ਦਿਨ ਦਿੱਲੀ ਰੱਖ ਲਵੇਗੀ।''

''ਵਾਹ, ਇਹ ਵੀ ਠੀਕ ਐ, ਇਹ ਦਿੱਲੀ ਦੀ ਹਿੰਮਤ ਹੋਵੇਗੀ। ਵੈਸੇ ਤਾਂ ਭਾਜੀ ਦਿੱਲੀ ਆਪ ਵਿਚਾਰੀ ਭੰਬੀਰੀ ਵਾਂਗ ਘੁੰਮਦੀ ਫਿਰਦੀ ਆ। ...ਮੈਂ ਵੀ ਭਾਜੀ, ਦਿੱਲੀ ਹੀ ਦੇਖਣ ਆਇਆ ਸੀ। ਦੇਖ ਲਓ, ਦਿੱਲੀ ਨੇ ਮੈਨੂੰ ਏਥੇ ਹੀ ਰੱਖ ਲਿਆ। ...ਭਾਜੀ, ਇਕ ਗੱਲ ਦੱਸ ਦੇਵਾਂ , ਜੇ ਦਿੱਲੀ ਦੇਖਣੀ ਆਂ ਤਾਂ ਸ਼ਿੰਦੇ ਦੀ ਟੈਕਸੀ ਤੋਂ ਵਧੀਆ ਕੋਈ ਜ਼ਰੀਆ ਨਹੀਂ, ਇਕ ਇਕ ਗਲ਼ੀ ਦਿਖਾ ਦੇਵਾਂਗਾ, ਮੈਂ ਵੀ ਜਲੰਧਰੀਆਂ!''

''ਠੀਕ ਐ, ਮੈਨੂੰ ਆਪਣਾ ਕਾਰਡ ਦੇ ਦੇਵੀਂ, ਮੈਂ ਫੋਨ ਕਰ ਲਵਾਂਗਾ।''

''ਕਾਰਡ ਤਾਂ ਕੋਈ ਨਹੀਂ ਜੀ, ਹਾਂ ਸੈਲ ਨੰਬਰ ਲੈ ਲਵੋ ਤੇ ਆਪਣੇ ਫੋਨ ਵਿਚ ਭਰ ਲਵੋ।''

ਆਖਦਿਆਂ ਉਸ ਨੇ ਆਪਣਾ ਮੁਬਾਈਲ ਕੱਢਿਆ ਤੇ ਬੋਲਿਆ,

''ਭਾਜੀ, ਆਪਣਾ ਨੰਬਰ ਦਿਓ, ਮੈਂ ਤੁਹਾਨੂੰ ਘੰਟੀ ਕਰਦਾਂ, ਏਦਾਂ ਮੇਰਾ ਨੰਬਰ ਆ ਜਾਊ, ਓਹਨੂੰ ਸੇਵ ਕਰ ਲਿਓ।''

''ਯੂ ਨੋਅ, ਮੇਰੇ ਕੋਲ ਹਾਲੇ ਨੰਬਰ ਹੈ ਨਹੀਂ। ਹੋਟਲ ਜਾਵਾਂਗਾ, ਸਮਾਨ ਆਪਣੇ ਕਮਰੇ ਵਿਚ ਰੱਖ ਕੇ ਬਾਹਰ ਨਿਕਲਾਂਗਾ ਤੇ ਸਿੱਮ ਖਰੀਦਾਂਗਾ।''

''ਭਾਜੀ, ਏਦਾਂ ਸਿੱਮ ਨਹੀਂ ਮਿਲਦੇ ਇੰਡੀਆ ਵਿਚ, ਬਿਨਾਂ ਆਈਡੀ ਤੋਂ ਸਿੱਮ ਨਹੀਂ ਦਿੰਦਾ ਕੋਈ, ਆਈਡੀ ਵੀ ਇੰਡੀਅਨ ਹੋਵੇ, ਵਲਾਇਤੀ ਫੋਨ ਤੋਂ ਕਾਲ ਕਰੋਂਗੇ ਤਾਂ ਰੋਮਿੰਗ ਪਵੇਗੀ।''

ਗੱਲ ਉਸ ਦੀ ਠੀਕ ਸੀ। ਗਿਰੀਸ਼ ਵੀ ਇਹੋ ਗੱਲ ਦੱਸ ਰਿਹਾ ਸੀ। ਉਹ ਸੋਚਣ ਲੱਗਿਆ ਕਿ ਸਿੱਮ ਕਿਵੇਂ ਲਈ ਜਾਵੇਗੀ। ਪਿੰਡ ਜਾ ਕੇ ਸੁਖਦੇਵ ਲੈ ਦੇਵੇਗਾ। ਉਂਕਾਰ ਜਾਂ ਸੁਮੀਤ ਵੀ ਕੁਝ ਕਰ ਦੇਣਗੇ ਪਰ ਤਦ ਤਕ ਦੁਨੀਆਂ ਨਾਲ ਕਿਵੇਂ ਜੁੜ ਸਕੇਗਾ। ਫੇਸਬੁੱਕ ਇਕ ਜ਼ਰੀਆ ਤਾਂ ਹੈ ਪਰ ਸੀਮਤ ਜਿਹਾ ਹੈ। ਡਰਾਈਵਰ ਉਸ ਦੀ ਦੁਬਿਧਾ ਨੂੰ ਸਮਝਦਾ ਹੋਇਆ ਬੋਲਿਆ,

''ਇਹਦਾ ਹੱਲ ਵੀ ਸ਼ਿੰਦਾ ਲੱਭ ਸਕਦਾ, ਤੁਸੀਂ ਮੇਰੀ ਟੈਕਸੀ ਨੂੰ ਪੱਕਾ ਰੱਖ ਲਵੋਂ ਜਿੰਨਾ ਚਿਰ ਇੰਡੀਆ ਰਹਿਣੈ ਤਾਂ ਸਿੱਮ ਦਾ ਇੰਤਜ਼ਾਮ ਹੋ ਸਕਦਾ।''

ਡਰਾਈਵਰ ਨੇ ਵਿਓਪਾਰਕ ਗੱਲ ਕੀਤੀ। ਉਸ ਨੂੰ ਘੁੰਮਣ-ਫਿਰਨ ਦਾ ਸ਼ੌਂਕ ਹੁਣ ਬਹੁਤਾ ਨਹੀਂ ਸੀ ਰਿਹਾ ਪਰ ਫਿਰ ਵੀ ਐਡੇ ਸ਼ਹਿਰ ਵਿਚ ਕਾਰ ਬਿਨਾ ਬੰਦਾ ਕਾਹਦਾ। ਲੰਡਨ ਵਿਚ ਰਹਿੰਦਿਆਂ ਉਹ ਕਾਰ ਦਾ ਏਨਾ ਆਦੀ ਹੋ ਚੁਕਿਆ ਸੀ ਕਿ ਬੱਸ, ਟਰੇਨ ਜਾਂ ਟਿਊਬ ਵਿਚ ਚੜ੍ਹ ਹੀ ਨਹੀਂ ਸੀ ਸਕਦਾ। ਸ਼ਿੰਦਾ ਭਾਵੇਂ ਬੰਦਾ ਚੰਗਾ ਦਿਸਦਾ ਸੀ ਪਰ ਉਹ ਉਸ ਨੂੰ ਜਾਣਦਾ ਤਾਂ ਨਹੀਂ ਸੀ। ਸੁਰੱਖਿਅਤਾ ਬਾਰੇ ਵੀ ਤਾਂ ਸੋਚਣਾ ਹੋਇਆ। ਟੈਕਸੀ ਤਾਂ ਉਸ ਨੇ ਬਲਕਾਰ ਦੀ ਹੀ ਕਰਨੀ ਸੀ। ਦੋ ਕੁ ਦਿਨ ਦਿੱਲੀ ਵਿਚ ਰਹਿ ਕੇ ਉਸ ਨੇ ਬਲਕਾਰ ਨੂੰ ਸੱਦ ਲੈਣਾ ਸੀ। ਬਲਕਾਰ ਉਹਨਾਂ ਦੇ ਘਰਾਂ ਵਿਚੋਂ ਹੀ ਸੀ ਜੋ ਬਹੁਤ ਸਾਲਾਂ ਤੋਂ ਟੈਕਸੀ ਕਰਦਾ ਆ ਰਿਹਾ ਸੀ। ਉਸ ਦੇ ਬਾਪੂ ਜੀ ਜਦ ਵੀ ਆਉਂਦੇ, ਉਸੇ ਦੀ ਟੈਕਸੀ ਹੀ ਸੱਦ ਲੈਂਦੇ ਸਨ। ਜਾਣਦੇ ਬੰਦੇ ਦੀ ਟੈਕਸੀ ਵਧੇਰੇ ਸੁਰੱਖਿਅਤ ਰਹਿਣੀ ਸੀ। ਉਸ ਨੇ ਸ਼ਿੰਦੇ ਦੀ ਗੱਲ ਦਾ ਜਵਾਬ ਨਾ ਦਿੱਤਾ। ਡਰਾਈਵਰ ਵੀ ਸਮਝ ਗਿਆ ਕਿ ਉਸ ਦੀ ਬਹੁਤੀ ਲੋੜ ਨਹੀਂ। ਟਰੈਫਿਕ ਵਿਚ ਜ਼ਰਾ ਕੁ ਗੱਡੀ ਰੁਕੀ ਤਾਂ ਉਸ ਨੇ ਇਕ ਕਾਗਜ਼ ਉਪਰ ਆਪਣਾ ਫੋਨ ਨੰਬਰ ਲਿਖ ਕੇ ਉਸ ਨੂੰ ਫੜਾਉਂਦਿਆਂ ਆਖਿਆ,

''ਭਾਜੀ, ਮੈਨੂੰ ਪਤਾ ਹਰ ਬੰਦੇ ਦੇ ਆਪਣੇ ਪ੍ਰੋਗਰਾਮ ਹੁੰਦੇ ਆ ਪਰ ਫੇਰ ਵੀ ਜੇ ਲੋੜ ਹੋਈ ਤਾਂ ਸ਼ਿੰਦੇ ਨੂੰ ਯਾਦ ਕਰ ਲਿਓ।''

ਅਰਵਿੰਦ ਨੇ ਉਸ ਦਾ ਨੰਬਰ ਜੇਬ ਵਿਚ ਪਾਇਆ ਤੇ ਕਿਹਾ,

''ਸ਼ਿੰਦਾ ਸਿਆਂ, ਯੂ ਨੋਅ, ਮੈਨੂੰ ਆਪਣੇ ਪ੍ਰੋਗਰਾਮਾਂ ਦਾ ਹਾਲੇ ਆਪ ਵੀ ਕੁਝ ਨਹੀਂ ਪਤਾ। ਮੈਂ ਕੁਝ ਮਿੱਥ ਕੇ ਨਹੀਂ ਆਇਆ ਪਰ ਜਦ ਵੀ ਤੇਰੀ ਲੋੜ ਹੋਈ ਤਾਂ ਜ਼ਰੂਰ ਹਾਕ ਮਾਰ ਲਵਾਂਗਾ।''

ਕੁਝ ਦੇਰ ਲਈ ਕਾਰ ਵਿਚ ਚੁੱਪ ਛਾਈ ਰਹੀ। ਉਸ ਨੇ ਫਿਰ ਪੁੱਛਿਆ,

''ਭਾਜੀ, ਕੋਈ ਕੰਮ ਕਰਦੇ ਹੋ ਜਾਂ ਬਿਜ਼ਨਸ?''

''ਮੈਂ ਟੂਰਿਜ਼ਮ ਦੇ ਮਹਿਕਮੇ ਵਿਚ ਨੌਕਰੀ ਕਰਦਾਂ, ਬਹੁਤ ਸਾਲ ਹੋ ਗਏ।''

ਉਹ ਪਲ ਕੁ ਲਈ ਚੁੱਪ ਹੋਇਆ ਤੇ ਫਿਰ ਪੁੱਛਣ ਲੱਗਿਆ,

''ਲੰਡਨ ਤੇ ਦਿੱਲੀ ਵਿਚ ਕਿੰਨਾ ਕੁ ਫਰਕ ਐ ਭਾਜੀ?''

''ਯੂ ਨੋਅ, ਉਥੇ ਵੀ ਪੰਜਾਬੀ ਬੋਲ ਕੇ ਕੰਮ ਚੱਲ ਜਾਂਦਾ ਤੇ ਦਿੱਲੀ ਵਿਚ ਵੀ।''

ਅਰਵਿੰਦ ਹੱਸਦੇ ਹੋਏ ਕਿਹਾ। ਸ਼ਿੰਦਾ ਗੰਭੀਰ ਹੁੰਦਾ ਬੋਲਿਆ,

''ਫੇਰ ਵੀ ਭਾਜੀ, ਕੋਈ ਤਾਂ ਫਰਕ ਹੋਏਗਾ ਹੀ।''

'' ਯੂ ਨੋਅ, ਉਥੇ ਜ਼ਿੰਦਗੀ ਜ਼ਰਾ ਤੇਜ਼ ਭੱਜਦੀ ਐ, ਵੈਰੀ ਫਾਸਟ!''

''ਇਥੇ ਤਾਂ ਭਾਜੀ, ਜਿੱਦਾਂ ਜ਼ਿੰਦਗੀ ਨੂੰ ਸਰਨ ਹੋਈ ਹੋਵੇ! ਬਸ, ਤੁਰਦੀ ਹੀ ਨਹੀਂ।''

ਉਸ ਨੇ ਆਖਿਆ। ਕੁਝ ਦੇਰ ਰੁਕ ਕੇ ਫਿਰ ਬੋਲਿਆ,

''ਭਾਜੀ, ਇਥੇ ਤਾਂ ਸਾਰਾ ਇੰਡੀਆ ਹੀ ਬਾਹਰ ਜਾਣ ਲਈ ਅੱਡੀਆਂ ਨੂੰ ਥੁੱਕ ਲਾਈ ਬੈਠਾ। ਮੇਰਾ ਭਰਾ ਏਜੰਟ ਦੇ ਪੈਸੇ ਫਸਾਈ ਫਿਰਦਾ ਪਰ ਗੱਲ ਨਹੀਂ ਬਣ ਰਹੀ। ...ਉਧਰ ਦੱਸਦੇ ਆ ਬਈ ਕੰਮ ਹੀ ਨਹੀਂ ਮਿਲਦੇ, ਕੀ ਸੱਚ ਐ ਭਾਜੀ ਏਹ?''

''ਯੂ ਨੋਅ, ਸੁਤ ਆਏ ਦੀ ਗੱਲ ਐ, ਜਿਹਨੂੰ ਕੰਮ ਵਗੈਰਾ ਮਿਲ ਜਾਂਦੈ, ਚਾਰ ਪੈਸੇ ਜੋੜ ਵੀ ਲੈਂਦੈ, ਜਿਹਨਾਂ ਨੂੰ ਨਹੀਂ ਮਿਲਦਾ ਉਹ ਵਿਚਾਰੇ ਮਾਰੇ ਮਾਰੇ ਫਿਰਦੇ ਆ, ਇਲੀਗਲ ਰਹਿਣ ਵਾਲਿਆਂ ਦੀ ਲਾਈਫ ਜ਼ਰਾ ਔਖੀ ਐ।''

ਅਰਵਿੰਦ ਇਸ ਵਿਸ਼ੇ 'ਤੇ ਬਹੁਤੀ ਗੱਲ ਨਹੀਂ ਸੀ ਕਰਨੀ ਚਾਹੁੰਦਾ। ਉਹ ਫੁੱਟ-ਪਾਥ 'ਤੇ ਸੁੱਤੇ ਪਏ ਤੇ ਬੈਠੇ ਲੋਕਾਂ ਨੂੰ ਦੇਖ ਰਿਹਾ ਸੀ। ਇਹਨਾਂ ਵਿਚ ਹਰ ਉਮਰ ਦੇ ਲੋਕ ਸਨ। ਬੱਚੇ-ਜੱਚੇ ਵਾਲੀਆਂ ਔਰਤਾਂ ਵੀ। ਕੁਝ ਲੋਕ ਉਥੇ ਹੀ ਖਾਣਾ ਬਣਾ ਰਹੇ ਸਨ। ਕਿੰਨੇ ਹੀ ਲੋਕ ਫੁੱਟਪਾਥ 'ਤੇ ਜੰਮਦੇ, ਪਲ਼ਦੇ, ਵੱਡੇ ਹੁੰਦੇ ਤੇ ਫੁੱਟਪਾਥ 'ਤੇ ਹੀ ਮਰ ਜਾਂਦੇ। ਟੈਕਸੀ ਸ਼ਹਿਰ ਦੇ ਬਹੁਤ ਹੀ ਭੀੜ ਵਾਲੇ ਇਲਾਕੇ ਵਿਚ ਆ ਗਈ ਸੀ। ਲਾਲ ਕਿਲ੍ਹੇ ਦੀਆਂ ਕੰਧਾਂ ਦਿੱਸਣ ਲੱਗੀਆਂ ਸਨ। ਇਸ ਦਾ ਮਤਲਬ ਦਰਿਆ ਗੰਜ ਨਜ਼ਦੀਕ ਹੀ ਸੀ। ਟੈਕਸੀ ਅਨਸਾਰੀ ਰੋਡ 'ਤੇ ਆ ਗਈ। ਇਥੇ ਹੀ ਕਿਤੇ ਹੋਵੇਗਾ 'ਮਿੱਤਰ ਯਾਤਰੀ ਘਰ'। ਇਸ ਜਗਾਹ ਦੀ ਗਿਰੀਸ਼ ਨੇ ਬਹੁਤ ਵਡਿਆਈ ਕੀਤੀ ਹੋਈ ਸੀ। ਸ਼ਿੰਦੇ ਦੀਆਂ ਗੱਲਾਂ ਸੁਣ ਕੇ ਉਸ ਨੂੰ ਡਰ ਜਿਹਾ ਵੀ ਲਗ ਰਿਹਾ ਸੀ ਕਿ ਪਤਾ ਨਹੀਂ ਇਹ ਹੋਟਲ ਰਹਿਣ ਦੇ ਯੋਗ ਵੀ ਹੋਵੇਗਾ ਕਿ ਨਹੀਂ। ਇਕ ਵਾਰ ਉਸ ਦਾ ਤਾਂ ਦਿਲ ਕੀਤਾ ਕਿ ਕਿਸੇ ਵੱਡੇ ਹੋਟਲ ਵਿਚ ਜਾ ਰਹੇ ਪਰ ਫਿਰ ਸੋਚਿਆ ਕਿ ਹੁਣ ਇੰਟਰਨੈੱਟ 'ਤੇ ਕਮਰਾ ਵੀ ਬੁੱਕ ਕਰਵਾ ਲਿਆ ਹੋਇਆ ਸੀ ਤੇ ਓਨ ਲਾਈਨ ਹੀ ਦੋ ਰਾਤਾਂ ਦਾ ਕਿਰਾਇਆ ਵੀ ਦੇ ਦਿੱਤਾ ਹੋਇਆ ਸੀ। ਇਹਨਾਂ ਦੀ ਵੈੱਬਸਾਈਟ 'ਤੇ ਇਹਨਾਂ ਦੇ ਕਮਰੇ ਵੀ ਦੇਖੇ ਸਨ ਤੇ ਚੰਗੇ ਲੱਗੇ ਸਨ। ਉਸ ਨੇ ਸ਼ਿੰਦੇ ਨੂੰ ਪੁੱਛਿਆ,

''ਯੂ ਨੋਅ, ਕਦੇ ਪਹਿਲਾਂ ਵੀ ਆਏ ਹੋ ਏਸ ਹੋਟਲ ਵਿਚ?''

''ਹਾਂ ਭਾਜੀ, ਏਹ ਦਰਮਿਆਨਾ ਜਿਹਾ ਟਿਕਾਣਾ ਐਂ, ਮੈਂ ਤਾਂ ਕਹਿੰਨਾ ਕਿ ਹਾਲੇ ਵੀ ਕਿਸੇ ਫਾਈਵ ਸਟਾਰ ਵਿਚ ਲੈ ਚਲਦਾਂ।''

''ਇਕ ਵਾਰੀ ਤਾਂ ਹੁਣ ਇਥੇ ਹੀ ਠਹਿਰਾਂਗਾ। ਜੇ ਚੰਗਾ ਨਾ ਲਗਿਆ ਤਾਂ ਅਗਲੀ ਵਾਰ ਕੋਈ ਹੋਰ ਟਿਕਾਣਾ ਲੱਭਾਂਗਾ।''

''ਵੈਸੇ ਭਾਜੀ, ਦਿੱਲੀ ਘੁੰਮਣ ਲਈ ਸ਼ਿੰਦੇ ਦੀ ਟੈਕਸੀ ਤੋਂ ਬਾਅਦ ਜੇ ਕੋਈ ਵਧੀਆ ਤਰੀਕਾ ਹੈ ਤਾਂ ਉਹ ਹੈ ਮੈਟਰੋ। ਪਹਿਲਾਂ ਏਹਨੂੰ ਸਮਝਣਾਂ ਜ਼ਰਾ ਕੁ ਓਪਰਾ ਜਾਪਦੈ ਪਰ ਫੇਰ ਸੌਖਾ ਹੋ ਜਾਂਦੈ।''

"ਯੂ ਨੋਅ, ਦਿੱਲੀ ਵਿਚ ਕਿਤੇ ਜਾਣਾ ਹੋਇਆ ਤਾਂ ਤੈਨੂੰ ਹੀ ਫੋਨ ਕਰਾਂਗਾ ਪਰ ਬਾਅਦ ਦਾ ਪਤਾ ਨਹੀਂ।"

"ਭਾਜੀ, ਦਿੱਲੀ ਦੀ ਰੰਗੀਨ-ਲਾਈਫ ਵੀ ਦਿਖਾ ਦੇਊਂ ਜੇ ਚਾਹੋਂਗੇ ਤਾਂ...!"

ਆਖ ਕੇ ਉਹ ਖੀ-ਖੀ ਕਰਦਾ ਹੱਸਿਆ। ਅਰਵਿੰਦ ਨੇ ਉਸ ਦੀ ਗੱਲ ਦਾ ਜਵਾਬ ਨਾ ਦਿੱਤਾ ਤੇ ਸਾਹਮਣੇ ਹਰੇ ਰੰਗ ਦੀ ਇਮਾਰਤ ਵੱਲ ਦੇਖਣ ਲੱਗਿਆ ਜਿਸ ਉਪਰ 'ਮਿੱਤਰ ਯਾਤਰੀ ਘਰ' ਲਿਖਿਆ ਹੋਇਆ ਸੀ। ਡਰਾਈਵਰ ਨੇ ਟੈਕਸੀ ਉਸ ਦੇ ਸਾਹਮਣੇ ਲਿਜਾ ਖੜੀ ਕੀਤੀ। ਅਰਵਿੰਦ ਨੇ ਗੋਦੀ ਵਿਚ ਰੱਖੇ ਹੈਂਡ ਬੈਗ ਨੂੰ ਠੀਕ ਕੀਤਾ ਤੇ ਉਤਰਨ ਦੀ ਤਿਆਰੀ ਕਰਨ ਲੱਗਿਆ। ਡਰਾਈਵਰ ਨੇ ਅਚਾਨਕ ਪੁੱਛਿਆ,

"ਭਾਜੀ, ਮੈਂ ਸਾਰੀ ਵਾਟ ਦੇਖਦਾ ਆਇਆਂ ਕਿ ਤੁਸੀਂ ਏਸ ਬੈਗ ਨੂੰ ਬਹੁਤ ਹੀ ਸਾਂਭ ਸਾਂਭ ਕੇ ਰੱਖ ਰਹੇ ਹੋ, ਕੀ ਇਸ ਵਿਚ ਕੋਈ ਖਾਸ ਚੀਜ਼ ਐ?"

"ਯੂ ਨੋਅ, ਏਹਦੇ ਵਿਚ ਮੇਰੇ ਬਾਪੂ ਦੇ ਅਸਤ ਨੇ।"

## ਦੋ

'ਮਿੱਤਰ ਯਾਤਰੀ ਘਰ' ਦਾ ਚਾਰ ਨੰਬਰ ਕਮਰਾ ਅਰਵਿੰਦ ਨੂੰ ਦੇ ਦਿਤਾ ਗਿਆ। ਇਹ ਖੁਲ੍ਹਾ ਕਮਰਾ ਸੀ। ਇਕ ਡਬਲਬੈੱਡ ਤਾਂ ਹੈ ਹੀ ਸੀ, ਨਾਲ ਹੀ ਇਕ ਵਾਧੂ ਬੈੱਡ ਵੀ। ਉਸ ਦੇ ਮਨ ਵਿਚ ਕਿਧਰੇ ਬੈਠਾ ਸੀ ਕਿ ਸ਼ਾਇਦ ਉਸ ਨੂੰ ਕੋਈ ਮਿਲਣ ਵਾਲਾ ਆ ਜਾਵੇ ਜੋ ਉਸ ਕੋਲ ਰਾਤ ਰਹਿਣਾ ਚਾਹਵੇ, ਸੋ ਇਕ ਵਾਧੂ ਬੈੱਡ ਚਾਹੀਦਾ ਹੀ ਸੀ। ਕਮਰੇ ਵਿਚ ਚਾਰ ਸੀਟਾਂ ਵਾਲਾ ਡਾਈਨਿੰਗ ਟੇਬਲ ਸੀ, ਦੋ ਕਾਫੀ ਟੇਬਲ ਤੇ ਸੋਫਾ ਵੀ। ਕਪੜੇ ਟੰਗਣ ਲਈ ਅਲਮਾਰੀ ਵੀ। ਪੜ੍ਹਨ ਲਈ ਮੇਜ਼-ਕੁਰਸੀ ਵੀ ਲਗੇ ਹੋਏ ਸਨ। ਬਾਥਰੂਮ ਵੀ ਠੀਕ ਸੀ। ਬਹਿਰੇ ਨੇ ਸਮਾਨ ਰੱਖ ਕੇ ਟੈਲੀਵੀਯਨ ਚਲਾ ਦਿੱਤਾ ਤੇ ਸਲਾਮ ਕਰਦਾ ਚਲੇ ਗਿਆ। ਅਰਵਿੰਦ ਨੇ ਅਟੈਚੀ ਤੇ ਹੋਰ ਬੈਗ ਇਕ ਪਾਸੇ ਨੂੰ ਕਰਕੇ ਹੈਂਡ ਬੈਗ ਨੂੰ ਅਲਮਾਰੀ ਵਿਚ ਸਾਂਭ ਦਿਤਾ ਤਾਂ ਜੋ ਕਿਸੇ ਦੀ ਨਜ਼ਰ ਨਾ ਪਵੇ। ਉਹ ਨਹਾਉਣ ਬਾਰੇ ਸੋਚ ਹੀ ਰਿਹਾ ਸੀ ਕਿ ਬਹਿਰੇ ਨੇ ਆ ਦਰਵਾਜ਼ਾ ਖੜਕਾਇਆ ਤੇ ਅੰਦਰ ਆ ਕੇ ਬੋਲਿਆ,

"ਸਰ ਜੀ, ਆਪਕੀ ਆਈਡੀ ਚਾਹੀਏ।"

"ਯੂ ਨੋਅ, ਮੈਂ ਕਾਰਡ ਤੋਂ ਪੈਸੇ ਦਿੱਤੇ ਨੇ ਯਾਰ, ਫੇਰ ਕਾਹਦੀ ਆਈਡੀ?"

ਅਰਵਿੰਦ ਨੇ ਇੰਗਲੈਂਡ ਦੇ ਕਾਨੂੰਨ ਨੂੰ ਲਾਗੂ ਕਰਦਿਆਂ ਕਿਹਾ। ਬਹਿਰਾ ਆਪਣੀ ਗੱਲ 'ਤੇ ਅੜਦਾ ਹੋਇਆ ਕਹਿਣ ਲੱਗਿਆ,

"ਨਹੀਂ ਸਰ ਜੀ, ਪੂਰੇ ਇੰਡੀਆ ਮੇਂ ਕਹੀਂ ਭੀ ਚਲੇ ਜਾਓ, ਬਗੈਰ ਆਈਡੀ ਕੇ ਹੋਟਲ ਮੇਂ ਜਗਾਹ ਨਹੀਂ ਮਿਲਤੀ, ਇੰਡੀਅਨ ਹੋ ਜਾਂ ਫੌਰਨਰ।"

ਕਿਸੇ ਬਹਿਸ ਵਿਚ ਪੈਣ ਨਾਲੋਂ ਅਰਵਿੰਦ ਨੇ ਪਾਸਪੋਰਟ ਕੱਢ ਕੇ ਉਸ ਦੇ ਹੱਥ ਫੜਾ ਦਿਤਾ। ਉਹ ਪੰਜਾਂ ਮਿੰਟਾਂ ਵਿਚ ਹੀ ਉਸ ਨੂੰ ਮੋੜ ਲਿਆਇਆ ਤੇ ਬੋਲਿਆ,

"ਕੁਸ਼ ਚਾਹੀਏ, ਨਾਸ਼ਤਾ ਬਗੈਰਾ।"

"ਯੂ ਨੋਅ, ਚਾਏ ਲਾ, ਖਾਲੀ।"

ਵੈਸੇ ਉਸ ਨੂੰ ਚਾਹ ਦੀ ਹੁੜਕ ਨਹੀਂ ਸੀ ਪਰ ਬਹਿਰੇ ਦੇ ਕਹਿਣ 'ਤੇ ਉਸ ਦਾ ਦਿਲ ਕਰ ਆਇਆ। ਕੁਝ ਮਿੰਟਾਂ ਵਿਚ ਹੀ ਬਹਿਰਾ ਚਾਹ ਦੇ ਗਿਆ। ਅਰਵਿੰਦ ਚਾਹ ਪੀਂਦਾ ਕਮਰੇ ਨੂੰ ਨਿਹਾਰਨ ਲੱਗਿਆ। ਉਹ ਸੋਚਣ ਲੱਗਿਆ ਕਿ ਉਹ ਦਿੱਲੀ ਵਿਚ ਕਿਉਂ ਰੁਕ ਗਿਆ। ਪੂਰੀ ਦਿੱਲੀ ਉਸ ਲਈ ਓਪਰੀ ਸੀ। ਰਣਜੀਤ ਤੇ ਇੰਦਰ ਬਿਨਾਂ ਉਹ ਇਥੇ ਕਿਸੇ ਨੂੰ ਵੀ ਨਹੀਂ ਸੀ ਜਾਣਦਾ। ਰਣਜੀਤ ਤੇ ਇੰਦਰ ਵੀ ਉਸ ਦੇ ਫੇਸਬੁੱਕੀਏ ਦੋਸਤ ਸਨ। ਫੇਸਬੁੱਕੀਏ ਦੋਸਤਾਂ ਬਾਰੇ ਸੋਚਦਿਆਂ ਉਸ ਨੇ ਲੈਪਟੌਪ ਔਨ ਕਰ ਲਿਆ। ਉਹ ਸੋਚ ਰਿਹਾ ਸੀ ਕਿ ਸ਼ਾਇਦ ਲੈਪਟੌਪ ਆਪਣੇ ਆਪ ਹੀ ਨੈੱਟ ਪਿੱਕ ਕਰ ਲਵੇਗਾ ਪਰ ਉਹ ਕੋਡ ਮੰਗਣ ਲੱਗਿਆ। ਉਸ ਨੇ ਫੋਨ 'ਤੇ ਗਿਆਰਾਂ ਨੰਬਰ ਦੱਬ ਕੇ ਰਿਸੈਪਸ਼ਨ ਨੂੰ ਕੋਡ ਨੰਬਰ ਪੁੱਛਿਆ। ਇਹ ਸੌਖਾ ਹੀ ਸੀ; ਐਮ. ਵਾਈ. ਜੀ. 123 । ਉਸ ਨੇ ਫੇਸਬੁੱਕ ਖੋਹਲੀ। 'ਇੰਡੀਆ ਅਬ੍ਰੌਡ' 'ਤੇ ਗਿਆ ਤਾਂ ਦੇਖਿਆ ਕਿ ਕਈ ਮੈਂਬਰਾਂ ਨੇ ਆਪਣੀਆਂ ਐਡਾਂ ਪਾਈਆਂ ਹੋਈਆਂ ਸਨ। ਉਸ ਨੇ ਸਿਧੀਆਂ ਹੀ ਡਿਲੀਟ ਕਰ ਦਿਤੀਆਂ। ਕੁਮਿੰਟ ਵੀ ਦੇਖੇ, ਕੋਈ ਖਾਸ ਨਹੀਂ ਸੀ। ਪਰਸੋਂ ਦੀ ਉਹ ਕੋਈ ਤਸਵੀਰ ਵੀ ਪੋਸਟ ਨਹੀਂ ਸੀ ਕਰ ਸਕਿਆ। ਕੁਝ ਹੋਰ ਮੈਂਬਰਾਂ ਨੇ ਤਸਵੀਰਾਂ ਪਾਈਆਂ ਹੋਈਆਂ ਸਨ ਪਰ ਕੋਈ ਖਾਸ ਨਹੀਂ ਸਨ। ਉਸ ਨੇ ਦੇਖਿਆ ਕਿ ਇੰਦਰ ਇੰਟਰਨੈੱਟ 'ਤੇ ਹੀ ਬੈਠਾ ਸੀ। ਉਸ ਨੇ ਚੈਟ ਓਨ ਕੀਤੀ ਹੋਈ ਸੀ। ਸ਼ਾਇਦ ਉਹ ਉਸ ਨਾਲ ਹੀ ਗੱਲ ਕਰਨੀ ਚਾਹੁੰਦਾ ਹੋਵੇ। ਉਹ ਉਸੇ ਵੇਲੇ ਹੀ ਲਿਖਣ ਲੱਗਿਆ,

--ਹੈਲੋ ਇੰਦਰ ਸਿੰਘ ਜੀ, ਮੈਂ ਪੁੱਜ ਗਿਆਂ।

--ਹੈਲੋ ਅਰਵਿੰਦ ਜੀ, ਕੈਸਾ ਰਿਹਾ ਸਫਰ?

--ਸਫਰ ਠੀਕ ਰਿਹਾ, ਤੁਸੀਂ ਦੱਸੋ ਕਿ ਕਦੋਂ ਮਿਲ ਸਕਦੇ ਹੋ?

--ਮੈਂ ਜ਼ਰਾ ਕੁ ਢਿੱਲਾ ਜਿਹਾ ਹਾਂ, ਨਜ਼ਲਾ ਹੋ ਗਿਆ ਏ। ਬਸ ਠੀਕ ਹੋ ਕੇ ਕੰਟੈਕਟ ਕਰਾਂਗਾ।

--ਤੁਹਾਡੇ ਕੋਲ 'ਮਿੱਤਰ ਯਾਤਰੀ ਘਰ' ਦਾ ਸਿਰਨਾਵਾਂ ਤਾਂ ਹੈ ਹੀ ਨਾ?

--ਜੀ ਬਿਲਕੁਲ ਹੈਗਾ ਪਰ ਨੋਇਡਾ ਰਹਿੰਨਾ ਏਸ ਲਈ ਜ਼ਰਾ ਕੁ ਦੂਰ ਹਾਂ ਪਰ ਕੋਈ ਫਿਕਰ ਨਹੀਂ, ਇਕ-ਦੋ ਦਿਨ ਵਿਚ ਮਿਲਦੇ ਹਾਂ।

ਇੰਦਰ ਸਿੰਘ ਨੇ ਕਿਹਾ। ਉਸ ਦਾ ਇਹ ਜਵਾਬ ਅਰਵਿੰਦ ਚੰਗਾ ਨਾ ਲੱਗਿਆ। ਉਸ ਕੋਲ ਕਿਤੇ ਏਨੇ ਹੀ ਵਾਧੂ ਦਿਨ ਸਨ ਕਿ ਕਿਸੇ ਨੂੰ ਮਿਲਣ ਲਈ ਇਕ-ਦੋ ਦਿਨ ਉਡੀਕੇ! ਇੰਦਰ ਦੇ ਉਤਰ ਵਿਚ ਕੋਈ ਉਤਸ਼ਾਹ ਨਹੀਂ ਸੀ। ਅਰਵਿੰਦ ਨੂੰ ਕਿਸੇ ਦੋਸਤ ਦੇ ਆਉਣ ਦਾ ਪਤਾ

ਚੱਲੇ ਤਾਂ ਟਿਕਾਅ ਹੀ ਨਹੀਂ ਆਉਂਦਾ। ਫਿਰ ਉਹ ਸੋਚਣ ਲੱਗਿਆ ਕਿ ਫੇਸਬੁੱਕ ਦੀ ਦੁਨੀਆਂ ਤਾਂ ਸੁਫਨਮਈ ਜਿਹੀ ਦੁਨੀਆਂ ਹੁੰਦੀ ਹੈ, ਅਸਲੀਅਤ ਤੋਂ ਦੂਰ। ਜਿਹੜੇ ਦੋਸਤ ਫੇਸਬੁੱਕ ‘ਤੇ ਬਣਦੇ ਸਨ ਉਹ ਅਸਲ ਜ਼ਿੰਦਗੀ ਵਿਚ ਸ਼ਾਇਦ ਨਾ ਬਣ ਸਕਣ। ਇਸ ਵੇਲੇ ਫੇਸਬੁੱਕ ਇੰਡੀਆ ਵਿਚ ਬਹੁਤ ਹੀ ਹਰਮਨਪਿਆਰੀ ਹੋ ਚੁੱਕੀ ਸੀ। ਦੁਨੀਆਂ ਵਿਚ ਇਸ ਦੇ ਮੈਂਬਰ ਅਮਰੀਕਾ ਤੋਂ ਬਾਅਦ ਸਭ ਤੋਂ ਜ਼ਿਆਦਾ ਇੰਡੀਆ ਵਿਚ ਹੀ ਸਨ ਤੇ ਆਸ ਸੀ ਕਿ ਇਹ ਗਿਣਤੀ ਬਹੁਤ ਜਲਦੀ ਅਮਰੀਕਾ ਨੂੰ ਪਿੱਛੇ ਛੱਡ ਜਾਵੇਗੀ। ਫੇਸਬੁੱਕ ਦੇ ਕਰੋੜਾਂ ਜੀਆਂ ਵਿਚੋਂ ਇਕ ਅਰਵਿੰਦ ਸੀ। ਉਸ ਦੇ ਬਹੁਤ ਸਾਰੇ ਦੋਸਤ ਸਨ। ਇਹਨਾਂ ਵਿਚੋਂ ਕੁਝ ਇਕ ਨਾਲ ਉਸ ਦਾ ਇੰਗਲੈਂਡ ਵਿਚ ਵੀ ਵਾਹ ਪੈ ਚੁੱਕਿਆ ਸੀ। ਫੇਸਬੁੱਕ ‘ਤੇ ਬਣੇ ਕੁਝ ਦੋਸਤਾਂ ਨੂੰ ਉਹ ਆਮੋ-ਸਾਹਮਣੇ ਹੋ ਕੇ ਮਿਲਿਆ ਤਾਂ ਉਹ ਅਜਿਹੇ ਨਹੀਂ ਸਨ ਨਿਕਲੇ ਜਿਹੋ ਜਿਹੇ ਉਹ ਫੇਸਬੁੱਕ ‘ਤੇ ਚੈਟ ਕਰਦੇ ਸਮੇਂ ਦਿਸਦੇ ਸਨ। ਉਹਨਾਂ ਦੇ ਮੁਕਾਬਲੇ ਰਣਜੀਤ ਤੇ ਇੰਦਰ ਤੋਂ ਉਸ ਨੂੰ ਜ਼ਿਆਦਾ ਉਮੀਦ ਸੀ। ਉਸ ਨੂੰ ਉਹ ਆਪਣੇ ਵਰਗੇ ਹੀ ਲੱਗਦੇ ਸਨ। ਉਹਨਾਂ ਕਰਕੇ ਹੀ ਦਿੱਲੀ ਉਸ ਨੂੰ ਬਹੁਤੀ ਓਪਰੀ ਨਹੀਂ ਸੀ ਜਾਪ ਰਹੀ। ਇੰਦਰ ਨੇ ਉਸ ਨੂੰ ਆਪਣਾ ਵੀ ਤੇ ਰਣਜੀਤ ਦਾ ਨੰਬਰ ਦੀ ਦੇ ਦਿਤਾ। ਉਹ ਕੋਲ ਹਾਲੇ ਮੁਬਾਈਲ ਫੋਨ ਨਹੀਂ ਸੀ ਸੋ ਉਸ ਨੇ ਬਹਿਰੇ ਕੋਲੋਂ ਫੋਨ ਲੈ ਕੇ ਰਣਜੀਤ ਨੂੰ ਫੋਨ ਕਰ ਲਿਆ ਪਰ ਕਿਸੇ ਕਾਰਨ ਉਹ ਨੰਬਰ ਲੱਗ ਨਹੀਂ ਸੀ ਰਿਹਾ। ਉਸ ਨੇ ਰਣਜੀਤ ਨੂੰ ਸੁਨੇਹਾ ਇਨਬੌਕਸ ਕਰ ਦਿਤਾ ਤੇ ਹੋਟਲ ਦਾ ਨੰਬਰ ਵੀ ਦੇ ਦਿਤਾ। ਫੇਸਬੁੱਕ ‘ਤੇ ਹੀ ਆਪਣੇ ਬੇਟੇ ਦਰਸ਼ੀਲ ਲਈ ਸੁਨੇਹਾ ਛੱਡ ਦਿਤਾ ਕਿ ਉਹ ਠੀਕ ਠਾਕ ਪੁੱਜ ਗਿਆ ਸੀ ਤੇ ਦੋ ਕੁ ਦਿਨ ਦਿੱਲੀ ਰਹਿ ਕੇ ਪਿੰਡ ਜਾਵੇਗਾ। ਉਸ ਨੂੰ ਪਤਾ ਸੀ ਕਿ ਜੇ ਵੇਲਾਂ ਨੂੰ ਉਸ ਦਾ ਦਿੱਲੀ ਰਹਿਣਾ ਬਿਲਕੁਲ ਚੰਗਾ ਨਹੀਂ ਲੱਗਣਾ। ਇਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਵੇਲਾਂ ਨੂੰ ਆਪਣੇ ਪੁੱਜਣ ਦਾ ਫੋਨ ਕਰ ਦੇਵੇ, ਉਹ ਉਡੀਕਦੀ ਵੀ ਹੋਵੇਗੀ ਪਰ ਕੌਣ ਕਹੇ ਕਿ ਆ ਬੈਲ ਮੁਝੇ ਮਾਰ। ਉਸ ਦਾ ਲੈਕਚਰ ਸੁਣਨ ਦਾ ਹਾਲੇ ਉਸ ਦਾ ਮੂਡ ਨਹੀਂ ਸੀ। ਉਸ ਨੇ ਹੋਟਲ ਦੀ ਰਿਸੈਪਸ਼ਨ ‘ਤੇ ਜਾ ਕੇ ਸਿੱਮ ਬਾਰੇ ਪੁੱਛਿਆ ਤਾਂ ਮੈਨੇਜਰ ਨੇ ਕਿਹਾ,

“ਸਰ ਜੀ, ਹਮ ਸਿੱਮ ਕਾ ਇੰਤਜ਼ਾਮ ਤੋ ਨਹੀਂ ਕਰ ਸਕਤੇ ਮਗਰ ਆਪ ਕੋ ਮੁਬਾਈਲ ਯੂਜ਼ ਕਰਨਾ ਹੀ ਹੈ ਤੋ ਹਮਾਰੇ ਕਿਸੀ ਵੀ ਕਰਮਚਾਰੀ ਕਾ ਫੋਨ ਲੇ ਸਕਤੇ ਹੋ।”

ਉਸ ਨੇ ਉਠ ਕੇ ਸ਼ੌਵਰ ਲਿਆ। ਨਹਾਉਣ ਨਾਲ ਸਾਰੀ ਥਕਾਵਟ ਦੂਰ ਹੋ ਗਈ। ਦੁਪਿਹਰ ਹੋ ਰਹੀ ਸੀ। ਪਰਦਾ ਹਟਾ ਕੇ ਦੇਖਿਆ, ਧੁੱਪ ਭੱਜ ਕੇ ਅੱਖਾਂ ਨੂੰ ਖਾਣ ਨੂੰ ਪਈ। ਉਸ ਨੇ ਇਕ ਦਮ ਪਰਦੇ ਵਾਪਸ ਖਿਚ ਦਿੱਤੇ। ਅੰਦਰ ਏ. ਸੀ. ਚੱਲ ਰਿਹਾ ਹੋਣ ਕਰਕੇ ਬਾਹਰ ਦਾ ਕੁਝ ਪਤਾ ਨਹੀਂ ਸੀ ਚੱਲਦਾ। ਉਸ ਨੇ ਇਕ ਵਾਰ ਫਿਰ ਫੇਸਬੁੱਕ ਖੋਹਲ ਲਈ। ਪੂਰੇ ਦੋ ਹਜ਼ਾਰ ਦੋਸਤ ਸੀ ਉਸ ਦੇ ਫੇਸਬੁੱਕ ਉਪਰ। ਇਹ ਦੋਸਤ ਪੂਰੀ ਦੁਨੀਆਂ ਵਿਚ ਫੈਲੇ ਹੋਏ ਸਨ ਪਰ ਜਾਣਦਾ ਸ਼ਾਇਦ ਪੰਜਾਹ-ਸੱਠ ਬੰਦਿਆਂ ਨੂੰ ਹੀ ਹੋਵੇ। ਹਰ ਉਮਰ ਦੇ ਹੀ ਦੋਸਤ ਸਨ। ਜਿਹੜਾ ਵੀ ਉਸ ਨਾਲ ਚੈਟ ਕਰਨੀ ਚਾਹੁੰਦਾ ਉਹ ਕਰ ਲੈਂਦਾ। ਚੈਟ ਔਨ ਕੀਤੀ ਨਹੀਂ ਤੇ ਕਿਸੇ ਦੀ ‘ਹੈਲੋ’ ਆਈ ਨਹੀਂ। ਕੁਝ ਕੁ ਅਜਿਹੇ ਵੀ ਸਨ ਜਿਹਨਾਂ ਨਾਲ ਉਹ ਆਪ ਵੀ ਚੈਟ ਸ਼ੁਰੂ ਕਰ ਲੈਂਦਾ ਸੀ। ਨੌਜਵਾਨ ਕੁੜੀਆਂ ਨਾਲ ਉਸ ਨੂੰ ਚੈਟ ਕਰਨੀ ਚੰਗੀ ਲੱਗਦੀ। ਜਦੋਂ ਦਾ ਉਸ ਦਾ ਡਾਇਸਪੋਰੇ ਬਾਰੇ ਟਰਿਬਿਊਨ-ਇੰਡੀਆ ਵਿਚ ਲੇਖ ਛਪਿਆ ਸੀ, ਉਸ ਦੇ ਦੋਸਤਾਂ ਦੀ ਗਿਣਤੀ ਇਕ ਦਮ ਵਧ ਗਈ ਸੀ। ਇਹ ਸਾਰੇ ਦੋਸਤ ਉਸ ਨੇ ਆਪਣੇ ਗਰੁੱਪ ‘ਇੰਡੀਆ ਅਬ੍ਰੌਡ’ ਵਿਚ ਵੀ ਸ਼ਾਮਲ ਕਰ ਲਏ ਸਨ। ਉਹ ਭਾਰਤ ਤੋਂ ਬਾਹਰ ਰਹਿੰਦੇ ਭਾਰਤੀਆਂ ਦੀਆਂ ਤਸਵੀਰਾਂ ਇਸ ਗਰੁੱਪ ਵਿਚ ਚਾੜ੍ਹਦਾ ਰਹਿੰਦਾ ਸੀ। ਅਜਿਹੀਆਂ ਤਸਵੀਰਾਂ ਜਿਹੜੀਆ ਡਾਇਸਪੋਰਿਸ ਜੀਵਨ ਨੂੰ ਦਰਸਾ ਰਹੀਆਂ ਹੁੰਦੀਆਂ। ਗੂਗਲ ਸਰਚ ਇੰਜਣ ਵਿਚੋਂ ਪੁਰਾਣੀਆਂ ਪੁਰਾਣੀਆਂ ਤਸਵੀਰਾਂ ਲੱਭ ਲੱਭ ਕੇ ਪੋਸਟ ਕਰ ਦਿੰਦਾ। ਹੋਰ ਵੀ ਕਈ ਕਿਸਮ ਦੀ ਜਾਣਕਾਰੀ ਪਾ ਦਿਆ ਕਰਦਾ। ਲੋਕ ਬਹੁਤ ਪਸੰਦ ਕਰਦੇ। ਇਸ ਨਾਲ ਉਸ ਦੀ ਆਪਣੀ ਜਾਣਕਾਰੀ ਵਿਚ ਵੀ ਵਾਧਾ ਹੁੰਦਾ। ਕਰਦਿਆਂ ਕਰਦਿਆਂ ਪੰਜ ਹਜ਼ਾਰ ਮੈਂਬਰ ਬਣ ਗਏ ਸਨ ਉਸ ਦੇ ਗਰੁੱਪ ਦੇ। ਹਾਲੇ ਵੀ ਰੋਜ਼ਾਨਾ ਬਹੁਤ ਸਾਰੇ ਲੋਕਾਂ ਦੀਆਂ ਮੈਂਬਰ ਬਣਨ ਲਈ ਬੇਨਤੀਆਂ ਆਉਂਦੀਆਂ ਸਨ।

ਆਪਣੇ ਗਰੁੱਪ ਤੋਂ ਬਿਨਾਂ ਉਹ‘ਖੁੰਡ ਚਰਚਾ’ ਨੂੰ ਵੀ ਪਸੰਦ ਕਰਦਾ ਸੀ ਤੇ ਉਥੇ ਦਿਨ ਵਿਚ ਕਈ ਕਈ ਵਾਰ ਗੇੜਾ ਵੀ ਮਾਰਦਾ ਸੀ। ‘ਖੁੰਡ ਚਰਚਾ’ ਗਰੁੱਪ ਉਸ ਦੇ ਹੀ ਇਕ ਦੋਸਤ ਦਾ ਬਣਾਇਆ ਹੋਇਆ ਸੀ। ਆਈਫੋਨ ਉਪਰ ਤਾਂ ਫੇਸਬੁੱਕ ਹਰ ਵੇਲੇ ਹੀ ਖੁਲ੍ਹੀ ਰਹਿੰਦੀ ਸੀ। ਰਣਜੀਤ ਤੇ ਇੰਦਰ ਵੀ ਇਸੇ ਗਰੁੱਪ ਵਿਚੋਂ ਉਸ ਦੇ ਦੋਸਤ ਬਣੇ ਸਨ। ਉਸ ਦੇ ਚੈਟ ਬੌਕਸ ਵਿਚ ਅਚਾਨਕ ਦਮ ‘ਹੈਲੋ’ ਆ ਵੱਜੀ। ਇਹ ਹਾਰਵੀ ਬੈਂਸ ਸੀ। ਹਾਰਵੀ ਚੰਡੀਗੜ੍ਹ ਰਹਿੰਦੀ ਸੀ। ਪੀ ਐਚ. ਡੀ. ਕਰ ਰਹੀ ਸੀ। ਅਕਸਰ ਉਸ ਨਾਲ ਚੈਟ ਕਰਨ ਲੱਗਦੀ। ਉਹ ਇੰਗਲੈਂਡ ਵਿਚ ਬਹੁਤ ਦਿਲਚਸਪੀ ਦਿਖਾਉਂਦੀ ਸੀ। ਉਸ ਦੀ ਪੀ ਐਚ. ਡੀ. ਦਾ ਵਿਸ਼ਾ ਵੀ ਇੰਗਲੈਂਡ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਹੀ ਸੀ। ਕਵਿਤਾ ਨਾਲ ਅਰਵਿੰਦ ਦਾ ਦੂਰ ਦਾ ਸਬੰਧ ਵੀ ਨਹੀਂ ਸੀ। ਉਹ ਤਾਂ ਇਤਿਹਾਸ ਦਾ ਵਿਦਿਆਰਥੀ ਸੀ। ਹਾਰਵੀ ਨੂੰ ਉਸ ਦੇ ਇੰਡੀਆ ਆਉਣ ਬਾਰੇ ਪਤਾ ਸੀ। ਹਾਰਵੀ ਨੇ ਪੁੱਛਿਆ,

--ਸਰਜੀ, ਇੰਡੀਆ ਹੋ ਕਿ ਹਾਲੇ ਲੰਡਨ ਹੀ ਬੈਠੇ ਹੋ?

--ਮੈਂ ਦਿੱਲੀ ਪੁੱਜ ਗਿਆਂ ਤੇ ਇਕ ਹੋਟਲ ਵਿਚ ਬੈਠਾਂ।

--ਚੰਡੀਗੜ੍ਹ ਕਦੋਂ ਆ ਰਹੇ ਹੋ?

--ਹਾਲੇ ਕੁਝ ਨਹੀਂ ਪਤਾ ਪਰ ਜਦ ਵੀ ਆਇਆ ਤਾਂ ਪਤਾ ਦੇਵਾਂਗਾ।

--ਆਪਣਾ ਫੋਨ ਨੰਬਰ ਹੀ ਦੇ ਦੇਵੋ।

--ਮੇਰੇ ਕੋਲ ਹਾਲੇ ਸਿੱਮ ਨਹੀਂ ਐ, ਇਕ ਦੋ ਦਿਨ ਵਿਚ ਹਾਸਲ ਕਰ ਲਵਾਂਗਾ। ਤੁਸੀਂ ਆਪਣਾ ਨੰਬਰ ਲਿਖਵਾ ਦੇਵੋ। ਜੇ ਹੋ ਸਕਿਆ ਤਾਂ ਜ਼ਰੂਰ ਮਿਲਾਂਗੇ।

ਅਰਵਿੰਦ ਨੇ ਕਿਹਾ ਤੇ ਹਾਰਵੀ ਨੇ ਆਪਣਾ ਮੁਬਾਈਲ ਨੰਬਰ ਇਨਬੌਕਸ ਕਰ ਦਿਤਾ। ਜਦ ਤਕ ਬਹਿਰੇ ਨੇ ਦਰਵਾਜ਼ਾ ਖੜਕਾਇਆ ਤੇ ਬੋਲਿਆ,

“ਸਰ ਜੀ, ਲੰਚ ਬਾਹਰ ਕਰਨ ਜਾਓਗੇ ਜਾਂ ਯਹਾਂ ਪੇ ਹੀ ਕਰੋਗੇ?”

“ਯੂ ਨੋਅ, ਕਮਰੇ ਮੇਂ ਲਾ ਸਕਤੇ ਹੋ?”

"ਆ ਜਾਏਗਾ ਜੀ ਪਰ ਹਮਾਰੇ ਯਹਾਂ ਬਹੁਤ ਖੂਬਸੂਰਤ ਡਾਈਨਿੰਗ ਹਾਲ ਹੈ, ਮਹੌਲ ਬਹੁਤ ਅੱਛਾ ਹੈ, ਜ਼ਰਾ ਜਾ ਕੇ ਦੇਖੀਏ।"

"ਚਲੋ ਮੈਂ ਹਾਲ ਮੇਂ ਹੀ ਆਤਾ ਹੂੰ।"

ਉਸ ਨੇ ਕਿਹਾ। ਉਸ ਨੂੰ ਭੁੱਖ ਲੱਗ ਆਈ ਸੀ। ਉਸ ਨੇ ਕਾਹਲੀ ਨਾਲ ਫੇਸਬੁੱਕ ਸਾਈਨ ਆਊਟ ਕੀਤੀ, ਲੈਪਟੌਪ ਵੀ ਬੰਦ ਕੀਤਾ ਤੇ ਉਸੇ ਵੇਲੇ ਹੀ ਉਠ ਕੇ ਤੁਰ ਪਿਆ। ਪਹਿਲੀ ਮੰਜ਼ਿਲ 'ਤੇ ਡਾਈਨਿੰਗ ਹਾਲ ਬਣਿਆਂ ਹੋਇਆ ਸੀ। ਵਾਕਿਆ ਹੀ ਬਹੁਤ ਖੂਬਸੂਰਤ ਸੀ। ਇਕ ਪਾਸੇ ਬਾਰ ਵੀ ਸੀ ਜਿਥੇ ਹਰ ਤਰ੍ਹਾਂ ਦੀ ਭਾਰਤੀ ਵਿਸਕੀ ਤੇ ਸਕੌਚ ਪਈਆਂ ਸਨ। ਵੋਦਕਾ ਤੇ ਬਕਾਰਡੀ ਵੀ। ਬੀਅਰ ਤਾਂ ਹੈ ਹੀ ਸੀ। ਉਸ ਨੇ ਬਾਰ ਵਲ ਨਾ ਜਾ ਕੇ ਹਲਕੇ ਜਿਹੇ ਖਾਣੇ ਦਾ ਆਰਡ੍ਰ ਕਰ ਦਿਤਾ। ਖਾਣਾ ਸਵਾਦ ਸੀ। ਨਵੀਂ ਕਿਸਮ ਦੇ ਮਸਾਲੇ ਵਰਤੇ ਜਾਪਦੇ ਸਨ। ਇੰਗਲੈਂਡ ਦੇ ਖਾਣਿਆਂ ਤੋਂ ਇਕ ਦਮ ਵੱਖ ਸਨ ਇਹ। ਉਹ ਕਮਰੇ ਵਿਚ ਵਾਪਸ ਆ ਕੇ ਬਾਕੀ ਦੇ ਦਿਨ ਬਾਰੇ ਪ੍ਰੋਗਰਾਮ ਬਣਾਉਣ ਲੱਗਿਆ। ਕੁਝ ਦੇਰ ਉਹ ਸੁਸਤਾਵੇਗਾ। ਧੁੱਪ ਘਟਣ 'ਤੇ ਬਾਹਰ ਦਾ ਗੇੜਾ ਮਾਰਨ ਜਾਵੇਗਾ। ਚਾਂਦਨੀ ਚੌਂਕ ਵੀ ਨਜ਼ਦੀਕ ਹੀ ਸੀ। ਉਸ ਨੇ ਤੁਰ ਕੇ ਹੀ ਚਲੇ ਜਾਣਾ ਸੀ। ਇਸ ਤੋਂ ਵੀ ਉਪਰ ਉਸ ਨੇ ਕਿਤਾਬਾਂ ਦੀ ਕਿਸੇ ਦੁਕਾਨ 'ਤੇ ਜਾ ਕੇ ਆਪਣੇ ਮਤਲਬ ਦੀਆਂ ਕਿਤਾਬਾਂ ਵੀ ਦੇਖਣੀਆਂ ਸਨ। ਉਸ ਨੂੰ ਪਤਾ ਸੀ ਕਿ ਦਰਿਆ ਗੰਜ ਪਬਲੀਸ਼ਰਾਂ ਦਾ ਤੇ ਕਿਤਾਬਾਂ ਦਾ ਘਰ ਸੀ। ਉਸ ਨੇ ਕਿਸੇ ਰੇਹੜੀ 'ਤੇ ਖੜ੍ਹ ਕੇ ਚਾਟ ਤੇ ਗੋਲਗੱਪੇ ਵੀ ਖਾਣੇ ਸਨ। ਇਵੇਂ ਪੁਰਾਣੇ ਦਿਨ ਯਾਦ ਕਰਨੇ ਸਨ। ਫਿਰ ਕਿਸੇ ਏ. ਟੀ. ਐਮ. ਤੋਂ ਪੈਸੇ ਵੀ ਕਢਾਉਣੇ ਸਨ। ਅੱਜ ਦੀ ਸ਼ਾਮ ਇੰਦਰ ਜਾਂ ਰਣਜੀਤ ਦੇ ਆਉਣ ਦੀ ਕੋਈ ਆਸ ਨਹੀਂ ਸੀ।

ਸ਼ਾਮ ਨੂੰ ਕੁਝ ਬਦਲਵਾਈ ਜਿਹੀ ਹੋ ਗਈ ਜਿਸ ਕਾਰਨ ਧੁੱਪ ਦਾ ਜ਼ੋਰ ਜ਼ਰਾ ਹਲਕਾ ਪੈ ਗਿਆ। ਫਿਰ ਵੀ ਗਰਮੀ ਬਹੁਤ ਸੀ। ਉਸ ਨੇ ਸਿਰ 'ਤੇ ਟੋਪੀ ਲੈ ਕੇ ਅੱਖਾਂ ਢੱਕ ਲਈਆਂ। ਹੋਟਲ ਤੋਂ ਬਾਹਰ ਨਿਕਲਦਿਆਂ ਹੀ ਏ. ਟੀ. ਐਮ. ਸੀ। ਇਕ ਛੋਟੇ ਜਿਹੇ ਕਮਰੇ ਵਿਚ ਮਸ਼ੀਨ ਲਾਈ ਹੋਈ ਸੀ ਤੇ ਨਾਲ ਹੀ ਇਕ ਗੰਨਮੈਨ ਵੀ ਬੈਠਾਇਆ ਹੋਇਆ ਸੀ। ਲੰਡਨ ਤੋਂ ਤੁਰਨ ਤੋਂ ਪਹਿਲਾਂ ਉਸ ਨੇ ਆਪਣੇ ਬੈਂਕ ਨਾਲ ਪੱਕ ਕਰ ਲਿਆ ਸੀ ਕਿ ਉਸ ਦਾ ਕਾਰਡ ਇੰਡੀਆ ਵਿਚ ਵੀ ਚੱਲੇਗਾ। ਉਸ ਨੇ ਕਾਰਡ ਮਸ਼ੀਨ ਵਿਚ ਪਾਇਆ ਤਾਂ ਇਹ ਚੱਲਿਆ ਹੀ ਨਾ। ਉਸ ਨੇ ਕਈ ਵਾਰ ਕੋਸ਼ਿਸ਼ ਕੀਤੀ। ਸਕਿਊਰਟੀ ਗਾਰਡ ਦੇਖਦਾ ਹੋਇਆ ਉਸ ਦੀ ਮੱਦਦ ਕਰਨ ਲੱਗਿਆ। ਲੰਡਨ ਤੋਂ ਉਲਟ ਕਾਰਡ ਨੂੰ ਸਲਾਈਡ ਕਰਨਾ ਪੈਣਾ ਸੀ। ਸਕਿਊਰਟੀ ਗਾਰਡ ਨੇ ਹੀ ਸਲਾਹ ਦਿੱਤੀ ਕਿ ਇਕ ਵਾਰ ਵਿਚ ਦਸ ਹਜ਼ਾਰ ਰੁਪਏ ਹੀ ਕਢਾਏ ਜਾਣ, ਜ਼ਿਆਦਾ ਹੋਣ ਕਰਕੇ ਨੋਟਾਂ ਦੇ ਮੁੜ ਜਾਣ ਦਾ ਖਤਰਾ ਬਣਿਆਂ ਰਹਿੰਦਾ ਹੈ। ਦਸ ਹਜ਼ਾਰ ਹਾਲ ਦੀ ਘੜੀ ਉਸ ਲਈ ਕਾਫੀ ਹੋਣਾ ਸੀ। ਫਿਰ ਇਹ ਮਸ਼ੀਨਾਂ ਤਾਂ ਥਾਂ ਥਾਂ ਮਿਲਣੀਆਂ ਸਨ। ਪੈਸੇ ਕਢਾ ਕੇ ਉਸ ਨੇ ਮੋਹਰਲੀ ਜੇਬ ਵਿਚ ਪਾ ਲਏ। ਪਿਛਲੀ ਜੇਬ ਵਿਚ ਪਾਉਣੇ ਖਤਰਨਾਕ ਹੋ ਸਕਦੇ ਸਨ। ਉਸ ਦੇ ਦੋਸਤ ਗਰੀਸ਼ ਨੇ ਇਹ ਸਭ ਗੱਲਾਂ ਉਸ ਨੂੰ ਸਮਝਾਈਆਂ ਹੋਈਆਂ ਸਨ। ਉਹ ਕਿਤਾਬਾਂ ਦੀ ਇਕ ਦੁਕਾਨ ਵਿਚ ਗਿਆ। ਇਹ ਸਕੂਲਾਂ-ਕਾਲਜਾਂ ਦੀਆਂ ਕਿਤਾਬਾਂ ਦੀ ਦੁਕਾਨ ਸੀ। ਦੋ ਕੁ ਹੋਰ ਦੁਕਾਨਾਂ ਉਪਰ ਉਸ ਨੇ ਪੁੱਛ-ਗਿੱਛ ਕੀਤੀ ਪਰ ਉਸ ਦੇ ਕੰਮ ਦੀ ਕੋਈ ਕਿਤਾਬ ਨਾ ਮਿਲੀ। ਉਹ ਹੌਲੀ ਹੌਲੀ ਤੁਰਦਾ ਹੋਇਆ ਚਾਂਦਨੀ ਚੌਂਕ ਪੁੱਜ ਗਿਆ। ਚਾਰੇ ਪਾਸੇ ਲੋਹੜੇ ਦੀ ਭੀੜ ਸੀ। ਵੀਹ ਸਾਲ ਵਿਚ ਇਹ ਭੀੜ ਬਹੁਤ ਹੀ ਵਧ ਗਈ ਸੀ, ਸ਼ਾਇਦ ਦੁੱਗਣੀ ਜਾਂ ਤਿੱਗਣੀ ਹੀ। ਮੋਢ੍ਹੇ ਖਹਿ ਕੇ ਹੀ ਲੰਘ ਹੋ ਰਿਹਾ ਸੀ। ਉਸ ਦਾ ਇਕ ਹੱਥ ਆਪਣੀ ਜੇਬ ਉਪਰ ਸੀ। ਉਹ ਸੀਸ ਗੰਜ ਗੁਰਦਵਾਰੇ ਗਿਆ। ਮੱਥਾ ਟੇਕਣ ਦਾ ਤਾਂ ਉਸ ਦਾ ਕੋਈ ਇਰਾਦਾ ਨਹੀਂ ਸੀ, ਉਹ ਸਿਰਫ ਜਗਾਹ ਦੇਖਣੀ ਚਾਹੁੰਦਾ ਸੀ ਪਰ ਅੰਦਰਲੀ ਭੀੜ ਦੇਖ ਕੇ ਉਹ ਅੰਦਰ ਨਾ ਗਿਆ। ਉਸ ਨੇ ਚਾਂਦਨੀ ਚੌਂਕ ਦਾ ਇਕ ਗੇੜਾ ਕੱਢਿਆ। ਅਸਲ ਵਿਚ ਉਸ ਨੇ ਇੰਡੀਆ ਆਉਣ ਤੋਂ ਪਹਿਲਾਂ ਦਿੱਲੀ ਦੇ ਬਹੁਤ ਸਾਰੇ ਇਲਾਕਿਆਂ ਨੂੰ ਯੂਟਿਊਬ ਤੋਂ ਦੇਖ ਲਿਆ ਹੋਇਆ ਸੀ ਇਸ ਲਈ ਇਹ ਮਹੌਲ ਬਹੁਤਾ ਓਪਰਾ ਨਹੀਂ ਸੀ ਜਾਪ ਰਿਹਾ। ਅਵਾਰਾ ਗਊਆਂ ਆਮ ਤੁਰੀਆਂ ਫਿਰਦੀਆਂ ਸਨ ਤੇ ਗੰਦ ਖਾ ਰਹੀਆਂ ਸਨ। ਅਵਾਰਾ ਕੁੱਤਿਆਂ ਦੀ ਤਾਂ ਗਿਣਤੀ ਹੀ ਨਹੀਂ ਸੀ ਕੀਤੀ ਜਾ ਸਕਦੀ। ਕੁਝ ਗੋਰੇ ਵੀ ਘੁੰਮਦੇ ਮਿਲੇ। ਇਕ ਗੋਰੀ ਕੁੜੀ ਉਸ ਦੇ ਕੋਲ ਦੀ ਲੰਘੀ ਜੋ ਮੂੰਹ 'ਤੇ ਬੈਠਦੀ ਮੱਖੀ ਨੂੰ ਵਾਰ ਵਾਰ ਉਡਾ ਰਹੀ ਸੀ। ਉਹ ਘੰਟਾ ਕੁ ਮਾਰਿਆ-ਮਾਰਿਆ ਫਿਰਦਾ ਰਿਹਾ। ਇਕ ਪਲ ਲਈ ਤਾਂ ਉਸ ਨੂੰ ਆਪਣਾ ਆਪ ਲਵਾਰਸ ਜਿਹਾ ਵੀ ਜਾਪਿਆ। ਕੌਣ ਸੀ ਇਥੇ ਉਸ ਦਾ! ਉਹ ਦਿੱਲੀ ਵਿਚ ਬਿਲਕੁਲ ਇਕੱਲਾ ਸੀ। ਉਹ ਆਪਣੇ ਹੋਟਲ ਨੂੰ ਵਾਪਸ ਪਰਤ ਪਿਆ। ਰਾਹ ਵਿਚ ਗੋਲਗੱਪਿਆਂ ਤੇ ਚਾਟ ਵਾਲੀਆਂ ਰੇਹੜੀਆਂ ਖੜੀਆਂ ਸਨ ਪਰ ਗੰਦਗੀ ਏਨੀ ਸੀ ਕਿ ਉਸ ਦਾ ਕੁਝ ਖਾਣ ਨੂੰ ਮਨ ਹੀ ਨਾ ਕੀਤਾ।

ਉਸ ਨੇ ਰਿਸੈਪਸ਼ਨ 'ਤੇ ਆ ਕੇ ਪਤਾ ਕੀਤਾ ਕਿ ਕੋਈ ਉਸ ਨੂੰ ਮਿਲਣ ਤਾਂ ਨਹੀਂ ਆਇਆ ਜਾਂ ਕਿਸੇ ਦਾ ਫੋਨ ਹੀ। ਅਜਿਹਾ ਕੁਝ ਵੀ ਨਹੀਂ ਸੀ। ਰਿਸੈਪਸ਼ਨ ਤੋਂ ਹੀ ਉਸ ਨੇ ਆਪਣੇ ਤਾਏ ਦੇ ਪੁੱਤ ਸੁਖਦੇਵ ਨੂੰ ਫੋਨ ਕਰ ਕੇ ਦੱਸ ਦਿਤਾ ਕਿ ਉਹ ਦਿੱਲੀ ਪੁੱਜ ਗਿਆ ਹੈ ਤੇ ਜਲਦੀ ਹੀ ਪਿੰਡ ਆਵੇਗਾ। ਉਸ ਨੇ ਬਲਕਾਰ ਨੂੰ ਵੀ ਫੋਨ ਕਰ ਦਿਤਾ ਕਿ ਜਲਦੀ ਹੀ ਉਸ ਨੂੰ ਇਕ ਕਾਰ ਦੀ ਲੋੜ ਹੋਵੇਗੀ ਤੇ ਉਹ ਪਿੰਡੋਂ ਹੀ ਭੇਜ ਦੇਵੇ। ਉਹ ਸੋਚ ਰਿਹਾ ਸੀ ਕਿ ਮੈਟਰੋ ਵਿਚ ਦਿੱਲੀ ਘੁੰਮੇ ਪਰ ਉਸ ਦੇ ਆਲਸੀ ਸੁਭਾਅ ਨੇ ਉਸ ਦਾ ਸਾਥ ਨਾ ਦਿਤਾ। ਫਿਰ ਸੋਚਣ ਲੱਗਿਆ ਕਿ ਕਿਉਂ ਨਾ ਕਾਰ ਜਲਦੀ ਮੰਗਵਾ ਲਵੇ ਤੇ ਕਾਰ ਵਿਚ ਹੀ ਦਿੱਲੀ ਦੇਖੇ। ਉਹ ਆਪਣੇ ਕਮਰੇ ਵਿਚ ਆ ਗਿਆ। ਸੱਤ ਵੱਜ ਰਹੇ ਸਨ। ਇਹ ਉਹ ਵਕਤ ਸੀ ਜਦ ਉਹ ਆਪਣਾ ਇਕ ਪੈੱਗ ਲਿਆ ਕਰਦਾ ਸੀ। ਉਸ ਦੀ ਹੱਦ ਦੋ ਹਾੜਿਆਂ ਦੀ ਹੀ ਸੀ। ਇਕ ਪਹਿਲਾਂ ਤੇ ਇਕ ਰੋਟੀ ਦੇ ਨਾਲ। ਸਵੇਰੇ ਜਲਦੀ ਉਠਣ ਦੀ ਆਦਤ ਕਾਰਨ ਸੌਣਾ ਵੀ ਜਲਦੀ ਹੁੰਦਾ। ਉਸ ਨੇ ਆਪਣੇ ਬੈਗ ਵਿਚੋਂ ਵਿਸਕੀ ਦੀ ਬੋਤਲ ਕੱਢੀ ਪਰ ਉਸੇ ਵੇਲੇ ਹੀ ਉਸ ਦੇ ਮਨ ਵਿਚ ਆਇਆ ਕਿ ਕਮਰੇ ਵਿਚ ਉਹ ਇਕ ਵਾਰ ਬੈਠ ਗਿਆ ਤਾਂ ਉਠਿਆ ਨਹੀਂ ਜਾਵੇਗਾ, ਇਸ ਲਈ ਕਿਉਂ ਨਾ ਹੋਟਲ ਦੀ ਬਾਰ ਵਿਚ ਬੈਠ ਕੇ ਪੀਤੀ ਜਾਵੇ ਤੇ ਉਥੇ ਹੀ ਖਾਣਾ ਖਾਇਆ ਜਾਵੇ। ਉਹ ਉਠ ਕੇ ਗੁਸਲਖਾਨੇ ਗਿਆ। ਮੂੰਹ ਧੋਤਾ ਤੇ ਵਾਲ ਵਾਹੁੰਦਾ ਸੋਚਣ ਲੱਗਿਆ ਕਿ ਸੂਟ ਪਾ ਲਵੇ। ਟਾਈ-ਸੂਟ ਦਾ ਉਹ ਬਹੁਤ ਸ਼ੌਕੀਨ ਸੀ। ਫਿਰ ਉਸ ਨੇ ਸੋਚਿਆ ਕਿ ਇਹ ਤਿੰਨ-ਸਟਾਰ ਹੋਟਲ ਹੀ ਸੀ, ਇਥੇ ਪਾਇਆ ਸੂਟ ਸ਼ਾਇਦ ਓਪਰਾ ਲੱਗੇ। ਫਿਰ ਗਰਮੀ ਵੀ ਤਾਂ ਸੂਟ ਪਾਉਣ ਦੇ ਰਾਹ ਵਿਚ ਅੜਿੱਕਾ ਬਣਨੀ ਸੀ।

ਤੀਹ ਸਾਲ ਤੋਂ ਵੀ ਵਧ ਸਮਾਂ ਇੰਗਲੈਂਡ ਵਿਚ ਰਹਿਣ ਕਾਰਨ ਤੇ ਸਾਰੀ ਉਮਰ ਗੋਰਿਆਂ ਵਿਚ ਕੰਮ ਕਰਨ ਕਰਕੇ ਅਚੇਤ ਹੀ ਉਹਨਾਂ ਵਾਲੀਆਂ ਆਦਤਾਂ ਵੀ ਅਪਣਾ ਲਈਆਂ ਸਨ। ਉਹ ਅਜੀਬ ਜਿਹੇ ਆਤਮ-ਵਿਸ਼ਵਾਸ ਨਾਲ ਤੁਰਦਾ ਤੇ ਗੱਲ ਕਰਦਾ। ਕੋਸ਼ਿਸ਼ ਕਰਨ ਦੇ ਬਾਵਜੂਦ ਅੰਗਰੇਜ਼ੀ ਉਸ ਦੀ ਗੱਲਬਾਤ ਵਿਚ ਆ ਵੜਦੀ। ਅੰਗਰੇਜ਼ੀ ਬੋਲਣ ਦਾ ਲਹਿਜ਼ਾ ਤਾਂ ਬਦਲ ਹੀ ਚੁੱਕਿਆ ਸੀ। ਉਸ ਦੀ ਚਾਲ ਵਿਚ

ਸਦਾ ਹੀ ਕਾਹਲਪਨ ਹੁੰਦਾ। ਕੇਂਦਰੀ ਲੰਡਨ ਵਿਚ ਕੰਮ ਨੂੰ ਨਿਕਲੇ ਹਰ ਬੰਦੇ ਨੂੰ ਹੀ ਕਾਹਲੀ ਤੁਰਨਾ ਪੈਂਦਾ ਸੀ। ਇਹੋ ਆਦਤ ਅਰਵਿੰਦ ਨੇ ਵੀ ਅਪਣਾ ਲਈ ਹੋਈ ਸੀ। ਇਸੇ ਚਾਲ ਨਾਲ ਤੁਰਦਾ ਉਹ ਰੈਸਟੋਰੈਂਟ ਵਿਚ ਪੁੱਜ ਗਿਆ। ਇਕ ਪਾਸੇ ਬਾਰ ਸੀ। ਬਾਰ ਵਿਚ ਸੋਫੇ ਲਗੇ ਹੋਏ ਸਨ ਤੇ ਰੈਸਟੋਰੈਂਟ ਵਿਚ ਮੇਜ਼-ਕੁਰਸੀਆਂ ਸਨ। ਜਿਹਨਾਂ ਨੇ ਬੀਅਰ-ਵਿਸਕੀ ਦੀਆਂ ਚੁਸਕੀਆਂ ਲੈਣੀਆਂ ਹੁੰਦੀਆਂ ਉਹ ਸੋਫਿਆਂ 'ਤੇ ਬਹਿ ਜਾਂਦੇ, ਜਿਹਨਾਂ ਨੂੰ ਰੋਟੀ ਦੀ ਕਾਹਲੀ ਹੁੰਦੀ ਉਹ ਆਪਣੇ ਡਰਿੰਕ ਲਈ ਖਾਣੇ ਦੇ ਮੇਜ਼ਾਂ 'ਤੇ ਜਾ ਬਹਿੰਦੇ। ਬਾਰ ਵਿਚ ਵੜਦਿਆਂ ਹੀ ਉਹ ਸੋਚਣ ਲੱਗਿਆ ਕਿ ਸ਼ਾਇਦ ਇਥੇ ਕੋਈ ਵਕਤ-ਟਪਾਈ ਲਈ ਦੋਸਤ ਹੀ ਮਿਲ ਜਾਵੇ। ਇਕੱਲੇ ਬਹਿ ਕੇ ਪੀਣੀ ਉਸ ਨੂੰ ਬਹੁਤੀ ਪਸੰਦ ਨਹੀਂ ਸੀ। ਕਾਊਂਟਰ 'ਤੇ ਜਾ ਕੇ ਉਸ ਨੇ ਇੰਡੀਅਨ ਵਿਸਕੀ ਦਾ ਆਰਡ੍ਰ ਦਿਤਾ। ਬਾਰ-ਮੈਨ ਨੇ ਪੁੱਛਿਆ,

"ਸਾਥ ਮੇਂ ਕਿਆ ਲੇਂਗੇ ਸਰ ਜੀ?"

"ਯੂ ਨੋਅ, ...ਪਾਨੀ ਔਰ ਆਈਸ।"

ਅਰਵਿੰਦ ਨੇ ਆਖਿਆ ਤੇ ਉਸ ਦੇ ਨਾਲ ਖੜੇ ਸੱਜਣ ਨੇ ਵਿਸਕੀ ਵਿਚ ਅੱਧਾ ਪਾਣੀ ਤੇ ਅੱਧਾ ਸੋਡਾ ਪੁਆਇਆ। ਅਰਵਿੰਦ ਨੇ ਹੈਰਾਨ ਹੁੰਦਿਆਂ ਆਖਿਆ,

"ਯੂ ਨੋਅ, ਇਹ ਤੁਸੀਂ ਦੋਵੇਂ ਹੀ ਮਿਕਸ ਕਰ ਰਹੇ ਓ, ਕੀ ਇਹ ਸਵਾਦ ਖਰਾਬ ਨਹੀਂ ਹੋਵੇਗਾ?"

"ਨਹੀਂ ਜੀ, ਇਹ ਪਾਣੀ ਸੋਡੇ ਦੇ ਤਿੱਖੇਪਨ ਨੂੰ ਮਾਰ ਦਿੰਦਾ ਏ।"

ਉਸ ਆਦਮੀ ਨੇ ਕਿਹਾ ਤੇ ਆਪਣਾ ਪੈੱਗ ਚੁੱਕ ਕੇ ਤੁਰ ਗਿਆ। ਅਰਵਿੰਦ ਨੂੰ ਆਸ ਸੀ ਕਿ ਗੱਲ ਕੁਝ ਅੱਗੇ ਤੁਰੇਗੀ ਪਰ ਉਹ ਬੰਦਾ ਇਕ ਕੋਨੇ ਵਿਚ ਜਾ ਬੈਠਾ, ਸ਼ਾਇਦ ਕਿਸੇ ਦੀ ਉਡੀਕ ਕਰ ਰਿਹਾ ਹੋਵੇ। ਬਾਰ ਭਰੀ ਤਾਂ ਨਹੀਂ ਸੀ ਹੋਈ ਪਰ ਕਾਫੀ ਸਾਰੇ ਲੋਕ ਸਨ। ਸਾਰੇ ਹੀ ਆਪਣੀਆਂ ਗੱਲਾਂ ਵਿਚ ਵਿਅਸਤ ਸਨ। ਉਸ ਵਾਂਗ ਵਿਹਲਾ ਕੋਈ ਨਹੀਂ ਸੀ। ਉਹ ਬਾਰ ਦੇ ਇਕ ਪਾਸੇ ਖੜਾ-ਖੜਾ ਹੀ ਆਪਣੀ ਡਰਿੰਕ ਪੀਣ ਲੱਗਿਆ। ਬਹਿਰਾ ਆਇਆ ਤੇ ਮੂੰਗਫਲੀ ਤੇ ਪਿਆਜ਼ ਮਿਲਿਆ ਕੁਝ ਖਾਣ ਨੂੰ ਦੇ ਗਿਆ। ਹੌਲੀ-ਹੌਲੀ ਸਿੱਪ ਕਰਦਾ ਉਹ ਓਪਰੀ ਦੁਨੀਆਂ ਨੂੰ ਆਪਣੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਟੂਰਿਜ਼ਮ ਦੇ ਮਹਿਕਮੇ ਵਿਚ ਨੌਕਰੀ ਕਰਦੇ ਹੋਣ ਕਰਕੇ ਉਸ ਨੂੰ ਬਹੁਤ ਵਾਰ ਨਵੀਂਆਂ-ਨਵੀਂਆਂ ਜਗਾਵਾਂ 'ਤੇ ਜਾਣਾ ਪੈਂਦਾ ਸੀ। ਨਵੀਂ ਥਾਂ ਜਾ ਕੇ ਉਸ ਦੀ ਤੇਜ਼ ਅੱਖ ਕੁਝ ਨਾ ਕੁਝ ਭਾਲਦੀ ਰਹਿੰਦੀ। ਆਪਣੀ ਨੌਕਰੀ ਵਿਚ, ਆਪਣੇ ਕੰਮ ਵਿਚ ਉਸ ਨੂੰ ਨਿਪੁੰਨ ਮੰਨਿਆਂ ਜਾਂਦਾ ਸੀ। ਉਸ ਨੇ ਸਾਹਮਣੇ ਇਕ ਔਰਤ ਆਉਂਦੀ ਦੇਖੀ। ਔਰਤ ਨੇ ਸਾੜੀ ਲਾਈ ਹੋਈ ਸੀ, ਹਲਕਾ ਜਿਹਾ ਮੇਕ-ਅੱਪ ਕਰਕੇ ਵਾਲ ਉਪਰ ਨੂੰ ਕਰ ਕੇ ਪੋਨੀ-ਟੇਲ ਜਿਹੀ ਬਣਾਈ ਹੋਈ ਸੀ। ਉਸ ਦੇ ਹੱਥ ਵਿਚ ਇਕ ਫਾਈਲ ਸੀ। ਉਹ ਮਨ-ਮਰਜ਼ੀ ਦੇ ਕਦਮ ਧਰਦੀ ਚਲੀ ਆ ਰਹੀ ਸੀ। ਅਰਵਿੰਦ ਉਸ ਵਲ ਧਿਆਨ ਨਾਲ ਦੇਖਣ ਲੱਗਿਆ। ਔਰਤ ਦੀਆਂ ਮੋਟੀਆਂ-ਮੋਟੀਆਂ ਝੀਲ ਜਿਹੀਆਂ ਅੱਖਾਂ ਉਸ ਨੂੰ ਬਹੁਤ ਸੁੰਦਰ ਲੱਗ ਰਹੀਆਂ ਸਨ। ਬੇਸ਼ੱਕ ਇਹ ਜ਼ਰਾ ਕੁ ਮੋਟੀ ਸੀ ਪਰ ਉਸ ਦੀ ਪਸੰਦ ਦੀ ਔਰਤ ਸੀ। ਇਸੇ ਉਮਰ ਦੀਆਂ ਔਰਤਾਂ ਉਸ ਨੂੰ ਚੰਗੀਆਂ ਲਗਦੀਆਂ ਸਨ; ਬੱਚਿਆਂ ਵਲੋਂ ਵਿਹਲੀਆਂ ਹੋ ਚੁੱਕੀਆਂ ਔਰਤਾਂ। ਉਸ ਔਰਤ ਨੇ ਵੀ ਅਰਵਿੰਦ ਵਲ ਦੇਖਿਆ ਤੇ ਕੁਝ ਦੇਰ ਨਿਰੰਤਰ ਦੇਖਦੀ ਰਹੀ, ਜਿਵੇਂ ਪੱਛਾਣ ਰਹੀ ਹੋਵੇ। ਉਹ ਡਾਈਨਿੰਗ ਟੇਬਲ 'ਤੇ ਬੈਠ ਗਈ। ਅਰਵਿੰਦ ਹਾਲੇ ਵੀ ਉਸ ਵਲ ਦੇਖਦਾ ਜਾ ਰਿਹਾ ਸੀ। ਉਸ ਔਰਤ ਨੇ ਆਪਣੀ ਫਾਈਲ ਖੋਹਲ ਲਈ ਤੇ ਉਸ ਵਿਚ ਗਵਾਚ ਗਈ। ਬਹਿਰਾ ਮੈਨਿਓ ਲੈ ਕੇ ਆਇਆ ਤਾਂ ਉਸ ਨੇ ਕੁਝ ਆਰਡ੍ਰ ਕਰ ਦਿਤਾ। ਅਰਵਿੰਦ ਵੀ ਆਪਣਾ ਪੈੱਗ ਹੱਥ ਵਿਚ ਫੜੀ ਔਰਤ ਤੋਂ ਕੁਝ ਹਟਵਾਂ ਇਕ ਟੇਬਲ 'ਤੇ ਬਹਿ ਗਿਆ। ਔਰਤ ਚੋਰੀ ਅੱਖ ਨਾਲ ਉਸ ਵਲ ਦੇਖ ਲੈਂਦੀ ਸੀ। ਅਰਵਿੰਦ ਨੂੰ ਲੱਗਿਆ ਕਿ ਉਸ ਨੇ ਇਹ ਔਰਤ ਕਿਧਰੇ ਦੇਖੀ ਹੋਈ ਸੀ। ਕਿਥੇ ਦੇਖੀ ਸੀ ਇਹ ਉਸ ਨੂੰ ਯਾਦ ਨਹੀਂ ਸੀ ਆ ਰਿਹਾ। ਸ਼ਾਇਦ ਇਹ ਕਦੇ ਲੰਡਨ ਆਈ ਹੋਵੇ। ਫਿਰ ਖਿਆਲ ਆਇਆ ਕਿ ਇਹ ਉਸ ਦੀ ਕੋਈ ਫੇਸਬੁੱਕ ਦੀ ਦੋਸਤ ਹੀ ਨਾ ਹੋਵੇ ਜਾਂ ਉਸ ਦੇ ਗਰੁੱਪ 'ਇੰਡੀਆ ਅਬ੍ਰੌਡ' ਦੀ ਹੀ ਮੈਂਬਰ। ਉਸ ਨੇ ਸੋਚਿਆ ਕਿ ਆਈਫੋਨ 'ਤੇ ਦੇਖੇ ਪਰ ਫਿਰ ਉਸ ਨੂੰ ਚੇਤੇ ਆ ਗਿਆ ਕਿ ਉਸ ਦੇ ਸਰਵਿਸ ਪਰੋਵਾਈਡਰ ਨੇ ਉਸ ਨੂੰ ਸੁਨੇਹਾ ਭੇਜਿਆ ਹੋਇਆ ਸੀ ਕਿ ਇੰਡੀਆ ਵਿਚ ਇੰਟਰਨੈੱਟ ਬਹੁਤ ਮਹਿੰਗਾ ਪਵੇਗਾ। ਅਰਵਿੰਦ ਨੇ ਆਪਣੇ ਲਈ ਇਕ ਪੈੱਗ ਹੋਰ ਮੰਗਵਾਇਆ ਤੇ ਖਾਣੇ ਦਾ ਆਡਰ੍ ਕਰ ਦਿਤਾ। ਉਸ ਔਰਤ ਦਾ ਖਾਣਾ ਵੀ ਆ ਗਿਆ ਸੀ। ਰੋਟੀ ਖਾਂਦੀ ਵੀ ਉਹ ਫਾਈਲ ਵਿਚ ਕੁਝ ਨਿਸ਼ਾਨੀਆਂ ਲਾਈ ਜਾ ਰਹੀ ਸੀ। ਉਹ ਆਪਣਾ ਖਾਣਾ ਮੁਕਾ ਕੇ ਉਠ ਖੜੀ। ਜਾਂਦੀ ਹੋਈ ਨੇ ਇਕ ਨਜ਼ਰ ਫਿਰ ਅਰਵਿੰਦ ਵਲ ਦੇਖਿਆ ਤੇ ਤੁਰ ਗਈ। ਅਰਵਿੰਦ ਵੀ ਖਾਣਾ ਮੁਕਾ ਕੇ ਆਪਣੇ ਕਮਰੇ ਵਿਚ ਆ ਗਿਆ। ਕਮਰੇ ਵਿਚ ਆ ਕੇ ਉਸ ਨੇ ਹੋਟਲ ਦੇ ਫੋਨ ਤੋਂ ਹੀ ਬਲਕਾਰ ਨੂੰ ਕਾਲ ਕਰ ਲਈ ਤੇ ਆਖਿਆ,

"ਯੂ ਨੋਅ, ਗੱਡੀ ਅੱਜ ਹੀ ਭੇਜ ਦੇ, ਕੱਲ ਨੂੰ ਦਿੱਲੀ ਦਾ ਇਕ ਗੇੜਾ ਲਾ ਕੇ ਪਿੰਡ ਨੂੰ ਆ ਜਾਵਾਂਗਾ ਤੇ ਫਿਰ ਅਗਲੇ ਗਰਾਂ! ...ਯਾਰ, ਦਿੱਲੀ ਵਿਚ ਬੋਰ ਹੋ ਰਿਹਾਂ, ਆਇ ਡੌਂਟ ਕੇਅਰ ਅਬਾਊਟ ਅਨੈਥਿੰਗ!"

"ਭਾਜੀ, ਅੱਜ ਨਹੀਂ, ਕੱਲ ਰਾਤ ਨੂੰ ਗੱਡੀ ਭੇਜਾਂਗਾ। ਡਰਾਈਵਰ ਪਰਸੋਂ ਸਵੇਰੇ ਤੁਹਾਡੇ ਕੋਲ ਪੁੱਜ ਜਾਵੇਗਾ ਤੇ ਅਜਿਹਾ ਡਰਾਈਵਰ ਭੇਜਾਂਗਾ ਕਿ ਜਿਹੜਾ ਦਿੱਲੀ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ, ਤੁਹਾਨੂੰ ਸਾਰੇ ਪਾਸੇ ਘੁਮਾ ਦੇਵੇਗਾ।"

ਬਲਕਾਰ ਨੇ ਆਖਿਆ। ਅਰਵਿੰਦ ਨੇ ਲੈਪਟੌਪ ਖੋਹਲ ਲਿਆ। ਦਰਸ਼ੀਲ ਦੀ ਈਮੇਲ ਆਈ ਹੋਈ ਸੀ। ਉਸ ਨੇ ਲਿਖਿਆ ਸੀ ਕਿ ਮੌਮ ਗੱਲ ਕਰਨਾ ਚਾਹੁੰਦੀ ਹੈ। ਮੌਮ ਦਾ ਮਤਲਬ ਫੋਨ ਕਰਨਾ ਨਹੀਂ ਸੀ ਹੋਣਾ ਬਲਕਿ ਲੜ੍ਹਾਈ ਹੀ ਕਰਨੀ ਹੋਣੀ ਸੀ। ਉਸ ਦਾ ਹੁਕਮ ਸੀ ਕਿ ਦਿੱਲੀ ਉਤਰਦਾ ਹੀ ਸਿੱਧਾ ਕੀਰਤ ਪੁਰ ਜਾਵੇ ਤੇ ਉਸ ਤੋਂ ਬਾਅਦ ਜਿਥੇ ਜਾਣਾ ਹੋਵੇ, ਜਾਵੇ। ਜੋ ਕਰਨਾ ਹੋਵੇ ਕਰੇ। ਅਰਵਿੰਦ ਨੇ ਈਮੇਲ ਦਾ ਜਵਾਬ ਦੇ ਦਿਤਾ ਕਿ ਹਾਲੇ ਉਸ ਕੋਲ ਸਿੱਮ ਦਾ ਇੰਤਜ਼ਾਮ ਨਹੀਂ, ਹੁੰਦੇ ਹੀ ਫੋਨ ਕਰੇਗਾ। ਅਸਲ ਵਿਚ ਉਸ ਦੀ ਪਤਨੀ ਨੇ ਹੀ ਉਸ ਨੂੰ ਮੱਲੋਮੱਲੀ ਇੰਡੀਆ ਨੂੰ ਭੇਜਿਆ ਸੀ। ਉਸ ਦੇ ਬਾਪੂ ਜੀ ਦੀ ਆਖਰੀ ਇਛਿਆ ਸੀ ਕਿ ਉਸ ਦੇ ਅਸਤ ਕੀਰਤ ਪੁਰ ਪਾਏ ਜਾਣ। ਵੇਲਾਂ ਜਾਣਦੀ ਸੀ ਕਿ ਉਹ ਨਾਸਤਿਕ ਬੰਦਾ ਸੀ ਤੇ ਅਸਤ ਕਿਥੇ ਪਾਏ ਜਾਣ, ਇਹ ਗੱਲ ਉਸ ਲਈ ਬਹੁਤੇ ਮਹਿਨੇ ਨਹੀਂ ਸੀ ਰੱਖਦੀ। ਇਸ ਲਈ ਉਸ ਉਪਰ ਜ਼ੋਰ ਪਾਉਂਦੀ ਰਹੀ ਸੀ ਕਿ ਸਭ ਤੋਂ ਪਹਿਲਾਂ ਅਸਤ ਪਾਵੇ। ਉਹ ਉਸ ਨੂੰ ਵਾਰ ਵਾਰ ਚੇਤੇ ਕਰਾਉਣਾ ਚਾਹੁੰਦੀ ਸੀ।

ਇਹਨਾਂ ਗੱਲਾਂ ਵਿਚੋਂ ਹੀ ਉਸ ਨੂੰ ਡਾਈਨਿੰਗ ਹਾਲ ਵਿਚ ਦੇਖੀ ਔਰਤ ਦਾ ਚਿਹਰਾ ਦਿਸਣ ਲੱਗਿਆ। ਉਸ ਨੇ ਫੇਸਬੁੱਕ ਖੋਹਲ ਲਈ। ਦੋ ਹਜ਼ਾਰ ਉਸ ਦੇ ਦੋਸਤ ਤੇ ਪੰਜ ਹਜ਼ਾਰ ਉਸ ਦੇ ਗਰੁੱਪ ਦੇ ਮੈਂਬਰ, ਏਨੇ ਲੋਕਾਂ ਵਿਚੋਂ ਉਹ ਇਸ ਚਿਹਰੇ ਨੂੰ ਕਿਥੋਂ ਲੱਭੇਗਾ। ਗਰੁੱਪ ਦੇ ਮੈਂਬਰ ਤਾਂ ਠੀਕ ਸਨ ਪਰ ਦੋਸਤ ਉਸ ਦੇ ਲੋੜ ਤੋਂ ਬਹੁਤ ਵੱਧ ਸਨ। ਉਹ ਕਈ ਵਾਰ ਸੋਚਦਾ ਕਿ ਕਿਉਂ ਨਾ ਬਹੁਤਿਆਂ ਨੂੰ ਡੀਲੀਟ ਕਰ ਦੇਵੇ ਪਰ ਨਹੀਂ ਸਨ ਕੀਤੇ। ਉਹ ਆਪਣੇ ਦੋਸਤਾਂ ਦੀ ਲਿਸਟ ਨੂੰ ਸਕਰੋਲ ਕਰਨ ਲੱਗਿਆ। ਦਸ ਕੁ ਮਿੰਟ ਦੀ ਕੋਸ਼ਿਸ਼ ਬਾਅਦ ਉਸ ਨੂੰ ਇਕ ਫੋਟੋ ਦਿਸ ਪਈ ਜਿਹੜੀ ਉਸ ਔਰਤ ਨਾਲ ਮਿਲਦੀ ਸੀ। ਉਹ ਉਸ ਦੀ ਪ੍ਰੋਫਾਈਲ ‘ਤੇ ਗਿਆ। ਇਹ ਉਹੀ ਔਰਤ ਤਾਂ ਸੀ; ਡਾਕਟਰ ਮੰਨਤ ਗਰੇਵਾਲ। ਉਹ ਪ੍ਰੋਫਾਈਲ ਅੱਗੇ ਦੇਖਦਾ ਗਿਆ। ਉਹ ਲੁਧਿਆਣੇ ਦੇ ਕਾਲਜ ਵਿਚ ਹਿੰਦੀ ਵਿਭਾਗ ਦੀ ਹੈੱਡ ਸੀ। ਉਸ ਦੀਆਂ ਤਸਵੀਰਾਂ ਦੇਖਦਿਆਂ ਉਸ ਬਾਰੇ ਹੋਰ ਜਾਣਕਾਰੀ ਮਿਲਣ ਲੱਗੀ। ਤਸਵੀਰਾਂ ਵਿਚ ਕਿਤੇ ਉਹ ਦੋ ਬੱਚੀਆਂ ਨਾਲ ਖੜੀ ਸੀ ਤੇ ਕਿਤੇ ਇਕ ਲੰਮੇ-ਉਚੇ ਠੋਕਵੀਂ ਪੱਗ ਵਾਲੇ ਸਰਦਾਰ ਨਾਲ। ਉਸ ਨੂੰ ਇਹ ਨਹੀਂ ਸੀ ਯਾਦ ਕਿ ਉਸ ਨੇ ਉਸ ਨੂੰ ਦੋਸਤੀ ਲਈ ਬੇਨਤੀ ਭੇਜੀ ਸੀ ਜਾਂ ਉਸ ਔਰਤ ਨੇ ਉਸ ਨੂੰ। ਉਹ ਖੁਸ਼ ਸੀ ਕਿ ਉਸ ਨੂੰ ਇਕ ਹੋਰ ਫੇਸਬੁੱਕੀਆ ਦੋਸਤ ਮਿਲ ਗਿਆ ਸੀ।

## ਤਿੰਨ

ਉਸ ਨੇ ਚੈਟ ਔਨ ਕੀਤੀ ਤਾਂ ਦੇਖਿਆ ਕਿ ਡਾ. ਮੰਨਤ ਗਰੇਵਾਲ ਵੀ ਹਾਜ਼ਰ ਸੀ। ਉਸ ਨੇ ਇਕ ਦਮ ਹੀ ‘ਹੈਲੋ’ ਭੇਜ ਦਿੱਤੀ। ਉਸ ਦਾ ਵੀ ਹੈਲੋ ਵਿਚ ਜਵਾਬ ਆ ਗਿਆ। ਅਰਵਿੰਦ ਨੇ ਲਿਖਿਆ,

--ਮੈਨੂੰ ਜਾਪਦਾ ਏ ਕਿ ਮੈਂ ਤੁਹਾਨੂੰ ਅੱਜ ਹੀ ਕਿਧਰੇ ਦੇਖਿਆ ਹੈ।

--ਹਾਂ, ਮੈਨੂੰ ਵੀ ਲੱਗਿਆ ਕਿ ਦਿੱਲੀ ਦੇ ਇਕ ਹੋਟਲ ਵਿਚ ਤੁਹਾਨੂੰ ਦੇਖਿਆ ਹੈ ਪਰ ਤੁਹਾਡੀ ਪ੍ਰੋਫਾਈਲ ਦੇਖੀ ਤਾਂ ਪਤਾ ਚੱਲਿਆ ਕਿ ਤੁਸੀਂ ਤਾਂ ਲੰਡਨ ਰਹਿੰਦੇ ਹੋ।

--ਨਹੀਂ, ਮੈਂ ਇੰਡੀਆ ਆਇਆ ਹੋਇਆਂ, ਕੁਝ ਦਿਨਾਂ ਲਈ ਤੇ ‘ਮਿੱਤਰ ਯਾਤਰੀ ਘਰ’ ਠਹਿਰਿਆ ਹੋਇਆਂ।

--ਓਹ, ਆਈ ਸੀ! ਉਥੇ ਹੀ ਮੈਂ ਤੁਹਾਨੂੰ ਦੇਖਿਆ ਹੈ। ਕਿੰਨੇ ਦਿਨ ਇਥੇ ਠਹਿਰੋਗੇ?

--ਇਕ ਜਾਂ ਦੋ ਦਿਨ ਹੋਰ। ਤੁਸੀਂ ਤਾਂ ਸ਼ਾਇਦ ਲੁਧਿਆਣੇ ਰਹਿੰਦੇ ਓ, ਠੀਕ?

--ਹਾਂ, ਮੈਂ ਦਿੱਲੀ ਯੂਨੀਵਰਸਿਟੀ ਵਿਚ ਸੈਮੀਨਾਰ ਅਟੈਂਡ ਕਰਨ ਆਈ ਹੋਈ ਹਾਂ।

--ਬਹੁਤ ਖੂਬ, ਕਦੇ ਨਹੀਂ ਸੀ ਸੋਚਿਆ ਕਿ ਫੇਸਬੁੱਕ ਦੇ ਦੋਸਤ ਇਵੇਂ ਵੀ ਮਿਲ ਸਕਦੇ ਨੇ।

--ਮੈਂ ਵੀ ਤੁਹਾਨੂੰ ਦੇਖ ਕੇ ਬਹੁਤ ਹੈਰਾਨ ਹੋ ਗਈ ਸਾਂ।

--ਜੇ ਮਿਲਣਾ ਚਾਹੋਂ ਤਾਂ ਡਾਈਨਿੰਗ ਹਾਲ ਵਿਚ ਆ ਜਾਵੋ, ਇਕੱਠੇ ਕਾਫੀ ਦਾ ਕੱਪ ਪੀ ਲਵਾਂਗੇ।

--ਕਿਉਂ ਨਹੀਂ!

ਡਾ. ਮੰਨਤ ਦਾ ਜਵਾਬ ਸੀ। ਡਾਈਨਿੰਗ ਹਾਲ ਤੋਂ ਵਾਪਸ ਮੁੜ ਕੇ ਜਦ ਉਸ ਨੇ ਫੇਸਬੁੱਕ ‘ਤੇ ਅਰਵਿੰਦ ਦੀ ਪ੍ਰੋਫਾਈਲ ਦੇਖੀ ਤਾਂ ਉਸ ਵਿਚ ਦਿਲਚਸਪੀ ਜਾਗ ਆਈ ਸੀ। ਅਰਵਿੰਦ ਦੀ ਦਿੱਖ ਉਸ ਕਿਸਮ ਦੀ ਸੀ ਜਿਹੋ ਜਿਹੇ ਮਰਦ ਉਸ ਨੂੰ ਚੰਗੇ ਲਗਏ ਸਨ। ਉਸ ਦਾ ਟਰਬਿਊਨ ਵਿਚ ਛਪਿਆ ਲੇਖ ਉਸ ਨੇ ਵੀ ਪੜ੍ਹ ਰੱਖਿਆ ਸੀ ਤੇ ਉਸ ਦੇ ਪਤੀ ਨੇ ਵੀ।

ਅਰਵਿੰਦ ਬਹੁਤ ਖੁਸ਼ ਸੀ। ਉਸ ਨੇ ਫੇਸਬੁੱਕ ਸਾਈਨ-ਆਊਟ ਕੀਤੀ ਤੇ ਲੈਪਟੌਪ ਬੰਦ ਕਰਦਾ ਸੋਚਣ ਲੱਗਿਆ ਕਿ ਔਰਤ ਨੂੰ ਪਹਿਲੀ ਵਾਰ ਮਿਲਣ ਲਈ ਕੀ ਲੈ ਕੇ ਜਾਣਾ ਚਾਹੀਦਾ ਸੀ। ਦਿਨ ਹੁੰਦਾ ਤਾਂ ਬਹਿਰੇ ਨੂੰ ਕਹਿ ਕੇ ਫੁੱਲ ਮੰਗਵਾ ਲੈਂਦਾ। ਜੇ ਕੋਈ ਗੋਰੀ ਹੁੰਦੀ ਤਾਂ ਉਸ ਕੋਲ ਵਾਈਨ ਦੀਆਂ ਦੋ ਬੋਤਲਾਂ ਹੈ ਹੀ ਸਨ। ਫਿਰ ਉਸ ਨੂੰ ਖਿਆਲ ਆਇਆ ਕਿ ਉਸ ਕੋਲ ਕੁਝ ਪਰਫਿਊਮ ਸਨ। ਉਸ ਨੇ ਇਕ ਪਰਫਿਊਮ ਨੂੰ ਛੋਟੇ ਜਿਹੇ ਬੈਗ ਵਿਚ ਪਾਇਆ ਤੇ ਡਾਈਨਿੰਗ ਹਾਲ ਨੂੰ ਤੁਰ ਪਿਆ। ਹਾਲੇ ਨੌਂ ਹੀ ਵੱਜੇ ਸਨ। ਉਹ ਇਕ ਟੇਬਲ ‘ਤੇ ਜਾ ਬੈਠਾ। ਕੁਝ ਦੇਰ ਬਾਅਦ ਡਾ. ਮੰਨਤ ਗਰੇਵਾਲ ਵੀ ਆਉਂਦੀ ਦਿਸ ਪਈ। ਉਸ ਨੇ ਕਪੜੇ ਬਦਲੇ ਹੋਏ ਸਨ। ਹੁਣ ਸਾੜ੍ਹੀ ਨਹੀਂ, ਪੰਜਾਬੀ ਸੂਟ ਪਾਇਆ ਹੋਇਆ ਸੀ। ਉਹ ਉਸ ਦੇ ਸਵਾਗਤ ਵਿਚ ਉਠ ਕੇ ਖੜ੍ਹ ਗਿਆ ਤੇ ਹੱਥ ਜੋੜ ਕੇ ਫਤਿਹ ਬੁਲਾਉਣ ਹੀ ਲੱਗਿਆ ਸੀ ਕਿ ਮੰਨਤ ਨੇ ਉਸ ਵਲ ਹੱਥ ਵਧਾ ਦਿਤਾ। ਅਰਵਿੰਦ ਨੇ ਉਸ ਦਾ ਹੱਥ ਆਪਣੇ ਹੱਥ ਵਿਚ ਘੁੱਟਿਆ। ਉਸ ਦਾ ਹੱਥ ਬਹੁਤ ਹੀ ਨਿੱਘਾ ਸੀ। ਅਰਵਿੰਦ ਨੇ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ ਤੇ ਆਪ ਵੀ ਬੈਠ ਗਿਆ। ਸਭ ਤੋਂ ਪਹਿਲਾਂ ਉਸ ਨੇ ਪਰਫਿਊਮ ਵਾਲਾ ਬੈਗ ਉਸ ਵਲ ਵਧਾ ਦਿਤਾ। ਮੰਨਤ ਨੇ ਅਣਮਨੇ ਮਨ ਨਾਲ ਕਬੂਲ ਕਰ ਲਿਆ। ਕੁਝ ਸਰਸਰੀ ਜਿਹੀਆਂ ਗੱਲਾ ਤੋਂ ਬਾਅਦ ਮੰਨਤ ਨੇ ਪੁੱਛਿਆ,

“ਟਰਬਿਊਨ ਵਿਚ ਤੁਹਾਡਾ ਹੀ ਲੇਖ ਛਪਿਆ ਸੀ ਨਾ, ਡਾਇਸਪੋਰੇ ਤੇ ਮਾਈਗਰੇਸ਼ਨ ਬਾਰੇ?”

“ਯੂ ਨੋਅ, ਆਏ ਡਿੱਡ!”

“ਉਸ ਦਾ ਕਾਫੀ ਜ਼ਿਕਰ ਹੋਇਆ। ਲੈਟਰ ਟੂ ਦ ਐਡੀਟਰ ਵੀ ਕਈ ਛਪੇ, ਅਖਬਾਰ ਤੋਂ ਬਾਹਰ ਵੀ ਗੱਲਾਂ ਹੋਈਆਂ।”

“ਯੂ ਨੋਅ, ਮੈਨੂੰ ਵੀ ਕੁਝ ਈਮੇਲ ਆਈਆਂ ਸਨ ਪਰ ਮੈਂ ਤਾਂ ਉਸ ਆਰਟੀਕਲ ਨੂੰ ਵੱਡਾ ਨਹੀਂ ਸਾਂ ਸਮਝਦਾ ਪਰ ਲੋਕਾਂ ਨੂੰ ਪਸੰਦ ਆਇਆ।”

“ਅਸਲ ਵਿਚ ਮਾਈਗਰੇਸਨ਼ ਦਾ ਆਰਥਿਕ ਕਾਰਣ ਤਾਂ ਅਸੀਂ ਸਾਰੇ ਸਮਝਦੇ ਹੀ ਹਾਂ ਪਰ ਜਿਵੇਂ ਤੁਸੀਂ ਇਤਿਹਾਸ ਵਿਚ ਜਾ ਕੇ ਇਸ ਦਾ ਵਿਸਥਾਰ ਦਿੱਤਾ ਉਹ ਸ਼ਲਾਘਾਯੋਗ ਸੀ। ਤੁਹਾਡੀ ਇਹ ਦਲੀਲ ਕਿ ਲਗਭੱਗ ਸਾਰੀ ਦੁਨੀਆਂ ਹੀ ਮਾਈਗਰੇਟ ਹੁੰਦੀ ਆਈ ਹੈ ਬਹੁਤ ਵਿਸਥਾਰਪੂਰਵਕ ਸੀ। ਮੇਰੇ ਪਤੀ ਨੇ ਤਾਂ ਏਸ ਨੂੰ ਬਹੁਤ ਹੀ ਪਸੰਦ ਕੀਤਾ ਤੇ ਕਈ ਥਾਂ ਇਸ ਨੂੰ ਕੋਟ ਵੀ ਕੀਤਾ।”

"ਤੁਹਾਡੇ ਪਤੀ ਵੀ ਅਧਿਆਪਕ ਨੇ?"

"ਪਟਿਆਲੇ ਦੇ ਸਰਕਾਰੀ ਕਾਲਜ ਵਿਚ ਪੰਜਾਬੀ ਦੇ ਹੈੱਡ ਨੇ, ਡਾਕਟਰ ਗੋਬਿੰਦਰ ਸਿੰਘ ਗਰੇਵਾਲ।"

"ਤੇ ਤੁਸੀਂ ਲੁਧਿਆਣੇ ਹੋ?"

"ਜੀ, ਮੈਂ ਸਰਕਾਰੀ ਕਾਲਜ ਵਿਚ ਹਿੰਦੀ ਦੀ ਹੈੱਡ ਹਾਂ।"

"ਤੇ ਇਹ ਸੈਮੀਨਾਰ?"

"ਇਹ ਹਿੰਦੀ ਭਾਸ਼ਾ ਬਾਰੇ ਏ। ਅੰਗਰੇਜ਼ੀ ਭਾਸ਼ਾ ਹਿੰਦੀ ਉਪਰ ਕਿਵੇਂ ਹਾਵੀ ਹੋ ਰਹੀ ਏ। ਬਾਕੀ ਦੀਆਂ ਭਾਸ਼ਾਵਾਂ ਲਈ ਖਤਰਾ ਬਣੀ ਖੜੀ ਏ ਬਸ ਇਸੇ ਬਾਰੇ ਸੈਮੀਨਾਰ ਏ।"

ਉਸ ਦੇ ਗੱਲ ਕਰਦਿਆਂ ਬਹਿਰਾ ਕਾਫੀ ਦੇ ਕੱਪ ਮੇਜ਼ 'ਤੇ ਰੱਖਣ ਲੱਗਿਆ। ਮੰਨਤ ਨੇ ਆਪਣੇ ਕੱਪ ਵਿਚ ਖੰਡ ਪਾਉਂਦਿਆਂ ਪੁੱਛਿਆ,

"ਆਪਣੇ ਬਾਰੇ ਦੱਸੋ ਕੁਝ?"

"ਯੂ ਨੋਅ, ਮੈਂ ਅਰਵਿੰਦ, ਤੀਹ ਸਾਲ ਤੋਂ ਲੰਡਨ ਵਿਚ ਰਹਿ ਰਿਹਾਂ, ਇਤਿਹਾਸ ਦਾ ਵਿਦਿਆਰਥੀ ਹਾਂ, ਹਾਲੇ ਵੀ। ਇਤਿਹਾਸ ਵਿਚ ਹੀ ਮੇਰੀ ਮਾਸਟਰ ਏ ਗੁਰੂਨਾਨਕ ਦੇਵ ਯੂਨੀ ਤੋਂ। ਲੰਡਨ ਵਿਚ ਮੈਂ ਟੂਰਿਜ਼ਮ ਵਿਚ ਨੌਕਰੀ ਕਰਦਾਂ।"

"ਕੀ ਮਤਲਬ?"

"ਲੰਡਨ ਵਿਚ ਜਿਹੜਾ ਵਿਭਾਗ ਟੂਰਿਜ਼ਮ ਨਾਲ ਡੀਲ ਕਰਦਾ ਐ ਉਹਦੇ ਨਾਲ ਵਾਹ ਐ ਮੇਰਾ। ਟੂਰਿਜ਼ਮ ਹਰ ਸ਼ਹਿਰ ਦਾ, ਹਰ ਮੁਲਕ ਦੀ ਆਮਦਨ ਦਾ ਬਹੁਤ ਵੱਡਾ ਸਾਧਨ ਹੁੰਦੈ, ਲੰਡਨ ਦੇ ਇਸ ਵਿਭਾਗ ਵਿਚ ਹਜ਼ਾਰਾਂ ਲੋਕ ਕੰਮ ਕਰਦੇ ਆ। ਆਏ ਜਸਟ ਗਿਵ ਟਰੇਨਿੰਗ ਟੂ ਨਿਊ ਟਰੇਨੀਜ਼।"

"ਕੀ ਤੁਹਾਡਾ ਆਰਟੀਕਲ ਵੀ ਤੁਹਾਡੇ ਵਿਭਾਗ ਨਾਲ ਵਾਹ ਰੱਖਦਾ ਏ?"

"ਯੂ ਨੋਅ, ਉਹ ਮੇਰੇ ਇਕ ਨਿੱਜੀ ਪ੍ਰੋਜੈਕਟ ਦਾ ਹਿੱਸਾ ਐ, ਮੈਂ ਇੰਡੀਅਨ ਡਾਇਸਪੋਰੇ ਬਾਰੇ ਇਕ ਕਿਤਾਬ ਲਿਖਣੀ ਚਾਹੁੰਨਾਂ, ਉਸੇ ਬਾਰੇ ਨੋਟ ਲੈਂਦਿਆਂ ਲੈਂਦਿਆਂ ਇਹ ਆਰਟੀਕਲ ਲਿਖ ਹੋ ਗਿਆ।"

"ਇਸੇ ਪ੍ਰੋਜੈਕਟ ਦੇ ਮਾਮਲੇ ਵਿਚ ਹੀ ਇੰਡੀਆ ਆਏ ਹੋ?"

"ਯੂ ਨੋਅ, ਆਪਣੇ ਪ੍ਰੋਜੈਕਟ ਦੇ ਮਾਮਲੇ ਵਿਚ ਸ਼ਾਇਦ ਮੈਨੂੰ ਦੱਖਣੀ ਭਾਰਤ ਵਿਚ ਜਾਣਾ ਪਵੇ, ਜਿਥੋਂ ਵੱਖ ਵੱਖ ਦੇਸ਼ਾਂ ਲਈ ਸਮੁੰਦਰ ਰਾਹੀਂ ਲਈ ਮਾਈਗਰੇਸ਼ਨ ਸ਼ੁਰੂ ਹੋਈ।"

"ਇੰਡੀਆ ਫਿਰ ਰਿਸ਼ਤੇਦਾਰਾਂ ਨੂੰ ਮਿਲਣ ਆਏ ਹੋਵੋਂਗੇ?"

"ਏਦਾਂ ਹੀ ਕਹਿ ਲਵੋ। ਅਸਲ ਵਿਚ ਮੈਂ ਵੀਹ ਸਾਲ ਬਾਅਦ ਇੰਡੀਆ ਆਇਆਂ, ਆਏ ਜਸਟ ਵਾਂਟੂ ਫੀਲ ਇੰਡੀਆ! ਯੂ ਨੋਅ ਵੌਟ ਆਈ ਮੀਨ! ...ਵੀਹ ਸਾਲ ਦੀ ਤਬਦੀਲੀ ਨੂੰ ਮਹਿਸੂਸ ਕਰਨਾ ਚਾਹੁੰਨਾ।"

ਅਰਵਿੰਦ ਮੋਢੇ ਹਿਲਾਉਂਦੇ ਬੋਲਿਆ ਪਰ ਆਪਣੇ ਆਉਣ ਦੇ ਅਸਲੀ ਕਾਰਨ ਨੂੰ ਛੁਪਾ ਗਿਆ। ਮੰਨਤ ਹੈਰਾਨ ਵੀ ਤੇ ਖੁਸ਼ ਵੀ ਹੁੰਦੀ ਬੋਲੀ,

"ਦੈਟ 'ਜ਼ ਨਾਈਸ! ਪਰ ਵੀਹ ਸਾਲ ਕਿਉਂ ਨਹੀਂ ਆਏ?"

"ਯੂ ਨੋਅ, ਮੇਰਾ ਇਥੇ ਕੋਈ ਖਾਸ ਹੈ ਹੀ ਨਹੀਂ, ਮੇਰੇ ਬਹੁਤੇ ਰਿਸ਼ਤੇਦਾਰ ਉਥੇ ਹੀ ਨੇ, ਇਥੇ ਕੋਈ ਅਜਿਹਾ ਹੈ ਹੀ ਨਹੀਂ ਜਿਹਨੂੰ ਮੈਂ ਮਿਲਣ ਆਉਂਦਾ।"

"ਇਸੇ ਲਈ ਹੋਟਲ ਵਿਚ ਠਹਿਰੇ ਹੋ?"

"ਬਿਲਕੁਲ। ਵੈਸੇ ਜਲੰਧਰ ਵਿਚ ਮੇਰਾ ਪਿੰਡ ਐ, ਬਾਪੂ ਦੀ ਕੁਝ ਜ਼ਮੀਨ ਵੀ ਪਰ ਘਰ ਢਹਿ-ਢੂਹ ਗਿਆ, ਸੋ ਹੋਟਲਾਂ ਨੇ ਹੀ ਆਸਰਾ ਦੇਣਾ ਹੋਇਆ!"

ਅਰਵਿੰਦ ਨੇ ਹੱਸਦਿਆਂ ਹੋਇਆਂ ਆਖਿਆ। ਉਹ ਗੰਭੀਰ ਹੁੰਦੀ ਬੋਲੀ,

"ਇਹ ਵੀ ਇਕ ਅਜੀਬ ਤਰਾਸਦੀ ਏ ਪਰਵਾਸੀ ਲੋਕਾਂ ਦੀ! ...ਕਿਥੇ ਕਿਥੇ ਘੁੰਮਣ ਦਾ ਸ਼ੈਡਿਊਲ ਲੈ ਕੇ ਆਏ ਓ?"

"ਹਾਲੇ ਤਾਂ ਆਹ ਇਕ ਦੋ ਦਿਨ ਦਿੱਲੀ ਤੇ ਫਿਰ ਪੰਜਾਬ ਹੀ ਦੇਖਣਾ ਐਂ, ਗੁਰੂ ਨਾਨਕ ਯੂਨੀ ਵਿਚ ਮੇਰਾ ਦੋਸਤ ਐ ਸੁਮੀਤ ਸਹੋਤਾ। ਉਸ ਨੂੰ ਮਿਲਣੈਂ, ਕੁਝ ਹੋਰ ਦੋਸਤ ਹੈਗੇ।"

"ਲੁਧਿਆਣੇ ਵੀ ਆਣਾਂ, ਮੇਰੇ ਹਸਬੈਂਡ ਵੀ ਤੁਹਾਨੂੰ ਮਿਲ ਕੇ ਖੁਸ਼ ਹੋਣਗੇ।"

"ਜ਼ਰੂਰ।"

ਅਰਵਿੰਦ ਨੇ ਆਖਿਆ ਪਰ ਉਸ ਨੂੰ ਤਾਂ ਆਪ ਨੂੰ ਵੀ ਆਪਣੇ ਕਿਸੇ ਪ੍ਰੋਗਰਾਮ ਦਾ ਨਹੀਂ ਸੀ ਪਤਾ। ਉਹ ਘੰਟਾ ਭਰ ਬੈਠੇ ਗੱਲਾਂ ਕਰਦੇ ਰਹੇ। ਮੰਨਤ ਜ਼ਿਆਦਤਰ ਇੰਗਲੈਂਡ ਦੀ ਜ਼ਿੰਦਗੀ ਬਾਰੇ ਸਵਾਲ ਪੁੱਛਦੀ ਰਹੀ। ਫਿਰ ਉਸ ਨੇ ਆਪਣੀਆਂ ਟੀਨ-ਏਜਰ ਬੇਟੀਆਂ ਬਾਰੇ ਵੀ ਕੁਝ ਗੱਲਾਂ ਕੀਤੀਆਂ। ਉਹਨਾਂ ਦਾ ਇਕ ਘਰ ਪਟਿਆਲੇ ਸੀ ਤੇ ਇਕ ਲੁਧਿਆਣੇ। ਨੌਕਰੀਆਂ ਕਰਕੇ ਅਲੱਗ ਅਲੱਗ ਰਹਿਣਾ ਪੈਂਦਾ ਸੀ। ਛੁੱਟੀਆਂ ਵਿਚ ਪਤੀ-ਪਤਨੀ ਇਕੱਠੇ ਹੁੰਦੇ। ਮੰਨਤ ਅਕਸਰ ਸੈਮੀਨਾਰਾਂ ਵਿਚ ਭਾਗ ਲੈਣ ਜਾਂਦੀ ਰਹਿੰਦੀ ਸੀ। ਦਿੱਲੀ ਆਉਂਦੀ ਤਾਂ ਉਹ ਇਸੇ ਹੋਟਲ ਵਿਚ ਠਹਿਰਦੀ। ਯੂਨੀਵਰਸਟੀ ਵਲੋਂ ਇਸ ਹੋਟਲ ਵਿਚ ਕਮਰਾ ਬੁੱਕ ਕਰਾ ਦਿਤਾ ਜਾਂਦਾ ਸੀ। ਕਈ ਵਾਰ ਇਵੇਂ ਵੀ ਹੁੰਦਾ ਕਿ ਉਹ ਆਪ ਹੀ ਕਮਰਾ ਬੁੱਕ ਕਰਾ ਕੇ ਰਸੀਦ ਯੂਨੀਵਰਸਟੀ ਦੇ ਹਿੰਦੀ ਵਿਭਾਗ ਨੂੰ ਦੇ ਦਿੰਦੀ ਤੇ ਉਸ ਦਾ ਖਰਚਾ ਉਸ ਨੂੰ ਮਿਲ ਜਾਂਦਾ। ਵੈਸੇ ਤਾਂ ਯੂਨੀਵਰਸਟੀ ਵਿਚ ਵੀ ਗੈੱਸਟ ਹਾਊਸ ਸੀ ਪਰ ਮੰਨਤ ਨੂੰ ਉਥੇ ਰਹਿਣਾ ਪਸੰਦ ਨਹੀਂ ਸੀ। ਇਸ ਹੋਟਲ ਦਾ ਮਹੌਲ ਉਸ ਨੂੰ ਪਸੰਦ ਸੀ ਤੇ ਹੁਣ ਕਈ ਸਾਲਾਂ ਤੋਂ ਇਥੇ ਠਹਿਰਦੀ ਆਈ ਸੀ। ਭਾਵੇਂ ਮੰਨਤ ਦੇ ਗੱਲ ਕਰਨ ਦੇ ਤਰੀਕੇ ਵਿਚ ਜ਼ਰਾ ਕੁ ਚੁਲਬਲਾ-ਪਨ ਸੀ ਪਰ ਫਿਰ ਵੀ ਉਹ ਮਿਣੀ-ਤੁਲੀ

ਜਿਹੀ ਗੱਲ ਕਰ ਰਹੀ ਸੀ ਤੇ ਗੱਲ ਕਰਕੇ ਉਹ ਅਰਵਿੰਦ ਵਲ ਦੇਖਣ ਲੱਗਦੀ, ਆਪਣੀ ਕਹੀ ਗੱਲ ਦਾ ਅਸਰ ਜਾਣਨ ਲਈ। ਅਰਵਿੰਦ ਵੀ ਧਿਆਨ ਨਾਲ ਹੀ ਗੱਲ ਕਰ ਰਿਹਾ ਸੀ। ਅਰਵਿੰਦ ਚਾਰ ਨੰਬਰ ਕਮਰੇ ਵਿਚ ਸੀ ਤੇ ਮੰਨਤ ਉਪਰਲੀ ਮੰਜ਼ਿਲ 'ਤੇ ਬਾਰਾਂ ਨੰਬਰ ਵਿਚ। ਆਪਣੀ ਕੌਫੀ ਮੁਕਾ ਕੇ ਉਹ ਦੋਵੇਂ ਹੀ ਉਠ ਖੜੇ ਤੇ ਆਪੋ-ਆਪਣਿਆਂ ਕਮਰਿਆਂ ਵਿਚ ਚਲੇ ਗਏ।

ਮੰਨਤ ਆਪਣੇ ਕਮਰੇ ਵਿਚ ਜਾ ਕੇ ਕਾਫੀ ਦੇਰ ਤਕ ਅਰਵਿੰਦ ਬਾਰੇ ਸੋਚਦੀ ਰਹੀ। ਉਸ ਨੂੰ ਮਿਲਣਾ ਮੰਨਤ ਨੂੰ ਚੰਗਾ ਲੱਗ ਰਿਹਾ ਸੀ। ਉਸ ਦੇ ਦਿਲ ਦੇ ਕਿਸੇ ਕੋਨੇ ਵਿਚੋਂ ਕੋਈ ਕਹਿ ਰਿਹਾ ਸੀ ਕਿ ਆਦਮੀ ਹੋਵੇ ਤਾਂ ਇਹੋ ਜਿਹਾ। ਕਾਫੀ ਦੇਰ ਤਕ ਉਸ ਬਾਰੇ ਹੀ ਸੋਚਦਿਆਂ ਉਸ ਨੇ ਫੋਨ ਘੁਮਾ ਲਿਆ ਤੇ ਬੋਲੀ,

''ਅਰਵਿੰਦ ਜੀ, ਜੇ ਤੁਸੀਂ ਚਾਹੋਂ ਤਾਂ ਕੱਲ ਸਵੇਰੇ ਮੇਰੇ ਨਾਲ ਸੈਮੀਨਾਰ ਵਿਚ ਭਾਗ ਲੈਣ ਲਈ ਯੂਨੀਵਰਸਟੀ ਚੱਲ ਸਕਦੇ ਹੋ।''

''ਯੂ ਨੋਅ ਮੰਨਤ ਜੀ, ਮੈਂ ਉਥੇ ਕਿਸੇ ਨੂੰ ਜਾਣਦਾ ਹੀ ਨਹੀਂ।''

''ਜਾਣਦੇ ਤਾਂ ਤੁਸੀਂ ਪੂਰੇ ਇੰਡੀਆ ਵਿਚ ਹੀ ਕਿਸੇ ਨੂੰ ਨਹੀਂ। ਉਥੇ ਜਾਵੋਗੇ ਤਾਂ ਸ਼ਾਇਦ ਕਿਸੇ ਨੂੰ ਜਾਨਣ ਲੱਗੋਂ।''

''ਆਈਡੀਆ ਤਾਂ ਬੁਰਾ ਨਹੀਂ, ਦੱਸੋ ਕਿੰਨੇ ਵਜੇ ਜਾਣਾਂ?''

''ਦਸ ਵਜੇ ਯੂਨੀਵਰਸਟੀ ਪੁੱਜਣਾ ਏਂ, ਤਿਆਰ ਰਿਹੋ।''

ਆਖਦਿਆਂ ਉਸ ਨੇ ਫੋਨ ਰੱਖ ਦਿਤਾ।

ਯੂਨੀਵਰਸਟੀ ਦਾ ਨਾਂ ਸੁਣਦਿਆਂ ਹੀ ਅਰਵਿੰਦ ਨੂੰ ਆਪਣੇ ਯੂਨੀਵਰਸਟੀ ਦੇ ਦਿਨ ਯਾਦ ਆ ਗਏ। ਉਹ ਚਾਅ ਜਿਹੇ ਨਾਲ ਭਰਨ ਲੱਗਿਆ। ਉਸ ਨੇ ਸੋਚਿਆ ਕਿ ਇਹ ਵੀ ਇਕ ਨਵਾਂ ਅਨੁਭਵ ਹੋਵੇਗਾ। ਹੁਣ ਉਸ ਨੂੰ ਫੇਸਬੁੱਕ ਏਨੀ ਬੁਰੀ ਨਹੀਂ ਸੀ ਲੱਗ ਰਹੀ। ਹੁਣ ਜੇ ਇੰਦਰ ਤੇ ਰਣਜੀਤ ਨਹੀਂ ਵੀ ਮਿਲਦੇ ਤਾਂ ਫੇਸਬੁੱਕ ਨਾਲ ਕੋਈ ਗਿਲਾ ਨਹੀਂ ਸੀ ਹੋਣਾ।...

ਅਗਲੀ ਸਵੇਰ ਵੇਲਾਂ ਦਾ ਫੋਨ ਆ ਗਿਆ। ਉਸ ਨੇ ਹੋਟਲ ਦਾ ਨੰਬਰ ਲੱਭ ਕੇ ਰਿਸੈਪਸ਼ਨ 'ਤੇ ਫੋਨ ਕਰ ਲਿਆ ਸੀ। ਉਹ ਪੈਂਦੀ ਸੱਟੇ ਹੀ ਬੋਲੀ,

''ਇਥੇ ਕੀ ਕਰਦੇ ਓ, ਪਹਿਲਾਂ ਕੀਰਤ ਪੁਰ ਜਾਓ, ਆਪਣਾ ਕੰਮ ਮੁਕਾ ਕੇ ਫੇਰ ਜੋ ਕਰਨਾ ਕਰੀ ਜਾਇਓ।''

''ਯੂ ਨੋਅ, ਮੈਂ ਕੀਰਤ ਪੁਰ ਜਾ ਆਇਆਂ।''

ਅਰਵਿੰਦ ਨੇ ਝੂਠ ਦਾ ਸਹਾਰਾ ਲੈਂਦਿਆਂ ਆਖਿਆ। ਉਸ ਨੂੰ ਪਤਾ ਸੀ ਕਿ ਨਹੀਂ ਤਾਂ ਵੇਲਾਂ ਨੇ ਰੇਡੀਓ ਵਾਂਗ ਔਨ ਹੋ ਜਾਣਾ ਸੀ। ਵੇਲਾਂ ਨੇ ਪੁੱਛਿਆ,

''ਕਿਹੜੇ ਵੇਲੇ?''

''ਮੈਂ ਪਹਿਲਾਂ ਸਿਧਾ ਕੀਰਤ ਪੁਰ ਗਿਆ ਤੇ ਫੇਰ ਮੁੜ ਕੇ ਦਿੱਲੀ ਆਇਆਂ।''

ਗੱਲ ਕਰਦਿਆਂ ਉਸ ਦੇ ਮਨ ਵਿਚ ਚੀਸ ਜਿਹੀ ਵੀ ਉਠੀ। ਠੀਕ ਸੀ ਕਿ ਉਹ ਨਾਸਤਿਕ ਸੀ ਪਰ ਨਾਸਤਿਕ ਹੋਣ ਦਾ ਇਹ ਮਤਲਬ ਵੀ ਨਹੀਂ ਕਿ ਏਡਾ ਵੱਡਾ ਝੂਠ ਬੋਲਣਾ ਪਵੇ। ਉਸ ਦੇ ਝੂਠ ਨਾਲ ਵੇਲਾਂ ਦੀ ਤਸੱਲੀ ਤਾਂ ਹੋ ਗਈ ਪਰ ਉਹ ਬੇਚੈਨ ਜਿਹਾ ਹੋ ਉਠਿਆ। ਉਸ ਨੇ ਮਨ ਹੋਰ ਪਾਸੇ ਲਾਉਣ ਲਈ ਲੈਪਟੌਪ ਖੋਹਲ ਲਿਆ।...

ਨਾਸ਼ਤਾ ਉਸ ਨੇ ਕਮਰੇ ਵਿਚ ਹੀ ਮੰਗਵਾ ਲਿਆ। ਨਾਸ਼ਤਾ ਕਰਦਿਆਂ ਹੀ ਇੰਦਰ ਦਾ ਫੋਨ ਆ ਗਿਆ। ਉਹ ਵਿਹਲਾ ਹੀ ਸੀ ਤੇ ਆ ਸਕਦਾ ਸੀ ਪਰ ਅੱਜ ਤਾਂ ਉਹ ਮੰਨਤ ਨਾਲ ਯੂਨੀਵਰਸਟੀ ਜਾ ਰਿਹਾ ਸੀ। ਉਸ ਦਾ ਸਾਰਾ ਧਿਆਨ ਹੀ ਮੰਨਤ ਵਲ ਸੀ। ਇੰਦਰ ਨਾਲ ਉਸ ਨੇ ਸ਼ਾਮ ਨੂੰ ਫੋਨ ਕਰਨ ਦਾ ਵਾਅਦਾ ਕਰ ਲਿਆ। ਉਸ ਦਾ ਦਿਲ ਕਰਦਾ ਸੀ ਕਿ ਮੰਨਤ ਨਾਲ ਹੋਰ ਵਕਤ ਗੁਜ਼ਾਰੇ ਤੇ ਉਸ ਬਾਰੇ ਹੋਰ ਜਾਣਨ ਦੀ ਕੋਸ਼ਿਸ਼ ਕਰੇ। ਮੰਨਤ ਵਰਗੀਆਂ ਸਵੈ-ਵਿਸ਼ਵਾਸ ਵਾਲੀਆਂ ਔਰਤਾਂ ਉਸ ਨੂੰ ਬਹੁਤ ਪਸੰਦ ਸਨ। ਉਹ ਦੇਖਦਾ ਆਇਆ ਸੀ ਕਿ ਏਸ਼ੀਅਨ ਔਰਤਾਂ ਵਿਚ ਗੋਰੀਆਂ ਵਰਗੀ ਹਿੰਮਤ ਨਹੀਂ ਸੀ ਹੁੰਦੀ। ਮੰਨਤ ਉਸ ਨੂੰ ਅੱਜ ਦੇ ਯੁੱਗ ਦੀ ਔਰਤ ਜਾਪ ਰਹੀ ਸੀ।

ਸਵੇਰੇ ਨੌਂ ਕੁ ਵਜੇ ਉਸ ਦੀ ਮੰਨਤ ਨਾਲ ਗੱਲ ਹੋਈ ਤੇ ਸਾਢੇ ਨੌਂ ਵਜੇ ਉਹ ਤਿਆਰ ਹੋ ਕੇ ਰਿਸੈਪਸ਼ਨ 'ਤੇ ਪੁੱਜ ਗਿਆ। ਮੰਨਤ ਵੀ ਆਪਣਾ ਲੈਪਟੌਪ ਗਲ ਵਿਚ ਪਾਈ ਆ ਹਾਜ਼ਰ ਹੋਈ। ਉਸ ਨੇ ਜਾਮਨੀ ਰੰਗ ਦੀ ਸਾੜ੍ਹੀ ਲਾਈ ਹੋਈ ਸੀ। ਮੋਢਿਆਂ ਤਕ ਕੱਟੇ ਹੋਏ ਵਾਲ ਖੁਲ੍ਹੇ ਛੱਡੇ ਹੋਏ ਸਨ। ਕਾਲੀ ਐਨਕ ਵਾਲਾਂ ਦੇ ਉਪਰ ਫਸਾਈ ਹੋਈ ਸੀ। ਅਰਵਿੰਦ ਦੀ 'ਗੁੱਡ ਮੌਰਨਿੰਗ' ਦਾ ਜਵਾਬ ਦਿੰਦੀ ਉਹ ਬੋਲੀ,

''ਬੜੀ ਮੁਸ਼ਕਲ ਨਾਲ ਆਪਣਾ ਪੇਪਰ ਮੁਕਾਇਆ।''

''ਤੁਸੀਂ ਕੋਈ ਪੇਪਰ ਪੜਨਾਂ?''

''ਜੀ, ਮੇਰਾ ਪੇਪਰ ਏ, ਹਿੰਦੀ ਭਾਸ਼ਾ ਤੇ ਵਿਸ਼ਵੀਕਰਨ।''

''ਇਹਦਾ ਮਤਲਬ ਅੱਜ ਦੇ ਸੈਮੀਨਾਰ ਵਿਚ ਹੈਵੀ ਗੱਲਾਂ ਹੋਣਗੀਆਂ।''

''ਕੀ ਤੁਸੀਂ ਕਦੇ ਕੋਈ ਸੈਮੀਨਾਰ ਅਟੈਂਡ ਨਹੀਂ ਕੀਤਾ?''

''ਬਹੁਤ ਕੀਤੇ ਆ, ਪੇਪਰ ਵੀ ਪੜ੍ਹੇ ਆ ਪਰ ਆਪਣੇ ਮਹਿਕਮੇ ਬਾਰੇ ਹੀ, ਟੂਰਿਜ਼ਮ ਨੂੰ ਹੋਰ ਬੜਾਵਾ ਕਿਵੇਂ ਦਿਤਾ ਜਾਵੇ ਵਰਗੇ ਵਿਸ਼ਿਆਂ 'ਤੇ।''

ਉਹ ਗੱਲਾਂ ਕਰਦੇ ਹੋਟਲ ਤੋਂ ਬਾਹਰ ਆ ਗਏ। ਮੰਨਤ ਨੇ ਇਕ ਔਟੋ ਨੂੰ ਹੱਥ ਦਿਤਾ ਤੇ ਉਹ ਬਹਿ ਗਏ। ਔਟੋ ਵਿਚ ਨਾਲ ਲੱਗ ਕੇ ਬੈਠੇ ਸਨ। ਅਰਵਿੰਦ ਭਾਵੇਂ ਕੁਝ ਅਸਹਿਜ ਮੰਨਤ ਬਿਲਕੁਲ ਆਮ ਵਾਂਗ ਸੀ। ਉਹ ਆਪਣੇ ਵਿਸ਼ੇ ਬਾਰੇ ਗੱਲਾਂ ਕਰਦੀ ਜਾ ਰਹੀ ਸੀ। ਅਰਵਿੰਦ ਕੁਝ-ਕੁਝ ਬੋਰ ਹੋਣ ਲੱਗਿਆ ਸੀ ਪਰ ਜਦ ਮੰਨਤ ਦਾ ਸਰੀਰ ਉਸ ਨਾਲ ਖਹਿੰਦਾ ਤਾਂ ਬੋਰੀਅਤ ਦੂਰ ਹੋ ਜਾਂਦੀ। ਔਟੋ ਯੂਨੀਵਰਸਟੀ ਦੇ ਕੈਂਪਸ ਵਿਚ ਜਾ ਪੁੱਜਾ ਤੇ ਇਕ ਹਾਲ ਦੇ ਮੂਹਰੇ ਰੁਕ ਗਿਆ। ਅਰਵਿੰਦ ਨੇ ਪੈਸੇ ਦੇਣੇ ਚਾਹੇ ਪਰ ਮੰਨਤ ਨੇ ਦੇਣ ਨਾ ਦਿਤੇ। ਉਹ ਹਾਲ ਦੇ ਅੰਦਰ ਗਏ। ਉਥੇ ਲੋਕ ਮੰਨਤ ਦੀ ਉਡੀਕ ਕਰ ਰਹੇ ਸਨ। ਜਿਹੜਾ ਵੀ ਮਿਲਦਾ ਮੰਨਤ ਉਸ ਦਾ ਤੁਆਰਫ ਅਰਵਿੰਦ ਨਾਲ ਕਰਵਾਉਣ

ਲੱਗਦੀ। ਅਰਵਿੰਦ ਨੇ ਇਕ ਗੱਲ ਦੇਖੀ ਕਿ ਪੀ ਐਚ. ਡੀ. ਲੋਕ ਇਕ ਦੂਜੇ ਨੂੰ 'ਡਾਕਟਰ ਸਾਬ' ਕਹਿ ਕੇ ਬਹੁਤ ਖੁਸ਼ ਹੁੰਦੇ ਸਨ। ਕਈ ਵਾਰ ਤਾਂ ਇਕ ਗੱਲ ਵਿਚ ਦੋ ਦੋ ਵਾਰ 'ਡਾਕਟਰ ਸਾਬ' ਕਹਿ ਕੇ ਸੰਬੋਧਨ ਹੁੰਦੇ। ਕੁਝ ਲੋਕ ਅਰਵਿੰਦ ਨੂੰ ਵੀ ਡਾਕਟਰ ਸਾਬ ਹੀ ਕਹਿ ਰਹੇ ਸਨ। ਸੈਮੀਨਾਰ ਸ਼ੁਰੂ ਹੋਇਆ। ਦੋ ਪੇਪਰ ਪੜ੍ਹ ਕੇ ਬ੍ਰੇਕ ਹੋ ਗਈ। ਫਿਰ ਦੋ ਪੇਪਰ ਹੋਰ ਪੜ੍ਹੇ ਗਏ। ਮੰਨਤ ਨੇ ਆਪਣਾ ਪੇਪਰ ਲੈਪਟੌਪ ਤੋਂ ਹੀ ਪੜ੍ਹਿਆ। ਸਾਰੇ ਹੀ ਬੁਲਾਰੇ ਹਿੰਦੀ ਭਾਸ਼ਾ ਬਾਰੇ ਫਿਕਰਵੰਦ ਸਨ। ਅਰਵਿੰਦ ਸੋਚ ਰਿਹਾ ਸੀ ਕਿ ਹਿੰਦੀ ਹਿੰਦੁਸਤਾਨ ਦੀ ਰਾਸ਼ਟਰ ਭਾਸ਼ਾ ਹੈ ਤੇ ਇਸ ਨੂੰ ਕੀ ਖਤਰਾ ਹੋਵੇਗਾ ਪਰ ਉਹਨਾਂ ਦੀਆਂ ਗੱਲਾਂ ਸੁਣ ਕੇ ਲੱਗਦਾ ਸੀ ਕਿ ਹਿੰਦੀ ਜਿਵੇਂ ਘੱਟ-ਗਿਣਤੀ ਦੇ ਲੋਕਾਂ ਦੀ ਜ਼ੁਬਾਨ ਹੀ ਹੋਵੇ। ਇਹਨਾਂ ਪਰਚਿਆਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਲੋਕਾਂ ਨੇ ਆਪੋ-ਆਪਣੇ ਵਿਚਾਰ ਰੱਖੇ। ਮੰਨਤ ਨੇ ਇਕ ਪਰਚੀ ਅਰਵਿੰਦ ਤੱਕ ਵੀ ਪੁੱਜਦੀ ਕੀਤੀ ਕਿ ਜੇ ਉਹ ਕੁਝ ਬੋਲਣਾ ਚਾਹੇ ਪਰ ਉਸ ਨੇ ਨਾਂਹ ਕਰ ਦਿੱਤੀ ਕਿਉਂਕਿ ਉਸ ਕੋਲ ਕੁਝ ਕਹਿਣ ਲਈ ਹੈ ਹੀ ਨਹੀਂ ਸੀ। ਉਸ ਨੂੰ ਇਸ ਵਿਸ਼ੇ ਦੀ ਬਹੁਤੀ ਸਮਝ ਨਹੀਂ ਸੀ। ਉਸ ਨੂੰ ਏਨਾ ਪਤਾ ਸੀ ਕਿ ਭਾਸ਼ਾ ਤਾਂ ਜੀਣ ਦੇ ਤਰੀਕੇ ਦਾ ਹਿੱਸਾ ਹੁੰਦੀ ਹੈ, ਸਮੇਂ ਦੇ ਨਾਲ ਨਾਲ ਇਹ ਬਦਲਦਾ ਰਹਿੰਦਾ ਹੈ। ਕੁਝ ਦੇਰ ਤਾਂ ਅਰਵਿੰਦ ਸਾਰੀਆਂ ਗੱਲਾਂ ਧਿਆਨ ਨਾਲ ਸੁਣਦਾ ਰਿਹਾ ਪਰ ਫਿਰ ਉਹ ਉਕਤਾਉਣ ਲੱਗਿਆ। ਮੰਨਤ ਚੋਰੀ ਅੱਖ ਨਾਲ ਉਸ ਵਲ ਦੇਖਦੀ ਜਾ ਰਹੀ ਸੀ। ਸੈਮੀਨਾਰ ਤੋਂ ਬਾਅਦ ਮੰਨਤ ਨੇ ਪੁੱਛਿਆ,

"ਅਰਵਿੰਦ ਜੀ, ਕਿਵੇਂ ਲੱਗਿਆ ਸੱਭ?"

"ਯੂ ਨੋਅ, ਮੇਰਾ ਸਬਜੈਕਟ ਨਾ ਹੋਣ ਕਰਕੇ ਮੇਰੇ ਲਈ ਬਹੁਤਾ ਦਿਲਚਸਪ ਨਹੀਂ ਸੀ। ...ਡਾਕਟਰ ਸਾਬ, ਤੁਸੀਂ ਤਾਂ ਬਹੁਤ ਵਧੀਆ ਸਪੀਕਰ ਓ!"

"ਦੇਖੋ ਅਰਵਿੰਦ ਜੀ, ਤੁਸੀਂ ਮੈਨੂੰ ਡਾਕਟਰ ਸਾਬ ਨਾ ਕਹੋ।"

"ਮੈਂ ਦੇਖਿਆ ਕਿ ਹਰ ਕੋਈ ਇਵੇਂ ਹੀ ਐਡਰਸ ਕਰਦਾ ਇਕ ਦੂਜੇ ਨੂੰ।"

"ਇਹ ਬਸ, ਯੂਨੀਵਰਸਿਟੀ ਦਾ ਕਲਚਰ ਹੀ ਏ ਪਰ ਮੈਂ ਚਾਹੁੰਨੀ ਵਾਂ ਕਿ ਯੂਨੀਵਰਸਟੀ ਤੋਂ ਬਾਹਰਲੇ ਦੋਸਤ ਮੈਨੂੰ ਡਾਕਟਰ ਨਾ ਕਹਿਣ।"

"ਯੂ ਨੋਅ, ਪੱਛਮ ਵਿਚ ਕੋਈ ਵੀ ਪੀ ਐਚ. ਡੀ. ਆਪਣੇ ਆਪ ਨੂੰ ਡਾਕਟਰ ਨਹੀਂ ਅਖਵਾਉਂਦਾ।"

"ਮੈਂ ਵੀ ਇਵੇਂ ਹੀ ਸੁਣਿਆਂ ਏ ਪਰ ਏਥੇ ਇਹ ਅਜਿਹਾ ਹੀ ਰਿਵਾਜ ਏ।"

ਸੈਮੀਨਾਰ ਤੋਂ ਬਾਅਦ ਉਥੇ ਹੀ ਖਾਣੇ ਦਾ ਵੀ ਇੰਤਜ਼ਾਮ ਸੀ। ਸਾਦਾ ਜਿਹਾ ਖਾਣਾ ਅਰਵਿੰਦ ਨੂੰ ਬਹੁਤ ਪਸੰਦ ਆਇਆ।

ਉਹ ਵਾਪਸ ਚਾਰ ਕੁ ਵਜੇ ਹੋਟਲ ਵਿਚ ਪੁੱਜੇ। ਮੰਨਤ ਅਰਵਿੰਦ ਦੇ ਸਾਥ ਵਿਚ ਬਹੁਤ ਖੁਸ਼ ਸੀ। ਉਹ ਆਪਣੇ ਕਮਰੇ ਵਲ ਨੂੰ ਤੁਰਦੀ ਬੋਲੀ,

"ਅਰਵਿੰਦ ਜੀ, ਸ਼ਾਮ ਨੂੰ ਮਿਲਦੇ ਆਂ, ਜ਼ਰਾ ਰੈੱਸਟ ਕਰਦੇ ਆਂ, ਮੈਂ ਕੱਲ ਦੀ ਵੀ ਥੋੜੀ ਤਿਆਰੀ ਕਰਨੀ ਏਂ। ਕੱਲ ਸਵੇਰੇ ਵੀ ਮੇਰਾ ਇਕ ਪੇਪਰ ਏ।"

ਮੰਨਤ ਨੇ ਕਮਰੇ ਵਿਚ ਆ ਕੇ ਸ਼ਾਵਰ ਲੈ ਕੇ ਕਪੜੇ ਬਦਲੇ ਤੇ ਲੈਪਟੌਪ ਖੋਹਲ ਕੇ ਬਹਿ ਗਈ। ਉਹ ਪੂਰੀ ਸ਼ਾਮ ਅਰਵਿੰਦ ਨਾਲ ਬਿਤਾਉਣ ਦੇ ਲਾਲਚ ਵਿਚ ਆਪਣਾ ਰਹਿੰਦਾ ਕੰਮ ਜਲਦੀ ਖਤਮ ਕਰ ਲੈਣਾ ਚਾਹੁੰਦੀ ਸੀ। ਉਸ ਨੂੰ ਅਰਵਿੰਦ ਤੋਂ ਇਕ ਵਿਸ਼ੇਸ਼ ਕਿਸਮ ਦੀ ਖੁਸ਼ਬੂ ਜਿਹੀ ਆ ਰਹੀ ਸੀ ਜਿਹੜੀ ਕਿਸੇ ਹੋਰ ਮਰਦ ਵਿਚ ਘੱਟ ਹੀ ਮਿਲਦੀ ਸੀ।

ਅਰਵਿੰਦ ਵੀ ਆਪਣੇ ਕਮਰੇ ਵਿਚ ਆਉਂਦਾ ਹੀ ਸ਼ੌਵਰ ਲੈਣ ਲੱਗਿਆ। ਧੁੱਪ ਤੇ ਗਰਮ ਹਵਾ ਨੇ ਜਿਵੇਂ ਉਸ ਦਾ ਸਰੀਰ ਜਾਲ ਸੁੱਟਿਆ ਹੋਵੇ ਪਰ ਮੰਨਤ ਦੇ ਸਾਥ ਵਿਚ ਉਹ ਖੁਸ਼ ਸੀ। ਸ਼ੌਵਰ ਲੈ ਕੇ ਉਹ ਬਲਕਾਰ ਨੂੰ ਫੋਨ ਕਰਨ ਲੱਗਿਆ। ਉਸ ਨੇ ਆਖਿਆ,

"ਕਦੋਂ ਆਏਗਾ ਬਈ ਤੇਰਾ ਡਰਈਵਰ?"

"ਭਾਜੀ, ਟੈਕਸੀ ਵਾਲਾ ਕੱਲ ਸਵੇਰੇ ਤੱਕ ਤੁਹਾਡੇ ਕੋਲ ਪੁੱਜ ਜਾਏਗਾ, ਗੁਪਾਲਾ ਨਾਂ ਹੈ ਉਹਦਾ, ਕੁਝ ਹੋਰ ਤਾਂ ਨਹੀਂ ਚਾਹੀਦਾ?"

"ਯੂ ਨੋਅ, ਇਕ ਸਿੱਮ ਕਾਰਡ ਭੇਜ ਦੇ, ਮੈਂ ਏਹਦੇ ਬਿਨਾਂ ਬਹੁਤ ਔਖਾਂ।"

"ਕੋਈ ਗੱਲ ਨਹੀਂ, ਮੈਂ ਭੇਜ ਦੇਵਾਂਗਾ। ਮੈਂ ਵਾਧੂ ਰੱਖੇ ਹੋਏ ਆ।"

ਅਰਵਿੰਦ ਖੁਸ਼ ਹੋ ਗਿਆ ਕਿ ਚਲੋ ਸਿੱਮ ਵਾਲਾ ਜੱਭ ਤਾਂ ਮੁੱਕਿਆ। ਉਸ ਨੇ ਟੈਲੀ ਲਾ ਲਿਆ। ਖ਼ਬਰਾਂ ਚੱਲ ਰਹੀਆਂ ਸਨ। ਉਹੀ ਭਾਰਤੀ ਚੈਨਲਾਂ ਵਾਲੀਆਂ ਖ਼ਬਰਾਂ। ਕਤਲ ਦੀ ਖ਼ਬਰ ਨੂੰ ਏਨੇ ਜ਼ੋਰ ਨਾਲ ਤੇ ਤੁਹਾਡੇ ਵਲ ਉਂਗਲ ਕਰਦੇ ਇਵੇਂ ਸੁਣਾ ਰਹੇ ਸਨ ਜਿਵੇਂ ਕਤਲ ਤੁਸੀਂ ਹੀ ਕੀਤਾ ਹੋਵੇ। ਇਕੋ ਖ਼ਬਰ ਨੂੰ ਏਨੀ ਵਾਰ ਦੁਹਰਾ ਰਹੇ ਸਨ ਕਿ ਦਰਸ਼ਕ ਉਕਤਾ ਕੇ ਚੈਨਲ ਬਦਲ ਲੈਂਦੇ। ਇਵੇਂ ਹੀ ਉਸ ਨੇ ਕੀਤਾ। ਕਈ ਚੈਨਲ ਬਦਲ ਕੇ ਉਸ ਨੇ ਕੋਈ ਪੁਰਾਣੀ ਜਿਹੀ ਫਿਲਮ ਚਲਦੀ ਰਹਿਣ ਦਿਤੀ। ਉਸ ਦਾ ਵਕਤ ਪਾਸ ਹੋਣਾ ਮੁਸ਼ਕਲ ਹੋ ਰਿਹਾ ਸੀ। ਮੰਨਤ ਦੇ ਥੋੜੇ ਜਿਹੇ ਸਾਥ ਨੇ ਉਸ ਅੰਦਰ ਕਈ ਖਾਹਸ਼ਾਂ ਜਗਾ ਦਿਤੀਆਂ ਸਨ। ਉਹ ਉਸ ਦੀ ਸ਼ਖਸੀਅਤ ਦੇ ਨਾਲ ਨਾਲ ਉਸ ਦੇ ਔਰਤਪਨ ਵਲ ਵੀ ਖਿਚਿਆ ਜਾ ਰਿਹਾ ਸੀ। ਸਾਢੇ ਕੁ ਛੇ ਵਜੇ ਮੰਨਤ ਦਾ ਫੋਨ ਆ ਗਿਆ। ਕਹਿਣ ਲੱਗੀ,

"ਏਹਨਾਂ ਦਾ ਫੋਨ ਆਇਆ ਸੀ, ਮੈਂ ਦੱਸਿਆ ਸੀ ਤੁਹਾਡੇ ਬਾਰੇ, ਬਹੁਤ ਖੁਸ਼ ਹੋਏ, ਕਹਿੰਦੇ ਕਿ ਪਟਿਆਲੇ ਜ਼ਰੂਰ ਆਉਣ, ਹੋਰਨਾਂ ਦੋਸਤਾਂ ਨੂੰ ਵੀ ਮਿਲਾਉਣਗੇ।"

"ਯੂ ਨੋਅ, ਹਾਲੇ ਤਾਂ ਮੈਨੂੰ ਆਪਣੇ ਕਿਸੇ ਪ੍ਰੋਗਰਾਮ ਦਾ ਪਤਾ ਹੀ ਨਹੀਂ।"

"ਜੇ ਤੁਹਾਡੇ ਕੋਲ ਇਕ ਮਹੀਨਾ ਹੈ ਤਾਂ ਇਹ ਕਾਫੀ ਏ, ਬਹੁਤ ਲੋਕ ਮਿਲ ਪੈਣਗੇ।"

"ਚਲੋ, ਦੇਖਦੇ ਹਾਂ। ...ਤੁਹਾਡਾ ਕੀ ਪ੍ਰੋਗਰਾਮ ਏ?"

"ਮੈਂ ਕੱਲ ਦੇ ਸੈਮੀਨਾਰ ਦੀ ਤਿਆਰੀ ਕਰ ਰਹੀ ਆਂ।"

"ਆ ਜਾਓ ਮੇਰੇ ਕਮਰੇ ਵਿਚ, ਗੱਲਾਂ ਕਰਦੇ ਆਂ।"

ਅਰਵਿੰਦ ਨੇ ਕਿਸੇ ਵਲ਼ ਬਿਨਾਂ ਸਿਧੇ ਹੀ ਕਿਹਾ। ਮੰਨਤ ਨੂੰ ਉਸ ਦਾ ਇਹ ਅੰਦਾਜ਼ ਚੰਗਾ ਲੱਗਿਆ। ਉਹ ਪਲ ਕੁ ਲਈ ਚੁੱਪ ਰਹਿ ਕੇ ਬੋਲੀ,

"ਦੇਖਦੀ ਹਾਂ, ਕੁਝ ਕੁ ਹੋਰ ਕੰਮ ਕਰਕੇ।"

ਸਾਢੇ ਕੁ ਸੱਤ ਵਜੇ ਅਰਵਿੰਦ ਦੇ ਕਮਰੇ ਦੇ ਬੂਹੇ 'ਤੇ ਦਸਤਕ ਹੋਈ। ਅਰਵਿੰਦ ਭੱਜ ਕੇ ਬੂਹਾ ਖੋਹਲਿਆ। ਮੰਨਤ ਖੜੀ ਮੁਸਕ੍ਰਾ ਰਹੀ ਸੀ। ਅਰਵਿੰਦ ਨੇ ਜ਼ਰਾ ਜਿਹਾ ਸਿਰ ਝੁਕਾ ਕੇ ਉਸ ਦਾ ਸਵਾਗਤ ਕੀਤਾ। ਉਹ ਅੰਦਰ ਆ ਕੇ ਸੋਫੇ 'ਤੇ ਬੈਠ ਗਈ। ਉਸ ਨੇ ਪੈਰਾਂ ਤਕ ਲੰਮੀ ਡਰੈੱਸ ਪਾਈ ਹੋਈ ਸੀ ਤੇ ਵਾਲ ਫਿਰ ਖੁਲ੍ਹੇ ਛੱਡੇ ਹੋਏ ਸਨ। ਹਲਕੇ ਜਿਹੇ ਮੇਕਅੱਪ ਵਿਚ ਪਿਆਰੀ ਲੱਗ ਰਹੀ ਸੀ। ਅਰਵਿੰਦ ਨੇ ਕਿਹਾ,

"ਜੱਚ ਰਹੇ ਹੋ ਮੰਨਤ ਜੀ!"

"ਥੈਂਕਸ!"

"ਕਿਵੇਂ ਚੱਲ ਰਹੀ ਐ ਤਿਆਰੀ?"

"ਠੀਕ ਏ, ਮੈਂ ਇੰਟਰਨੈੱਟ ਖੋਹਲੀ ਬੈਠੀ ਸਾਂ, ਦੇਖ ਰਹੀ ਸਾਂ ਕਿ ਅੰਗਰੇਜ਼ੀ ਦੀ ਮਾਰ ਦੀ ਜ਼ੱਦ ਵਿਚ ਆਈਆਂ ਹੋਰਨਾਂ ਬੋਲੀਆਂ ਵਾਲੇ ਕੀ ਪ੍ਰਤੀਕਿਰਿਆ ਦਿਖਾ ਰਹੇ ਨੇ। ਤੁਹਾਡੇ ਯੌਰਪ ਦੀਆਂ ਹੀ ਕਈ ਬੋਲੀਆਂ ਖਤਰੇ ਵਿਚ ਨੇ। ਆਇਰਲੈਂਡ ਦੀ ਗੇਅਲਿਕ ਤੇ ਵੇਲਜ਼ ਦੀ ਵੈਲਸ਼ ਬੋਲੀਆਂ ਤਾਂ ਇਸ ਨੇ ਬਿਲਕੁਲ ਹੀ ਡੀਕ ਲਈਆਂ!"

"ਯੂ ਨੋਅ ਮੰਨਤ ਜੀ, ਮੇਰਾ ਇਹ ਸਬਜੈਕਟ ਨਹੀਂ ਇਸ ਲਈ ਮੈਨੂੰ ਇਹਦੇ ਬਾਰੇ ਬਹੁਤਾ ਨਹੀਂ ਪਤਾ। ਮੈਂ ਨੈੱਟ ਉਪਰ ਹੀ ਕਿਸੇ ਅਖਬ਼ਾਰ ਵਿਚ ਪੜ੍ਹਿਆ ਹੋਇਐ ਕਿ ਪੰਜਾਬੀ ਜ਼ੁਬਾਨ ਖਤਰੇ ਵਿਚ ਐ ਪਰ ਹੁਣ ਤੁਸੀਂ ਹਿੰਦੀ ਦਾ ਵੀ ਰੌਲ਼ਾ ਪਾਈ ਜਾਂਦੇ ਓ।"

"ਇਹ ਬਹੁਤ ਅਹਿਮ ਸਬਜੈਕਟ ਏ ਅਰਵਿੰਦ ਜੀ, ਜ਼ੁਬਾਨਾਂ ਦਾ ਫਿਕਰ ਤਾਂ ਬਹੁਤ ਵੱਡੀ ਖ਼ਬਰ ਏ।"

ਅਰਵਿੰਦ ਨੂੰ ਇਹ ਗੱਲਾਂ ਫਜ਼ੂਲ ਜਾਪ ਰਹੀਆਂ ਸਨ। ਉਸ ਨੇ ਆਖਿਆ,

"ਮੰਨਤ ਜੀ, ਇਹ ਗੱਲਾਂ ਤਾਂ ਹੁੰਦੀਆਂ ਰਹਿਣਗੀਆਂ, ਤੁਸੀਂ ਦੱਸੋ ਕੀ ਪੀਣਾ ਚਾਹੋਂਗੇ?"

"ਕੁਝ ਨਹੀਂ।"

"ਕੁਝ ਨਹੀਂ ਤਾਂ ਇਕ ਵਿਸਕੀ ਦਾ ਨਾਂ ਐ!"

ਆਖ ਕੇ ਅਰਵਿੰਦ ਹੱਸਿਆ। ਉਹ ਵੀ ਹੱਸਦੀ ਬੋਲੀ,

"ਵਿਸਕੀ ਆਦਿ ਤਾਂ ਮੈਂ ਕਦੇ ਟੱਚ ਵੀ ਨਹੀਂ ਕੀਤੀ।"

"ਮੇਰੇ ਕੋਲ ਵਾਈਨ ਵੀ ਏ ਜੇ ਪੀ ਲੈਂਦੇ ਓ, ਨਹੀਂ ਤਾਂ ਮੇਰੇ ਕੋਲ ਇਕ ਹੋਰ ਬਹੁਤ ਵਧੀਆ ਡਰਿੰਕ ਏ, ਮੈਲਬੂ! ...ਕੋਕੋਨਟ ਦੀ ਡਰਿੰਕ ਐ, ਪੀਓਂਗੇ ਤਾਂ ਯਾਦ ਕਰੋਂਗੇ।"

"ਅਰਵਿੰਦ ਜੀ, ਮੈਂ ਦੋ ਕੁ ਵਾਰ ਦੋਸਤਾਂ ਨਾਲ ਵੋਦਕਾ ਪੀਤਾ ਏ ਉਹ ਵੀ ਸਿਰਫ ਇਕ ਡਰਿੰਕ।"

ਮੰਨਤ ਬੋਲੀ। ਉਸ ਨੇ ਵਾਈਨ ਕਈ ਵਾਰ ਪੀਤੀ ਹੋਈ ਸੀ ਪਰ ਵਾਈਨ ਵਿਸਕੀ ਨਾਲੋਂ ਮਹਿੰਗੀ ਹੋਣ ਕਰਕੇ ਇਸ ਤੋਂ ਬਚਦੀ ਸੀ। ਕਦੇ ਕਦੇ ਜਿੰਨ ਪੀ ਲਿਆ ਕਰਦੀ ਸੀ। ਉਸ ਦਾ ਦਿਲ ਤਾਂ ਵਾਈਨ ਪੀਣ ਨੂੰ ਕਰਦਾ ਸੀ ਪਰ ਉਹ ਆਪਣੀ ਇਸ ਖਾਹਸ਼ ਦਾ ਇਜ਼ਹਾਰ ਨਹੀਂ ਸੀ ਕਰਨਾ ਚਾਹੁੰਦੀ। ਉਸ ਨੇ ਇਹ ਗੱਲ ਅਰਵਿੰਦ ਉਪਰ ਛੱਡ ਦਿਤੀ।

ਅਰਵਿੰਦ ਨੇ ਬਹਿਰੇ ਨੂੰ ਬੁਲਾ ਕੇ ਕੁਝ ਖਾਣ ਲਈ, ਬਰਫ ਤੇ ਔਰੇਂਜ ਜੂਸ ਆਡਰ ਕਰ ਦਿੱਤੇ। ਉਹ ਕੁਝ ਮਿੰਟਾਂ ਵਿਚ ਹੀ ਲੈ ਆਇਆ। ਅਰਵਿੰਦ ਨੇ ਮੈਲਬੂ ਤੇ ਔਰੇਂਜ ਜੂਸ ਨਾਲ ਮੰਨਤ ਲਈ ਪੈੱਗ ਬਣਾਇਆ ਤੇ ਵਿਸਕੀ-ਪਾਣੀ ਦਾ ਆਪਣੇ ਲਈ। ਉਸ ਨੇ ਚੀਅਰਜ਼ ਕਰ ਕੇ ਇਕ ਘੁੱਟ ਭਰਿਆ ਤੇ ਸੁਆਦ ਪਰਖਦੀ ਬੋਲੀ,

"ਨਹੀਂ, ਮੈਂ ਕਦੇ ਨਹੀਂ ਪੀਤੀ ਇਹ ਡਰਿੰਕ।"

"ਯੂ ਨੋਅ, ਕੋਕੋਨੱਟ ਦੀ ਬਣੀ ਸਪੈਸ਼ਲ ਡਰਿੰਕ ਐ।"

ਅਰਵਿੰਦ ਦੇ ਕਹਿਣ 'ਤੇ ਉਹ ਮੈਲਬੂ ਦੀ ਬੋਤਲ ਚੁੱਕ ਕੇ ਉਸ ਉਪਰ ਲਿਖਿਆ ਪੜ੍ਹਣ ਲੱਗੀ। ਕੁਝ ਦੇਰ ਬਾਅਦ ਬੋਤਲ ਇਕ ਪਾਸੇ ਰੱਖਦੀ ਨੇ ਕਿਹਾ,

"ਅਰਵਿੰਦ ਜੀ, ਮੈਂ ਇਕ ਭਾਰਤੀ ਪਤਨੀ ਵੀ ਹਾਂ ਤੇ ਮਾਂ ਵੀ, ਬਹੁਤ ਧਿਆਨ ਨਾਲ ਚੱਲਣਾ ਪੈਂਦਾ ਏ। ਕਦੇ ਕਦੇ ਕਿਸੇ ਪਾਰਟੀ ਵਿਚ ਇਕ-ਅੱਧ ਡਰਿੰਕ ਲੈ ਲਈ ਤਾਂ ਲੈ ਲਈ।"

"ਤੁਹਾਡੇ ਪਤੀ ਤਾਂ ਪੀ ਲੈਂਦੇ ਹੋਣਗੇ?"

"ਹਾਂ, ਡਾਕਟਰ ਸਾਬ ਤਾਂ ਪੀ ਲੈਂਦੇ ਨੇ ਪਰ ਬੱਚਿਆਂ ਸਾਹਮਣੇ ਉਹ ਵੀ ਘੱਟ ਹੀ ਪੀਂਦੇ ਨੇ। ਸਾਡੀ ਸੁਸਾਇਟੀ ਤੁਹਾਡੀ ਸੁਸਾਇਟੀ ਵਾਂਗ ਖੁਲ੍ਹੀ ਨਹੀਂ ਏ।"

"ਸਾਡੀ ਕੋਈ ਅਲੱਗ ਸੁਸਾਇਟੀ ਨਹੀਂ ਐ ਮੈਡਮ, ਅਸੀਂ ਬੰਦੇ ਤਾਂ ਉਹੀ ਆਂ। ਹਾਲੇ ਅਸੀਂ ਉਸ ਸਮਾਜ ਨਾਲ ਇਕ-ਮਿਕ ਨਹੀਂ ਹੋਏ।"

"ਫਿਰ ਵੀ, ਤੁਹਾਡੇ ਤਾਂ ਔਰਤਾਂ-ਮਰਦ ਸਭ ਡਰਿੰਕ ਕਰਦੇ ਹੋਣਗੇ?"

"ਨਹੀਂ, ਸਭ ਨਹੀਂ ਕਰਦੇ। ਕੋਈ ਕੋਈ ਔਰਤ ਕਰ ਲੈਂਦੀ ਐ। ਹੁਣ ਮੇਰੀ ਰਿਸ਼ਤੇਦਾਰੀ ਵਿਚ ਕੋਈ ਵੀ ਔਰਤ ਡਰਿੰਕ ਨਹੀਂ ਕਰਦੀ, ਹਾਂ, ਮਰਦ ਸਾਰੇ ਕਰਦੇ ਆ। ਅਗਲੀ ਪੀੜ੍ਹੀ ਸਾਡੇ ਤੋਂ ਅਲੱਗ ਐ।"

"ਗੋਰਿਆਂ ਦੇ ਸਮਾਜ ਵਿਚ ਤਾਂ ਔਰਤਾਂ-ਮਰਦ ਰਲ਼ ਕੇ ਪੀਂਦੇ ਨੇ।"

“ਯੂ ਨੋਅ, ਡਰਿੰਕ ਪੀਣਾ ਜਾਂ ਪੱਬਾਂ ਵਿਚ ਜਾਣਾ ਉਹਨਾਂ ਦਾ ਵੇਅ ਔਫ ਲਾਈਫ ਐ ਪਰ ਪੰਜਾਬੀਆਂ ਵਾਂਗ ਸ਼ਰਾਬੀ ਹੋਣ ਲਈ ਜਾਂ ਡਿਗਣ ਲਈ ਉਹ ਨਹੀਂ ਪੀਂਦੇ।”

“ਤੁਸੀਂ ਆਖਦੇ ਹੋ ਕਿ ਤੁਸੀਂ ਗੋਰਿਆਂ ਵਿਚ ਹੀ ਕੰਮ ਕਰਦੇ ਹੋ, ਉਥੇ ਕਿਵੇਂ...?”

“ਮੇਰੇ ਕੰਮ ‘ਤੇ ਤਾਂ ਸਾਡੀਆਂ ਪਾਰਟੀਆਂ ਚਲਦੀਆਂ ਰਹਿੰਦੀਆਂ, ਔਰਤ-ਮਰਦ ਰਲ਼ ਕੇ ਮਸਤੀ ਕਰਦੇ ਆ।”

“ਕੰਮ ਦੀ ਦੁਨੀਆਂ ਅਲੱਗ ਹੁੰਦੀ ਏ। ਕੰਮ ਤੇ ਘਰ ਵੱਖ ਵੱਖ ਹੁੰਦੇ ਨੇ ਤੇ ਹੋਣੇ ਵੀ ਚਾਹੀਦੇ ਨੇ। ਅਸੀਂ ਕਾਲਜ ਵਿਚ ਚਾਲੀ ਅਧਿਆਪਕ ਹਾਂ, ਸਾਡੀ ਇਕ ਵੱਖਰੀ ਲਾਈਫ ਏ, ਜਿਸ ਨੂੰ ਘਰ ਆ ਕੇ ਅਸੀਂ ਭੁੱਲ ਜਾਂਦੇ ਆਂ।”

“ਇਹ ਤਾਂ ਠੀਕ ਗੱਲ ਐ, ਕੰਮ ‘ਤੇ ਘਰ ਨੂੰ ਰੱਲ਼-ਗੱਡ ਕਰੋਂਗੇ ਤਾਂ ਗੜਬੜ ਹੋ ਜਾਵੇਗੀ।”

ਅਰਵਿੰਦ ਨੇ ਉਸ ਨਾਲ ਸਹਿਮਤ ਹੁੰਦਿਆਂ ਕਿਹਾ। ਮੰਨਤ ਨੂੰ ਡਰਿੰਕ ਸਵਾਦ ਲੱਗ ਰਹੀ ਸੀ। ਉਹ ਘੁੱਟ ਭਰਦੀ ਮੂੰਹ ਸੰਵਾਰਨ ਲੱਗਦੀ। ਅਰਵਿੰਦ ਨੇ ਉਸ ਲਈ ਇਕ ਹੋਰ ਪੈੱਗ ਬਣਾ ਦਿਤਾ। ਉਹ ਹੌਲੀ ਹੌਲੀ ਪੀਂਦੇ, ਗੱਲਾਂ ਕਰਦੇ ਰਹੇ। ਮੰਨਤ ਆਪਣੀਆਂ ਬੇਟੀਆਂ ਬਾਰੇ ਦੱਸਦੀ ਬਹੁਤ ਉਤਸ਼ਾਹਿਤ ਹੋ ਰਹੀ ਸੀ। ਉਹ ਨੇ ਆਖਿਆ,

“ਵੱਡੀ ਪਲੱਸ ਟੂ ਵਿਚ ਤੇ ਛੋਟੀ ਦਸਵੀਂ ਵਿਚ ਏ। ਦੋਨੋਂ ਹੀ ਬਹੁਤ ਹੁਸ਼ਿਆਰ ਤੇ ਸਪ੍ਰੋਟੀ ਗ੍ਰਲਜ਼ ਨੇ। ਜ਼ਿਮੇਵਾਰ ਵੀ ਬਹੁਤ ਨੇ। ਮੈਂ ਫਿਕਰ ਕਰਾਂ ਤਾਂ ਕਹਿ ਦੇਂਦੀਆਂ ਨੇ ਕਿ ਮਾਮਾਂ ਜਾਓ, ਸਾਡੀ ਵੱਰੀ ਨਾ ਕਰੋ। ਸਾਡੇ ਕੋਲ ਭੂਆ ਜੀ ਹੈਗੇ ਹੀ ਨੇ। ਡਾਕਟਰ ਸਾਹਿਬ ਦੀ ਇਕ ਵਿਧਵਾ ਭੂਆ ਸਾਡੇ ਕੋਲ ਰਹਿੰਦੀ ਏ, ਸਾਨੂੰ ਉਹਦਾ ਬਹੁਤ ਫਾਇਦਾ ਏ। ਉਹਦੇ ਸਿਰ ‘ਤੇ ਅਸੀਂ ਬੇਫਿਕਰ ਰਹਿੰਨੇ ਆਂ।”

ਗੱਲਾਂ ਕਰਦੇ ਉਹ ਕਾਫੀ ਖੁਲ੍ਹ ਚੁੱਕੇ ਸਨ। ਮੰਨਤ ਦਾ ਪਤੀ ਜ਼ਿਆਦਾਤਰ ਪਟਿਆਲੇ ਹੀ ਰਹਿੰਦਾ ਸੀ। ਉਹ ਸਪਤਾਹ-ਅੰਤ ‘ਤੇ ਹੀ ਲੁਧਿਆਣੇ ਆਉਂਦਾ। ਉਹਨਾਂ ਨੇ ਖਾਣਾ ਕਮਰੇ ਵਿਚ ਹੀ ਮੰਗਵਾ ਲਿਆ। ਜਦ ਮੰਨਤ ਉਠ ਕੇ ਜਾਣ ਲੱਗੀ ਤਾਂ ਅਰਵਿੰਦ ਨੇ ਉਸ ਦੀ ਬਾਂਹ ਫੜ ਲਈ ਤੇ ਬੋਲਿਆ,

“ਯੂ ਨੋਅ, ਇਥੇ ਹੀ ਰਹਿ ਲਓ।”

ਮੰਨਤ ਨੇ ਉਸ ਦਾ ਹੱਥ ਝਟਕ ਕੇ ਔਹ ਮਾਰਿਆ ਤੇ ਬੋਲੀ,

“ਅਰਵਿੰਦ ਜੀ, ਮੈਂ ਟੇਡੀ ਖੀਰ...!”

## ਚਾਰ

ਆਦਤ ਮੁਜਬ ਜਲਦੀ ਉਹ ਉਠਿਆ ਤੇ ਸ਼ਾਵਰ ਲੈ ਕੇ ਲੈਪਟੌਪ ਖੋਹਲ ਲਿਆ। ਈਮੇਲ ਦੇਖੀਆਂ। ਜਵਾਬ ਦੇਣ ਵਾਲੀਆਂ ਦੇ ਜਵਾਬ ਦਿੱਤੇ। ਟਵਿੱਟਰ ਤੇ ਗੇੜਾ ਮਾਰਿਆ। ਫੇਸਬੁੱਕ ‘ਤੇ ਸਟੇਸਟ ਅੱਪਡੇਟ ਕੀਤਾ। ਆਪਣੇ ਗਰੁੱਪ ਇੰਡੀਆ ਅਬ੍ਰੌਡ’ ਖੋਹਲਿਆ। ਕੁਝ ਮੈਂਬਰ ਬਣਨ ਦੀਆਂ ਬੇਨਤੀਆਂ ਆਈਆਂ ਹੋਈਆਂ ਸਨ, ਉਹਨਾਂ ਵਿਚੋਂ ਜਿਹੜੀਆਂ ਮਨਜੂਰ ਕਰਨ ਵਾਲੀਆਂ ਸਨ, ਕੀਤੀਆਂ ਤੇ ਬਾਕੀ ‘ਇਗਨੋਅਰ’ ਕਰ ਦਿਤੀਆਂ। ‘ਖੁੰਡ ਚਰਚਾ’ ਦੇ ਲਤੀਫੇ ਪੜ੍ਹੇ। ਉਹਨਾਂ ਨੂੰ ਲਾਈਕ ਕੀਤਾ ਇਕ-ਦੋ ‘ਤੇ ਕੁਮਿੰਟ ਵੀ ਦਿਤੇ। ਫਿਰ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਅਖ਼ਬਾਰਾਂ ਦੀਆਂ ਸੁਰਖੀਆਂ ਵੀ ਦੇਖ ਲਈਆਂ। ਇਹਨਾਂ ਸਭ ਤੋਂ ਵਿਹਲਾ ਹੋ ਕੇ ਉਹ ਸੋਚਣ ਲੱਗਿਆ ਕਿ ਅੱਜ ਕੀ ਕੀਤਾ ਜਾਵੇ। ਕੱਲ ਦੇ ਦਿਨ ਭਾਵੇਂ ਯੂਨੀਵਰਸਟੀ ਜਾ ਕੇ ਕੁਝ ਨਵੀਆਂ ਚੀਜ਼ਾਂ ਦਾ ਪਤਾ ਤਾਂ ਚੱਲਿਆ ਪਰ ਉਸ ਸਭ ਵਿਚ ਉਸ ਦਾ ਮਨ ਨਹੀਂ ਸੀ ਖੁੱਭ ਸਕਿਆ। ਕੱਲ ਭਾਵੇਂ ਮੰਨਤ ਦੇ ਸਾਥ ਵਿਚ ਉਹ ਖੁਸ਼ ਸੀ ਪਰ ਜਿਵੇਂ ਰਾਤੀਂ ਮੰਨਤ ਉਸ ਦਾ ਹੱਥ ਝਟਕਦੀ ਚਲੇ ਗਈ ਸੀ, ਉਸ ਦਾ ਮਨ ਜ਼ਰਾ ਕੁ ਬੁਝ ਜਿਹਾ ਗਿਆ ਸੀ। ਉਹ ਇਸ ‘ਟੇਡੀ ਖੀਰ’ ਉਪਰ ਹੋਰ ਵਕਤ ਨਹੀਂ ਸੀ ਖਰਾਬ ਕਰਨਾ ਚਾਹੁੰਦਾ। ਉਹ ਸੋਚਣ ਲੱਗਿਆ ਕਿ ਜਿਵੇਂ ਉਹ ਚਾਂਦਨੀ ਚੌਂਕ ਗਿਆ ਸੀ ਇਵੇਂ ਹੀ ਅੱਜ ਕਨਾਟ ਪਲੇਸ ਦਾ ਚੱਕਰ ਮਾਰ ਕੇ ਆਵੇ। ਉਸ ਨੇ ਮਨ ਹੀ ਮਨ ਤੈਅ ਕਰ ਲਿਆ ਕਿ ਜੇ ਪਿੰਡੋਂ ਕਾਰ ਆ ਗਈ ਤਾਂ ਉਸ ਵਿਚ ਜਾਵੇਗਾ ਨਹੀਂ ਤਾਂ ਔਟੋ ਫੜ ਕੇ ਦਸ ਕੁ ਵਜੇ ਨਿਕਲ ਜਾਵੇਗਾ। ਉਥੇ ਘੁੰਮੇਂਗਾ, ਦੁਪਿਹਰਾ ਕਿਸੇ ਰੈਸਟੋਰੈਂਟ ਵਿਚ ਬਿਤਾਏਗਾ। ਫਿਰ ਉਹ ਸੋਚਣ ਲੱਗਿਆ ਕਿ ਦਿੱਲੀ ਵਿਚ ਦੇਖਣ ਵਾਲੀਆਂ ਹੋਰ ਕਿਹੜੀਆਂ ਕਿਹੜੀਆਂ ਜਗਾਵਾਂ ਹਨ। ਅੱਪੂ-ਘਰ ਜਿਹੀਆਂ ਫਜ਼ੂਲ ਚੀਜ਼ਾਂ ਤਾਂ ਉਸ ਨੇ ਦੇਖਣੀਆਂ ਨਹੀਂ ਤੇ ਨਾ ਹੀ ਲਾਲ ਕਿਲ੍ਹੇ ਵਰਗੀਆਂ ਬੇਜਾਨ ਇਮਾਰਤਾਂ। ਵੀਹ ਸਾਲ ਪਹਿਲਾਂ ਥੋੜੀ ਜਿਹੀ ਦੇਖੀ ਦਿੱਲੀ ਨੂੰ ਚੇਤੇ ਵਿਚੋਂ ਖਿੱਚਣ ਲੱਗਿਆ; ਕਨਾਟ ਪਲੇਸ, ਪਾਲਕਾ ਬਜ਼ਾਰ ਤੋਂ ਬਾਅਦ ਰਾਜ ਘਾਟ, ਇੰਡੀਆ ਗੇਟ, ਰਾਸ਼ਟਰਪਤੀ ਭਵਨ, ਪਾਰਲੀਮੈਂਟ ਹਾਊਸ। ਬੰਗਾਲੀ ਮਾਰਕਿਟ ਦੇ ਖਾਣੇ ਹਾਲੇ ਵੀ ਉਸ ਨੂੰ ਯਾਦ ਸਨ। ਇਕ ਇਹ ਵੀ ਖਿਆਲ ਸੀ ਕਿ ਦਿੱਲੀ ਦੀ ਕਿਸੇ ਨਾਈਟ-ਕਲੱਬ ਜਾਂ ਡਿਸਕੋ ਵਰਗੀ ਜਗਾਹ ‘ਤੇ ਜਾ ਕੇ ਦੇਖੇ। ਤੇ ਦੇਖੇ ਤਾਂ ਸਹੀ ਕਿ ਲੰਡਨ ਨਾਲੋਂ ਇਥੇ ਕੀ ਫਰਕ ਹੈ। ਜਵਾਨੀ ਵੇਲੇ ਉਹ ਹਰ ਸ਼ਨਿਚਰਵਾਰ ਡਿਸਕੋ ਵਿਚ ਹੀ ਗੁਜ਼ਾਰਿਆ ਕਰਦਾ ਸੀ। ਹਾਲੇ ਵੀ ਕਦੇ ਮੌਕਾ ਮਿਲੇ ਤਾਂ ਚਲੇ ਜਾਇਆ ਕਰਦਾ ਸੀ। ਉਸ ਨੂੰ ਉਸ ਦਿਨ ਵਾਲੇ ਡਰਾਈਵਰ ਸ਼ਿੰਦੇ ਦਾ ਖਿਆਲ ਆਇਆ। ਉਹ ਉਸ ਨੂੰ ਦਿੱਲੀ ਬਿਹਤਰ ਦਿਖਾ ਸਕਦਾ ਸੀ। ਉਸ ਕੋਲ ਸ਼ਿੰਦੇ ਦਾ ਨੰਬਰ ਤਾਂ ਹੈ ਹੀ ਸੀ, ਜੇ ਪਿੰਡੋਂ ਡਰਾਈਵਰ ਨਾ ਆਇਆ ਤਾਂ ਉਹ ਸ਼ਿੰਦੇ ਨੂੰ ਫੋਨ ਕਰ ਲਵੇਗਾ। ਸੋਚਦਿਆਂ ਸੋਚਦਿਆਂ ਉਸ ਨੂੰ ਮੰਨਤ ਦਾ ਖਿਆਲ ਆ ਗਿਆ। ਜੋ ਵੀ ਸੀ, ਮੰਨਤ ਉਸ ਨੂੰ ਬਹੁਤ ਚੰਗੀ ਲੱਗੀ ਸੀ। ਉਸ ਦਾ ਦਿਲ ਕੀਤਾ ਕਿ ਮੰਨਤ ਨੂੰ ਫੋਨ ਕਰ ਕੇ ਦੇਖੇ ਕਿ ਕੀ ਕਰ ਰਹੀ ਸੀ ਪਰ ਉਸੇ ਵੇਲੇ ਹੀ ਉਸ ਨੂੰ ਬਾਂਹ ਝਟਕਦੀ ਮੰਨਤ ਦਿਸਣ ਲੱਗੀ। ਹੁਣ ਉਸ ਨੇ ਮੰਨਤ ਨੂੰ ਮਿਲ ਵੀ ਨਹੀਂ ਸੀ ਸਕਣਾ ਕਿਉਂਕਿ ਯੂਨੀਵਰਸਟੀ ਤੋਂ ਉਸ ਨੇ ਸਿਧਿਆਂ ਹੀ ਸ਼ਤਾਬਦੀ ਫੜ ਕੇ ਲੁਧਿਆਣੇ ਜਾ ਵੜ੍ਹਨਾ ਸੀ।

ਬਹਿਰਾ ਨਾਸ਼ਤਾ ਲੈ ਕੇ ਆਇਆ ਤਾਂ ਉਸ ਨੇ ਪੁੱਛਿਆ,

“ਕਪੜੇ ਧੋਣ ਦਾ ਕੋਈ ਇੰਤਜ਼ਾਮ ਹੈ ਬਈ?”

“ਹੈ ਨਾ ਸਾਬ। ਹੋਟਲ ਕੀ ਅਪਨੀ ਲੌਂਡਰੀ ਹੈ, ਭੇਜੂੰ ਕਿਸੀ ਕੋ?”

“ਹਾਂ, ਭੇਜ ਦੇ।”

ਉਸ ਦਾ ਇਕ ਮਸਲਾ ਤਾਂ ਹੱਲ ਹੋ ਗਿਆ। ਕੱਲ ਦਾ ਉਹ ਇਹੋ ਸੋਚੀ ਜਾਂਦਾ ਸੀ ਕਿ ਕਪੜੇ ਕਿਵੇਂ ਧੋਤੇ ਜਾਣਗੇ। ਜਦ ਵੀ ਉਹ ਕਿਤੇ ਜਾਂਦਾ ਤਾਂ ਸਭ ਤੋਂ ਵੱਡਾ ਮਸਲਾ ਕਪੜਿਆਂ ਦਾ ਹੀ ਹੁੰਦਾ। ਟੂਰਿਜ਼ਮ ਦੇ ਮਹਿਕਮੇ ਵਿਚ ਹੋਣ ਕਰਕੇ ਅਕਸਰ ਬਾਹਰ ਤਾਂ ਜਾਣਾ ਹੀ ਪੈਂਦਾ ਸੀ। ਵੇਲਾਂ ਉਸ ਨੂੰ ਓਨੇ ਦਿਨਾਂ ਦੇ ਕਪੜੇ ਦੇ ਦਿੰਦੀ ਜਿੰਨੇ ਦਿਨ ਉਸ ਨੇ ਬਾਹਰ ਰਹਿਣਾ ਹੁੰਦਾ। ਜੇ ਉਸ ਦਾ ਅਗਲਾ ਟੂਰ ਨਾਲ ਲੱਗਦਾ ਹੀ ਹੁੰਦਾ ਤਾਂ ਵਰਤੇ ਹੋਏ ਕਪੜਿਆਂ ਦਾ ਅਟੈਚੀ ਘਰ ਛੱਡਦਾ ਤੇ ਨਵੇਂ ਲੈ ਕੇ ਤੁਰਦਾ ਬਣਦਾ। ਹੁਣ ਇਹ ਸਫਰ ਇਕ ਮਹੀਨੇ ਦਾ ਸੀ ਤੇ ਮਹੀਨੇ ਦੇ ਕਪੜੇ ਚੁੱਕਣੇ ਔਖੇ ਸਨ। ਫਿਰ ਵੀ ਉਸ ਕੋਲ ਕਾਫੀ ਸਾਰੇ ਕਪੜੇ ਸਨ ਪਰ ਇਹਤਿਆਤ ਰੱਖਦਾ, ਇਹਨਾਂ ਨੂੰ ਨਾਲ ਦੀ ਨਾਲ ਧੁਆ ਲੈਣਾ ਚਾਹੁੰਦਾ ਸੀ। ਅਗਲੇ ਮਿੰਟਾਂ ਵਿਚ ਹੀ ਧੋਬੀ ਆਇਆ ਤੇ ਕਪੜੇ ਲੈ ਗਿਆ। ਸ਼ਾਮ ਤਕ ਇਹ ਵਾਪਸ ਮਿਲ ਜਾਣੇ ਸਨ।

ਕੁਝ ਦੇਰ ਬਾਅਦ ਬਹਿਰਾ ਆਇਆ ਤੇ ਬੋਲਿਆ,

“ਪੰਜਾਬ ਸੇ ਆਪ ਕੀ ਗਾੜੀ ਆ ਗਈ ਹੈ ਸਾਬ।”

“ਦੈਟ’ਸ ਗੁੱਡ! ਡਰਾਈਵਰ ਕਿਥੇ ਐ?”

“ਰਿਸੈਪਸ਼ਨ ਪੇ ਹੈ, ਭੇਜੂੰ?”

ਉਸ ਦਾ ਜਵਾਬ ਸੁਣਨ ਤੋਂ ਪਹਿਲਾਂ ਹੀ ਬਹਿਰਾ ਚਲੇ ਗਿਆ। ਮਿੰਟ ਕੁ ਬਾਅਦ ਪੱਕੇ ਜਿਹੇ ਰੰਗ ਦਾ ਮੁੰਡਾ ਆਇਆ ਤੇ ‘ਸਤਿ ਸ੍ਰੀ ਅਕਾਲ’ ਬੁਲਾਉਂਦਾ ਆਖਣ ਲੱਗਿਆ,

“ਭਾਜੀ, ਮੈਂ ਗੁਪਾਲਾ, ਫਰਾਲਿਓਂ ਆਇਆਂ।”

“ਆਜਾ ਬਈ ਗੁਪਾਲੇ, ਦੱਸ ਖਾਏਂਗਾ ਕੁਝ?”

“ਨਹੀਂ ਭਾਜੀ, ਮੈਂ ਬ੍ਰੇਕਫਾਸਟ ਕਰ ਕੇ ਆਇਆਂ।”

“ਰਾਹ ਵਿਚ ਹੀ ਕਰ ਆਇਆਂ?”

“ਨਹੀਂ ਭਾਜੀ, ਦਿੱਲੀ ਤਾਂ ਤੜਕਸਾਰ ਹੀ ਪੁੱਜ ਗਿਆ ਸੀ, ਅਸਲ ਵਿਚ ਮੇਰਾ ਟਿਕਾਣਾ ਹੈਗਾ। ਮੇਰਾ ਦਫਤਰ ਇਥੇ ਆ ਜਿਥੇ ਮੈਂ ਕੰਮ ਕਰਦਾਂ। ਪਹਿਲਾਂ ਉਥੇ ਹੀ ਗਿਆ ਸੀ।”

ਅਰਵਿੰਦ ਨੇ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ ਤੇ ਪੁੱਛਿਆ,

“ਸਿੱਮ ਵੀ ਲਿਆਇਐਂ?”

“ਸੌਰੀ ਭਾਜੀ, ਚੇਤਾ ਹੀ ਭੁੱਲ ਗਿਆ। ਤੁਹਾਨੂੰ ਸਿੱਮ ਦੇਣ ਦਾ। ਸਿੱਮਾਂ ਤਾਂ ਕਈ ਤਰ੍ਹਾਂ ਦੀਆਂ ਲਿਆਇਆਂ, ਕਿਹੜੀ ਚਾਹੀਦੀ ਐ, ਆਈਫੋਨ ਦੀ ਜਾਂ ਸਿੰਪਲ ਫੋਨ ਦੀ।”

“ਆਈਫੋਨ ਵਿਚ ਤਾਂ ਮੇਰੇ ਕੋਲ ਥਰੀ ਦੀ ਸਿੱਮ ਹੈਗੀ ਹੀ, ਜਿਹੜੀ ਇਥੇ ਵੋਡਾਫੋਨ ਨੇ ਪਿੱਕ ਕਰ ਲਈ ਐ ਪਰ ਇਹ ਬਹੁਤ ਮਹਿੰਗੀ ਪੈਣੀ ਆਂ, ਤੂੰ ਮੈਨੂੰ ਦੂਜੀ ਹੀ ਦੇ ਦੇਹ।”

ਉਸ ਨੇ ਜੇਬ ਵਿਚ ਹੱਥ ਪਾਇਆ ਤੇ ਇਕ ਸਿੱਮ ਕੱਢ ਕੇ ਉਸ ਨੂੰ ਫੜਾ ਦਿੱਤੀ। ਨਾਲ ਹੀ ਇਕ ਕਾਗਜ਼ ਦਿੰਦਿਆਂ ਆਖਿਆ,

“ਆਹ ਤੁਹਾਡਾ ਨੰਬਰ ਐ ਜੀ, ਏਹਦੇ ਵਿਚ ਦੋ ਸੌ ਰੁਪਏ ਹੈਗੇ ਆ, ਹੋਰ ਚਾਹੀਦੇ ਹੋਊਗੇ ਤਾਂ ਬਲਕਾਰ ਪੁਆ ਦੇਊ, ਬਾਅਦ ਵਿਚ ਹਿਸਾਬ ਕਰ ਲੈਣਾ।”

ਅਰਵਿੰਦ ਸਿੱਮ ਨੂੰ ਫੋਨ ਵਿਚ ਪਾਉਣ ਲੱਗਿਆ। ਉਸ ਤੋਂ ਚੰਗੀ ਤਰ੍ਹਾਂ ਪਾਇਆ ਨਹੀਂ ਸੀ ਜਾ ਰਿਹਾ। ਗੁਪਾਲਾ ਉਸ ਦੀ ਮੱਦਦ ਕਰਦਾ ਬੋਲਿਆ,

“ਇਹ ਫੋਨ ਤਾਂ ਭਾਜੀ ਅੱਜ ਦੀ ਲਾਈਫ ਦਾ ਇਕ ਹਿੱਸਾ ਹੀ ਬਣ ਗਿਆ। ਇਹਦੇ ਬਿਨਾਂ ਜ਼ਿੰਦਗੀ ਸੋਚੀ ਹੀ ਨਹੀਂ ਜਾ ਸਕਦੀ। ਸਬਜ਼ੀ ਵਾਲਾ, ਧੋਬੀ, ਸਫਾਈ ਵਾਲਾ ਹਰ ਕੋਈ ਮੁਬਾਈਲ ਦਾ ਆਦੀ ਹੋ ਗਿਐ। ਹੁਣ ਤਾਂ ਨੱਕੇ ਮੋੜਦਾ ਜੱਟ ਵੀ ਨਾਲ਼ ਦੇ ਨੂੰ ਫੋਨ ਤੇ ਈ ਗੱਲ ਕਰਦਾ ਕਿ ਨਕਾਲ਼ ਪੂਰਾ ਹੋ ਗਿਆ, ਮੋਟਰ ਬੰਦ ਕਰਦੇ।”

ਗੱਲ ਕਰਦਿਆਂ ਉਸ ਨੇ ਹੱਸ ਕੇ ਅਰਵਿੰਦ ਵੱਲ ਦੇਖਿਆ ਤੇ ਨਾਲ ਹੀ ਸਿੱਮ ਠੀਕ ਕਰ ਕੇ ਪਾਉਂਦਾ ਰਿਹਾ। ਸਿੱਮ ਪਾ ਕੇ ਉਸ ਨੇ ਆਪਣੇ ਫੋਨ ਤੋਂ ਉਸ ਨੂੰ ਘੰਟੀ ਮਾਰੀ ਤੇ ਬੋਲਿਆ,

“ਲਓ ਭਾਜੀ, ਤੁਹਾਡੇ ਫੋਨ ਵਿਚ ਮੇਰਾ ਨੰਬਰ ਆ ਗਿਆ, ਜਦ ਵੀ ਮੇਰੀ ਲੋੜ ਪਵੇ ਤਾਂ ਬੁਲਾ ਲੈਣਾ, ਹਾਜ਼ਰ ਹੋ ਜਾਇਆ ਕਰਾਂਗਾ।”

“ਯੂ ਨੋਅ, ਮੈਨੂੰ ਹੁਣ ਹਰ ਵੇਲੇ ਗੱਡੀ ਚਾਹੀਦੀ ਐ।”

“ਭਾਜੀ, ਜਿੰਨੇ ਦਿਨ ਤੁਸੀਂ ਇਥੇ ਰਹੋਂਗੇ, ਮੇਰੀ ਸਰਵਿਸ ਚੌਵੀ ਘੰਟੇ ਦੀ ਹੋਵੇਗੀ।”

ਆਖਦਾ ਗੋਪਾਲਾ ਹੱਸਣ ਲੱਗਿਆ। ਫਿਰ ਉਹ ਲੈਪਟੌਪ ਵਲ ਇਸ਼ਾਰਾ ਕਰਦਾ ਬੋਲਿਆ,

“ਭਾਜੀ, ਜੇ ਲੈਪਟੌਪ ਔਨ ਐਂ ਤਾਂ ਈਮੇਲ ਚੈੱਕ ਕਰ ਲਵਾਂ?”

ਅਰਵਿੰਦ ਨੇ ‘ਹਾਂ’ ਵਿਚ ਸਿਰ ਮਾਰਿਆ। ਗੁਪਾਲੇ ਨੇ ਫਿਰ ਕਿਹਾ,

“ਤੁਹਾਡੀ ਫੇਸਬੁੱਕ ਖੁਲ੍ਹੀ ਐ, ਸਾਈਨ ਆਊਟ ਕਰ ਦੇਵਾਂ?”

“ਹਾਂ ਹਾਂ, ਕਰ ਦੇ ਯਾਰ।”

“ਆਹ ਤਾਂ ਜੀ ‘ਇੰਡੀਆ ਅਬ੍ਰੌਡ’ ਖੁਲ੍ਹਿਆ ਹੋਇਆ, ਤੁਸੀਂ ਵੀ ਮੈਂਬਰ ਆਂ ਏਹਦੇ?”

ਗੁਪਾਲੇ ਨੇ ਕਿਹਾ ਤੇ ਅਰਵਿੰਦ ਹੈਰਾਨ ਹੁੰਦਾ ਉਸ ਵਲ ਦੇਖਣ ਲੱਗਿਆ। ਇਕ ਤਾਂ ਹੈਰਾਨੀ ਸੀ ਕਿ ਉਸ ਦੇ ਬਣਾਏ ਗਰੁੱਪ ਬਾਰੇ ਹੀ ਕੋਈ ਪੁੱਛ ਰਿਹਾ ਸੀ ਕਿ ਉਸ ਦਾ ਉਹ ਮੈਂਬਰ ਹੈ ਕਿ ਨਹੀਂ ਦੂਜੇ ਹੈਰਾਨੀ ਇਸ ਗੱਲ ਦੀ ਸੀ ਕਿ ਇਹ ਸਾਧਾਰਨ ਜਿਹਾ ਮੁੰਡਾ ਵੀ ਉਸ ਦੇ ਗਰੁੱਪ ਬਾਰੇ ਜਾਣਕਾਰੀ ਰੱਖਦਾ ਸੀ। ਉਹ ਪੁੱਛਿਆ,

"ਤੂੰ ਵੀ ਮੈਂਬਰ ਐਂ ਏਹਦਾ?"

"ਹਾਂ ਜੀ। ਏਹਦੇ ਵਿਚ ਕਈ ਵਾਰੀ ਬਹੁਤ ਸੁਹਣੀਆਂ ਫੋਟੋ ਹੁੰਦੀਆਂ, ਬਹੁਤ ਪੁਰਾਣੀਆਂ ਪੁਰਾਣੀਆਂ। ਜਦੋਂ ਦੇ ਸਾਡੇ ਲੋਕਾਂ ਨੇ ਬਾਹਰਲੇ ਮੁਲਕਾਂ ਨੂੰ ਜਾਣਾ ਸ਼ੁਰੂ ਕੀਤਾ।"

ਅਰਵਿੰਦ ਨੂੰ ਆਪਣੀ ਹੁੰਦੀ ਵਡਿਆਈ ਚੰਗੀ ਲੱਗੀ। ਜਦ ਉਸ ਨੇ ਇਹ ਗਰੁੱਪ ਸ਼ੁਰੂ ਕੀਤਾ ਸੀ ਤਾਂ ਉਸ ਨੂੰ ਨਹੀਂ ਸੀ ਪਤਾ ਕਿ ਇਹ ਏਨਾ ਹਰਮਨਪਿਆਰਾ ਹੋ ਜਾਵੇਗਾ। ਉਹ ਤਾਂ ਆਪਣੇ ਕੰਮ ਲਈ ਇਸ ਨੂੰ ਵਰਤਦਾ ਸੀ, ਜਿਹੜੀ ਕਿਤਾਬ ਉਹ ਲਿਖਣੀ ਚਾਹ ਰਿਹਾ ਸੀ। ਗੂਗਲ ਤੋਂ ਜਿਹੜੀ ਜਾਣਕਾਰੀ ਉਹ ਇਕੱਠੀ ਕਰਿਆ ਕਰਦਾ ਉਸ ਵਿਚੋਂ ਕੁਝ ਇਥੇ ਵੀ ਪਾ ਦਿਆ ਕਰਦਾ ਸੀ, ਖਾਸ ਤੌਰ 'ਤੇ ਤਸਵੀਰਾਂ। ਪਹਿਲਾਂ ਉਸ ਨੂੰ ਮੈਂਬਰ ਭਰਤੀ ਕਰਨੇ ਪਏ ਸਨ ਪਰ ਹੁਣ ਤਾਂ ਵੀਹ ਪੱਚੀ ਰੋਜ਼ਾਨਾ ਆਪ ਹੀ ਜੁੜਦੇ ਜਾਂਦੇ। ਨਵੇਂ ਮੈਂਬਰਾਂ ਨੂੰ ਉਹ ਥੋੜੀ ਕੁ ਪੁਣਛਾਣ ਕਰ ਕੇ ਹੀ ਸ਼ਾਮਲ ਕਰਦਾ ਕਿਉਂਕਿ ਬਹੁਤੇ ਆਪਣਾ ਨਾਂ ਚਮਕਾਉਣ ਵਾਲੇ ਹੀ ਹੁੰਦੇ। ਉਹ ਬਹੁਤ ਘੱਟ ਲੋਕਾਂ ਨਾਲ ਆਪਣੇ ਇਸ ਗਰੁੱਪ ਬਾਰੇ ਗੱਲ ਕਰਿਆ ਕਰਦਾ ਸੀ। ਬਹੁਤਿਆਂ ਨੂੰ ਤਾਂ ਇਸ ਦੀ ਸਮਝ ਹੀ ਨਹੀਂ ਸੀ। ਗੁਪਾਲੇ ਨਾਲ ਵੀ ਉਸ ਨੇ ਬਹੁਤੀ ਗੱਲ ਨਾ ਕੀਤੀ।

ਗੁਪਾਲੇ ਦੀਆਂ ਉਂਗਲਾ ਲੈਪਟੌਪ ਦੇ ਕੀਬੋਰਡ ਉਪਰ ਚੱਲਣ ਲੱਗੀਆਂ। ਅਰਵਿੰਦ ਨੂੰ ਇਹ ਸਾਧਾਰਨ ਜਿਹਾ ਦਿਸਦਾ ਮੁੰਡਾ ਬਹੁਤ ਤੇਜ਼ ਲੱਗ ਰਿਹਾ ਸੀ। ਉਸ ਨੇ ਪੁੱਛਿਆ,

"ਗੁਪਾਲੇ, ਕਿੰਨਾ ਕੁ ਪੜਿਐਂ?"

"ਬੱਸ ਜੀ, ...ਕਾਲਜ ਗਿਆਂ। ...ਅੱਜ ਕੱਲ ਪੜ੍ਹਾਈ ਵਿਚ ਕੋਈ ਫਾਇਦਾ ਨਹੀਂ ਜੀ। ਆਪਣੇ ਪਿੰਡ ਤੀਹ ਮੁੰਡੇ ਡਿਗਰੀਆਂ ਕਰਕੇ ਵਿਹਲੇ ਬੈਠੇ ਆ, ਮੈਂ ਘੱਟੋ-ਘੱਟ ਚਾਰ ਪੈਸੇ ਤਾਂ ਕਮਾਉਨਾਂ।"

"ਗੱਲ ਤਾਂ ਤੇਰੀ ਠੀਕ ਐ ਬਈ, ਜੇ ਕੰਮ ਹੀ ਨਹੀਂ ਮਿਲਣਾ ਤਾਂ ਪੜ੍ਹਾਈ ਦਾ ਕੀ ਫਾਇਦਾ।"

"ਓਦਾਂ ਮੈਨੂੰ ਪੜ੍ਹਨ ਦਾ ਬਹੁਤ ਸ਼ੌਂਕ ਆ ਜੀ, ਹਰ ਵੇਲੇ ਕੋਈ ਨਾ ਕੋਈ ਕਿਤਾਬ ਪੜ੍ਹਦਾ ਰਹਿੰਨਾਂ, ਕਿਤਾਬਾਂ ਅੱਖਾਂ ਖੋਹਲਦੀਆਂ ਜੀ।"

ਅਰਵਿੰਦ ਨੇ ਉਸ ਦੀ ਸ਼ਕਲ ਦੇਖਦਿਆਂ ਉਸ ਦੇ ਟੱਬਰ ਬਾਰੇ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋਇਆ ਤੇ ਪੁੱਛਣ ਲੱਗਿਆ,

"ਯੂ ਨੋਅ, ਕਿਹੜੀ ਫੈਮਲੀ ਵਿਚੋਂ ਐਂ?"

"ਭਾਜੀ, ਮੈਂ ਗੇਜੇ ਦਾ ਭਰਾ ਵਾਂ।"

"ਇਹ ਗੇਜਾ ਕਿਹੜੇ ਟੱਬਰ ਵਿਚੋਂ ਐ?"

ਅਰਵਿੰਦ ਦੇ ਕਹਿਣ 'ਤੇ ਉਹ ਹੱਸਣ ਲੱਗਿਆ ਤੇ ਬੋਲਿਆ,

"ਭਾਜੀ, ਸ਼ਰੀਕੇਚਾਰੀ ਦਾ ਇਹ ਹਿਸਾਬ ਜ਼ਰਾ ਔਖਾ ਐ, ਇਹ ਸਮਝ ਲਓ ਕਿ ਸਾਡੀ ਪੱਤੀ ਦੂਜੀ ਐ। ਮੇਰੇ ਡੈਡੀ ਦਾ ਨਾਂ ਸੁਰਜੀਤ ਸੂੰਹ ਆ,...ਤੁਸੀਂ ਸ਼ਾਇਦ ਮੇਰੇ ਬਾਬੇ ਮੂਲਾ ਸੂੰਹ ਨੂੰ ਜਾਣਦੇ ਹੋਵੋਂ।"

ਅਰਵਿੰਦ ਨੂੰ ਏਨੇ ਸਾਲ ਹੋ ਗਏ ਸਨ ਪਿੰਡ ਛੱਡੇ ਨੂੰ। ਕਈ ਪੀੜ੍ਹੀਆਂ ਜੰਮ ਕੇ ਵੱਡੀਆਂ ਹੋ ਚੁੱਕੀਆਂ ਸਨ। ਉਸ ਲਈ ਇਹੋ ਕਾਫੀ ਸੀ ਕਿ ਉਹ ਉਸ ਦੇ ਪਿੰਡ ਦਾ ਸੀ। ਕੁਝ ਦੇਰ ਬਾਅਦ ਗੁਪਾਲੇ ਨੇ ਉਠ ਕੇ ਖੜਾ ਹੁੰਦਿਆਂ ਆਖਿਆ,

"ਭਾਜੀ, ਕੀ ਕੀ ਦੇਖਣਾ ਚਾਹੁੰਨੇ ਆਂ?"

"ਮੈਂ ਤਾਰਿਆਂ ਨਾਲ ਭਰੀ ਰਾਤ ਦੇਖਣੀ ਚਾਹੁੰਨਾਂ!"

"ਉਹ ਤਾਂ ਭਾਜੀ, ਅਸੀਂ ਵੀ ਨਹੀਂ ਕਦੇ ਦੇਖੀ।"

ਆਖਦਾ ਗੋਪਾਲਾ ਹੱਸਿਆ ਤੇ ਫਿਰ ਬੋਲਿਆ,

"ਭਾਜੀ, ਅੱਤਵਾਦ ਦੇ ਦੌਰ ਨੇ ਲੋਕ ਐਸੇ ਅੰਦਰੀਂ ਸੌਣ ਲਾਏ ਕਿ ਹਾਲੇ ਵੀ ਬਾਹਰ ਨਹੀਂ ਨਿਕਲੇ, ਵੈਸੇ ਵੀ ਸਮੇਂ ਨਾਲ ਕੁਦਰਤ ਦੇਖਣ ਦਾ ਨਜ਼ਰੀਆ ਵੀ ਬਦਲ ਗਿਆ।"

ਆਖਦਾ ਗੁਪਾਲਾ ਤੁਰ ਪਿਆ। ਉਸ ਨੇ ਕਾਰ ਠੀਕ ਕਰ ਕੇ ਪਾਰਕ ਕਰਨੀ ਸੀ। ਕੁਝ ਮਿੰਟਾਂ ਬਾਅਦ ਉਹ ਮੁੜ ਆਇਆ ਤੇ ਬੋਲਿਆ,

"ਭਾਜੀ, ਜੇ ਪਿੰਡ ਅੱਜ ਜਾਣਾ ਤਾਂ ਆਪਾਂ ਨੂੰ ਜਲਦੀ ਤੁਰਨਾ ਚਾਹੀਦਾ।"

"ਅੱਜ ਆਪਾਂ ਦਿੱਲੀ ਦੇਖਣੀ ਆਂ ਤੇ ਕੱਲ ਨੂੰ ਵਾਪਸ ਪੰਜਾਬ। ਕੱਲ ਸਵੇਰੇ ਏਸ ਹਿਸਾਬ ਨਾਲ ਤੁਰੀਏ ਕਿ ਧੁੱਪ ਦੇ ਤਿੱਖੀ ਹੋਣ ਤੋਂ ਪਹਿਲਾਂ ਪਿੰਡ ਪੁੱਜ ਜਾਈਏ।"

"ਸੱਤ-ਅੱਠ ਘੰਟੇ ਦਾ ਰਾਹ ਐ ਭਾਜੀ। ਮਜ਼ੇ ਮਜ਼ੇ ਪੁੱਜ ਜਾਵਾਂਗੇ।"

"ਅੱਜ ਫੇਰ ਤੂੰ ਮੈਨੂੰ ਦਿੱਲੀ ਦੀ ਉੜਨ-ਝਾਤ ਪੁਆ ਦੇ।"

"ਆਪਾਂ ਸਾਢੇ ਨੌਂ ਕੁ ਵਜੇ ਚੱਲਾਂਗੇ, ਹਾਲੇ ਟਰੈਫਿਕ ਹੋਏਗਾ।...ਮੈਂ ਬਾਹਰ ਕਾਰ ਵਿਚ ਹੀ ਬੈਠਾਂ, ਇਕ ਨਾਵਲ ਸ਼ੁਰੂ ਕੀਤਾ ਹੋਇਆ, ...ਜਦ ਵੀ ਮੇਰੀ ਲੋੜ ਹੋਏ ਤਾਂ ਫੋਨ ਕਰ ਦੇਣਾ।"

ਆਖਦਾ ਗੁਪਾਲਾ ਫਿਰ ਚਲੇ ਗਿਆ। ਅਰਵਿੰਦ ਨੂੰ ਮੰਨਤ ਦਾ ਖਿਆਲ ਆਇਆ। ਉਸ ਦਾ ਦਿਲ ਕੀਤਾ ਕਿ ਫੋਨ ਕਰ ਕੇ ਉਸ ਨੂੰ ਅਲਵਿਦਾ ਹੀ ਕਹਿ ਦੇਵੇ। ਉਸ ਨੇ ਫੋਨ ਘੁਮਾਇਆ ਤੇ ਕਹਿਣ ਲੱਗਿਆ,

"ਮੈਡਮ, ਮੈਂ ਦਿੱਲੀ ਦਾ ਗੇੜਾ ਮਾਰਨ ਚੱਲਿਆਂ। ਜੇ ਹੋ ਸਕਿਆ ਤਾਂ ਫੇਸਬੁੱਕ ਤੇ ਕੰਟੈਕਟ ਰੱਖਣਾ।"

ਫੋਨ ਸੁਣਦੇ ਹੀ ਮੰਨਤ ਖੁਸ਼ ਹੋ ਗਈ। ਉਹ ਉਡੀਕ ਹੀ ਰਹੀ ਸੀ। ਉਹ ਬੋਲੀ,

"ਜੇ ਟਾਈਮ ਹੈ ਤਾਂ ਹਾਲ ਵਿਚ ਆ ਜਾਓ, ਕੌਫੀ ਪੀਨੇ ਆਂ।"

ਅਰਵਿੰਦ ਨੇ ਫੋਨ ਰੱਖਿਆ ਤੇ ਟੇਬਲ ਤੋਂ ਕੰਘੀ ਚੁੱਕ ਵਾਲ ਵਾਹੁਣ ਲੱਗਿਆ। ਕਪੜੇ ਠੀਕ ਕਰਦਾ ਉਹ ਹਾਲ ਨੂੰ ਤੁਰ ਪਿਆ। ਮੰਨਤ ਉਸ ਨੂੰ ਰਾਹ ਵਿਚ ਹੀ ਮਿਲ ਪਈ। ਉਹ ਪੁੱਛਣ ਲੱਗੀ,

"ਕੀ ਪ੍ਰੋਗਰਾਮ ਏ ਤੁਹਾਡਾ?"

"ਯੂ ਨੋਅ, ਮੇਰੀ ਗੱਡੀ ਆ ਪੁੱਜੀ ਐ, ਅੱਜ ਦਿਨੇ ਮੈਂ ਦਿੱਲੀ ਘੁੰਮਣਾ ਚਾਹੁੰਨਾਂ, ਸ਼ਾਮ ਨੂੰ ਕੋਈ ਕਲੱਬ ਆਦਿ ਦੇਖਾਂਗਾ ਤੇ ਕੱਲ ਸਵੇਰੇ ਪੰਜਾਬ ਵੱਲ ਕੂਚ। ...ਤੇ ਤੁਸੀਂ ਤਾਂ ਹੁਣ ਚੱਲੇ ਹੀ ਜਾਣਾਂ ਐਂ?"

"ਗਿਆਰਾਂ ਤੋਂ ਇਕ ਵਜੇ ਤਕ ਸੈਮੀਨਾਰ ਏ, ਦੋ ਤੋਂ ਚਾਰ ਵਜੇ ਤਕ ਪੋਇਟਰੀ ਵਰਕਸ਼ੌਪ ਏ, ਸਾਢੇ ਚਾਰ ਵਜੇ ਸ਼ਤਾਬਦੀ ਫੜ ਲੈਣੀ ਏਂ।"

"ਚਲੋ ਇਹ ਵੀ ਠੀਕ ਐ। ਜਿੰਨਾ ਕੁ ਤੁਹਾਡਾ ਸਾਥ ਮਿਲਿਆ, ਚੰਗਾ ਰਿਹਾ। ਨਹੀਂ ਤਾਂ ਫੇਸਬੁੱਕ ਤੋਂ ਏਨੀ ਦੋਸਤੀ ਦੀ ਕਦੇ ਆਸ ਨਹੀਂ ਸੀ ਰੱਖੀ। ਹੁਣ ਫੇਸਬੁੱਕ 'ਤੇ ਸੰਪਰਕ ਵਿਚ ਰਹਿਣਾ।"

"ਮੈਂ ਫੇਸਬੁੱਕ 'ਤੇ ਬਹੁਤਾ ਨਹੀਂ ਜਾਂਦੀ, ਫਿਰ ਵੀ ਹੁਣ 'ਹੈਲੋ-ਹੈਲੋ' ਹੁੰਦੀ ਰਹੇਗੀ।"

"ਕਦੇ ਇੰਗਲੈਂਡ ਗਏ ਤਾਂ ਉਥੇ ਮੈਨੂੰ ਜ਼ਰੂਰ ਮਿਲਿਓ।"

"ਦੇਖੋ! ...ਮੈਨੂੰ ਨਹੀਂ, ਇਹਨਾਂ ਨੂੰ ਫੌਰੇਨ ਦਾ ਬਹੁਤ ਸ਼ੌਂਕ ਏ, ਖਾਸ ਤੌਰ 'ਤੇ ਲੰਡਨ ਦਾ।"

"ਯੂ ਨੋਅ, ਮੈਂ ਲੰਡਨ ਵਿਚ ਹੀ ਆਂ।"

ਅਰਵਿੰਦ ਨੇ ਆਖਿਆ। ਜਦ ਤਕ ਬਹਿਰਾ ਕੌਫੀ ਰੱਖ ਗਿਆ। ਕੁਝ ਦੇਰ ਉਹਨਾਂ ਨੇ ਕੁਝ ਹੋਰ ਗੱਲਾਂ ਕੀਤੀਆਂ ਫਿਰ ਅਚਾਨਕ ਮੰਨਤ ਬੋਲੀ,

"ਕਿਉਂ ਨਹੀਂ ਮੇਰੇ ਨਾਲ ਯੂਨੀਵਰਸਟੀ ਚਲਦੇ, ਅੱਜ ਫੇਰ ਸੈਮੀਨਾਰ ਅਟੈਂਡ ਕਰ ਲਿਓ।"

"ਮੰਨਤ ਜੀ, ਇਟ 'ਜ਼ ਨੌਟ ਕੱਪ ਔਫ ਮਾਈ ਸੂਪ। ਮੇਰਾ ਵਿਸ਼ਾ ਹਿਸਟਰੀ ਐ, ਲੈਂਗੁਏਜ਼ ਨਹੀਂ। ਕੱਲ ਵੀ ਮੈਂ ਤੁਹਾਡੇ ਸਾਥ ਦੇ ਲਾਲਚ ਨੂੰ ਚਲੇ ਗਿਆ ਸਾਂ।"

"ਅਰਵਿੰਦ ਜੀ, ਅੱਜ ਵੀ ਇਸੇ ਲਾਲਚ ਲਈ ਆ ਜਾਓ।"

"ਯੂ ਨੋਅ, ਕਹਿੰਦੇ ਆ ਕਿ ਬਹੁਤਾ ਲਾਲਚ ਚੰਗਾ ਨਹੀਂ ਹੁੰਦਾ।"

ਅਰਵਿੰਦ ਨੇ ਕਿਹਾ। ਮੰਨਤ ਹਲਕਾ ਜਿਹਾ ਹੱਸੀ। ਉਸ ਨੇ ਅਰਵਿੰਦ ਵਲ ਨਜ਼ਰ ਭਰ ਕੇ ਦੇਖਿਆ ਤੇ ਕਿਹਾ,

"ਅਰਵਿੰਦ ਜੀ, ਕੁਝ ਲਾਲਚ ਤੁਹਾਡਾ ਤੇ ਕੁਝ ਮੇਰਾ। ਅੱਧਾ ਸਮਾਂ ਤੁਸੀਂ ਮੇਰੇ ਨਾਲ ਸੈਮੀਨਾਰ ਵਿਚ ਬਿਤਾ ਲਓ, ਦੂਜੇ ਅੱਧ ਵਿਚ ਮੈਂ ਪੋਇਟਰੀ ਵਰਕਸ਼ੌਪ ਛੱਡ ਕੇ ਤੁਹਾਡੇ ਨਾਲ ਬਿਤਾ ਲਵਾਂਗੀ, ਜਦ ਤਕ ਮੇਰੀ ਸ਼ਤਾਬਦੀ ਦਾ ਟਾਈਮ ਹੋ ਜਾਵੇਗਾ।"

ਅਰਵਿੰਦ ਸੋਚਣ ਲੱਗ ਪਿਆ ਕਿ ਪੇਸ਼ਕਸ਼ ਤਾਂ ਮਾੜੀ ਨਹੀਂ। ਮੰਨਤ ਬੋਲੀ,

"ਕਿਹੜੇ ਖਿਆਲਾਂ ਵਿਚ ਡੁੱਬ ਗਏ ਓ?"

"ਆਏ ਲਾਇਕ ਇਟ! ਸਿੱਧੀ ਸਪੱਸ਼ਟ ਗੱਲ ਮੈਨੂੰ ਚੰਗੀ ਲਗਦੀ ਐ।"

ਅਰਵਿੰਦ ਨੇ ਆਖਿਆ ਤੇ ਸੋਚਣ ਲੱਗਿਆ ਕਿ ਰਾਤੀਂ ਸ਼ਾਇਦ ਉਹ ਕੁਝ ਕਾਹਲੀ ਕਰ ਗਿਆ ਸੀ।

ਮੰਨਤ ਨੇ ਰਿਸੈਪਸ਼ਨ 'ਤੇ ਜਾ ਕੇ ਚੈੱਕ ਆਊਟ ਕਰ ਲਿਆ ਤੇ ਰਸੀਦ ਲੈ ਲਈ ਜਿਹੜੀ ਉਸ ਨੇ ਯੂਨੀਵਰਸਟੀ ਦੇ ਪ੍ਰਬੰਧਕਾਂ ਨੂੰ ਦੇ ਕੇ ਆਪਣਾ ਖਰਚ ਕਲੇਮ ਕਰਨਾ ਸੀ। ਇਸ ਪਾਸਿਓਂ ਵਿਹਲੀ ਹੋ ਕੇ ਉਹ ਆਪਣੇ ਕਮਰੇ ਵਿਚੋਂ ਆਪਣਾ ਸਮਾਨ ਲੈਣ ਚਲੇ ਗਈ। ਅਰਵਿੰਦ ਸੁਮੀਤ ਸਹੋਤੇ ਨੂੰ ਫੋਨ ਕਰਨ ਲੱਗਿਆ। ਆਪਣੇ ਦਿੱਲੀ ਵਿਚ ਹੋਣ ਦੀ ਖ਼ਬਰ ਤਾਂ ਉਸ ਨੇ ਈਮੇਲ ਰਾਹੀਂ ਦੇ ਹੀ ਦਿਤੀ ਸੀ। ਹੈਲੋ ਆਖਦਾ ਸੁਮੀਤ ਬੋਲਿਆ,

"ਕਿਥੇ ਐਂ ਯਾਰ? ਜਲਦੀ ਆ, ਦੋਸਤ ਤੈਨੂੰ ਮਿਲਣਾ ਚਾਹੁੰਦੇ ਨੇ। ਬਹੁਤ ਸਾਰੇ ਲੋਕ ਤੈਨੂੰ ਸਵਾਲ ਪੁੱਛਣਾ ਚਾਹੁੰਦੇ ਨੇ। ਅਸੀਂ ਯੂਨੀਵਰਸਟੀ ਵਿਚ ਤੇਰਾ ਲੈਕਚਰ ਵੀ ਕਰਵਾਵਾਂਗੇ। ਤੂੰ ਜਲਦੀ ਪਹੁੰਚ।"

"ਮੈਂ ਤੈਨੂੰ ਅਗਲੇ ਹਫਤੇ ਮਿਲਾਂਗਾ। ਪਹਿਲਾਂ ਕੁਝ ਹੋਰ ਕੰਮ ਕਰਨ ਵਾਲੇ ਆ। ਤੂੰ ਮੇਰਾ ਇਹ ਫੋਨ ਨੰਬਰ ਨੋਟ ਕਰ ਲੈ।"

ਸੁਮੀਤ ਸਹੋਤਾ ਉਸ ਦਾ ਪੁਰਾਣਾ ਜਮਾਤੀ ਸੀ। ਉਹਨਾਂ ਐਮ. ਏ. ਇਕੱਠਿਆਂ ਕੀਤੀ ਸੀ। ਇਕੱਠਿਆਂ ਹੀ ਕੁਝ ਦੇਰ ਕੰਮ ਵੀ ਕੀਤਾ। ਉਹ ਦੋ ਵਾਰ ਇੰਗਲੈਂਡ ਵੀ ਉਸ ਕੋਲ ਰਹਿ ਆਇਆ ਸੀ। ਸੁਮੀਤ ਤੋਂ ਬਾਅਦ ਉਹ ਉਂਕਾਰ ਨੂੰ ਫੋਨ ਕਰਨ ਲੱਗਿਆ। ਉਂਕਾਰ ਉਸ ਦੇ ਦੋਸਤ ਮੀਤੇ ਦਾ ਵੱਡਾ ਭਰਾ ਸੀ ਤੇ ਜਿੰਨੀ ਵਾਰ ਵੀ ਉਹ ਇੰਗਲੈਂਡ ਗਿਆ, ਅਰਵਿੰਦ ਨੇ ਹੀ ਉਸ ਨੂੰ ਲੰਡਨ ਘੁਮਾਇਆ ਸੀ। ਇਵੇਂ ਉਸ ਨਾਲ ਕਾਫੀ ਨੇੜਤਾ ਹੋ ਚੁੱਕੀ ਸੀ। ਅਰਵਿੰਦ ਨੇ ਉਸ ਨੂੰ ਵੀ ਆਪਣੇ ਇੰਡੀਆ ਵਿਚ ਹੋਣ ਬਾਰੇ ਦੱਸ ਦਿਤਾ। ਇਵੇਂ ਉਸ ਕੋਲ ਉਸ ਦਾ ਫੋਨ ਨੰਬਰ ਵੀ ਪੁੱਜ ਗਿਆ।

ਉਹ ਦੋਵੇਂ ਹੋਟਲ 'ਚੋਂ ਬਾਹਰ ਨਿਕਲੇ। ਗੁਪਾਲਾ ਉਹਨਾਂ ਦੀ ਉਡੀਕ ਕਰ ਰਿਹਾ ਸੀ। ਅਰਵਿੰਦ ਦੇ ਨਾਲ ਔਰਤ ਦੇਖ ਕੇ ਉਹ ਜ਼ਰਾ ਕੁ ਹੈਰਾਨ ਹੋਇਆ ਪਰ ਹੰਢਿਆ ਹੋਇਆ ਡਰਾਈਵਰ ਹੋਣ ਕਰਕੇ ਉਸ ਨੇ ਆਪਣੀ ਹੈਰਾਨਗੀ ਜ਼ਾਹਰ ਨਾ ਹੋਣ ਦਿਤੀ। ਉਸ ਨੇ ਅੱਗੇ ਹੋ ਕੇ ਮੰਨਤ ਦੇ ਹੱਥੋਂ ਬੈਗ ਫੜ ਕੇ ਕਾਰ ਵਿਚ ਰੱਖ ਲਿਆ। ਗੱਲਾਂ ਕਰਦੇ ਉਹ ਯੂਨੀਵਰਸਟੀ ਜਾ ਪੁੱਜੇ। ਅਰਵਿੰਦ ਸੋਚ ਰਿਹਾ ਸੀ ਕਿ ਅੱਜ ਵੀ ਬੋਲੀ ਦੇ ਭਵਿੱਖ ਨੂੰ ਲੈ ਕੇ ਜਾਬ੍ਹਾਂ ਦਾ ਭੇੜ ਹੋਵੇਗਾ। ਰਾਹ ਵਿਚ ਜਾਂਦਿਆਂ ਵੀ ਮੰਨਤ ਬੋਲੀ ਦੇ ਖਤਮ ਹੋਣ ਨੂੰ ਲੈ ਕੇ ਗੱਲਾਂ ਕਰਦੀ ਜਾ ਰਹੀ ਸੀ। ਅਰਵਿੰਦ ਉਹਦੇ ਨਾਲ ਬਹੁਤਾ ਸਹਿਮਤ ਨਹੀਂ ਸੀ। ਸੈਮੀਨਾਰ ਵਿਚ ਮੰਨਤ ਦੀ ਗੱਲ ਬਹੁਤ ਧਿਆਨ ਨਾਲ ਸੁਣੀ ਜਾ ਰਹੀ ਸੀ। ਮੰਨਤ ਦੇ

ਭਾਸ਼ਨ 'ਤੇ ਅੱਜ ਵੀ ਸਭ ਨਾਲੋਂ ਵੱਧ ਤਾੜੀਆਂ ਵੱਜੀਆਂ। ਸਭ ਰੌਲ਼ਾ ਪਾ ਰਹੇ ਸਨ ਕਿ ਹਿੰਦੀ ਨੂੰ ਅੰਗਰੇਜ਼ੀ ਤੋਂ ਖਤਰਾ ਸੀ। ਇਹੋ ਗੱਲ ਉਸ ਨੇ ਪਹਿਲਾਂ ਕਿਧਰੇ ਹੋਰ ਤਰ੍ਹਾਂ ਪੜ੍ਹੀ ਸੀ ਕਿ ਹਿੰਦੀ ਪੰਜਾਬੀ ਨੂੰ ਖਾ ਰਹੀ ਹੈ। ਉਹ ਸੋਚ ਰਿਹਾ ਸੀ ਕਿ ਅਜਿਹੇ ਸੈਮੀਨਾਰਾਂ ਵਿਚ ਬਹਿਸਾਂ ਕਰਨ ਲਈ ਇਹ ਕਾਫੀ ਢੁਕਵੇਂ ਵਿਸ਼ੇ ਸਨ। ਸੈਮੀਨਾਰ ਤੋਂ ਬਾਅਦ ਉਹ ਬਾਹਰ ਨਿਕਲੇ ਤਾਂ ਦੁਪਿਹਰ ਦੀ ਜ਼ਾਲਮ ਧੁੱਪ ਉਹਨਾਂ ਦੇ ਸਾਹਮਣੇ ਖੜੀ ਸੀ। ਹਾਲ ਅੰਦਰ ਏ. ਸੀ. ਵਿਚ ਬੈਠਿਆਂ ਇਸ ਦਾ ਚੇਤਾ ਹੀ ਭੁੱਲ ਗਿਆ ਸੀ। ਕਾਰ ਤਕ ਪੁੱਜਦਿਆਂ ਧੁੱਪ ਨੇ ਉਹਨਾਂ ਦਾ ਬੁਰਾ ਹਾਲ ਕਰ ਦਿਤਾ। ਇਹ ਵੀ ਸ਼ੁਕਰ ਸੀ ਕਿ ਗੁਪਾਲਾ ਪਹਿਲਾਂ ਹੀ ਕਾਰ ਦਾ ਏ. ਸੀ. ਔਨ ਕਰੀ ਬੈਠਾ ਸੀ। ਕਾਰ ਵਿਚ ਬੈਠਦਿਆਂ ਅਰਵਿੰਦ ਨੇ ਨਖਰੇ ਜਿਹੇ ਨਾਲ ਪੁੱਛਿਆ,

"ਹੁਣ ਕੀ ਪ੍ਰੋਗਰਾਮ ਐ ਮੈਡਮ ਮੰਨਤ ਗਰੇਵਾਲ ਦਾ?"

"ਬਿਲਕੁਲ ਉਹੀ ਜੋ ਮਿਸਟਰ ਅਰਵਿੰਦ ਸਿੰਘ ਦਾ ਏ।"

ਮੰਨਤ ਨੇ ਉਸੇ ਅੰਦਾਜ਼ ਵਿਚ ਕਿਹਾ। ਅਰਵਿੰਦ ਨੇ ਆਖਿਆ,

"ਕਿਸੇ ਰੈਸਟੋਰੈਂਟ ਵਿਚ ਬੈਠ ਕੇ ਖਾਣਾ ਖਾਂਦੇ ਆਂ ਤੇ ਫਿਰ ਕਿਸੇ ਪਾਸੇ ਘੁੰਮਾਂਗੇ।"

ਅਰਵਿੰਦ ਦੀ ਗੱਲ ਸੁਣ ਕੇ ਗੁਪਾਲਾ ਬੋਲਿਆ,

"ਭਾਜੀ, ਬਾਹਰ ਧੁੱਪ ਦੇਖੋ, ਇਹ ਧੁੱਪ ਘੁੰਮਣ ਵਾਲੀ ਨਹੀਂ, ਲੂ ਲਵਾ ਬੈਠੋਂਗੇ। ...ਸਨਸਟਰੋਕ ਵੀ ਹੋ ਜਾਂਦੈ।"

"ਪਰ ਆਹ ਸੌ ਕਰੋੜ ਇੰਡੀਅਨ ਧੁੱਪ ਵਿਚ ਹੀ ਘੁੰਮਦਾ ਫਿਰਦੈ!"

"ਭਾਜੀ, ਇਹ ਵੀਹ ਸਾਲ ਇੰਗਲੈਂਡ ਰਹਿ ਕੇ ਨਹੀਂ ਮੁੜੇ!"

"ਯੂ ਨੋਅ ਗੁਪਾਲੇ, ਬੰਦਾ ਤੂੰ ਤੇਜ਼ ਐਂ ਬਈ। ਗੱਲ ਤੇਰੀ ਠੀਕ ਐ। ਘੁੰਮਣਾਂ ਰਹਿਣ ਦਿੰਦੇ ਆਂ। ਕਿਤੇ ਚੰਗੇ ਜਿਹੇ ਰੈਸਟੋਰੈਂਟ ਵਿਚ ਹੀ ਲੈ ਚੱਲ।"

ਆਖਦਾ ਅਰਵਿੰਦ ਕੁਝ ਸੋਚਣ ਲੱਗਿਆ ਤੇ ਫਿਰ ਮੰਨਤ ਨੂੰ ਬੋਲਿਆ,

"ਯੂ ਨੋਅ, ਮੈਨੂੰ ਤਾਂ ਆਪਣੇ ਹੋਟਲ ਦਾ ਖਾਣਾ ਬਹੁਤ ਪਸੰਦ ਐ। ਉਥੇ ਹੀ ਚੱਲੀਏ, ਕਮਰੇ ਵਿਚ ਬਹਿ ਕੇ ਗੱਲਾਂ ਕਰਾਂਗੇ ਤੇ ਸ਼ਾਮ ਨੂੰ ਤੁਹਾਨੂੰ ਸ਼ਤਾਬਦੀ ਫੜਾ ਦੇਵਾਂਗੇ।"

ਮੰਨਤ ਸ਼ਰਾਰਤ ਨਾਲ ਉਸ ਵਲ ਵਿੰਗਾ-ਵਿੰਗਾ ਦੇਖਣ ਲੱਗੀ। ਅਰਵਿੰਦ ਨੇ ਕਿਹਾ,

"ਦੇਖੋ, ਪਹਿਲਾਂ ਤੁਹਾਡਾ ਟਾਈਮ ਸੀ ਤੇ ਹੁਣ ਮੇਰਾ, ਤੁਸੀਂ ਹੀ ਤਾਂ ਕਿਹਾ ਸੀ।"

ਮੰਨਤ ਹਲਕਾ ਜਿਹਾ ਮੁਸਕ੍ਰਾਈ ਪਰ ਬੋਲੀ ਕੁਝ ਨਾ। ਗੁਪਾਲੇ ਨੇ ਕਾਰ ਤੋਰ ਲਈ। ਉਹਨਾਂ ਨੂੰ ਦੋਨਾਂ ਨੂੰ ਚੁੱਪ ਦੇਖ ਕੇ ਗੁਪਾਲੇ ਨੇ ਕਹਿਣਾ ਸ਼ੁਰੂ ਕੀਤਾ,

"ਭਾਜੀ, ਜਿਹੜੀ ਤੁਸੀਂ ਬੋਲੀ ਖਤਮ ਹੋਣ ਦੀ ਗੱਲ ਕਰਦੇ ਆਂ, ਇਹ ਬਿਲਕੁਲ ਸੱਚ ਆ।"

"ਅੱਛਾ! ਤੂੰ ਕਿੱਦਾਂ ਕਹਿ ਸਕਦਾਂ?"

ਅਰਵਿੰਦ ਨੇ ਪੁੱਛਿਆ। ਮੰਨਤ ਨੇ ਵੀ ਆਪਣੇ ਕੰਨ ਉਸ ਵਲ ਕਰ ਲਏ। ਉਹ ਵੀ ਆਮ ਆਦਮੀ ਦੇ ਵਿਚਾਰ ਸੁਣਨਾ ਚਾਹੁੰਦੀ ਸੀ। ਗੁਪਾਲੇ ਨੇ ਆਖਿਆ,

"ਪੰਜਾਬੀ ਬਹੁਤ ਅਮੀਰ ਜ਼ੁਬਾਨ ਸੀ ਪਰ ਇਹਦੇ ਹਜ਼ਾਰਾਂ ਸ਼ਬਦ ਗੁੰਮ ਹੋ ਗਏ ਆ, ਦੇਖੋ ਹੁਣ ਇਕ ਹਲ਼ ਹੁੰਦਾ ਸੀ ਤੇ ਉਹਦੇ ਵਿਚ ਕਈ ਸ਼ਬਦ ਲੁਕੇ ਬੈਠੇ ਸਨ; ਹਲਸ, ਮੁੰਨਾ, ਹੱਥੀ, ਚਉ, ਫਾਲ਼ਾ, ਕੀਲੀ ਤੇ ਨਾਲ ਹੀ ਓਰਨਾ ਵੀ ਲੱਗਿਆ ਹੁੰਦਾ ਕਈ ਵਾਰ। ਬਲਦਾਂ ਦੀ ਜੋਗ ਲਈ ਪੰਜਾਲੀ ਹੋਣੀ। ਇਕ ਪੰਜਾਲੀ ਵਿਚ ਕਈ ਸ਼ਬਦ ਸਨ; ਅੜਲੀ, ਨੇਤਾ, ਜੋਤ, ਸੰਮੀ ਬਗੈਰਾ।"

"ਯੂ ਨੋਅ, ਗੱਲ ਤਾਂ ਤੇਰੀ ਠੀਕ ਐ ਪਰ ਉਹ ਪੁਰਾਣੇ ਸ਼ਬਦ ਗਏ ਤੇ ਨਵੇਂ ਢੰਗ ਦੀ ਖੇਤੀ ਨਾਲ ਜੁੜੇ ਨਵੇਂ ਸ਼ਬਦ ਆ ਗਏ ਹੋਣੇ ਆਂ। ਟਰੈਕਟਰ ਦੇ ਤੇ ਇੰਜਣ ਦੇ ਪੁਰਜ਼ੇ ਹੀ ਕਿੰਨੀਆਂ ਕਿਸਮਾਂ ਦੇ ਹੁੰਦੇ ਆ। ਹੁਣ ਇਕ ਮੁਬਾਈਲ ਫੋਨ ਦੇ ਨਾਲ ਹੋਰ ਕਿੰਨੇ ਸ਼ਬਦ ਆਏ ਆ। ਏਦਾਂ ਹੀ ਕੰਪਿਊਟਰ ਦੇ ਨਾਲ ਵੀ।"

"ਆ ਤਾਂ ਗਏ ਆ ਪਰ ਭਾਜੀ, ਖੇਤੀ ਦੀ ਹੀ ਇਕ ਮਿਸਾਲ ਲਓ ਕਿ ਕਿੰਨੇ ਨਾਂ ਗੁੰਮ ਹੋਏ ਆ ਤੇ ਉਹਨਾਂ ਦੇ ਬਦਲੇ ਵਿਚ ਆਏ ਬਹੁਤ ਥੋੜੇ ਆ। ਜਿਹੜੇ ਆਏ ਆ ਉਹ ਅੰਗਰੇਜ਼ੀ ਦੇ ਆ।"

"ਇਕੱਲੇ ਖੇਤੀ ਵਿਚ ਹੀ ਨਹੀਂ ਹਰ ਖੇਤਰ ਵਿਚ ਹੀ ਸ਼ਬਦ ਗੁੰਮੇ ਆ ਤੇ ਨਵੇਂ ਆਏ ਆ। ਜਦ ਕੋਈ ਵਸਤੂ ਅਲੋਪ ਹੁੰਦੀ ਐ ਤਾਂ ਉਸ ਦੇ ਨਾਂ ਨੇ ਵੀ ਤਾਂ ਅਲੋਪ ਹੋਣਾ ਹੀ ਹੋਇਆ।"

"ਗੱਲ ਤਾਂ ਤੁਹਾਡੀ ਠੀਕ ਆ ਪਰ ਬੋਲੀ ਨੂੰ ਢਾਅ ਵੀ ਤਾਂ ਏਦਾਂ ਹੀ ਲੱਗਦੀ ਆ। ਪੰਜਾਬੀ ਦੇ ਸ਼ਬਦਾਂ ਬਦਲੇ ਅੰਗਰੇਜ਼ੀ ਦੇ ਆ ਰਹੇ ਆ, ਏਦਾਂ ਆ ਰਹੇ ਆ ਕਿ ਡਰ ਲਗਦਾ ਕਿ ਇਕ ਦਿਨ ਸਾਰੀ ਪੰਜਾਬੀ ਹੀ ਬਦਲੀ ਜਾਣੀ ਆਂ।"

ਗੁਪਾਲਾ ਆਪਣੀ ਗੱਲ 'ਤੇ ਅੜਿਆ ਰਿਹਾ। ਮੰਨਤ ਵੀ ਉਸ ਦਾ ਪੱਖਾ ਲੈਂਦੀ 'ਹਾਂ' ਵਿਚ ਸਿਰ ਮਾਰਦੀ ਜਾ ਰਹੀ ਸੀ। ਉਹ ਕਹਿਣ ਲੱਗੀ,

"ਅਰਵਿੰਦ ਜੀ, ਇਹ ਮੁੰਡੇ ਦੀ ਗੱਲ ਸੱਚ ਏ ਕਿ ਨਵੀਂ ਟੈਕਨੋਲੌਜੀ ਏਨੇ ਨਵੇਂ ਸ਼ਬਦ ਨਹੀਂ ਲਿਆ ਰਹੀ ਜਿੰਨੇ ਮਾਰ ਰਹੀ ਏ। ਫਿਰ ਏਸ ਮੁੰਡੇ ਦੀ ਇਹ ਗੱਲ ਵੀ ਸੱਚੀ ਏ ਕਿ ਜਿਹੜੇ ਸ਼ਬਦ ਆ ਵੀ ਰਹੇ ਨੇ ਉਹ ਅੰਗਰੇਜ਼ੀ ਦੇ ਨੇ।"

"ਯੂ ਨੋਅ, ਹਰ ਭਾਸ਼ਾ ਵਿਚ ਏਹੀ ਹੁੰਦੈ, ਪੁਰਾਣੇ ਸ਼ਬਦ ਗੁਆਚਦੇ ਰਹਿੰਦੇ ਆ। ਅੱਜ ਤੋਂ ਸੌ ਸਾਲ ਪਹਿਲਾਂ ਛਪੀ ਅੰਗੇਰਜ਼ੀ ਦੀ ਕਿਤਾਬ ਪੜ੍ਹ ਕੇ ਦੇਖੋ, ਬਹੁਤੇ ਲਫਜ਼ਾਂ ਲਈ ਤੁਹਾਨੂੰ ਡਿਕਸ਼ਨਰੀ ਦੇਖਣੀ ਪਏਗੀ। ਬਾਈਬਲ ਦੀ ਅੰਗਰੇਜ਼ੀ ਤਾਂ ਪੜ੍ਹੀ ਹੀ ਨਹੀਂ ਜਾਂਦੀ। ਏਦਾਂ ਅੰਗਰੇਜ਼ੀ ਵਿਚ ਵੀ ਹੋ ਰਿਹਾ ਤੇ ਹੋਰਨਾਂ ਜ਼ੁਬਾਨਾਂ ਵਿਚ ਵੀ।"

ਅਰਵਿੰਦ ਨੇ ਆਖਿਆ। ਉਹ ਗੁਪਾਲੇ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਰਿਹਾ ਸੀ ਕਿ ਇਕ ਡਰਾਈਵਰ ਦੀ ਏਨੀ ਜਾਣਕਾਰੀ। ਉਸ ਨੇ ਕਿਹਾ,

"ਗੁਪਾਲੇ, ਮੈਨੂੰ ਲੱਗਦਾ ਕਿ ਤੁਸੀਂ ਹਾਲੇ ਵੀ ਪੁਰਾਣੇ ਤਰੀਕੇ ਨਾਲ ਖੇਤੀ ਕਰਦੇ ਓ ਨਹੀਂ ਤਾਂ ਤੇਰੀ ਉਮਰ ਦੇ ਮੁੰਡੇ ਨੂੰ ਪੁਰਾਣੇ ਸੰਦਾਂ ਦੇ ਨਾਂ ਕਿਥੋਂ ਆਉਣੇ ਹੋਏ।"

"ਨਹੀਂ ਭਾਜੀ, ਖੇਤੀ ਲਈ ਤਾਂ ਅੱਜਕੱਲ ਚਾਰ ਕਨਾਲ ਵਾਲੇ ਵੀ ਟਰੈਕਟਰ ਲਈ ਫਿਰਦੇ ਆ। ਏਹ ਤਾਂ ਸਾਡੇ ਘਰ ਖੇਤੀ ਦਾ ਸਾਰਾ ਸਮਾਨ ਪਿਆ ਹਾਲੇ ਤੇ ਮੇਰੀ ਜ਼ਰਾ ਕੁ ਦਿਲਚਸਪੀ ਵੀ ਹੈਗੀ। ਓਦਾਂ ਮੇਰੇ ਡੈਡੀ ਨੂੰ ਗੱਡੀਆਂ ਦੁੜਾਉਣ ਦਾ ਸ਼ੌਂਕ ਆ ਏਸ ਲਈ ਗੱਡੀ ਤੇ ਬਲਦਾਂ ਦੀ ਜੋੜੀ ਰੱਖੀ ਹੋਈ ਆ ਪਰ ਖੇਤੀ ਨਹੀਂ ਕਰਦੇ ਉਹਨਾਂ ਨਾਲ।"

ਗੁਪਾਲਾ ਗੱਲ ਕਰਦਾ ਰੁਕਿਆ ਤੇ ਫਿਰ ਬੋਲਿਆ,

"ਹੁਣ ਗੱਡਾ ਹੀ ਦੇਖ ਲਓ, ਓਹਦੇ ਕਿੰਨੇ ਹਿੱਸੇ ਹੁੰਦੇ ਆ; ਜੁੰਗਲਾ, ਜੋਤ, ਊਟਣਾ, ਪਿੰਜਣ, ਫੱਟੇ, ਮੋਹੜੀ, ਮੁੰਨੀਆਂ ਤੇ ਹੋਰ ਪਤਾ ਨਹੀਂ ਕੀ ਕੀ। ਇਕੱਲੇ ਪਹੀਏ ਵਿਚ ਹੀ ਪੰਜ ਨਾਵਾਂ ਵਾਲੀਆਂ ਚੀਜ਼ਾਂ ਵਰਤੀਆਂ ਜਾਂਦੀਆਂ। ਮੈਂ ਤਾਂ ਗੱਡੀ ਨੂੰ ਬਾਂਗਦਾ ਵੀ ਹੁੰਨਾ ਪਰ ਅੱਜਕੱਲ ਚਮੜੇ ਦੀਆਂ ਕੱਥਾਂ ਨਹੀਂ ਮਿਲਦੀਆਂ।"

ਮੰਨਤ ਉਸ ਦੀਆਂ ਗੱਲਾਂ ਸੁਣਦੀ ਅਰਵਿੰਦ ਵਲ ਕਿਸੇ ਜੇਤੂ ਵਾਂਗ ਦੇਖਦੀ ਜਾ ਰਹੀ ਸੀ। ਅਰਵਿੰਦ ਨੇ ਹੱਸਦਿਆਂ ਆਖਿਆ,

"ਗੁਪਾਲੇ ਤੂੰ ਤੇ ਬਈ ਕੋਈ ਪੁਰਾਣਾ ਬਾਬਾ ਬਜ਼ੁਰਗ ਲੱਗਦਾਂ।"

ਜਦ ਤਕ ਉਹਨਾਂ ਦਾ ਹੋਟਲ ਵੀ ਆ ਚੁੱਕਿਆ ਸੀ।

ਉਹ ਆਪਣੇ ਕਮਰੇ ਵਿਚ ਆ ਗਏ। ਮੰਨਤ ਕਮਰੇ ਨੂੰ ਧਿਆਨ ਨਾਲ ਦੇਖਣ ਲੱਗੀ ਜਿਵੇਂ ਪਹਿਲੀ ਵਾਰ ਦੇਖ ਰਹੀ ਹੋਵੇ। ਅਰਵਿੰਦ ਨੇ ਏ. ਸੀ. ਔਨ ਕਰ ਦਿਤਾ ਤੇ ਮਿੰਟਾਂ ਵਿਚ ਹੀ ਕਮਰੇ ਵਿਚ ਠੰਡ ਫੈਲਣ ਲੱਗੀ। ਅਰਵਿੰਦ ਨੇ ਪੁੱਛਿਆ,

"ਮੈਡਮ, ਖਾਣ-ਪੀਣ ਦਾ ਕੀ ਇਰਾਦਾ ਐ, ਕਮਰੇ ਵਿਚ ਹੀ ਰੋਟੀ ਮੰਗਵਾ ਲੈਨੇ ਆਂ ਕਿ ਨਹੀਂ?"

"ਜਿਵੇਂ ਤੁਹਾਡੀ ਮਰਜ਼ੀ। ਸਾਢੇ ਚਾਰ ਵਜੇ ਮੈਂ ਟਰੇਨ ਫੜਨੀ ਏਂ, ਬਾਕੀ ਸਭ ਤੁਹਾਡੇ 'ਤੇ।"

"ਕੀ ਪੀਓਂਗੇ?"

"ਕੁਝ ਵੀ ਨਹੀਂ।"

"ਵਾਈਨ ਜਾਂ ਰਾਤ ਵਾਲੀ ਮੈਲਬੂ?"

"ਕੁਝ ਵੀ ਨਹੀਂ। ਦਿਨ ਵੇਲੇ ਕੌਣ ਸ਼ਰਾਬ ਪੀਂਦਾ ਹੁੰਦਾ ਏ?"

"ਨਸ਼ਾ ਕਰਨ ਦਾ ਵੀ ਕੋਈ ਵਕਤ ਹੁੰਦੈ! ਮੈਂ ਤਾਂ ਅੱਜ ਕਈ ਸ਼ਰਾਬਾਂ ਪੀਣ ਦੇ ਮੂਡ ਵਿਚ ਆਂ, 'ਨਸ਼ਾ ਬੜਤਾ ਹੈ ਜਬ ਸ਼ਰਾਬ ਸ਼ਰਾਬੋਂ ਮੇਂ ਮਿਲੇ!"

ਕੋਈ ਜਵਾਬ ਦਿਤੇ ਬਿਨਾਂ ਉਹ ਅਰਵਿੰਦ ਵੱਲ ਦੇਖਦੀ ਜਾ ਰਹੀ ਸੀ। ਬਿਨਾਂ ਕਿਸੇ ਉਜਰ ਦੇ। ਮੰਨਤ ਨੇ ਉਸ ਨੂੰ ਘੜੀ ਵਲ ਇਸ਼ਾਰਾ ਕੀਤਾ। ਅਰਵਿੰਦ ਉਸ ਨੂੰ ਬਾਹਾਂ ਵਿਚ ਲੈਂਦਾ ਬੋਲਿਆ,

"ਯੂ ਨੋਅ ਮੰਨਤ ਯਾਰ, ਅਜ ਏਦਾਂ ਹੀ ਰਹਿ ਜਾ ਮੇਰੇ ਕੋਲ। ਸਵੇਰੇ ਇਕੱਠੇ ਚਲਾਂਗੇ।"

ਮੰਨਤ ਨੇ ਜ਼ਰਾ ਕੁ ਸੋਚਿਆ ਫਿਰ ਸੁਸਤ ਜਿਹੀ ਅਵਾਜ਼ ਵਿਚ ਬੋਲੀ,

"ਤੁਸੀਂ ਤਾਂ ਦਿੱਲੀ ਦੇਖਣੀ ਸੀ!"

"ਦਿੱਲੀ ਹੀ ਦੇਖ ਰਿਹਾਂ ਮੈਡਮ!"

## ਪੰਜ

ਤੜਕਸਾਰ ਹੀ ਉਸ ਦੇ ਮੁਬਾਈਲ ਦੀ ਘੰਟੀ ਵੱਜਣ ਲੱਗ ਪਈ। ਉਸ ਨੇ ਉਠ ਕੇ ਵਕਤ ਦੇਖਿਆ। ਹਾਲੇ ਤਿੰਨ ਹੀ ਵੱਜੇ ਸਨ। ਵੇਲਾਂ ਦਾ ਫੋਨ ਸੀ। ਦਰਸ਼ੀਲ ਨੇ ਉਸ ਨੂੰ ਨੰਬਰ ਦੇ ਦਿਤਾ ਹੋਵੇਗਾ। ਵੇਲਾਂ ਹੈਲੋ ਕਹੇ ਬਿਨਾਂ ਹੀ ਉੱਚੀ ਸੁਰ ਵਿਚ ਸ਼ੁਰੂ ਹੋ ਗਈ,

"ਤੁਸੀਂ ਸ਼ੋਅਰ ਹੋ ਕਿ ਕੀਰਤ ਪੁਰ ਜਾ ਆਏ ਔ?"

"ਤੈਨੂੰ ਮੇਰੇ 'ਤੇ ਯਕੀਨ ਨਹੀਂ? ਪਹਿਲਾਂ ਮੈਂ ਕਦੇ ਝੂਠ ਬੋਲਿਆ?"

"ਏਸ ਮਾਮਲੇ ਵਿਚ ਤੁਸੀਂ ਝੂਠ ਬੋਲ ਸਕਦੇ ਔ, ...ਮੈਂ ਟਾਈਮ ਦਾ ਹਿਸਾਬ ਲਾ ਕੇ ਦੇਖ ਰਹੀ ਸੀ, ਤੁਸੀਂ ਏਨੀ ਜਲਦੀ ਕੀਰਤ ਪੁਰ ਜਾ ਕੇ ਵਾਪਸ ਨਹੀਂ ਆ ਸਕਦੇ। ਨਾਲੇ ਕਿਹੜਾ ਇਕ ਵਾਰ ਪੰਜਾਬ ਜਾ ਕੇ ਦੋ ਸੌ ਮੀਲ ਮੁੜ ਕੇ ਦਿੱਲੀ ਨੂੰ ਆਏਗਾ। ਕੁਝ ਅਕਲ ਕਰੋ, ਜਲਦੀ ਜਾਓ ਤੇ ਬਾਪੂ ਜੀ ਦੇ ਅਸਤ ਜਲ ਪ੍ਰਵਾਹ ਕਰਕੇ ਆਓ।"

ਵੇਲਾਂ ਉਸ ਦੀ ਗੱਲ ਸੁਣੇ ਬਿਨਾਂ ਬੋਲੀ ਜਾ ਰਹੀ ਸੀ। ਗੁੱਸੇ ਵਿਚ ਆਏ ਅਰਵਿੰਦ ਨੇ ਫੋਨ ਹੀ ਕੱਟ ਦਿਤਾ। ਮੰਨਤ ਨਾਲ ਪਏ ਹੋਣ ਕਰਕੇ ਉਹ ਲੜਾਈ ਵੀ ਨਹੀਂ ਸੀ ਕਰ ਸਕਦਾ ਤੇ ਇਸ ਵਿਸ਼ੇ 'ਤੇ ਵੀ ਕੁਝ ਨਹੀਂ ਸੀ ਕਹਿ ਸਕਦਾ। ਮੰਨਤ ਨੇ ਪਾਸਾ ਲਿਆ। ਇਸ ਦਾ ਮਤਲਬ ਉਹ ਜਾਗ ਰਹੀ ਸੀ। ਅਰਵਿੰਦ ਨੇ ਆਖਿਆ,

"ਗੁੱਡ ਮੌਰਨਿੰਗ, ਡਾਕਟਰ ਮੰਨਤ ਗਰੇਵਾਲ!"

ਮੰਨਤ ਉਠ ਕੇ ਬੈਠ ਗਈ ਤੇ 'ਗੁੱਡ ਮੌਰਨਿੰਗ ਦਾ ਜਵਾਬ ਦਿਤੇ ਬਿਨਾਂ ਪੁੱਛਣ ਲੱਗੀ,

''ਸਭ ਠੀਕ ਤਾਂ ਹੈ ਨਾ?''

''ਯੂ ਨੋਅ, ਜਸਟ ਵਿਮਿਨ ਪ੍ਰੌਬਲਮ!''

ਅਰਵਿੰਦ ਨੇ ਆਖਿਆ। ਮੰਨਤ ਜ਼ਰਾ ਕੁ ਹੱਸੀ ਤੇ ਨਾਈਟੀ ਪਾਉਂਦੀ ਹੋਈ ਬਾਥਰੂਮ ਵਿਚ ਜਾ ਵੜੀ। ਉਹਨਾਂ ਦੇ ਉਠਣ ਦਾ ਸਮਾਂ ਵੀ ਹੋਣ ਵਾਲਾ ਹੀ ਸੀ। ਉਹ ਸਵੇਰੇ ਪੰਜ ਕੁ ਵਜੇ ਚੱਲਣ ਦਾ ਵਿਚਾਰ ਬਣਾ ਕੇ ਹੀ ਸੁੱਤੇ ਸਨ। ਮੰਨਤ ਨੇ ਸ਼ਾਵਰ ਲਿਆ ਤੇ ਮਗਰੇ ਹੀ ਅਰਵਿੰਦ ਨੇ। ਨਹਾ ਕੇ ਤਿਆਰ ਹੁੰਦਿਆਂ ਅਰਵਿੰਦ ਨੇ ਚਾਹ ਦਾ ਆਡਰ ਦੇ ਦਿਤਾ ਤੇ ਨਾਲ ਹੀ ਗੁਪਾਲੇ ਨੂੰ ਫੋਨ ਵੀ ਕਰ ਦਿੱਤਾ। ਹੋਟਲ ਵਾਲਿਆਂ ਨੇ ਡਰਾਈਵਰਾਂ ਲਈ ਅਲੱਗ ਕਮਰੇ ਬਣਾਏ ਹੋਏ ਸਨ। ਗੁਪਾਲੇ ਦਾ ਦਿੱਲੀ ਵਿਚ ਹੋਰ ਪਾਸੇ ਰਹਿਣ ਦਾ ਇੰਤਜ਼ਾਮ ਹੈਗਾ ਸੀ ਪਰ ਸਵੇਰੇ ਜਲਦੀ ਉਠਣਾ ਕਰਕੇ ਉਹ ਹੋਟਲ ਵਿਚ ਹੀ ਠਹਿਰ ਗਿਆ ਸੀ।

ਜਦ ਅਰਵਿੰਦ ਨੇ ਮੰਨਤ ਨੂੰ ਆਪਣੇ ਨਾਲ ਠਹਿਰਨ ਲਈ ਕਿਹਾ ਤਾਂ ਉਹ ਨਾਂਹ ਨਹੀਂ ਸੀ ਕਰ ਸਕੀ। ਉਸ ਨੂੰ ਅਰਵਿੰਦ ਦਾ ਸਾਥ ਬਹੁਤ ਚੰਗਾ ਲੱਗਣ ਲੱਗਿਆ ਸੀ। ਉਸ ਨੇ ਫੋਨ ਕਰਕੇ ਆਪਣੀਆਂ ਬੱਚੀਆਂ ਨੂੰ ਤੇ ਪਤੀ ਨੂੰ ਦੱਸ ਦਿਤਾ ਸੀ ਕਿ ਉਸ ਦੀ ਸ਼ਤਾਬਦੀ ਨਿਕਲ ਗਈ ਸੀ ਤੇ ਹੁਣ ਉਹ ਸਵੇਰ ਵਾਲੀ ਬੱਸ ਵਿਚ ਹੀ ਆਵੇਗੀ। ਰਾਤ ਨੂੰ ਬੱਸ ਵਿਚ ਸਫਰ ਕਰਨਾ ਬਹੁਤਾ ਸਰੱਖਿਅਤ ਨਹੀਂ ਸੀ ਸਮਝਿਆ ਜਾਂਦਾ। ਪਹਿਲਾਂ ਵੀ ਕੁਝ-ਇਕ ਵਾਰ ਇਵੇਂ ਹੋ ਚੁੱਕੀ ਸੀ। ਸਵੇਰੇ ਉਠਦੀ ਉਹ ਬਹੁਤ ਖੁਸ਼ ਸੀ। ਬਹੁਤ ਦੇਰ ਬਾਅਦ ਉਸ ਨੂੰ ਮਨ-ਪਸੰਦ ਬੰਦੇ ਦਾ ਸਾਥ ਮਾਣਨ ਦਾ ਮੌਕਾ ਮਿਲਿਆ ਸੀ। ਉਸ ਦਾ ਦਿਲ ਕਰਦਾ ਸੀ ਕਿ ਹਾਲੇ ਹੋਰ ਸਮਾਂ ਬਿਸਤਰ ਵਿਚ ਗੁਜ਼ਾਰੇ ਪਰ ਅਰਵਿੰਦ ਤਿਆਰ ਹੋਇਆ ਖੜਾ ਸੀ। ਉਸ ਨੂੰ ਜਾਣ ਦੀ ਕਾਹਲੀ ਸੀ।

ਗੁਪਾਲਾ ਆ ਗਿਆ ਤੇ ਬੋਲਿਆ,

''ਭਾਜੀ, ਆਪਾਂ ਜਲਦੀ ਨਿਕਲ ਚੱਲੀਏ, ਲੇਟ ਹੋ ਗਏ ਤਾਂ ਟਰੈਫਿਕ ਪੈ ਜਾਂਦਾ।''

''ਤੂੰ ਏਦਾਂ ਕਰ ਸਾਰਾ ਸਮਾਨ ਗੱਡੀ ਵਿਚ ਰੱਖ ਤੇ ਅਸੀਂ ਰਿਸੈਪਸ਼ਨ 'ਤੇ ਜਾ ਕੇ ਹਿਸਾਬ ਕਰ ਦਿੰਨੇ ਆਂ।''

ਆਖ ਕੇ ਅਰਵਿੰਦ ਰਿਸੈਪਸ਼ਨ 'ਤੇ ਆ ਕੇ ਮੈਨੇਜਰ ਨਾਲ ਹਿਸਾਬ ਕਰਨ ਲੱਗ ਪਿਆ। ਹਿਸਾਬ ਕਰਕੇ ਉਹ ਤੇ ਮੰਨਤ ਵੀ ਕਾਰ ਵਿਚ ਜਾ ਬੈਠੇ। ਉਹ ਦੋਵੇਂ ਪਿਛਲੀਆਂ ਸੀਟਾਂ 'ਤੇ ਹੀ ਬੈਠ ਗਏ ਤਾਂ ਜੋ ਗੱਲਬਾਤ ਕਰਨ ਵਿਚ ਅਸਾਨੀ ਰਹੇ। ਗੁਪਾਲੇ ਨੇ ਫਿਰ ਆਖਿਆ,

''ਭਾਜੀ, ਆਪਣੇ ਫੋਨ ਚਾਰਜ ਕਰਨੇ ਹੋਣ ਤਾਂ ਚਾਰਜਰ ਲੱਗੇ ਹੋਏ ਆ। ਜੇ ਆਈਫੋਨ ਵੀ ਚਾਰਜ ਕਰਨਾ ਤਾਂ ਆਹ ਯੂ. ਐਸ. ਬੀ. ਦਾ ਕੁਨੈਕਸ਼ਨ ਵੀ ਹੈਗਾ ਤੇ ਤਾਰ ਵੀ।''

ਅਰਵਿੰਦ ਨੇ ਆਪਣਾ ਆਈਫੋਨ ਗੁਪਾਲੇ ਨੂੰ ਫੜਾ ਦਿੱਤਾ ਜਿਸ ਨੂੰ ਰਾਤੀਂ ਉਹ ਚਾਰਜ 'ਤੇ ਲਾਉਣਾ ਭੁੱਲ ਗਿਆ ਸੀ। ਬਾਹਰ ਰੌਸ਼ਨੀ ਹੋਣ ਲੱਗ ਪਈ ਸੀ। ਮੰਨਤ ਨੂੰ ਉਹਨਾਂ ਨੇ ਲੁਧਿਆਣੇ ਉਤਾਰ ਦੇਣਾ ਸੀ। ਤੈਅ ਹੋਇਆ ਕਿ ਬਾਈ-ਪਾਸ 'ਤੇ ਕਿਤੇ ਵੀ ਉਤਾਰ ਦੇਣਗੇ ਤੇ ਅੱਗੇ ਉਹ ਔਟੋ ਲੈ ਕੇ ਚਲੇ ਜਾਵੇਗੀ। ਕਰਦੇ-ਕਰਾਉਂਦੇ ਉਹ ਲੇਟ ਹੀ ਚੱਲ ਸਕੇ। ਪਹਿਲੇ ਦਿਨ ਦਿੱਲੀ ਪੁੱਜਣ ਤੋਂ ਮਗਰੋਂ ਅਰਵਿੰਦ ਅੱਜ ਦਿੱਲੀ ਵਿਚ ਦੀ ਲੰਘ ਰਿਹਾ ਸੀ। ਦਿੱਲੀ ਦਾ ਕੋਹਝ ਉਸ ਦੀਆਂ ਅੱਖਾਂ ਨੂੰ ਤੰਗ ਕਰਨ ਲੱਗਿਆ। ਉਹ ਸੋਚਦਾ ਸੀ ਕਿ ਕਿਉਂ ਨਹੀਂ ਸਰਕਾਰ ਫੁੱਟਪਾਥ 'ਤੇ ਰਹਿੰਦੇ ਲੋਕਾਂ ਲਈ ਕੁਝ ਕਰਦੀ। ਸ਼ਿੰਦੇ ਡਰਾਈਵਰ ਵਾਂਗ ਹੀ ਗੁਪਾਲਾ ਵੀ ਦੁਆਲੇ ਦੀਆਂ ਇਮਾਰਤਾਂ ਬਾਰੇ, ਫਲਾਈਓਵਰਾਂ ਤੇ ਮੈਟਰੋ ਦੀਆਂ ਲਾਈਨਾਂ ਬਾਰੇ ਦੱਸਦਾ ਜਾ ਰਿਹਾ ਸੀ। ਵਿਚ ਵਿਚ ਮੰਨਤ ਵੀ ਜਾਣਕਾਰੀ ਦੇਣ ਲੱਗਦੀ। ਅਰਵਿੰਦ ਨੇ ਆਖਿਆ,

''ਯੂ ਨੋਅ, ਇਕ ਪਾਸੇ ਏਨੀ ਗਰੀਬੀ ਦੇ ਬਾਵਜੂਦ ਵੀ ਵਾਕਿਆ ਹੀ ਦਿੱਲੀ ਬਹੁਤ ਤਰੱਕੀ ਕਰ ਰਹੀ ਐ।''

''ਅਰਵਿੰਦ ਸਿੰਘ ਸਾਹਿਬ, ਦਿੱਲੀ ਹੀ ਨਹੀਂ ਪੂਰਾ ਇੰਡੀਆ ਤਰੱਕੀ ਕਰ ਰਿਹਾ ਏ, ਤੁਸੀਂ ਵੀਹ ਸਾਲ ਬਾਅਦ ਆਏ ਓ ਇਸ ਲਈ ਤੁਸੀਂ ਸਾਡੇ ਤੋਂ ਬਿਹਤਰ ਸਮਝ ਸਕਦੇ ਓ। ਵੈਸੇ ਇਹ ਵੀ ਸੱਚ ਏ ਕਿ ਗਰੀਬ-ਅਮੀਰ ਦਾ ਫਰਕ ਇਸ ਵੇਲੇ ਬਹੁਤ ਵੱਡਾ ਏ ਤੇ ਦਿਨੋ-ਦਿਨ ਇਹ ਵਧ ਰਿਹਾ ਏ।''

''ਹਾਂ ਦੇਖ ਰਿਹਾਂ, ਇੰਡੀਆ ਸ਼ਾਈਨਿੰਗ ਵਾਲੀ ਗੱਲ ਤਾਂ ਮੈਂ ਓਥੇ ਵੀ ਪੜ੍ਹਦਾ-ਸੁਣਦਾ ਰਹਿੰਨਾ। ਪਰ ਆਹ ਸੜਕਾਂ ਉਪਰਲਾ ਗੰਦ, ਆਹ ਰੁਲ਼ਦੇ ਫਿਰਦੇ ਪਸ਼ੂ ਤੇ ਅਵਾਰਾ ਕੁੱਤੇ ਮੈਨੂੰ ਬਹੁਤ ਚੁੱਭ ਰਹੇ ਆ।''

ਉਹ ਥੋੜਾ ਅੱਗੇ ਗਏ ਤਾਂ ਇਕ ਗਊ ਸੜਕ ਦੇ ਵਿਚਕਾਰ ਬੈਠੀ ਸੀ। ਗੁਪਾਲਾ ਉਸ ਵੱਲ ਇਸ਼ਾਰਾ ਕਰਦਾ ਬੋਲਿਆ,

''ਭਾਜੀ, ਇਕ ਪਾਸੇ ਲੋਕ ਗਾਂ ਨੂੰ ਮਾਤਾ ਕਹਿੰਦੇ ਆ ਪਰ ਢੇਰਾਂ ਦਾ ਗੰਦ ਖਾ ਰਹੀ ਏਸ ਮਾਂ ਲਈ ਆਸ਼ਰਮ ਤਾਂ ਬਣਾ ਨਹੀਂ ਸਕਦੇ ਤੇ ਨਾ ਹੀ ਕਿਸੇ ਨੂੰ ਇਜਾਜ਼ਤ ਦਿੰਦੇ ਆ ਕਿ ਏਹਨਾਂ ਨੂੰ ਕਿਸੇ ਹੋਰ ਤਰੀਕੇ ਨਾਲ ਗਾਇਬ ਕਰ ਦੇਣ। ਪਾਕਿਸਤਾਨ ਵਿਚ ਜਾਹ ਤਾਂ ਏਦਾਂ ਕੋਈ ਅਵਾਰਾ ਗਾਂ ਦਿੱਸ ਜਾਵੇ।''

ਗੱਲ ਕਰਕੇ ਉਹ ਹੱਸਣ ਲੱਗਿਆ। ਕੁਝ ਦੇਰ ਬਾਅਦ ਉਹ ਬਾਂਦਰਾਂ ਦੇ ਇਕ ਝੁੰਡ ਵੱਲ ਇਸ਼ਾਰਾ ਕਰਦਾ ਬੋਲਿਆ,

''ਦੇਖੋ, ਏਹਨਾਂ ਹਨੂਮਾਨਾਂ ਨੂੰ, ਏਹਨਾਂ ਨੇ ਵੀ ਦਿੱਲੀ ਵਿਚ ਆਤੰਕ ਖਿਲਾਰਿਆ ਪਿਆ। ਘਰਾਂ ਦੀਆਂ ਛੱਤਾਂ 'ਤੇ ਰਾਜ ਆ ਏਹਨਾਂ ਦਾ। ਚੀਜ਼ ਚੁੱਕ ਕੇ ਦੌੜ ਜਾਂਦੇ ਆ। ਕਈ ਵਾਰ ਤਾਂ ਇਹ ਬੱਚੇ ਵੀ ਚੁੱਕ ਲੈ ਜਾਂਦੇ ਆ, ਏਹਨਾਂ ਨੂੰ ਕੁਝ ਕਹੋ ਤਾਂ ਏਹਨਾਂ ਦੇ ਭਗਤ ਜਲੂਸ ਕੱਢਣ ਲੱਗਦੇ ਆ। ...ਏਹਨੂੰ ਕਹਿੰਦੇ ਆ; ਹਿੰਦੁਸਤਾਨ ਹਮਾਰਾ!''

ਗੱਡੀ ਚਲਾਉਂਦਾ ਉਹ ਲੋਕਾਂ ਬਾਰੇ ਟਿੱਪਣੀਆਂ ਵੀ ਕਰੀ ਜਾ ਰਿਹਾ ਸੀ। ਕਿਸੇ ਵੱਲ ਇਸ਼ਾਰਾ ਕਰਦਾ ਆਖਦਾ ਕਿ ਦੇਖੋ, ਉਹ ਫਾਲ਼ੇ ਹੋਏ ਬੌਲਦ ਵਾਂਗ ਤੁਰ ਰਿਹਾ ਸੀ। ਕਿਸੇ ਨੂੰ ਕਹਿੰਦਾ ਕਿ ਉਹ ਮਤਾੜੇ ਹੋਏ ਝੋਟੇ ਵਾਂਗ ਸਿਰ ਮਾਰਦਾ ਜਾ ਰਿਹਾ ਸੀ। ਮੰਨਤ ਦੇ ਚਿਹਰੇ ਤੋਂ ਜਾਪਦਾ ਸੀ ਕਿ ਉਸ ਨੂੰ ਗੁਪਾਲੇ ਦੀਆਂ ਗੱਲਾਂ ਬਹੁਤੀਆਂ ਚੰਗੀਆਂ ਨਹੀਂ ਸਨ ਲੱਗ ਰਹੀਆਂ। ਡਰਾਈਵਰ ਨਾਲ ਏਨਾ ਘੁਲ਼ ਕੇ ਗੱਲਾਂ ਕਰਨੀਆਂ ਉਸ ਨੂੰ ਪਸੰਦ ਨਹੀਂ ਸਨ। ਉਸ ਤੋਂ ਇਕ ਵਿੱਥ ਰੱਖਣੀ ਜ਼ਰੂਰੀ ਸੀ। ਅਰਵਿੰਦ ਵੀ ਸਮਝ ਗਿਆ। ਉਸ ਨੇ ਗੁਪਾਲੇ ਨੂੰ ਕਿਹਾ,

''ਯੂ ਨੋਅ, ਤੂੰ ਹੁਣ ਗੈਸ-ਪੈਡਲ 'ਤੇ ਪੈਰ ਦੇਈ ਚੱਲ, ਅਸੀਂ ਜ਼ਰਾ ਆਪਣੀਆਂ ਕੁਝ ਗੱਲਾਂ ਡਿਸਕੱਸ ਕਰ ਲਈਏ, ਦੋ ਰੱਸੇ ਸੂਰਜ ਚੜ੍ਹੇ 'ਤੇ ਕਿਤੇ ਨਾਸ਼ਤੇ ਲਈ ਰੋਕ ਲਈਂ।''

ਅਰਵਿੰਦ ਨੂੰ 'ਰੱਸਾ ਭਰ ਸੂਰਜ' ਵਾਲੀ ਪੁਰਾਣੀ ਕਹਾਵਤ ਅਚਾਨਕ ਚੇਤੇ ਆ ਗਈ ਸੀ। ਗੁਪਾਲਾ ਹੁਕਮ ਮੰਨਦਾ ਕਾਰ ਚਲਾਉਣ 'ਤੇ ਧਿਆਨ ਦੇਣ ਲੱਗਿਆ। ਹਾਲੇ ਸੜਕਾਂ 'ਤੇ ਟਰੈਫਿਕ ਬਹੁਤਾ ਨਹੀਂ ਸੀ। ਅਰਵਿੰਦ ਨੇ ਮੰਨਤ ਨੂੰ ਪੁੱਛਿਆ,

"ਤੁਸੀਂ ਸਾਹਿਤ ਪੜ੍ਹਦੇ-ਪੜ੍ਹਾਉਂਦੇ ਹੋ, ਸਾਹਿਤ ਤੋਂ ਬਿਨਾਂ ਵੀ ਕੁਝ ਪੜ੍ਹਦੇ ਓ?"

"ਕੀ ਮਤਲਬ ਤੁਹਾਡਾ?"

"ਮੇਰਾ ਮਤਲਬ ਕਿ ਸਾਹਿਤ ਤਾਂ ਸਾਰਾ ਫਿਕਸ਼ਨ ਐ, ਨੌਨ-ਫਿਕਸ਼ਨ ਵੀ ਪੜ੍ਹਦੇ ਓ?"

"ਮੇਰਾ ਤਾਂ ਸਾਰਾ ਕੰਮ ਹੀ ਅਲੋਚਨਾ 'ਤੇ ਏ।"

"ਉਹ ਤਾਂ ਸਾਹਿਤ ਦੀ ਅਲੋਚਨਾ ਹੀ ਹੋਈ ਨਾ।"

"ਹੁਣ ਤਾਂ ਮੈਂ ਉਹੀ ਪੜ੍ਹਦੀ ਆਂ ਜੋ ਕੁਝ ਮੈਂ ਪੜ੍ਹਾਉਣਾ ਹੋਵੇ ਪਰ ਪਹਿਲਾਂ ਬਹੁਤ ਪੜ੍ਹਿਆ। ਅੰਗਰੇਜ਼ੀ ਦੇ ਵੀ ਬਹੁਤ ਨਾਵਲ ਪੜ੍ਹੇ ਤੇ ਹਿੰਦੀ ਦੇ ਵੀ।"

ਉਸ ਨੇ ਦੱਸਿਆ। ਫਿਰ ਸੋਚਦੀ ਹੋਈ ਪੁੱਛਣ ਲੱਗੀ,

"ਅੱਜਕੱਲ ਅੰਗਰੇਜ਼ੀ ਦਾ ਕਿਹੜਾ ਲੇਖਕ ਟੌਪ 'ਤੇ ਏ?"

"ਮੇਰਾ ਖਿਆਲ ਨੋਇਮ ਚੌਮਸਕੀ ਐ, ਓਹਨੂੰ ਹੀ ਵੱਡਾ ਥਿੰਕਰ ਮੰਨਿਆ ਜਾ ਰਿਹਾ ਐ।"

"ਮੇਰਾ ਮਤਲਬ ਨੌਵਲਿਸਟ।"

"ਯੂ ਨੋਅ, ਮੈਂ ਫਿਕਸ਼ਨ ਨਹੀਂ ਪੜ੍ਹਦਾ। ਮੈਂ ਦੱਸਿਆ ਸੀ ਨਾ ਕਿ ਮੈਂ ਇਤਿਹਾਸ ਦਾ ਵਿਦਿਆਰਥੀ ਆਂ। ਹਾਂ, ਅੱਜਕੱਲ ਮੈਂ ਦੱਖਣੀ ਅਮਰੀਕਾ ਦਾ ਇਤਿਹਾਸ ਪੜ੍ਹ ਰਿਹਾਂ, ਜਿਵੇਂ ਦੱਸਿਆ ਸੀ ਕਿ ਮੈਂ ਇੰਡੀਅਨ ਡਾਇਸਪੋਰੇ ਉਪਰ ਇਕ ਪਰੋਜੈਕਟ ਵੀ ਸ਼ੁਰੂ ਕੀਤਾ ਹੋਇਐ।"

"ਫਿਕਸ਼ਨ ਕਿਉਂ ਨਹੀਂ ਪੜ੍ਹਦੇ? ਸਾਹਿਤ ਤਾਂ ਸਮਾਜ ਦਾ ਸ਼ੀਸ਼ਾ ਹੁੰਦਾ ਏ।"

"ਮੈਂ ਸਮਾਜ ਨੂੰ ਸਾਖਸ਼ਾਤ ਦੇਖ ਰਿਹਾਂ, ਫੇਰ ਫਰਜ਼ੀ ਕਹਾਣੀਆਂ ਉਪਰ ਕਿਉਂ ਸਮਾਂ ਖਰਾਬ ਕਰਾਂ। ਏਹਦੇ ਨਾਲੋਂ ਤਾਂ ਫਿਲਮ ਵਧੀਆ ਮਾਧਿਅਮ ਐਂ ਸਮਾਜ ਨੂੰ ਸਮਝਣ ਲਈ ਪਰ ਮੈਂ ਫਿਲਮਾਂ ਵੀ ਬਹੁਤ ਘੱਟ ਦੇਖਦਾਂ।"

"ਫਿਲਮਾਂ ਤਾਂ ਕਰੇਜ਼ੀ ਮਾਧਿਅਮ ਨੇ। ਬਹੁਤ ਕੁਝ ਫੋਹਸ਼ ਹੁੰਦਾ ਏ ਫਿਲਮਾਂ ਵਿਚ।"

"ਮੈਡਮ, ਤੁਸੀਂ ਫੋਹਸ਼ ਵਿਚੋਂ ਅਸਲੀ ਚੀਜ਼ ਚੁਗ ਲੈਣੀ ਹੁੰਦੀ ਐ।"

"ਏਹਦਾ ਮਤਲਬ ਤੁਹਾਨੂੰ ਕਵਿਤਾ ਵੀ ਚੰਗੀ ਨਹੀਂ ਲਗਦੀ, ਤੁਸੀਂ ਸੰਗੀਤ ਵੀ ਨਹੀਂ ਸੁਣਦੇ?"

"ਹਾਂ, ਇਹ ਸੱਚ ਐ। ਮੇਰੀ ਕਾਰ ਵਿਚ ਕਦੇ ਵੀ ਕੋਈ ਸੀਡੀ ਜਾਂ ਯੂ. ਐਸ. ਬੀ. ਨਹੀਂ ਹੁੰਦੀ। ਮੈਂ ਸਿਰਫ ਖ਼ਬਰਾਂ ਹੀ ਸੁਣਨੀਆਂ ਹੁੰਦੀਆਂ। ਹਾਂ, ਜੇ ਕੋਈ ਗੀਤ ਮੱਲੋਮੱਲੀ ਮੇਰੇ ਕੰਨਾਂ ਵਿਚ ਆ ਵੜੇ ਤਾਂ ਚੰਗਾ ਵੀ ਲਗਦੈ। ਕਿਸੇ ਵੇਲੇ ਮੈਂ ਮੁਹੰਮਦ ਰਫੀ, ਮੁਕੇਸ਼ ਨੂੰ ਸੁਣਦਾ ਰਿਹਾਂ, ਕਦੇ ਕੋਈ ਗੀਤ-ਗਜ਼ਲ ਪਰ ਸੁਣਨ ਲਈ ਉਚੇਚ ਕਦੇ ਨਹੀਂ ਕੀਤੀ।"

"ਬੜੇ ਰੁੱਖੇ ਮਨੁੱਖ ਹੋ ਤੁਸੀਂ! ਤੁਹਾਡੇ ਵਿਚ ਕੋਈ ਸੋਹਜ ਵਾਲੀ ਗੱਲ ਨਹੀਂ? ਕੋਈ ਕਲਾ-ਕ੍ਰਿਤ ਵੀ ਚੰਗੀ ਨਹੀਂ ਲੱਗਦੀ? ਕੋਈ ਪੇਟਿੰਗ ਆਦਿ?"

"ਨਹੀਂ, ਵੈਸੇ ਟੂਰਿਜ਼ਮ ਵਿਚ ਹੋਣ ਕਰਕੇ ਇਹਨਾਂ ਦੀ ਅਹਿਮੀਅਤ ਦਾ ਪਤੈ ਮੈਨੂੰ। ਆਰਟ ਗੈਲਰੀਆਂ ਟੂਰਿਸਟਾਂ ਨੂੰ ਖਿੱਚਣ ਦਾ ਇਕ ਵੱਡਾ ਜ਼ਰੀਆ ਬਣਦੀਆਂ। ਵੈਸੇ ਮੈਂ ਕਦੇ ਕਦੇ ਯੂਟਿਊਬ ਤੋਂ ਕੁਝ ਨਾ ਕੁਝ ਦੇਖ-ਸੁਣ ਵੀ ਲੈਨਾ ਪਰ ਕਦੇ ਉਚੇਚ ਨਹੀਂ ਕਰਦਾ। ...ਫਿਲਮਾਂ ਵਿਚ ਤੇ ਮਿਊਜ਼ਕ ਵਿਚ ਮੈਂ ਅੱਪਡੇਟ ਵੀ ਰਹਿੰਨਾਂ, ਜਾਣਕਾਰੀ ਰੱਖਣ ਲਈ।"

ਆਖਦਿਆਂ ਅਰਵਿੰਦ ਨੇ ਬਾਹਰ ਦੇਖਿਆ ਕਿ ਕੂੜੇ ਦੀ ਇਕ ਪਹਾੜੀ ਜਿਹੀ ਖੜੀ ਕਰ ਰੱਖੀ ਸੀ। ਪਹਾੜੀ ਦੇ ਐਨ ਉਪਰ ਕੁਝ ਪਸ਼ੂ ਚਰ ਰਹੇ ਸਨ। ਉਹ ਘਾਹ ਨਹੀਂ ਸਨ ਚਰ ਰਹੇ ਸਗੋਂ ਗੰਦ ਨੂੰ ਮੂੰਹ ਮਾਰ ਰਹੇ ਸਨ। ਉਸ ਨੂੰ ਓਧਰ ਤਕਦਿਆਂ ਮੰਨਤ ਬੋਲੀ,

"ਇਵੇਂ ਨਾਲੇ ਕੂੜਾ ਸਾਂਭਿਆ ਜਾਵੇਗਾ ਤੇ ਨਾਲੇ ਪਾਰਕ ਜਿਹਾ ਬਣ ਜਾਵੇਗਾ। ਪਹਿਲਾਂ ਵੀ ਇਥੇ ਇਵੇਂ ਹੀ ਕੀਤਾ ਗਿਆ ਸੀ।"

"ਯੂ ਨੋਅ, ਕੂੜਾ ਸ਼ਹਿਰ ਤੋਂ ਬਾਹਰ ਜਾਣਾ ਚਾਹੀਦਾ, ਇਹ ਤਾਂ ਬਿਮਾਰੀਆਂ ਫੈਲਾਏਗਾ।"

"ਅਰਵਿੰਦ ਜੀ, ਕੀ ਗੱਲਾਂ ਕਰਦੇ ਓ! ਸਾਡੇ ਹਾਜ਼ਮੇ ਤੁਹਾਡੇ ਵਾਂਗ ਨਾਜ਼ਕ ਨਹੀਂ, ਏਨਾ ਪੋਲੂਸ਼ਨ ਅੰਦਰ ਲੰਘਾ ਲੈਨੇ ਆਂ ਕਦੇ ਕੁਝ ਨਹੀਂ ਹੋਇਆ। ਕਦੇ ਲੁਧਿਆਣੇ ਦਾ ਧੂੰਆਂ ਦੇਖਿਓ।"

"ਪਿਛਲੀ ਵਾਰ ਮੈਂ ਆਇਆ ਤਾਂ ਦਿੱਲੀ ਵਿਚ ਇਸ ਧੂੰਏਂ ਦੀ ਅਸਮਾਨ ਵਿਚ ਇਕ ਲੇਅਰ ਜਿਹੀ ਬਣੀ ਹੋਈ ਦਿਸਦੀ ਸੀ ਪਰ ਐਤਕੀਂ ਨਜ਼ਰ ਨਹੀਂ ਆਈ।"

"ਦਿੱਲੀ ਰਾਜਧਾਨੀ ਏ, ਏਹਦਾ ਖਾਸ ਧਿਆਨ ਰੱਖਿਆ ਜਾ ਰਿਹਾ ਏ। ਲੁਧਿਆਣੇ ਨੂੰ ਇਗਨੋਰ ਕੀਤਾ ਜਾਂਦਾ ਏ।"

ਗੱਲਾਂ ਕਰਦੇ ਉਹ ਦਿੱਲੀ ਤੋਂ ਬਾਹਰ ਆ ਗਏ। ਸੂਰਜ ਚੜ੍ਹ ਚੁੱਕਾ ਸੀ। ਅਰਵਿੰਦ ਬਾਹਰ ਦਾ ਨਜ਼ਾਰਾ ਦੇਖ ਰਿਹਾ ਸੀ। ਪਿਛਲੀ ਵਾਰ ਉਸ ਨੇ ਇਕ ਸਵੇਰ ਇਵੇਂ ਸਫਰ ਕੀਤਾ ਤਾਂ ਲੋਕ ਬੋਤਲਾਂ ਫੜੀ ਜਾਂਦੇ ਦਿਸਦੇ ਸਨ ਪਰ ਇਸ ਵਾਰ ਅਜਿਹਾ ਕੁਝ ਨਹੀਂ ਦਿਸਿਆ। ਸ਼ਾਇਦ ਹਾਲੇ ਪਿੰਡ ਸ਼ੁਰੂ ਨਾ ਹੋਏ ਹੋਣ। ਅੱਗੇ ਕੋਈ ਪਿੰਡ ਜਿਹਾ ਆਉਂਦਾ ਜਾਪ ਰਿਹਾ ਸੀ ਪਰ ਸੜਕ ਪਿੰਡ ਦੇ ਉਪਰ ਦੀ ਲੰਘ ਗਈ। ਅਜਿਹੇ ਫਲਾਈਓਵਰ ਹੁਣ ਥਾਂ ਥਾਂ ਬਣੇ ਹੋਏ ਸਨ। ਪਿਛਲੀ ਵਾਰ ਏਨੇ ਕੁ ਸਫਰ ਵਿਚ ਕਈ ਐਕਸੀਡੈਂਟ ਹੋਏ ਮਿਲ ਜਾਂਦੇ ਸਨ ਪਰ ਇਸ ਵਾਰ ਅਜਿਹਾ ਕੁਝ ਨਹੀਂ ਸੀ ਦਿਸਿਆ। ਸ਼ਾਇਦ ਇਹ ਵਧੀਆ ਸੜਕਾਂ ਕਾਰਨ ਹੀ ਹੋਵੇ। ਕੁਝ ਹੋਰ ਅੱਗੇ ਗਏ ਤਾਂ ਟੋਲ ਟੈਕਸ ਦਾ ਬੈਰੀਅਰ ਆ ਗਿਆ। ਅਰਵਿੰਦ ਨੇ ਕਿਹਾ,

"ਇਹ ਸਾਲ਼ੀ ਯੌਰਪ ਵਾਲੀ ਬਿਮਾਰੀ ਏਥੇ ਵੀ ਐ?"

"ਭਾਜੀ, ਆਹ ਜਿਹੜੀਆਂ ਸੜਕਾਂ ਏਨੀਆਂ ਵਧੀਆ ਬਣੀਆਂ ਇਹ ਟੋਲ ਟੈਕਸ ਕਾਰਨ ਹੀ ਬਣੀਆਂ।"

ਗੁਪਾਲੇ ਨੇ ਟੋਲ ਟੈਕਸ ਦਾ ਹਾਮੀ ਬਣਦਿਆਂ ਕਿਹਾ। ਅਰਵਿੰਦ ਦੇ ਫੋਨ ਉਪਰ ਟੂੰ ਟੂੰ ਹੋਇਆ। ਜਾਪਦਾ ਸੀ ਕਿ ਕੋਈ ਸੁਨੇਹਾ ਆਇਆ ਹੈ। ਉਸ ਨੇ ਦੇਖਿਆ। ਲਿਖਿਆ ਸੀ ਕਿ ਤੁਹਾਡਾ ਹਰਿਆਣੇ ਵਿਚ ਸਵਾਗਤ ਹੈ। ਇਥੋਂ ਅੱਗੇ ਹਰਿਆਣੇ ਦੀ ਰੋਮਿੰਗ ਪਵੇਗੀ। ਅੱਗੇ ਪਾਣੀਪੱਤ ਆਇਆ ਪਰ ਉਹ ਉਪਰ ਉਪਰ ਦੀ ਹੀ ਲੰਘ ਗਏ। ਉਹਨਾਂ ਦਾ ਸਫਰ ਨਿਰਵਿਘਨ ਜਾਰੀ ਰਿਹਾ। ਅੱਧਾ ਘੰਟਾ ਹੋਰ ਚੱਲ ਕੇ ਗੁਪਾਲੇ ਨੇ ਕਾਰ ਰੋਕ ਲਈ ਤੇ ਬੋਲਿਆ,

"ਭਾਜੀ, ਏਥੇ ਟੁਆਇਲਟਾਂ ਬਹੁਤ ਸੁਹਣੀਆਂ ਤੇ ਨਾਸ਼ਤਾ ਵੀ ਵਧੀਆ ਹੁੰਦਾ।"

ਉਹ ਗੱਡੀ ਵਿਚੋਂ ਉਤਰ ਰਹੇ ਸਨ ਤਾਂ ਅਰਵਿੰਦ ਨੇ ਗੁਪਾਲੇ ਨੂੰ ਪੁੱਛਿਆ,

"ਯੂ ਨੋਅ, ਲੈਪਟੌਪ ਨਾਲ ਹੀ ਲੈ ਲਵਾਂ?"

"ਕੋਈ ਲੋੜ ਨਹੀਂ ਭਾਜੀ, ਸਭ ਸੇਫ ਐ ਇਥੇ, ਏਸ ਰੈਸਟੋਰੈਂਟ ਵਾਲਿਆਂ ਦੀ ਪੂਰੀ ਸਕਿਉਰਟੀ ਹੁੰਦੀ ਐ, ਆਖਰ ਏਹਨਾਂ ਦੇ ਰੈਪੂਟੇਸ਼ਨ ਦਾ ਸਵਾਲ ਐ!"

ਮੰਨਤ ਨੇ ਆਪਣਾ ਲੈਪਟੌਪ ਚੁੱਕ ਲਿਆ ਸੀ ਪਰ ਗੁਪਾਲੇ ਦੇ ਕਹਿਣ 'ਤੇ ਉਸ ਨੇ ਵੀ ਗੱਡੀ ਵਿਚ ਹੀ ਰਹਿਣ ਦਿੱਤਾ। ਉਹ ਪਹਿਲਾਂ ਬਾਥਰੂਮ ਗਏ ਤੇ ਫਿਰ ਡਾਈਨਿੰਗ ਹਾਲ ਵਿਚ ਆ ਗਏ। ਗੁਪਾਲਾ ਪਹਿਲਾਂ ਹੀ ਡਰਾਈਵਰਾਂ ਲਈ ਬਣੇ ਕਮਰੇ ਵਿਚ ਜਾ ਬੈਠਾ ਸੀ। ਉਹਨਾਂ ਐੱਗ-ਟੋਸਟ ਦਾ ਹਲਕਾ ਜਿਹਾ ਨਾਸ਼ਤਾ ਕੀਤਾ। ਸਫਰ ਵਿਚ ਬਹੁਤੇ ਖਾਧੇ ਨੇ ਤੰਗ ਕਰਨਾ ਸੀ। ਅਰਵਿੰਦ ਨੇ ਸੁਖਦੇਵ ਨੂੰ ਫੋਨ ਕਰ ਦਿੱਤਾ ਕਿ ਅੱਜ ਸ਼ਾਮ ਤਕ ਪਿੰਡ ਪੁੱਜ ਜਾਵੇਗਾ। ਸੁਖਦੇਵ ਉਸ ਨੂੰ ਉਡੀਕ ਹੀ ਰਿਹਾ ਸੀ। ਮੰਨਤ ਵੀ ਆਪਣੇ ਘਰ ਫੋਨ ਕਰਨ ਲੱਗੀ।

ਅਰਵਿੰਦ ਦੇ ਮਨ ਵਿਚ ਇਕ ਸਵਾਲ ਘੁੰਮਣਾ ਸ਼ੁਰੂ ਹੋ ਗਿਆ। ਉਹ ਦੇਖਦਾ ਸੀ ਕਿ ਮੰਨਤ ਦੇ ਮਨ ਵਿਚ ਕਿਸੇ ਕਿਸਮ ਦੀ ਵੀ ਦੁਬਿਧਾ ਨਹੀਂ ਸੀ; ਕਿਤੇ ਇਹ ਤਾਂ ਨਹੀਂ ਸੀ ਕਿ ਉਹ ਆਪਣੇ ਪਤੀ ਤੋਂ ਅਲੱਗ ਹੀ ਰਹਿੰਦੀ ਹੋਵੇ ਜਾਂ ਫਿਰ ਤਲਾਕਸ਼ੁਦਾ ਹੀ ਹੋਵੇ। ਪਰ ਸਵਾਲ ਪੁੱਛਣ ਤੋਂ ਉਹ ਝਿਜਕ ਰਿਹਾ ਸੀ। ਉਸ ਨੇ ਆਹਿਸਤੇ ਜਿਹੇ ਪੁੱਛਿਆ,

"ਮੰਨਤ ਜੀ, ਤੁਹਾਡੀ ਮੈਰੀਡ ਲਾਈਫ ਕਿਵੇਂ ਚੱਲ ਰਹੀ ਐ?"

"ਬਹੁਤ ਖੂਬ! ਤੁਹਾਨੂੰ ਸ਼ੱਕ ਏ ਕੋਈ?"

"ਨਹੀਂ ਸ਼ੱਕ ਤਾਂ ਨਹੀਂ, ...ਜਿੰਨੇ ਤੁਸੀਂ ਰਿਲੈਕਸ ਦਿੱਸ ਰਹੇ ਓ, ...ਇਹ ਦੇਖ ਕੇ ਮਨ ਵਿਚ ਐਵੇਂ ਫਜ਼ੂਲ ਜਿਹਾ ਸਵਾਲ ਉਠਿਆ।"

ਉਸ ਦੀ ਗੱਲ ਸੁਣ ਕੇ ਮੰਨਤ ਕੁਝ ਦੇਰ ਲਈ ਚੁੱਪ ਕਰ ਗਈ। ਉਹ ਸੋਚ ਰਹੀ ਸੀ ਕਿ ਇਸ ਫਜ਼ੂਲ ਸਵਾਲ ਦਾ ਕੀ ਮਤਲਬ ਹੋਇਆ। ਅਜਿਹੇ ਬਣੇ ਰਿਸ਼ਤਿਆਂ ਵਿਚ ਬਹੁਤ ਕੁਝ ਅਣਕਿਹਾ ਹੀ ਰਹਿਣਾ ਚਾਹੀਦਾ ਹੁੰਦਾ ਹੈ। ਦੋਨੇ ਧਿਰਾਂ ਸਭ ਸਮਝਦੀਆਂ ਹੀ ਹੁੰਦੀਆਂ ਹਨ। ਉਸ ਲਈ ਅਰਵਿੰਦ ਕੋਈ ਪਹਿਲਾ ਓਪਰਾ ਆਦਮੀ ਨਹੀਂ ਸੀ। ਆਪਣੇ ਪਤੀ ਤੋਂ ਜੋ ਕੁਝ ਨਹੀਂ ਸੀ ਮਿਲਦਾ ਉਹ 'ਕੁਝ' ਕਿਧਰੋਂ ਹੋਰ ਪ੍ਰਾਪਤ ਕਰਨਾ ਉਹ ਆਪਣਾ ਹੱਕ ਸਮਝਦੀ ਸੀ। ਅਰਵਿੰਦ ਦੇ ਇਸ ਸੰਖੇਪ ਜਿਹੇ ਨੇੜ ਵਿਚ ਉਹ ਬਹੁਤ ਖੁਸ਼ ਸੀ। ਉਹ ਸਹਿਜ ਵਿਚ ਬੋਲੀ,

"ਰਿਲੈਕਸ ਤਾਂ ਤੁਸੀਂ ਵੀ ਦਿੱਸ ਰਹੇ ਓ ਜਦ ਕਿ ਸਵੇਰੇ ਹੀ ਤੁਹਾਡੀ ਬੀਵੀ ਕਿਸੇ ਗੱਲੋਂ ਸ਼ਾਊਟ ਵੀ ਕਰ ਰਹੀ ਸੀ!"

"ਯੂ ਨੋਅ, ਮੇਰੀ ਤੇ ਮੇਰੀ ਬੀਵੀ ਵਿਚ ਬਹੁਤ ਵੱਡਾ ਗੈਪ ਐ। ਜ਼ਿੰਦਗੀ ਦੇ ਹਰ ਪਹਿਲੂ ਵਿਚ ਹੀ। ਮੈਂ ਨਾਸਤਿਕ ਤੇ ਉਹ ਸਵੇਰੇ ਸ਼ਾਮ ਪਾਠ ਕਰਨ ਵਾਲੀ। ਮੈਂ ਅਲਗਰਜ਼ ਜਿਹਾ ਤੇ ਉਹ ਫੂਕ ਫੂਕ ਕੇ ਪੈਰ ਧਰਨ ਵਾਲੀ। ਮੇਰਾ ਹੱਥ ਜ਼ਰਾ ਖੁਲ੍ਹਾ ਤੇ ਉਹ ਰੱਜ ਕੇ ਕੰਜੂਸ। ਮੇਰਾ ਮਾਈਂਡ ਮੇਰੇ ਕੰਮ ਨੇ ਮੱਲਿਆ ਹੁੰਦੈ ਤੇ ਉਸ ਦਾ ਟੀਵੀ ਦੇ ਸੀਰੀਅਲਾਂ ਨੇ। ਸਾਡੇ ਕੋਲ ਬਹੁਤੀਆਂ ਗੱਲਾਂ ਵੀ ਨਹੀਂ ਹੁੰਦੀਆਂ ਕਰਨ ਲਈ, ਸਿਵਾਏ ਘਰ ਦੇ ਮਸਲਿਆਂ ਤੋਂ, ਕੁਝ ਸਾਂਝਾ ਜਿਉਂ ਨਹੀਂ। ...ਵੱਡੀ ਸੱਚੀ ਗੱਲ ਇਹ ਐ ਕਿ ਮੈਂ ਰਿਲੈਕਸ ਇਸ ਲਈ ਆਂ ਕਿ ਮੇਰਾ ਅਜਿਹਾ ਰਿਸ਼ਤਾ ਪਹਿਲੀ ਵਾਰ ਨਹੀਂ ਬਣਿਆਂ।"

ਅਰਵਿੰਦ ਨੇ ਆਖਿਆ। ਉਸ ਦੀ ਗੱਲ ਸੁਣ ਮੰਨਤ ਕੁਝ ਪਲ ਖਾਮੋਸ਼ ਰਹਿ ਕੇ ਬੋਲੀ,

"ਜ਼ਮਾਨਾ ਬਦਲ ਗਿਆ ਏ ਅਰਵਿੰਦ ਜੀ, ਅੱਜ ਦੇ ਮੀਆਂ-ਬੀਵੀ ਦਾ ਵੱਖ ਵੱਖ ਸਪੇਸ ਏ। ਮੀਏਂ ਦੀ ਜੌਬ ਉਪਰ ਅਲੱਗ ਸਪੇਸ ਏ ਤੇ ਬੀਵੀ ਦਾ ਆਪਣੀ ਜੌਬ ਉਪਰ ਅਲੱਗ। ਘਰ ਉਹਨਾਂ ਦਾ ਸਾਂਝਾ ਏ। ਅੱਜ ਦੇ ਮੀਆਂ-ਬੀਵੀ ਬਹੁਤ ਸਮਝਦਾਰ ਹੋ ਚੁੱਕੇ ਨੇ, ਇਕ ਦੂਜੇ ਦੀ ਸਪੇਸ ਵਿਚ ਦਖਲ ਨਹੀਂ ਦਿੰਦੇ, ਜੇ ਦੇਣਗੇ ਤਾਂ ਬਹੁਤ ਕੁਝ ਗਲਤ ਹੋ ਜਾਵੇਗਾ।"

ਆਖਦੀ ਉਹ ਉਠ ਖੜੀ ਹੋਈ। ਉਸ ਨੇ ਗੁਪਾਲੇ ਨੂੰ ਗੱਡੀ ਵੱਲ ਜਾਂਦਿਆਂ ਦੇਖ ਲਿਆ ਸੀ। ਅਰਵਿੰਦ ਵੀ ਉਸ ਦੇ ਨਾਲ ਹੋ ਲਿਆ। ਮੰਨਤ ਨੂੰ ਹੁਣ ਅਰਵਿੰਦ ਦੀ ਨਿੱਜੀ ਜ਼ਿੰਦਗੀ ਵਿਚ ਹੋਰ ਵੀ ਦਿਲਚਸਪੀ ਜਾਗ ਪਈ। ਮੁੜ ਗੱਡੀ ਵਿਚ ਬੈਠਿਦਿਆਂ ਉਹ ਨਿੱਕੇ ਨਿੱਕੇ ਨਿੱਜੀ ਜਿਹੇ ਸਵਾਲ ਪੁੱਛਣ ਲੱਗੀ। ਉਸ ਦੀ ਤਨਖਾਹ ਬਾਰੇ, ਘਰ ਦੀ ਕੀਮਤ ਬਾਰੇ, ਉਸ ਦੀ ਕੰਮ ਉਪਰ ਦੋਸਤੀਆਂ ਬਾਰੇ। ਇੰਗਲੈਂਡ ਦੇ ਜੀਵਨ ਢੰਗ ਬਾਰੇ ਵੀ ਕਿੰਨਾ ਕੁਝ ਪੁੱਛਦੀ ਰਹੀ।

ਹੁਣ ਉਹ ਪੰਜਾਬ ਵਿਚ ਆ ਚੁੱਕੇ ਸਨ। ਇਥੇ ਆ ਕੇ ਅਰਵਿੰਦ ਅਜੀਬ ਜਿਹੀ ਅਪਣੱਤ ਮਹਿਸੂਸ ਕਰ ਰਿਹਾ ਸੀ। ਅੱਗੇ ਆ ਕੇ ਇਕ ਮੈਕਡੌਨਲਡ ਵਲ ਦੇਖਦਾ ਉਹ ਬੋਲਿਆ,

"ਯੂ ਨੋਅ, ਪਿਛਲੇ ਸਾਲ ਮੇਰਾ ਮੁੰਡਾ ਦਰਸ਼ੀਲ ਮੇਰੇ ਬਾਪੂ ਜੀ ਨਾਲ ਇਥੇ ਆਇਆ ਸੀ, ਉਹ ਮੈਕਡੌਨਲਡ, ਪੀਜ਼ਾ ਹੱਟ, ਕੰਟੱਕੀ, ਡੌਮਨੀਓ ਵਰਗੀਆਂ ਸਾਰੀਆਂ ਜਗਾਵਾਂ 'ਤੇ ਗਿਆ ਸੀ ਤੇ ਬਹੁਤ ਖੁਸ਼ ਸੀ ਇਹਨਾਂ ਦਾ ਖਾਣਾ ਖਾ ਕੇ। ਸਾਡੇ ਵੇਲੇ ਤਾਂ ਇੰਡੀਆ ਵਿਚ ਸ਼ਾਇਦ 'ਟੇਕ ਅਵੇਅ' ਸ਼ਬਦ ਵੀ ਨਾ ਹੁੰਦਾ ਹੋਵੇ!"

"ਅਰਵਿੰਦ ਜੀ, ਪਤਾ ਨਹੀਂ ਇੰਡੀਆ ਤਰੱਕੀ ਕਿਵੇਂ ਕਰੀ ਜਾ ਰਿਹਾ ਏ! ਜਿੰਨੀ ਏਥੇ ਦੀ ਸਿਆਸਤ ਗੰਧਲੀ ਹੋਈ ਏ, ਬਸ, ਪੁੱਛੋ ਕੁਝ ਨਾ! ਸਿਆਸਤਦਾਨ ਹਰ ਗੱਲ ਵਿਚ ਦਖਲ ਦਿੰਦੇ ਨੇ। ਕਾਂਗਰਸੀਏ ਤੇ ਅਕਾਲੀ ਇਕੋ ਜਿਹੇ ਗੁਨਾਹਗਾਰ ਨੇ। ਮੇਰੀ ਭੂਆ ਦਾ ਲੜਕਾ ਲੁਧਿਆਣੇ ਤੋਂ ਐਮ. ਐਲ. ਏ. ਵੇ। ਉਹ ਦੱਸਦਾ ਹੁੰਦਾ ਕਈ ਵਾਰੀ।"

"ਉਹ ਵੀ ਤਾਂ ਇਸੇ ਸਿਆਸਤ ਦਾ ਹਿੱਸਾ ਹੀ ਹੋਇਆ ਨਾ!"

"ਹਾਂ, ਪਰ ਉਹ ਅਜਿਹਾ ਨਹੀਂ। ਅਸਲ ਵਿਚ ਉਹ ਖਿਡਾਰੀ ਸੀ ਤੇ ਲੋਕਾਂ ਵਿਚ ਬਹੁਤ ਹਰਮਨ ਪਿਆਰਾ ਸੀ। ਜਿਸ ਕਰਕੇ ਸਿਆਸੀ ਲੋਕਾਂ ਨੇ ਉਸ ਦੀ ਇਸ ਪੋਪੂਲੈਰਿਟੀ ਨੂੰ ਕੈਸ਼ ਕਰਾਉਣ ਲਈ ਉਸ ਨੂੰ ਖੜਾ ਕਰ ਦਿਤਾ ਸੀ। ਪਾਰਟੀ ਨੇ ਉਸ ਨੂੰ ਪੰਜ ਕਰੋੜ ਇਲੈਕਸ਼ਨ ਲੜ੍ਹਨ ਲਈ ਦਿਤਾ ਸੀ ਤੇ ਹੁਣ ਨੋਟਾਂ ਦੀਆਂ ਭਰੀਆਂ ਬੋਰੀਆਂ ਘਰ ਆਉਂਦੀਆਂ ਨੇ! ...ਆਹ ਜਿਹੜੇ ਡਰੱਗਾਂ ਨੇ ਪੰਜਾਬ ਦੀ ਇਕ ਪੀੜ੍ਹੀ ਦਾ ਸਰਬਨਾਸ਼ ਕਰ ਦਿਤਾ ਏ, ਏਸ ਧੰਦੇ ਵਿਚ ਮਨਿਸਟਰਾਂ ਦਾ ਪੂਰਾ ਹਿੱਸਾ ਹੁੰਦਾ ਏ।...ਬਸ ਪੁੱਛੋ ਨਾ ਇਸ ਮੁਲਕ ਦਾ ਹਾਲ!"

ਮੰਨਤ ਗੱਲ ਕਰਦੀ ਦੁਖੀ ਹੋ ਰਹੀ ਸੀ।

ਲੁਧਿਆਣੇ ਵਿਚ ਵੜਦਿਆਂ ਹੀ ਉਹ ਫਲਾਈਓਵਰ 'ਤੇ ਜਾ ਚੜ੍ਹੇ। ਗੁਪਾਲੇ ਨੇ ਬਾਈ-ਪਾਸ ਰਾਹੀਂ ਨਾ ਜਾ ਕੇ ਸ਼ਹਿਰ ਦੇ ਵਿਚਕਾਰ ਦੀ ਜਾਣ ਦਾ ਫੈਸਲਾ ਕਰ ਲਿਆ ਸੀ। ਮੰਨਤ ਵੀ ਆਪਣੇ ਘਰ ਦੇ ਕਿਤੇ ਨੇੜੇ ਜਿਹੇ ਉਤਰਨਾ ਚਾਹੁੰਦੀ ਸੀ। ਬਾਈ ਪਾਸ ਤੋਂ ਉਸ ਨੂੰ ਜ਼ਰਾ ਦੂਰ ਪੈ ਜਾਣਾ ਸੀ। ਉਸ ਨੇ ਅਰਵਿੰਦ ਨੂੰ ਆਪਣਾ ਫੋਨ ਨੰਬਰ ਦੇ ਦਿਤਾ ਤੇ ਨਾਲ ਹੀ ਆਪਣੇ ਪਤੀ ਦਾ ਨੰਬਰ ਲਿਖਵਾ ਦਿਤਾ ਤੇ ਆਖਿਆ,

"ਅਰਵਿੰਦ ਜੀ, ਉਹਨਾਂ ਨੂੰ ਜ਼ਰੂਰ ਮਿਲਣਾ, ਵੀਕ ਐਂਡ 'ਤੇ ਉਹ ਲੁਧਿਆਣੇ ਆ ਜਾਂਦੇ ਨੇ, ਨਹੀਂ ਤਾਂ ਪਟਿਆਲੇ ਹੀ ਮਿਲ ਆਇਓ।"

"ਦੇਖੋ ਕਿਵੇਂ ਹੁੰਦੈ, ...ਮੈਂ ਕੋਸ਼ਿਸ਼ ਕਰਾਂਗਾ।"

"ਪਟਿਆਲੇ ਨਹੀਂ ਤਾਂ ਲੁਧਿਆਣੇ ਹੀ ਆ ਜਾਣਾਂ, ਉਹਨਾਂ ਨੂੰ ਚੰਗਾ ਲੱਗੇਗਾ।"

"ਤੇ ਤੁਹਾਨੂੰ?"

"ਮੈਨੂੰ ਤਾਂ ਲੱਗਣਾ ਹੀ ਹੋਇਆ।"

ਉਸ ਨੇ ਗੁਪਾਲੇ ਨੂੰ ਅਗਲੇ ਚੌਂਕ 'ਤੇ ਰੋਕਣ ਲਈ ਕਿਹਾ। ਉਹ ਅਰਵਿੰਦ ਦਾ ਹੱਥ ਫੜਦੀ ਹੋਈ ਬੋਲੀ,

"ਥੈਂਕਸ ਫਾਰ ਨਾਈਸ ਟਾਈਮ!"

"ਯੂ ਆਰ ਵੈਲਕੱਮ!"

ਆਖਦਿਆਂ ਅਰਵਿੰਦ ਨੇ ਉਸ ਦਾ ਹੱਥ ਘੁੱਟ ਲਿਆ। ਮੰਨਤ ਨੇ ਕਾਰ ਵਿਚੋਂ ਉਤਰਦੀ ਨੇ ਹੀ ਇਕ ਔਟੋ ਨੂੰ ਹੱਥ ਦੇ ਕੇ ਰੋਕ ਲਿਆ।

ਗਿਆਰਾਂ ਵੱਜ ਚੁੱਕੇ ਸਨ। ਸ਼ਹਿਰ ਵਿਚ ਟਰੈਫਿਕ ਕਾਫੀ ਸੀ। ਗੁਪਾਲੇ ਨੇ ਆਖਿਆ,

"ਭਾਜੀ, ਆਪਾਂ ਮੈਡਮ ਨੂੰ ਨਾ ਛੱਡਣਾ ਹੁੰਦਾ ਤਾਂ ਮਾਛੂਵਾੜੇ ਵਾਲਾ ਪੁੱਲ ਪਾਰ ਕਰ ਲੈਣਾ ਸੀ ਤੇ ਹੁਣ ਪਿੰਡ ਦੇ ਨੇੜੇ ਤੇੜੇ ਪੁੱਜ ਗਏ ਹੋਣਾ ਸੀ। ਆਹ ਲੁਧਿਆਣਾ ਪਿੰਡ ਪੁੱਜਣ ਵਿਚ ਪੂਰਾ ਇਕ ਘੰਟਾ ਖਰਾਬ ਕਰ ਦਿੰਦਾ।"

"ਯੂ ਨੋਅ, ਆਪਾਂ ਪਿੰਡ ਨਹੀਂ ਜਾਣਾ, ਆਪਾਂ ਤਾਂ ਪਹਿਲਾਂ ਕੀਰਤ ਪੁਰ ਜਾਣਾਂ।"

"ਠੀਕ ਭਾਜੀ।"

ਅਰਵਿੰਦ ਨੇ ਕਾਹਲੀ ਨਾਲ ਪੁੱਛਿਆ,

"ਤੂੰ ਅਲਮਾਰੀ ਵਿਚੋਂ ਵੀ ਬੈਗ ਕੱਢ ਲਿਆ ਸੀ ਨਾ?"

"ਨਹੀਂ ਭਾਜੀ, ਅਲਮਾਰੀ ਨਹੀਂ ਮੈਂ ਦੇਖੀ। ਤੁਸੀਂ ਮੈਨੂੰ ਕਿਹਾ ਹੀ ਨਹੀਂ।"

"ਓ ਯਾਰ, ਉਥੇ ਇਕ ਬਹੁਤ ਜ਼ਰੂਰੀ ਬੈਗ ਪਿਆ ਸੀ। ਉਹ ਤਾਂ ਕਾਹਲੀ ਵਿਚ ਉਥੇ ਹੀ ਰਹਿ ਗਿਆ!"

## ਛੇ

ਅਰਵਿੰਦ ਨੇ ਗੁਪਾਲੇ ਨੂੰ ਇਹ ਤਾਂ ਦੱਸ ਦਿੱਤਾ ਕਿ ਇਕ ਬੈਗ ਅਲਮਾਰੀ ਵਿਚ ਰਹਿ ਗਿਆ ਸੀ ਪਰ ਇਹ ਨਹੀਂ ਦੱਸਿਆ ਕਿ ਉਸ ਵਿਚ ਕੀ ਸੀ। ਸੱਚ ਦੱਸਣ ਵਿਚ ਉਹ ਨਮੋਸ਼ੀ ਸਮਝ ਰਿਹਾ ਸੀ। ਉਸ ਨੇ ਹੋਟਲ ਦੇ ਮੈਨੇਜਰ ਨੂੰ ਫੋਨ ਕਰਕੇ ਦੱਸ ਦਿੱਤਾ ਕਿ ਉਸ ਦਾ ਬੈਗ ਸੰਭਾਲ ਕੇ ਰੱਖ ਲੈਣ। ਉਹ ਜਲਦੀ ਹੀ ਆਕੇ ਲੈ ਜਾਵਾਂਗਾ। ਗੁਪਾਲੇ ਦੀ ਤੇਜ਼ ਅੱਖ ਸਭ ਸਮਝ ਗਈ ਸੀ। ਹਾਲੇ ਮਹੀਨਾ ਕੁ ਪਹਿਲਾਂ ਹੀ ਤਾਂ ਅਰਵਿੰਦ ਦੇ ਬਾਪੂ ਦੀ ਮੌਤ ਹੋਈ ਸੀ। ਬੈਗ ਦਾ ਸਿਧਾ ਹੀ ਕੀਰਤ ਪੁਰ ਨਾਲ ਸਬੰਧ ਜੁੜਦਾ ਸੀ।

ਮੰਨਤ ਨੂੰ ਉਤਾਰ ਕੇ ਅਰਵਿੰਦ ਗੁਪਾਲੇ ਦੇ ਬਰਾਬਰ ਵਾਲੀ ਸੀਟ 'ਤੇ ਆ ਬੈਠਾ। ਤਿੱਖੀ ਧੁੱਪ ਅੱਖਾਂ ਵਿਚ ਚੁੱਭ ਰਹੀ ਸੀ। ਗੁਪਾਲੇ ਨੇ ਕਿਹਾ,

"ਇਹ ਮੈਡਮ ਨਾਲ ਤਾਂ ਤੁਹਾਡੀ ਪੁਰਾਣੀ ਵਾਕਫੀ ਲੱਗਦੀ ਆ।"

"ਯੂ ਨੋਅ, ਫੇਸਬੁੱਕ ਦੀ ਦੋਸਤ ਆ, ਇਥੇ ਹੀ ਮਿਲੀ ਸੀ।"

"ਬਾਈ ਦਾ ਵੇਅ ਭਾਜੀ, ਮੈਂ ਤੁਹਾਨੂੰ ਆਪਣੇ ਫੇਸਬੁੱਕ ਫ੍ਰੈਂਡਜ਼ ਵਿਚ ਸ਼ਾਮਲ ਕੀਤੈ, ਪਲੀਜ਼ ਯੈੱਸ ਕਹਿ ਦਿਓ।"

"ਉਹ ਨਾ ਫਿਕਰ ਕਰ, ਮੈਂ ਕਰ ਲਊਂ। ਹੁਣੇ ਹੀ ਕਰ ਲੈਂਦਾ ਪਰ ਆਈਫੋਨ ਮਹਿੰਗਾ ਪੈਂਦਾ ਤੇ ਦੂਜੇ ਫੋਨ ਵਿਚ ਇੰਟਰਨੈੱਟ ਦਾ ਸਿਸਟਮ ਹੈ ਨਹੀਂ।"

"ਮੇਰਾ ਫੋਨ ਵਰਤ ਲਓ, ਇਹਦੇ ਵਿਚ ਨੈੱਟ ਹੈਗਾ।"

"ਏਨੀ ਵੀ ਕਿਹੜੀ ਕਾਹਲੀ ਐ, ...ਮੈਨੂੰ ਲੈਪਟੌਪ ਜ਼ਿਆਦਾ ਸੌਖਾ ਲਗਦਾ।"

ਅਰਵਿੰਦ ਨੇ ਆਖਿਆ। ਗੁਪਾਲਾ ਆਪਣੀ ਗੱਲ ਨੂੰ ਫਿਰ ਮੰਨਤ ਵਲ ਮੋੜਦਾ ਬੋਲਿਆ,

"ਭਾਜੀ, ਅੱਜਕੱਲ ਤਾਂ ਔਰਤਾਂ ਨਾਲ਼ਾ ਹੱਥ ਵਿਚ ਫੜੀ ਫਿਰਦੀਆਂ!"

"ਓ ਨਹੀਂ, ਏਹ ਤਾਂ ਬਹੁਤ ਵੱਡੀ ਪ੍ਰੋਫੈਸਰ ਆ।"

"ਭਾਜੀ, ਪ੍ਰੋਫੈਸਰ ਹੋਵੇ ਜਾਂ ਵਕੀਲ, ਬਹੁਤੀਆਂ ਦੇਹਾਂ ਭੋਗਣ ਦੀ ਦੌੜ ਲੱਗੀ ਹੋਈ ਆ। ਪਹਿਲਾਂ ਸਿਰਫ ਆਦਮੀਆਂ ਨੂੰ ਸੀ, ਹੁਣ ਔਰਤਾਂ ਵੀ ਰਿਕ੍ਰਾਡ ਬਣਾਉਣ ਦੇ ਚੱਕਰ ਵਿਚ ਹੁੰਦੀਆਂ। ...ਮੈਂ ਟੈਕਸੀ ਦਾ ਕੰਮ ਕਰਦਾਂ, ਦਿੱਲੀ ਵਿਚ ਤਾਂ ਹੁਣ ਏਦਾਂ ਹੋ ਗਿਆ ਕਿ ਹਰ ਪਤਨੀ ਕੋਲ ਬਾਹਰ ਦੋਸਤ ਹੈਗਾ ਤੇ ਹਰ ਪਤੀ ਕੋਲ ਬਾਹਰ ਸਹੇਲੀ। ਹੋਰ ਵੀ ਬਹੁਤ ਕੁਝ ਦੇਖਣ ਨੂੰ ਮਿਲਦਾ।"

"ਅੱਛਾ! ਹੋਰ ਕੀ ਕੀ ਦੇਖਦਾਂ?"

"ਬੜਾ ਕੁਝ ਦੇਖਦਾਂ ਭਾਜੀ ਪਰ ਮੈਂ ਤਾਂ ਆਪਣੀ ਜੌਬ ਕਰਨੀ ਹੁੰਦੀ ਆ, ਬਸ ਅੱਖਾਂ ਮੀਟੀ ਰੱਖੀਦੀਆਂ। ਜੋ ਕੁਝ ਪਹਿਲਾਂ ਸ਼ਹਿਰਾਂ ਵਿਚ ਹੁੰਦਾ ਸੀ ਹੁਣ ਪਿੰਡਾਂ ਵਿਚ ਵੀ ਹੋਣ ਲੱਗਿਆ।"

"ਯੂ ਨੋਅ! ਮੈਨੂੰ ਤਾਂ ਬਈ ਦੇਰ ਹੋ ਗਈ ਪਿੰਡਾਂ ਵਿਚੋਂ ਗਿਆਂ, ਕੋਈ ਗੱਲ ਦੱਸ ਜਿਹੜੀ ਤੈਨੂੰ ਅਜੀਬ ਲੱਗਦੀ ਹੋਵੇ।"

"ਆਹ ਖੰਘ ਵਾਲੀ ਦੁਆਈ ਤਾਂ ਬਹੁਤ ਪੁਰਾਣੀ ਗੱਲ ਆ ਹੁਣ ਹੋਰ ਬਹੁਤ ਕੁਝ ਮਿਲਦਾ। ਆਹ ਜਿਹੜਾ ਕੈਮਿਸਟ ਆ ਠਾਣੇ ਦੇ ਨਾਲ ਹੀ, ਉਥੋਂ ਜੋ ਮਰਜ਼ੀ ਲੈ ਲਓ। ਪੁਲ਼ਸ ਨਾਲ ਅਗਲਿਆਂ ਨੇ ਮਹੀਨਾ ਕੀਤਾ ਹੋਇਆ, ਬਸ! ...ਪਹਿਲਾਂ ਪੀ. ਸੀ. ਓ. ਧੰਦੇ ਦਾ ਅੱਡਾ ਹੁੰਦੇ ਸੀ, ਹੁਣ ਸੈਲ ਫੋਨਾਂ ਦੇ ਆ ਜਾਣ ਕਾਰਨ ਪੀ. ਸੀ. ਓ. ਬੰਦ ਹੋ ਗਏ, ਹੁਣ ਸਭ ਕੁਝ ਸ਼ਰੇਆਮ ਚਲਦਾ। ਕੁੜੀਆਂ ਹੋਟਲਾਂ, ਰੈਸਟੋਰੈਂਟਾਂ ਵਿਚ ਇਕ ਖੂੰਜੇ ਬੈਠੀਆਂ ਚਾਹ ਪੀਂਦੀਆਂ ਗਾਹਕ ਦੀ ਉਡੀਕ ਕਰਦੀਆਂ ਰਹਿੰਦੀਆਂ। ਕਹੋਂ ਤਾਂ ਦਿਖਾ ਦੇਊਂ ਕਿਸੇ ਦਿਨ।"

"ਨਾ ਓ ਭਰਾਵਾ! ਮੈਂ ਏਸ ਗੱਡੀ ਦਾ ਬੈਲ ਨਹੀਂ।"

"ਫਗਵਾੜੇ ਦੇ ਹੋਟਲਾਂ ਵਿਚ ਤਾਂ ਆਪਣੇ ਪਿੰਡ ਦੀਆਂ ਕੁੜੀਆਂ ਬੈਠੀਆਂ ਵੀ ਮਿਲ ਜਾਂਦੀਆਂ, ਮੈਂ ਤਾਂ ਸ਼ਰਮ ਦਾ ਮਾਰਾ ਓਧਰ ਜਾਂਦਾ ਹੀ ਨਹੀਂ।"

ਉਹ ਦੱਸਦਾ ਹੋਇਆ ਬੇਵਸੀ ਜਿਹੀ ਵਿਚ ਸਿਰ ਮਾਰਨ ਲੱਗਿਆ। ਕੁਝ ਦੇਰ ਰੁਕ ਕੇ ਉਸ ਨੇ ਨਵੀਂ ਕਹਾਣੀ ਸ਼ੁਰੂ ਕਰ ਲਈ,

"ਮੈਂ ਤਾਂ ਭਾਜੀ, ਬਹੁਤਾ ਸਮਾਂ ਦਿੱਲੀ ਹੀ ਹੁੰਨਾਂ ਪਰ ਕਈ ਵਾਰ ਬਲਕਾਰ ਮੈਨੂੰ ਫੋਨ ਕਰਕੇ ਸੱਦ ਲੈਂਦਾ, ਖਾਸ ਤੌਰ 'ਤੇ ਸਿਆਲ਼ਾਂ ਨੂੰ, ਜਦ ਸੀਜ਼ਨ ਹੁੰਦਾ, ਜਦ 'ਔਲ-ਰੈਟ' ਆਉਂਦੇ ਆ।"

ਉਸ ਦੀ 'ਔਲ-ਰੈਟ' ਵਾਲੀ ਗੱਲ 'ਤੇ ਅਰਵਿੰਦ ਹੱਸਣ ਲੱਗਿਆ। ਉਹ ਦੱਸਦਾ ਜਾ ਰਿਹਾ ਸੀ,

"ਭਾਜੀ, ਇਹ 'ਔਲ-ਰੈਟ' ਇਥੇ ਆ ਕੇ ਅੰਗਰੇਜ਼ੀ ਬੋਲਣੋਂ ਨਹੀਂ ਹਟਦੇ। ਭਾਜੀ, ਅੱਜਕੱਲ ਦੇ ਨਿਆਣੇ ਬਾਹਰਲੇ ਨਿਆਣਿਆਂ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ। ਹੁਣ ਇਹਨਾਂ ਦੇ ਜੰਮਦਿਆਂ ਦੇ ਹੱਥ ਵਿਚ ਕੰਪਿਊਟਰ ਆ ਜਾਂਦਾ, ਅੰਗਰੇਜ਼ੀ ਨੂੰ ਇਹ ਵੀ ਵਾਹਵਾ ਮੂੰਹ ਮਾਰਦੇ ਆ। ਇਹ 'ਔਲ-ਰੈਟ' ਮੁਫਤ 'ਚ ਹੀ ਔਖੇ ਰਹਿੰਦੇ ਆ!"

ਮੰਨਤ ਦੇ ਬੈਠਿਆਂ ਜਿੰਨਾ ਉਹ ਚੁੱਪ ਰਿਹਾ ਸੀ ਓਨਾ ਹੁਣ ਬੋਲੀ ਜਾ ਰਿਹਾ ਸੀ। ਅਚਾਨਕ ਇਕ ਸਕੂਟਰੀ ਜਿਹੀ ਕਾਰ ਦੇ ਮੂਹਰੇ ਆ ਗਈ। ਹਲਕੀ ਜਿਹੀ ਉਮਰ ਦਾ ਮੁੰਡਾ ਸਕੂਟਰੀ ਚਲਾ ਰਿਹਾ ਸੀ। ਉਸ ਮੁੰਡੇ ਨੇ ਕੰਨਾਂ ਵਿਚ ਬਾਲੀਆਂ ਪਾਈਆਂ ਹੋਈਆਂ ਸਨ। ਗੁਪਾਲਾ ਬਾਹਰ ਨੂੰ ਮੂੰਹ ਕੱਢਦਾ ਬੋਲਿਆ,

"ਸਾਲ਼ਿਆ, ਬਾਲ਼ੀਆਂ ਪਾਈ ਫਿਰਦਾਂ, ਭੈਣ 'ਤੇ ਯਕੀਨ ਨਹੀਂ?"

ਉਸ ਮੁੰਡੇ ਨੇ ਦੰਦ ਜਿਹੇ ਕੱਢੇ ਤੇ ਸੌਰੀ ਕਹਿੰਦੇ ਨੇ ਸਕੂਟਰੀ ਦੁੜਾ ਲਈ। ਅਰਵਿੰਦ ਦੇ ਮਨ ਵਿਚ 'ਔਲ ਰੈਟ' ਫਸਿਆ ਹੋਇਆ ਸੀ। ਉਸ ਨੇ ਕਿਹਾ,

"ਯੂ ਨੋਅ, ਇਹ 'ਔਲ ਰੈਟ' ਪੁਰਾਣੇ ਜ਼ਮਾਨੇ ਵਿਚ ਹੁੰਦੇ ਸੀ, ਹੁਣ ਨਹੀਂ।"

"ਮੈਨੂੰ ਪਤਾ ਭਾਜੀ, ਹੁਣ ਇਹਨਾਂ ਨੂੰ ਐਨ. ਆਰ. ਆਈ. ਕਹਿ ਲੱਗ ਪਏ। ਤੁਸੀਂ ਤਾਂ ਭਾਜੀ, ਵੀਹ ਸਾਲ ਬਾਅਦ ਆਏ ਆਂ, ਏਸ ਕਰਕੇ ਤੁਹਾਨੂੰ ਬਹੁਤਾ ਪਤਾ ਨਹੀਂ ਪਰ ਏਹਨਾਂ ਐਨ. ਆਰ. ਆਈਆਂ ਨੇ ਬਹੁਤ ਗੰਦ ਪਾਇਆ ਹੋਇਆ। ਕਹਿੰਦੇ, ਪੰਚਾਇਤ ਵਿਚ ਇਕ ਮੈਂਬਰ ਸਾਡਾ ਲਓ, ਪਿੰਡ ਵਿਚ ਇਕ ਲੰਬੜ ਸਾਡਾ ਲਓ, ਠਾਣਿਆਂ ਵਿਚ ਇਹਨਾਂ ਨੂੰ ਤਰਜੀਹ ਮਿਲਦੀ ਆ, ਕਚਿਹਰੀਆਂ ਵਿਚ ਵੀ। ਇਹ ਸਿਆਸਤ ਤੇ ਖੇਡਾਂ ਨੂੰ ਵੀ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਆ। ਗੱਲ ਕੀ ਜੀ ਧਾਂਦਲੀ ਮਚਾਈ ਪਈ ਆ ਇਹਨਾਂ ਨੇ!"

"ਗੁਪਾਲੇ, ਮੈਨੂੰ ਬਹੁਤਾ ਨਹੀਂ ਪਤਾ ਏਹਦੇ ਬਾਰੇ ਪਰ ਜੋ ਕੁਝ ਮੈਂ ਅਖ਼ਬਾਰਾਂ ਵਿਚ ਪੜ੍ਹਦਾਂ ਉਹਦੇ ਮੁਤਾਬਕ ਪੰਜਾਬ ਦੀ ਤਰੱਕੀ ਵਿਚ ਇਹਨਾਂ ਬਾਹਰਲਿਆਂ ਦਾ ਬਹੁਤ ਹੱਥ ਐ।"

"ਸੁਆਹ ਹੱਥ ਆ ਜੀ, ਏਹਨਾਂ ਨੇ ਤਾਂ ਸਾਰਾ ਪੰਜਾਬ ਲੇਜ਼ੀ ਬਣਾ ਦਿਤਾ, ਬਾਹਰੋਂ ਪੈਸੇ ਭੇਜੀ ਜਾਂਦੇ ਆ ਤੇ ਇਥੇ ਉਹਨਾਂ ਦੇ ਭਰਾ, ਭਤੀਜੇ, ਭਾਂਣਜੇ ਨਿਕੰਮੇ ਹੋ ਗਏ ਆ। ਡੱਕਾ ਦੂਹਰਾ ਨਹੀਂ ਕਰਦੇ।"

"ਗੁਪਾਲੇ, ਯਾਰ ਤੂੰ ਤਾਂ ਕੁੱਛੜ ਬਹਿ ਕੇ ਦਾਹੜੀ ਪੱਟੀ ਜਾਨਾਂ। ਮੈਂ ਵੀ ਤਾਂ ਤੇਰੇ ਸਾਹਮਣੇ ਐਨ. ਆਈ. ਆਰ. ਹੀ ਬੈਠਾਂ।"

ਅਰਵਿੰਦ ਹੱਸਦਿਆਂ ਆਖਿਆ। ਗੁਪਾਲਾ ਜ਼ਰਾ ਕੁ ਸ਼ਰਮਿੰਦਾ ਹੋਇਆ ਤੇ ਫਿਰ ਕਹਿਣ ਲੱਗਿਆ,

"ਭਾਜੀ, ਮੈਂ ਕੱਲ-ਪਰਸੋਂ ਦਾ ਦੇਖੀ ਜਾਨਾਂ, ਤੁਹਾਡੇ ਵਿਚ ਤਾਂ ਇਹਨਾਂ ਵਾਲੀ ਇਕ ਵੀ ਗੱਲ ਨਹੀਂ, ਇਹ ਬਿਨਾਂ ਕਿਸੇ ਗੱਲ ਤੋਂ ਸ਼ੋਅ ਕਰੀ ਜਾਂਦੇ ਆ। ਪੈਸੇ ਦੇਣ ਵੇਲੇ ਵੀ ਜਾਣ ਕੇ ਬਟੂਆ ਖੋਹਲ ਕੇ ਦਿਖਾਉਂਦੇ ਆ ਤੇ ਵੱਡੀਆਂ ਵੱਡੀਆਂ ਗੱਪਾਂ ਮਾਰਦੇ ਆ ਕਿ ਰਹੇ ਰੱਬ ਦਾ ਨਾਂ! ਪਰ ਤੁਸੀਂ ਏਦਾਂ ਦੇ ਨਹੀਂ।"

"ਗੁਪਾਲੇ, ਤੇਰਾ ਵੀ ਦਿਲ ਦੁਖਿਆ ਹੋਇਆ ਲਗਦੈ ਇਹਨਾਂ ਤੋਂ!"

"ਸਾਡੀ ਤਾਂ ਸਿਰਫ ਇਕ ਭੂਆ ਕਨੇਡਾ ਰਹਿੰਦੀ ਆ, ਜਦ ਵੀ ਔਂਦੀ ਆ ਸਾਡਾ ਦੂਜਾ ਦਰ ਲਾ ਜਾਂਦੀ ਆ। ਆਹ ਲਿਆਓ, ਔਹ ਲਿਆਓ, ਏਥੇ ਜਾਓ, ਓਥੇ ਜਾਓ! ਤੇ ਉਹ ਲਿਆਉਂਦੀ ਕੀ ਆ! ਕਮੀਜ਼ਾਂ, ਜਿਹਨਾਂ ਨੂੰ ਏਥੇ ਕੋਈ ਨਹੀਂ ਪੁੱਛਦਾ। ਏਦਾਂ ਹੀ ਬਲਕਾਰੇ ਦਾ ਚਾਚਾ ਤੁਹਾਡੇ ਇੰਗਲੈਂਡ ਰਹਿੰਦਾ। ਉਹਨੇ ਇਕ ਖੇਤ ਇਹਨਾਂ ਨੂੰ ਵਾਹੁਣ ਲਈ ਦਿਤਾ ਹੋਇਆ, ਜਿਹਨੂੰ ਨਾ ਪਾਣੀ ਲੱਗਦਾ ਤੇ ਨਾ ਕੁਝ ਹੋਰ।

ਰੋਅਬ ਏਦਾਂ ਪਾਉਂਦਾ ਆ ਕੇ ਜਿੱਦਾਂ ਠਾਣੇਦਾਰ ਲੱਗਾ ਹੋਵੇ। ਮੁਫਤ ਵਿਚ ਟੈਕਸੀ, ਮੁਫਤ ਵਿਚ ਖਾਣਾ ਪੀਣਾ। ਖੜਾ ਹੀ ਬੋਤਲ ਪੀ ਜਾਂਦਾ। ਪੀ ਕੇ ਆਪਣੇ ਖੇਤ ਦਾ ਰੋਅਬ ਵੀ ਪਾਉਣ ਲੱਗਦਾ।''

''ਯੂ ਨੋਅ, ਮੇਰੇ ਲਈ ਇਹ ਨਵੀਂ ਕਹਾਣੀ ਐਂ, ਅਸੀਂ ਤਾਂ ਉਥੇ ਬੈਠੇ ਸੋਚਦੇ ਆਂ ਬਈ ਇੰਡੀਆ ਆਲੇ ਸਾਨੂੰ ਬਹੁਤ ਚਰੂੰਡਦੇ ਆ।''

''ਨਹੀਂ ਭਾਜੀ, ਏਦਾਂ ਨਹੀਂ। ਉਹ ਇਥੇ ਦੇ ਲੋਕਾਂ ਨੂੰ ਆ ਕੇ ਬਹੁਤ ਤੰਗ ਕਰਦੇ ਆ। ਹੁਣ ਪਿੰਡਾਂ ਵਿਚ ਲੋਕਾਂ ਕੋਲ ਕਿੰਨੇ ਕੁ ਪੈਸੇ ਹੁੰਦੇ ਆ। ਬਾਹਰਲਿਆਂ ਨਾਲ ਕਿਥੋਂ ਭਿੜ ਸਕਦੇ ਆ ਪਰ ਆਇਆਂ 'ਤੇ ਸੇਵਾ ਤਾਂ ਕਰਨੀ ਹੀ ਪੈਂਦੀ ਆ। ਲੋਕ ਔਖੇ ਹੋ ਜਾਂਦੇ ਆ।''

''ਚੰਗਾ ਹੋਇਆ ਬਈ ਤੂੰ ਦੱਸ ਦਿਤਾ। ਮੈਂ ਏਸ ਐਂਗਲ ਤੋਂ ਕਦੇ ਸੋਚਿਆ ਹੀ ਨਹੀਂ।''

''ਭਾਜੀ, ਤੁਸੀਂ ਏਦਾਂ ਦੇ ਬੰਦੇ ਹੀ ਨਹੀਂ। ਮੈਂ ਦੇਖ ਰਿਹਾਂ ਤੁਸੀਂ ਅਗਲੇ ਦੀਆਂ ਫੀਲਿੰਗ ਦਾ ਪੂਰਾ ਧਿਆਨ ਰੱਖਦੇ ਓ।''

ਉਸ ਨੇ ਅਰਵਿੰਦ ਨੂੰ ਖੁਸ਼ ਕਰਨ ਲਈ ਆਖਿਆ। ਕੁਝ ਰੁਕ ਕੇ ਉਹ ਫਿਰ ਬੋਲਿਆ,

''ਭਾਜੀ, ਇਕ 'ਔਲਰੈਟ' ਨੇ ਤਾਂ ਐਡੀ ਗੱਪ ਮਾਰੀ ਕਿ ਬੜੇ ਬੜੇ ਤਖਤੇ ਹਿਲਾ ਦਿਤੇ। ਕਹਿਣ ਲੱਗਿਆ ਕਿ ਇਕ ਬਾਬਾ ਇੰਗਲੈਂਡ ਗਿਆ ਤੇ ਉਹਨੇ ਜਾ ਕੇ ਗੋਰਿਆਂ ਨੂੰ ਲੈਕਚਰ ਦਿਤਾ ਕਿ ਬੰਦੇ ਦੀ ਪ੍ਰਾਈਵੇਸੀ ਬਹੁਤ ਵੱਡੀ ਗੱਲ ਹੁੰਦੀ ਆ। ਇਕ ਸੰਤ ਪਿੰਡੋਂ ਬਹੁਤ ਦੂਰ ਜੰਗਲ ਜਾਇਆ ਕਰਦਾ ਸੀ। ਪਾਣੀ ਵਾਲਾ ਲੋਟਾ ਉਹਦੇ ਹੱਥ ਵਿਚ ਹੁੰਦਾ ਸੀ ਤੇ ਇਕ ਦਿਨ ਲੋਟਾ ਗਵਾਚ ਗਿਆ। ਉਹ ਬਹੁਤ ਉਦਾਸ ਹੋ ਗਿਆ। ਲੋਕਾਂ ਕਿਹਾ ਕਿ ਲੋਟਾ ਹੀ ਸੀ, ਕੋਈ ਹੋਰ ਲੈ ਲਾ ਪਰ ਸੰਤ ਕਹਿੰਦਾ ਕਿ ਓਸ ਲੋਟੇ ਨੇ ਮੇਰਾ ਨੰਗ ਦੇਖਿਆ ਹੋਇਆ। ਗੋਰਿਆਂ ਉਪਰ ਏਸ ਗੱਲ ਦਾ ਏਨਾ ਅਸਰ ਹੋਇਆ ਕਿ ਉਹਨਾਂ ਨੇ ਟੁਆਇਲਟ ਪੇਪਰ ਈਜਾਦ ਕਰ ਲਿਆ।''

ਗੱਲ ਮੁਕਾ ਕੇ ਗੁਪਾਲਾ ਹੱਸਣ ਲੱਗਿਆ। ਅਰਵਿੰਦ ਵੀ ਖੁਲ੍ਹ ਕੇ ਹੱਸਿਆ। ਫਿਰ ਉਸ ਨੇ ਘੜੀ ਦੇਖਦਿਆਂ ਅਰਵਿੰਦ ਨੇ ਪੁੱਛਿਆ,

''ਆਪਾਂ ਪਿੰਡ ਕਿੰਨੇ ਕੁ ਵਜੇ ਪੁੱਜ ਜਾਵਾਂਗੇ?''

''ਆਪਾਂ ਸਤਲੁਜ ਪਾਰ ਕਰਨ ਵਾਲੇ ਆਂ, ਘੰਟਾ-ਸਵਾ ਘੰਟਾ ਹੋਰ ਰੱਖ ਲਓ, ...ਰੋਟੀ ਵੇਲੇ ਘਰ ਹੋਵਾਂਗੇ।''

''ਰੋਟੀ ਆਪਾਂ ਬਾਹਰ ਹੀ ਖਾ ਕੇ ਜਾਵਾਂਗੇ, ਫਗਵਾੜੇ ਰੁਕ ਲਈਂ ਕਿਤੇ।''

''ਭਾਜੀ, ਘਰ ਵਰਗੀ ਰੋਟੀ ਹੋਟਲਾਂ ਵਿਚ ਨਹੀਂ ਹੁੰਦੀ।''

''ਉਹ ਤਾਂ ਠੀਕ ਐ ਪਰ ਮੈਂ ਸੁਖਦੇਵ ਨੂੰ ਫੋਨ ਕੀਤਾ ਸੀ ਕਿ ਮੈਂ ਸ਼ਾਮ ਨੂੰ ਆਵਾਂਗਾ, ਅਗਲੇ ਨੇ ਸ਼ਾਇਦ ਰੋਟੀ ਦਾ ਇੰਤਜ਼ਾਮ ਨਾ ਕੀਤਾ ਹੋਵੇ।''

ਗੁਪਾਲਾ ਉਸ ਦੀ ਗੱਲ ਸਮਝ ਗਿਆ। ਉਸ ਨੇ ਫਗਵਾੜੇ ਪੁੱਜ ਕੇ ਗੱਡੀ ਰੋਕ ਲਈ ਤੇ ਇਕ ਰੈਸਟੋਰੈਂਟ ਵਿਚ ਖਾਣਾ ਖਾਣ ਬਹਿ ਗਏ। ਗੁਪਾਲਾ ਉਸ ਤੋਂ ਅਲੱਗ ਬਹਿਣਾ ਚਾਹੁੰਦਾ ਸੀ ਪਰ ਅਰਵਿੰਦ ਨੇ ਉਸ ਨੂੰ ਆਪਣੇ ਕੋਲ ਹੀ ਬੈਠਾ ਲਿਆ। ਇਕ ਤਾਂ ਅਰਵਿੰਦ ਨੂੰ ਵੀ ਸਾਥ ਦੀ ਜ਼ਰੂਰਤ ਸੀ ਫਿਰ ਉਸ ਦੀਆਂ ਗੱਲਾਂ ਵੀ ਚੰਗੀਆਂ ਲੱਗ ਰਹੀਆਂ ਸਨ। ਰੈਸਟੋਰੈਂਟ ਵਿਚ ਵੜਦਿਆਂ ਤਾਂ ਮੱਖੀਆਂ ਦੀ ਭਰਮਾਰ ਸੀ ਪਰ ਅੰਦਰ ਏ. ਸੀ. ਚਲਦਾ ਹੋਣ ਕਰਕੇ ਮੱਖੀ ਹੈ ਨਾ ਸੀ। ਖਾਣਾ ਖਾਣ ਨੂੰ ਉਹਨਾਂ ਨੇ ਘੰਟਾ ਕੁ ਲਗਾ ਦਿਤਾ। ਦੋ ਵਜੇ ਤੋਂ ਬਾਅਦ ਅਰਵਿੰਦ ਨੇ ਸੁਖਦੇਵ ਨੂੰ ਫੋਨ ਕਰ ਕੇ ਦੱਸਿਆ ਕਿ ਅਸੀਂ ਪੁੱਜਣ ਵਾਲੇ ਹੀ ਹਾਂ। ਫਗਵਾੜੇ ਵਿਚ ਬਣਦੇ ਫਲਾਈ ਓਵਰ ਨੂੰ ਦੇਖ ਕੇ ਉਹ ਸੋਚਣ ਲੱਗਿਆ ਕਿ ਇਹਦੇ ਬਣਨ ਨਾਲ ਸਹਿਜੇ ਹੀ ਅੱਧਾ-ਘੰਟਾ ਬਚ ਜਾਇਆ ਕਰੇਗਾ। ਉਹਨਾਂ ਦੇ ਅੱਗੇ ਜਾ ਰਹੇ ਟਰੱਕ ਵਿਚ ਫੱਟੇ ਪਾ ਕੇ ਉਸ ਦੀਆਂ ਦੋ ਛੱਤਾਂ ਬਣਾਈਆਂ ਹੋਈਆਂ ਸਨ ਤੇ ਲੋਕਾਂ ਨਾਲ ਤੁੜਿਆ ਪਿਆ ਸੀ। ਗੁਪਾਲਾ ਦੱਸਣ ਲੱਗਿਆ,

''ਬਾਬੇ ਦੇ ਚੱਲੇ ਆ। ਵਿਹਲੇ ਲੋਕ ਹੋਰ ਕਰਨ ਵੀ! ਕਦੇ ਕਿਸੇ ਦੇਵੀ ਦੇ ਤੁਰ ਜਾਂਦੇ ਆ ਤੇ ਕਦੇ ਕਿਸੇ ਬਾਬੇ ਦੇ। ਅਗੇ ਤੇਤੀ ਕਰੋੜ ਦੇਵਤੇ ਹੁੰਦੇ ਸੀ, ਹੁਣ ਏਨੇ ਕੁ ਹੀ ਬਾਬੇ ਹੋ ਗਏ!''

ਦੱਸਦਾ ਉਹ ਹੱਸਣ ਲੱਗਿਆ। ਫਗਵਾੜਾ ਲੰਘ ਕੇ ਗੱਡੀ ਪਿੰਡ ਵੱਲ ਪਈ ਤਾਂ ਅਰਵਿੰਦ ਨੇ ਦੇਖਿਆ ਕਿ ਆਲੇ ਦੁਆਲੇ ਮਟੀਆਂ, ਗੁਰਦਵਾਰੇ ਜਾਂ ਹੋਰ ਪੂਜਣ ਦੀਆਂ ਨਵੀਂਆਂ ਨਵੀਂਆਂ ਜਗਾਵਾਂ ਬਣ ਗਈਆਂ ਹੋਈਆਂ ਸਨ। ਇਹ ਪਹਿਲਾਂ ਉਸ ਨੇ ਕਦੇ ਨਹੀਂ ਸਨ ਦੇਖੀਆਂ। ਏਨਾ ਕੁ ਤਾਂ ਉਹ ਸਮਝਦਾ ਹੀ ਸੀ ਕਿ ਜਿੰਨੇ ਲੋਕਾਂ ਦੇ ਦੁੱਖ ਵੱਧ ਰਹੇ ਹਨ ਓਨੇ ਹੀ ਇਹ ਬਾਬੇ ਵਧੀ ਜਾਣੇ ਹਨ। ਦੁੱਖਾਂ ਤੋਂ ਲੁਕਣ ਦੀ ਜਗਾਹ ਵੀ ਬਣਦੇ ਹਨ ਅਜਿਹੇ ਪੂਜਣ-ਸਥਾਨ। ਉਹ ਆਪਣੇ ਪਿੰਡ ਦੀ ਜੂਹ ਵਿਚ ਵੜੇ ਤਾਂ ਉਥੇ ਵੀ ਕਈ ਮਟੀਆਂ ਤੇ ਗੁੰਬਦ ਜਿਹੇ ਪਹਿਲੀ ਵਾਰ ਦੇਖਣ ਵਿਚ ਆਏ। ਉਸ ਦੀ ਹੈਰਾਨੀ ਨੂੰ ਸਮਝਦਾ ਗੁਪਾਲਾ ਬੋਲਿਆ,

''ਭਾਜੀ, ਇਹ ਏਦਾਂ ਦਾ ਬਿਜ਼ਨਸ ਆ ਕਿ ਕਦੇ ਵੀ ਫੇਹਲ ਨਹੀਂ ਹੁੰਦਾ।''

''ਗੁਪਾਲੇ, ਤੂੰ ਵੀ ਯਾਰ ਕੋਈ ਬਾਬਾ ਹੀ ਬਣ ਜਾਹ, ਜਿੰਨੀਆਂ ਤੈਨੂੰ ਗੱਲਾਂ ਦਾ ਪਤਾ ਏਨੀਆਂ ਤਾਂ ਕਿਸੇ ਬਾਬੇ ਨੂੰ ਵੀ ਨਹੀਂ ਪਤਾ ਹੋਣੀਆਂ।''

''ਬਾਬੇ ਨਾਲੋਂ ਤਾਂ ਮੈਂ ਲੋਕਾਂ ਨੂੰ ਜ਼ਿਆਦਾ ਕੀਲ ਲਿਆ ਕਰੂੰ ਪਰ ਏਹ ਪਾਪ ਮੇਰੇ ਤੋਂ ਹੋਣਾਂ ਨਹੀਂ। ...ਔਹ ਦੇਖੋ, ਖੱਬੇ ਹੱਥ ਵਾਲੀ ਮਟੀ ਸਾਡੀ ਪੱਤੀ ਦੀ ਜ਼ਮੀਨ ਵਿਚ ਬਣੀ ਹੋਈ ਆ, ਮੈਂ ਏਹਦਾ ਬਹੁਤ ਵਿਰੋਧ ਕੀਤਾ ਪਰ ਕਿਸੇ ਨੇ ਮੇਰੀ ਸੁਣੀ ਹੀ ਨਹੀਂ। ਹੁਣ ਸਾਰੀ ਪੱਤੀ ਇਥੇ ਮੰਗਲਵਾਰ ਨੂੰ ਦੀਵੇ ਜਗਾਉਂਦੀ ਆ ਤੇ ਮੰਗਾਂ ਮੰਗਦੀ ਆ, ਕੋਈ ਕੁੜੀ ਲਈ ਮੁੰਡਾ ਤੇ ਕੋਈ ਮੁੰਡੇ ਲਈ ਕੁੜੀ, ਕੋਈ ਵਲੈਤ ਦਾ ਵੀਜ਼ਾ ਤੇ ਕੋਈ ਸੱਟੇ ਦੇ ਨੰਬਰ।''

ਸਾਹਮਣੇ ਤੋਂ ਇਕ ਟਰੈਕਟਰ ਆ ਰਿਹਾ ਸੀ। ਉਸ ਉਪਰ ਟੇਪ ਪੂਰੀ ਅਵਾਜ਼ ਵਿਚ ਵੱਜ ਰਹੀ ਸੀ। ਅਰਵਿੰਦ ਨੇ ਪੁੱਛਿਆ,

''ਇਹ ਕੀ ਚੀਜ਼ ਆ ਬਈ?''

''ਇਹ ਭੱਈਆ ਹੋਣਾਂ। ਏਦਾਂ ਟੇਪ ਵਜਾਉਣਾ ਫੈਸ਼ਨ ਭੱਈਆਂ ਵਿਚ ਐ।''

''ਭੱਈਏ ਹੁਣ ਪੰਜਾਬ ਵਿਚ ਬਹੁਤ ਐ?''

"ਬਹੁਤ, ਲੁਧਿਆਣੇ ਵਿਚ ਇਹ ਲੱਖਾਂ ਦੀ ਗਿਣਤੀ ਵਿਚ ਐ। ਸਾਡੇ-ਛੋਟੇ ਮੋਟੇ ਸਾਰੇ ਕੰਮ ਹੀ ਇਹਨਾਂ ਨੇ ਸੰਭਾਲ ਲਏ। ਮਿਹਨਤੀ ਲੋਕ ਆ। ਪੰਜਾਬ ਸਾਰਾ ਤਾਂ ਡਰੱਗ ਨੇ ਲੈ ਲਿਆ। ਅਸਲ ਵਿਚ ਭੱਈਆਂ ਨੇ ਵੀ ਪੰਜਾਬੀਆਂ ਨੂੰ ਨੇਸਤੀ ਬਣਾ ਦਿਤਾ। ਹੁਣ ਇਹੋ ਈ ਸਾਂਭ ਰਹੇ ਆ ਪੰਜਾਬ ਨੂੰ। ਪੰਜਾਬ ਦਾ ਹਿੱਸਾ ਹੀ ਬਣ ਗਏ ਇਹ। ਪੰਚਾਇਤਾਂ ਦੇ ਮੈਂਬਰ ਬਣ ਗਏ। ਸਰਪੰਚ ਵੀ ਹੈਗੇ।"

"ਚਲੋ, ਪੰਜਾਬ ਤਾਂ ਚੱਲੀ ਜਾਂਦਾ, ਭੱਈਆਂ ਸਿਰ 'ਤੇ ਹੀ ਸਹੀ।"

"ਇਹ ਵੀ ਹੁਣ ਵਾਪਸ ਮੁੜੀ ਜਾਂਦੇ ਆ। ਸੈਂਟਰ ਨੇ ਇਕ ਨਰੇਗਾ ਸਕੀਮ ਸ਼ੁਰੂ ਕੀਤੀ ਆ, ਸਭ ਨੂੰ ਰੋਜ਼ਗਾਰ ਦੁਆਉਣ ਦੀ।"

"ਯਾਰ ਗੁਪਾਲੇ, ਕਦੇ ਤੂੰ ਬਾਹਰਲਿਆਂ ਨੂੰ ਦੋਸ਼ ਦੇਣ ਲੱਗਦਾਂ ਤੇ ਕਦੇ ਭਈਆਂ ਨੂੰ, ਪੰਜਾਬੀਆਂ ਨੂੰ ਗਲਤ ਕਿਉਂ ਨਹੀਂ ਕਹਿੰਦਾ?"

"ਇਹਨਾਂ ਦੋਨਾਂ ਨੇ ਹੀ ਪੰਜਾਬ ਨੂੰ ਆਲਸੀ ਬਣਾ ਦਿਤਾ ਤੇ ਰਹਿੰਦੀ ਕਸਰ ਲੀਡਰਾਂ ਨੇ ਪੰਜਾਬ ਵਿਚ ਡਰੱਗ ਦਾ ਦਰਿਆ ਵਗਾ ਕੇ ਪੂਰੀ ਕਰ ਦਿਤੀ। ਸੱਚ ਭਾਜੀ, ਜ਼ਰਾ ਧਿਆਨ ਨਾਲ ਸੋਚੋ, ਪੰਜਾਬ ਦੀ ਹਾਲਤ ਬਾਰੇ, ...ਰੋਣਾ ਆਉਂਦਾ!"

ਗੱਲ ਕਰਦਾ ਗੁਪਾਲਾ ਉਦਾਸ ਹੋ ਗਿਆ। ਗੱਲਾਂ ਕਰਦੇ ਉਹ ਆਪਣੇ ਪਿੰਡ ਆ ਵੜੇ। ਗੁਪਾਲੇ ਨੇ ਪੁੱਛਿਆ,

"ਭਾਜੀ, ਪਿੰਡ ਕਿੰਨੇ ਦਿਨ ਰਹਿਣਾ?"

"ਬਸ, ਇਕ-ਦੋ ਦਿਨ। ਹਾਂ, ਜਿੰਦਾਂ ਮੈਂ ਕਿਹਾ ਸੀ ਕਿ ਗੱਡੀ ਮੈਨੂੰ ਚੌਵੀ ਘੰਟੇ ਲਈ ਹੀ ਚਾਹੀਦੀ ਐ। ਮੈਂ ਆਪਣਾ ਅਟੈਚੀ ਏਹਦੇ ਵਿਚ ਹੀ ਰੱਖਣਾ, ਇਹ ਤੇਰੀ ਗੱਡੀ ਇਕ ਕਿਸਮ ਦਾ ਮੇਰਾ ਕਮਰਾ ਹੀ ਐ, ਮੈਂ ਲੋੜ ਜੋਗੇ ਕਪੜੇ ਕੱਢ ਕੇ ਇਕ ਬੈਗ ਵਿਚ ਪਾ ਲਿਆ ਕਰਨੇ ਆਂ।"

"ਕੋਈ ਗੱਲ ਨਹੀਂ ਜੀ, ਤੁਸੀਂ ਆਪਣਾ ਸਮਾਨ ਏਹਦੇ ਵਿਚ ਹੀ ਪਿਆ ਰਹਿਣ ਦਿਓ। ਪੂਰੀ ਤਰ੍ਹਾਂ ਸੇਫ ਆ। ਦਿਨੇ ਹਰ ਵੇਲੇ ਮੈਂ ਇਹਦੇ ਵਿਚ ਹੋਣਾ ਤੇ ਰਾਤ ਨੂੰ ਗੇਟ ਦੇ ਅੰਦਰ ਖੜੀ ਕਰਨੀ ਆਂ।"

ਅਰਵਿੰਦ ਨੇ ਅਟੈਚੀ ਵਿਚੋਂ ਤਿੰਨ ਦਿਨ ਦੇ ਕਪੜੇ ਕੱਢ ਕੇ ਇਕ ਬੈਗ ਵਿਚ ਪਾ ਲਏ। ਪਿੰਡ ਹੋ ਕੇ ਉਸ ਨੇ ਜਾਂ ਤਾਂ ਅੰਮ੍ਰਿਤਸਰ ਜਾਣਾ ਸੀ ਸੁਮੀਤ ਸਹੋਤੇ ਨੂੰ ਮਿਲਣ ਜਾਂ ਫਿਰ ਹੁਸ਼ਿਆਰਪੁਰ ਉਂਕਾਰ ਕੋਲ ਪਰ ਰਹਿਣਾ ਉਸ ਨੇ ਹੋਟਲ ਵਿਚ ਹੀ ਸੀ। ਹੋਟਲ ਵਿਚ ਰਹਿਣ ਵਿਚ ਅਜ਼ਾਦੀ ਸੀ ਤੇ ਸਹੂਲਤਾਂ ਵੀ ਸਾਰੀਆਂ ਮਿਲਦੀਆਂ ਸਨ।

ਪਿੰਡ ਪੁੱਜੇ ਤਾਂ ਸੁਖਦੇਵ ਕਾਰ ਦੇਖ ਕੇ ਬਾਹਰ ਆ ਗਿਆ। ਨਾਲ ਹੀ ਉਸ ਦਾ ਮੁੰਡਾ ਲਵਲੀਨ ਵੀ। ਪਿਛਲੀ ਵਾਰ ਅਰਵਿੰਦ ਆਇਆ ਤਾਂ ਲਵਲੀਨ ਸਾਲ ਕੁ ਦਾ ਸੀ। ਹੁਣ ਉਹ ਸੁਖਦੇਵ ਨਾਲੋਂ ਵੀ ਲੰਮਾ ਹੋਇਆ ਖੜਾ ਸੀ। ਸੁਖਦੇਵ ਦੀ ਦਾਹੜੀ ਹੁਣ ਬੱਗੀ ਹੋ ਗਈ ਸੀ। ਅਰਵਿੰਦ ਨੂੰ ਉਸੇ ਵੇਲੇ ਖਿਆਲ ਆਇਆ ਕਿ ਜੇ ਉਹ ਆਪਣੇ ਵਾਲਾਂ ਨੂੰ ਡਾਈ ਨਾ ਕਰੇ ਤਾਂ ਸ਼ਾਇਦ ਇਹਦੇ ਨਾਲੋਂ ਵੀ ਵੱਧ ਚਿੱਟੇ ਹੋਣੇ ਸਨ। ਉਹ ਬਹੁਤ ਮੋਹ ਨਾਲ ਮਿਲੇ ਤੇ ਘਰ ਦੇ ਅੰਦਰ ਲੈ ਗਏ। ਭਰਜਾਈ ਵੀ ਬਹੁਤ ਪਿਆਰ ਨਾਲ ਮਿਲੀ। ਉਮਰ ਦੇ ਹਿਸਾਬ ਨਾਲ ਉਹ ਵੀ ਹੁਣ ਢਲ਼ ਗਈ ਦਿਸਦੀ ਸੀ। ਉਹ ਬੈਠਕ ਵਿਚ ਆ ਗਏ, ਭਰਜਾਈ ਸਕੰਜਵੀ ਲੈ ਆਈ ਤੇ ਉਸ ਦੇ ਬਾਪੂ ਜੀ ਦੀ ਮੌਤ ਦਾ ਅਫਸੋਸ ਕਰਨ ਲੱਗੀ। ਸੁਖਦੇਵ ਵੀ ਬਾਪੂ ਜੀ ਨੂੰ ਯਾਦ ਕਰਦਾ ਉਸ ਦੀਆਂ ਗੱਲਾਂ ਕਰ ਰਿਹਾ ਸੀ। ਕੁਝ ਦੇਰ ਤਕ ਸੁਖ-ਸਾਂਦ ਦੀ ਪੁੱਛ-ਗਿੱਛ ਜਾਰੀ ਰਹੀ। ਕਮਰੇ ਵਿਚ ਪੱਖਾ ਚੱਲ ਰਿਹਾ ਸੀ, ਕੂਲਰ ਵੀ ਲੱਗਿਆ ਹੋਇਆ ਸੀ ਪਰ ਹਾਲੇ ਵੀ ਗਰਮੀ ਸੀ। ਅਰਵਿੰਦ ਸੋਚਦਾ ਸੀ ਕਿ ਗਰਮੀਆਂ ਵਿਚ ਦੁਪਿਹਰ ਵੇਲੇ ਲੋਕ ਸੌਂ ਜਾਇਆ ਕਰਦੇ ਹਨ ਪਰ ਉਹ ਸਾਰੇ ਉਸ ਨਾਲ ਗੱਲਾਂ ਕਰਨ ਵਿਚ ਰੁੱਝੇ ਰਹੇ। ਗੱਲ ਕਰਦਿਆਂ ਸੁਖਦੇਵ ਨੇ ਕੁਝ ਚੇਤੇ ਆਉਣ ਵਾਂਗ ਪੁੱਛਿਆ,

"ਚਾਚੇ ਦੇ ਅਸਤ ਜਲ ਪ੍ਰਵਾਹ ਕਰ ਦਿੱਤੇ?"

ਅਰਵਿੰਦ ਇਕ ਦਮ ਝਿਪ ਗਿਆ ਜਿਵੇਂ ਚੋਰ ਚੋਰੀ ਫੜੀ ਜਾਣ ਵੇਲੇ ਕਰਦਾ ਹੀ ਹੈ। ਉਹ ਉਸ ਨੂੰ ਹੁਣ ਕੀ ਦੱਸੇ ਕਿ ਬਾਪੂ ਜੀ ਦੇ ਅਸਤ ਤਾਂ ਦਿੱਲੀ ਦੇ ਕਿਸੇ ਹੋਟਲ ਦੀ ਅਲਮਾਰੀ ਵਿਚ ਪਏ ਸਨ। ਉਸ ਨੇ ਆਖਿਆ,

"ਹਾਂ, ਏਹੀ ਕੰਮ ਕਰਨ ਹੀ ਆਇਆ ਸਾਂ।"

"ਕੀਰਤ ਪੁਰ ਹੀ ਗਿਆ ਸੈਂ ਨਾ? ਚਾਚੇ ਦੀ ਆਖਰੀ ਇਛਿਆ ਇਹ ਸੀ, ਮੈਨੂੰ ਵੀ ਉਹ ਅਕਸਰ ਕਹਿਣ ਲੱਗ ਪੈਂਦਾ ਕਿ ਮੇਰੇ ਅਸਤ ਕੀਰਤ ਪੁਰ ਹੀ ਪਾਉਣੇ।"

"ਹਾਂ, ਮੈਂ ਪਾ ਆਇਆਂ। ਮੈਂ ਦਿੱਲੀ ਤੋਂ ਹੀ ਇਕ ਦਿਨ ਸਿਧਾ ਆ ਕੇ ਪਾ ਗਿਆ ਸੀ, ਕੋਈ ਸਾਥ ਮਿਲ ਗਿਆ ਸੀ।"

ਉਸ ਨੇ ਵੇਲਾਂ ਵਾਲੀ ਗੋਲੀ ਹੀ ਸੁਖਦੇਵ ਨੂੰ ਵੀ ਦੇ ਦਿਤੀ। ਉਸ ਨੂੰ ਆਪਣੇ-ਆਪ 'ਤੇ ਗੁੱਸਾ ਵੀ ਆ ਰਿਹਾ ਸੀ ਕਿ ਉਹ ਨਿਕੀ ਜਿਹੀ ਜ਼ਿੰਮੇਵਾਰੀ ਨਹੀਂ ਸੀ ਨਿਭਾ ਸਕਿਆ। ਆਪਣੀ ਨੌਕਰੀ ਉਪਰ ਕਿੰਨਾ ਵੀ ਨਿਪੁੰਨ ਸੀ ਪਰ ਸਮਾਜਕ ਕੰਮਾਂ ਵਿਚ ਉਹ ਸਦਾ ਹੀ ਫਾਡੀ ਰਿਹਾ ਸੀ। ਉਹਨਾਂ ਦੇ ਗੱਲਾਂ ਕਰਦਿਆਂ ਹੀ ਕੁਝ ਗਵਾਂਢੀ ਹੋਰ ਆ ਗਏ। ਉਸ ਦੇ ਪਿਓ ਦਾ ਅਫਸੋਸ ਕਰਨ ਲੱਗੇ। ਆਲੇ-ਦੁਆਲੇ ਦੇ ਘਰਾਂ ਵਿਚ ਜਿਸ ਨੂੰ ਵੀ ਪਤਾ ਚੱਲਿਆ ਉਸ ਨੂੰ ਮਿਲਣ ਆ ਰਿਹਾ ਸੀ। ਇਹ ਸਿਲਸਿਲਾ ਸ਼ਾਮ ਹੋਣ ਤਕ ਚਲਦਾ ਰਿਹਾ। ਇਧਰੋਂ ਵਿਹਲਾ ਹੋ ਕੇ ਉਹ ਆਪਣੇ ਢਿੱਠੇ ਹੋਏ ਘਰ ਨੂੰ ਦੇਖਣ ਚਲੇ ਗਿਆ। ਰਾਹ ਵਿਚ ਕਈ ਜਾਣੂ ਮਿਲ ਪਏ। ਉਸ ਦੇ ਬਾਪੂ ਜੀ ਦਾ ਅਫਸੋਸ ਕਰਦੇ ਉਸ ਦੇ ਵੀਹ ਸਾਲ ਬਾਅਦ ਮੁੜਨ ਦਾ ਗਿਲਾ ਵੀ ਕਰਨ ਲੱਗਦੇ।

ਬਾਹਰੋਂ ਘੁੰਮ ਕੇ ਜਦ ਉਹ ਵਾਪਸ ਮੁੜਿਆ ਤਾਂ ਸੁਖਦੇਵ ਨੇ ਬੋਤਲ ਖੋਹਲ ਲਈ। ਅਰਵਿੰਦ ਨੇ ਆਪਣੀ ਬਾਂਹ ਉਪਰ ਥਪਕੀ ਜਿਹੀ ਮਾਰੀ। ਮੱਛਰ ਆ ਬੈਠਾ ਸੀ। ਉਸ ਨੇ ਕੁਰਸੀ ਖਿੱਚ ਕੇ ਪੱਖੇ ਦੇ ਮੂਹਰ ਨੂੰ ਕਰ ਲਈ। ਥੋੜੀ ਦੇਰ ਬਾਅਦ ਗਲੀ ਵਿਚ ਕਿਸੇ ਨੇ ਹੋਕਾ ਦਿਤਾ ਤਾਂ ਸੁਖਦੇਵ ਬੋਲਿਆ,

"ਇਹ ਕਰਮਾ ਈ ਹੋਣਾਂ।"

"ਕਰਮਾ ਕਿਹੜਾ?"

''ਜਿਹੜੀ ਚਿੰਤੋ ਦਾਣੇ ਭੁੰਨਦੀ ਹੁੰਦੀ ਸੀ, ਉਹਦਾ ਮੁੰਡਾ। ਹੁਣ ਭੁੰਜੇ ਬਹਿ ਕੇ ਦਾਣੇ ਭੁੰਨਣ ਦਾ ਰਿਵਾਜ ਨਹੀਂ ਰਿਹਾ, ਇਹਨੇ ਸਾਈਕਲ ਦੇ ਪਹੀਆਂ ਵਾਲੀ ਰੇਹੜੀ ਬਣਾਈ ਹੋਈ ਆ, ਗੈਸ ਦਾ ਸਲੰਡਰ ਲਾ ਕੇ ਭੱਠੀ ਬਣਾ ਲਈ ਤੇ ਏਦਾਂ ਤੁਰਿਆ ਫਿਰਦਾ ਦਾਣੇ ਭੁੰਨਦਾ ਤੇ ਤਕਾਲਾਂ ਤਕ ਦਿਹਾੜੀ ਪਾ ਲੈਂਦਾ।''

''ਇਹ ਵੀ ਤਾਂ ਯਾਰ ਤਰੱਕੀ ਵਾਲੀ ਹੀ ਗੱਲ ਐ।''

ਆਖਦਾ ਉਠ ਕੇ ਉਹ ਬਾਹਰ ਗਲੀ ਵਿਚ ਆ ਗਿਆ। ਕਰਮਾ ਉਸ ਨੂੰ ਪਿਆਰ ਨਾਲ ਮਿਲਿਆ। ਉਸ ਨੇ ਕੁਝ ਛੋਲੇ ਭੁੰਨਾ ਲਏ। ਵਿਸਕੀ ਨਾਲ ਇਹ ਬਹੁਤ ਢੁਕਵੇਂ ਸਨ।

ਉਹਨਾਂ ਪਹਿਲਾ ਪੈੱਗ ਖਤਮ ਹੀ ਕੀਤਾ ਸੀ ਕਿ ਅਰਵਿੰਦਾ ਦਾ ਜਮਾਤੀ ਮੱਖਣ ਆ ਗਿਆ। ਸੁਖਦੇਵ ਨੇ ਉਸ ਨੂੰ ਵੀ ਹਾੜਾ ਪਾ ਦਿਤਾ। ਉਸ ਕੁਝ ਦੇਰ ਤਕ ਅਫਸੋਸ ਤੇ ਹੋਰ ਰਾਜ਼ੀ-ਖੁਸ਼ੀ ਤਬਦੀਲ ਕਰਦੇ ਰਹੇ। ਮੱਖਣ ਦੇ ਪਰਿਵਾਰ ਬਾਰੇ ਗੱਲ ਕਰਦਾ ਅਰਵਿੰਦ ਪੁੱਛਣ ਲੱਗਿਆ,

''ਕੁੜੀ ਤਾਂ ਕਨੇਡਾ ਚਲੇ ਗਈ ਤੇ ਬੜਾ ਮੁੰਡਾ ਕਿੱਦਾਂ?''

''ਮੁੰਡਾ ਪੜ੍ਹਨੋ ਤਾਂ ਹਟ ਗਿਆ ਸੀ ਪਰ ਕੰਮ ਕੋਈ ਨਹੀਂ ਕਰਦਾ, ਖੇਤੀ ਜੋਗੀ ਜ਼ਮੀਨ ਹੈ ਨੀਂ, ਨੌਕਰੀ ਕੋਈ ਮਿਲਦੀ ਨਹੀਂ। ਅੱਗੇ ਤਾਂ ਇਹ ਹੁੰਦਾ ਸੀ ਕਿ ਹੋਰ ਨਹੀਂ ਤਾਂ ਬੰਦਾ ਫੌਜ ਵਿਚ ਹੀ ਭਰਤੀ ਹੋ ਜਾਂਦਾ ਸੀ ਪਰ ਹੁਣ ਉਹ ਭਰਤੀ ਵੀ ਬੰਦ ਆ।''

''ਕੰਮ ਬਿਨਾਂ ਤਾਂ ਔਖਾ!''

''ਔਖੇ ਜਿਹਾ ਔਖਾ! ਅਰਵਿੰਦ ਸਿਆਂ, ਆਪਣੇ ਵਾਲੇ ਵੇਲੇ ਨਹੀਂ ਰਹਿ ਗਏ, ਹੁਣ ਗੁੱਸੇ ਏਨੇ ਵੱਧ ਗਏ ਕਿ ਕੋਈ ਨੱਕ 'ਤੇ ਮੱਖੀ ਨਹੀਂ ਬਹਿਣ ਦਿੰਦਾ। ਪਿੰਡ ਦੀ ਮੁੰਡੀੜ ਹੀ ਨਹੀਂ ਮਾਣ, ਸਾਲ਼ਿਆਂ ਨੇ ਸ਼ਹਿਰਾਂ ਵਾਂਗੂੰ ਗੈਂਗ ਬਣਾਏ ਹੋਏ ਆ ਤੇ ਓਦਾਂ ਹੀ ਲੜਦੇ ਆ। ਆਹ ਪਿੱਛੇ ਜਿਹੇ ਆਪਣੇ ਪਿੰਡ ਦੋ ਗੈਂਗਾਂ ਵਿਚ ਜੰਮ ਕੇ ਲੜਾਈ ਹੋਈ। ਤੇਰੇ ਭਤੀਜੇ ਦੇ ਵੀ ਵਾਹਵਾ ਸੱਟਾਂ ਲੱਗੀਆਂ, ਪੁਲਸ ਨੇ ਹੀ ਬੜਾ ਚੱਕਰ ਪਾਇਆ।''

''ਕਿਹੜੀ ਗੱਲੋਂ ਲੜਾਈ ਹੋ ਗਈ?''

''ਅਖੇ ਤੂੰ ਸਾਡੇ ਮੁਹੱਲੇ ਦੀ ਕੁੜੀ ਨੂੰ ਗਰਲ ਫ੍ਰੈਂਡ ਨਹੀ ਬਣਾ ਸਕਦਾ! ...ਯੱਧੇ ਹੋਏ ਗਰਲ ਫ੍ਰੈਂਡਾਂ ਦੇ! ਬਸ ਆਹੀ ਕੁਝ ਹੋਣਾ ਸ਼ੁਰੂ ਹੋ ਗਿਆ।''

ਮੱਖਣ ਆਪਣੇ ਦੁੱਖ ਦੱਸਦਾ-ਦੱਸਦਾ ਸ਼ਰਾਬ ਦਾ ਕੁਝ ਵਧੇਰੇ ਹੀ ਲਾਲਚ ਕਰ ਗਿਆ। ਉਸ ਦਾ ਘਰ ਕੁਝ ਹਟਵਾਂ ਸੀ। ਜਦ ਉਹ ਜਾਣ ਲੱਗਿਆ ਤਾਂ ਅਰਵਿੰਦ ਉੱਠ ਕੇ ਉਸ ਦੇ ਨਾਲ ਤੁਰ ਪਿਆ ਕਿ ਕਿਤੇ ਰਾਹ ਵਿਚ ਹੀ ਨਾ ਡਿਗ ਪਏ। ਮੱਖਣ ਬੋਲਿਆ,

''ਛੋਟੇ ਭਾਈ, ਤੂੰ 'ਰਾਮ ਨਾਲ ਬੈਠ, ਮੈਂ ਚਲੇ ਜਾਣਾ, ਬਸ, ਤੂੰ ਮੈਨੂੰ ਬਾਹਰ ਕੱਢ ਕੇ ਮੈਨੂੰ ਕੰਧ ਫੜਾ ਦੇ।''

ਅਰਵਿੰਦ ਨੇ ਇਵੇਂ ਹੀ ਕੀਤੀ। ਮੱਖਣ ਕੰਧ ਦਾ ਆਸਰਾ ਲੈਂਦਾ ਹੋਇਆ ਤੁਰ ਗਿਆ। ਕੁਝ ਮਿੰਟਾਂ ਬਾਅਦ ਉਸ ਨੇ ਘਰ ਪੁੱਜ ਕੇ ਫੋਨ ਕਰ ਦਿਤਾ ਕਿ ਉਹ ਠੀਕ-ਠਾਕ ਪੁੱਜ ਗਿਆ ਸੀ। ਰਾਤ ਨੂੰ ਸੌਣ ਲੱਗੇ ਤਾਂ ਸੁਖਦੇਵ ਦੀ ਪਤਨੀ ਨੇ ਅੰਦਰ ਹੀ ਉਹਨਾਂ ਦੇ ਬਿਸਤਰ ਲਗਾ ਦਿਤੇ। ਅਰਵਿੰਦ ਨੇ ਹੈਰਾਨ ਜਿਹੇ ਹੁੰਦਿਆਂ ਸੁਖਦੇਵ ਨੂੰ ਪੁੱਛਿਆ,

''ਯੂ ਨੋਅ, ਤੁਸੀਂ ਕੋਠਿਆਂ 'ਤੇ ਨਹੀਂ ਸੋਂਦੇ?''

''ਹੁਣ ਕੋਠਿਆਂ 'ਤੇ ਕੌਣ ਸੌਂਦਾ! ਹੁਣ ਤਾਂ ਲੋਕ ਗਰਮੀਆਂ ਨੂੰ ਵੀ ਪੱਖੇ ਲਾ ਕੇ ਅੰਦਰੀਂ ਹੀ ਸੌਂਦੇ ਆ।''

''ਫੇਰ ਤਾਂ ਹੁਣ ਤਾਰਿਆਂ ਨੂੰ ਵੀ ਕੋਈ ਨਹੀਂ ਦੇਖਦਾ ਹੋਣਾਂ!''

ਅਰਵਿੰਦ ਨੇ ਕਿਹਾ ਤੇ ਸੁਖਦੇਵ ਇਵੇਂ ਹੱਸਿਆ ਜਿਵੇਂ ਅਰਵਿੰਦ ਨੇ ਕੋਈ ਪਾਗਲਪਨ ਦੀ ਗੱਲ ਕਰ ਦਿਤੀ ਹੋਵੇ। ਉਸ ਨੂੰ ਗੁਪਾਲੇ ਦੀ ਗੱਲ ਵੀ ਯਾਦ ਆ ਗਈ ਕਿ ਹੁਣ ਕੁਦਰਤ ਨੂੰ ਮਾਣਨ ਦੇ ਤਰੀਕੇ ਵੀ ਬਦਲ ਗਏ ਸਨ। ਰਾਤ ਨੂੰ ਪੱਖਾ ਵੀ ਚੱਲ ਰਿਹਾ ਸੀ ਤੇ ਕੂਲਰ ਵੀ ਪਰ ਮੱਛਰ ਫਿਰ ਵੀ ਅਰਵਿੰਦ ਦੇ ਕੰਨਾਂ ਵਿਚ ਭੀਂ ਭੀਂ ਕਰੀ ਜਾ ਰਿਹਾ ਸੀ। ਕਈ ਜਗਾਹ ਲੜ੍ਹ ਵੀ ਗਿਆ ਸੀ। ਉਸ ਨੇ ਪਤਲੀ ਜਿਹੀ ਚਾਦਰ ਵਿਚ ਸਿਰ-ਮੂੰਹ ਸਾਰੀ ਰਾਤ ਲਪੇਟੀ ਰੱਖਿਆ।

ਸਵੇਰੇ ਉਠਦੇ ਸਾਰ ਹੀ ਸੁਖਦੇਵ ਪੁੱਛਣ ਲੱਗਿਆ,

''ਅੱਧਰਿੜਕਾ ਪੀਏਂਗਾ ਬਈ?''

''ਲੈ ਆ ਪਰ ਥੋੜਾ ਹੀ ਲਿਆਈਂ, ਇਹ ਭਾਰਾ ਹੁੰਦਾ।''

ਅਰਵਿੰਦ ਨੂੰ ਯਾਦ ਸੀ ਕਿ ਮਾਂ ਉਸ ਨੂੰ ਸਵੇਰੇ-ਸਵੇਰੇ ਪੀਣ ਨੂੰ ਦਿਆ ਕਰਦੀ ਸੀ ਤੇ ਇਸ ਨੂੰ ਹਜ਼ਮ ਕਰਨ ਲਈ ਬਾਹਰ ਘੁੰਮ ਕੇ ਆਉਣ ਲਈ ਵੀ ਕਿਹਾ ਕਰਦੀ। ਉਹ ਉਠ ਕੇ ਉਹਨਾਂ ਦੀ ਰਸੋਈ ਵਿਚ ਚਲੇ ਗਿਆ ਜਿਥੇ ਬਿਜਲੀ ਵਾਲੀ ਮਧਾਣੀ ਚੱਲ ਰਹੀ ਸੀ। ਇਕ ਪਾਸੇ ਰੰਗਲੇ ਫੁੱਲ ਵਾਲੀ ਪੁਰਾਣੀ ਹੱਥ ਨਾਲ ਚਲਾਉਣ ਵਾਲੀ ਮਧਾਣੀ ਵੀ ਪਈ ਸੀ। ਪੁਰਾਣੇ ਜ਼ਮਾਨੇ ਦੀ ਹੀ ਭੜੋਲੀ ਵੀ, ਕਾੜ੍ਹਨੀ ਤੇ ਕਾੜ੍ਹਨਾ ਵੀ। ਇਕ ਪਾਸੇ ਘੜੌਂਜੀ 'ਤੇ ਮਿੱਟੀ ਦਾ ਘੜਾ ਵੀ ਪਿਆ ਸੀ। ਘੜੇ 'ਤੇ ਨਿਕੀ ਜਿਹੀ ਚਪਣੀ ਦਿਤੀ ਹੋਈ ਸੀ। ਚਕਲਾ, ਵੇਲਣਾ, ਭੂਕਨਾ, ਚਿਮਟਾ, ਖੁਰਚਣਾ ਸਭ ਪਏ ਸਨ। ਅਰਵਿੰਦ ਨੇ ਹੱਸਦਿਆਂ ਪੁੱਛਿਆ,

''ਪੁਰਾਣੀਆਂ ਚੀਜ਼ਾਂ ਓਦਾਂ ਹੀ ਪਈਆਂ ਕਿ ਵਰਤਦੇ ਹੁੰਨੇ ਆਂ?''

''ਭਾਜੀ, ਮਧਾਣੀ ਤਾਂ ਰੱਖੀ ਆ ਕਿ ਕਈ ਵਾਰੀ ਬਿਜਲੀ ਨਹੀਂ ਹੁੰਦੀ। ਆਹ ਸੁਰਾਹੀ ਦਾ ਪਾਣੀ ਤਾਂ ਹਾਲੇ ਵੀ ਬਹੁਤ ਠੰਡਾ ਹੁੰਦਾ। ਹੋਰ ਵੀ ਚੀਜ਼ਾਂ ਵਰਤ ਹੀ ਹੁੰਦੀਆਂ। ਜਿਹੜਾ ਦੁੱਧ ਪਾਥੀਆਂ ਨਾਲ ਕੜ੍ਹਦਾ, ਉਹ ਹੋਰ ਕਿਸੇ ਤਰ੍ਹਾਂ ਨਹੀਂ ਕੜ੍ਹ ਸਕਦਾ। ਕੂੰਡੇ-ਘੋਟਣੇ ਦੇ ਮਸਾਲੇ ਨਾਲ ਹੀ ਵਧੀਆ ਤੁੜਕਾ ਲੱਗਦਾ। ਤੌੜੀ ਬਿਨਾਂ ਸਾਗ ਨਹੀਂ ਬਣਦਾ। ਸਾਨੂੰ ਤਾਂ ਏਹਨਾਂ ਦੀ ਹੀ ਆਦਤ ਬਣੀ ਹੋਈ ਆ।''

ਸੁਖਦੇਵ ਦੀ ਪਤਨੀ ਦੱਸਦੀ ਗਈ। ਕੁਝ ਦੇਰ ਬਾਅਦ ਅਰਵਿੰਦ ਨੇ ਚਾਟੀ ਦੀ ਲੱਸੀ ਦਾ ਸਵਾਦ ਵੀ ਦੇਖਿਆ। ਉਸ ਨੂੰ ਚੰਗਾ ਚੰਗਾ ਲੱਗ ਰਿਹਾ ਸੀ। ਸੁਖਦੇਵ ਨੇ ਘਰ ਦੇ ਅੰਦਰ ਹੀ ਯੌਰਪੀਅਨ ਤਰੀਕੇ ਦੀ ਟੁਆਇਲਟ ਵੀ ਬਣਾਈ ਹੋਈ ਸੀ ਜਿਸ ਨੂੰ ਦੇਖ ਕੇ ਅਰਵਿੰਦ ਬਹੁਤ ਖੁਸ਼ ਸੀ। ਪਹਿਲੀਆਂ ਵਿਚ ਇਹ ਸਹੂਲਤਾਂ ਨਹੀਂ ਸਨ। ਉਸ ਨੇ ਸੁਖਦੇਵ ਕੋਲ ਤਾਰੀਫ ਕਰਦਿਆਂ ਕਿਹਾ,

''ਆਹ ਤਾਂ ਬਈ ਮੇਰੇ ਵਰਗੇ 'ਔਲ-ਰੈਟਾਂ' ਦੇ ਬਹੁਤ ਫਾਇਦੇ ਦੀ ਚੀਜ਼ ਐ।''

''ਆਪਣੇ ਪਿੰਡ ਤਾਂ ਹੁਣ ਇਹ ਬਹੁਤੇ ਘਰਾਂ ਵਿਚ ਹੈਗੀ ਆ। ਨਵੀ ਜਨਰੇਸ਼ਨ ਨੂੰ ਤਾਂ ਖੇਤਾਂ ਵਿਚ ਜਾਣ ਦਾ ਪਤਾ ਹੀ ਨਹੀਂ। ਕੋਈ ਵੇਲਾ ਸੀ ਕਿ ਹਾਜਤ ਵੇਲੇ ਬਾਹਰ ਨੂੰ ਭੱਜੀਦਾ ਸੀ ਤੇ ਹੁਣ ਹਾਜਤ ਵੇਲੇ ਘਰ ਨੂੰ ਆਈਦਾ।''

ਆਖਦਾ ਸੁਖਦੇਵ ਹੱਸਿਆ।

ਸੁਖਦੇਵ ਦਾ ਮੁੰਡਾ ਲਵਲੀਨ ਵੀ ਅਰਵਿੰਦ ਨਾਲ ਘੁਲਮਿਲ ਗਿਆ ਸੀ। ਉਸ ਨੇ ਕਿਹਾ,

''ਲਵਲੀਨ, ਚੱਲ ਆਪਾਂ ਪਿੰਡ ਦਾ ਗੇੜਾ ਮਾਰ ਕੇ ਆਈਏ, ਦੇਖੀਏ ਕਿ ਕੀ ਕੀ ਬਦਲ ਗਿਆ।''

''ਚਾਚਾ ਜੀ, ਬਾਹਰੋਂ ਬਹੁਤ ਲੋਕ ਆ ਕੇ ਵਸ ਗਏ। ਚਲੋ ਆਓ, ਮੈਂ ਤੁਹਾਨੂੰ ਚੱਕਰ ਕਢਵਾ ਕੇ ਲਿਆਉਂਨਾ। ਮੈਂ ਜ਼ਰਾ ਮੋਟਰ ਬਾਈਕ ਕੱਢ ਲਾਂ।''

''ਮੋਟਰ ਬਾਈਕ 'ਤੇ? ...ਤੁਰ ਕੇ ਚਲਦੇ ਆਂ।''

ਅਰਵਿੰਦ ਨੇ ਹੈਰਾਨ ਹੁੰਦਿਆਂ ਆਖਿਆ। ਲਵਲੀਨ ਹੱਸਦਾ ਹੋਇਆ ਬੋਲਿਆ,

''ਚਾਚਾ ਜੀ, ਮੋਟਰ ਸਾਈਕਲ 'ਤੇ ਆਪਣਾ ਹੀ ਟੌਹਰ ਹੁੰਦਾ। ਆਓ, ਤੁਸੀਂ ਬੈਠੋ ਜ਼ਰਾ।''

ਉਸ ਨੇ ਕਿੱਕ ਮਾਰੀ ਤੇ ਬਾਈਕ ਸਟਾਰਟ ਕਰ ਲਿਆ। ਅਰਵਿੰਦ ਲੱਤ ਘੁਮਾਉਂਦਾ ਉਸ ਦੇ ਮਗਰ ਬਹਿ ਗਿਆ। ਬਾਈਕ ਪਿੰਡ ਦੀਆਂ ਭੀੜੀਆਂ ਗਲੀਆਂ ਵਿਚ ਦੌੜਨ ਲੱਗਿਆ। ਅਰਵਿੰਦ ਬਹੁਤ ਦੇਰ ਬਾਅਦ ਇਸ 'ਤੇ ਬੈਠਿਆ ਸੀ ਇਸ ਲਈ ਉਹ ਜ਼ਰਾ ਕੁ ਡਰ ਜਿਹਾ ਵੀ ਰਿਹਾ ਸੀ ਪਰ ਫਿਰ ਵੀ ਚੰਗਾ-ਚੰਗਾ ਵੀ ਮਹਿਸੂਸ ਹੋ ਰਿਹਾ ਸੀ। ਪਿੰਡ ਸੱਚ-ਮੁੱਚ ਹੀ ਬਹੁਤ ਬਦਲ ਗਿਆ ਸੀ। ਪਿੰਡ ਦੀਆਂ ਆਮ ਕੁੜੀਆਂ ਵਾਲ ਕਟਾਈ ਫਿਰਦੀਆਂ ਸਨ। ਮੁੰਡਿਆਂ ਵਾਂਗ ਹੀ ਗੁਰੱਪ ਬਣਾ ਕੇ ਮੋੜ 'ਤੇ ਖੜੀਆਂ ਦਿੱਸ ਰਹੀਆਂ ਸਨ। ਸਲਵਾਰ ਪਾਈ ਤਾਂ ਕਿਸੇ ਕਿਸੇ ਦੇ ਹੀ ਦਿਸੀ। ਬਹੁਤੀਆਂ ਜੀਨਾਂ ਵਿਚ ਹੀ ਸਨ। ਉਹ ਬਜ਼ਾਰ ਵਿਚ ਦੀ ਲੰਘੇ ਤਾਂ ਇਕ ਕੁੜੀ ਦੇ ਸਕਰਟ ਪਾਈ ਹੋਈ ਦੇਖਣ ਨੂੰ ਵੀ ਮਿਲੀ। ਪਿੰਡ ਵਿਚ ਪਹਿਲਾਂ ਨਾਲੋਂ ਕਿਤੇ ਵੱਧ ਦੁਕਾਨਾਂ ਖੁਲ੍ਹ ਗਈਆਂ ਸਨ, ਕਿਤੇ ਵੱਧ ਲੋਕ ਤੁਰੇ ਫਿਰਦੇ ਸਨ, ਬਾਕੀ ਦੇ ਹਿੰਦੁਸਤਾਨ ਵਾਂਗ ਹੀ। ਜੋ ਬਹੁਤ ਵੱਡੀ ਤਬਦੀਲੀ ਦਿਸੀ ਉਹ ਇਹ ਕਿ ਪਿੰਡ ਵਿਚ ਸ਼ਹਿਰਾਂ ਵਾਂਗ ਹੀ ਕੋਠੀਆਂ ਬਣ ਗਈਆਂ ਸਨ, ਵੱਡੀਆਂ ਵੱਡੀਆਂ ਕੋਠੀਆਂ। ਕਿਸੇ ਕੋਠੀ 'ਤੇ ਜਹਾਜ਼ ਖੜਾ ਸੀ, ਕਿਸੇ ਤੇ ਘੋੜਾ, ਕਾਰ ਜਾਂ ਬਲਦਾਂ ਦੀ ਜੋੜੀ। ਅਰਵਿੰਦ ਨੇ ਲਵਲੀਨ ਨੂੰ ਕਿਹਾ,

''ਆਹ ਤਾਂ ਬਈ ਨਜ਼ਾਰਾ ਆ ਗਿਆ। ਏਨੀਆਂ ਕੋਠੀਆਂ ਤਾਂ ਫਗਵਾੜੇ ਮਸਾਂ ਹੋਣੀਆਂ!''

''ਇਹ ਸਾਰੀਆਂ ਤੁਹਾਡੀਆਂ ਹੀ ਆਂ ਚਾਚਾ ਜੀ ਪਰ ਰਹਿੰਦੇ ਇਹਨਾਂ ਵਿਚ ਭੱਈਏ ਹੀ ਆ।''

## ਸੱਤ

ਲਵਲੀਨ ਹੁਣੇ ਜਿਹੇ ਬੀ. ਟੈਕ. ਕਰਕੇ ਹਟਿਆ ਸੀ ਤੇ ਅੱਗੇ ਕੋਈ ਕੋਰਸ ਕਰ ਰਿਹਾ ਸੀ। ਅਰਵਿੰਦ ਨੂੰ ਉਸ ਨਾਲ ਗੱਲਾਂ ਕਰਨੀਆਂ ਚੰਗੀਆਂ ਲੱਗ ਰਹੀਆਂ ਸਨ। ਵੈਸੇ ਤਾਂ ਉਸ ਨੂੰ ਨੌਜਵਾਨਾਂ ਨਾਲ ਗੱਲਾਂ ਕਰਨੀਆਂ ਆਉਂਦੀਆਂ ਸਨ। ਉਹ ਜਾਣਦਾ ਸੀ ਕਿ ਨੌਜਵਾਨਾਂ ਨਾਲ ਗੱਲਬਾਤ ਤੋਰਨ ਲਈ ਸੰਗੀਤ ਤੋਂ ਵਧੀਆ ਕੋਈ ਚੀਜ਼ ਨਹੀਂ। ਫਿਲਮਾਂ ਵੀ ਇਕ ਵਧੀਆ ਜ਼ਰੀਆ ਹਨ। ਜਦ ਵੱਡੇ ਗੱਲਾਂ ਕਰ ਰਹੇ ਹੁੰਦੇ ਹਨ ਤਾਂ ਨੌਜਵਾਨ ਬਹੁਤ ਧਿਆਨ ਨਾਲ ਸੁਣਦੇ ਹਨ ਪਰ ਵੱਡੇ ਉਹਨਾਂ ਨੂੰ ਆਪਣੀ ਕਿਸੇ ਗੱਲ ਵਿਚ ਸ਼ਾਮਲ ਨਹੀਂ ਕਰਨਾ ਚਾਹੁੰਦੇ ਪਰ ਅਰਵਿੰਦ ਆਪਣੀ ਗੱਲ ਵਿਚ ਲਵਲੀਨ ਵਰਗੇ ਕੋਲ ਬੈਠੇ ਮੁੰਡੇ-ਕੁੜੀ ਨੂੰ ਵੀ ਸੰਬੋਧਨ ਹੋਣ ਲੱਗਦਾ। ਇਵੇਂ ਉਹ ਉਸ ਨਾਲ ਜੁੜ ਵੀ ਜਾਂਦੇ। ਲਵਲੀਨ ਨਾਲ ਜੁੜਨ ਦਾ ਤਰੀਕਾ ਉਸ ਨੇ ਇੰਟਰਨੈੱਟ ਵਾਲਾ ਵਰਤਿਆ। ਉਸ ਨੇ ਪੁੱਛਿਆ,

''ਨੈੱਟ ਲਿਆ ਹੋਇਐ ਤੂੰ?''

''ਲਓ ਚਾਚਾ ਜੀ, ਨੈੱਟ ਬਿਨਾਂ ਅੱਜ ਕਾਹਦੀ ਲਾਈਫ ਐ, ਆਪਣਾ ਤਾਂ ਸਾਰਾ ਪਿੰਡ ਹੀ ਨੈੱਟ ਨਾਲ ਜੁੜਿਆ ਹੋਇਆ। ਪਿੰਡ ਦੇ ਮੁੰਡਿਆਂ ਨੇ ਆਪਣੀ ਵੈੱਬ ਬਣਾਈ ਹੋਈ ਆ, ਜਿਥੇ ਪਿੰਡ ਦੀਆਂ ਖਬਰਾਂ, ਫੋਟੋ ਤੇ ਵੀਡੀਓ ਪਾਉਂਦੇ ਰਹਿੰਦੇ ਆ।''

''ਹਾਂ, ਮੈਂ ਦੇਖਿਆ। ਫੇਸਬੁੱਕ 'ਤੇ ਵੀ ਮੈਂ ਆਪਣੇ ਪਿੰਡ ਦਾ ਅਕਾਊਂਟ ਦੇਖਿਆ। ਮੈਂ ਮੈਂਬਰ ਵੀ ਆਂ।''

''ਤੁਸੀਂ ਵੀ ਫੇਸਬੁੱਕ 'ਤੇ ਹੈਗੇ?''

''ਕਿਉਂ ਬਈ, ਮੈਂ ਕਿਉਂ ਨਹੀਂ ਹੋ ਸਕਦਾ?''

''ਮੇਰਾ ਮਤਲਬ ਫੇਸਬੁੱਕ ਡੈਡੀਆਂ-ਅੰਕਲਾਂ ਲਈ ਨਹੀਂ।''

ਆਖਦਾ ਲਵਲੀਨ ਹੱਸਿਆ। ਅਰਵਿੰਦ ਨੂੰ ਉਸ ਦਾ ਇਹ ਖੁਲ੍ਹਾਪਨ ਚੰਗਾ ਲੱਗ ਰਿਹਾ ਸੀ। ਉਸ ਨੇ ਆਖਿਆ,

''ਜਾਣ ਦੇ ਯਾਰ, ਔਨ ਕਰ ਜ਼ਰਾ ਆਪਣਾ ਕੰਪਿਊਟਰ, ਫੇਸਬੁੱਕ ਸਾਈਨ ਇਨ ਕਰ, ਦੇਖ ਜ਼ਰਾ।''

ਉਸ ਦਾ ਕੰਪਿਊਟਰ ਦੂਜੇ ਕਮਰੇ ਵਿਚ ਪਿਆ ਸੀ। ਉਹ ਦੋਵੇਂ ਉਥੇ ਜਾ ਬੈਠੇ। ਫੇਸਬੁੱਕ ਖੋਹਲ ਕੇ ਪਹਿਲਾਂ ਲਵਲੀਨ ਨੇ ਅਰਵਿੰਦ ਨੂੰ ਫ੍ਰੈਂਡਸ਼ਿੱਪ ਦੀ ਬੇਨਤੀ ਭੇਜੀ ਤੇ ਫਿਰ ਉਸ ਦੀ ਵਾਲ ਦੇਖਦਾ ਬੋਲਿਆ,

''ਚਾਚਾ ਜੀ, ਬੜੀਆਂ ਕੁੜੀਆਂ ਸਹੇਲੀਆਂ ਤੁਹਾਡੀਆਂ!''

ਆਖਦਾ ਉਹ ਅਰਵਿੰਦ ਵੱਲ ਦੇਖਦਾ ਹੱਸਣ ਲਗਿਆ। ਅਰਵਿੰਦ ਨੇ ਆਖਿਆ,

"ਦੋ ਹਜ਼ਾਰ ਦੋਸਤ ਐ ਮੇਰੇ, ਵਿਚੋਂ ਔਰਤਾਂ ਵੀ ਹੈਗੀਆਂ ਥੋੜੀਆਂ।"

"ਪਰ ਇਕ ਗੱਲ ਦਾ ਧਿਆਨ ਰੱਖਿਓ ਕਿ ਕੁੜੀਆਂ ਵਾਲੀਆਂ ਬਹੁਤੀਆਂ ਆਈਡੀਆਂ ਨਕਲੀ ਹੁੰਦੀਆਂ, ਮੁੰਡੇ ਹੀ ਕੁੜੀ ਬਣ ਕੇ ਅਕਾਊਂਟ ਬਣਾ ਲੈਂਦੇ ਆ।"

"ਯੂ ਨੋਅ, ਚਸਕਾ ਲੈਣ ਵਾਲਿਆਂ ਨਾਲ ਫੇਸਬੁੱਕ ਭਰੀ ਪਈ ਐ। ਪਹਿਲਾਂ ਤਾਂ ਮੈਂ ਜਿਹੜਾ ਵੀ ਰਿਕੁਐਸਟ ਭੇਜਦਾ ਸੀ ਦੋਸਤ ਬਣਾ ਲੈਂਦਾ ਸਾਂ ਪਰ ਹੁਣ ਮੈਂ ਪਹਿਲਾਂ ਉਹਦੀ ਪ੍ਰੋਫਾਈਲ ਦੇਖਦਾਂ ਤੇ ਫੇਰ ਹੀ ਮਨਜ਼ੂਰ ਕਰਦਾਂ। ਉਥੇ ਵੀ ਸਾਰੇ ਨਿਆਣੇ ਕਈ ਕਈ ਅਕਾਊਂਟ ਬਣਾਈ ਫਿਰਦੇ ਆ।"

ਉਹ ਕਿੰਨਾ ਚਿਰ ਕੰਪਿਊਟਰ ਉਪਰ ਬੈਠੇ ਰਹੇ। ਅਰਵਿੰਦ ਨੇ ਉਸ ਨੂੰ ਆਪਣਾ ਬਣਾਇਆ ਗਰੁੱਪ ਵੀ ਦਿਖਾਇਆ। ਉਸ ਦਾ ਮੈਂਬਰ ਵੀ ਬਣਾ ਲਿਆ। 'ਇੰਡੀਆ ਅਬ੍ਰੌਡ' ਵਿਚ ਕਈ ਗਲਤ ਪੋਸਟਾਂ ਆਈਆਂ ਹੋਈਆਂ ਸਨ, ਉਸ ਨੇ ਡੀਲੀਟ ਕਰ ਦਿਤੀਆਂ। ਕੁਮਿੰਟ ਦੇਖੇ। ਪਰਸੋਂ ਤੋਂ ਬਾਅਦ ਉਹ ਅੱਜ ਆਪਣੇ ਗਰੁੱਪ 'ਤੇ ਗਿਆ ਸੀ, ਇਸ ਲਈ ਮੈਂਬਰ ਬਣਨ ਵਾਲੇ ਲੋਕਾਂ ਦੀ ਲਿਸਟ ਵੀ ਲੰਮੀ ਸੀ। ਉਸ ਕੋਲ ਇਹਨਾਂ ਨੂੰ ਛਾਣਨ ਦਾ ਵਕਤ ਨਹੀਂ ਸੀ ਇਸ ਲਈ ਸਭ ਨੂੰ ਹੀ ਸ਼ਾਮਲ ਕਰ ਲਿਆ। ਗਰੁੱਪ ਦੀ ਦੇਖ-ਰੇਖ ਲਈ ਉਸ ਨੂੰ ਕਾਫੀ ਸਾਰੀ ਸਿਰਦਰਦੀ ਸਹਿਣੀ ਪੈਂਦੀ ਸੀ ਪਰ ਉਹ ਅੱਕਦਾ ਨਹੀਂ ਸੀ।

ਲਵਲੀਨ ਨੇ ਇੰਟਰਨੈੱਟ ਤੋਂ ਬਹੁਤ ਕੁਝ ਡਾਊਨਲੋਡ ਕੀਤਾ ਹੋਇਆ ਸੀ। ਕੁਝ ਫਿਲਮਾਂ ਤੇ ਪ੍ਰੋਗਰਾਮ ਅਰਵਿੰਦ ਦੀ ਦਿਲਚਸਪੀ ਦੀਆਂ ਸਨ। ਉਸ ਨੇ ਉਹ ਉਸ ਦੀ ਯੂ. ਐਸ. ਬੀ. ਵਿਚ ਪਾ ਦਿੱਤੇ। ਉਸ ਨੇ ਅਰਵਿੰਦ ਦਾ ਲੈਪਟੌਪ ਵੀ ਦੇਖਿਆ ਤੇ ਉਸ ਦਾ ਆਈਫੋਨ ਵੀ। ਲਵਲੀਨ ਕੋਲ ਐਪਲ ਦਾ ਆਈਫੋਨ ਫੋਰ ਸੀ ਤੇ ਅਰਵਿੰਦ ਕੋਲ ਫਾਈਵ। ਉਹ ਦੋਨਾਂ ਦੇ ਫਰਕ ਦੇਖਦਾ ਰਿਹਾ। ਅਰਵਿੰਦ ਨੇ ਉਸ ਨੂੰ ਕਿਹਾ,

"ਆਹ ਦੇਖ, ਆਈਫੋਨ ਵਿਚ ਹਿੰਦੀ ਤੇ ਪੰਜਾਬੀ ਦੇ ਕੀਬੋਰਡ ਵੀ ਹੈਗੇ।"

"ਇਹ ਕੀ ਕਰਨੇ ਚਾਚਾ ਜੀ, ਅੱਜਕੱਲ ਅੰਗਰੇਜ਼ੀ ਤੋਂ ਬਾਅਦ ਫ੍ਰੈਂਚ ਦਾ ਕ੍ਰੇਜ਼ ਹੋ ਰਿਹਾ। ਹਿੰਦੀ-ਪੰਜਾਬੀ ਨੂੰ ਕੌਣ ਪੁੱਛਦਾ।"

ਅਰਵਿੰਦ ਆਪਣੇ ਚਿੱਤੋਂ ਆਈਫੋਨ ਦੀ ਖਾਸੀਅਤ ਦੱਸ ਰਿਹਾ ਸੀ ਪਰ ਲਵਲੀਨ ਨੇ ਇਸ ਖਾਸੀਅਤ ਨੂੰ ਅੱਖ ਦੇ ਫੋਰ ਵਿਚ ਰੋਲ ਕੇ ਰੱਖ ਦਿਤਾ। ਅਰਵਿੰਦ ਕਹਿਣ ਲੱਗਿਆ,

"ਯੂ ਨੋਅ, ਆਪਣੀ ਬੋਲੀ ਨਾਲ ਏਨੀ ਨਫਰਤ ਕਿਉਂ ਬਈ?"

"ਚਾਚਾ ਜੀ, ਮੇਰੇ ਇਕ ਦੋਸਤ ਦਾ ਡੈਡੀ ਇਕ ਸ਼ੇਅਰ ਸੁਣਾਇਆ ਕਰਦਾ, ਏਨੀ ਵਾਰ ਸੁਣਾਇਆ ਓਹਨੇ ਕਿ ਮੈਨੂੰ ਯਾਦ ਹੋ ਗਿਆ। ਉਹ ਕਹਿੰਦਾ ਹੁੰਦਾ ਕਿ ਜਿਸ ਖੇਤ ਸੇ ਦਹਿਕਾਂ ਕੋ ਮੁਯੱਸਰ ਨਾ ਹੋ ਰੋਟੀ, ਉਸ ਖੇਤ ਕੇ ਹਰ ਗੋਸ਼ਾ ਏ ਗੰਧਮ ਕੋ ਜਲਾ ਦੋ। ...ਹੁਣ ਜੇ ਪੰਜਾਬੀ ਰੋਟੀ ਹੀ ਨਾ ਦੇ ਸਕੇ ਤਾਂ ਕੀ ਕਰੀਏ?"

"ਤੇਰਾ ਮਤਲਬ ਕਿ ਮਸਲਾ ਸਾਰਾ ਰੋਟੀ ਦਾ!"

ਅਰਵਿੰਦ ਨੇ ਕਿਹਾ ਤੇ ਉਸ ਨੂੰ ਦਿੱਲੀ ਵਿਚ ਹੋ ਰਹੇ ਸੈਮੀਨਾਰ ਵਿਚ ਪੜ੍ਹੇ ਜਾ ਰਹੇ ਪਰਚੇ ਚੇਤੇ ਆਉਣ ਲੱਗੇ। ਉਸ ਦਾ ਦਿਲ ਕੀਤਾ ਕਿ ਮੰਨਤ ਨੂੰ ਫੋਨ ਕਰਕੇ ਪੁੱਛੇ ਕਿ ਰੋਟੀ ਜ਼ਰੂਰੀ ਹੈ ਕਿ ਬੋਲੀ। ਉਸ ਨੂੰ ਚੇਤਾ ਆਇਆ ਕਿ ਇੰਗਲੈਂਡ ਵਿਚ ਕਿੰਨੇ ਹੀ ਲੋਕਾਂ ਦੀ ਪੰਜਾਬੀ ਦੇ ਸਿਰ 'ਤੇ ਰੋਟੀ ਚੱਲ ਰਹੀ ਸੀ। ਕੋਈ ਅਨੁਵਾਦ ਕਰ ਰਿਹਾ ਸੀ, ਕੋਈ ਦੋਭਾਸ਼ੀਏ ਦਾ ਕੰਮ ਕਰ ਰਿਹਾ ਸੀ, ਕੋਈ ਸਕੂਲਾਂ-ਗੁਰਦਵਾਰਿਆਂ ਵਿਚ ਪੰਜਾਬੀ ਪੜ੍ਹਾ ਰਿਹਾ ਸੀ। ਲਵਲੀਨ ਉਸ ਨੂੰ ਸੋਚਾਂ ਵਿਚੋਂ ਕੱਢਦਾ ਬੋਲਿਆ,

"ਚਾਚਾ ਜੀ, ਮੇਰੇ ਕੋਲ ਹਨੀ ਸਿੰਘ ਦੇ ਗਾਣੇ ਹੈਗੇ, ਜੇ ਕਹੋਂ ਤਾਂ ਤੁਹਾਡੀ ਯੂ. ਐਸ. ਬੀ. ਵਿਚ ਪਾ ਦੇਵਾਂ।"

"ਪਾ ਦੇ ਯਾਰ, ਮੈਂ ਕਦੇ ਉਚੇਚ ਨਾਲ ਤਾਂ ਸੁਣਦਾ ਨਹੀਂ ਪਰ ਜਦ ਕਦੇ ਵੀ ਦੇਖ ਹੋ ਜਾਵੇ ਜਾਂ ਸੁਣ ਪਵੇ ਤਾਂ ਚੰਗਾ ਲੱਗਦਾ। ਨੌਜਵਾਨਾਂ ਦੀ ਨਬਜ਼ ਫੜਦਾ।"

"ਇਥੇ ਤਾਂ ਅਖਬਾਰਾਂ ਵਾਲੇ ਉਹਦੇ ਖਿਲਾਫ ਵਿੱਢ ਵਿਢੀ ਫਿਰਦੇ ਆ।"

"ਬਕਵਾਸ ਕਰਦੇ ਆ ਸਭ। ਅਸ਼ਲੀਲ ਗੀਤ ਤਾਂ ਪਹਿਲਾਂ ਤੋਂ ਹੀ ਗਾਏ ਜਾਂਦੇ ਰਹੇ ਆ। ਚਮਕੀਲੇ ਤੋਂ ਪਹਿਲਾਂ ਦੀਦਾਰ ਸੰਧੂ ਸੀ ਤੇ ਹੋਰ ਵੀ ਸਾਰੇ। ਅਸੀਂ ਬਚਪੱਨ ਤੋਂ ਹੀ ਸੁਣਦੇ ਆਏ ਆਂ। ਹਿੰਦੀ ਵਿਚ ਕਿਹੜੇ ਘੱਟ ਗੰਦੇ ਗੀਤ ਲਿਖੇ ਗਏ ਆ। ਅਸਲ ਵਿਚ ਹਨੀ ਸਿੰਘ ਦੀ ਪ੍ਰੌਬਲਮ ਇਹ ਐ ਕਿ ਉਹ ਮੀਡੀਏ ਨਾਲ ਦੋਸਤੀ ਨਹੀਂ ਰੱਖਦਾ। ਮੀਡੀਏ ਨਾਲ ਇੰਟਰਵਿਊ ਦੇਣੋ ਭੱਜਦਾ, ਏਸੇ ਲਈ ਉਹਨੂੰ ਸਜ਼ਾ ਦਿੱਤੀ ਐ ਮੀਡੀਏ ਨੇ। ਏਨੀ ਜਲਦੀ ਸ਼ੁਹਰਤ ਮਿਲ ਜਾਣ ਨਾਲ ਦੁਸ਼ਮਣ ਵੀ ਪੈਦਾ ਹੋ ਜਾਂਦੇ ਆ।"

"ਚਾਚਾ ਜੀ, ਤੁਸੀਂ ਓਹ ਨਵੀਂ ਜੁਗਨੀ ਸੁਣੀ ਐਂ?"

"ਕਿਹੜੀ, ਜਿਹੜੀ ਕੋਕ ਸਟੂਡਿਓ ਵਾਲਿਆਂ ਰਿਕ੍ਰਾਡ ਕਰਵਾਈ ਸੀ?"

"ਨਹੀਂ, ਇਹ ਹੋਰ ਐ, ਬਿਲਕੁਲ ਮੌਡਰਨ ਵੇਅ ਨਾਲ ਰਿਕ੍ਰਾਡ ਹੋਈ ਐ।"

ਆਖਦਿਆਂ ਉਸ ਨੇ ਯੂਟਿਊਬ ਤੋਂ ਲੱਭ ਕੇ ਲਗਾ ਦਿੱਤੀ। ਅਰਵਿੰਦ ਨੇ ਸੁਣੀ ਵੀ ਹੋਈ ਸੀ ਤੇ ਦੇਖੀ ਵੀ। ਉਹ ਬੋਲਿਆ,

"ਏਦਾਂ ਕਰ ਲਵਲੀਨ, ਏਹਨੂੰ ਤੂੰ ਮੇਰੀ ਯੂ. ਐਸ. ਬੀ. ਵਿਚ ਪਾ ਦੇ।"

ਉਹ ਜੁਗਨੀ ਨੂੰ ਕੰਪਿਊਟਰ ਵਿਚ ਡਾਊਨ ਲੋਡ ਕਰਨ ਲੱਗਿਆ। ਨਾਲ ਹੀ ਗੱਲ ਵੀ ਕਰਦਾ ਰਿਹਾ,

"ਚਾਚਾ ਜੀ, ਹਨੀ ਸਿੰਘ ਤੇ ਹੋਰਨਾਂ ਗਾਇਕਾਂ ਬਾਰੇ ਮੈਂ ਵੀ ਤੁਹਾਡੇ ਵਾਂਗੂੰ ਹੀ ਸੋਚਦਾਂ ਪਰ ਡੈਡੀ ਨੂੰ ਮੇਰੀ ਗੱਲ ਸਮਝ ਨਹੀਂ ਲੱਗਦੀ। ਉਹ ਅਖਬਾਰਾਂ ਪੜ੍ਹ ਕੇ ਅਸ਼ਲੀਲ-ਅਸ਼ਲੀਲ ਕਹੀ ਜਾਂਦਾ, ਉਹਨੂੰ ਇਹ ਵੀ ਨਹੀਂ ਪਤਾ ਕਿ ਅਸ਼ਲੀਲ ਹੁੰਦਾ ਕੀ ਐ।"

"ਯੂ ਨੋਅ, ਅਸ਼ਲੀਲਤਾ ਦੇ ਮਹਿਨੇ ਵੀ ਸਮੇਂ ਸਮੇਂ ਬਦਲਦੇ ਰਹਿੰਦੇ ਆ। ਜਿਹੜੀ ਗੱਲ ਲੋਕਾਂ ਨੂੰ ਅੱਜ ਅਸ਼ਲੀਲ ਲੱਗਦੀ ਐ ਕੱਲ ਨੂੰ ਉਹੀ ਸ਼ਲੀਲ ਲੱਗਣ ਲੱਗ ਪੈਂਦੀ ਐ। ਅਸਲ ਵਿਚ ਅਸ਼ਲੀਲਤਾ ਸਾਡੇ ਮਨ ਵਿਚ ਹੀ ਹੁੰਦੀ ਐ।"

ਅਰਵਿੰਦ ਗੱਲ ਕਰਦਾ ਆਪਣੇ ਬੇਟੇ ਦਰਸ਼ੀਲ ਬਾਰੇ ਸੋਚਦਾ ਜਾ ਰਿਹਾ ਸੀ। ਦਰਸ਼ੀਲ ਗੱਲ-ਬਾਤ ਕਰਨ ਵਿਚ ਲਵਲੀਨ ਜਿੰਨਾ ਤੇਜ਼ ਨਹੀਂ ਸੀ। ਲਵਲੀਨ ਨੇ ਅਰਵਿੰਦ ਦੇ ਲੈਪਟੌਪ ਵਿਚ ਆਪਣੇ ਘਰ ਦੇ ਬ੍ਰੌਡਬੈਂਡ ਦਾ ਪਾਸਵ੍ਰਡ ਪਾ ਕੇ ਉਸ ਉਪਰ ਨੈੱਟ ਚਾਲੂ ਕਰ ਦਿਤਾ। ਅਰਵਿੰਦ ਨੇ ਫੇਸਬੁੱਕ ਖੋਹਲ ਕੇ ਚੈਟ ਔਨ ਕਰ ਦਿਤੀ ਕਿ ਸ਼ਾਇਦ ਇੰਗਲੈਂਡ ਬੈਠੇ ਕਿਸੇ ਦੋਸਤ ਨਾਲ ਹੀ ਗੱਲਬਾਤ ਹੋ ਜਾਵੇ। ਹਾਰਵੀ ਬੈਂਸ ਦੀ 'ਹੈਲੋ' ਆਈ ਹੋਈ ਸੀ। ਹਾਰਵੀ ਬੈਂਸ ਚੰਡੀਗੜ੍ਹ ਪੀ ਐਚ. ਡੀ. ਕਰ ਰਹੀ ਕੁੜੀ। ਅਰਵਿੰਦ ਨੂੰ ਉਸ ਨਾਲ ਗੱਲਾਂ ਕਰਨੀਆਂ ਚੰਗੀਆਂ ਲਗਦੀਆਂ ਸਨ। ਉਸ ਨੇ ਉਸ ਲਈ ਸੁਨੇਹਾ ਛੱਡ ਦਿਤਾ ਕਿ ਇਸ ਵਕਤ ਉਹ ਪਿੰਡ ਹੈ ਤੇ ਵਕਤ ਮਿਲਦੇ ਹੀ ਉਸ ਨੂੰ ਫੋਨ ਕਰੇਗਾ। ਉਸ ਨੇ ਆਪਣਾ ਫੋਨ ਨੰਬਰ ਵੀ ਲਿਖ ਦਿਤਾ।

ਫੇਸਬੁੱਕ 'ਤੇ ਲਵਲੀਨ ਦੀ ਆਈ ਦੋਸਤੀ ਦੀ ਬੇਨਤੀ ਮਨਜ਼ੂਰ ਕਰਦਿਆਂ ਉਹ ਉਸ ਦੀ ਪ੍ਰੋਫਾਈਲ ਦੇਖਣ ਲੱਗ ਪਿਆ। ਉਸ ਨੇ ਹੱਸਦੇ ਹੋਏ ਉਸ ਨੂੰ ਪੁੱਛਿਆ,

"ਤੇਰੇ ਤਾਂ ਬਈ ਬਹੁਤੇ ਦੋਸਤ ਹੈ ਨਹੀਂ। ਕੁੜੀ ਤਾਂ ਏਥੇ ਮੈਨੂੰ ਕੋਈ ਵੀ ਨਹੀਂ ਦਿਸਦੀ! ਕਿਤੇ ਅਸਲੀ ਆਈਡੀ ਹੋਰ ਨਾਂ ਹੇਠ ਤਾਂ ਨਹੀਂ ਬਣਾਈ ਹੋਈ?"

ਉਸ ਦੀ ਗੱਲ ਸੁਣ ਕੇ ਲਵਲੀਨ ਸ਼ਰਮਾ ਗਿਆ ਤੇ ਕੋਈ ਜਵਾਬ ਨਾ ਦਿਤਾ। ਅਰਵਿੰਦ ਨੇ ਫਿਰ ਪੁੱਛਿਆ,

"ਪਿੰਡ ਵਿਚ ਕਿੰਨੇ ਕੁ ਦੋਸਤ ਐ ਤੇਰੇ?"

"ਪਿੰਡ ਵਿਚ ਤਾਂ ਬਹੁਤੇ ਹੈ ਨ੍ਹੀਂ, ਓਦਾਂ ਹੈਗੇ ਬਥੇਰੇ ਪਰ ਮੈਂ ਬਹੁਤੀ ਦੋਸਤੀ ਨਹੀਂ ਪਾਉਂਦਾ।"

"ਕਿਉਂ?"

"ਮੁੰਡੇ ਡਰੱਗਾਂ ਵਿਚ ਬਹੁਤ ਪੈ ਗਏ।"

"ਅੱਛਾ! ਇਹ ਗੱਲ ਤਾਂ ਮਾੜੀ ਐ। ਮੈਂ ਵੀ ਯੂਟਿਊਬ 'ਤੇ ਦੇਖਿਆ ਸੀ ਕਿ ਸੱਤਰ-ਅੱਸੀ ਪਰਸੈਂਟ ਮੁੰਡੇ-ਕੁੜੀਆਂ ਡਰੱਗ ਲੈਣ ਲੱਗ ਪਏ ਆ।"

"ਚਾਚਾ ਜੀ, ਸ਼ਾਇਦ ਏਨੇ ਨਾ ਹੋਣ ਪਰ ਮੌਡਰੇਟ ਡਰੱਗ ਤਾਂ ਆਮ ਮੁੰਡਾ ਹੀ ਲੈਂਦਾ।"

"ਮੌਡਰੇਟ ਮਤਲਬ?"

"ਸਹਿੰਦਾ ਸਹਿੰਦਾ। ਜਿਹਦਾ ਕਿਸੇ ਨੂੰ ਪਤਾ ਨਾ ਚੱਲੇ।"

"ਸੁਣਿਆਂ, ਕੁੜੀਆਂ ਵੀ ਏਸ ਮਾਮਲੇ ਵਿਚ ਮੁੰਡਿਆਂ ਤੋਂ ਘੱਟ ਨ੍ਹੀਂ।"

"ਮੈਨੂੰ ਕੁੜੀਆਂ ਬਾਰੇ ਬਹੁਤਾ ਨਹੀਂ ਪਤਾ ਪਰ ਲੈਂਦੀਆਂ ਹੈਗੀਆਂ। ਐਤਕੀਂ ਹੋਲੀ ਖੇਲਦੀ ਨੇ ਦੇਵਾ ਸੂੰਹ ਦੀ ਪੋਤੀ ਨੇ ਸਕੂਟਰੀ ਤੋਂ ਡਿਗ ਕੇ ਸਿਰ ਪੜਵਾ ਲਿਆ ਸੀ। ਕੁਝ ਖਾਧਾ ਹੋਇਆ ਸੀ।"

"ਸਕੂਟਰੀ 'ਤੇ ਹੋਲੀ! ...ਕਿੱਦਾਂ?"

"ਹੁਣ ਕੁੜੀਆਂ 'ਕੱਠੀਆਂ ਹੋ ਕੇ ਹੋਲੀ ਨੂੰ ਮੁੰਡਿਆਂ 'ਤੇ ਰੰਗ ਸੁਟਦੀਆਂ ਹੁੰਦੀਆਂ, ਉਹ ਸਕੂਟਰੀ ਚਲਾਉਂਦੀ ਸੀ ਤੇ ਇਕ ਕੁੜੀ ਹੋਰ ਰੰਗ ਪਾਉਂਦੀ ਜਾਂਦੀ ਸੀ, ਮੂਹਰਲੀ ਨਸ਼ੇ ਵਿਚ ਏਨੀ ਸੀ ਕਿ ਸਕੂਟਰੀ ਦੀ ਉਲਟਬਾਜ਼ੀ ਲੱਗ ਗਈ।"

"ਯੂ ਨੋਅ, ਸਾਡੇ ਵੇਲੇ ਏਹ ਕੁੜੀਆਂ ਕਿੱਥੇ ਗਈਆਂ ਹੋਈਆਂ ਸੀ!"

ਅਰਵਿੰਦ ਦੇ ਆਖਣ 'ਤੇ ਲਵਲੀਨ ਹੱਸਣ ਲੱਗਿਆ।

ਜ਼ਰਾ ਕੁ ਦਿਨ ਚੜ੍ਹਿਆ ਤਾਂ ਅਰਵਿੰਦ ਤੇ ਸੁਖਦੇਵ ਪਟਵਾਰੀ ਨੂੰ ਦੇਖਣ ਚਲੇ ਗਏ। ਬਾਪੂ ਜੀ ਦੀ ਜ਼ਮੀਨ ਉਸ ਨੇ ਆਪਣੇ ਨਾਂ ਕਰਵਾਉਣੀ ਸੀ। ਵਸੀਅਤ ਉਹ ਬਣਾ ਗਏ ਸਨ। ਬੈਂਕ ਵੀ ਜਾਣਾ ਸੀ। ਬੈਂਕ ਵਿਚ ਤਾਂ ਪਹਿਲਾਂ ਹੀ ਉਸ ਦਾ ਤੇ ਬਾਪੂ ਜੀ ਦਾ ਸਾਂਝਾ ਖਾਤਾ ਚੱਲਦਾ ਆ ਰਿਹਾ ਸੀ ਇਸ ਲਈ ਉਸ ਦਾ ਬਹੁਤਾ ਫਿਕਰ ਨਹੀਂ ਸੀ। ਜ਼ਮੀਨ ਨਾਂ ਕਰਾਉਣ ਬਾਰੇ ਸੁਖਦੇਵ ਆਪਣੇ ਤਜ਼ੁਰਬੇ ਵਿਚੋਂ ਦੱਸਣ ਲੱਗਿਆ,

"ਜਦੋਂ ਮੈਂ ਕਰਵਾਈ ਤਾਂ ਪਟਵਾਰੀ ਅੱਠ ਹਜ਼ਾਰ ਮੰਗਦਾ ਸੀ, ਸਾਰੇ ਕੰਮ ਦੇ ਪਰ ਮੈਂ ਨਾ ਦਿੱਤੇ। ਕਦੇ ਤਸੀਲੇ ਤੇ ਕਦੇ ਕਿਤੇ ਹੋਰ ਗੇੜੇ ਮਾਰਦਾ ਰਿਹਾ। ਉਹ ਅੱਠ ਮੰਗਦਾ ਸੀ ਤੇ ਮੇਰੇ ਬਾਰਾਂ ਲੱਗ ਗਏ। ਬਾਅਦ ਵਿਚ ਮੈਂ ਕਈਆਂ ਦਾ ਇਹ ਕੰਮ ਕਰਾਇਆ। ਪਟਵਾਰੀ ਨਾਲ ਹੀ ਇਕ ਥਾਂ ਸੌਦਾ ਕਰਨਾ ਸੌਖਾ ਰਹਿੰਦਾ।"

ਉਹ ਪਟਵਾਰਖਾਨੇ ਗਏ ਤਾਂ ਪਤਾ ਚੱਲਿਆ ਕਿ ਪਟਵਾਰੀ ਕਿਤੇ ਬਾਹਰ ਗਿਆ ਹੋਇਆ ਸੀ। ਕਦ ਆਵੇਗਾ ਇਸ ਦਾ ਕਿਸੇ ਨੂੰ ਨਹੀਂ ਸੀ ਪਤਾ। ਪਟਵਾਰਖਾਨੇ ਦੇ ਵਿਹੜੇ ਵਿਚ ਲੱਗੇ ਸਰੀਂਹ ਹੇਠ ਹੋਰ ਵੀ ਕੁਝ ਲੋਕ ਬੈਠੇ ਉਡੀਕ ਰਹੇ ਸਨ। ਅਰਵਿੰਦ ਸਰੀਂਹ ਦੇ ਦਰਖਤ ਨੂੰ ਧਿਆਨ ਨਾਲ ਦੇਖਣ ਲੱਗਿਆ। ਸਰੀਂਹ ਨੂੰ ਸਹੀਂਹਣੀਆਂ ਲਟਕ ਰਹੀਆਂ ਸਨ। ਇਸ ਦਰਖੱਤ ਨੂੰ ਉਹ ਬਹੁਤ ਦੇਰ ਬਾਅਦ ਦੇਖ ਰਿਹਾ ਸੀ। ਸੁਖਦੇਵ ਬੋਲਿਆ,

"ਇਹ ਪਤਾ ਨਹੀਂ ਕਿੱਦਾਂ ਅੜਿਆ ਖੜਾ, ਤੂਤ-ਟਾਹਲੀਆਂ ਤਾਂ ਹੁਣ ਗੀਤਾਂ ਵਿਚ ਹੀ ਰਹਿ ਗਏ। ਪੁਰਾਣੇ ਦਰਖੱਤਾਂ ਵਿਚੋਂ ਪਿਲਕਣ, ਫਲਾਹੀ, ਪਲਾਹ, ਬੋਹੜ, ਪਿੱਪਲ ਵਰਗੇ ਹੁਣ ਕਿਤੇ ਵੀ ਦੇਖਣ ਨੂੰ ਨਹੀਂ ਮਿਲਦੇ। ਹੁਣ ਹੋਰ ਹੀ ਕਿਸਮਾਂ ਹੈਗੀਆਂ। ਨਿੰਮਾਂ ਲਾਉਣ ਦਾ ਰਿਵਾਜ਼ ਜ਼ਰੂਰ ਦੁਬਾਰਾ ਤੁਰ ਪਿਆ।"

ਪਟਵਾਰਖਾਨੇ ਤੋਂ ਤੁਰ ਉਹ ਬੈਂਕ ਚਲੇ ਗਏ ਤੇ ਬੈਂਕ ਵਾਲਾ ਕੰਮ ਕਰਾ ਕੇ ਵਾਪਸ ਘਰ ਆ ਵੜੇ। ਉਹਨਾਂ ਦੇ ਘਰ ਵਾਪਸ ਆਉਂਦਿਆਂ ਨੂੰ ਘਰ ਵਿਚ ਜਿਵੇਂ ਮੇਲਾ ਲੱਗਿਆ ਹੋਇਆ ਹੋਵੇ। ਸਾਰੇ ਹੀ ਲਾਗੀ ਇਕੱਠੇ ਹੋ ਕੇ ਉਸ ਨੂੰ ਮਿਲਣ ਆ ਗਏ ਸਨ। ਇਕ ਤਾਂ ਉਹਨਾਂ ਨੇ ਬਾਪੂ ਜੀ ਦਾ ਅਫਸੋਸ ਵੀ ਕਰਨਾ ਹੀ ਹੋਵੇਗਾ ਤੇ ਦੂਜੇ ਲਾਗ ਦਾ ਵੀ ਕੁਝ ਲਾਲਚ। ਉਹਨਾਂ ਨੂੰ ਦੇਖ ਕੇ ਸੁਖਦੇਵ ਹੌਲੇ ਜਿਹੇ ਬੋਲਿਆ,

"ਐਵੇਂ ਨਾ ਸਿਰੇ ਚੜ੍ਹਾ ਲਈਂ ਏਹਨਾਂ ਨੂੰ, ਜ਼ਰਾ ਹਿਸਾਬ ਨਾਲ।"

ਸਭ ਨਾਲ ਅਰਵਿੰਦ ਦੀ ਵਾਰੀ ਵਾਰੀ ਸਾਹਿਬ-ਸਲਾਮ ਹੋਈ। ਇਹਨਾਂ ਸਾਰਿਆਂ ਨੂੰ ਉਹ ਪੱਛਾਣਦਾ ਹੀ ਸੀ। ਵੀਹ ਸਾਲਾਂ ਵਿਚ ਉਮਰਾਂ ਦੀ ਵੱਡੀ ਛਾਲ ਦੇ ਬਾਵਜੂਦ ਉਹਨਾਂ ਦੇ ਨਕਸ਼ ਬਹੁਤੇ ਨਹੀਂ ਸਨ ਬਦਲੇ। ਕਮਲਾ ਤੇ ਸ਼ਾਤੀ ਬਾਪੂ ਜੀ ਨੂੰ ਯਾਦ ਕਰਦੀਆਂ ਰੋਣ ਲੱਗ ਪਈਆਂ। ਉਹ ਸਾਰੇ ਬੈਠਕ ਵਿਚ ਆ ਗਏ। ਅਰਵਿੰਦ ਨੇ ਸਾਰਿਆਂ ਨੂੰ ਹੀ ਕੁਰਸੀਆਂ 'ਤੇ ਬਹਿਣ ਦਾ ਇਸ਼ਾਰਾ ਕੀਤਾ। ਕਮਲਾ ਹੇਠਾਂ ਫਰਸ਼ 'ਤੇ ਹੀ ਬੈਠ ਗਈ ਪਰ ਅਰਵਿੰਦ ਨੇ ਉਹਨੂੰ ਵੀ ਫੜ ਕੇ ਕੁਰਸੀ 'ਤੇ ਬਹਾ ਲਿਆ। ਸੁਖਦੇਵ ਵੀ ਕੋਲ ਹੀ ਖੜਾ ਸੀ। ਉਸ ਨੂੰ ਇਹ ਚੰਗਾ ਨਹੀਂ ਸੀ ਲੱਗਿਆ ਪਰ ਅਰਵਿੰਦ ਉਸ ਵਲ ਧਿਆਨ ਦਿੱਤੇ ਬਿਨਾਂ ਉਹਨਾਂ ਦਾ ਹਾਲ ਚਾਲ ਪੁੱਛਦਾ ਰਿਹਾ ਖਾਸ ਤੌਰ 'ਤੇ ਕਮਲਾ ਦੇ ਘਰ ਵਾਲੇ ਪ੍ਰਕਾਸ਼ ਦਾ। ਜਦ ਉਹ ਛੋਟਾ ਸੀ ਤਾਂ ਪ੍ਰਕਾਸ਼ ਭਰ ਜਵਾਨੀ ਵਿਚ ਸੀ। ਉਹ ਉਹਨਾਂ ਦੇ ਘਰ ਕੋਈ ਨਾ ਕੋਈ ਕੰਮ ਕਰਨ ਆ ਜਾਇਆ ਕਰਦਾ। ਸਰੀਰਕ ਪੱਖੋਂ ਉਹ ਖੁਲ੍ਹੇ ਹੱਡਾਂ-ਪੈਰਾਂ ਦਾ ਮਾਲਕ ਸੀ। ਉਹਨਾਂ ਦਿਨਾਂ ਵਿਚ ਉਹ ਕਬੱਡੀ ਵੀ ਖੇਡਿਆ ਕਰਦਾ ਸੀ। ਅਰਵਿੰਦ ਨੂੰ ਉਸ ਦੀ ਇਕ ਗੱਲ ਹਾਲੇ ਵੀ ਯਾਦ ਸੀ ਕਿ ਪ੍ਰਕਾਸ਼ ਨੇ ਉਸ ਨੂੰ ਰੱਸੀ ਵੱਟਣੀ ਸਿਖਾਈ ਸੀ। ਇਕ ਲੜੀ ਨੂੰ ਨੱਪ ਕੇ ਦੂਜੀ ਲੜੀ ਨੂੰ ਵਟਾ ਦੇਣ ਦਾ ਵੱਲ ਉਹ ਹਾਲੇ ਤਕ ਨਹੀਂ ਸੀ ਭੁੱਲਿਆ। ਅਰਵਿੰਦ ਨੇ ਉਸ ਦਾ ਹਾਲਚਾਲ ਪੁੱਛਿਆ ਤਾਂ ਕਮਲਾ ਬੋਲੀ,

"ਅੱਜ ਉਹਨੂੰ ਪਤਾ ਲੱਗਿਆ ਕਿ ਤੁਸੀਂ ਆਏ ਹੋਏ ਓ ਤਾਂ ਉਹਨੇ ਬਹੁਤ ਕੋਸ਼ਿਸ਼ ਕੀਤੀ ਕਿ ਉਠ ਕੇ ਆਵੇ ਪਰ ਉਹਦੀ ਸਿਹਤ ਬਹੁਤੀ ਵਧੀਆ ਨਹੀਂ ਸੀ।"

"ਮੇਰਾ ਤਾਂ ਬਈ ਉਹ ਗੁਰੂ ਐ, ਮੈਨੂੰ ਰੱਸੀ ਵੱਟਣੀ ਹਾਲੇ ਤਕ ਨਹੀਂ ਭੁੱਲੀ।"

"ਰੱਸੀਆਂ ਕੀ, ਰੱਸੇ, ਮੈਰੇਂ, ਲੌਂ, ਲੱਜਾਂ, ਨੇਤੇ, ਛਿੱਕਲ਼ੀਆਂ, ਤੰਗੜ, ਤੰਗੜੀਆਂ, ...ਸਭ ਕੁਝ ਬਹੁਤ ਵਧੀਆ ਬਣਾ ਲੈਂਦਾ ਸੀ ਪਰ ਮਸ਼ੀਨਾਂ ਆ ਗਈਆਂ ਤਾਂ ਉਹਦਾ ਹੁਨਰ ਜਾਂਦਾ ਲੱਗਾ। ਵਾਣ ਵੱਟਣ ਵਾਲੀ ਮਸ਼ੀਨ ਲਾਉਣੀ ਚਾਹੁੰਦਾ ਸੀ ਪਰ ਸਿਹਤ ਨੇ ਸਾਥ ਨਹੀਂ ਦਿਤਾ।"

ਕਮਲਾ ਨੇ ਅੱਖਾਂ ਭਰਦਿਆਂ ਕਿਹਾ। ਉਸ ਦੇ ਮਗਰ ਹੀ ਲੱਛੂ ਕਹਿ ਉਠਿਆ,

"ਮੈਂ ਤਾਂ ਸਾਰੀ ਉਮਰ ਹੀ ਉਹਦੀ ਵੱਟੀ ਲੱਜ ਨਾਲ ਹੀ ਪਾਣੀ ਖਿੱਚਦਾ ਰਿਹਾਂ। ਬੰਸੇ ਲੁਹਾਰ ਦਾ ਬਣਾਇਆ ਡੋਲ ਤੇ ਪ੍ਰਕਾਸ਼ ਦੀ ਲੱਜ ਬਹੁਤ ਚੱਲਦੇ ਸਨ।"

"ਉਹਨੂੰ ਕਹੀਂ ਕਿ ਮੇਰਾ ਟਾਈਮ ਲੱਗਿਆ ਤਾਂ ਮੈਂ ਕਿਸੇ ਦਿਨ ਆਵਾਂਗਾ। ਜੇ ਇਸ ਵਾਰ ਨਹੀਂ ਤਾਂ ਥੋੜੇ ਦਿਨਾਂ ਨੂੰ ਮੈਂ ਫੇਰ ਪਿੰਡ ਦਾ ਚੱਕਰ ਮਾਰਨਾਂ, ਉਦੋਂ ਜ਼ਰੂਰ ਆਵਾਂਗਾ।"

ਅਰਵਿੰਦ ਦੇ ਕਹਿਣ 'ਤੇ ਕਮਲਾ ਖੁਸ਼ ਹੋ ਗਈ। ਇਹਨਾਂ ਵਿਚੋਂ ਰਾਜਾ ਮੀਕਾ ਤਾਂ ਅਰਵਿੰਦ ਦਾ ਹੀ ਹਾਣੀ ਸੀ ਤੇ ਉਸ ਤੋਂ ਸਾਲ ਕੁ ਮੂਹਰੇ ਹੀ ਪੜ੍ਹਦਾ ਸੀ। ਪੰਡਤਾਣੀ ਸ਼ਾਂਤੀ ਦਾ ਅਸ਼ੋਕ ਭਾਵੇਂ ਅਰਵਿੰਦ ਨਾਲ ਹੀ ਪੜ੍ਹਦਾ ਰਿਹਾ ਸੀ ਪਰ ਸ਼ਾਂਤੀ ਹਾਲੇ ਤਕੜੀ ਪਈ ਸੀ। ਇਵੇਂ ਹੀ ਹਮੀਦ ਘਰਾਂ ਵਿਚ ਸੱਦੇ ਦਿਆ ਕਰਦਾ ਸੀ ਤੇ ਹਾਲੇ ਵੀ ਦੇ ਰਿਹਾ ਸੀ। ਭਾਵੇਂ ਉਸ ਦੇ ਮੁੰਡੇ ਵੱਡੇ ਵੱਡੇ ਗਾਇਕਾਂ ਨਾਲ ਢੋਲਕੀ ਜਾਂ ਹੋਰ ਸਾਜ਼ ਵਜਾ ਰਹੇ ਸਨ। ਇਵੇਂ ਹੀ ਉਸ ਨੇ ਛੋਟੇ ਹੁੰਦਿਆਂ ਲੱਛੂ ਨੂੰ ਪਾਣੀ ਢੋਂਦੇ ਦੇਖਿਆ ਸੀ। ਉਹ ਵੀ ਹਾਲੇ ਤਕੜਾ ਪਿਆ ਸੀ। ਉਹਨਾਂ ਸਾਰਿਆਂ ਨੂੰ ਦੇਖ ਕੇ ਅਰਵਿੰਦ ਨੂੰ ਆਪਣਾ ਬਚਪਨ ਯਾਦ ਆ ਰਿਹਾ ਸੀ ਤੇ ਚੰਗਾ-ਚੰਗਾ ਵੀ ਲੱਗ ਰਿਹਾ ਸੀ। ਉਹ ਕਾਫੀ ਦੇਰ ਬੈਠੇ ਰਹੇ। ਅਰਵਿੰਦ ਨੂੰ ਵੇਲਾਂ ਵਲੋਂ ਖਾਸ ਹਿਦਾਇਤ ਸੀ ਕਿ ਪਿੰਡ ਜਾ ਕੇ ਲਾਗੀਆਂ ਨੂੰ ਕੁਝ ਨਾ ਕੁਝ ਜ਼ਰੂਰ ਦੇਵੇ ਪਰ ਹੱਥ ਘੁੱਟ ਕੇ। ਪੰਜਾਹ ਰੁਪਏ ਜਾਂ ਵਧ ਤੋਂ ਵਧ ਸੌ ਪਰ ਅਰਵਿੰਦ ਉਹਨਾਂ ਦੇ ਮੋਹ ਵਿਚ ਬਾਗ-ਬਾਗ ਹੋਇਆ ਪਿਆ ਸੀ ਤੇ ਉਸ ਨੇ ਪੰਜ ਸੌ ਦਾ ਇਕ-ਇਕ ਨੋਟ ਸਭ ਨੂੰ ਦੇ ਦਿਤਾ। ਉਹ ਸਾਰੇ ਅਸੀਸਾਂ ਦਿੰਦੇ ਚਲੇ ਗਏ। ਸੁਖਦੇਵ ਹਿਰਖ ਜਿਹੇ ਵਿਚ ਬੋਲਿਆ,

"ਇਹਨਾਂ ਦੀ ਤਾਂ ਦਿਹਾੜੀ ਪੈ ਗਈ! ਏਨੇ ਇਹਨਾਂ ਨੂੰ ਕੌਣ ਦਿੰਦਾ?"

"ਯੂ ਨੋਅ, ਮੋਹ ਦੀ ਵੀ ਤਾਂ ਕੋਈ ਕੀਮਤ ਹੁੰਦੀ ਐ।"

ਅਰਵਿੰਦ ਨੇ ਹੱਸਦੇ ਹੋਏ ਕਿਹਾ।

ਉਹ ਦੁਪਿਹਰ ਦੀ ਰੋਟੀ ਖਾ ਰਹੇ ਸਾਂ ਕਿ ਜੀਤੀ ਭਾਬੀ ਆ ਗਈ। ਜੀਤੀ ਭਾਬੀ ਉਹਨਾਂ ਦੇ ਸ਼ਰੀਕੇ ਵਿਚੋਂ ਹੀ ਸੀ। ਜੀਤੀ ਦਾ ਪਤੀ ਕੇਵਲ ਫੌਜ ਵਿਚ ਹੁੰਦਾ ਸੀ। ਕਦੇ-ਕਦਾਈਂ ਹੀ ਛੁੱਟੀ ਆਉਂਦਾ। ਜੀਤੀ ਭਾਬੀ ਨੇ ਇਕੱਲਿਆਂ ਹੀ ਬੱਚੇ ਪਾਲੇ ਸਨ। ਜੀਤੀ ਆਮ ਤੌਰ 'ਤੇ ਅਰਵਿੰਦ ਵਰਗੇ ਦਿਓਰਾਂ ਨੂੰ ਘਰ-ਬਾਹਰ ਦੀਆਂ ਬੁੱਤੀਆਂ-ਨੱਤੀਆਂ ਕਰਨ ਲਾਈ ਰੱਖਦੀ ਤੇ ਬਦਲੇ ਵਿਚ ਉਹਨਾਂ ਨੂੰ ਖੁਸ਼ ਵੀ ਕਰ ਦਿੰਦੀ। ਅਰਵਿੰਦ ਵੀ ਕਦੇ ਕਦੇ ਉਸ ਦਾ ਆਟਾ ਫਿਹਾ ਦਿੰਦਾ ਜਾਂ ਬਿੱਜਲੀ ਦਾ ਬਿੱਲ ਦੇ ਆਇਆ ਕਰਦਾ। ਹੁਣ ਉਸ ਦੇ ਵਾਲ ਇਕਦਮ ਚਿੱਟੇ ਹੋ ਚੁੱਕੇ ਸਨ। ਕਮਰ ਵੀ ਥੋੜੀ ਝੁਕੀ ਹੋਈ ਸੀ ਪਰ ਉਸ ਦੀ ਚਾਲ ਵਿਚ ਉਹੋ ਤੇਜ਼ੀ ਸੀ ਤੇ ਅਵਾਜ਼ ਵੀ ਹਾਲੇ ਖੜਕਵੀਂ ਸੀ। ਉਸ ਨੇ ਆ ਕੇ ਪਹਿਲਾਂ ਬਾਪੂ ਦਾ ਅਫਸੋਸ ਕੀਤਾ ਤੇ ਫਿਰ ਆਪਣੇ ਮਜ਼ਾਕੀਆ ਸੁਭਾਅ ਵਿਚ ਆਉਂਦੀ ਬੋਲੀ,

"ਨਾ ਦਿਓਰਾ, ਤੇਰਾ ਦਿਲ ਹੀ ਨਹੀਂ ਕੀਤਾ ਪਿੰਡ ਦਾ ਗੇੜਾ ਮਾਰਨ ਨੂੰ?"

"ਨਹੀਂ ਭਾਬੀ, ਦਿਲ ਤਾਂ ਬਹੁਤ ਕਰਦਾ ਸੀ, ਬਸ ਘਾਉਲ ਜਿਹੀ ਹੀ ਹੋ ਜਾਂਦੀ ਸੀ।"

"ਮੈਂ ਕਿਹਾ ਕਿਸੇ ਗੋਰੀ ਨੇ ਫੜ ਰੱਖਿਆ ਹੋਊ।"

"ਗੋਰੀ ਕਿਸੇ ਨੇ ਕੀ ਫੜਨਾ ਭਾਬੀ, ਨਾਲੇ ਹੁਣ ਉਹ ਉਮਰਾਂ ਨਹੀਂ ਰਹੀਆਂ। ਕੀ ਹਾਲ ਐ ਕੇਵਲ ਭਾ ਦਾ?"

"ਕੇਵਲ ਭਾਅ ਨੂੰ ਕਿਹੜੀ ਜਵਾਨੀ ਚੜ੍ਹਨੀ ਆਂ, ਬਸ ਸਰ ਚੱਲਿਆ ਉਹਦਾ ਵੀ।"

"ਉਹ ਤਾਂ ਫੇਰ ਵੀ ਫੌਜੀ ਆ, ਲੰਮੇ ਦਮ ਵਾਲਾ।"

"ਓਦਾਂ ਤਾਂ ਹਾਲੇ ਠੀਕ ਆ, ...ਕੱਲ ਹੀ ਰੰਮ ਲੈ ਕੇ ਆਇਆ, ਆ ਜਾਈਂ ਸ਼ਾਮ ਨੂੰ ਓਧਰ।"

"ਦੇਖੂੰਗਾ ਭਾਬੀ, ਹਾਲੇ ਕਈ ਕੰਮ ਕਰਨ ਵਾਲੇ ਆ।"

"ਸ਼ਾਮ ਨੂੰ ਵਲੈਤੀਏ ਸ਼ਰਾਬ ਪੀਣ ਤੋਂ ਬਿਨਾਂ ਹੋਰ ਕਿਹੜਾ ਕੰਮ ਕਰਦੇ ਆ?"

"ਮੈਂ ਓਦਾਂ ਦਾ ਵਲੈਤੀਆ ਨਹੀਂ, ਮੈਂ ਬਹੁਤੀ ਨਹੀਂ ਪੀਂਦਾ। ...ਕਦੇ ਕਦਾਈਂ ਹੀ।"

''ਬੌਲ੍ਹੀ ਖਾ ਲਈਂ, ਮੈਂਹ ਸੂਈ ਆ ਅੱਜ ਹੀ।''

ਉਹ ਹੱਸਦੀ ਹੋਈ ਬੋਲੀ। ਮੱਝ ਸੂਣ ਦੀ ਗੱਲ ਸੁਣ ਕੇ ਸੁਖਦੇਵ ਬੋਲਿਆ,

''ਫੇਰ ਤਾਂ ਵਧਾਈਆਂ ਭਾਬੀ, ਕੀ ਦਿੱਤਾ?''

''ਦਿਤੀ ਤਾਂ ਸੁੱਖ ਨਾਲ ਕੱਟੀ ਆ ਪਰ ਹਾਲੇ ਜੇਰ ਪੂਰੀ ਨਹੀਂ ਪਈ।''

''ਪੈ ਜਾਊ, ਕਈ ਵਾਰ ਓਦਾਂ ਹੀ ਹੋ ਜਾਂਦਾ।''

ਸੁਖਦੇਵ ਨੂੰ ਆਪਣੀ ਸੂਣ ਵਾਲੀ ਮੱਝ ਦਾ ਫਿਕਰ ਸੀ।

ਜੀਤੀ ਭਾਬੀ ਥੋੜੀ ਦੇਰ ਬੈਠੀ ਤੇ ਓਨੇ ਸਮੇਂ ਵਿਚ ਹੀ ਕਨੇਡਾ ਵਿਆਹੀ ਆਪਣੀ ਧੀ ਤੇ ਅਸਟ੍ਰੇਲੀਆ ਗਏ ਆਪਣੇ ਮੁੰਡੇ ਦੀਆਂ ਕਈ ਕਹਾਣੀਆਂ ਸੁਣਾ ਗਈ। ਜਾਂਦੀ ਹੋਈ ਇਕ ਵਾਰ ਫਿਰ ਤ੍ਰਿਕਾਲਾਂ ਨੂੰ ਘਰ ਆਉਣ ਦੀ ਤਾਕੀਦ ਕਰ ਗਈ। ਉਸ ਦੇ ਜਾਣ ਤੋਂ ਬਾਅਦ ਸੁਖਦੇਵ ਬੋਲਿਆ,

''ਤੈਨੂੰ ਜਾਣਾ ਚਾਹੀਦਾ ਬਈ, ਏਨੇ ਪਿਆਰ ਨਾਲ ਕਹਿ ਕੇ ਗਈ ਆ ਫੌਜਣ। ਏਹ ਤਾਂ ਕਿਸੇ ਨੂੰ ਪਾਣੀ ਦਾ ਗਿਲਾਸ ਨਹੀਂ ਪਿਲਾ ਸਕਦੀ, ਤੈਨੂੰ ਰੰਮ ਦੀ ਸੁਲਾਹ ਮਾਰੀ ਜਾਂਦੀ ਆ। ਫੌਜੀ ਤਾਂ ਮਟਰਾਂ ਦੀ ਸਬਜ਼ੀ ਵੀ ਬਣਾਉਣੀ ਹੋਵੇ ਤਾਂ ਪਹਿਲਾਂ ਮਟਰ ਗਿਣਦਾ, ...ਜ਼ਰੂਰ ਕੋਈ ਖਾਸ ਗੱਲ ਹੋਣੀ ਆਂ!''

''ਪੁਰਾਣੀਆਂ ਦੋਸਤੀਆਂ ਬਈ।''

ਅਰਵਿੰਦ ਨੇ ਹੋਲੇ ਜਿਹੇ ਕਿਹਾ। ਸੁਖਦੇਵ ਹੱਸਣ ਲੱਗਿਆ।

ਉਸ ਦੇ ਪਿੰਡ ਵਿਚ ਬਹੁਤੇ ਕੰਮ ਨਹੀਂ ਸਨ। ਸਭ ਤੋਂ ਵੱਡਾ ਕੰਮ ਬਾਪੂ ਜੀ ਦੀ ਜ਼ਮੀਨ ਆਪਣੇ ਨਾਂ ਕਰਾਉਣੀ ਸੀ। ਵਸੀਅਤ ਬਣੀ ਹੋਈ ਸੀ। ਸੁਖਦੇਵ ਨੇ ਉਸ ਨੂੰ ਦੱਸ ਹੀ ਦਿੱਤਾ ਹੋਇਆ ਸੀ ਕਿ ਇਹ ਕੰਮ ਪਟਵਾਰੀ ਰਾਹੀਂ ਹੀ ਹੋਣਾ ਸੀ। ਪਟਵਾਰੀ ਨੇ ਆਪਣੀ ਫੀਸ ਲੈ ਕੇ ਕੰਮ ਕਰਨਾ ਸੀ ਪਰ ਪਟਵਾਰੀ ਪਿੰਡੋਂ ਬਾਹਰ ਸੀ। ਪਤਾ ਨਹੀਂ ਕਦ ਆਵੇ। ਇਸ ਕੰਮ ਲਈ ਉਸ ਨੂੰ ਦੁਬਾਰਾ ਆਉਣਾ ਪੈ ਸਕਦਾ ਸੀ। ਬਾਕੀ ਦਾ ਕੰਮ ਤਾਂ ਫਿਰੌਤਾ ਸਿੰਘ ਨਾਲ ਠੇਕੇ ਦੀ ਗੱਲ ਹੀ ਕਰਨੀ ਸੀ। ਫਿਰੌਤਾ ਸਿੰਘ ਕੋਲ ਉਹਨਾਂ ਦੀ ਜ਼ਮੀਨ ਸੀ। ਦੋ ਸਾਲ ਪਹਿਲਾਂ ਬਾਪੂ ਜੀ ਪਿੰਡ ਆਏ ਸਨ ਤਾਂ ਉਸ ਨਾਲ ਹਿਸਾਬ ਕਰ ਕੇ ਗਏ ਸਨ ਕਿ ਜ਼ਮੀਨ ਦੇ ਠੇਕੇ ਨਾਲ ਉਹ ਟ੍ਰਬੈਨ ਲਗਵਾ ਦੇਵੇਗਾ ਪਰ ਉਸ ਨੇ ਨਹੀਂ ਸੀ ਲਗਾਈ। ਇਸੇ ਲਈ ਉਸ ਨੂੰ ਮਿਲਣਾ ਸੀ। ਵੈਸੇ ਤਾਂ ਉਸ ਨੂੰ ਵੇਲਾਂ ਨੇ ਕਹਿ ਕੇ ਭੇਜਿਆ ਸੀ ਕਿ ਬਾਪੂ ਜੀ ਦਾ ਪਾਠ ਵੀ ਕਰਵਾ ਕੇ ਆਵੇ ਪਰ ਇਹ ਕੰਮ ਉਸ ਦੀ ਸ਼ਡਿਊਲ ਵਿਚ ਨਹੀਂ ਸੀ। ਏਨੇ ਦਿਨ ਉਸ ਕੋਲ ਹੈ ਨਹੀਂ ਸਨ। ਹੋਰ ਹੁਣ ਪਿੰਡ ਵਿਚ ਉਸ ਦਾ ਕੋਈ ਕੰਮ ਨਹੀਂ ਸੀ। ਮਿਲਣ-ਗਿਲਣ ਵਾਲੇ ਵੀ ਬਹੁਤੇ ਲੋਕ ਨਹੀਂ ਸਨ। ਉਸ ਦੀ ਉਮਰ ਦੇ ਪਿੰਡ ਵਿਚ ਬਹੁਤ ਥੋੜੇ ਲੋਕ ਸਨ।

ਉਹ ਸਾਰੇ ਹਾਲੇ ਸ਼ਾਮ ਦੀ ਚਾਹ ਹੀ ਪੀ ਰਹੇ ਸਨ ਕਿ ਕੇਵਲ ਫੌਜੀ ਆ ਗਿਆ। ਬਾਪੂ ਜੀ ਦਾ ਅਫਸੋਸ ਕਰਕੇ ਬੋਲਿਆ,

''ਚੱਲ ਬਈ ਓਧਰ ਨੂੰ ਚੱਲੀਏ।''

''ਓ ਭਾ, ਹਾਲੇ ਤਾਂ ਸਿਖਰ ਦੁਪਿਹਰਾ, ਹੁਣੇ ਕੀ ਕਰਨਾ?''

ਅਰਵਿੰਦ ਨੇ ਬਾਹਰਲੀ ਧੁੱਪ ਵੱਲ ਇਸ਼ਾਰਾ ਕਰਦਿਆਂ ਆਖਿਆ। ਕੇਵਲ ਨੇ ਫਿਰ ਕਿਹਾ,

''ਏਸੇ ਧੁੱਪ ਦਾ ਹੀ ਤਾਂ ਇੰਤਜ਼ਾਮ ਕਰਨਾ।''

''ਯੂ ਨੋਅ, ਮੈਂ ਏਦਾਂ ਦਾ ਕੰਮ ਨਹੀਂ ਕਰਦਾ। ਕਦੇ ਹੋਇਆ ਸੂਰਜ ਢਲ਼ੇ।''

''ਸੂਰਜ ਢਲ਼ੇ ਹੋਰ ਬਥੇਰੇ ਕੰਮ ਕਰਨ ਵਾਲੇ ਹੁੰਦੇ ਆ ਛੋਟੇ ਭਾਈ, ਤੂੰ ਚੱਲ ਮੇਰੇ ਨਾਲ, ਜੇ ਨਾ ਗਿਆ ਤਾਂ ਫੌਜਣ ਨੇ ਮੈਨੂੰ ਘਰ ਨਹੀਂ ਵੜਨ ਦੇਣਾਂ।''

ਕੇਵਲ ਨੇ ਉਸ ਦੇ ਖਹਿੜੇ ਪੈਂਦੇ ਆਖਿਆ। ਸੁਖਦੇਵ ਬੋਲਿਆ,

''ਜਾਹ ਯਾਰ, ਏਨੇ ਪਿਆਰ ਨਾਲ ਫੌਜੀ ਕਹਿ ਰਿਹਾ, ਜੇ ਨਾ ਗਿਆ ਤਾਂ ਕੋਈ ਸਰਾਪ ਹੀ ਨਾ ਦੇਵੇ! ...ਮੈਂ ਤਾਂ ਇਹਦੀ ਪਹਿਲੀ ਹਾਕ 'ਤੇ ਹੀ ਜਾ ਵੜਨਾ ਸੀ।''

ਫਿਰ ਕੁਝ ਚੇਤੇ ਆਉਣ 'ਤੇ ਉਹ ਪੁੱਛਣ ਲੱਗਿਆ,

''ਭਾਬੀ ਕਹਿੰਦੀ ਸੀ ਮੈਂਹ ਦੀ ਹਾਲੇ ਜੇਰ ਨਹੀਂ ਪਈ, ਕਿੱਦਾਂ?''

''ਜੇਰ ਪੈ ਗਈ ਤੇ ਹੁਣ ਤਾਂ ਮੈਂਹ ਉਗਾਲ਼ੀ ਪਈ ਹੋਈ ਆ, ਇਸੇ ਖੁਸ਼ੀ ਵਿਚ ਤੂੰ ਵੀ ਆ ਜਾ ਸੁਖਦੇਵ ਸਿਆਂ, ਰੰਮ ਐਤਕੀਂ ਮੈਂ ਖੁਲ੍ਹੀ ਲਿਆਂਦੀ ਆ।''

ਗੱਲ ਕਰਦਾ ਕੇਵਲ ਅਰਵਿੰਦ ਦਾ ਹੱਥ ਫੜ ਕੇ ਉਸ ਨੂੰ ਉਠਾਉਣ ਲੱਗਿਆ। ਉਸ ਤੋਂ ਹੋਰ ਨਾਂਹ ਨਾ ਹੋਈ ਤੇ ਉਸ ਨਾਲ ਤੁਰ ਪਿਆ। ਪੰਜ ਕੁ ਮਿੰਟ ਤੁਰਨ ਦਾ ਰਸਤਾ ਸੀ। ਗੰਦੀਆਂ ਨਾਲ਼ੀਆਂ ਵਿਚੋਂ ਮੁਸ਼ਕ ਉਠ ਰਿਹਾ ਸੀ। ਕਈ ਘਰਾਂ ਦੇ ਲਟਕਦੇ ਪਰਨਾਲੇ ਟ੍ਹੇਡੇ ਜਿਹੇ ਹੋਏ ਪਏ ਸਨ। ਰਾਹ ਵਿਚ ਦੋ ਕੁ ਵਾਕਫ ਮਿਲੇ ਜਿਹਨਾਂ ਨਾਲ ਸਾਹਿਬ-ਸਲਾਮ ਹੋਈ। ਅਰਵਿੰਦ ਇਸ ਘਰ ਪਹਿਲਾਂ ਵੀ ਕਈ ਵਾਰ ਆਇਆ ਹੋਇਆ ਸੀ। ਘਰ ਤਾਂ ਉਹੋ ਜਿਹਾ ਹੀ ਸੀ, ਸਰਦਣ ਲੰਘਦਿਆਂ ਹੀ ਡੇਹੜੀ ਤੇ ਫਿਰ ਖੱਬੇ ਹੱਥ ਦਲਾਨ, ਦਲਾਨ ਦੇ ਪਿੱਛੇ ਦੋ ਕੋਠੜੀਆਂ, ਜਿਹਨਾਂ ਨੂੰ ਕੋਈ ਤਾਕੀ ਨਹੀਂ ਸੀ, ਬਸ ਮੋਘ ਸਨ। ਮੋਘਾਂ ਉਪਰ ਤਸਲਾ ਮੂਧਾ ਮਾਰਿਆ ਰਹਿੰਦਾ ਸੀ। ਸੱਜੇ ਹੱਥ ਬੈਠਕ ਨਵੀਂ ਬਣਾਈ ਹੋਈ ਸੀ ਤੇ ਨਾਲ ਹੀ ਰਸੋਈ ਪਰ ਚੁੱਲਾ-ਚੌਂਕਾ ਬਾਹਰ ਹੀ ਬਣਾਇਆ ਹੋਇਆ ਸੀ। ਓਟਾ ਤੇ ਚੌਂਕਾ ਪਾਂਡੂ ਨਾਲ ਲਿਪਿਆ ਹੋਇਆ ਸੀ। ਇਕ ਚੁੱਲਾ ਤੇ ਨਾਲ ਹੀ ਭੱਠੀ। ਇਕ ਚੁੱਕਵਾਂ ਚੁੱਲ੍ਹਾ ਵੀ ਪਿਆ ਸੀ। ਭੱਠੀ 'ਤੇ ਤਵੀ ਪਈ ਸੀ ਤੇ ਚੁੱਲੇ 'ਤੇ ਤੌੜੀ ਰਿੱਝ ਰਹੀ ਸੀ ਤੇ ਭਾਫ਼ ਨਾਲ ਚੱਪਣ ਬੁੜ੍ਹਕ ਰਿਹਾ ਸੀ। ਆ ਰਹੀ ਖੁਸ਼ਬੂ ਤੋਂ ਲੱਗਦਾ ਸੀ ਕਿ ਮਾਹਾਂ ਦੀ ਦਾਲ ਬਣ ਰਹੀ ਸੀ। ਕੀਲੀ ਨਾਲ ਪੋਣੇ ਵਿਚ ਬੰਨਿਆਂ ਖੱਟਾ ਲਟਕ ਰਿਹਾ ਸੀ। ਜੀਤੀ ਭਾਬੀ ਉਸ ਨੂੰ ਬਹੁਤ ਪਿਆਰ ਨਾਲ ਮਿਲੀ ਤੇ ਬੋਲੀ,

"ਆਜਾ ਦਿਓਰਾ, ਇਥੇ ਹੀ ਮੇਰੇ ਕੋਲ ਆ ਜਾ।"

ਆਖਦਿਆਂ ਉਸ ਨੇ ਓਟੇ ਨਾਲ ਖੜ੍ਹੀ ਪੀੜ੍ਹੀ ਚੁੱਕ ਕੇ ਡਾਹ ਦਿਤੀ ਤੇ ਮੁੜ ਪਟੜੇ 'ਤੇ ਬਹਿ ਕੇ ਗੱਠੇ ਕੱਟਣ ਲੱਗੀ। ਕੇਵਲ ਭਾ ਗਲਾਸੀਆਂ ਧੋ ਰਿਹਾ ਸੀ। ਬੋਲਿਆ,

"ਏਧਰ ਆ ਜਾ, ਬੈਠਕ ਵਿਚ ਤੇਰਾ ਮੂੰਹ ਕਸੈਲ਼ਾ ਕਰਾਈਏ।"

"ਦੇਖ ਭਾ, ਮੈਂ ਹਾਲੇ ਨਹੀਂ ਪੀਣੀ, ਏਹ ਨਹੀਂ ਕਿ ਮੈਂ ਪੀਂਦਾ ਨਹੀਂ ਪਰ ਜ਼ਰਾ ਕੁ ਠਹਿਰ ਲੈ, ਤੂੰ ਵੀ ਰੁਕ ਹਾਲੇ।...ਆਜਾ ਪਹਿਲਾਂ ਗੱਲਾਂ ਕਰਦੇ ਆਂ ਫੇਰ ਪੀ ਵੀ ਲਵਾਂਗੇ।"

ਅਰਵਿੰਦ ਨੇ ਜ਼ਰਾ ਕੁ ਸਖਤ ਹੁੰਦਿਆਂ ਕਿਹਾ। ਜੀਤੀ ਭਾਬੀ ਉਹਦੇ ਨਾਲ ਸਹਿਮਤ ਹੁੰਦੀ ਬੋਲੀ,

"ਏਹਨੂੰ ਆਪ ਨੂੰ ਹੀ ਡੌਂ ਬਲ਼ਿਆ ਹੋਇਆ, ਭਲਾ ਆਹ ਵੇਲਾ ਸ਼ਰਾਬ ਪੀਣ ਦਾ?"

"ਚੰਗਾ ਬਈ, ਤੇਰੀ ਮਰਜ਼ੀ, ਮੈਂ ਫੇਰ ਬਾੜੇ ਦਾ ਗੇੜਾ ਮਾਰ ਔਨਾਂ।"

ਆਖਦਿਆਂ ਉਸ ਨੇ ਪੱਲੀ ਤੇ ਦਾਤੀ ਚੁੱਕ ਲਈ। ਭਾਬੀ ਲਾਹੁੰਡੇ ਵੱਲ ਇਸ਼ਾਰਾ ਕਰਦੀ ਬੋਲੀ,

"ਆਹ ਖਲ਼ ਵੀ ਹੋ ਗਈ ਹੋਣੀ ਆਂ, ਏਹਨੂੰ ਵੀ ਲੈ ਜਾ, ਮੈਂਹ ਨੂੰ ਕੁੰਡ ਕਰ ਦੇਈਂ, ਮੇਰੇ ਕੋਲੋਂ ਨੀਂ ਹੁਣ ਉਠ ਹੋਣਾਂ।"

ਚੌਂਕੇ ਦੇ ਨਾਲ ਹੀ ਖੁਰਾ ਸੀ। ਖੁਰੇ ਵਿਚ ਨਲਕਾ ਹਾਲੇ ਵੀ ਲੱਗਾ ਹੋਇਆ ਸੀ ਪਰ ਪਾਣੀ ਹੇਠਾਂ ਚਲੇ ਜਾਣ ਕਾਰਨ ਪਿੰਡ ਦੇ ਸਾਰੇ ਨਲਕੇ ਹੀ ਰੱਦੀ ਹੋਏ ਪਏ ਸਨ। ਖੁਰੇ ਦੇ ਆਲ਼ੇ ਵਿਚ ਬੁਰਸ਼, ਟੁੱਥ ਪੇਸਟ, ਤੇਲ-ਸਾਬਣ ਆਦਿ ਪਏ ਸਨ। ਦੋ ਝਾਵੇਂ ਵੀ ਸਨ। ਭਾਬੀ ਪੁੱਛਣ ਲੱਗੀ,

"ਕੀ ਦੇਖ ਰਿਹਾਂ?"

"ਮੈਂ ਦੇਖ ਰਿਹਾਂ ਕਿ ਪੈਰ ਕੂਚਣ ਦਾ ਸ਼ੌਂਕ ਹਾਲੇ ਵੀ ਹੈਗਾ, ਨਾਲ ਸ਼ਾਇਦ ਓਹ ਰੰਗਲੀ ਦਾਤਣ ਪਈ ਐ।"

"ਸ਼ੌਂਕ ਤਾਂ ਬੰਦਿਆਂ ਦੇ ਨਾਲ ਹੀ ਜਾਇਆ ਕਰਦੇ ਆ।"

"ਭਾਬੀ, ਫੇਰ ਤਾਂ ਤੂੰ ਸੁਰਮਾ ਵੀ ਪਾਉਂਦੀ ਹੋਏਂਗੀ, ਕੱਜਲ ਵੀ ਲਾਉਂਦੀ ਹੋਏਂਗੀ ?"

"ਸੁਰਮਾ ਪੰਜ ਰੱਤੀਆਂ, ਡਾਕ ਗੱਡੀ ਵਿਚ ਆਇਆ....!"

ਗੁਣਗੁਣਾਉਂਦੀ ਉਹ ਅੱਖਾਂ ਮਟਕਾਉਣ ਲੱਗੀ ਤੇ ਚਿਹਰੇ ਤੇ ਰੰਗਤ ਜਿਹੀ ਫਿਰ ਗਈ। ਫਿਰ ਮੋਹ ਜਿਹੇ ਵਿਚ ਬੋਲੀ,

"ਦੱਸ ਦਿਓਰਾ, ਕੀ ਖਾਏਂਗਾ ਪਹਿਲਾਂ? ਦਾਬੜਾ ਬਣਿਆਂ ਪਿਆ, ਲਿਆਵਾਂ?"

"ਦਾਬੜਾ? ਸੁੱਖ ਤਾਂ ਹੈ ਭਾਬੀ! ਏਸ ਉਮਰ ਵਿਚ ਦਾਬੜਾ?"

"ਨਹੀਂ ਓਏ ਕਮਲ਼ਿਆ! ਇਹ ਤਾਂ ਮੇਰੀ ਭੈਣ ਦੇ ਪੋਤਾ ਹੋਇਆ ਸੀ ਤੇ ਮੈਂ ਦਾਬੜਾ ਬਣਾ ਕੇ ਕੱਲ ਦੇ ਆਈ ਆਂ, ਓਦਾਂ ਅਸੀਂ ਵੀ ਪੰਜੀਰੀ ਜਾਂ ਪਿੰਨੀਆਂ ਬਣਾ ਕੇ ਰੱਖਦੇ ਆਂ ਸਦਾ। ਸਿਆਲ਼ਾਂ ਨੂੰ ਅਲਸੀ ਦੀਆਂ। ...ਪਿਛਲੇ ਹਫਤੇ ਹੀ ਖੋਏ ਵਾਲੀਆਂ ਬਣਾਈਆਂ, ਲੈ ਜਾਈਂ ਵਲੈਤ ਨੂੰ, ਏਨੀਆ ਸੁਆਦ ਆ ਕਿ ਤੇਰੀ ਘਰਵਾਲੀ ਚੇਤੇ ਰੱਖੂ!"

ਆਖਦੀ ਉਹ ਉਠ ਖੜੀ ਤੇ ਰਸੋਈ ਵਿਚ ਜਾ ਵੜੀ। ਰਸੋਈ ਵਿਚ ਗੈਸ ਉਪਰ ਉਸ ਨੇ ਚਾਹ ਬਣਨੀ ਰੱਖੀ ਹੋਈ ਸੀ। ਉਹ ਬੋਲੀ,

"ਆ ਜਾ, ਬੈਠਕ ਵਿਚ ਬਹਿ ਕੇ ਚਾਹ ਪੀ ਲੈ।"

"ਏਥੇ ਹੀ ਲੈ ਆ ਭਾਬੀ, ਪੀੜ੍ਹੀ 'ਤੇ ਬਹਿਣ ਦਾ ਆਪਣਾ ਮਜ਼ਾ!"

ਅਰਵਿੰਦ ਚੁੱਲ੍ਹੇ ਮੂਹਰੇ ਬੈਠਣ ਦਾ ਸਵਾਦ ਲੈਣਾ ਚਾਹੁੰਦਾ ਸੀ। ਜੀਤੀ ਭਾਬੀ ਨੇ ਚਾਹ ਦੇ ਨਾਲ ਸਮੋਸੇ, ਪਿੰਨੀਆਂ ਲਿਆ ਕੇ ਉਹਦੇ ਮੂਹਰੇ ਰੱਖ ਦਿਤੀਆਂ। ਚਾਹ ਪੀਂਦਾ ਅਰਵਿੰਦ ਵਿਹੜੇ ਵਿਚ ਨਜ਼ਰ ਫੇਰਨ ਲੱਗਿਆ। ਇਕ ਪਾਸੇ ਕਿਆਰੀ ਬਣਾ ਕੇ ਕਿੰਨਾ ਕੁਝ ਬੀਜਿਆ ਹੋਇਆ ਸੀ। ਉਸ ਨੇ ਆਖਿਆ,

"ਤੁਸੀਂ ਤਾਂ ਵਿਹੜੇ ਵਿਚ ਵੀ ਖੇਤੀ ਕੀਤੀ ਹੋਈ ਐ!"

"ਨਹੀਂ, ਏਹ ਕੁਆਰ ਲਾਈ ਹੋਈ ਆ, ਦੁਪਿਹਰ-ਖਿੜੀ ਆ ਤੇ ਗੇਂਦੇ ਦੇ ਫੁੱਲ ਜਿਹੇ ਆ। ਔਹ ਛਿੱਤਰ-ਠੋਹਰ ਵੀ ਲਾਈ ਆ, ਕਹਿੰਦੇ ਹੁੰਦੇ ਆ ਨਾ ਕਿ ਵਿਹਲੇ ਮੂੰਹ ਨੂੰ ਬੱਕਲੀਆਂ!"

"ਬੱਚੇ ਭੇਜ ਕੇ ਤੁਸੀਂ ਵਿਹਲੇ ਹੋ ਗਏ, ਹੁਣ ਮੌਜਾਂ ਹੀ ਮੌਜਾਂ!"

"ਕਾਹਦੀਆਂ ਮੌਜਾਂ ਦਿਓਰਾ, ਘਰ ਖਾਣ ਨੂੰ ਆਉਂਦਾ। ਉਤੋਂ ਫਿਕਰ ਰਹਿੰਦਾ ਕਿ ਮੁੰਡਾ ਅਸਟ੍ਰੇਲੀਆ ਵਿਚ ਪੱਕਾ ਵੀ ਹੋਊ ਕਿ ਨਹੀਂ।"

"ਮੈਂ ਤਾਂ ਕਿਹਾ ਕਿ ਉਹ ਪੱਕਾ ਹੀ ਗਿਆ।"

"ਪੜ੍ਹਣ ਗਿਆ, ਜਦ ਤਕ ਪੀ. ਆਰ. ਨਹੀਂ ਮਿਲਦਾ ਤਦ ਤਕ ਕੀ ਕਹਿ ਸਕਦੇ ਆਂ!"

ਗੱਲ ਕਰਦੀ ਕਰਦੀ ਉਹ ਕੂੰਡਾ ਦੋਨਾਂ ਪੈਰਾਂ ਵਿਚ ਫਸਾਇਆ ਤੇ ਘੋਟਣਾ ਫੇਰਨ ਲੱਗੀ। ਅਰਵਿੰਦ ਨੇ ਕਿਹਾ,

"ਸੁਖਦੇਵ ਦੇ ਘਰ ਵੀ ਦੇਖਿਆ ਕਿ ਹਾਲੇ ਵੀ ਮਸਾਲਾ ਕੂੰਡੇ ਵਿਚ ਹੀ ਰਗੜਦੇ ਆ।"

"ਕੂੰਡੇ-ਘੋਟਣੇ ਵਾਲੇ ਮਸਾਲੇ ਦਾ ਸਵਾਦ ਹੀ ਹੋਰ ਹੁੰਦਾ। ਓਦਾਂ ਤਾਂ ਮੇਰੇ ਕੋਲ ਮਿਕਸਰ ਵੀ ਹੈਗਾ ਪਰ ਏਦਾਂ ਹੀ ਚੰਗਾ ਲੱਗਦਾ।"

"ਨਵੀਂਆਂ ਚੀਜ਼ਾਂ ਨੂੰ ਵਰਤਣ ਦੀ ਆਦਤ ਵੀ ਤਾਂ ਪਾਉਣੀ ਪੈਂਦਾ ਆ।"

"ਮੈਨੂੰ ਤਾਂ ਪੁਰਾਣੀਆਂ ਚੀਜ਼ਾ ਨਾਲ ਹੀ ਮੋਹ ਆ। ਮੈਂ ਮਾਮਜਿਸਤਾ ਵੀ ਵਰਤਦੀ ਆਂ। ਤਿਲ਼ ਕੁਟ ਕੇ ਭੱਤੂ ਬਣਾ ਲੈਨੀ ਆਂ। ਮੈਂ ਤਾਂ ਚਰਖਾ ਵੀ ਰੱਖਿਆ ਹੋਇਆ। ਕੱਲ ਹੀ ਤੇਰਾ ਭਰਾ ਲੋਗੜ ਪਿੰਜਾ ਕੇ ਲਿਆਇਆ। ਆਪਣੇ ਪਿੰਡ ਯੂਪੀ ਤੋਂ ਇਕ ਪੇਂਜੇ ਨੇ ਆ ਕੇ ਰੂੰ-ਪਿੰਜਣੀ ਲਾਈ ਹੋਈ ਆ। ਮੈਂ ਰਾਤੀ ਹੀ ਪੂਣੀਆਂ ਦਾ ਗੋਹੜਾ ਬਣਾ ਕੇ ਰੱਖਿਆ। ਇਕ ਦਿਨ ਚਰਖੇ ਦੀ ਮਾਹਲ ਟੁੱਟ ਗਈ ਸੀ, ਮੇਰੇ ਤੋਂ ਹਾਲੇ ਵੱਟੀ ਨਹੀਂ ਗਈ।"

"ਯੂ ਨੋਅ, ਸ਼ੌਂਕ ਦੀਆਂ ਗੱਲਾਂ!"

"ਚਰਖਾ ਮੈਂ ਪੂਰੀ ਤਰ੍ਹਾਂ ਸੰਭਾਲ ਕੇ ਰੱਖਦੀ ਆਂ। ਇਕ ਵਾਰ ਹੱਥੀ ਟੁੱਟ ਗਈ, ਬੜੀ ਮੁਸ਼ਕਲ ਨਾਲ ਪੁਆਈ, ਇਕ ਵਾਰ ਇਹਦੀਆਂ ਚਰਮਖਾਂ ਨਾ ਮਿਲਣ। ਏਦਾਂ ਹੀ ਜੇ ਕਦੇ ਤਕਲਾ ਵਿੰਗਾ ਹੋ ਜਾਵੇ ਤਾਂ ਮੁਸ਼ਕਲ ਪੈ ਜਾਂਦੀ ਆ ਪਰ ਜੇ ਮੈਂ ਕੱਤਣ ਬਹਿ ਜਾਵਾਂ ਤਾਂ ਗੋਹਲਾ ਭਰ ਕੇ ਗਲੋਟੇ ਲਾਹ ਲੈਂਨੀ ਆਂ ਤੇ ਏਦਾਂ ਹੀ ਅਟੇਰਨ ਨਾਲ ਅਟੇਰ ਕੇ ਅੱਟੀਆਂ ਨਾਲ ਬੈਗ ਭਰੀ ਜਾਨੀ ਆਂ। ਮੇਰੇ ਪੇਕੀਂ ਹਾਲੇ ਵੀ ਜੁਲਾਹੇ ਹੈਗੇ ਆ ਜਿਹੜੇ ਖੇਸੀਆਂ-ਖੇਸ ਬੁਣਦੇ ਆ। ਸਾਡੇ ਤਾਂ ਘਰ ਵਿਚ ਸਾਰੇ ਖੇਸ-ਖੇਸੀਆਂ ਘਰ ਦੇ ਹੀ ਹੁੰਦੇ ਆ। ਚਾਰ ਕੁ ਕਨਾਲ ਕਪਾਹ ਬੀਜ ਲਈਦੀ ਆ ਤੇ ਬਸ, ਘਰ ਦੇ ਵੜੇਵੇਂ, ਘਰ ਦੀ ਖਲ਼, ਘਰ ਦਾ ਕੌੜਾ ਤੇਲ। ਘਰ ਦੀਆਂ ਹੀ ਰਜਾਈਆਂ-ਤਲ਼ਾਈਆਂ।"

"ਤੂੰ ਤੇ ਭਾਬੀ ਬੜੀ ਗੁਣੀਂ ਗਿਆਨਣ ਆਂ!"

"ਦਿਓਰਾ, ਮੈਂ ਵਿਹਲੀ ਨਹੀਂ ਬਹਿ ਸਕਦੀ। ਹੁਣ ਤੂੰ ਸੁਖਦੇਵ ਵਲ ਹੀ ਦੇਖ ਲਾ। ਸਾਰੇ ਦਿਨ ਵਿਚ ਉਹ ਦੋ ਮੱਝਾਂ ਨੂੰ ਪੱਠੇ ਪਾਉਂਦਾ ਤੇ ਬਾਕੀ ਦਾ ਦਿਨ ਘਰ ਆਲੀ ਨਾਲ ਪੱਖੇ ਹੇਠ ਪਿਆ ਰਹਿੰਦਾ। ਏਦਾਂ ਦੇ ਹੀ ਨਿਕੰਮੇ ਆਂ ਲੋਕ ਅੱਜਕੱਲ। ਕਰਨਾ ਕਰਾਉਣਾ ਕੁਝ ਨਹੀਂ ਤੇ ਦੂਜਿਆਂ ਦੀ ਜਾਇਦਾਦ ਵੱਲ ਝਾਕੀ ਜਾਣਾਂ।"

ਬੂਹੇ ਦਾ ਅੜਲ ਖੁਲ੍ਹਿਆ ਤੇ ਕੇਵਲ ਅੰਦਰ ਆ ਗਿਆ। ਉਸ ਨੇ ਆ ਕੇ ਸਿਰ ਤੇ ਬੰਨਿਆਂ ਪੱਟਕਾ ਕੀਲੀ 'ਤੇ ਟੰਗ ਦਿਤਾ ਤੇ ਗੁੱਟੇ ਨੂੰ ਖੋਹਲ ਕੇ ਦੁਬਾਰਾ ਬੰਨਦਾ ਬੋਲਿਆ,

"ਏਧਰ ਆ ਜਾ ਪੱਖੇ ਹੇਠ ਬੈਠਦੇ ਆਂ। ਨਾਲ਼ੇ ਹੁਣ ਰੰਮ ਵੀ ਹਾਕਾਂ ਮਾਰ ਰਹੀ ਆ।"

ਅਰਵਿੰਦ ਪੀੜ੍ਹੀ ਤੋਂ ਉਠ ਕੇ ਬੈਠਕ ਵਿਚ ਆ ਗਿਆ। ਆਪਣੇ ਹੱਥਲੇ ਕੰਮ ਨਿਪਟਾ ਕੇ ਜੀਤੀ ਭਾਬੀ ਵੀ ਉਹਨਾਂ ਕੋਲ ਹੀ ਆ ਬੈਠੀ। ਕੇਵਲ ਆਪਣੇ ਮੁੰਡੇ ਦੇ ਪੱਕੇ ਹੋਣ ਬਾਰੇ ਫਿਕਰਵੰਦ ਸੀ। ਅਰਵਿੰਦ ਨੂੰ ਪਤਾ ਸੀ ਕਿ ਬਹੁਤ ਸਾਰੇ ਮੁੰਡੇ-ਕੁੜੀਆਂ ਪੜ੍ਹਣ ਲਈ ਅਸਟ੍ਰੇਲੀਆ ਗਏ ਹੋਏ ਸਨ। ਪਿੱਛੇ ਜਿਹੇ ਅਸਟ੍ਰੇਲੀਅਨ ਜੁਗਨੀ ਤੇ ਅਸਟ੍ਰੇਲੀਅਨ ਛੱਲਾ ਨਾਂ ਦੇ ਵੀਡੀਓ ਯੂਟਿਊਬ 'ਤੇ ਦੇਖਣ ਨੂੰ ਮਿਲਦੇ ਸਨ ਜੋ ਉਥੇ ਗਏ ਅਜਿਹੇ ਹੀ ਲੋਕਾਂ ਨੇ ਬਣਾਏ ਤੇ ਚਾੜ੍ਹੇ ਸਨ। ਆਪਣੇ ਮੁੰਡੇ ਦੇ ਫਿਕਰ ਤੋਂ ਬਾਅਦ ਆਪਣੀ ਕੁੜੀ ਦੇ ਬੁਰੇ ਸੱਸ-ਸੁਹਰੇ ਬਾਰੇ ਗੱਲਾਂ ਕਰਨ ਲੱਗ ਪਏ ਜਿਹੜੇ ਉਹਨਾਂ ਨੂੰ ਸਪੌਂਸਰ ਨਹੀਂ ਸਨ ਕਰ ਰਹੇ। ਉਹ ਉਡੀਕ ਰਹੇ ਸਨ ਕਿ ਜਲਦੀ ਤੋਂ ਜਲਦੀ ਕੁੜੀ ਉਹਨਾਂ ਨੂੰ ਕਨੇਡਾ ਬੁਲਾ ਲਵੇ। ਉਹ ਕੁੜੀ ਦੀ ਸੱਸ ਬਾਰੇ ਗੱਲਾਂ ਕਰਦੀ ਦੱਸਣ ਲੱਗੀ,

"ਪਿਛਲੇ ਸਾਲ ਕੁੜੀ ਦੇ ਕਾਕਾ ਹੋਇਆ ਸੀ, ਬੁੜੀ ਏਥੇ ਛੂਛਕੜਾ ਲੈਣ ਆ ਧਮਕੀ। ਭਲਾ ਅੱਜ ਦੇ ਜ਼ਮਾਨੇ ਵਿਚ ਕੌਣ ਛੂਛਕੜਾ ਦਿੰਦਾ ਤੇ ਕੌਣ ਲੈਂਦਾ ਪਰ ਬੁੜੀ ਸਾਡਾ ਖਰਚ ਕਰਵਾ ਕੇ ਹੀ ਹਟੀ। ਅਸੀਂ ਜਦ ਸੱਦਣ ਦੀ ਗੱਲ ਕਰਦੇ ਆਂ ਤਾਂ ਸਿਰ ਫੇਰ ਜਾਂਦੇ ਆ।"

ਫੌਜੀ ਰੰਮ ਦੀ ਬੋਤਲ ਕੱਢ ਲਿਆਇਆ। ਉਸ ਨੇ ਪਟਿਆਲਾਸ਼ਾਹੀ ਪੈੱਗ ਪਾ ਲਏ। ਅਰਵਿੰਦ ਨੇ ਨਿਕੀ ਜਿਹੀ ਘੁੱਟ ਭਰੀ ਪਰ ਫੌਜੀ ਇਕੋ ਸਾਹੇ ਖਿੱਚ ਗਿਆ। ਅਰਵਿੰਦ ਤੋਂ ਪੀਤੀ ਨਹੀਂ ਸੀ ਜਾ ਰਹੀ ਪਰ ਫੌਜੀ ਨੇ ਆਪਣੇ ਲਈ ਇਕ ਹੋਰ ਪਾ ਲਿਆ। ਜ਼ਰਾ ਕੁ ਕੰਡੇ ਵਿਚ ਹੁੰਦਾ ਬੋਲਿਆ,

"ਛੋਟੇ ਭਾਈ, ਇਕ ਗੱਲ ਕਰਨੀ ਆਂ, ਕਰਨੀ ਕੀ ਤੈਨੂੰ ਸਮਝਾਉਣੀ ਆਂ।"

"ਦੱਸ ਭਾ।"

"ਇਹ ਜਿਹੜਾ ਸੁਖਦੇਵ ਆ, ਹੈ ਤਾਂ ਤੇਰਾ ਭਰਾ ਪਰ ਬਹੁਤ ਦੂਰ ਦਾ, ਅੱਜਕੱਲ ਤਾਂ ਸਕੇ ਭਰਾ ਵੀ ਸਕੇ ਨਹੀਂ ਰਹਿੰਦੇ, ਏਹਦੇ ਤੋਂ ਤੈਨੂੰ ਜ਼ਰਾ ਬਚ ਕੇ ਰਹਿਣ ਦੀ ਲੋੜ ਆ।"

"ਅੱਛਾ!"

ਅਰਵਿੰਦ ਨੂੰ ਜ਼ਰਾ ਕੁ ਹੈਰਾਨੀ ਹੋਈ ਕਿ ਗੱਲ ਕਿਧਰ ਨੂੰ ਜਾ ਰਿਹਾ ਸੀ। ਇਹ ਠੀਕ ਸੀ ਕਿ ਸੁਖਦੇਵ ਉਸ ਦਾ ਸਕਾ ਭਰਾ ਨਹੀਂ ਸੀ ਪਰ ਸਕਿਆਂ ਵਾਂਗ ਹੀ ਵਰਤਦਾ ਆਇਆ ਸੀ। ਜਦ ਉਸ ਦੇ ਬਾਪੂ ਜੀ ਪਿੰਡ ਹੁੰਦੇ ਸਨ ਤਾਂ ਉਹਨਾਂ ਦੀ ਪੂਰੀ ਸੰਭਾਲ ਕਰਦਾ ਸੀ। ਉਥੇ ਇੰਗਲੈਂਡ ਨੂੰ ਫੋਨ ਕਰਕੇ ਵੀ ਬਾਪੂ ਜੀ ਦੀ ਰਾਜ਼ੀ ਖੁਸ਼ੀ ਪੁੱਛਦਾ ਰਹਿੰਦਾ ਸੀ। ਇਥੇ ਆਉਣ ਤੋਂ ਪਹਿਲਾਂ ਅਰਵਿੰਦ ਇਹੋ ਸੋਚਦਾ ਸੀ ਕਿ ਉਹ ਫਗਵਾੜੇ ਦੇ ਕਿਸੇ ਹੋਟਲ ਵਿਚ ਰਹਿ ਲਵੇਗਾ ਤੇ ਉਥੋਂ ਹੀ ਪਿੰਡ ਜਾ ਕੇ ਆਪਣੇ ਕੰਮ ਕਰ ਆਇਆ ਕਰੇਗਾ ਪਰ ਸੁਖਦੇਵ ਨਹੀਂ ਸੀ ਮੰਨਿਆਂ ਤੇ ਉਸ ਨੂੰ ਪਿੰਡ ਆ ਕੇ ਆਪਣੇ ਨਾਲ ਰਹਿਣ ਲਈ ਮਜਬੂਰ ਕਰ ਦਿਤਾ ਸੀ। ਸੁਖਦੇਵ ਦੀ ਕਿਸੇ ਵੀ ਗੱਲ ਵਿਚੋਂ ਅਰਵਿੰਦ ਨੂੰ ਕੋਈ ਖਤਰਾ ਨਹੀਂ ਸੀ ਦਿਸ ਰਿਹਾ ਪਰ ਇਹ ਲੋਕ ਕੁਝ ਹੋਰ ਹੀ ਕਹਿ ਰਹੇ ਸਨ। ਉਸ ਨੇ ਆਪਣੇ ਕੰਨ ਪੂਰੀ ਤਰ੍ਹਾਂ ਉਹਨਾਂ ਵਲ ਕਰ ਲਏ। ਕੇਵਲ ਫਿਰ ਬੋਲਿਆ,

"ਅੱਜਕੱਲ ਵਲੈਤੀਆਂ ਦੀਆਂ ਜ਼ਮੀਨਾਂ ਤੇ ਘਰਾਂ 'ਤੇ ਕਬਜ਼ੇ ਬਹੁਤ ਹੁੰਦੇ ਆ। ਸਾਡੇ ਬਾੜੇ ਦੇ ਨਾਲ ਦਾ ਤੌੜ ਸੀ ਫੀਜੀ ਵਾਲੇ ਮੋਤਾ ਸੂੰਹ ਦਾ ਤੇ ਦੇਸੂ ਅਮਲੀ ਦੇ ਮੁੰਡਿਆਂ ਨੇ ਉਥੇ ਬਗਲ਼ ਕਰ ਲਿਆ। ਬਸ, ਹੋ ਗਿਆ ਕਬਜ਼ਾ। ਅਗਲਾ ਆਊਗਾ ਤਾਂ ਦੇਖੀ ਜਾਵੇਗੀ। ...ਮੈਨੂੰ ਅੰਦਰਲੀ ਖਬਰ ਮਿਲੀ ਆ ਕਿ ਤੁਹਾਡੇ ਘਰ ਉਪਰ ਸੁਖਦੇਵ ਕਬਜ਼ਾ ਕਰਨ ਨੂੰ ਫਿਰਦਾ।"

"ਭਾ, ਉਹ ਘਰ ਕਾਹਦਾ ਐ, ਢਹਿਆ ਪਿਐ, ਹੁਣ ਤਾਂ ਖੋਲ਼ਾ ਹੀ ਸਮਝ।"

"ਏਹੀ ਤਾਂ ਗੱਲ ਤੈਨੂੰ ਸਮਝਾਉਣੀ ਆਂ ਬਈ ਅੱਜਕੱਲ ਥਾਵਾਂ ਦੀਆਂ ਕੀਮਤਾਂ ਬਹੁਤ ਆ, ਲੱਖ ਰੁਪਏ ਮਰ਼ਲਾ, ਵੀਹ ਮਰਲੇ ਥਾਂ ਆ ਤੁਹਾਡਾ, ਵੀਹ ਲੱਖ ਦਾ ਹੋਇਆ, ਏਹਨੂੰ ਹੋਰ ਕੀ ਚਾਹੀਦਾ! ਸਾਰਾ ਸਮਾਨ ਤੁਹਾਡੇ ਘਰ ਦਾ ਉਹ ਚੁੱਕ ਕੇ ਲੈ ਗਏ। ...ਦੋਨੋਂ ਪਿਓ-ਪੁੱਤ ਕੰਮ ਤਾਂ ਕੋਈ ਕਰਦੇ ਨਹੀਂ, ਬਸ, ਸਾਰਾ ਦਿਨ ਮੰਜੇ ਤੋੜਦੇ ਆ ਤੇ ਏਦਾਂ ਦੀਆਂ ਵਿਓਂਤਾਂ ਲੜਾਈ ਜਾਂਦੇ ਆ।"

ਕੇਵਲ ਤੋਂ ਬਾਅਦ ਜੀਤੀ ਭਾਬੀ ਬੋਲੀ,

"ਜ਼ਮੀਨ ਵੀ ਤੁਹਾਡੀ ਫਿਰੌਤਾ ਸੂੰਹ ਕੋਲ਼ ਆ ਪਰ ਗਿਰਦੌਰੀ ਸੁਖਦੇਵ ਦੇ ਨਾਂ ਹੁੰਦੀ ਆ, ਇਹ ਜ਼ਮੀਨ 'ਤੇ ਵੀ ਕਬਜ਼ੇ ਦੀ ਤਿਆਰੀ ਵਿਚ ਆ।"

ਅਰਵਿੰਦ ਚੁੱਪ ਸੀ। ਉਸ ਨੂੰ ਸਮਝ ਹੀ ਨਹੀਂ ਆ ਰਹੀ ਸੀ ਕਿ ਕੀ ਬੋਲੇ, ਕੀ ਕਹੇ। ਉਹ ਗੋਰਿਆ ਵਾਲੀ ਸੋਚ ਨਾਲ ਸੋਚਣ ਲੱਗਿਆ ਕਿ ਆਪ ਚੁੱਪ ਰਹੋ ਤੇ ਅਗਲੇ ਨੂੰ ਉਧੜਨ ਦਿਓ। ਕੇਵਲ ਨੇ ਇਕ ਪੈੱਗ ਹੋਰ ਪੀਤਾ ਤੇ ਆਖਣ ਲੱਗਿਆ,

"ਦੇਖ ਛੋਟੇ ਭਾਈ, ਤੂੰ ਤਾਂ ਸਾਨੂੰ ਬਚਪੱਨ ਤੋਂ ਹੀ ਜਾਣਦਾਂ, ਆਪਣੀ ਟੱਬਰਾਂ ਦੀ ਸਾਂਝ ਰਹੀ ਆ। ਆਪਣੀਆਂ ਦੋਨਾਂ ਦੀਆਂ ਦਾਦੀਆਂ ਇਕੋ ਪਿੰਡੋਂ ਆਂ, ...ਅਸੀਂ ਤੇਰੇ ਤੋਂ ਕਿਤੇ ਨਹੀਂ ਭੱਜਣ ਲੱਗੇ, ਤੂੰ ਆਪਣੇ ਖੇਤਾਂ ਦੀ ਸੰਭਾਲ ਮੈਨੂੰ ਦੇ ਜਾਹ, ਸੇਫ ਰਹਿਣਗੇ। ਠੇਕਾ ਤੇਰੇ ਬੈਂਕ ਵਿਚ ਜਾਊ ਸਿੱਧਾ। ਤੇਰੇ ਘਰ ਵੀ ਅਸੀਂ ਪਸ਼ੂ ਬੰਨਣ ਲੱਗ ਪੈਨੇ ਆਂ, ਨਜਾਇਜ਼ ਕਬਜ਼ੇ ਤੋਂ ਬਚਿਆ ਰਹੂ।"

## ਅੱਠ

ਸਵੇਰੇ ਜਦ ਉਹ ਉਠਿਆ ਤਾਂ ਉਸੇ ਵੇਲੇ ਅਜ਼ਾਨ ਦੀ ਅਵਾਜ਼ ਉਸ ਦੇ ਕੰਨਾਂ ਵਿਚ ਪੈਣ ਲੱਗੀ। ਗੁਰਦਵਾਰੇ ਤੇ ਮੰਦਿਰ ਦੇ ਸਪੀਕਰ ਤਾਂ ਹਰ ਸਵੇਰ ਵਜਦੇ ਸੁਣਦੇ ਹੀ ਸਨ ਪਰ ਅਜ਼ਾਨ ਉਸ ਨੇ ਪਹਿਲੀ ਵਾਰ ਸੁਣੀ ਸੀ। ਇਕ ਪਲ ਲਈ ਉਸਨੇ ਸੋਚਿਆ ਕਿ ਕਿਤੇ ਕੋਈ ਸੁਫਨਾ ਹੀ ਤਾਂ ਨਹੀਂ ਦੇਖ ਰਿਹਾ। ਉਸ ਦੇ ਪਿੰਡ ਵਿਚ ਅਜ਼ਾਨ ਕੌਣ ਪੜ੍ਹੇਗਾ। ਇਥੋਂ ਤਾਂ ਮੁਸਲਮਾਨਾਂ ਨੂੰ ਗਿਆਂ ਪੈਂਹਟ ਸਾਲ ਹੋ ਗਏ ਸਨ। ਮਸੀਤ ਵੀ ਹੁਣ ਤਕ ਢਹਿ ਚੁੱਕੀ ਸੀ। ਉਸ ਦੀਆਂ ਇੱਟਾਂ ਵੀ ਲੋਕ ਚੁੱਕ ਕੇ ਲੈ ਗਏ ਸਨ। ਉਸ ਨੇ ਸੋਚਿਆ ਕਿ ਸ਼ਾਇਦ ਕਿਸੇ ਨੇ ਟੇਪ ਚਲਾਈ ਹੋਵੇ। ਲਵਲੀਨ ਉਸ ਦੇ ਕਮਰੇ ਵਿਚ ਹੀ ਸੁੱਤਾ ਪਿਆ ਸੀ। ਉਸ ਦਾ ਦਿਲ ਕਰੇ ਕਿ ਉਸ ਨੂੰ ਜਗਾ ਕੇ ਪੁੱਛੇ। ਕੁਝ ਦੇਰ ਬਾਅਦ ਸੁਖਦੇਵ ਵੀ ਉਠ ਖੜਾ ਹੋਇਆ। ਉਸ ਨੇ ਬਾੜੇ ਜਾ ਕੇ ਪਸ਼ੂਆਂ ਨੂੰ ਸੰਭਾਲਣਾ ਹੁੰਦਾ, ਧਾਰਾਂ ਚੋਣੀਆਂ ਹੁੰਦੀਆਂ। ਉਸ ਦੀ ਪਤਨੀ ਚਾਹ ਬਣਾ ਲਿਆਈ। ਅਰਵਿੰਦ ਨੇ ਸੁਖਦੇਵ ਨੂੰ ਪੁੱਛਿਆ,

"ਆਪਣੇ ਪਿੰਡ ਤਾਂ ਮਰਾਸੀਆਂ ਦਾ ਇਕੋ ਘਰ ਸੀ, ਮਸੀਤ ਵੀ ਢਹਿ-ਢੁਆ ਗਈ ਸੀ, ਫੇਰ ਇਹ ਅਜ਼ਾਨ ਕਿਥੋਂ?"

"ਮਸੀਤ ਰਿਪੇਅਰ ਕਰਾ ਲਈ ਸੀ, ਇਕ ਮੌਲਵੀ ਵੀ ਹੈਗਾ। ਮਲੇਰ ਕੋਟਲੇ ਦੇ ਵਕਫ ਬੋਰਡ ਨੇ ਕੀਤਾ ਇਹ ਸਭ।"

"ਉਹ ਤਾਂ ਸਭ ਠੀਕ ਐ ਪਰ ਮੁਸਲਮਾਨ ਹੋਣਗੇ ਤਾਂ ਹੀ ਮੌਲਵੀ ਤੇ ਮਸੀਤ ਕੰਮ ਦੇ ਹੋਣਗੇ।"

"ਮਸੀਤ ਜੋਗੇ ਮੁਸਲਮਾਨ ਹੈਗੇ, ਗੁੱਜਰ ਆ ਬੈਠੇ ਪਿੰਡ ਦੇ ਲਹਿੰਦੇ ਵਲ। ਆਹ ਸਾਲ਼ੇ ਲੀਡਰਾਂ ਨੇ ਉਹਨਾਂ ਦੀਆਂ ਵੋਟਾਂ ਬਣਾ ਦਿੱਤੀਆਂ, ਏਦਾਂ ਹੀ ਵੋਟਾਂ ਦੀ ਖਾਤਰ ਮਸੀਤ ਚਲਦੀ ਕਰ ਦਿੱਤੀ। ਆਹ ਤਾਂ ਕਈ ਦਿਨਾਂ ਦਾ ਇਹਨਾਂ ਦਾ ਸਪੀਕਰ ਖਰਾਬ ਸੀ, ਅੱਜ ਠੀਕ ਹੋ ਗਿਆ ਹੋਣਾਂ।"

"ਯੂ ਨੋਅ, ਇਹ ਵਧੀਆ ਹੋ ਗਿਆ। ਪਾਕਿਸਤਾਨ ਬਣਨ ਤੋਂ ਬਾਅਦ ਏਸ ਧਰਮ ਦੀ ਅਣਹੋਂਦ ਰੜਕਦੀ ਸੀ।"

"ਚੱਲ ਉਹ ਤਾਂ ਠੀਕ ਆ ਪਰ ਆਹ ਸਾਲ਼ਾ ਸਵੇਰੇ-ਸ਼ਾਮ ਦਾ ਪਲੂਸ਼ਨ ਹੋਰ ਵਧ ਗਿਆ, ਅੱਗੇ ਤਾਂ ਆਹ ਮੰਦਿਰ-ਗੁਰਦਵਾਰੇ ਹੀ ਬੱਚਿਆਂ ਦੀ ਪੜ੍ਹਾਈ ਵਿਚ ਵਿਘਨ ਬਣਦੇ ਸੀ ਹੁਣ ਮਸੀਤ ਵੀ ਬਣਨ ਲੱਗ ਪਈ।"

ਦੁਖੀ ਹੋਇਆ ਸੁਖਦੇਵ ਦੱਸ ਰਿਹਾ ਸੀ। ਉਹ ਬਾੜੇ ਨੂੰ ਚਲੇ ਗਿਆ ਤੇ ਅਰਵਿੰਦ ਆਪਣੇ ਕੰਪਿਊਟਰ ਵਿਚ ਗਵਾਚ ਗਿਆ।

ਲਵਲੀਨ ਉਠਿਆ ਤੇ ਤਿਆਰ ਹੋਣ ਲੱਗਿਆ। ਉਸ ਨੇ ਆਪਣੇ ਕਾਲਜ ਜਾਣਾ ਸੀ। ਅਰਵਿੰਦ ਨੇ ਅੱਜ ਫਿਰੌਤਾ ਸਿੰਘ ਨੂੰ ਮਿਲ ਕੇ ਠੇਕੇ ਦਾ ਹਿਸਾਬ-ਕਿਤਾਬ ਕਰਨਾ ਸੀ। ਇਕ ਗੇੜਾ ਖੇਤਾਂ ਦਾ ਵੀ ਮਾਰਨਾ ਸੀ। ਗੁਪਾਲੇ ਦਾ ਦੋ ਵਾਰ ਫੋਨ ਆ ਚੁੱਕਿਆ ਸੀ। ਅਰਵਿੰਦ ਉਸ ਨੂੰ ਹਰ ਵਾਰ 'ਕੱਲ ਚੱਲਾਂਗੇ' ਕਹਿ ਦਿੰਦਾ। ਸ਼ਾਹ ਵੇਲਾ ਹੋਇਆ ਤਾਂ ਬਲਕਾਰ ਆਪ ਹੀ ਉਸ ਨੂੰ ਮਿਲਣ ਆ ਗਿਆ। ਬਾਪੂ ਜੀ ਦਾ ਅਫਸੋਸ ਕਰਕੇ ਉਸ ਦੇ ਪ੍ਰੋਗਰਾਮ ਬਾਰੇ ਪੁੱਛਣ ਲੱਗ ਪਿਆ। ਅਰਵਿੰਦ ਨੇ ਕਿਹਾ,

"ਯੂ ਨੋਅ, ਇਥੋਂ ਮੈਂ ਹੁਸ਼ਿਆਰਪੁਰ ਜਾਣਾ ਤੇ ਬਾਕੀ ਉਥੇ ਜਾ ਕੇ। ਬਸ ਤੂੰ ਗੁਪਾਲੇ ਨੂੰ ਹਰ ਵੇਲੇ ਤਿਆਰ ਰਹਿਣ ਨੂੰ ਕਹਿ ਦੇ।"

"ਗੱਲ ਏਦਾਂ ਭਾਜੀ, ਜੇ ਤੁਸੀਂ ਅੱਜ ਕਿਤੇ ਨਹੀਂ ਜਾਣਾ ਤਾਂ ਮੈਂ ਉਹਨੂੰ ਕਿਸੇ ਜ਼ਰੂਰੀ ਕੰਮ ਜਲੰਧਰ ਭੇਜਣਾਂ।"

"ਭੇਜ ਦੇਹ। ਅੱਜ ਮੈਂ ਪਿੰਡ ਹੀ ਰਹਿਣਾ।"

ਬਲਕਾਰ ਨੇ ਫੋਨ ਉਪਰ ਹੀ ਗੁਪਾਲੇ ਨੂੰ ਉਸ ਦਾ ਕੰਮ ਸਮਝਾ ਦਿਤਾ। ਉਹ ਕੁਝ ਦੇਰ ਬੈਠਾ ਏਧਰ-ਓਧਰ ਦੀਆਂ ਗੱਲਾਂ ਕਰਦਾ ਰਿਹਾ ਤੇ ਫਿਰ ਚਲੇ ਗਿਆ। ਸੁਖਦੇਵ ਨੇ ਆਖਿਆ,

"ਨਾਸ਼ਤਾ ਕਰਕੇ ਆਪਾਂ ਖੇਤਾਂ ਦਾ ਗੇੜਾ ਮਾਰ ਆਈਏ, ਫਿਰੌਤੇ ਨੇ ਵੀ ਓਥੇ ਹੀ ਮਿਲ ਪੈਣਾਂ। ਮੈਂ ਉਹਨੂੰ ਫੋਨ ਕਰ ਦਿੰਨਾਂ।"

"ਯੂ ਨੋਅ, ਉਹਨੂੰ ਕਹਿ ਕਿ ਕੁਝ ਪੈਸੇ ਦੇਵੇ। ਹੁਣ ਤਾਂ ਤਿੰਨ ਸਾਲ ਦਾ ਹਾਲ਼ਾ ਹੋਣ ਲੱਗਿਆ ਓਹਦੇ ਵੱਲ।"

"ਛੋਟੇ ਭਾਈ, ਤੂੰ ਹੀ ਜ਼ਰਾ ਸਖਤੀ ਨਾਲ ਗੱਲ ਕਰੀਂ, ਇਹ ਜੱਟ ਸਾਲ਼ੇ ਬਹੁਤ ਮਚਲੇ ਹੁੰਦੇ ਆ।"

"ਚੱਲ ਦੇਖਦੇ ਆਂ।"

ਅਰਵਿੰਦ ਨੇ ਆਖਿਆ ਤੇ ਉਹ ਨਾਸ਼ਤਾ ਕਰਨ ਲੱਗ ਪਏ। ਨਾਸ਼ਤੇ ਨਾਲ ਹੀ ਮਖਣੀ ਦੀ ਭਰੀ ਇਕ ਕੌਲੀ ਵੀ ਸੀ। ਮਖਣੀ ਉਹ ਬਹੁਤ ਦੇਰ ਬਾਅਦ ਖਾ ਰਿਹਾ ਸੀ। ਸੁਖਦੇਵ ਨੇ ਪੁੱਛਿਆ,

"ਰਾਤੀਂ ਫੌਜੀ-ਫੌਜਣ ਬਹੁਤ ਦਿਆਲ ਹੋਏ ਫਿਰਦੇ ਸੀ, ਕੀ ਕਹਾਣੀ ਸੀ?"

"ਕਹਿੰਦੇ ਸੀ ਕਿ ਸੁਖਦੇਵ ਨੇ ਤੇਰੀ ਜ਼ਮੀਨ ਤੇ ਘਰ 'ਤੇ ਕਬਜ਼ਾ ਕਰ ਲੈਣਾ, ਇਹ ਕਬਜ਼ਾ ਸਾਨੂੰ ਕਰ ਲੈਣ ਦੇ।"

ਗੱਲ ਸੁਣ ਕੇ ਸੁਖਦੇਵ ਖੁਲ੍ਹ ਕੇ ਹੱਸਿਆ। ਅਰਵਿੰਦ ਵੀ ਕਿੰਨੀ ਦੇਰ ਤਕ ਹੱਸਦਾ ਰਿਹਾ। ਉਸ ਨੇ ਫਿਰ ਕਿਹਾ,

"ਕਹਿੰਦੇ ਹੁੰਦੇ ਆ ਕਿ ਪਿੰਡਾਂ ਵਿਚ ਰੱਬ ਵਸਦਾ ਪਰ ਏਥੇ ਤਾਂ ਸ਼ੈਤਾਨ ਵਸਦੇ ਆ।"

"ਛੋਟੇ ਭਾਈ, ਬੰਦੇ ਦਾ ਲਾਲਚ! ਕਹਾਣਾ ਸੁਣਾਉਂਦੇ ਹੁੰਦੇ ਆ ਨਾ ਕਿ ਰੱਬ ਤੇ ਸ਼ੈਤਾਨ ਇਕੱਠੇ ਰਹਿੰਦੇ ਸੀ। ਰੱਬ ਕਹਿਣ ਲਗਿਆ ਕਿ ਮੈਂ ਇਨਸਾਨ ਬਣਾਉਣ ਲੱਗਿਆਂ ਪਰ ਬਿਲਕੁਲ ਆਪਣੇ ਵਰਗਾ ਬਣਾਉਣਾ। ਸ਼ੈਤਾਨ ਕਹਿੰਦਾ ਕਿ ਏਹਨੂੰ ਤੂੰ ਮੇਰੇ ਵਰਗਾ ਬਣਾ। ਰੱਬ ਨੇ ਉਹਦੀ ਗੱਲ ਨਾ ਸੁਣੀ ਤੇ ਆਪਣੇ ਵਰਗਾ ਬੰਦਾ ਬਣਾ ਲਿਆ। ਰਾਤ ਨੂੰ ਸ਼ੈਤਾਨ ਚੋਰੀ ਦੇਣੀ ਆਇਆ ਤੇ ਉਹਨੂੰ ਢਿੱਡ ਲਾ ਗਿਆ ਕਿ ਇਨਸਾਨ ਢਿੱਡ ਭਰਨ ਦੀ ਖਾਤਰ ਆਪੇ ਸ਼ੈਤਾਨੀਆਂ ਕਰਦਾ ਫਿਰੇਗਾ।"

"ਪਰ ਫੌਜੀ ਨੂੰ ਹੁਣ ਕਾਹਦਾ ਲਾਲਚ? ਕੁੜੀ ਕਨੇਡਾ ਚਲੇ ਗਈ ਤੇ ਮੁੰਡੇ ਨੇ ਅਸਟ੍ਰੇਲੀਆ ਪੱਕਾ ਹੋ ਹੀ ਜਾਣਾਂ।"

"ਕਰਜ਼ਾ ਬਹੁਤ ਆ ਸਿਰ। ਕਨੇਡੇ ਖਾਤਰ ਕੁੜੀ ਦਾ ਵਿਆਹ ਬਹੁਤ ਕਰਨਾ ਪਿਆ, ਸਾਰਾ ਕਰਜ਼ਾ ਹੀ ਲਿਆ। ਮੁੰਡੇ ਨੂੰ ਵੀ ਪੈਸੇ ਚੁੱਕ ਕੇ ਹੀ ਬਾਹਰ ਭੇਜਿਆ। ਹੁਣ ਕਨੇਡੇ ਵਾਲੇ ਏਹਦੇ ਕੁੜਮ ਆਉਂਦੇ ਆ ਤਾਂ ਏਹਨਾਂ ਦਾ ਲੋਹੜੇ ਦਾ ਖਰਚ ਕਰਾ ਜਾਂਦੇ ਆ ਤੇ ਉਤੋਂ ਉਹਨਾਂ ਨੇ ਏਹਨਾਂ ਨੂੰ ਬਾਹਰ ਸੱਦਣ ਤੋਂ ਸਿਰ ਫੇਰ ਦਿਤਾ।"

ਸੁਖਦੇਵ ਨੇ ਦੱਸਿਆ। ਸੁਖਦੇਵ ਨੂੰ ਅਰਵਿੰਦ ਤੋਂ ਹੋਰ ਕੋਈ ਆਸ ਨਹੀਂ ਸੀ, ਉਹ ਚਾਹੁੰਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਅਰਵਿੰਦ ਉਸ ਦੇ ਮੁੰਡੇ ਨੂੰ ਬਾਹਰ ਕੱਢ ਲਵੇ। ਇਸ ਬਾਰੇ ਪਹਿਲਾਂ ਉਹਨਾਂ ਵਿਚਕਾਰ ਗੱਲ ਹੋਈ ਵੀ ਸੀ। ਅਰਵਿੰਦ ਨੇ ਕਹਿ ਦਿਤਾ ਸੀ ਕਿ ਇੰਗਲੈਂਡ ਗਏ ਲਵਲੀਨ ਨੂੰ ਉਹ ਸੰਭਾਲ ਲਵੇਗਾ ਪਰ ਮੁੰਡੇ ਨੂੰ ਇੰਗਲੈਂਡ ਉਪੜਦਾ ਕਰਨ ਦਾ ਤਰੀਕਾ ਉਹਦੇ ਕੋਲ ਨਹੀਂ ਸੀ।

ਨਾਸ਼ਤਾ ਕਰਕੇ ਸੁਖਦੇਵ ਨੇ ਸਕੂਟਰ ਬਾਹਰ ਕੱਢਿਆ ਤੇ ਉਹ ਖੇਤਾਂ ਨੂੰ ਚੱਲ ਪਏ। ਦੋਵਾਂ ਘਰਾਂ ਦੀ ਜ਼ਮੀਨ ਨਾਲ-ਨਾਲ ਹੀ ਲੱਗਦੀ ਸੀ। ਖੇਤਾਂ ਵਿਚ ਆਦਮੀ ਲੁਕਣ ਜੋਗੀ ਕਮਾਦੀ ਦੇਖ ਕੇ ਅਰਵਿੰਦ ਨੂੰ ਜ਼ਰਾ ਕੁ ਹੈਰਾਨੀ ਹੋਈ। ਕਦੇ ਇਹ ਖੇਤ ਕੱਲਰ ਹੋਇਆ ਕਰਦੇ ਸਨ ਪਰ ਹੁਣ ਵਧੀਆ ਜ਼ਮੀਨ ਬਣ ਚੁੱਕੀ ਸੀ। ਸਭ ਜਿਪਸਮ ਦੀ ਬਦੌਲਤ ਸੀ। ਫਿਰੌਤਾ ਉਥੇ ਨਾ ਦਿਸਿਆ। ਉਸ ਨੂੰ ਫੋਨ ਕੀਤਾ ਤਾਂ ਉਹ ਹਾਲੇ ਪਿੰਡ ਵਿਚ ਹੀ ਕਿਤੇ ਫਸਿਆ ਹੋਇਆ ਸੀ। ਉਸ ਨੇ ਸ਼ਾਮ ਨੂੰ ਆਉਣ ਦਾ 'ਤੇ ਕੁਝ ਪੈਸੇ ਦੇਣ ਦਾ ਵਾਅਦਾ ਵੀ ਕਰ ਲਿਆ। ਉਹ ਖੇਤਾਂ ਦੇ ਬੰਨੇ ਬੰਨੇ ਤੁਰਨ ਲੱਗੇ। ਬੰਨਾ ਖੱਬਲ ਨਾਲ ਭਰਿਆ ਪਿਆ ਸੀ। ਕਿਤੇ ਕਿਤੇ ਇਟਸਿਟ ਵੀ ਨਜ਼ਰ ਆ ਰਹੀ ਸੀ। ਨਜ਼ਾਰਾ ਦੇਖਦਿਆਂ ਅਰਵਿੰਦ ਨੂੰ ਬਚਪੱਨ ਯਾਦ ਆ ਰਿਹਾ ਸੀ। ਉਸ ਨੇ ਕਿਹਾ,

"ਝੋਨਾ ਬਹੁਤ ਸੁਹਣਾ ਖੜਾ, ਕਮਾਦੀ ਵੀ ਵਧੀਐ।"

"ਝੋਨੇ ਨੂੰ ਹੱਥ ਫੇਰਨ ਵਾਲਾ। ਡੀਲਾ ਬਹੁਤ ਹੋ ਗਿਆ। ਓਦਾਂ ਤਾਂ ਹੁਣ ਸਾਰੀ ਹੀ ਫਸਲ ਹੁੰਦੀ ਆ। ਗੁਆਰਾ, ਚਰੀ, ਜੁਆਰ, ਬਾਜਰਾ, ਅਰਹਰ, ਗੱਲ ਕੀ ਜੋ ਹੁਣ ਮਰਜ਼ੀ ਬੀਜ ਲਓ ਪਰ ਜੱਟ ਅੱਜਕੱਲ ਤਿੰਨ ਤਿੰਨ ਫਸਲਾਂ ਲੈਣ ਵਿਚ ਲੱਗੇ ਹੋਏ ਆ। ਏਦਾਂ ਜ਼ਮੀਨ ਕਮਜ਼ੋਰ ਪੈ ਗਈ ਆ।"

"ਅੱਗੇ ਕਹਿੰਦੇ ਹੁੰਦੇ ਸੀ ਕਿ ਫਸਲ ਨੂੰ ਕਾਂਗਿਆਰੀ ਮਾਰ ਜਾਂਦੀ ਐ।

"ਉਹਦੇ ਲਈ ਤਾਂ ਹੁਣ ਦਵਾਈਆਂ ਤੁਰ ਪਈਆਂ।"

"ਦਵਾਈਆਂ ਵੀ ਸੁਣੀਦੀਆਂ ਕਿ ਬਹੁਤ ਖਤਰਨਾਕ ਹੁੰਦੀਆਂ।"

"ਦਵਾਈਆਂ ਨੇ ਚੂਹੇ, ਸੱਪ ਤਾਂ ਮਾਰੇ ਹੀ ਨਾਲ ਦੀ ਨਾਲ ਪੰਛੀ ਵੀ ਬਹੁਤ ਮਰ ਗਏ। ਚਿੜੀਆਂ, ਸਾਰਖਾਂ ਤਾਂ ਹੁਣ ਦਿਸਦੀਆਂ ਹੀ ਨਹੀਂ।"

ਤੁਰਦੇ ਹੋਏ ਉਹ ਖੰਦਕ ਕੋਲ ਪੁੱਜ ਗਏ। ਇਥੇ ਉਹਨਾਂ ਜ਼ਮੀਨ ਖਤਮ ਹੋ ਜਾਂਦੀ ਸੀ। ਫਿਰ ਉਹ ਆਪਣੇ ਢੱਠੇ ਹੋਏ ਕੋਠੇ ਕੋਲ ਆ ਗਏ। ਕਿਸੇ ਵੇਲੇ ਇਥੇ ਅਰਵਿੰਦ ਨੇ ਆਪਣੇ ਹੱਥੀਂ ਟਿਊਬਲ ਲਗਵਾਇਆ ਸੀ। ਟਿਊਵਲ ਦੇ ਪਾਣੀ ਡਿਗਣ ਲਈ ਬਹੁਤ ਸੁਹਣਾ ਚਲ੍ਹਾ ਬਣਾਇਆ ਸੀ ਤਾਂ ਜੋ ਨਹਾਉਣ ਦਾ ਅਨੰਦ ਰਹੇ। ਚਲ੍ਹੇ ਦੇ ਨਾਲ ਹੀ ਨਿਕੀ ਜਿਹੀ ਚੁਬੱਚੀ ਵੀ ਬਣਾਈ ਸੀ ਪਰ ਹੁਣ ਸਭ ਕੁਝ ਢਹਿ ਚੁੱਕਿਆ ਸੀ। ਕੋਠੇ ਦੇ ਤਖਤੇ ਕੀ, ਲੋਕ ਚੁਗਾਠ ਵੀ ਲਾਹ ਕੇ ਲੈ ਗਏ ਸਨ। ਪਾਣੀ ਉਤਰ ਜਾਣ ਕਾਰਨ ਟਿਊਵਲ ਨਿਕੰਮਾ ਹੋ ਚੁੱਕਿਆ ਸੀ। ਕਿਸੇ ਨੇ ਨਾਲ੍ਹਾਂ ਵੀ ਕੱਢ ਲਈਆਂ ਸਨ। ਇਹ ਕਾਰਨਾਮਾ ਤਾਂ ਉਸ ਦੇ ਬਾਪੂ ਜੀ ਦੇ ਹੁੰਦਿਆਂ ਹੀ ਹੋ ਚੁੱਕਿਆ ਸੀ ਇਸ ਲਈ ਬਹੁਤਾ ਮਨ ਖਰਾਬ ਨਾ ਹੋਇਆ। ਇਥੋਂ ਬੱਟੋ-ਬੱਟ ਹੁੰਦੇ ਉਹ ਵਾਪਸ ਮੁੜ ਪਏ। ਇਕ ਕਮਾਦੀ-ਕੁੱਕੜ ਉਹਨਾਂ ਦੇ ਮੂਹਰ ਦੀ ਨਿਕਲ ਕੇ ਕਮਾਦ ਵਿਚ ਜਾ ਲੁਕਿਆ। ਇਕ ਗੰਨੇ ਨੂੰ ਹੱਥ ਪਾਉਂਦਿਆਂ ਅਰਵਿੰਦ ਨੇ ਪੁੱਛਿਆ,

"ਯੂ ਨੋਅ, ਗੰਨੇ ਚੂਪਣ ਵਾਲੇ ਹੋ ਗਏ ਹੋਣਗੇ?"

"ਨਹੀਂ ਹਾਲੇ ਨਹੀਂ, ਇਕਾਰਸ਼ੀ ਨੂੰ ਜਾ ਕੇ ਗੰਨਾ ਨਵਾਂ ਕਰੀਦਾ।"

ਸੁਖਦੇਵ ਨੇ ਜਵਾਬ ਦਿਤਾ ਤੇ ਫਿਰ ਇਕ ਦਮ ਚੁੱਪ ਜਿਹਾ ਕਰ ਗਿਆ। ਅਰਵਿੰਦ ਉਸ ਵਲ ਦੇਖਣ ਲੱਗਿਆ। ਉਹ ਸਮਝ ਗਿਆ ਕਿ ਜ਼ਰੂਰ ਸੁਖਦੇਵ ਕੋਈ ਖਾਸ ਗੱਲ ਕਰਨੀ ਚਾਹ ਰਿਹਾ ਸੀ। ਕੁਝ ਦੇਰ ਬਾਅਦ ਸੁਖਦੇਵ ਨੇ ਆਖਿਆ,

"ਮੈਂ ਦੇਖਿਆ, ਲਵਲੀਨ ਤੇਰੇ ਨਾਲ ਵਾਹਵਾ ਖੁਲ੍ਹ ਕੇ ਗੱਲ ਕਰਦਾ।"

"ਯੂ ਨੋਅ, ਮੈਨੂੰ ਨਿਆਣਿਆਂ ਨਾਲ ਗੱਲ ਕਰਨ ਦਾ ਢੱਬ ਆਉਂਦੈ। ...ਆਹ ਕੰਪਿਊਟਰ ਹੁਣ ਸਾਡੀ ਨਵੀਂ ਸਾਂਝ ਐ।"

"ਮੈਨੂੰ ਤਾਂ ਏਸ ਡੱਬੇ ਜਿਹੇ ਦੀ ਸਮਝ ਹੀ ਨਹੀਂ ਲੱਗਦੀ।"

"ਯੂ ਨੋਅ, ਬਹੁਤਾ ਮੁਸ਼ਕਲ ਨਹੀਂ, ਕੈਲਕੁਲੇਟਰ ਚਲਾਉਣ ਕੁ ਜਿੰਨਾ ਹੀ ਕੰਮ ਐ, ਟਰਾਈ ਕਰਕੇ ਦੇਖੀਂ, ਸੌਖਾ ਹੀ ਕੰਮ ਐ। ਆਪਣੀ ਉਮਰ ਦੇ ਬਹੁਤੇ ਲੋਕ ਨਿਆਣਿਆਂ ਤੋਂ ਹੀ ਕੰਪਿਊਟਰ ਸਿਖਦੇ ਆ।"

"ਕੋਈ ਸਿਖਾਊ ਤਾਂ ਸਿਖੂੰ! ...ਇਹ ਨਿਆਣੇ ਸਾਨੂੰ ਤਾਂ ਸਮਝਦੇ ਹੀ ਕੁਝ ਨਹੀਂ। ...ਹੁਣ ਇਕ ਗੱਲ ਤੇਰੇ ਗੋਚਰੇ ਆ ਜੇ ਤੂੰ ਕਰ ਸਕੇਂ ਤਾਂ।"

"ਦੱਸ।"

"ਲਵਲੀਨ ਨੂੰ ਸਮਝਾ ਜੇ ਸਮਝਾ ਸਕਦਾਂ ਤਾਂ। ਮੈਂ ਗੁਜ਼ਾਰਾ ਚਲਾਉਣ ਲਈ ਸਾਰੀ ਉਮਰ ਲੋੜਾਂ ਘਟਾ ਕੇ ਕੱਢ ਦਿਤੀ ਪਰ ਇਹ ਏਸ ਗੱਲ ਨੂੰ ਸਮਝ ਹੀ ਨਹੀਂ ਰਿਹਾ। ਹੁਣ ਇਹ ਹੁਣ ਇਕੋ ਰਾਗ ਗਾਈ ਜਾਂਦਾ ਕਿ ਕਾਰ ਲੈਣੀ ਆਂ। ਅੱਗੇ ਮੈਂ ਏਹਨੂੰ ਆਹ ਮੋਟਰ ਸਾਈਕਲ ਮਸਾਂ ਲੈ ਕੇ ਦਿਤਾ, ਏਹਦੇ ਵਿਚ ਪਟਰੌਲ ਪੁਆਉਣ ਦੇ ਹੀ ਸੰਧੇ ਪਏ ਰਹਿੰਦੇ ਆ।"

"ਕਾਰ ਕੀ ਕਰਨੀ ਆਂ?"

"ਕਹਿੰਦਾ ਕਿ ਕਾਰ ਬਿਨਾਂ ਸਟੈਂਡਰਡ ਨਹੀਂ ਬਣਦਾ। ਮੈਂ ਬਹੁਤ ਕਿਹਾ ਕਿ ਨਾ ਤਾਂ ਮੇਰੀ ਕੋਈ ਆਮਦਨ ਆਂ ਤੇ ਨਾ ਹੀ ਮੇਰੇ ਕੋਲ ਬਹੁਤੀ ਜ਼ਮੀਨ ਆਂ, ਆਹ ਥੋੜੇ-ਬਹੁਤੇ ਹਾਲ਼ੇ ਨਾਲ ਕੰਮ ਚਲਾਈਦਾ ਜਾਂ ਥੋੜਾ ਬਹੁਤ ਦੁੱਧ ਪਾ ਕੇ, ਕਾਰ ਕਿਥੋਂ ਲੈ ਦੇਵਾਂ!"

ਗੱਲ ਮੁਕਾ ਕੇ ਉਹ ਬੰਨੇ ਬੰਨੇ ਤੁਰਦਾ ਗਿਆ। ਅਰਵਿੰਦ ਚੁੱਪ ਜਿਹੀ ਧਾਰੀ ਉਸ ਦੇ ਮਗਰੇ ਹੀ ਸੀ। ਉਹ ਸਕੂਟਰ ਕੋਲ ਪੁੱਜ ਗਏ। ਸੁਖਦੇਵ ਬੋਲਿਆ,

"ਕਹਿੰਦਾ ਜ਼ਮੀਨ ਵੇਚ ਦੇ ਪਰ ਕਾਰ ਜ਼ਰੂਰ ਲੈਣੀ ਆਂ।"

ਦੋ ਕੁ ਪਲ ਚੁੱਪ ਰਹਿ ਕੇ ਉਹ ਫਿਰ ਬੋਲਿਆ,

"ਅੱਜਕੱਲ ਦੇ ਇਹ ਮੁੰਡੇ ਬਹੁਤ ਤੰਗ ਕਰਦੇ ਆ। ...ਆਪਣੇ ਹੀ ਘਰਾਂ ਵਿਚੋਂ ਦਿਆਲਾ ਸੀ ਜਿਹਦੇ ਮੁੰਡੇ ਨੇ ਕੀੜਿਆਂ ਵਾਲੀ ਦਵਾਈ ਪੀ ਲਈ ਸੀ।"

"ਮੈਨੂੰ ਲੱਗਦਾ ਕਿ ਪਿਛਲੇ ਸਾਲ ਬਾਪੂ ਜੀ ਕੋਈ ਏਦਾਂ ਦੀ ਗੱਲ ਕਰਦੇ ਸੀ।"

"ਬਸ, ਓਸ ਮੁੰਡੇ ਦੀ ਵੀ ਏਦਾਂ ਦੀ ਕਹਾਣੀ ਹੀ ਸੀ, ਕਹਿੰਦਾ ਕਿ ਬੁਲਟ ਮੋਟਰ ਸਾਈਕਲ ਲੈਣਾ। ਉਹਨੇ ਲੈ ਦਿੱਤਾ। ਫੇਰ ਕਹਿੰਦਾ ਕਿ ਕਾਰ ਲੈਣੀ ਆਂ। ਉਹਦੇ ਵਿਚ ਗੁੰਜਾਇਸ਼ ਤਾਂ ਸੀ ਪਰ ਏਨੇ ਪੈਸੇ ਕਿਹੜਾ ਜੱਟ ਕੱਢ ਲਊ। ਉਹਨੇ ਨਾਂਹ ਕਰ ਦਿੱਤੀ, ਮੁੰਡੇ ਸੁਹਰੇ ਨੇ ਦਵਾਈ ਪੀ ਲਈ। ਹੁਣ ਤੀਵੀਂ-ਆਦਮੀ ਰੋਂਦੇ ਆ ਕਿਸਮਤ ਨੂੰ, ...ਤੂੰ ਸਮਝਾ ਯਾਰ ਕਿਸੇ ਤਰਾਂ!"

ਸੁਖਦੇਵ ਰੋਣ ਹਾਕਾ ਹੋਇਆ ਪਿਆ ਸੀ।...

ਦੁਪਿਹਰ ਦੀ ਰੋਟੀ ਖਾ ਰਹੇ ਸਨ ਕਿ ਬਿੱਕਰ ਸਿੰਘ ਆ ਗਿਆ। ਬਿੱਕਰ ਸਿੰਘ ਅਰਵਿੰਦ ਦੇ ਬਾਪੂ ਜੀ ਦਾ ਪੁਰਾਣਾ ਦੋਸਤ ਸੀ। ਜ਼ਰਾ ਕੁ ਬੜਬੋਲਾ ਸੀ ਪਰ ਬੰਦਾ ਚੰਗਾ ਸੀ। ਉਹ ਆਪਣੇ ਦੋਸਤ ਦਾ ਅਫਸੋਸ ਕਰਦਾ, ਉਸ ਨੂੰ ਚੇਤੇ ਕਰ ਰਿਹਾ ਸੀ। ਉਸ ਦੀਆ ਅੱਖਾਂ ਵੀ ਭਰ ਆਈਆਂ ਸਨ। ਉਹ ਬੋਲਿਆ,

"ਲੈ ਬਈ ਭਤੀਜ, ਤੇਰੇ ਡੈਡੇ ਦੀ ਮਾਸੀ ਵੀ ਬਾਹੋਆਲ ਹੁੰਦੀ ਸੀ ਤੇ ਮੇਰੀ ਭੂਆ ਓਥੇ ਵਿਆਹੀ ਸੀ, ਅਸੀਂ 'ਕੱਠਿਆਂ ਨੇ ਅੰਬ ਚੂਪਣ ਜਾਣਾਂ। ਉਦੋਂ ਵਾਂਹਡੀਂ ਜਾਣ ਦਾ ਬਹੁਤ ਰਿਵਾਜ ਹੁੰਦਾ ਸੀ। ਅਸੀਂ ਗਿਆਂ ਮਹੀਨਾ ਮਹੀਨਾ ਰਹਿ ਆਉਣਾਂ। ਹੁਣ ਤਾਂ ਪਹਿਲਾਂ ਜਿਹੇ ਪਿਆਰ ਹੀ ਨਹੀਂ ਰਹੇ।"

ਫਿਰ ਉਸ ਨੇ ਕਈ ਹੋਰ ਯਾਦਾਂ ਸਾਂਝੀਆਂ ਕਰ ਮਾਰੀਆਂ। ਫਿਰ ਕੁਝ ਯਾਦ ਆਉਣ ਵਾਂਗ ਪੁੱਛਣ ਲੱਗਿਆ,

"ਤੁਹਾਡੇ ਵੀ ਮੁਰਦੇ ਨੂੰ ਭੁੰਨੇ ਲਾਹ ਦਿੰਦੇ ਆ?"

ਅਰਵਿੰਦ ਨੂੰ ਇਕ ਮਿੰਟ ਲਈ ਤਾਂ ਭੁੰਨੇ ਲਾਹੁਣ ਦੇ ਅਰਥ ਹੀ ਸਮਝ ਨਾ ਲੱਗੇ। ਸੋਚਦਾ ਹੋਇਆ ਉਹ ਬੋਲਿਆ,

"ਨਹੀਂ, ਸਾਡੇ ਏਦਾਂ ਦਾ ਰਿਵਾਜ ਹੈ ਨਹੀਂ।"

"ਕਿੰਨੀ ਤਰੀਕ ਨੂੰ ਹੋਈ ਸੀ ਡੈੱਥ?"

ਬਿੱਕਰ ਸਿੰਘ ਨੇ ਤਫਤੀਸ਼ ਕਰਨ ਵਾਂਗ ਗੱਲ ਕੀਤੀ। ਅਰਵਿੰਦ ਨੇ ਜਵਾਬ ਦਿਤਾ,

"ਛੱਬੀ ਨੂੰ।"

"ਦਾਗ ਕੈਅ ਨੂੰ ਦਿੱਤੇ?"

"ਅਗਲੇ ਦੀ ਪੰਦਰਾਂ ਨੂੰ।"

"ਜਾਣੀ ਕਿ ਬੌਡੀ ਵੀਹ ਕੁ ਦਿਨ ਰੱਖ ਛੱਡੀ।"

"ਹਾਂ, ਏਨੇ ਕੁ ਦਿਨ ਤਾਂ ਲੱਗ ਹੀ ਜਾਂਦੇ ਆ ਪਰ ਬੌਡੀ ਨੂੰ ਮੌਰਚਰੀ ਵਿਚ ਰੱਖ ਲਿਆ ਜਾਂਦਾ।"

"ਏਦਾਂ ਦੀਆਂ ਮੌਰਚਰੀਆਂ ਆਮ ਬਣੀਆਂ ਹੋਈਆਂ ਕਿ ਕਿਤੇ ਕਿਤੇ ਈ ਆ?"

"ਯੂ ਨੋਅ, ਹਰੇਕ ਟਾਊਨ ਵਿਚ ਕਈ ਕਈ ਅੰਡਰਟੇਕਰ ਹੁੰਦੇ ਆ ਤੇ ਜਿਹੜੇ ਫਿਊਨਰਲ ਦਾ ਇੰਤਜ਼ਾਮ ਕਰਦੇ ਆ ਤੇ ਹਰ ਅੰਡਰਟੇਕਰ ਦਾ ਬੌਡੀ ਰੱਖਣ ਦਾ ਆਪਣਾ ਸਿਸਟਮ ਹੁੰਦਾ।"

"ਇਥੇ ਵੀ ਹੁਣ ਬਣ ਗਏ ਆ, ਹਰੇਕ ਸਾਲ ਇਕ-ਦੋ ਨਵੇਂ ਖੁਲ੍ਹ ਜਾਂਦੇ ਆ। ਪਿਛਲੇ ਸਾਲ ਮੇਰਾ ਸਾਲ਼ਾ ਆਇਆ ਸੀ ਕਨੇਡਾ ਤੋਂ, ਇਥੇ ਆਏ ਨੂੰ ਹਾਰਟ ਅਟੈਕ ਹੋ ਗਿਆ। ਬੌਡੀ ਏਦਾਂ ਹੀ ਰੱਖ ਛੱਡੀ ਇਕ ਮਹੀਨਾ। ਜਦ ਉਹਦਾ ਸਾਰਾ ਟੱਬਰ ਆਇਆ ਉਦੋਂ ਹੀ ਦਾਗ ਦਿੱਤੇ। ਪਰ ਯਾਰ ਇਕ ਗੱਲ ਬੜੀ ਹੈਰਾਨੀ ਵਾਲੀ ਹੋਈ, ਮੇਰੇ ਸਾਲ਼ੇ ਦੇ ਮਰੇ ਹੋਏ ਦੀ ਦਾਹੜੀ ਵੀ ਵਧਦੀ ਰਹੀ, ਕਲੀਨ ਸ਼ੇਵਡ ਬੰਦਾ ਉਹ, ਜਦ ਅਸੀਂ ਦੇਖਣ ਗਏ ਤਾਂ ਦੋ ਦੋ ਉਂਗਲ ਦਾਹੜੀ ਆਈ ਹੋਈ ਸੀ!"

ਉਹ ਹੈਰਾਨੀ ਨਾਲ ਦੱਸ ਰਿਹਾ ਸੀ ਤੇ ਨਾਲ ਅਰਵਿੰਦ ਵਲ ਵੀ ਦੇਖਦਾ ਜਾ ਰਿਹਾ ਸੀ। ਉਹ ਪੁੱਛਣਾ ਚਾਹੁੰਦਾ ਸੀ ਕਿ ਕੀ ਉਥੇ ਵੀ ਇਵੇਂ ਹੀ ਹੋ ਜਾਂਦਾ ਹੈ। ਅਰਵਿੰਦ ਬੋਲਿਆ,

"ਇਹ ਠੀਕ ਐ ਅੰਕਲ ਜੀ, ਏਦਾਂ ਹੀ ਹੁੰਦੀ ਐ, ਕੁਝ ਗਲੈਂਡ ਹੁੰਦੇ ਆ ਜਿਹੜੇ ਮੌਤ ਤੋਂ ਬਾਅਦ ਵੀ ਕੰਮ ਕਰਦੇ ਰਹਿੰਦੇ ਆ ਪਰ ਬਾਪੂ ਜੀ ਨਾਲ ਏਦਾਂ ਨਹੀਂ ਹੋਈ।"

"ਕਿਉਂ?"

ਉਸ ਨੇ ਅਬੜ੍ਹਵਾਹੇ ਜਿਹੇ ਪੁੱਛ ਲਿਆ। ਅਰਵਿੰਦ ਨੇ ਆਹਿਸਤਾ ਜਿਹੇ ਆਖਿਆ,

“ਉਹਨਾਂ ਦੀ ਜਿੰਨੀ ਕੁ ਦਾਹੜੀ ਵਧਣੀ ਸੀ ਪਹਿਲਾਂ ਹੀ ਵਧੀ ਹੋਈ ਸੀ।”

“ਚਲੋ ਜੋ ਉਪਰ ਵਾਲੇ ਨੂੰ ਮਨਜੂਰ, ਸਾਡਾ ਤਾਂ ਪਿਆਰ ਹੀ ਬਹੁਤ ਸੀ। ਹੁਣ ਤੂੰ ਹੌਂਸਲਾ ਰੱਖੀਂ ਤੇ ਪਿੰਡ ਦਾ ਚੱਕਰ ਲਗਾਤਾਰ ਮਾਰਦਾ ਰਹੀਂ।”

ਆਖਦਾ ਉਹ ਉੱਠ ਕੇ ਤੁਰ ਗਿਆ। ਉਸ ਦੇ ਜਾਣ ਤੋਂ ਬਾਅਦ ਸੁਖਦੇਵ ਉਸ ਦੀਆਂ ਗੱਲਾਂ ਕਰ ਕਰ ਕੇ ਹੱਸਦਾ ਰਿਹਾ। ਬਿੱਕਰ ਸਿੰਘ ਨੂੰ ਪਹਿਲਾਂ ਤੋਂ ਹੀ ਗੱਲਾਂ ਕਰਨ ਦੀ ਆਦਤ ਸੀ, ਬਿਨਾਂ ਸੋਚੇ ਸਮਝੇ ਹਰ ਵੇਲੇ ਬੋਲਦਾ ਰਹਿੰਦਾ। ਉਸੇ ਕੁ ਵੇਲੇ ਹੀ ਸੁਖਦੇਵ ਨੂੰ ਫਿਰੌਤਾ ਸਿੰਘ ਦਾ ਫੋਨ ਆ ਗਿਆ। ਫੋਨ ਸੁਣ ਕੇ ਉਹ ਕਹਿਣ ਲੱਗਿਆ,

“ਲੈ ਬਈ, ਫਿਰੌਤਾ ਸੁੰਹ ਸਵੇਰੇ ਆਊ। ਅੱਜ ਬੈਂਕ ‘ਚ ਛੁੱਟੀ ਸੀ। ਇਕ ਤਾਂ ਸਾਡੇ ਮੁਲਕ ਵਿਚ ਏਨੇ ਧਰਮ ਐਂ ਕਿਸੇ ਨਾ ਕਿਸੇ ਦਾ ਜਨਮ-ਦਿਨ, ਮਰਨ-ਦਿਨ ਆਇਆ ਹੀ ਰਹਿੰਦਾ। ਸਰਕਾਰ ਸਭ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦੀ ਆ, ਅੱਧਾ ਸਾਲ ਤਾਂ ਏਦਾਂ ਛੁੱਟੀਆਂ ਵਿਚ ਹੀ ਨਿਕਲ ਜਾਂਦਾ।”

“ਏਦਾਂ ਤਾਂ ਨਹੀਂ ਕਿਤੇ ਫਿਰੌਤਾ ਟਕਰਾਉਂਦਾ ਹੀ ਹੋਵੇ।”

“ਟਕਰਾ ਨਹੀਂ ਸਕਦਾ। ਓਹਨੂੰ ਪਤਾ ਕਿ ਪੈਸੇ ਦਿੱਤੇ ਬਿਨਾਂ ਗੁਜ਼ਾਰਾ ਨਹੀਂ ਹੋਣਾ। ਕੋਈ ਗੱਲ ਨਹੀਂ, ਆਏਗਾ। ਉਹਨੂੰ ਆਉਣਾ ਹੀ ਪਏਗਾ।”

ਉਹ ਪੂਰੇ ਯਕੀਨ ਨਾਲ ਕਹਿ ਰਿਹਾ ਸੀ।

ਸ਼ਾਮ ਜਿਹੇ ਹੁੰਦਿਆਂ ਹੀ ਲਵਲੀਨ ਵੀ ਕਾਲਜ ਤੋਂ ਵਾਪਸ ਆ ਗਿਆ। ਉਸ ਨੇ ਆਉਂਦਿਆਂ ਹੀ ਸ਼ਾਵਰ ਲਿਆ ਤੇ ਤਾਜ਼ਾ ਹੋ ਕੇ ਅਰਵਿੰਦ ਕੋਲ ਆ ਬੈਠਾ। ਅਰਵਿੰਦ ਨੇ ਲਵਲੀਨ ਨੂੰ ਆਖਿਆ,

“ਪੁੱਤਰਾ, ਚੱਲ ਅੱਜ ਆਪਾਂ ਚਾਚਾ-ਭਤੀਜਾ ਕਿਤੇ ਬੈਠ ਕੇ ਗੱਲਾਂ ਕਰੀਏ ਤੇ ਨਾਲੇ ਬੀਅਰ-ਬੱਤਾ ਪੀਏ। ਕਿਹੜੀ ਜਗਾਹ ਵਧੀਆ?”

“ਜਗਾਹ! ਜਗਾਹ ਤਾਂ ਫਗਵਾੜੇ ਵੀ ਗਲਾਸੀ ਜੰਕਸ਼ਨ ਬਣਿਆ ਹੋਇਆ। ਏਧਰ ਬੰਗੇ ਵੀ ਹੈਗਾ। ...ਹੈਗੇ ਕਈ।”

“ਬਲਕਾਰ ਨੂੰ ਕਹਿ ਕੇ ਕਾਰ ਸੱਦ ਲਈਏ ਤੇ ਚਲਦੇ ਆਂ ਥੋੜੇ ਚਿਰ ਲਈ।”

“ਲੈ ਚਾਚਾ ਜੀ, ਏਨਾ ਵਧੀਆ ਮੋਟਰ ਸਾਈਕਲ ਆਪਣੇ ਕੋਲ ਆ। ਤੁਸੀਂ ਬੈਠਿਓ ਪਿੱਛੇ ਤੇ ਦੇਖਿਓ, ਹਵਾ ਨਾਲ ਗੱਲਾਂ ਕਰਦੇ ਚੱਲਾਂਗੇ।”

ਸ਼ਾਮ ਢਲ਼ੀ ਉਹ ਘਰੋਂ ਨਿਕਲਣ ਲੱਗੇ ਤਾਂ ਅਰਵਿੰਦ ਨੇ ਪੁੱਛਿਆ,

“ਯੂ ਨੋਅ, ਹੈਲਮੈਟ?”

“ਹੈਲਮੈਟ ਨਹੀਂ ਪਾਈਦੀ, ਹੈਲਮੈਟ ਤਾਂ ਗੁਲਾਮੀ ਦੀ ਨਿਸ਼ਾਨੀ ਆਂ। ਤੁਸੀਂ ਬੈਠੋ, ਕੋਈ ਨਹੀਂ ਪੁੱਛਦਾ ਏਥੇ।”

ਅਰਵਿੰਦ ਬੈਠਿਆ ਹੀ ਸੀ ਕਿ ਉਸ ਨੇ ਮੋਟਰ ਬਾਈਕ ਨੂੰ ਰੇਸ ਦੇ ਲਈ। ਉਸੇ ਵੇਲੇ ਅਰਵਿੰਦ ਦੇ ਮਨ ਵਿਚ ਆਪਣੇ ਦੋਸਤ ਮਨਜੀਤ ਦੇ ਬੇਟੇ ਹਰਜੋਤ ਦੀ ਹੋਈ ਮੌਤ ਘੁੰਮਣ ਲੱਗ ਪਈ। ਨਵਜੋਤ ਦਾ ਮੋਟਰ-ਬਾਈਕ ‘ਤੇ ਜਾਂਦੇ ਦਾ ਐਕਸੀਡੈਂਟ ਹੋ ਗਿਆ ਸੀ ਤੇ ਸੱਟ ਸਿਰ ਵਿਚ ਲੱਗੀ ਸੀ। ਇਨਕੁਆਇਰੀ ਨੇ ਦੱਸਿਆ ਸੀ ਕਿ ਜੇ ਉਸ ਨੇ ਹੈਲਮਟ ਪਾਈ ਹੁੰਦੀ ਤਾਂ ਸ਼ਾਇਦ ਬਚ ਜਾਂਦਾ। ਲਵਲੀਨ ਮੋਟਰ ਬਾਈਕ ਚਲਾਉਂਦਾ ਪਿੱਛੇ ਨੂੰ ਮੂੰਹ ਕਰਕੇ ਗੱਲਾਂ ਕਰਦਾ ਜਾ ਰਿਹਾ ਸੀ। ਉਹ ਕਹਿ ਰਿਹਾ ਸੀ,

“ਚਾਚਾ ਜੀ, ਡੈਡੀ ਨੂੰ ਕਹੋ ਕਿ ਕਾਰ ਲੈ ਲਵੇ। ਮੇਰੀ ਗੱਲ ਤਾਂ ਉਹ ਸੁਣਦਾ ਨਹੀਂ ਸ਼ਾਇਦ ਤੁਹਾਡੀ ਮੰਨ ਜਾਵੇ।”

“ਕਾਰ ਦਾ ਕੀ ਫਾਇਦਾ ਹੋਏਗਾ?”

“ਟੌਹਰ ਰਹਿੰਦੀ ਆ ਪਿੰਡ ਵਿਚ। ਕਾਰ ਦੇ ਨਾਂ ‘ਤੇ ਹੀ ਕੋਈ ਬਾਹਰ ਦਾ ਰਿਸ਼ਤਾ ਵੀ ਹੋ ਸਕਦਾ।”

ਅਰਵਿੰਦ ਨੇ ਮਨ ਵਿਚ ਹੀ ਕਿਹਾ ਕਿ ਇਹ ਮੁੰਡਾ ਤਾਂ ਦੂਰ ਦੀਆਂ ਸਕੀਮਾਂ ਸੋਚੀ ਬੈਠਾ ਸੀ। ਉਹ ਜਲੰਧਰ ਰੋਡ ‘ਤੇ ਨਵੇਂ ਬਣੇ ਇਕ ਹੋਟਲ ਵਿਚ ਆ ਬੈਠੇ। ਅਰਵਿੰਦ ਨੇ ਚੀਜ਼-ਪਕੌੜੇ ਤੇ ਬੀਅਰ ਦਾ ਆਰਡ੍ਰ ਦਿਤਾ ਤਾਂ ਲਵਲੀਨ ਬੋਲਿਆ,

“ਚਾਚਾ ਜੀ, ਮੈਂ ਬੀਅਰ ਨਹੀਂ ਪੀਂਦਾ।”

“ਹੋਰ ਵਿਸਕੀ ਪੀਨਾਂ?”

“ਮੈਂ ਨਹੀਂ ਜੀ ਪੀਂਦਾ ਕੁਝ ਵੀ।”

“ਬੀਅਰ ਪੀਏਂਗਾ ਤਾਂ ਤੇਰਾ ਸਰੀਰ ਵੀ ਕੁਝ ਭਰੇਗਾ। ਹੋਰ ਸੁਹਣਾ ਲਗੇਂਗਾ।”

“ਅੱਜਕੱਲ ਪਤਲਿਆਂ ਦਾ ਜ਼ਮਾਨਾ।”

ਉਸ ਨੇ ਹੱਸਦਿਆਂ ਕਿਹਾ ਤੇ ਬੀਅਰ ਪੀਣ ਲਈ ਮੰਨ ਗਿਆ। ਬੀਅਰ ਜਲਦੀ ਹੀ ਆ ਗਈ। ਦੋ ਕੁ ਘੁੱਟ ਭਰ ਕੇ ਅਰਵਿੰਦ ਨੇ ਪੁੱਛਿਆ,

“ਇਕੌਨੋਮੀ ਬਾਰੇ ਵੀ ਕੁਝ ਪਤਾ ਕਿ ਏਹ ਕਿੱਦਾਂ ਵਰਕ ਕਰਦੀ ਆ?”

“ਹਾਂ ਜੀ, ਸਮਝਦਾਂ ਥੋੜਾ-ਬਹੁਤ।”

“ਯੂ ਨੋਅ, ਜਦੋਂ ਕਿਸੇ ਮੁਲਕ ਦੀ ਇਕੌਨੋਮੀ ਹੇਠਾਂ ਨੂੰ ਜਾਵੇ ਤਾਂ ਉਹ ਨਕਲੀ ਜਿਹੇ ਟੀਕੇ ਲਾ ਕੇ ਬਾਹਰੋਂ ਮਜ਼ਬੂਤ ਹੋਣ ਦਾ ਦਿਖਾਵਾ ਕਰਦੇ ਰਹਿੰਦੇ ਆ। ਜਿੱਦਾਂ ਅੱਜਕੱਲ ਇੰਡੀਆ ਦੀ ਐ। ਗਰੋਥ ਰੇਟ ਬਹੁਤ ਘੱਟ ਗਿਆ, ਸਿਰਫ ਚਾਰ ਪਰਸੈਂਟ ‘ਤੇ ਹੀ ਰਹਿ ਗਿਆ। ਐਕਸਪੋਰਟ ਘਟ ਗਿਆ ਪਰ ਇਹ ਦਿਖਾਵਾ ਜਿਹਾ ਕਰੀ ਜਾ ਰਹੇ ਆ ਤੇ ਇਸੇ ਲਈ ਹੁਣ ਰੁਪੱਈਆ ਏਨਾ ਹੇਠਾਂ ਚਲੇ ਗਿਆ। ਦੇਖ ਡਾਲਰ ਦੇ ਸੱਤਰ ਤੇ ਪੌਂਡ ਦੇ ਸੌ ਤੋਂ ਵੱਧ। ਏਦਾਂ ਹੀ ਇਕ ਵਾਰ ਇੰਗਲੈਂਡ ਦੀ ਇਕੌਨੋਮੀ ਬਹੁਤ ਹੇਠਾਂ ਚਲੇ ਗਈ ਸੀ। ਥੈਚਰ ਦੀ ਸਰਕਾਰ ਸੀ ਉਦੋਂ।

ਉਹਨਾਂ ਨੇ ਬਾਹਰੋਂ ਇਕੌਨੋਮੀ ਵੱਡੀ ਦਿਖਾਉਣ ਲਈ ਨਕਲੀ ਟੀਕੇ ਲਾਉਣੇ ਸ਼ੁਰੂ ਕਰ ਦਿੱਤੇ। ਵੱਡੇ ਵੱਡੇ ਦਮਗਜ਼ੇ ਮਾਰਨ ਲੱਗੀ ਸਰਕਾਰ। ਪਰੌਪ੍ਰਟੀ ਦੀਆਂ ਕੀਮਤਾਂ ਵਿਚ ਨਕਲੀ ਵਾਧਾ ਕਰ ਦਿਤਾ।"

"ਉਹ ਕਿੰਦਾਂ?"

"ਪ੍ਰੋਪਰਟੀ ਦੀ ਕੀਮਤ ਦੋ ਚੀਜ਼ਾਂ ਨਿਰਧਾਰਤ ਕਰਦੀਆਂ, ਇਕ ਤਾਂ ਬਿਲਡਿੰਗ ਬਣਾਉਣ ਦਾ ਖਰਚਾ ਤੇ ਦੂਜੇ ਓਸ ਥਾਂ ਦੀ ਕੀਮਤ ਜਿੱਥੇ ਬਿਲਡਿੰਗ ਬਣੀ ਐ। ਜੇ ਇਹਨਾਂ ਦੋਨਾਂ ਵਿਚੋਂ ਹੀ ਕਿਸੇ ਚੀਜ਼ ਦੀ ਕੀਮਤ ਨਹੀਂ ਵਧੀ ਤਾਂ ਇਮਾਰਤ ਦੀ ਕੀਮਤ ਵਧ ਨਹੀਂ ਸਕਦੀ ਪਰ ਸਰਕਾਰ ਨੇ ਕੀ ਕੀਤਾ ਕਿ ਕਰਜ਼ਾ ਲੈਣਾ ਬਹੁਤ ਅਸਾਨ ਕਰ ਦਿੱਤਾ ਬਲਕਿ ਇਹ ਕਰ ਦਿੱਤਾ ਕਿ ਤੁਸੀਂ ਸਿਰਫ ਪੰਜ ਪਰਸੈਂਟ ਡਿਪੌਜ਼ਟ ਦੇ ਕੇ ਘਰ ਖਰੀਦ ਲਵੋ। ਲੋਕ ਇਸੇ ਪਾਸੇ ਨੂੰ ਪੈ ਗਏ ਤੇ ਘਰਾਂ ਦੀਆਂ ਕੀਮਤਾਂ ਵਧ ਗਈਆਂ ਪਰ ਇਹ ਕਿਸੇ ਨੇ ਨਾ ਸੋਚਿਆ ਕਿ ਇਸ ਕਰਜ਼ੇ ਦੀ ਕਿਸ਼ਤ ਕਿੰਦਾਂ ਮੋੜਨੀ ਐਂ।"

"ਚਾਚਾ ਜੀ, ਜਿੰਦਾਂ ਹੁਣ ਆਪਣੇ ਜੱਟ ਕਰਦੇ ਆ। ਕਰਜ਼ਾ ਚੁੱਕ ਲੈਂਦੇ ਆ ਪਰ ਕਿਸ਼ਤ ਮੋੜਣ ਦਾ ਸੋਚਦੇ ਨਹੀਂ।"

"ਬਿਲਕੁਲ ਇਹੋ ਗੱਲ। ਹੋਇਆ ਇਹ ਕਿ ਲੋਕਾਂ ਤੋਂ ਕਰਜ਼ੇ ਮੋੜ ਨਾ ਹੋਏ। ਘਰ ਵਿਕਣ ਲੱਗ ਪਏ। ਲੋਕ ਬੈਂਕਰੱਪਸੀ ਦੇਣ ਲੱਗ ਪਏ, ਬੈਂਕਾਂ ਫੇਹਲ ਹੋ ਗਈਆਂ।"

"ਉਹ ਤਾਂ ਫੇਰ ਹੋਣਾ ਹੀ ਸੀ। ਇਹ ਤਾਂ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਆ।"

"ਯੂ ਨੋਅ, ਇਹੋ ਗੱਲਾਂ ਆਪਣੇ ਘਰਾਂ ਤੇ ਵੀ ਲਾਗੂ ਹੁੰਦੀਆਂ। ਹੁਣ ਤੂੰ ਕਾਰ ਲੈਣ ਦੀ ਗੱਲ ਕਰਦਾਂ, ਤੇਰੇ ਡੈਡੀ ਕੋਲ ਜੌਬ ਹੈ ਨਹੀਂ, ਜ਼ਮੀਨ ਥੋੜੀ ਐ, ਕਾਰ ਲੈ ਲਈ ਤਾਂ ਗੁਜ਼ਾਰਾ ਕਿੰਦਾਂ ਹੋਏਗਾ?"

"ਚਾਚਾ ਜੀ, ਗੱਲ ਤਾਂ ਮੈਂ ਵੀ ਸਾਰੀ ਸਮਝਦਾਂ। ਡੈਡੀ ਨੇ ਪਹਿਲੀਆਂ ਵਿਚ ਜੌਬ ਲੱਭਣ ਦੀ ਬਹੁਤ ਟਰਾਈ ਕੀਤੀ ਸੀ ਪਰ ਨਹੀਂ ਮਿਲੀ। ਡੈਡੀ ਦੀ ਉਮਰ ਦੇ ਹੋਰ ਵੀ ਬਹੁਤ ਬੰਦੇ ਆ ਪਿੰਡ ਵਿਚ ਜਿਹਨਾਂ ਨੇ ਸਾਰੀ ਉਮਰ ਵਿਹਲਿਆਂ ਹੀ ਕੱਢ ਲਈ ਪਰ ਮੈਂ ਏਦਾਂ ਨਹੀਂ ਕਰਨਾ ਚਾਹੁੰਦਾ। ਮੈਂ ਤਾਂ ਕੁਝ ਨਾ ਕੁਝ ਕਰ ਲੈਣਾ। ਇਹ ਕਾਰ ਤਾਂ ਜਿੰਦਾਂ ਦੱਸਿਆ ਕਿ ਰੋਅਬ ਜਿਹਾ ਬਣਾਉਣ ਨੂੰ ਹੀ ਐ।"

ਆਖ ਕੇ ਉਸ ਨੇ ਬੀਅਰ ਦਾ ਘੁੱਟ ਭਰਿਆ। ਬੀਅਰ ਉਹ ਕਦੇ ਕਦੇ ਪੀ ਲਿਆ ਕਰਦਾ ਸੀ ਪਰ ਅਰਵਿੰਦ ਦੇ ਸਾਹਮਣੇ ਨਹੀਂ ਸੀ ਪੀਣੀ ਚਾਹੁੰਦਾ ਪਰ ਅਰਵਿੰਦ ਦੇ ਖੁਲ੍ਹੇ ਸੁਭਾਅ ਨੂੰ ਦੇਖ ਉਸ ਨੇ ਝਿਜਕ ਲਾਹ ਮਾਰੀ ਸੀ। ਉਹ ਫਿਰ ਬੋਲਿਆ,

"ਚਾਚਾ ਜੀ, ਮੇਰੇ ਨਜ਼ਰੀਏ ਤੋਂ ਸੋਚ ਕੇ ਦੇਖੋ, ਪਹਿਲੀਆਂ ਵਿਚ ਲੋਕ ਪਿੰਡ ਵਿਚ ਵਧੀਆ ਜਿਹਾ ਜੰਞ-ਘਰ ਬਣਾਉਂਦੇ ਹੁੰਦੇ ਸੀ ਜਦ ਕਿ ਲੋਕਾਂ ਦੇ ਘਰ ਮਾੜੇ ਹੀ ਹੁੰਦੇ ਸੀ। ਏਦਾਂ ਹੀ ਜਿਸ ਘਰ ਵਿਚ ਦੋ ਤਿੰਨ ਬੱਚੇ ਹੋਣ, ਜਿਹੜਾ ਬੱਚਾ ਸ਼ਹਿਰ ਪੜ੍ਹਣ ਜਾਂਦਾ ਹੋਵੇ ਉਹਨੂੰ ਬਹੁਤਾ ਸ਼ਿੰਗਾਰਿਆ ਜਾਂਦਾ, ਏਸ ਤਰ੍ਹਾਂ ਜ਼ਿੰਦਗੀ ਵਿਚ ਕੁਝ ਕਰਨਾ ਪੈਂਦਾ। ਕੁਝ ਗੱਲਾਂ ਨੂੰ ਪਹਿਲ ਦੇਣੀ ਪੈਂਦੀ ਆ ਤੇ ਕੁਝ ਨੂੰ ਦੂਜ।"

"ਯੂ ਨੋਅ, ਬਿਲਕੁਲ ਕਰਨਾ ਪੈਂਦਾ ਤੇ ਕਰਨਾ ਵੀ ਚਾਹੀਦਾ ਪਰ ਕਰਨਾ ਕਿੰਨਾਂ? ਤੁਸੀਂ ਓਨਾ ਕੁ ਹੀ ਕਰੋਂਗੇ ਜਿੰਨਾ ਕੁ ਤੁਹਾਡੀ ਜੇਬ ਇਜਾਜ਼ਤ ਦੇਵੇਗੀ।"

"ਦੇਖੋ ਚਾਚਾ ਜੀ, ਗੁੱਸਾ ਨਾ ਕਰਿਓ, ਡੈਡੀ ਦੀ ਉਮਰ ਦੇ ਲੋਕ ਗੱਲਾਂ ਬਹੁਤੀਆਂ ਤੇ ਐਕਸ਼ਨ ਘੱਟ ਕਰਦੇ ਆ ਪਰ ਮੈਂ ਵੀ ਤੇ ਮੇਰੇ ਦੋਸਤ ਵੀ ਏਦਾਂ ਨਹੀਂ ਸੋਚਦੇ। ਅਸੀਂ ਐਕਸ਼ਨ ਵਿਚ ਜ਼ਿਆਦਾ ਯਕੀਨ ਰੱਖਦੇ ਆਂ।"

"ਉਹ ਕਿੰਦਾਂ ਬਈ?"

"ਤੁਹਾਡੇ ਸਾਹਮਣੇ ਡੈਡੀ ਦੀ ਉਮਰ ਦੇ ਕਿੰਨੇ ਬੰਦਿਆਂ ਨੇ ਸਾਰੀ ਉਮਰ ਵਿਹਲੇ ਰਹਿ ਕੇ ਕੱਢ ਲਈ, ਮੈਂ ਏਦਾਂ ਨਹੀਂ ਬਹਿਣਾ। ਆਹ ਜਿਹੜਾ ਮੁੰਡਾ ਤੁਹਾਡਾ ਡਰਾਈਵਰ ਐ, ਗੁਪਾਲਾ। ਇਹ ਐਮ. ਏ. ਕਰੀ ਫਿਰਦਾ। ਓਦਾਂ ਵੀ ਬਹੁਤ ਇੰਟੈਲੀਜੈਂਟ ਆ। ਕੰਮ ਨਾ ਮਿਲਦਾ ਦੇਖ ਕੇ ਡਰਾਈਵਰੀ ਕਰ ਲਈ।"

"ਤਾਂ ਹੀ, ਮੈਂ ਸੋਚਦਾ ਸੀ ਬਈ ਗੱਲਾਂ ਬੜੀਆਂ ਪਤੇ ਦੀਆਂ ਕਰਦਾ।"

"ਪੂਰਾ ਤੇਜ਼ ਆ ਉਹ।

ਅਰਵਿੰਦ ਨੇ ਇਕ ਪਲ ਲਈ ਗੁਪਾਲੇ ਬਾਰੇ ਸੋਚਿਆ ਤੇ ਫਿਰ ਆਪਣੇ ਨੁਕਤੇ 'ਤੇ ਆਉਂਦਾ ਬੋਲਿਆ,

"ਮੈਨੂੰ ਤਾਂ ਲੱਗਦਾ ਕਿ ਅੱਜ ਦਾ ਸਾਰਾ ਯੂਥ ਡਰੱਗੀ ਹੋਇਆ ਫਿਰਦਾ।"

"ਚਾਚਾ ਜੀ, ਏਹਦੇ ਵਿਚ ਵੀ ਕਿਸੇ ਹੱਦ ਤਕ ਉਹਨਾਂ ਦੇ ਘਰਦਿਆਂ ਦਾ ਹੀ ਬਹੁਤਾ ਕਸੂਰ ਐ, ਜੋ ਕੁਝ ਉਹਨਾਂ ਦਾ ਮੁੰਡਾ ਕਰਨਾ ਚਾਹੁੰਦਾ ਉਹ ਕਰਨ ਨਹੀਂ ਦਿੰਦੇ ਤੇ ਮੁੰਡੇ ਫਰੱਸਟਰੇਟ ਹੋ ਕੇ ਡਰੱਗ ਵਲ ਧੱਕੇ ਜਾਂਦੇ ਆ।"

ਲਵਲੀਨ ਸਿਆਣਿਆਂ ਵਾਂਗ ਗੱਲ ਕਰ ਰਿਹਾ ਸੀ। ਅਰਵਿੰਦ ਨੂੰ ਇਥੋਂ ਦੇ ਜੀਵਨ ਬਾਰੇ ਬਹੁਤਾ ਪਤਾ ਵੀ ਨਹੀਂ ਸੀ ਇਸ ਲਈ ਆਪਣੀ ਰਾਏ ਦੇਣ ਤੋਂ ਝਿਜਕਦਾ ਸੀ। ਜੋ ਵੀ ਸੀ ਪਰ ਕਾਰ ਲੈਣ ਵਾਲੀ ਗੱਲ ਅਰਵਿੰਦ ਨੂੰ ਹਜ਼ਮ ਨਹੀਂ ਸੀ ਹੋ ਰਹੀ। ਉਸ ਨੇ ਪੁੱਛਿਆ,

"ਹੁਣ ਜਿਹੜੀ ਤੂੰ ਕਾਰ ਦੀ ਗੱਲ ਕਰਦਾਂ, ਏਹਦੇ ਲਈ ਪੈਸੇ ਕਿਥੋਂ ਆਉਣਗੇ?"

"ਇਹ ਤਾਂ ਵੱਡੀ ਗੱਲ ਨਹੀਂ, ਅੱਜਕੱਲ ਜ਼ਮੀਨਾਂ ਦੀ ਕੀਮਤ ਬਹੁਤ ਐ, ਦੋ ਕਨਾਲ ਦੀ ਖੱਤੀ ਨਾਲ ਮਹਿੰਦਰਾ ਆ ਜਾਣੀ ਆਂ।"

ਉਸ ਨੇ ਹੌਂਸਲੇ ਜਿਹੇ ਨਾਲ ਕਿਹਾ। ਅਰਵਿੰਦ ਨੇ ਆਖਿਆ,

"ਉਹਨੂੰ ਚਲਾਉਣ ਲਈ ਡੀਯਲ ਵੀ ਚਾਹੀਦਾ!"

"ਮੈਂ ਸਮਝਦਾਂ ਚਾਚਾ ਜੀ। ਹੁਣ ਤੁਸੀਂ ਮੇਰੀ ਥਾਂ 'ਤੇ ਖੜ ਕੇ ਸੋਚੋ ਜ਼ਰਾ! ਇਕ ਮੁੰਡੇ ਨੇ ਡਿਗਰੀ ਕਰ ਲਈ, ਨੌਕਰੀ ਦਾ ਪਤਾ ਨਹੀਂ ਮਿਲਣੀ ਐਂ ਕਿ ਨਹੀਂ। ...ਮੇਰੇ ਕੋਲ ਹੁਣ ਕੁਝ ਵੱਖਰੇ ਵੱਖਰੇ ਬਦਲ ਹੈਗੇ ਆ; ਇਕ ਤਾਂ ਕਿਸੇ ਤਰ੍ਹਾਂ ਤੁਹਾਡੀ ਮੱਦਦ ਨਾਲ ਜਾਂ ਡਿਗਰੀ ਦੀ ਮੱਦਦ ਨਾਲ ਇੰਗਲੈਂਡ ਜਾਂ ਕਿਸੇ ਹੋਰ ਮੁਲਕ ਨਿਕਲਾਂ, ਦੂਜਾ ਬਾਹਰ ਜਾਣ ਦਾ ਬਦਲ ਐ ਕਿ ਮੈਨੂੰ ਬਾਹਰ ਦਾ ਕੋਈ ਰਿਸ਼ਤਾ ਹੋ ਜਾਵੇ। ਰਿਸ਼ਤਾ ਹੋਣ ਵਿਚ ਕਾਰ ਨੇ ਮੱਦਦ ਕਰਨੀ ਆਂ। ਘਰ ਮੂਹਰੇ ਕਾਰ ਖੜੀ ਹੋਵੇ ਤਾਂ ਰੋਅਬ ਹੀ ਹੋਰ ਹੁੰਦਾ। ਇਕ ਮੇਰੇ ਕੋਲ ਇਕ ਬਦਲ ਇਹ

ਵੀ ਐ ਕਿ ਜੇ ਕੰਮ ਵੀ ਨਾ ਮਿਲਿਆ, ਵਿਆਹ ਦੀ ਆਸ ਵੀ ਨਾ ਬੱਝੀ, ਓਦਾਂ ਵੀ ਬਾਹਰ ਨਾ ਨਿਕਲ ਹੋਇਆ ਤਾਂ ਮੈਂ ਗੁਪਾਲੇ ਵਾਂਗੂੰ ਟੈਕਸੀ ਕਰ ਲੈਣੀ ਆਂ। ...ਮੈਂ ਘਰ ਵਿਹਲਾ ਨਹੀਂ ਬੈਠਣਾਂ।''

ਉਸ ਨੇ ਪੂਰੇ ਆਤਮ-ਵਿਸ਼ਵਾਸ ਨਾਲ ਆਖਿਆ। ਅਰਵਿੰਦ ਨੂੰ ਲੱਗਿਆ ਕਿ ਮੁੰਡੇ ਨੇ ਦਲੀਲਾਂ ਨਾਲ ਉਸ ਨੂੰ ਘੇਰ ਲਿਆ ਸੀ। ਉਸ ਨੇ ਕਿਹਾ,

''ਜੋ ਵੀ ਹੈ ਪਰ ਜੱਟ ਨੂੰ ਜ਼ਮੀਨ ਨਹੀਂ ਵੇਚਣੀ ਚਾਹੀਦੀ।''

''ਚਾਚਾ ਜੀ, ਇਕ ਗੱਲ ਦੱਸਾਂ, ਕੱਲ ਤਕ ਤੁਹਾਡੇ ਵਿਚ ਇਕ ਦੋਸਤ ਬੋਲਦਾ ਸੀ ਪਰ ਅੱਜ ਤੁਹਾਡੇ ਵਿਚ ਮੇਰਾ ਡੈਡੀ ਬੋਲ ਰਿਹੈ।''

## ਨੌਂ

ਅਗਲੀ ਸਾਝਰੇ ਵੇਲਾਂ ਦਾ ਫੋਨ ਆ ਗਿਆ। ਪਤਨੀ ਦੇ ਫੋਨ ਤੋਂ ਉਹ ਇਵੇਂ ਡਰਦਾ ਸੀ ਜਿਵੇਂ ਧੁਣਖੀ ਤੋਂ ਕਾਂ। ਕੀਰਤ ਪੁਰ ਜਾ ਆਉਣ ਦੀ ਗੋਲੀ ਭਾਵੇਂ ਉਹ ਦੇ ਚੁੱਕਿਆ ਸੀ ਪਰ ਫਿਰ ਵੀ ਉਹ ਪਤਨੀ ਦੀ ਪੁਲੀਸ ਵਾਲੀ ਪੁੱਛ-ਗਿਛ ਤੋਂ ਚੱਲਦਾ ਸੀ। ਵੇਲਾਂ ਨੇ ਪਿਆਰ ਨਾਲ ਹੀ ਗੱਲ ਸ਼ੁਰੂ ਕੀਤੀ। ਉਸ ਨੂੰ ਮੱਛਰ ਤੋਂ ਬਚ ਕੇ ਰਹਿਣ ਲਈ ਕਿਹਾ। ਇੰਡੀਆ ਦੀ ਧੁੱਪ ਤੇ ਧੂੜ ਬਾਰੇ ਵੀ ਚੇਤਾਵਨੀ ਯਾਦ ਕਰਾਈ। ਐਕਸੀਡੈਂਟ ਦਾ ਧਿਆਨ ਰੱਖਣ ਲਈ ਵੀ। ਪਤਨੀ ਨੂੰ ਉਸ ਦੀ ਕਮਜ਼ੋਰ ਪੈ ਚੁੱਕੀ ਪਾਚਨ-ਸ਼ਕਤੀ ਦਾ ਵੀ ਫਿਕਰ ਸੀ। ਵੈਸੇ ਤਾਂ ਉਹ ਇਮੋਡੀਅਮ ਦੇ ਕੈਪਸੂਲ ਆਪਣੇ ਨਾਲ ਲਿਆਇਆ ਹੋਇਆ ਸੀ। ਇੰਡੀਆ ਨੂੰ ਆਉਣ ਵਾਲੇ ਸਾਰੇ ਇਹੋ ਕਹਿੰਦੇ ਕਿ ਪਾਸਪੋਰਟ ਦੇ ਨਾਲ ਹੀ ਇਮੋਡੀਅਮ ਵੀ ਸਾਂਭ ਲਵੋ। ਖਰਾਬ ਪੇਟ ਲਈ ਇਹ ਦਵਾਈ ਸਭ ਤੋਂ ਵਧ ਕਾਰਗਰ ਸਮਝੀ ਜਾਂਦੀ ਸੀ। ਗੱਲਾਂ ਕਰਦੀ ਕਰਦੀ ਅਚਾਨਕ ਵੇਲਾਂ ਬੋਲੀ,

''ਅਸਤ ਜਲ ਪਰਵਾਹ ਕਰਦਿਆਂ ਦੀਆਂ ਤਸਵੀਰਾਂ ਹੀ ਭੇਜ ਦਿਓ।''

ਅਰਵਿੰਦ ਨੇ ਮਨ ਹੀ ਮਨ ਕਿਹਾ ਕਿ ਹੋ ਗਈ ਸ਼ੁਰੂ ਤਹਿਕੀਕਾਤ। ਉਸ ਨੇ ਮੌਕਾ ਸੰਭਾਲਦਿਆਂ ਆਖਿਆ,

''ਯੂ ਨੋਅ, ਭਲਾ ਮੈਂ ਫੋਟੋਗਰਾਫਰ ਆਪਣੇ ਨਾਲ ਲਈ ਫਿਰਦਾਂ?''

''ਤੁਹਾਡੇ ਨਾਲ ਹੋਰ ਕੌਣ ਗਿਆ ਸੀ?''

''ਹੋਰ ਮੇਰੇ ਨਾਲ ਫੌਜ ਹੋਣੀ ਸੀ! ਮੈਂ ਇਕੱਲਾ ਸੀ, ਬਸ ਅਸਤ ਪਾ ਕੇ ਆ ਗਿਆ।''

''ਇੰਟਰੀ ਵੀ ਕਰਵਾਈ ਸੀ?''

''ਤੂੰ ਮੇਰੀ ਵਾਈਫ ਐਂ ਕਿ ਪੁਲੀਸ-ਵੋਮੈਨ?''

''ਏਸ ਮਾਮਲੇ ਵਿਚ ਨਾ ਤਾਂ ਬਾਪੂ ਜੀ ਤੁਹਾਡੇ 'ਤੇ ਯਕੀਨ ਕਰਦੇ ਸੀ ਤੇ ਨਾ ਹੀ ਮੈਂ ਕਰਦੀ ਆਂ। ਜੇ ਤੁਸੀਂ ਕੰਮ ਸਹੀ ਨਾ ਕੀਤਾ ਤਾਂ ਆਪਣਾ ਪੜ੍ਹਿਆ ਵਿਚਾਰਿਓ! ਬਾਪੂ ਜੀ ਦੀ ਭਟਕਦੀ ਆਤਮਾ ਨੇ ਤੁਹਾਨੂੰ ਮੁਆਫ ਨਹੀਂ ਕਰਨਾ।''

''ਯੂ ਨੋਅ, ਇਥੇ ਹਾਲੇ ਬਹੁਤ ਸਾਝਰਾ। ...ਲੋਕ ਸੁੱਤੇ ਪਏ ਆ, ਸੌਣ ਦੇ, ਕਿਸੇ ਵੇਲੇ ਦਿਨੇ ਪੰਗਾ ਲੈ ਲਵੀਂ।''

ਆਖਦਿਆਂ ਉਸ ਨੇ ਫੋਨ ਰੱਖ ਦਿਤਾ। ਪਤਨੀ ਨੂੰ ਤਾਂ ਕਿਸੇ ਤਰ੍ਹਾਂ ਉਸ ਨੇ ਚੁੱਪ ਕਰਾ ਦਿਤਾ ਸੀ ਪਰ ਉਸ ਦੇ ਅੰਦਰਲਾ ਖੌਰੂ ਤੰਗ ਕਰਨ ਲੱਗਿਆ। ਉਸ ਦਾ ਮਨ ਦਿੱਲੀ ਦੇ ਹੋਟਲ ਵਿਚ ਜਾ ਪੁੱਜਾ। ਭਾਵੇਂ ਉਹ ਨਾਸਤਿਕ ਸੀ ਪਰ ਉਸ ਨੂੰ ਆਪਣਾ ਆਪ ਗੁਨਾਹਗਾਰ ਲੱਗ ਰਿਹਾ ਸੀ। ਉਸ ਦੀ ਨਿਕੀ ਜਿਹੀ ਗਲਤੀ ਨੇ ਸਭ ਗੜਬੜ ਕਰ ਦਿਤਾ ਸੀ। ਉਸ ਨੂੰ ਆਪਣੇ ਅਲਗਰਜ਼ ਸੁਭਾਅ ਉਪਰ ਬਹੁਤ ਗੁੱਸਾ ਆ ਰਿਹਾ ਸੀ। ਉਖੜੇ ਹੋਏ ਮਨ ਨੂੰ ਹੋਰ ਪਾਸੇ ਪਾਉਣ ਲਈ ਉਸ ਨੇ ਲੈਪਟੌਪ ਖੋਹਲ ਲਿਆ ਤੇ ਹੁਸ਼ਿਆਰਪੁਰ ਵਿਚ ਹੋਟਲਾਂ ਬਾਰੇ ਜਾਣਕਾਰੀ ਸਰਫ ਕਰਨ ਲੱਗਿਆ। ਉਸ ਨੇ ਹੁਸ਼ਿਆਰਪੁਰ ਦੋ ਜਗਾਵਾਂ 'ਤੇ ਜਾਣਾ ਸੀ। ਇਕ ਆਪਣੇ ਦੋਸਤ ਉਂਕਾਰ ਨੂੰ ਮਿਲਣਾ ਸੀ ਤੇ ਦੂਜੇ ਆਪਣੇ ਰਿਸ਼ਤੇਦਾਰ ਦਿਲਬਾਗ ਨੂੰ। ਉਮੀਦ ਸੀ ਕਿ ਪਟਵਾਰੀ ਵਾਲਾ ਕੰਮ ਅੱਜ ਹੋ ਹੀ ਜਾਣਾ ਸੀ। ਰਾਤੀਂ ਫਗਵਾੜੇ ਤੋਂ ਵਾਪਸ ਮੁੜਦਿਆਂ ਹੀ ਸੁਖਦੇਵ ਨੇ ਦੱਸਿਆ ਸੀ ਕਿ ਅੱਜ ਪਟਵਾਰੀ ਨੇ ਪਿੰਡ ਹੀ ਹੋਵੇਗਾ। ਉਸ ਨੂੰ ਚੌਂਕੀਦਾਰ ਇਹ ਖ਼ਬਰ ਦੇ ਗਿਆ ਹੋਇਆ ਸੀ। ਉਸ ਨੇ ਨੌਂ ਵਜੇ ਦਾ ਉਸ ਤੋਂ ਵਕਤ ਵੀ ਲੈ ਲਿਆ ਹੋਇਆ ਸੀ। ਹੋਟਲ ਸਰਫ ਕਰਦਿਆਂ ਉਸ ਨੇ ਦੇਖਿਆ ਕਿ ਉਸ ਦੀ ਆਸ ਤੋਂ ਉਲਟ ਉਥੇ ਤਾਂ ਕਈ ਹੋਟਲ ਸਨ, ਤੇ ਸਨ ਵੀ ਵਧੀਆ। ਅਸਲ ਵਿਚ ਹੁਸ਼ਿਆਰਪੁਰ ਪਹਾੜਾਂ ਦੇ ਪੈਰਾਂ ਵਿਚ ਵਸਿਆ ਸ਼ਹਿਰ ਸੀ ਤੇ ਸੈਲਾਨੀਆਂ ਲਈ ਇਕ ਪੜਾਅ ਬਣ ਜਾਂਦਾ ਸੀ। ਉਸ ਨੇ ਸ਼ਹਿਰ ਤੋਂ ਇਕ ਪਾਸੇ ਜਿਹੇ ਸ਼ਿਵਾਲਕ ਨਾਂ ਦਾ ਇਕ ਹੋਟਲ ਚੁਣ ਲਿਆ। ਇਸ ਦੇ ਕਮਰੇ ਵੀ ਸੁਹਣੇ ਦਿਸ ਰਹੇ ਸਨ। ਇਥੋਂ ਪਹਾੜਾਂ ਦਾ ਨਜ਼ਾਰਾ ਵੀ ਬਹੁਤ ਸੁੰਦਰ ਦਿਖਾਈ ਦਿੰਦਾ ਸੀ। ਕਿਰਾਇਆ ਵੀ ਬਹੁਤਾ ਨਹੀਂ ਸੀ, ਡੀਲਕਸ ਰੂਮ ਦਾ ਸਿਰਫ ਦੋ ਹਜ਼ਾਰ ਰੁਪਏ ਇਕ ਰਾਤ ਦੇ। ਉਸ ਨੇ ਆਰਜ਼ੀ ਤੌਰ 'ਤੇ ਇਕ ਕਮਰਾ ਬੁੱਕ ਕਰਨ ਲਈ ਈਮੇਲ ਭੇਜ ਦਿਤੀ। ਉਸ ਸੋਚਦਾ ਸੀ ਕਿ ਇਸ ਦਾ ਜਵਾਬ ਸ਼ਾਇਦ ਹੀ ਆਵੇ। ਇਕ ਤਾਂ ਸਾਝਰਾ ਸੀ ਹਾਲੇ ਤੇ ਦੂਜੇ ਪਿਛੜੇ ਜਿਹੇ ਇਲਾਕੇ ਦੇ ਹੋਟਲ ਦੀ ਸੇਵਾ ਏਨੀ ਤੇਜ਼ ਸ਼ਾਇਦ ਨਾ ਹੋਵੇ ਪਰ ਉਹ ਹੈਰਾਨ ਹੋ ਗਿਆ ਕਿ ਜਦ ਬੁੱਕਿੰਗ ਦੀ ਕਨਫਰਮੇਸ਼ਨ ਦੀ ਵਾਪਸੀ ਈਮੇਲ ਕੁਝ ਮਿੰਟਾਂ ਵਿਚ ਹੀ ਆ ਗਈ।...

ਅਰਵਿੰਦ ਤੇ ਸੁਖਦੇਵ ਨੌਂ ਵਜੇ ਤੋਂ ਪਹਿਲਾਂ ਹੀ ਪਟਵਾਰਖਾਨੇ ਪੁੱਜ ਗਏ। ਪਟਵਾਰੀ ਆਇਆ ਬੈਠਾ ਸੀ। ਹੈਰਾਨੀ ਦੀ ਗੱਲ ਇਹ ਕਿ ਉਹ ਕੰਪਿਊਟਰ ਖੋਹਲੀ ਬੈਠਾ ਸੀ। ਸੁਖਦੇਵ ਨੇ ਉਸ ਨੂੰ ਅਰਵਿੰਦ ਬਾਰੇ ਦੱਸਿਆ। ਪਟਵਾਰੀ ਨੇ ਉਠ ਕੇ ਉਸ ਨਾਲ ਹੱਥ ਮਿਲਾਇਆ ਤੇ ਹੱਸਦਾ ਹੋਇਆ ਬੋਲਿਆ,

''ਆਹ ਸਾਲਿਆਂ ਕੰਪਿਊਟਰਾਂ ਨੇ ਬੁੱਢੇ ਤੋਤੇ ਪੜ੍ਹਨੇ ਪਾ ਦਿੱਤੇ, ਭਲਾ ਸਾਨੂੰ ਕੀ ਸਮਝ ਏਹਦੀ, ਤੇ ਕੰਮ ਸਾਰਾ ਕਰ ਦਿੱਤਾ ਕੰਪਿਊਟਰਾਂ 'ਤੇ।''

''ਪੂਰਾ ਇੰਡੀਆ ਹੀ ਕੰਪਿਊਟਰਾਈਜ਼ ਹੋ ਗਿਐ ਭਾਈ ਸਾਬ, ਤੁਹਾਡਾ ਕੰਮ ਵੀ ਤਾਂ ਹੋਣਾ ਹੀ ਸੀ।''

''ਭਾਜੀ, ਵੈਸੇ ਤਾਂ ਇਹ ਬਹੁਤ ਵਧੀਆ ਚੀਜ਼ ਆ ਪਰ ਇਹਨਾਂ ਬਹੁਤ ਜਲਦੀ ਕਰ ਦਿੱਤੀ, ਏਧਰੋਂ ਸਵਿੱਚ ਔਫ ਕਰਕੇ ਦੂਜੇ ਪਾਸੇ ਸਵਿੱਚ ਔਨ ਕਰਨ ਨੂੰ ਵਕਤ ਲੱਗਦਾ ਹੁੰਦਾ ਪਰ ਇਹਨਾਂ ਸਭ ਰਾਤੋ ਰਾਤ ਕਰ ਦਿੱਤਾ।''

ਉਸ ਨੇ ਅਰਵਿੰਦ ਦੇ ਬੈਠਣ ਲਈ ਕੁਰਸੀ ਦਿੰਦਿਆਂ ਆਖਿਆ,

''ਤੁਸੀਂ ਅਰਵਿੰਦ ਸਿੰਘ ਵਲਦ ਖੁਸ਼ਹਾਲ ਸਿੰਘ ਵਲਦ ਰੌਣਕ ਸਿੰਘ ਓ?''

''ਜੀ।''

''ਮੈਨੂੰ ਦੀਪੇ ਲੰਬੜ ਨੇ ਦੱਸਿਆ ਸੀ, ਮੈਂ ਬਸ ਤੁਹਾਨੂੰ ਉਡੀਕਦਾ ਹੀ ਸੀ, ਫੇਰ ਮੈਂ ਤਹਿਸੀਲਦਾਰ ਦੇ ਦਫਤਰ ਜਾਣਾ। ...ਲਿਆਓ, ਵਸੀਅਤ ਦਿਓ।''

ਅਰਵਿੰਦ ਨੇ ਵਸੀਅਤ ਵੀ ਤੇ ਉਸ ਦੀ ਕਾਪੀ ਵੀ ਉਸ ਨੂੰ ਫੜਾ ਦਿੱਤੀ। ਜਦ ਤਕ ਦੀਪਾ ਲੰਬੜ ਵੀ ਆ ਗਿਆ। ਪਟਵਾਰੀ ਬੋਲਿਆ,

''ਪੰਦਰਾਂ ਹਜ਼ਾਰ ਲੱਗਣਾ ਭਾਜੀ, ਲੰਬੜ ਨੂੰ ਪੁੱਛ ਲਓ, ਏਦੂੰ ਘੱਟ ਕੰਮ ਨਹੀਂ ਹੁੰਦਾ।''

''ਯੂ ਨੋਅ, ਤਿੰਨ ਤਾਂ ਖੇਤ ਐ ਭਾਈ ਸਾਬ।''

''ਭਾਜੀ, ਏਹ ਮੇਰੀ ਜੇਬ੍ਹ ਵਿਚ ਨਹੀਂ ਜਾਣੇ, ਏਹ ਤਾਂ ਉਪਰ ਤਕ ਥੋੜਾ ਥੋੜਾ ਪ੍ਰਸ਼ਾਦ ਸਭ ਨੂੰ ਹੀ ਦੇਣਾ ਪੈਣਾ। ਸਿੱਧੀ ਉਂਗਲ ਘਿਓ ਨਹੀਂ ਨਿਕਲੇਗਾ ਤੇ ਜ਼ਰਾ ਕੁ ਵਿੰਗੀ ਕਰਨ ਨਾਲ ਕੰਮ ਸੌਖਾ ਹੋ ਜਾਂਦਾ। ਤੁਸੀਂ ਫਿਕਰ ਨਾ ਕਰੋ, ਮੈਂ ਤੁਹਾਡੇ ਨਾਲ ਕੋਈ ਜ਼ਿਆਦਤੀ ਨਹੀਂ ਕਰ ਰਿਹਾ, ਜਿਵੇਂ ਸਿਸਟਮ ਚੱਲਦਾ, ਉਹੀ ਦੱਸ ਰਿਹਾਂ।''

ਉਸ ਨੇ ਸੱਚਾਈ ਦੱਸੀ। ਅਰਵਿੰਦ ਸੌਦੇਬਾਜ਼ੀ ਕਰਨ ਲੱਗ ਪਿਆ। ਜਾ ਕੇ ਗਿਆਰਾਂ ਹਜ਼ਾਰ ਵਿਚ ਸੌਦਾ ਹੋ ਗਿਆ। ਸਾਰਾ ਕੰਮ ਹੁਣ ਉਸੇ ਨੇ ਹੀ ਕਰਾਉਣਾ ਸੀ। ਪੈਸੇ ਫੜ੍ਹ ਕੇ ਬੋਲਿਆ,

''ਹੁਣ ਸਾਨੂੰ ਵਲੈਤੀ ਦਾ ਸੁਆਦ ਵੀ ਦਿਖਾ ਦਿਓ।''

''ਬਹੁਤ ਦਿਨ ਹੋ ਗਏ ਆਏ ਨੂੰ, ਏਨੇ ਦਿਨ ਵਲੈਤੀ ਕਿਥੋਂ ਟਿਕਦੀ ਐ, ਕਹੋਂ ਤਾਂ ਆਹ ਠੇਕੇ ਤੋਂ ਅੰਗਰੇਜ਼ੀ ਮੰਗਵਾ ਦਿਨਾਂ।''

''ਇਹ ਤਾਂ ਹਰ ਰੋਜ਼ ਸਾਨੂੰ ਕੋਈ ਨਾ ਕੋਈ ਸਾਮੀ ਟੱਕਰ ਹੀ ਜਾਂਦੀ ਆ।''

''ਏਨਾ ਕੁ ਤਾਂ ਮੈਨੂੰ ਪਤਾ ਕਿ ਪਟਵਾਰੀਆਂ ਦੀਆਂ ਪੰਜੇ ਘਿਓ 'ਚ ਹੁੰਦੀਆਂ।''

ਅਰਵਿੰਦ ਨੇ ਹੱਸਦਿਆਂ ਕਿਹਾ। ਉਹ ਮਾਯੂਸੀ ਜਿਹੀ ਨਾਲ ਕਹਿਣ ਲੱਗਿਆ,

''ਭਾਜੀ, ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹਿ ਗਈਆਂ, ਆਹ ਕੰਪਿਊਟਰ ਨੇ ਸਾਡਾ ਕੰਮ ਬਹੁਤ ਘਟਾ ਦਿਤਾ। ਹੁਣ ਕੰਪਿਊਟਰਾਈਜ਼ਡ ਫਰਦ ਤਸੀਲ ਵਿਚੋਂ ਵੀਹ ਰੁਪੈ ਵਿਚ ਮਿਲਣ ਲੱਗ ਪਈ ਜਿਹਦੀ ਖਾਤਰ ਅਸੀਂ ਜੱਟ ਤੋਂ ਹਾੜੇ ਕੱਢਵਾਈਦੇ ਸੀ।''

ਆਖਦਿਆਂ ਉਸ ਨੇ ਦਸਤਖਤ ਕਰਨ ਲਈ ਕੁਝ ਪੇਪਰ ਅਰਵਿੰਦ ਮੂਹਰੇ ਕਰ ਦਿੱਤੇ। ਕੰਮ ਤੋਂ ਵਿਹਲਾ ਹੋ ਕੇ ਪਟਵਾਰੀ ਬੋਲਿਆ,

''ਇੰਡੀਆ ਬਹੁਤ ਤਰੱਕੀ ਕਰ ਗਿਆ ਭਾਜੀ, ਕਈ ਗੱਲਾਂ ਤਾਂ ਏਦਾਂ ਦੀਆਂ ਕਿ ਇੰਗਲੈਂਡ ਵਿਚ ਵੀ ਨਹੀਂ ਹੁੰਦੀਆਂ। ਦੇਖੋ ਹੁਣ ਆਹ ਇਲੈਕਸ਼ਨ ਵਿਚ ਵੋਟਾਂ ਦੀ ਗਿਣਤੀ, ਇੰਡੀਆ ਵਿਚ ਕੰਪਿਊਟਰ 'ਤੇ ਹੁੰਦੀ ਆ ਤੇ ਇੰਗਲੈਂਡ ਵਿਚ ਮੈਨੂਅਲ। ਇਥੇ ਅਸੀਂ ਬਹੁਤ ਸਾਲਾਂ ਤੋਂ ਮਸ਼ੀਨਾਂ ਦੇ ਬਟਣ ਦੱਬਦੇ ਆਂ ਤੇ ਇੰਗਲੈਂਡ ਵਿਚ ਹਾਲੇ ਵੀ ਸਹੀ ਟਿੱਕ ਕਰਦੇ ਆ।''

''ਇਹ ਗੱਲ ਤਾਂ ਠੀਕ ਐ ਤੁਹਾਡੀ। ਜਿੱਦਾਂ ਤੁਸੀਂ ਆਪ ਹੀ ਕਿਹਾ ਕਿ ਇੰਡੀਆ ਕੁਝ ਜਲਦੀ ਹੀ ਸਵਿੱਚ ਓਵਰ ਕਰ ਰਿਹੈ, ਏਹ ਬੁਰੀ ਗੱਲ ਨਹੀਂ ਪਰ ਇਹਦੇ ਆਦੀ ਹੋਣਾ ਜ਼ਰਾ ਔਖਾ ਹੋਵੇਗਾ।''

ਅਰਵਿੰਦ ਆਪਣੀ ਰਾਏ ਦਿੱਤੀ। ਉਸ ਦਾ ਕੰਮ ਹੋ ਗਿਆ ਸੀ।

ਉਹ ਵਾਪਸ ਘਰ ਆਏ ਤਾਂ ਉਸ ਦੀ ਭਰਜਾਈ ਨੇ ਉਸ ਦੇ ਸਾਰੇ ਕਪੜੇ ਧੋ ਕੇ ਪਰੈੱਸ ਕਰ ਦਿੱਤੇ ਹੋਏ ਸਨ। ਉਸ ਦਾ ਅਟੈਚੀ ਗੁਪਾਲੇ ਦੀ ਗੱਡੀ ਵਿਚ ਹੀ ਸੀ ਪਰ ਏਹਨਾਂ ਧੋਤੇ ਕਪੜਿਆਂ ਨੇ ਉਸ ਨੂੰ ਅਟੈਚੀ ਵਿਚੋਂ ਹੋਰ ਕਪੜਿਆਂ ਦੀ ਲੋੜ ਨਹੀਂ ਸੀ ਰਹਿਣ ਦਿੱਤੀ।

ਕੁਝ ਦੇਰ ਬਾਅਦ ਬਾਹਰ ਮੋਟਰ ਬਾਈਕ ਖੜ੍ਹਨ ਦੀ ਅਵਾਜ਼ ਆਈ ਤਾਂ ਸੁਖਦੇਵ ਕਹਿ ਉਠਿਆ,

''ਆ ਗਿਆ ਫਿਰੌਤਾ ਸੂੰਹ।''

ਅਗਲੇ ਹੀ ਮਿੰਟ ਲੰਮਾ-ਚੌੜਾ ਸਰਦਾਰ ਅੰਦਰ ਆ ਵੜਿਆ। ਉਸ ਨੇ ਚਮਕਦਾਰ ਐਨਕਾਂ ਲਾਈਆਂ ਹੋਈਆਂ ਸਨ ਤੇ ਚਿੱਟੀ ਦਾਹੜੀ ਨੂੰ ਡੋਰੀ ਨਾਲ ਬੰਨ ਕੇ ਫਿਕਸੋ ਲਾ ਸਾਂਭੀ ਹੋਈ ਸੀ। ਅਰਵਿੰਦ ਉਸ ਨੂੰ ਬਹੁਤ ਸਾਲਾਂ ਬਾਅਦ ਦੇਖ ਰਿਹਾ ਸੀ ਇਸ ਲਈ ਪਛਾਣਨ ਵਿਚ ਜ਼ਰਾ ਕੁ ਦਿੱਕਤ ਆਈ। ਉਸ ਦਾ ਨਾਂ ਤਾਂ ਪਰਮਜੀਤ ਸਿੰਘ ਸੀ ਪਰ ਉਸ ਦੀ ਕਿਸੇ ਆਦਤ ਕਾਰਨ ਕਿਸੇ ਨੇ ਉਸ ਦਾ ਨਾਂ ਫਿਰੌਤਾ ਰੱਖ ਦਿਤਾ ਸੀ ਤੇ ਲੋਕ ਉਸ ਨੂੰ ਫਿਰੌਤਾ ਸਿੰਘ ਕਹਿਣ ਲੱਗ ਪਏ ਸਨ। ਹੁਣ ਉਸ ਦਾ ਇਹੋ ਨਾਂ ਪੂਰੇ ਪਿੰਡ ਵਿਚ ਚਲਦਾ ਸੀ। ਉਸ ਨੇ ਆਕੇ ਅਰਵਿੰਦ ਨਾਲ ਭਰਵਾਂ ਹੱਥ ਮਿਲਾਇਆ ਤੇ ਜੱਫੀ ਵੀ ਪਾਈ। ਸੋਫੇ 'ਤੇ ਬੈਠਦਾ ਹੀ ਦਾ ਅਫਸੋਸ ਕਰਨ ਲੱਗਿਆ। ਫਿਰ ਉਸ ਨੇ ਜੇਬ ਵਿਚੋਂ ਪੈਸਿਆਂ ਦੀ ਗੱਟੀ ਕੱਢਦਿਆਂ ਆਖਿਆ,

''ਭਾਜੀ, ਏਹ ਪੰਜਾਹ ਹਜ਼ਾਰ ਆ।''

ਅਰਵਿੰਦ ਨੇ ਪੈਸੇ ਫੜੇ ਤੇ ਕਿਹਾ,

''ਇਹ ਕੀ ਬਈ? ਰਕਮ ਤਾਂ ਜ਼ਿਆਦਾ ਬਣਦੀ ਐ।''

''ਮੈਨੂੰ ਪਤਾ ਭਾਜੀ ਪਰ ਮੈਂ ਏਨੇ ਹੀ ਲਿਆ ਸਕਿਆਂ। ਪੈਸੇ ਤਾਂ ਦੋ ਸਾਲ ਦੇ ਬਣਦੇ ਆ ਤੇ ਤੀਜਾ ਸਾਲ ਵੀ ਸਿਰ 'ਤੇ ਖੜਾ ਪਰ ਆਹ ਟਾਈਮ ਏਦਾਂ ਦਾ ਕਿ ਪੈਸੇ ਇਕੱਠੇ ਕਰਨੇ ਬਹੁਤ ਮੁਸ਼ਕਲ ਹੁੰਦੇ ਆ। ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਮੈਂ ਕੋਈ ਇੰਤਜ਼ਾਮ ਕਰ ਲੈਂਦਾ।''

ਅਰਵਿੰਦ ਨੇ ਸੋਚਿਆ ਕਿ ਸ਼ਾਇਦ ਉਹਦੀ ਗੱਲ ਸੱਚ ਸੀ। ਉਸ ਨੇ ਬਹੁਤ ਛੋਟੇ ਨੋਟਿਸ 'ਤੇ ਪੈਸੇ ਮੰਗ ਲਏ ਸਨ। ਉਸ ਨੇ ਅੱਗੇ ਗੱਲ ਤੋਰਦਿਆਂ ਕਿਹਾ,

''ਯੂ ਨੋਅ, ਹਾਲ਼ਾ ਬਹੁਤ ਥੋੜਾ ਬਈ ਏਹਨੂੰ ਵਧਾ। ਮੈਨੂੰ ਪਤਾ ਅੱਜਕੱਲ ਹਾਲ਼ੇ ਬਹੁਤ ਐ।''

''ਹਾਲ਼ੇ ਤਾਂ ਭਾਜੀ ਹੈਗੇ ਪਰ ਓਸ ਜ਼ਮੀਨ ਦੇ ਜਿਥੋਂ ਕੁਝ ਨਿਕਲਦਾ ਹੋਵੇ, ਪਾਣੀ ਵੀ ਲੱਗਦਾ ਹੋਵੇ, ਜਦੋਂ ਪਾਣੀ ਥੱਲੇ ਚਲੇ ਗਏ ਤਾਂ ਖਰਚੇ ਵੀ ਵਧ ਗਏ, ਤੁਹਾਡਾ ਪਹਿਲਾ ਟਿਊਵਲ ਤਾਂ ਬਹੁਤ ਸਾਲਾਂ ਦਾ ਨਿਕੰਮਾ ਪਿਆ। ਪਾਣੀ ਮੈਨੂੰ ਮੁੱਲ ਲੈਣਾ ਪੈਂਦਾ। ਏਸ ਲਈ ਤਿੰਨਾਂ ਖੇਤਾਂ ਦਾ ਪੰਜਾਹ ਹਜ਼ਾਰ ਬਹੁਤ ਜ਼ਿਆਦਾ।''

''ਤੂੰ ਬਾਪੂ ਜੀ ਨਾਲ ਵਾਅਦਾ ਕੀਤਾ ਸੀ ਕਿ ਦੋ ਸਾਲ ਦੇ ਹਾਲ਼ੇ ਨਾਲ ਟ੍ਰਬੈਨ ਲਾ ਲਵੇਂਗਾ।''

''ਭਾਜੀ, ਪਾਣੀ ਦਿਨੋ ਦਿਨ ਹੇਠਾਂ ਨੂੰ ਜਾ ਰਹੇ ਆ। ਸੱਮਰਸੀਵਲ ਹੋਰ ਡੂੰਘੇ ਕਰਨੇ ਪੈ ਰਹੇ ਆ, ਓਸ ਵੇਲੇ ਇਕ ਲੱਖ ਨੂੰ ਲੱਗਦਾ ਸੀ, ਹੁਣ ਡੇੜ ਨੂੰ। ਪਾਣੀ ਦਾ ਫੇਰ ਵੀ ਕੋਈ ਭਰੋਸਾ ਨਹੀਂ। ਤੁਸੀਂ ਮੈਨੂੰ ਪਾਣੀ ਦਾ ਇੰਤਜ਼ਾਮ ਕਰ ਦਿਓ ਤੇ ਫੇਰ ਦੇਖ ਲਵਾਂਗੇ। ਜਿੱਦਾਂ ਕਰਨਾ ਹੋਇਆ ਕਰ ਲਵਾਂਗੇ।''

''ਯੂ ਨੋਅ, ਟਾਈਮ ਦੀ ਪ੍ਰੌਬਲਮ ਆਂ, ਅਗਲੀ ਵਾਰ ਮੈਂ ਜ਼ਰਾ ਲੰਮੀ ਛੁੱਟੀ ਲੈ ਕੇ ਆਊਂ। ...ਓਦਾਂ ਮੈਂ ਸੋਚਦਾਂ ਕਿ ਪੰਜਾਹ ਹਜ਼ਾਰ ਨਾਲੋਂ ਤਾਂ ਖੇਤ ਵਿਹਲੇ ਹੀ ਪਏ ਰਹਿਣ ਤਾਂ ਕੋਈ ਮਾੜਾ ਨਹੀਂ।''

''ਭਾਜੀ, ਅੱਜਕੱਲ ਖੇਤੀ ਬਹੁਤ ਘਾਟੇ ਦਾ ਕੰਮ ਆ, ਤੁਸੀਂ ਤਾਂ ਬਾਹਰ ਬੈਠੇ ਓ, ਏਥੇ ਦੀ ਸਿਚੂਏਸ਼ਨ ਦਾ ਬਹੁਤਾ ਨਹੀਂ ਪਤਾ। ਓਵਰ-ਹੈੱਡਜ਼ ਬਹੁਤ ਆ। ਐਤਕੀਂ ਕੰਬੈਨ ਟੁੱਟ ਗਈ ਸੀ ਤਾਂ ਸਾਰੇ ਪੈਸੇ ਧੂ ਕੇ ਲੈ ਗਈ, ਪਰਸੋਂ ਕਰਾਹ ਟੁੱਟ ਗਿਆ ਤਾਂ ਕਿੰਨਾ ਹੀ ਕੰਮ ਰੁਕਿਆ ਖੜਿਆ।''

''ਪਰ ਤੂੰ ਤੇ ਪਤਾ ਲੱਗਾ ਕਿ ਬਹੁਤ ਵੱਡੀ ਪੱਧਰ 'ਤੇ ਖੇਤੀ ਕਰ ਰਿਹੈਂ।''

''ਅੱਜ ਛੋਟੇ ਕਿਸਾਨ ਦਾ ਤਾਂ ਟਾਈਮ ਹੀ ਨਹੀਂ ਏਸੇ ਲਈ ਮੈਂ ਏਡਾ ਵੱਡਾ ਬਗਲਣ ਕੀਤਾ ਹੋਇਆ। ਘਰ ਦੀ ਜ਼ਮੀਨ ਤਾਂ ਤੁਹਾਨੂੰ ਪਤਾ ਕਿ ਥੋੜੀ ਹੀ ਆ, ਇਹ ਤਾਂ ਠੇਕੇ ਦੇ ਸਿਰ 'ਤੇ ਹੀ ਮੈਂ ਸਰਦਾਰ ਸਾਹਿਬ ਬਣਿਆਂ ਫਿਰਦਾਂ। ਨੌਕਰਾਂ ਦੀ ਹੇੜ ਰੱਖਣੀ ਪੈ ਰਹੀ ਆ। ਪੰਜਾਹ ਲੱਖ ਦੀ ਤਾਂ ਮੇਰੇ ਕੋਲ ਮਸ਼ੀਨਰੀ ਐ, ਜਿਹਦਾ ਹੁਣ ਪੰਜ ਲੱਖ ਨਹੀਂ ਮਿਲਣਾ। ਪਿੰਡ ਵਿਚ ਆਪਣੀ ਸ਼ਾਖ ਬਣਾਈ ਰੱਖਣ ਲਈ ਬੜਾ ਕੁਝ ਕਰਨਾ ਪੈਂਦਾ। ਤੁਸੀਂ ਢਕੀਆਂ ਹੀ ਰਿੱਝਣ ਦਿਓ! ਭਾਜੀ, ਜੱਟ ਤੇ ਕਰਜ਼ਾ ਜੌੜੇ ਭਰਾ ਹੁੰਦੇ ਆ!''

ਉਹ ਖੇਤੀ ਕਰਨ ਨਾਲ ਬਹੁਤਾ ਹੀ ਹਰਖਿਆ ਪਿਆ ਸੀ। ਕੁਝ ਦੇਰ ਬਾਅਦ ਫਿਰ ਬੋਲਿਆ,

''ਅਸਲ ਵਿਚ ਭਾਜੀ, ਜੱਟ ਲਈ ਖੇਤੀ ਬਿਜ਼ਨਸ ਨਹੀਂ ਹੁੰਦੀ ਬਲਕਿ ਇਕ ਪੈਸ਼ਨ ਆ। ਜੱਟ ਹੋਣ 'ਤੇ ਸਹੀ ਪਾਉਣ ਦੀ ਖੱਬਤ ਆ। ਬਸ ਸਮਝੋ ਇਹੋ ਖੱਬਤ ਮੈਂ ਹੰਢਾ ਰਿਹਾਂ। ਅੱਧਾ ਪੰਜਾਬ ਇਹੋ ਕੁਝ ਕਰ ਰਿਹੈ। ਏਧਰ ਦੁਆਬੇ ਵਿਚ ਤਾਂ ਹਾਲੇ ਘੱਟ ਆ ਪਰ ਮਾਲਵੇ ਵਿਚ ਜੱਟ ਦੀ ਹਾਲਤ ਬਹੁਤ ਬੁਰੀ ਆ। ਸਮੁੱਚੇ ਤੌਰ 'ਤੇ ਹੀ ਜੱਟ ਦਾ ਕੱਦੂਕੱਸ਼ ਹੋਇਆ ਪਿਆ ਤੇ ਇਹ ਫਿਲਮਾਂ ਵਾਲੇ ਤੇ ਗਾਣਿਆਂ ਵਾਲੇ 'ਜੱਟ' ਲਫਜ਼ ਨੂੰ ਵਰਤ ਵਰਤ ਕੇ ਏਹਦੀ ਹੋਰ ਬੇਇਜ਼ਤੀ ਕਰੀ ਜਾਂਦੇ ਆ।''

ਅਰਵਿੰਦ ਉਸ ਦੀਆਂ ਗੱਲਾਂ ਧਿਆਨ ਪੂਰੇ ਧਿਆਨ ਨਾਲ ਸੁਣ ਰਿਹਾ ਸੀ। ਫਿਰੌਤਾ ਕਹਿੰਦਾ ਗਿਆ,

''ਸਾਨੂੰ ਜੱਟਾਂ ਨੂੰ ਵਿਆਹਾਂ ਸ਼ਾਦੀਆਂ ਵਿਚ ਜ਼ਿਆਦਾ ਖਰਚ ਕਰਨ ਦੀ ਆਦਤ ਆ। ...ਹੁਣ ਮੈਂ ਮੁੰਡੇ ਦਾ ਵਿਆਹ ਕੀਤਾ, ਵਿਤੋਂ ਬਾਹਰ ਜਾ ਕੇ ਖਰਚ ਕਰ ਦਿਤਾ, ਵਿਆਹ ਏਸ ਲਈ ਕੀਤਾ ਕਿ ਕੁੜੀ ਦੇ ਰਿਸ਼ਤੇਦਾਰ ਬਾਹਰ ਗਏ ਹੋਏ ਆ, ਸ਼ਾਇਦ ਕਿਸੇ ਤਰ੍ਹਾਂ ਮੁੰਡੇ ਨੂੰ ਵੀ ਬਾਹਰ ਲੈ ਜਾਣ। ਬਸ ਏਦਾਂ ਹੀ ਕੁੜੀ ਲਈ ਕੋਈ ਬਾਹਰਲਾ ਮੁੰਡਾ ਮਿਲ ਗਿਆ ਤਾਂ ਖਰਚ ਕਰ ਹੋ ਜਾਣਾ। ...ਖੇਤੀ ਨੇ ਵੜ ਜਾਣਾ ਭਾਂਡੇ ਵਿਚ। ਇਹ ਪਤਾ ਹੁੰਦੇ ਵੀ ਭਾਜੀ, ਹਟ ਨਹੀਂ ਹੁੰਦਾ। ਖਰਚੇ ਕਰਨੇ ਹੀ ਪੈਂਦੇ ਆ।''

ਅਰਵਿੰਦ ਨੇ ਖੇਤੀ ਦਾ ਦੂਜਾ ਪਾਸਾ ਸਾਹਮਣੇ ਰੱਖਦਿਆਂ ਆਖਿਆ,

''ਮੇਰਾ ਇਕ ਦੋਸਤ ਐ ਨਵੇਂ ਸ਼ਹਿਰ ਕੋਲ ਪਿੰਡ ਐ ਉਹਦਾ। ਉਹ ਦੱਸਦਾ ਸੀ ਕਿ ਉਹਦੇ ਪਿਓ ਨੇ ਦੋ ਖੇਤਾਂ ਦੇ ਸਿਰ 'ਤੇ ਬਹੁਤ ਵੱਡਾ ਟੱਬਰ ਪਾਲਿਐ, ਕੁੜੀਆਂ ਵਿਆਹੀਆਂ, ਥਾਂ ਖਰੀਦਿਆ। ਕਦੇ ਮਟਰ ਬੀਜਦਾ ਤੇ ਕਦੇ ਭਿੰਡੀਆਂ।''

''ਬਿਲਕੁਲ ਭਾਜੀ, ਆਹ ਜਿਹੜੇ ਕੰਬੋਅ, ਸੈਣੀ ਜਾਂ ਮਹਿਤੋਂ ਆਂ ਇਹ ਏਦਾਂ ਦੇ ਕੰਮ ਕਰ ਲੈਂਦੇ ਆ। ਉਹ ਹੈਗੇ ਹਿੰਮਤੀ। ਉਹਨਾਂ ਦੀ ਸਾਈਕੀ ਜੱਟਾਂ ਵਾਲੀ ਨਹੀਂ। ਇਸ ਸਾਈਕੀ ਤੋਂ ਬਚੇ ਹੋਣ ਕਰਕੇ ਉਹ ਬਹੁਤ ਕਾਮਯਾਬ ਆ।''

''ਯੂ ਨੋਅ, ਤੂੰ ਸਾਰੀ ਗੱਲ ਸਮਝਦਾਂ ਫੇਰ ਵੀ ਸਾਈਕੀ-ਸਾਈਕੀ ਹੀ ਕਰੀ ਜਾਨਾਂ! ਤੂੰ ਬਦਲਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦਾ?''

''ਭਾਜੀ, ਸਾਈਕੀ ਕੋਈ ਕਾਰ ਦਾ ਟਾਇਰ ਨਹੀਂ ਹੁੰਦੀ ਕਿ ਜੈਕ ਲਾਓ ਤੇ ਬਦਲ ਦਿਓ। ਸਾਲਾਂ ਦੇ ਸਾਲ ਲੱਗ ਜਾਂਦੇ ਆ ਏਹਨੂੰ ਬਣਨ ਨੂੰ ਤੇ ਫੇਰ ਬਦਲਣ ਨੂੰ। ਸੋ ਮੈਂ ਤਾਂ ਨਹੀਂ ਬਦਲ ਸਕਣਾ, ਹਾਂ, ਸਾਡੀ ਅਗਲੀ ਪੀੜ੍ਹੀ ਨੇ ਜ਼ਰੂਰ ਬਦਲ ਜਾਣਾ। ਏਹਨਾਂ ਵਿਚ ਜੱਟ ਵਾਲੇ ਅਣੂੰ ਬਹੁਤ ਘੱਟ ਆ। ਜੱਟ ਦਾ ਸਭ ਤੋਂ ਵੱਡਾ ਪਿਆਰ ਜ਼ਮੀਨ ਨਾਲ ਹੁੰਦਾ ਪਰ ਏਸ ਅਗਲੀ ਪੀੜ੍ਹੀ ਦਾ ਜ਼ਮੀਨ ਨਾਲ ਕੋਈ ਪਿਆਰ ਨਹੀਂ। ਏਹ ਤਾਂ ਵੇਚਣ ਲਈ ਕਾਹਲੇ ਫਿਰਦੇ ਆ।''

ਆਖਦਾ ਉਹ ਹੱਸਣ ਲੱਗਿਆ। ਏਨੇ ਵਿਚ ਲਵਲੀਨ ਉਹਨਾਂ ਨੂੰ ਬਾਏ ਕਹਿਣ ਆ ਗਿਆ। ਉਹ ਕਾਲਜ ਜਾ ਰਿਹਾ ਸੀ। ਉਸ ਨੂੰ ਪਤਾ ਸੀ ਕਿ ਅਰਵਿੰਦ ਨੇ ਅੱਜ ਚਲੇ ਜਾਣਾ। ਉਸ ਤੋਂ ਦੁਬਾਰਾ ਮਿਲਣ ਆਉਣ ਦਾ ਵਾਅਦਾ ਲੈ ਕੇ ਉਹ ਚਲੇ ਗਿਆ। ਅਰਵਿੰਦ ਫਿਰੌਤਾ ਸਿੰਘ ਨਾਲ ਆਪਣੀ ਗੱਲ ਹਾਲੇ ਜਾਰੀ ਰੱਖਣੀ ਚਾਹੁੰਦਾ ਸੀ। ਅਸਲ ਵਿਚ ਤਾਂ ਉਹ ਗੁਪਾਲੇ ਨੂੰ ਉਡੀਕ ਰਿਹਾ ਸੀ। ਉਸ ਨੇ ਘੰਟੇ ਕੁ ਤਕ ਆਉਣ ਦਾ ਵਾਅਦਾ ਕੀਤਾ ਹੋਇਆ ਸੀ। ਅਰਵਿੰਦ ਨੇ ਫਿਰੌਤੇ ਨੂੰ ਚਲਦੇ ਰੱਖਣ ਲਈ ਆਖਿਆ,

''ਇਹ ਜੱਟ-ਸਾਈਕੀ ਹੀ ਐ ਜਿਹੜੇ ਏਨੇ ਕਿਸਾਨ ਖੁਦਕਸ਼ੀਆਂ ਕਰ ਰਹੇ ਆ।''

''ਭਾਜੀ, ਏਹ ਕਿਸੇ ਹੱਦ ਤਕ ਗੱਲ ਠੀਕ ਆ ਪਰ ਇਹ ਪ੍ਰੌਬਲਮ ਮਾਲਵੇ ਵਿਚ ਜ਼ਿਆਦਾ। ਇਹ ਗੀਤ ਉਧਰੋਂ ਹੀ ਆਇਆ ਕਿ ਪੁੱਤ ਵੇਚ ਕੇ ਧੀ ਵਿਆਉਣੀ ਪਈ, ਜਾਣੀ ਕਿ ਟਰੈਕਟਰ ਵੇਚ ਕੇ ਕੁੜੀ ਦਾ ਵਿਆਹ ਕਰਨਾ। ਟਰੈਕਟਰ ਕਿਸ਼ਤਾਂ 'ਤੇ ਹੋਵੇਗਾ, ਜਦ ਟਰੈਕਟਰ ਹੀ ਨਹੀਂ ਰਿਹਾ ਤਾਂ ਖੇਤੀ ਕਿੱਦਾਂ ਕਰਨੀ ਆਂ। ਕਿਸ਼ਤ ਨੇ ਵਧੀ ਜਾਣਾ, ਵਿਆਜ ਨੇ ਸੂਈ ਜਾਣਾ! ਬਸ ਇਥੋਂ ਹੀ ਸ਼ੁਰੂ ਹੁੰਦਾ ਖੁਦਕਸ਼ੀ ਦਾ ਰਾਹ।''

''ਬੜੀ ਤਰਸਯੋਗ ਸਥਿਤੀ ਐ!''

''ਭਾਜੀ, ਏਹਦੇ ਵਿਚ ਇਕ ਹੋਰ ਐਂਗਲ ਵੀ ਆ।''

''ਉਹ ਕਿਹੜਾ?''

''ਉਹ ਇਹ ਕਿ ਪਹਿਲਾਂ ਆੜ੍ਹਤੀਏ ਲਾਲੇ ਹੁੰਦੇ ਸੀ ਤੇ ਹੁਣ ਬਹੁਤ ਸਾਰੇ ਆੜ੍ਹਤੀਏ ਜੱਟ ਹੈਗੇ ਆ। ਲਾਲੇ ਆੜ੍ਹਤੀਏ ਨੂੰ ਜ਼ਮੀਨ ਦਾ ਕੋਈ ਲਾਲਚ ਨਹੀਂ ਸੀ ਹੁੰਦਾ। ਉਹ ਕਿਸੇ ਨਾ ਕਿਸੇ ਤਰ੍ਹਾਂ ਜੱਟ ਨੂੰ ਜਿਊਂਦਾ ਰੱਖਣਾ ਚਾਹੁੰਦਾ ਸੀ ਤਾਂ ਜੋ ਉਸ ਦੇ ਪੈਸੇ ਮੁੜਦੇ ਰਹਿਣ। ਅੱਜਕੱਲ ਦਾ ਜੱਟ ਆੜ੍ਹਤੀਆ ਜ਼ਮੀਨ ਨਾਲ ਪਿਆਰ ਕਰਦਾ ਹੁੰਦਾ ਤੇ ਕਰਜ਼ਦਾਰ ਦੀ ਜ਼ਮੀਨ ਕੁਰਕਣ ਦੇ ਬਹਾਨੇ ਲੱਭਦਾ ਰਹਿੰਦਾ। ਇਹ ਗੱਲ ਵੀ ਖੁਦਕਸ਼ੀਆਂ ਵਿਚ ਵਾਧਾ ਕਰਦੀ ਆ।''

''ਤੇਰਾ ਤਾਂ ਬਈ ਬੜਾ ਸਰਵੇ ਕੀਤਾ ਹੋਇਐ।''

''ਸਾਰਾ ਦਿਨ ਇਹਨਾਂ ਗੱਲਾਂ ਨਾਲ ਤਾਂ ਜੂਝਣਾ ਪੈਂਦਾ। ਇਕ ਗੱਲ ਹੋਰ ਦੱਸਾਂ, ਮਾਲਵਾ ਸਾਡੇ ਨਾਲੋਂ ਜ਼ਿਆਦਾ ਪ੍ਰੌਬਲਮ ਵਿਚ ਆ। ਮੇਰਾ ਨਹੀਂ ਖਿਆਲ ਕਿ ਦੁਆਬੇ ਵਿਚੋਂ ਕਿਸੇ ਕਿਸਾਨ ਨੇ ਖੁਦਕਸ਼ੀ ਕੀਤੀ ਹੋਵੇ।''

''ਇਹਦਾ ਹੱਲ ਕੀ ਆ?''

''ਇਹਦਾ ਸਿੱਧਾ ਜਿਹਾ ਹੱਲ ਆ; ਅਮਰੀਕਾ, ਕਨੇਡਾ, ਇੰਗਲੈਂਡ।''

''ਯੂ ਨੋਅ, ਇਹ ਤਾਂ ਕੋਈ ਹੱਲ ਨਾ ਹੋਇਆ।''

''ਸਾਰਾ ਪੰਜਾਬ ਏਹਦਾ ਇਹੋ ਹੱਲ ਹੀ ਸਮਝ ਰਿਹਾ ਤੇ ਇਸੇ ਲਈ ਹਰ ਕੋਈ ਬਾਹਰ ਨਿਕਲਣ ਲਈ ਪੈਸਿਆਂ ਦਾ ਬੈਗ ਭਰੀ ਫਿਰਦਾ।''

ਫਿਰੌਤਾ ਸਿੰਘ ਅਣਜਾਣੇ ਵਿਚ ਹੀ ਅਰਵਿੰਦ ਨੂੰ ਉਸ ਦੇ ਕਈ ਸਵਾਲਾਂ ਦੇ ਜਵਾਬ ਦੇ ਗਿਆ। ਲੋਕਾਂ ਦੇ ਬਾਹਰ ਜਾਣ ਦੇ ਕਾਰਨਾਂ ਦਾ ਤਾਂ ਉਸ ਨੂੰ ਪਤਾ ਸੀ ਕਿ ਉਹ ਚੰਗੇ ਦਿਨਾਂ ਦੀ ਤਲਾਸ਼ ਵਿਚ ਜਾ ਰਹੇ ਸਨ ਪਰ ਕਈ ਲੋਕ ਇਹਨੂੰ ਖੁਸ਼ਹਾਲੀ ਦਾ ਇਕੋ ਇਕ ਰਾਹ ਦੱਸ ਰਹੇ ਸਨ ਇਹ ਉਸ ਲਈ ਨਵੀਂ ਗੱਲ ਸੀ। ਫਿਰੌਤਾ ਆਖਦਾ ਗਿਆ,

''ਸੁਖਦੇਵ ਵੀ ਏਦਾਂ ਹੀ ਸੋਚਦਾ ਤੇ ਮੈਂ ਵੀ। ਗੱਲ ਏਨੀ ਆਂ ਕਿ ਏਹਦਾ ਮੁੰਡਾ ਪੜ੍ਹ ਗਿਆ, ਏਹਦੇ ਚਾਂਸ ਬਾਹਰ ਨਿਕਲਣ ਦੇ ਜ਼ਿਆਦਾ ਹੈਗੇ।''

''ਤੁਹਾਡੀ ਤਾਂ ਸ਼ਾਇਦ ਇਕ ਭੈਣ ਵੀ ਹੈਗੀ ਕਨੇਡਾ ਵਿਚ।''

''ਭੈਣ ਤਾਂ ਹੈਗੀ, ਉਹ ਵਿਚਾਰੀ ਬਥੇਰਾ ਜ਼ੋਰ ਲਾਉਂਦੀ ਰਹਿੰਦੀ ਆ ਪਰ ਸਾਡਾ ਭਣੋਈਆ, ਭੈਣ ਦਾ ਯਾਰ ਕੁਝ ਨਹੀਂ ਕਰਦਾ।''

## ਦਸ

ਮੌਨਸੂਨ ਦੇ ਪੰਜਾਬ ਵਿਚ ਆਉਣ ਦੀ ਤਰੀਕ ਹੋ ਚੁੱਕੀ ਸੀ ਪਰ ਬਰਸਾਤ ਦਾ ਕਿਧਰੇ ਨਾਂ ਨਿਸ਼ਾਨ ਤਕ ਵੀ ਨਹੀਂ ਸੀ। ਕੁਝ ਦਿਨਾਂ ਤੋਂ ਅਸਮਾਨ ਵਿਚ ਬਦਲ ਨਹੀਂ ਸੀ ਦੇਖੇ। ਪੰਜਾਬ ਕੀ ਹੁਣ ਸਾਰੇ ਹਿੰਦੁਸਤਾਨ ਵਿਚ ਹੀ ਮੌਸਮ ਭਰੋਸੇਯੋਗ ਨਹੀਂ ਸੀ ਰਹਿ ਗਿਆ। ਜਿਵੇਂ ਅਰਵਿੰਦ ਦਾ ਤਾਰੇ ਦੇਖਣ ਦਾ ਸੁਫਨਾ ਅਧੂਰਾ ਰਹਿ ਰਿਹਾ ਸੀ ਇਵੇਂ ਹੀ ਮੀਂਹ ਵਿਚ ਨਹਾਉਣ ਦੀ ਤਮੰਨਾ ਵੀ ਪੂਰੀ ਨਹੀਂ ਸੀ ਹੁੰਦੀ ਦਿਸਦੀ। ਹੁਣ ਇਕ ਦਮ ਹੀ ਬਦਲ ਅਸਮਾਨ ਵਿਚ ਛਾਏ ਤੇ ਮੀਂਹ ਦੇ ਅਸਾਰ ਬਣਨ ਲੱਗੇ। ਜਦ ਤਕ ਗੁਪਾਲਾ ਗੱਡੀ ਲੈ ਕੇ ਆਇਆ ਤਾਂ ਕਿਣਮਿਣ ਜਿਹੀ ਸ਼ੁਰੂ ਹੋ ਚੁੱਕੀ ਸੀ। ਲਵਲੀਨ ਦੇ ਦੱਸਣ 'ਤੇ ਕਿ ਗੁਪਾਲਾ ਐਮ. ਏ. ਹੈ, ਅਰਵਿੰਦ ਦਾ ਉਸ ਪ੍ਰਤੀ ਰਵੱਈਆ ਇਕ ਦਮ ਬਦਲ ਗਿਆ। ਹੁਣ ਉਹ ਡਰਾਈਵਰ ਨਾਲੋਂ ਦੋਸਤ ਜ਼ਿਆਦਾ ਲੱਗਣ ਲੱਗ ਪਿਆ ਸੀ। ਉਹ ਪਿੰਡੋਂ ਤੁਰਨ ਲੱਗੇ ਤਾਂ ਵਾਹਵਾ ਛਰਾਟਾ ਜਿਹਾ ਉਤਰ ਆਇਆ। ਸੁਖਦੇਵ ਨੇ ਉਸ ਨੂੰ ਕੁਝ ਦੇਰ ਹੋਰ ਰੁਕ ਕੇ ਮੀਂਹ ਦੇ ਹਟਣ ਦਾ ਇੰਤਜ਼ਾਰ ਕਰਨ ਲਈ ਕਿਹਾ ਪਰ ਉਸ ਦਾ ਜਾਣਾ ਵੀ ਜ਼ਰੂਰੀ ਸੀ। ਮੌਸਮ ਵਧੀਆ ਹੋ ਜਾਣ ਕਾਰਨ ਸੁਖਦੇਵ ਨੇ ਉਸ ਨੂੰ 'ਜਰਨੀ-ਪੈੱਗ' ਦੀ ਪੇਸ਼ਕਸ਼ ਵੀ ਕੀਤੀ ਪਰ ਉਸ ਨੇ ਠੁਕਰਾ ਦਿਤੀ।

ਗੱਡੀ ਪਿੰਡ ਦੇ ਸਿਵਿਆਂ ਕੋਲ ਦੀ ਲੰਘ ਰਹੀ ਸੀ। ਅਰਵਿੰਦ ਦੇ ਮਨ ਵਿਚ ਇਕ ਉਬਾਲ ਜਿਹਾ ਉਠਿਆ। ਉਸ ਨੇ ਗੁਪਾਲੇ ਨੂੰ ਕਿਹਾ,

''ਛੋਟੇ ਭਾਈ ਗੱਡੀ ਰੋਕੀਂ ਬਈ ਜ਼ਰਾ ਕੁ।''

''ਹੁਣ ਤਾਂ ਆਹ ਬਰਾਂਡਾ ਵੀ ਬਣਾ ਦਿਤਾ ਤੇ ਸਿਵੇ ਉਪਰ ਸ਼ੈਡ ਵੀ। ਪਹਿਲੀਆ ਵਿਚ ਮੀਂਹ ਵੇਲੇ ਬਹੁਤ ਔਖਾ ਹੋ ਜਾਂਦਾ ਸੀ।''

ਗੁਪਾਲੇ ਨੇ ਗੱਡੀ ਰੋਕਦਿਆਂ ਕਿਹਾ। ਅਰਵਿੰਦ ਨੇ ਆਪਣੀ ਮਾਂ ਦਾ ਸਸਕਾਰ ਆਪਣੇ ਹੱਥੀ ਇਥੇ ਹੀ ਕੀਤਾ ਸੀ। ਮਾਂ ਤੋਂ ਪਹਿਲਾਂ ਬਾਬਾ, ਬੇਬੇ, ਚਾਚਾ ਤੇ ਘਰ ਦੇ ਹੋਰ ਕਈ ਜੀਆਂ ਦਾ ਵੀ। ਉਹ ਅਤੀਤ ਵਿਚ ਗੁਆਚਦਾ ਬੋਲਿਆ,

''ਹਾਂ ਬਈ। ਬਹੁਤ ਜਨਾਜ਼ਿਆਂ ਵਿਚ ਸ਼ਾਮਲ ਹੋਇਆ ਮੈਂ। ਕਦੇ ਵੇਲਾ ਸੀ ਕਿ ਇੰਗਲੈਂਡ ਵਿਚ ਵਸਦਾ ਹਰ ਬੰਦਾ ਚਾਹੁੰਦਾ ਸੀ ਕਿ ਉਸ ਦਾ ਸਸਕਾਰ ਉਸ ਦੇ ਪਿੰਡ ਦੇ ਸਿਵਿਆਂ ਵਿਚ ਹੋਵੇ। ਹੁਣ ਇਹ ਐਟੀਚੂਡ ਬਦਲ ਚੁਕਿਐ।''

ਗੱਲ ਕਰਦਾ ਉਹ ਇਕ ਦਮ ਉਦਾਸ ਹੋ ਗਿਆ। ਉਸ ਦੇ ਬਾਪੂ ਜੀ ਨੇ ਵੀ ਕਦੇ ਪਿੰਡ ਜਾ ਕੇ ਮਰਨ ਦੀ ਖਾਹਿਸ਼ ਜਤਾਈ ਸੀ। ਉਹਦੀ ਖਾਹਿਸ਼ ਤਾਂ ਕੀ ਪੂਰੀ ਹੋਣੀ ਸੀ, ਉਹਦੇ ਤਾਂ ਹਾਲੇ ਅਸਤ ਵੀ ਕੀਰਤ ਪੁਰ ਨਹੀਂ ਸਨ ਪੁੱਜੇ। ਗੁਪਾਲਾ ਇਕ ਪਾਸੇ ਛੱਪੜ ਵਲ ਇਸ਼ਾਰਾ ਕਰਦਾ ਬੋਲਿਆ,

"ਔਹ ਦੇਖੋ ਕਿੰਦਾਂ ਬੂਰ ਤੇ ਬੂਟੀ ਨਾਲ ਭਰਿਆ ਪਿਆ। ਜਦ ਅਸੀਂ ਛੋਟੇ ਛੋਟੇ ਹੁੰਦੇ ਸੀ ਤਾਂ ਏਸ ਛੱਪੜ ਵਿਚ ਨਾਪੇ ਬਹੁਤ ਹੁੰਦੇ ਸੀ। ਮੈਂ ਆਪਣੇ ਬਾਬੇ ਨਾਲ ਨਾਪੇ ਤੋੜਨ ਆਇਆ ਕਰਦਾ ਸੀ ਤੇ ਬਾਬਾ ਸਾਨੂੰ ਨਾਪਿਆਂ ਦਾ ਹਾਰ ਬਣਾਉਣਾ ਸਿਖਾਇਆ ਕਰਦਾ ਸੀ।"

"ਯੂ ਨੋਅ ਛੋਟੇ ਭਾਈ, ਮੈਂ ਵੀ ਇਸ ਤਜਰਬੇ ਵਿਚ ਦੀ ਲੰਘਿਆਂ। ਇਕ ਤਾਂ ਨਾਪੇ ਦੀ ਡੰਡੀ ਹੱਥ ਭਰ ਹੁੰਦੀ ਸੀ ਤੇ ਇਸ ਦੀ ਛਿੱਲ ਮੋਟੀ ਹੁੰਦੀ ਸੀ ਜਿਸ ਕਰਕੇ ਉਸ ਦੀ ਮਾਲਾ ਜਿਹੀ ਬਣ ਜਾਂਦੀ ਸੀ, ਇਕ ਟੋਟਾ ਇਧਰ ਤੇ ਇਕ ਟੋਟਾ ਓਧਰ। ਮੇਰੇ ਵੀ ਛੋਟੇ ਹੁੰਦੇ ਦੇ ਬਾਬਾ ਨਾਪਾ ਤੋੜ ਕੇ ਹਾਰ ਬਣਾ ਕੇ ਮੇਰੇ ਗਲ਼ ਵਿਚ ਪਾ ਦਿਆ ਕਰਦਾ ਸੀ। ਬਚਪੱਨ ਵੀ ਕਿੰਨਾ ਖੂਬਸੂਰਤ ਹੁੰਦੈ ਯਾਰ!"

ਆਖਦਾ ਅਰਵਿੰਦ ਪੁਰਾਣੇ ਦਿਨਾਂ ਵਿਚ ਪੁੱਜ ਗਿਆ।

ਸਾਹਮਣੇ ਲੰਮੀ-ਚਿੱਟੀ ਦਾਹੜੀ ਤੇ ਮੈਲੈ ਜਿਹੇ ਕਪੜਿਆਂ ਵਾਲਾ ਇਕ ਬੰਦਾ ਤੁਰਿਆ ਆ ਰਿਹਾ ਸੀ। ਗੁਪਾਲਾ ਬੋਲਿਆ,

"ਲਓ ਭਾਜੀ, ਆ ਗਿਆ ਝੰਮੋ, ਇਹ ਕੱਲ ਦਾ ਹੀ ਤੁਹਾਡੇ ਬਾਰੇ ਪੁੱਛੀ ਜਾਂਦਾ ਸੀ, ਹੁਣ ਤੁਹਾਡੇ ਤੋਂ ਬੋਤਲ ਦੇ ਪੈਸੇ ਮੰਗੂ!"

ਅਰਵਿੰਦ ਨੂੰ ਯਾਦ ਆਇਆ ਕਿ ਝੰਮੋ ਉਸ ਤੋਂ ਦੋ ਕੁ ਸਾਲ ਮੁਹਰੇ ਹੋਇਆ ਕਰਦਾ ਸੀ। ਉਸ ਨੇ ਪੁੱਛਿਆ,

"ਆਹ ਕੀ ਹਾਲਤ ਬਣਾਈ ਫਿਰਦਾ ਇਹ?"

"ਚੌਵੀ ਘੰਟੇ ਦਾ ਸ਼ਰਾਬੀ ਆ ਜੀ, ਕਹੋ ਤਾਂ ਕਹਿਣ ਲੱਗਦਾ ਕਿ ਲੰਡਾ ਚਿੜਾ, ਖਸਮ ਖੁਦਾ!"

ਜਦ ਤਕ ਉਹ ਗੱਡੀ ਦੇ ਬਰਾਬਰ ਆ ਗਿਆ। ਅਰਵਿੰਦ ਨੇ ਕਾਰ ਦਾ ਬੂਹਾ ਖੋਹਲ ਦਿਤਾ। ਝੰਮੋ ਨੇ ਉਸ ਨਾਲ ਹੱਥ ਮਿਲਾਇਆ। ਉਸ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਗੁਪਾਲਾ ਕਹਿਣ ਲੱਗਿਆ,

"ਆਹ ਮੂੰਹ ਨਾਲ ਏਨਾ ਸਣ ਬੰਨੀਂ ਫਿਰਦਾਂ ਏਹਦੀ ਹੀ ਸ਼ਰਮ ਕਰ, ਘੱਟ ਪੀਆ ਕਰ!"

"ਮੁੰਡਿਆ, ਤੂੰ ਪਿਓ-ਮਸ਼ਕਰੀਆਂ ਕਰਦਾਂ! ...ਛੋਟੇ ਭਾਈ, ਬੋਤਲ ਦੇ ਪੈਸੇ ਦੇਹ।"

ਅਰਵਿੰਦ ਨੇ ਦੌ ਸੌ ਰੁਪਏ ਉਹਨੂੰ ਦੇ ਦਿਤੇ। ਝੰਮੋ ਨੇ ਪੈਸੇ ਫੜੇ ਤੇ ਛੋਹਲੇ ਕਦਮੀਂ ਤੁਰ ਗਿਆ। ਅਰਵਿੰਦ ਦਾ ਦਿਲ ਕਰਦਾ ਸੀ ਕਿ ਉਹਦੇ ਨਾਲ ਕੋਈ ਗੱਲ ਸਾਂਝੀ ਕਰੇ। ਕੋਈ ਯਾਦ ਹੀ ਤਾਜ਼ਾ ਹੋਵੇ ਪਰ ਝੰਮੋ ਦਾ ਜਿਵੇਂ ਨਸ਼ਾ ਟੁੱਟ ਰਿਹਾ ਸੀ, ਉਹ ਠੇਕੇ ਵਲ ਨੂੰ ਭੱਜ ਤੁਰਿਆ। ਅਰਵਿੰਦ ਉਸ ਨੂੰ ਜਾਂਦੇ ਨੂੰ ਦੇਖਦਾ ਜਾ ਰਿਹਾ ਸੀ। ਗੁਪਾਲਾ ਬੋਲਿਆ,

"ਚੰਗਾ ਭਲਾ ਬੰਦਾ ਸੀ, ਸ਼ਰਾਬ ਨੇ ਖਰਾਬ ਕਰ 'ਤਾ।"

"ਅੱਛਾ! ਏਨੀ ਕਿਉਂ ਪੀਵੀ ਜਾਂਦਾ?"

"ਇਕ ਦਿਨ ਮੈਂ ਏਹਦੇ ਨਾਲ ਗੱਲ ਕੀਤੀ ਸੀ, ਕਹਿੰਦਾ; ਮੇਰੇ ਕਿਹੜੇ ਪੱਪੂ-ਛੱਪੂ ਰੋਂਦੇ ਆ। ਨਿਆਣਾ ਜਿਉਂ ਹੈ ਨਹੀਂ ਏਹਦੇ। ਮੈਂ ਕਿਹਾ ਹੁਣ ਪੱਪੂ-ਛੱਪੂ ਵੀ ਅਸੀਂ ਕਰਨੇ ਸੀ?"

ਆਖਦਿਆਂ ਗੁਪਾਲੇ ਨੇ ਗੱਡੀ ਤੋਰ ਲਈ। ਉਸ ਦੀ ਗੱਲ 'ਤੇ ਅਰਵਿੰਦ ਹੱਸਣ ਲੱਗਿਆ।

ਮੀਂਹ ਹਾਲੇ ਵੀ ਹਲਕਾ ਹਲਕਾ ਪੈ ਰਿਹਾ ਸੀ। ਅਰਵਿੰਦ ਨੇ ਫੁਹਾਰ ਦਾ ਅਨੰਦ ਲੈਣ ਲਈ ਕਾਰ ਵਿਚੋਂ ਹੱਥ ਬਾਹਰ ਕੱਢ ਲਿਆ। ਗੁਪਾਲਾ ਕਹਿਣ ਲੱਗਿਆ,

"ਭਾਜੀ, ਸੌਣ ਵਿਚ ਵੀ ਹੁਣ ਭਾਦੋਂ ਵਾਂਗ ਛਰਾਟੇ ਪੈਣ ਲੱਗਦੇ ਆ। ਬੰਨੇ ਨਾਲ ਬੰਨਾ ਛੱਡ ਜਾਂਦੇ ਆ ਇਹ ਬੱਦਲ। ਸਮੇਂ ਨਾਲ ਸਾਰਾ ਮੌਸਮ ਹੀ ਬਦਲ ਗਿਆ। ਸਿਆਲਾਂ ਨੂੰ ਸਾਲੀ ਧੁੰਦ ਹੀ ਪਿੱਛਾ ਨਹੀਂ ਛੱਡਦੀ।"

ਉਹ ਥੋੜਾ ਹੋਰ ਅੱਗੇ ਗਏ ਤਾਂ ਸੱਚ ਉਹੀ ਗੱਲ ਹੋਈ। ਉਹਨਾਂ ਦੇ ਉਪਰ ਧੁੱਪ ਆ ਗਈ ਤੇ ਸਾਹਮਣੇ ਮੀਂਹ ਪੈ ਰਿਹਾ ਸੀ।

ਅਗਲੇ ਪਿੰਡ ਵਾਹਵਾ ਸਾਰੀਆਂ ਇਮਾਰਤਾਂ ਦੇਖ ਕੇ ਅਰਵਿੰਦ ਬੋਲਿਆ,

"ਆਹ ਤਾਂ ਬਈ ਫੈਕਟਰੀਆਂ ਲਗਾਈਆਂ ਲੱਗਦੀਆਂ।"

"ਇਹ ਆਪਣੇ ਇਲਾਕੇ ਦੇ ਐਮ. ਐਲ. ਏ. ਦਾ ਪਿੰਡ ਆ, ਪਹਿਲਾ ਖਾਲਿਸਤਾਨੀਆਂ ਨੇ ਗੱਡੀ ਚਾੜ੍ਹ ਦਿਤਾ ਸੀ, ਇਹ ਹੁਣ ਉਹਦਾ ਮੁੰਡਾ ਹੈਗਾ। ਆਪਣੇ ਪਿੰਡ ਦੀ ਏਹਨੇ ਬਹੁਤ ਤਰੱਕੀ ਕਰਵਾ ਦਿੱਤੀ ਪਰ ਸਾਡੇ ਪਿੰਡ ਦਾ ਕੁਝ ਨਹੀਂ ਸਵਾਰਿਆ।"

"ਕਿਉਂ?"

"ਕਿਉਂਕਿ ਸਾਡੇ ਪਿੰਡ ਵਾਲੇ ਓਹਨੂੰ ਵੋਟਾਂ ਨਹੀਂ ਪਾਉਂਦੇ ਤੇ ਇਸੇ ਦੀ ਸਜ਼ਾ ਦਿੰਦਾ ਉਹ।"

"ਯੂ ਨੋਅ, ਇਹੋ ਤਾਂ ਗੰਦੀ ਸਿਆਸਤ ਐ ਸਾਡੇ ਮੁਲਕ ਦੀ।"

"ਇਹੀ ਨਹੀਂ, ਆਹ ਮਾਹਿਲਪੁਰ ਪਹਿਲਾਂ ਚੋਣ ਹਲਕਾ ਹੁੰਦਾ ਸੀ, ਇਹਨਾਂ ਸਿਆਸੀ ਬੰਦਿਆਂ ਨੇ ਕੋਈ ਅਜਿਹੀ ਸਾਜ਼ਿਸ਼ ਚਲਾਈ ਕਿ ਚੱਬੇਵਾਲ ਨੂੰ ਚੋਣ ਹਲਕਾ ਬਣਾ ਦਿੱਤਾ।"

ਥੋੜਾ ਅੱਗੇ ਗਏ ਤਾਂ ਖੱਬੇ ਹੱਥ ਖੇਤਾਂ ਵਿਚ ਕੋਠੀ ਬਣੀ ਹੋਈ ਸੀ। ਗੁਪਾਲਾ ਉਸ ਵੱਲ ਇਸ਼ਾਰਾ ਕਰਦਾ ਬੋਲਿਆ,

"ਇਹ ਸਰਦਾਰ ਇਕਬਾਲ ਸੂੰਹ ਦੀ ਆ। ਏਹਦੇ ਨਾਲ ਮੈਂ ਥੜਾ ਚਿਰ ਡਰਾਇਵਰੀ ਕੀਤੀ ਆ। ਬੜੀ ਚਾਲੂ ਚੀਜ਼ ਆ ਭਾਜੀ!"

"ਅੱਛਾ!"

"ਇਹਦੇ ਇਕ ਭਈਆ ਕੰਮ ਕਰਦਾ ਸੀ, ਸ਼ਸ਼ੀ। ਪੜਿਆ-ਲਿਖਿਆ ਮੁੰਡਾ ਸੀ। ਇਹਦਾ ਟਰੈਕਟਰ ਵੀ ਚਲਾਉਂਦਾ ਸੀ ਤੇ ਪਸ਼ੂ ਵੀ ਸੰਭਾਲਦਾ ਸੀ। ਸਰਦਾਰ ਦੀ ਕੁੜੀ ਸੀ, ਮਨਪ੍ਰੀਤ। ਕੁੜੀ ਕੀ ਸੀ ਜੀ, ਬਸ, ਨਿਰੀ ਅੱਗ ਦੀ ਲਾਟ! ਪਰ ਉਹਦਾ ਰਿਸ਼ਤਾ ਅਮਰੀਕਾ ਵਿਚ

ਹੋਇਆ ਵਾ ਸੀ। ਇਕਬਾਲ ਸੂੰਹ ਨੂੰ ਪਤਾ ਸੀ ਕਿ ਉਹਦੀ ਕੁੜੀ ਸੁਹਣੀ ਆ ਤੇ ਮੁੰਡੇ ਉਹਦੇ ਮਗਰ ਫਿਰਨਗੇ ਹੀ। ਇਹ ਵੀ ਡਰ ਸੀ ਕਿ ਕਿਤੇ ਅਮਰੀਕਾ ਜਾਣ ਦੀ ਥਾਂ ਕਿਸੇ ਹੋਰ ਮੁੰਡੇ ਨਾਲ ਹੀ ਨਾ ਦੌੜ ਜਾਵੇ। ਪਰ ਕੁੜੀ ਏਦਾਂ ਦੀ ਹੈ ਨਹੀਂ ਸੀ।''

ਇਕ ਟਰੱਕ ਨੂੰ ਓਵਰ-ਟੇਕ ਕਰ ਕੇ ਉਹ ਫਿਰ ਬੋਲਿਆ,

''ਕੁੜੀ ਆਖਰ ਅੱਗ ਦੀ ਲਾਟ ਸੀ, ਅੱਗ ਬੰਨ ਕੇ ਤਾਂ ਰੱਖੀ ਨਹੀਂ ਜਾ ਸਕਦੀ ਤੇ ਲਾਟ ਨੇ ਭੱਈਆ ਜਾ ਢਾਇਆ।''

''ਕਿਹੜਾ, ਉਹੀ ਸ਼ਸ਼ੀ?''

''ਉਹੀ, ...ਸਰਦਾਰ ਨੂੰ ਪਤਾ ਚੱਲ ਗਿਆ ਪਰ ਉਹ ਚੁੱਪ ਰਿਹਾ। ਉਹ ਸਮਝਦਾ ਸੀ ਕਿ ਏਦਾਂ ਕੁੜੀ ਬਚੀ ਰਹੇਗੀ, ਬਾਹਰ ਬਦਨਾਮੀ ਨਹੀਂ ਹੋਵੇਗੀ। ਵਕਤ ਆਉਣ 'ਤੇ ਕੁੜੀ ਉਹਨੇ ਅਮਰੀਕਾ ਨੂੰ ਚਾੜ੍ਹ ਦਿੱਤੀ। ਭਈਆ ਤਿੜ-ਫਿੜ ਕਰਨ ਲੱਗਿਆ, ਉਹਨੇ ਭਈਆ ਹੀ ਗਾਇਬ ਕਰ ਦਿੱਤਾ।''

''ਉਹ ਕਿੱਦਾਂ?''

''ਕਿੱਦਾਂ ਕੀ! ਬਰਸਾਤਾਂ ਦੇ ਦਿਨ ਸਨ, ਸਤਲੁਜ ਚੜ੍ਹਿਆ ਹੋਇਆ ਸੀ, ਮਾਰ ਕੇ ਹੜ੍ਹਾ ਦਿੱਤਾ ਹੋਏਗਾ। ਪਾਣੀ ਵਿਚ ਦੋ ਦਿਨਾਂ ਵਿਚ ਲਾਸ਼ ਬੇਪੱਛਾਣ ਹੋ ਜਾਂਦੀ ਆ।''

''ਯੂ ਨੋਅ, ਏਦਾਂ ਕਰਨਾ ਏਨਾ ਸੌਖਾ ਨਹੀਂ ਹੋਣਾਂ ਗੁਪਾਲੇ, ਜਿੰਨਾ ਤੂੰ ਕਹਿ ਰਿਹਾਂ।''

''ਠੀਕ ਭਾਜੀ, ਪਰ ਸਰਦਾਰ ਇਕਬਾਲ ਸੂੰਹ ਬਹੁਤ ਤੇਜ਼ ਬੰਦਾ ਆ। ਏਹਨੇ ਠਾਣੇ ਰਿਪੋਟ ਕੀਤੀ ਕਿ ਭਈਆ ਪੰਦਰਾਂ ਹਜ਼ਾਰ ਲੈ ਕੇ ਦੌੜ ਗਿਆ। ਹੁਣ ਪੰਦਰਾਂ ਹਜ਼ਾਰ ਪਿੱਛੇ ਪੁਲਸ ਭੱਈਏ ਨੂੰ ਕਿਥੋਂ ਲੱਭਦੀ ਫਿਰੇਗੀ! ਨਾਲ ਹੀ ਇਹ ਰੌਲਾ ਵੀ ਪਾ ਦਿੱਤਾ ਕਿ ਉਹ ਗੰਗਾ ਨਗਰ ਕਿਸੇ ਨਾਲ ਜਾ ਲੱਗਿਆ।''

''ਉਹਦਾ ਪਿੱਛਾ ਨਹੀਂ ਕੀਤਾ ਕਿਸੇ ਨੇ?''

''ਉਹਦਾ ਬੁੜਾ ਜਿਹਾ ਪਿਓ ਆਇਆ ਸੀ, ਏਹਨੇ ਉਹਨੂੰ ਦਸ ਹਜ਼ਾਰ ਦੇ ਦਿੱਤਾ। ਹੁਣ ਗਰੀਬ ਲਈ ਦਸ ਹਜ਼ਾਰ ਵੀ ਬਹੁਤ ਹੋ ਜਾਂਦਾ।''

ਗੱਲ ਕਰਦਾ ਗੁਪਾਲਾ ਬਹੁਤ ਉਦਾਸ ਹੋ ਗਿਆ ਤੇ ਬਹੁਤ ਦੇਰ ਤਕ ਚੁੱਪ ਚਾਪ ਗੱਡੀ ਚਲਾਉਂਦਾ ਰਿਹਾ।...

ਉਸ ਨੇ ਉਂਕਾਰ ਨੂੰ ਦੱਸਿਆ ਹੋਇਆ ਸੀ ਕਿ ਉਹ ਹੋਟਲ ਵਿਚ ਠਹਿਰੇਗਾ। ਉਂਕਾਰ ਦੀ ਪਤਨੀ ਬਹੁਤ ਹੀ ਧਾਰਮਿਕ ਸੀ। ਉਹ ਘਰ ਸ਼ਰਾਬ-ਮੀਟ ਨਹੀਂ ਸੀ ਵੜਨ ਦਿੰਦੀ। ਅਰਵਿੰਦ ਕੋਲ ਹੋਟਲ ਵਿਚ ਰਹਿਣ ਦਾ ਇਹ ਵਧੀਆ ਬਹਾਨਾ ਸੀ। ਉਂਕਾਰ ਨੂੰ ਉਸ ਨੇ ਹੋਟਲ ਵਿਚ ਹੀ ਮਿਲ ਲੈਣਾ ਸੀ। ਹੋਟਲ ਵਿਚ ਰਹਿ ਕੇ ਹੀ ਉਸ ਨੇ ਦਿਲਬਾਗ ਨੂੰ ਮਿਲ ਆਉਣਾ ਸੀ। ਉਸ ਨੇ ਉਂਕਾਰ ਨੂੰ ਫੋਨ ਕੀਤਾ ਤਾਂ ਉਹ ਪੁੱਛਣ ਲੱਗਿਆ,

''ਕਿੱਥੇ ਆਂ ਤੂੰ?''

''ਮੈਂ ਮਾਹਿਲਪੁਰ ਦੇ ਨੇੜੇ ਆਂ, ਬਸ ਅੱਧੇ ਘੰਟੇ ਤਕ ਹੁਸ਼ਿਆਰ ਪੁਰ ਪੁੱਜ ਜਾਣਾ।''

''ਤੂੰ ਫੇਰ ਸਿੱਧਾ ਮੇਰੇ ਘਰ, ਹੀਰਾ ਕਲੋਨੀ ਆ ਜਾ।''

''ਮੈਂ ਸ਼ਿਵਾਲਕ ਹੋਟਲ ਵਿਚ ਕਮਰਾ ਬੁੱਕ ਕਰਾਇਆ ਹੋਇਆ। ਤੂੰ ਏਦਾਂ ਕਰ ਬਸ ਸਟੈਂਡ 'ਤੇ ਆ ਜਾ, ਕਮਰੇ ਵਿਚ ਚੈਕ-ਇਨ ਕਰਕੇ ਅਗਲਾ ਪ੍ਰੋਗਰਾਮ ਬਣਾਵਾਂਗੇ।''

''ਨਹੀਂ ਤੂੰ ਆ ਕੇ ਚਾਹ ਦਾ ਕੱਪ ਪੀ ਕੇ ਚਲੇ ਜਾਵੀਂ।''

''ਪਹਿਲਾਂ ਸਮਾਨ ਹੋਟਲ ਵਿਚ ਰੱਖ ਲਈਏ, ਫੇਰ ਜਿੱਦਾਂ ਤੂੰ ਕਹੇਂ...।''

''ਚੱਲ ਜਦ ਤੂੰ ਸ਼ਹਿਰ ਵਿਚ ਪੁੱਜ ਜਾਵੇਂ ਤਾਂ ਮੈਨੂੰ ਫੋਨ ਕਰ ਦੇਵੀਂ ਮੈਂ ਸ਼ਿਵਾਲਕ ਹੋਟਲ ਹੀ ਪੁੱਜ ਜਾਵਾਂਗਾ।''

ਉਂਕਾਰ ਤੋਂ ਬਾਅਦ ਉਸ ਨੇ ਦਿਲਬਾਗ ਨੂੰ ਕਾਲ ਕਰ ਲਈ। ਦਿਲਬਾਗ ਵੇਲਾਂ ਦੇ ਚਾਚੇ ਦਾ ਪੁੱਤ-ਭਰਾ ਸੀ ਤੇ ਵੇਲਾਂ ਦੀ ਪਰਿਵਾਰਕ ਜ਼ਮੀਨ ਉਹੀ ਸੰਭਾਲਦਾ ਸੀ ਤੇ ਆਏ ਗਏ ਦੀ ਮਹਿਮਾਨ ਨਿਵਾਜ਼ੀ ਵੀ ਕਰਦਾ। ਵੇਲਾਂ ਇੰਡੀਆ ਆਈ ਉਸ ਕੋਲ ਹੀ ਠਹਿਰਦੀ ਸੀ। ਦਰਸ਼ੀਲ ਵੀ ਇਕ ਵਾਰ ਦਿਲਬਾਗ ਕੋਲ ਕੁਝ ਦਿਨ ਰਹਿ ਗਿਆ ਸੀ। ਦਿਲਬਾਗ ਨੇ ਫੋਨ ਚੁੱਕਿਆ। ਉਸ ਦੀ ਅਵਾਜ਼ ਪਛਾਣਦਾ ਬੋਲਿਆ,

''ਭਾਜੀ, ਤੁਸੀਂ ਮੇਰੇ ਕੋਲ ਆ ਜਾਓ ਤੇ ਇਥੇ ਹੀ ਰਹੋ।''

''ਭਾਜੀ, ਮੈਂ ਮਿਲਣ ਆਵਾਂਗਾ ਤੇ ਗੱਲਾਂ ਕਰਾਂਗੇ ਪਰ ਪਹਿਲਾਂ ਫੋਨ ਕਰਾਂਗਾ।''

ਉਹ ਸ਼ਿਵਾਲਕ ਹੋਟਲ ਪੁੱਜੇ ਤਾਂ ਉਂਕਾਰ ਪਹਿਲਾਂ ਹੀ ਆਇਆ ਖੜਾ ਸੀ। ਉਹ ਕਮਰਾ ਲੈਣ ਦੀ ਕਾਰਵਾਈ ਪੂਰੀ ਕਰਨ ਲੱਗੇ। ਉਂਕਾਰ ਬੋਲਿਆ,

''ਆਪਣਾ ਪ੍ਰੋਗਰਾਮ ਇਹ ਆ ਕਿ ਸ਼ਾਮ ਨੂੰ ਅਸੀਂ ਕੁਝ ਦੋਸਤਾਂ ਨੇ ਰਲ਼ ਕੇ ਤੇਰੇ ਲਈ ਪਾਰਟੀ ਰੱਖੀ ਹੋਈ ਆ।''

''ਕੈਸੀ ਪਾਰਟੀ?''

''ਦੇਖੋ ਬਈ, ਮੈਨੂੰ ਤਾਂ ਇਹਨਾਂ ਕੰਮਾਂ ਦੀ ਸਖਤ ਮਨਾਹੀ ਆ ਸੋ ਤੇਰਾ ਸਾਥ ਨਹੀਂ ਦੇ ਸਕਦਾ। ਹੁਣ ਤੇਰਾ ਸਾਥ ਦੇਣ ਲਈ ਕੋਈ ਤਾਂ ਚਾਹੀਦਾ। ਤੇਰੀ ਕਲੱਬ ਦੇ ਮੇਰੇ ਕੁਝ ਦੋਸਤ ਹੈਗੇ।''

''ਯੂ ਨੋਅ, ਇਥੇ ਹੋਟਲ ਹੀ ਸੱਦ ਲੈਨੇ ਆਂ ਸਾਰਿਆਂ ਨੂੰ।''

''ਨਹੀਂ, ਅਸੀਂ ਇਕ ਦੋਸਤ ਦੇ ਘਰ ਬੈਠਣ ਦਾ ਇੰਤਜ਼ਾਮ ਕੀਤਾ ਹੋਇਆ।''

''ਠੀਕ, ਜਿੱਦਾਂ ਤੇਰੀ ਮਰਜ਼ੀ।''

"ਇਸ ਵੇਲੇ ਹੁਣ ਆਪਾਂ ਘਰ ਨੂੰ ਚੱਲੀਏ, ਤੇਰੀ ਭਰਜਾਈ ਉਡੀਕ ਰਹੀ ਆ। ਚਾਹ ਤਾਂ ਉਹ ਬੜੇ ਚਾਅ ਨਾਲ ਪਲ਼ਾਏਗੀ। ...ਹੁਣ ਕੀ ਕਰਾਂ ਯਾਰ, ਸ਼ਰਾਬ ਦੇ ਮਾਮਲੇ ਵਿਚ ਉਹ ਬਹੁਤਾ ਹੀ ਡਰਾਮਾ ਕਰਦੀ ਆ।"

ਉਹ ਉਂਕਾਰ ਦੇ ਘਰ ਨੂੰ ਚੱਲ ਪਏ। ਹੋਟਲ ਤੋਂ ਜ਼ਰਾ ਹਟਵਾਂ ਸੀ, ਸ਼ਹਿਰ ਦੇ ਦੂਜੇ ਪਾਸੇ। ਉਂਕਾਰ ਦੱਸਣ ਲੱਗਿਆ,

"ਇਹ ਕਲੋਨੀ ਚੋਅ ਵਿਚ ਬਣੀ ਹੋਈ ਆ, ਹੀਰਾ ਲਾਲ ਦੇ ਇਕ ਬੰਦੇ ਨੇ ਚੋਅ 'ਤੇ ਹੀ ਕਬਜ਼ਾ ਕਰ ਲਿਆ ਤੇ ਪਲੌਟ ਕੱਟ ਕੇ ਵੇਚ ਦਿੱਤੇ।"

"ਫੇਰ ਤਾਂ ਏਥੇ ਪਾਣੀ ਆ ਵੜਦਾ ਹੋਏਗਾ।"

"ਦੋ ਕੁ ਵਾਰ ਆ ਗਿਆ ਸੀ, ਹੜ੍ਹਾ ਕੇ ਲੈ ਗਿਆ ਸੀ ਸਭ ਕੁਝ ਪਰ ਹੁਣ ਸਰਕਾਰ ਨੇ ਪਰ੍ਹੇ ਵੱਡਾ ਬੰਨ ਲਾ ਦਿਤਾ। ਨਾਲੇ ਹੁਣ ਚੋਅ ਪਹਿਲਾਂ ਵਾਂਗ ਨਹੀਂ ਚੜ੍ਹਦੇ।"

ਗੱਲ ਕਰਦਾ ਉਂਕਾਰ ਗੁਪਾਲੇ ਨੂੰ ਰਾਹ ਵੀ ਦੱਸਦਾ ਜਾ ਰਿਹਾ ਸੀ। ਗੱਡੀ ਉਹਦੇ ਘਰ ਮੂਹਰੇ ਆ ਰੁਕੀ। ਘਰ ਦੀ ਡਿਓੜੀ ਤੋਂ ਹੀ ਘਰ ਦੀ ਸੁਆਣੀ ਦੀ ਛਾਪ ਦਿੱਸਣ ਲੱਗ ਪੈਂਦੀ ਹੈ। ਪਤਾ ਚੱਲਦਾ ਸੀ ਕਿ ਉਸ ਦੀ ਪਤਨੀ ਬਹੁਤ ਸਫਾਈ ਪਸੰਦ ਸੀ। ਉਹ ਅਰਵਿੰਦ ਨੂੰ ਬਹੁਤ ਪਿਆਰ ਨਾਲ ਮਿਲੀ। ਬਾਪੂ ਜੀ ਦਾ ਅਫਸੋਸ ਕੀਤਾ। ਉਹਨਾਂ ਦਾ ਮੁੰਡਾ ਪ੍ਰੀਤ ਵੀ ਆ ਗਿਆ। ਉਹ ਵੀ ਅਰਵਿੰਦ ਦੇ ਗੋਡੇ ਹੱਥ ਲਾਉਣ ਲਈ ਝੁਕਿਆ। ਉਸ ਨੇ ਕਿਹਾ,

"ਯੂ ਨੋਅ, ਪਿਛਲੇ ਸਾਲਾਂ ਵਿਚ ਇੰਡੀਆ ਕਿੰਨਾ ਬਦਲ ਗਿਆ ਪਰ ਆਹ ਪੈਰੀਂ ਹੱਥ ਲਾਉਣ ਦਾ ਰਿਵਾਜ ਨਹੀਂ ਬਦਲਿਆ।"

"ਬਸ ਇਹ ਰਿਵਾਜ ਹੀ ਆ, ਓਦਾਂ ਇਹ ਨਿਆਣੇ ਕਿੰਨੀ ਕੁ ਇੱਜ਼ਤ ਦਿੰਦੇ ਆ ਉਹ ਇਕ ਵੱਖਰੀ ਕਹਾਣੀ ਆਂ।"

ਅਰਵਿੰਦ ਸੋਚਣ ਲੱਗਿਆ ਕਿ ਇਸ ਵੀ ਕੋਈ ਰਗ ਜ਼ਰੂਰ ਦੁਖਦੀ ਹੋਵੇਗੀ। ਉਹ ਸੋਫੇ 'ਤੇ ਬਹਿ ਕੇ ਗੱਲਾਂ ਕਰਨ ਲੱਗੇ। ਉਂਕਾਰ ਦੀ ਪਤਨੀ ਉਠ ਕੇ ਚਾਹ-ਸਮੋਸੇ ਤੇ ਬਰਫੀ ਲੈ ਆਈ। ਉਹਨਾਂ ਦਾ ਮੁੰਡਾ ਡਰਾਈਵਰ ਨੂੰ ਚਾਹ ਦੇਣ ਚਲੇ ਗਿਆ। ਅਰਵਿੰਦ ਨੇ ਪੁੱਛਿਆ,

"ਪ੍ਰੀਤ ਕੰਮ ਕਰਦਾ ਕੋਈ?"

"ਕੰਮ ਅੱਜਕੱਲ ਕਿਥੇ ਮਿਲਦੇ ਆ ਯਾਰ, ਇਕ ਬਿਜ਼ਨਸ ਸ਼ੁਰੂ ਕਰਾਇਆ ਸੀ, ਓਦਾਂ ਤਾਂ ਠੀਕ ਆ ਪਰ ਕੰਮ ਮਨ ਮਰਜ਼ੀ ਨਾਲ ਕਰਦਾ। ਜੇ ਦਿਲ ਕਰੇ ਤਾਂ ਲੱਗਾ ਰਹਿੰਦਾ, ਨਹੀਂ ਤਾਂ ਨਹੀਂ। ਮੈਂ ਬਥੇਰਾ ਸਮਝਾਉਨਾਂ ਕਿ ਬਿਜ਼ਨਸ ਹਾਜ਼ਰੀ ਤੇ ਨਿਰੰਤਰਤਾ ਮੰਗਦਾ ਪਰ ਏਹਨੂੰ ਲੱਗਦਾ ਕਿ ਮੈਂ ਝੂਠ ਹੀ ਬੋਲ ਰਿਹਾਂ।"

"ਤੁਸੀਂ ਵੀ ਐਵੇਂ ਹੀ ਕਹਿੰਨੇ ਰਹਿੰਨਾ ਆ, ਏਨੀ ਮਿਹਨਤ ਕਰਦਾ ਵਿਚਾਰਾ!"

"ਏਹ ਝੂਠ ਤੇਰੇ ਤੋਂ ਤੇਰੇ ਅੰਦਰ ਬੈਠੀ ਮਾਂ ਬੁਲਵਾ ਰਹੀ ਆ।"

ਪਤਨੀ ਚੁੱਪ ਕਰ ਗਈ। ਉਂਕਾਰ ਨੇ ਫਿਰ ਕਹਿਣਾ ਸ਼ੁਰੂ ਕੀਤਾ,

"ਕੱਲ ਚੰਗਾ ਭਲਾ ਕੰਮ ਨੂੰ ਲੱਗਾ ਹੋਇਆ ਸੀ, ਓਹ ਸਾਹਮਣੇ ਘਰ ਵਾਲਿਆਂ ਦੀ ਕੁੜੀ ਦਾ ਬੁਆਏ ਫ੍ਰੈਂਡ ਏਹਦੇ ਕੋਲ ਆ ਗਿਆ, ਬਸ ਸਾਰੇ ਕੰਮ ਵਿਚੇ ਛੱਡ ਕੇ ਉਹਦੀ ਕਾਰ ਵਿਚ ਬਹਿ ਕੇ ਦੌੜ ਗਿਆ।"

"ਏਹ ਤਾਂ ਹਰ ਵੇਲੇ ਏਹਨੂੰ ਵਿਚਾਰੇ ਨੂੰ ਨੌਲ਼ਦੇ ਰਹਿੰਦੇ ਆ। ...ਭਾਜੀ, ਤੁਸੀਂ ਦੱਸੋ, ਤੁਹਾਡਾ ਕਾਕਾ ਕਿੰਨੇ ਚਿਰ ਦਾ ਹੋ ਗਿਆ?"

"ਉਹਨੇ ਹੁਣੇ ਹੀ ਡਿਗਰੀ ਕੀਤੀ ਐ, ਇੱਕੀ ਸਾਲ ਦਾ ਹੋ ਗਿਆ ਪਰ ਕੰਮ-ਕੁੰਮ ਕਰਕੇ ਉਹ ਵੀ ਖ਼ੁਸ਼ ਨਹੀਂ। ਸਾਰਾ ਦਿਨ ਕੰਪਿਊਟਰ ਨੂੰ ਹੀ ਚੁੰਬੜਿਆ ਰਹਿੰਦਾ ਜਾਂ ਦੋਸਤਾਂ ਨਾਲ ਦੌਰੇ 'ਤੇ ਨਿਕਲ ਜਾਂਦਾ। ...ਇਹ ਨਿਆਣੇ ਸਾਰੇ ਇਕੋ ਜਿਹੇ ਹੀ ਹੁੰਦੇ ਆ।"

"ਏਦਾਂ ਨਹੀਂ ਯਾਰ! ਮੇਰਾ ਭਾਣਜਾ, ਬਾਈ ਸਾਲ ਦਾ ਹਾਲੇ ਸਾਰਾ, ਪਿਓ ਤੋਂ ਬਾਹਰਾ ਹੀ ਪਲ਼ਿਆ ਪਰ ਉਹਨੇ ਸਾਰਾ ਚੁੱਕਣ ਚੁੱਕ ਲਿਆ। ਹੁਣੇ ਹੀ ਇਸਟੈਬਲਿਸ਼ ਹੋ ਗਿਆ।"

ਅਰਵਿੰਦ ਨੂੰ ਪਤਾ ਸੀ ਕਿ ਉਂਕਾਰ ਦੀ ਇਕ ਭੈਣ ਦਾ ਪਤੀ ਦਸ ਕੁ ਸਾਲ ਪਹਿਲਾਂ ਐਕਸੀਡੈਂਟ ਦਾ ਸ਼ਿਕਾਰ ਹੋ ਗਿਆ ਸੀ। ਉਸ ਨੇ ਆਖਿਆ,

"ਫਰਾਂਸ ਦੇ ਇਕ ਸਕੌਲਰ ਨੇ ਕਿਹਾ ਸੀ ਕਿ ਮੇਰੇ ਪਿਓ ਨੇ ਮੇਰੀ ਜ਼ਿੰਦਗੀ ਵਿਚ ਸਭ ਤੋਂ ਵੱਡਾ ਮੇਰੇ ਉਪਰ ਇਹ ਅਹਿਸਾਨ ਕੀਤਾ ਕਿ ਜਦ ਮੈਂ ਬਾਰਾਂ ਸਾਲ ਦਾ ਹੋਇਆ ਤਾਂ ਉਹ ਮਰ ਗਿਆ ਸੀ। ਜੇ ਉਹ ਜੀਉਂਦਾ ਰਹਿੰਦਾ ਤਾਂ ਸ਼ਾਇਦ ਮੈਂ ਕੁਝ ਵੀ ਨਾ ਸਿੱਖ ਸਕਦਾ। ...ਇਹ ਵੀ ਜ਼ਿੰਦਗੀ ਦੀ ਇਕ ਸਚਾਈ ਐ।"

"ਨਹੀਂ, ਜਿਹਨਾਂ ਨੇ ਕੁਝ ਨਾ-ਸਿੱਖਣ ਦੀ ਕਸਮ ਖਾਧੀ ਹੋਈ ਆ ਉਹ ਕਦੇ ਵੀ ਨਹੀਂ ਸਿੱਖਦੇ, ਜਿੱਦਾਂ ਦੇ ਮਰਜ਼ੀ ਹਾਲਾਤ ਹੋਣ।"

ਉਂਕਾਰ ਆਪਣੀ ਗੱਲ 'ਤੇ ਖੜਾ ਸੀ। ਉਹ ਪੰਜਾਬ ਦੀ ਗੁੰਧਲੀ ਹੋਈ ਸਿਆਸਤ ਦੀਆਂ, ਬਰਸਾਤਾਂ ਨੂੰ ਵੀ ਪੈਂਦੀ ਗਰਮੀ ਦੀਆਂ ਤੇ ਨਾ ਪੈਂਦੇ ਮੀਂਹ ਦੀਆਂ ਗੱਲਾਂ ਕਰਦੇ ਰਹੇ। ਬਾਹਰ ਇਕ ਵਾਰ ਛਰਾਟਾ ਜਿਹਾ ਉਤਰ ਕੇ ਮੁੜ ਧੁੱਪ ਆ ਗਈ ਸੀ। ਪ੍ਰੀਤ ਇਕ ਵਾਰ ਫਿਰ ਉਹਨਾਂ ਕੋਲ ਆ ਬੈਠਾ। ਅਰਵਿੰਦ ਨੇ ਉਸ ਦਾ ਮੋਢ੍ਹਾ ਥਾਪੜਦਿਆਂ ਪੁੱਛਿਆ,

"ਵਿਆਹ ਕਦੋਂ ਕਰਾ ਰਿਹੈਂ ਬਈ?"

"ਚਾਚਾ ਜੀ, ਵਿਆਹ ਵਿਚ ਕੀ ਰੱਖਿਆ! ਆਹ ਮੰਮੀ-ਡੈਡੀ ਨੇ ਕਰਾਇਆ ਸੀ, ਸਾਰਾ ਦਿਨ ਆਪਸ ਵਿਚ ਲੜੀ ਜਾਂਦੇ ਆ!"

ਆਖਦਾ ਉਹ ਹੱਸਣ ਲੱਗਿਆ। ਬਾਕੀ ਵੀ ਸਾਰੇ ਹੱਸ ਪਏ। ਉਸ ਦੀ ਮਾਂ ਉਸ ਦੇ ਮੁੱਕਾ ਮਾਰਦੀ ਬੋਲੀ,

"ਫੋਟ! ਬਕਰਾ ਨਾ ਹੋਵੇ ਤਾਂ!"

"ਮੈਂ ਤਾਂ ਮਜ਼ਾਕ ਕਰਦਾਂ ਚਾਚਾ ਜੀ, ਇਹ ਤਾਂ ਬਹੁਤ ਆਈਡੀਅਲ ਕਪਲ ਆ। ਵਿਆਹ ਮੈਂ ਕਰਾਉਣਾ ਚੰਗੀ ਤਰ੍ਹਾਂ ਸੈਟਲ ਹੋ ਕੇ।"

"ਕੋਈ ਗਰਲ ਫ੍ਰੈਂਡ ਤਾਂ ਨਹੀਂ ਰੱਖੀ ਫਿਰਦਾ?"

ਅਰਵਿੰਦ ਨੇ ਮਜ਼ਾਕ ਕਰਦਿਆਂ ਪੁੱਛਿਆ। ਉਹ ਸ਼ਰਮਾ ਗਿਆ। ਉਸ ਦੀ ਮਾਂ ਬੋਲੀ,

"ਗਰਲ ਫ੍ਰੈਂਡ ਤਾਂ ਏਹਦੇ ਕੋਲ ਹੈਗੀ, ਘੰਟਾ ਘੰਟਾ ਉਹਦੇ ਨਾਲ ਗੱਲਾਂ ਕਰਦਾ ਰਹਿੰਦਾ। ਮੈਂ ਕਿਹਾ ਏਹਦੇ ਨਾਲ ਹੀ ਵਿਆਹ ਕਰਾ ਲੈ ਤਾਂ ਕਹਿੰਦਾ ਕਿ ਵਿਆਹ ਏਹਦੇ ਨਾਲ ਨਹੀਂ ਕਰਾਉਣਾ।"

ਪ੍ਰੀਤ ਦਾ ਮੁਬਾਈਲ ਵੱਜ ਪਿਆ। ਉਹ ਉਠ ਕੇ ਚਲੇ ਗਿਆ। ਉਂਕਾਰ ਦੱਸਣ ਲੱਗਿਆ,

"ਏਹਦੇ ਸ਼ੌਂਕ ਆ ਸਮਾਰਟ ਮੁਬਾਈਲ ਤੇ ਸਮਾਰਟ ਟੈਲੀਵੀਯਨ। ਪਿਓ ਦੀ ਪੈਨਸ਼ਨ ਆਉਂਦੀ ਆ ਤੇ ਇਹ ਐਸ਼ਾਂ ਕਰਦਾ।"

"ਕਈ ਵਾਰ ਵਿਆਹ ਤੋਂ ਬਾਅਦ ਜ਼ਿੰਮੇਵਾਰੀ ਸਮਝਣ ਲੱਗਦੇ ਆ।"

"ਸੱਚੀ ਗੱਲ ਦੱਸਾਂ, ਸਾਡਾ ਮੁੰਡਾ ਨਵੇਂ ਫੈਸ਼ਨ ਵਾਂਗ ਲਿਵਿੰਗ ਰਿਲੇਸ਼ਨ ਚਾਹੁੰਦੈ, ਕਹਿੰਦਾ ਕੁੜੀ ਘਰ ਲੈ ਆਉਣੀ ਆਂ ਵਿਆਹ ਤੋਂ ਬਿਨਾਂ, ਜਿੰਨਾ ਚਿਰ ਬਣੀ ਠੀਕ। ਮੈਂ ਕਿਹਾ ਕਿ ਇਹ ਕਿਹੜਾ ਚੰਡੀਗੜ੍ਹ ਐ।"

"ਮੈਨੂੰ ਲਗਦੈ ਕਿ ਲਿਵਿੰਗ ਰਿਲੇਸ਼ਨ ਵੀ ਹੁਣ ਆਮ ਹੋ ਜਾਣੇ ਆਂ।"

"ਹੋ ਕੀ ਜਾਣੇ ਆਂ ਬਸ ਹੋਈ ਜਾਂਦੇ ਆ ਪਰ ਸਾਡਾ ਸ਼ਹਿਰ ਛੋਟਾ ਐ। ਇਕ ਗੱਲ ਮੈਂ ਤੈਨੂੰ ਦੱਸ ਦੇਵਾਂ, ਜਿੱਦਣ ਸਾਡਾ ਇਹ ਮੁੰਡਾ ਪੈਰਾਂ 'ਤੇ ਖੜ ਗਿਆ ਤਾਂ ਇਹਨੇ ਅਲੱਗ ਰਹਿਣ ਲੱਗ ਪੈਣਾਂ ਤੇ ਕੋਈ ਕੁੜੀ ਵੀ ਰੱਖ ਲੈਣੀ ਆਂ।"

ਉਂਕਾਰ ਦੱਸ ਰਿਹਾ ਸੀ ਪਰ ਉਸ ਦੀ ਪਤਨੀ ਦੇ ਚਿਹਰੇ ਤੋਂ ਸਾਫ ਝਲਕਦਾ ਸੀ ਕਿ ਉਸ ਨੂੰ ਪਤੀ ਦੀਆਂ ਗੱਲਾਂ ਪਸੰਦ ਨਹੀਂ ਸਨ। ਅਰਵਿੰਦ ਨੇ ਕਿਹਾ,

"ਏਹਨੂੰ ਵੀ ਵੱਡੇ ਵਾਂਗੂੰ ਕਿਤੇ ਬਾਹਰ ਭੇਜ ਦਿਓ।"

"ਲੈ ਵੱਡੇ ਦੀ ਸੁਣ ਲੈ। ਕਨੇਡਾ ਵਿਚ ਚੰਗਾ ਭਲਾ ਸੈੱਟਲ ਆ। ਮੈਂ ਉਡੀਕਦਾ ਸੀ ਬਈ ਪੈਸੇ ਭੇਜੂ ਪਰ ਪਿੱਛੇ ਜਿਹੇ ਉਹਦਾ ਫੋਨ ਆਇਆ ਕਿ ਦਸ ਹਜ਼ਾਰ ਡੌਲਰ ਭੇਜੋ, ...ਮਹੀਨੇ ਵਿਚ ਮੋੜ ਦੇਊਂ। ਮੈਂ ਆਪਣੀ ਸਾਰੀ ਜਮਾਂ ਪੂੰਜੀ ਇਕੱਠੀ ਕੀਤੀ ਤੇ ਦਸ ਹਜ਼ਾਰ ਡੌਲਰ ਬਣਾ ਕੇ ਭੇਜ ਦਿੱਤੇ। ਮਹੀਨੇ ਬਾਅਦ ਜਦ ਵਾਪਸ ਮੰਗੇ ਤਾਂ ਕਹਿੰਦਾ, ਉਹਨਾਂ ਦੀ ਤਾਂ ਮੈਂ ਕਾਰ ਲੈ ਲਈ ਸੀ।"

## ਗਿਆਰਾਂ

ਅੱਜ ਬੱਦਲ ਛਾਏ ਹੋਏ ਸਨ। ਰਾਤ ਦੇ ਮੀਂਹ ਨੇ ਕੁਝ ਠੰਡ ਕਰ ਦਿੱਤੀ ਹੋਈ ਸੀ। ਵੈਸੇ ਵੀ ਸ਼ਾਇਦ ਹੁਸ਼ਿਆਰਪੁਰ ਪਹਾੜਾਂ ਦੇ ਨੇੜੇ ਹੋਣ ਕਰਕੇ ਕੁਝ ਠੰਡਾ ਸੀ। ਅਰਵਿੰਦ ਨੇ ਗੱਡੀ ਵਿਚ ਬੈਠਦੇ ਹੀ ਗੁਪਾਲੇ ਨੂੰ ਕਿਹਾ,

"ਯੂ ਨੋਅ, ਵਸੀ ਜਾਣਾ ਬਈ ਆਪਾਂ।"

"ਕਿਹੜੀ ਵਸੀ? ਭਾਜੀ, ਬਾਈ ਵਸੀਆਂ ਇਥੇ।"

"ਇਹ ਤਾਂ ਬਈ ਉਹਨੂੰ ਫੋਨ ਕਰਕੇ ਪਤਾ ਕਰਨਾ ਪੈਣਾ। ਓਦਾਂ ਮੈਂ ਬਹੁਤ ਸਾਲ ਪਹਿਲਾਂ ਆਇਆ ਹੋਇਆਂ ਪਰ ਹੁਣ ਕੁਝ ਨਹੀਂ ਯਾਦ। ਸਭ ਕੁਝ ਬਦਲ ਚੁੱਕਾ ਹੋਣੈ। ...ਪਹਿਲਾਂ ਆਪਾਂ ਉਂਕਾਰ ਨੂੰ ਬੱਸ ਸਟੌਪ ਤੋਂ ਚੁੱਕਣਾ।"

ਉਂਕਾਰ ਘਰੋਂ ਨਿਕਲ ਕੇ ਬੱਸ ਅੱਡੇ ਕੋਲ ਆ ਖੜਿਆ ਸੀ। ਉਹਨਾਂ ਨੇ ਉਂਕਾਰ ਨੂੰ ਲਿਆ ਤੇ ਮਾਹਿਲਪੁਰ ਰੋਡ 'ਤੇ ਪੈ ਗਏ। ਰਸਤਾ ਭੁੱਲਣ ਨਾਲੋਂ ਅਰਵਿੰਦ ਨੇ ਗੁਪਾਲੇ ਦੀ ਦਿਲਬਾਗ ਨਾਲ ਸਿਧੀ ਗੱਲ ਕਰਵਾ ਦਿਤੀ। ਇਧਰਲੀਆਂ ਸੜਕਾਂ 'ਤੇ ਦਰਖਤ ਭਾਵੇਂ ਘੱਟ ਸਨ ਪਰ ਆਲੇ ਦੁਆਲੇ ਪੁਰਾਣੇ ਦਰਖੱਤ ਵਾਹਵਾ ਮਿਕਦਾਰ ਵਿਚ ਦੇਖਣ ਨੂੰ ਮਿਲ ਰਹੇ ਸਨ। ਕਿੱਕਰਾਂ ਦੇਖ ਕੇ ਉਸ ਦਾ ਮਨ ਦਾਤਣ ਕਰਨ ਨੂੰ ਕਰਨ ਲੱਗਿਆ। ਇਕ ਵਾਰ ਉਸ ਦਾ ਬਾਪੂ ਕਾਫੀ ਸਾਰੀਆਂ ਨਿੰਮ ਦੀਆਂ ਦਾਤਣਾਂ ਇੰਗਲੈਂਡ ਲੈ ਗਿਆ ਸੀ ਪਰ ਉਸ ਨੂੰ ਕਿੱਕਰ ਦੀ ਦਾਤਣ ਹੀ ਪਸੰਦ ਸੀ। ਅੱਕ ਵੀ ਦੇਖਣ ਨੂੰ ਮਿਲਾ ਰਿਹਾ ਸੀ। ਚੌੜੇ ਪੱਤਿਆਂ ਵਾਲਾ ਅੱਕ ਵੀ ਜਿਸ ਵਿਚੋਂ ਕੌੜਾ ਜਿਹਾ ਦੁੱਧ ਨਿਕਲਦਾ ਸੀ ਤੇ ਉਸ ਨੂੰ ਅੰਬੀਆਂ ਵੀ ਲੱਗਦੀਆਂ ਸਨ।

ਸੜਕ ਦੇ ਆਲੇ ਦੁਆਲੇ ਭੰਗ ਹੀ ਭੰਗ ਉਗੀ ਪਈ ਸੀ। ਅਰਵਿੰਦ ਗੁਪਾਲੇ ਨੂੰ ਮਜ਼ਾਕ ਕਰਦਾ ਬੋਲਿਆ,

"ਕਦੇ ਏਹਦੇ ਪਕੌੜੇ ਵੀ ਖਾਧੇ ਕਿ ਨਹੀਂ?"

"ਦੋ ਕੁ ਵਾਰੀ ਸ਼ੁਗਲ ਵਿਚ। ...ਪਰ ਇਹ ਨਸ਼ਾ ਬਹੁਤ ਵਧੀਆ ਨਸ਼ਾ ਹੁੰਦਾ, ਏਹਦੇ ਕੋਈ ਗਲਤ ਅਸਰ ਨਹੀਂ ਹੁੰਦੇ ਤਾਂਹੀ ਤਾਂ ਗੋਰੇ ਏਹਦੇ 'ਤੇ ਮਰਦੇ ਆ। ਭੰਗ ਦੀ ਖਾਤਰ ਕਈ ਗੋਰੇ ਤਾਂ ਪਹਾੜਾਂ ਵਿਚ ਟੈਂਟ ਲਾਈ ਬੈਠੇ ਆ।"

"ਅੱਛਾ!"

"ਓਧਰ ਮਨਾਲੀ ਵਲ ਨੂੰ ਜਾ ਕੇ ਦੇਖੋ, ਗੋਰੇ ਹੀ ਗੋਰੇ ਤੁਰੇ ਫਿਰਦੇ ਆ, ਪਾਟੇ ਜਿਹੇ ਕਪੜੇ ਪਾ ਕੇ। ਕਈ ਤਾਂ ਨਸ਼ੇ ਵਿਚ ਆਏ ਪਹਾੜਾਂ ਤੋਂ ਡਿਗ ਕੇ ਮਰ ਵੀ ਜਾਂਦੇ ਆ।"

"ਯੂ ਨੋਅ, ਮੇਰੇ ਲਈ ਖ਼ਬਰ ਆ ਇਹ।"

"ਮੈਂ ਮਨਾਲੀ ਕਈ ਵਾਰੀ ਗਿਆਂ, ਪਹਿਲਾਂ ਆਪ ਵੀ ਗਿਆਂ ਤੇ ਫੇਰ ਸਵਾਰੀਆਂ ਲੈ ਕੇ ਵੀ, ਉਥੇ ਹੋਰ ਡਰਾਈਵਰ ਕਹਾਣੀਆਂ ਸੁਣਾਉਂਦੇ ਰਹਿੰਦੇ ਆ।"

"ਜ਼ਰਾ ਕਿਤੇ ਰੁਕੇਂ ਤਾਂ ਇਕ ਬੂਟਾ ਪੁੱਟ ਕੇ ਦੇਖੀਏ।"

ਅਰਵਿੰਦ ਨੇ ਉਤਸੁਕ ਹੁੰਦਿਆਂ ਕਿਹਾ। ਉਂਕਾਰ ਬੋਲਿਆ,

"ਛੱਡ ਪਰ੍ਹੇ, ਕੀ ਲੈਣਾ ਏਹਦੇ ਤੋਂ।"

ਗੁਪਾਲਾ ਬ੍ਰੇਕ ਲਾਉਣ ਲੱਗਿਆ ਸੀ ਪਰ ਉਸ ਨੇ ਮੁੜ ਕੇ ਰੇਸ ਦੇ ਲਈ। ਉਸ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ,

"ਵੈਸੇ ਭਾਜੀ, ਇਹ ਸਾਰੇ ਬੂਟੇ ਨਸ਼ੇ ਵਾਲੀ ਨਹੀਂ ਹੁੰਦੇ, ਨਸ਼ੇ ਵਾਲੇ ਪੌਦੇ ਪਛਾਣਨੇ ਪੈਂਦੇ ਆ। ਉਹਨਾਂ ਦੇ ਪੱਤੇ ਕੁਝ ਵੱਖਰੇ ਹੁੰਦੇ ਆ। ਕਹਿੰਦੇ ਹੁੰਦੇ ਆ ਕਿ ਭੰਗ ਨੂੰ ਜਿੰਨਾ ਘੋਟੋ, ਓਨਾ ਹੀ ਵੱਧ ਨਸ਼ਾ ਦਿੰਦੀ ਆ ਪਰ ਇਹ ਸ਼ਾਹੀ ਨਸ਼ਾ ਜੀ!"

"ਯੂ ਨੋਅ, ਸ਼ਰਾਬ ਦਾ ਬਦਲ ਨਹੀਂ ਹੋ ਸਕਦਾ ਇਹ।"

"ਨਹੀਂ ਭਾਜੀ, ਅਫੀਮ ਦਾ ਨਸ਼ਾ ਬਹੁਤ ਹੀ ਆਹਲਾ ਹੁੰਦਾ। ਡੋਡੇ ਵੀ ਮਾੜੇ ਨਹੀਂ ਪਰ ਆਹ ਜਿਹੜੀ ਕੋਕੀਨ ਜਾਂ ਹੋਰ ਗੰਦ-ਮੰਦ ਚੱਲ ਪਿਆ ਇਹ ਬਹੁਤ ਖਰਾਬ ਆ।"

"ਗੁਪਾਲੇ, ਮੇਰਾ ਨਹੀਂ ਖਿਆਲ ਕਿ ਨਿੱਤ ਦਾ ਸ਼ਰਾਬੀ ਕਿਸੇ ਹੋਰ ਨਸ਼ੇ ਵੱਲ ਮੂੰਹ ਕਰੇਗਾ।"

"ਭਾਜੀ, ਜਦ ਸ਼ਰਾਬੀ ਦੀਆਂ ਟੁੱਟਦੀਆਂ ਹੋਣ ਤਾਂ ਉਹ ਨੂੰ ਕੋਈ ਵੀ ਹੋਵੇ, ਬਸ ਨਸ਼ਾ ਚਾਹੀਦਾ। ਇਕ ਵਾਰੀ ਮੈਂ ਸੰਧਵਾਂ ਤੋਂ ਇਕ ਅੰਕਲ-ਅੰਟੀ ਨੂੰ ਹਜ਼ੂਰ ਸਾਹਿਬ ਲੈ ਗਿਆ। ਇੰਗਲੈਂਡੋਂ ਹੀ ਆਏ ਸੀ। ਅੰਕਲ ਨਿੱਤ ਦਾ ਸ਼ਰਾਬੀ ਸੀ ਪਰ ਹਜ਼ੂਰ ਸਾਹਿਬ ਸ਼ਰਾਬ ਦੀ ਸਖਤ ਮਨਾਹੀ ਸੀ। ਉਹਨਾਂ ਨੇ ਕਈ ਦਿਨ ਉਥੇ ਰਹਿਣਾ ਸੀ। ਦੋ ਰਾਤਾਂ ਅੰਕਲ ਨੇ ਸ਼ਰਾਬ ਖੁਣੋਂ ਬਹਿ ਕੇ ਕੱਢੀਆਂ। ਤੀਜੇ ਦਿਨ ਉਹਨੂੰ ਡੋਡਿਆਂ ਵਾਲੀ ਇਕ ਦੁਕਾਨ ਮਿਲ ਗਈ। ਬੜਾ ਖੁਸ਼ ਹੋਇਆ। ਅੰਟੀ ਕਹੇ ਕਿ ਵਾਪਸ ਚੱਲੀਏ ਤੇ ਅੰਕਲ ਕਹੇ ਕਿ ਬਾਕੀ ਦੀਆਂ ਛੁੱਟੀਆਂ ਇਥੇ ਹੀ ਰਹਿਣਾ।"

ਉਸ ਦੀ ਗੱਲ 'ਤੇ ਸਾਰੇ ਹੱਸਣ ਲੱਗੇ। ਅਗਾਂਹ ਇਕ ਅੱਡੇ ਵਿਚ ਇਕ ਗੈਰਜ ਮੂਹਰੇ ਗੁਪਾਲੇ ਨੇ ਕਾਰ ਰੋਕ ਲਈ ਕਿਉਂਕਿ ਮੂਹਰਲਾ ਲਾਈਟ-ਬਲਬ ਪੈਣ ਵਾਲਾ ਸੀ। ਗੈਰਜ ਵਿਚ ਦਸ-ਬਾਰਾਂ ਬੰਦੇ ਖੜੇ ਸਨ। ਅਰਵਿੰਦ ਨੇ ਪੁੱਛਿਆ,

"ਏਨੇ ਮਕੈਨਿਕ?"

"ਇਹ ਤਾਂ ਜੀ ਵਿਹਲੜ ਟਾਈਮ ਪਾਸ ਕਰਨ ਨੂੰ ਖੜੇ ਆ।"

ਗੱਡੀ ਦੇ ਰੁਕਦਿਆਂ ਹੀ ਮਕੈਨਿਕ ਕਾਰ ਕੋਲ ਆ ਗਿਆ। ਗੁਪਾਲੇ ਨੇ ਉਸ ਨੂੰ ਬਲਬ ਪਾਉਣ ਲਈ ਕਿਹਾ। ਉਹ ਅੰਦਰ ਜਾ ਕੇ ਬਲਬ ਤੇ ਪੇਚ ਕੱਸ ਲੈ ਆਇਆ। ਉਹ ਬਲਬ ਪਾ ਰਿਹਾ ਸੀ ਤੇ ਸਾਰੇ ਵਿਹਲੜ ਆਲੇ ਦੁਆਲੇ ਜੁੜੇ ਉਸ ਨੂੰ ਦੇਖ ਰਹੇ ਸਨ। ਉਂਕਾਰ ਉਹਨਾਂ ਵੱਲ ਦੇਖਦਾ ਬੋਲਿਆ,

"ਇਹ ਸਮਝ ਕਿ ਇਥੇ ਇਕ ਕਮਾਉਣ ਵਾਲਾ ਤੇ ਏਨੇ ਖਾਣ ਵਾਲੇ।"

"ਬਸ, ਏਹੀ ਗੱਲ ਆ ਭਾਜੀ, ਵਿਹਲਿਆਂ ਦੀਆਂ ਫੌਜਾਂ ਫਿਰਦੀਆਂ, ਕੋਈ ਵੀ ਕੰਮ ਕਰਕੇ ਖੁਸ਼ ਨਹੀਂ, ਬਾਹਰਲੇ ਮੁਲਕਾਂ ਦੀ ਤਿਆਰੀ ਕਰੀ ਫਿਰਦੇ ਆ, ਜੇ ਮਿਹਨਤ ਕਰਨੀ ਹੋਵੇ ਤਾਂ ਇਥੇ ਹੈਗਾ ਸਭ ਕੁਝ।"

ਕਿਸੇ ਸਿਆਣੇ ਵਾਂਗ ਗੁਪਾਲਾ ਬੋਲ ਰਿਹਾ ਸੀ। ਉਸ ਦੀ ਕਾਰ ਹੁਣ ਪਿੰਡਾਂ ਵਿਚ ਦੀ ਦੌੜ ਰਹੀ ਸੀ। ਥਾਂ ਥਾਂ ਗੁਰਦਵਾਰੇ ਜਾਂ ਮਟੀਆਂ ਜਿਹੀਆਂ ਬਣੀਆਂ ਦਿਸ ਰਹੀਆਂ ਸਨ। ਇਸ ਇਲਾਕੇ ਵਿਚ ਕੁੱਪ ਜ਼ਰਾ ਕੁ ਹੋਰ ਕਿਸਮ ਦੇ ਸਨ। ਉਹਨਾਂ ਦੇ ਪਿੰਡਾਂ ਵਲਾਂ ਨਾਲੀ ਵਰਤੀ ਜਾਂਦੀ ਸੀ ਜਦ ਕਿ ਇਧਰ ਨੜਿਆਂ ਨਾਲ ਕੁੱਪ ਬਣਾਇਆ ਹੋਇਆ ਸੀ। ਬੇੜਾਂ ਦੀ ਥਾਂ ਰੱਸੇ ਜਿਹੇ ਵਰਤੇ ਹੋਏ ਸਨ। ਬਕਰੀਆਂ ਦੇ ਇੱਜੜ ਉਹਨਾਂ ਦੇ ਕੋਲ ਦੀ ਲੰਘਿਆ ਤਾਂ ਗੁਪਾਲਾ ਬੋਲਿਆ,

"ਭਾਜੀ, ਕਹਾਵਤ ਹੁੰਦੀ ਸੀ ਕਿ ਫਲਾਨਾ ਫਲਾਨੀ ਚੀਜ਼ ਵਲ ਏਦਾਂ ਦੇਖਦਾ ਜਿੱਦਾਂ ਬੋਕ ਤੁੱਕੇ ਵਲ ਦੇਖਦਾ ਹੁੰਦਾ, ਜਾਂ ਫੇਰ ਬੱਕਰੀ ਗੁੱਲਾਂ 'ਤੇ ਚਾੜ ਦਿਤੀ, ਭਲਾ ਏਦਾਂ ਦੇ ਮੁਹਾਵਰਿਆਂ ਕੀ ਅਰਥ ਰਹਿ ਜਾਣੇ ਆਂ ਹੁਣ।"

"ਯਾਰ ਤੂੰ ਫੇਰ ਉਹ ਦਿੱਲੀ ਵਾਲੀ ਗੱਲ ਸ਼ੁਰੂ ਕਰ ਦਿਤੀ!"

ਆਖਦਾ ਅਰਵਿੰਦ ਹੱਸਣ ਲੱਗਿਆ ਤੇ ਬੋਲੀ ਬਾਰੇ ਹੋਈ ਸਾਰੀ ਗੱਲਬਾਲ ਉਂਕਾਰ ਨੂੰ ਸੁਣਾਉਣੀ ਸ਼ੁਰੂ ਕਰ ਦਿਤੀ। ਅੱਧੇ ਕੁ ਘੰਟਾ ਹੋਰ ਚੱਲ ਕੇ ਉਹ ਵਸੀ ਪੁੱਜ ਗਏ। ਪਿੰਡ ਦੇ ਬਾਹਰੋ-ਬਾਹਰ ਦਿਲਬਾਗ ਦਾ ਘਰ ਸੀ। ਉਸੇ ਵੇਲੇ ਦਿਲਬਾਗ ਵੀ ਬਾਹਰੋਂ ਹੀ ਕਿਤਿਓਂ ਆ ਰਿਹਾ ਸੀ। ਉਸ ਦੇ ਹੱਥ ਵਿਚ ਮਸ਼ੀਨ ਦੇ ਗੰਡਾਸੇ ਫੜੇ ਹੋਏ ਸਨ। ਉਹ ਪੂਰੇ ਮੋਹ ਨਾਲ ਜੱਫੀ ਪਾ ਕੇ ਮਿਲਿਆ। ਅਰਵਿੰਦ ਉਸ ਵਲ ਧਿਆਨ ਨਾਲ ਦੇਖਣ ਲੱਗਿਆ। ਪਹਿਲਾਂ ਨਾਲੋਂ ਉਹ ਹੁਣ ਬੁੱਢਾ ਹੋ ਚੁੱਕਿਆ ਸੀ। ਪਹਿਲਾਂ ਉਹ ਦਾਹੜੀ ਕਤਰ ਕੇ ਰੱਖਦਾ ਸੀ ਪਰ ਹੁਣ ਪੂਰਾ ਸਿੰਘ ਸਜਿਆ ਪਿਆ ਸੀ। ਬ੍ਰੇਕਾਂ ਵਾਲੇ ਕੱਛੇ ਤੋਂ ਲੱਗਦਾ ਸੀ ਕਿ ਉਸ ਨੇ ਅੰਮ੍ਰਿਤ ਵੀ ਛੱਕ ਲਿਆ ਹੋਵੇਗਾ। ਉਹ ਗੰਡਾਸਿਆਂ ਵੱਲ ਇਸ਼ਾਰਾ ਕਰਦਾ ਬੋਲਿਆ,

"ਗੇੜੀ 'ਤੇ ਪੱਠੇ ਕੁਤਰਦਿਆਂ ਗਾਲ਼ੇ ਵਿਚ ਕਿਤੇ ਲਕੜੀ ਦਾ ਟੁਕੜਾ ਦੇ ਹੋ ਗਿਆ, ਇਹਨਾਂ ਨੂੰ ਦੰਦੇ ਜਿਹੇ ਪੈ ਗਏ ਸੀ। ਜੇ ਤਾਂ ਮਸ਼ੀਨ ਦੀ ਮੋਟੀ ਚਾਲ ਹੁੰਦੀ ਤਾਂ ਲਕੜੀ ਖਿੱਚੀ ਜਾਣੀ ਸੀ ਪਰ ਬਰੀਕ ਚਾਲ ਹੋਣ ਕਰਕੇ ਉਹਨੇ ਗੰਡਾਸੇ ਭੰਨ 'ਤੇ।"

ਗੱਲ ਕਰਦਾ ਉਹ ਮਹਿਮਾਨਾਂ ਨੂੰ ਅੰਦਰ ਬੈਠਕ ਵਿਚ ਲੈ ਆਇਆ। ਉਸ ਦੀ ਪਤਨੀ ਵੀ ਆ ਗਈ। ਉਹ ਬੈਠੇ ਹੀ ਸਨ ਕਿ ਇਕ ਕੁੜੀ ਸਕੰਜਵੀ ਲੈ ਆਈ। ਉਸ ਨੇ ਟਰੈਕ ਸੂਟ ਪਾਇਆ ਹੋਇਆ ਸੀ। ਜ਼ਾਹਰ ਸੀ ਕਿ ਉਸ ਦੀ ਬੇਟੀ ਹੀ ਹੋਵੇਗੀ। ਅਰਵਿੰਦ ਨੇ ਇਸ ਨੂੰ ਪਹਿਲਾਂ ਨਹੀਂ ਸੀ ਦੇਖਿਆ। ਕੁੜੀ ਉਸ ਵੱਲ ਦੇਖਦੀ ਮੁਸਕ੍ਰਾਈ ਜਾ ਰਹੀ ਸੀ। ਅਰਵਿੰਦ ਨੇ ਪੁੱਛਿਆ,

"ਬੇਟੇ, ਕਿਹੜੀ ਕਲਾਸ ਵਿਚ ਪੜ੍ਹਦੀ ਐਂ?"

"ਅੰਕਲ ਜੀ, ਮੈਂ ਹੁਸ਼ਿਆਰਪੁਰ ਕਾਲਜ ਵਿਚ ਪੜ੍ਹਦੀ ਆਂ, ਬੀ ਸੀ ਏ।"

ਅਰਵਿੰਦ ਨੂੰ ਇਥੇ ਆ ਕੇ ਪਤਾ ਚੱਲ ਗਿਆ ਸੀ ਕਿ ਹੁਣ ਯੂਨੀਵਰਸਿਟੀਆਂ ਨੇ ਬਹੁਤ ਸਾਰੇ ਨਵੇਂ ਨਵੇਂ ਵਿਸ਼ੇ ਸ਼ੁਰੂ ਕਰ ਦਿੱਤੇ ਹੋਏ ਸਨ। ਇਹ ਵੀ ਸ਼ਾਇਦ ਕੰਪਿਊਟਰ ਦਾ ਕੋਰਸ ਸੀ। ਉਸ ਬਹੁਤਾ ਜਾਣੇ ਬਿਨਾਂ ਹੀ ਕਹਿ ਦਿੱਤਾ,

"ਦੇਟ'ਸ ਗੁੱਡ!"

ਕੁੜੀ ਚਲੇ ਗਈ। ਉਹਦੀ ਮਾਂ ਵੀ। ਦਿਲਬਾਗ ਕਹਿਣ ਲੱਗਿਆ,

"ਅਸੀਂ ਤੁਹਾਡੀਆਂ ਫੋਟੋ ਕੰਪਿਊਟਰ 'ਤੇ ਦੇਖਦੇ ਰਹਿੰਦੇ ਆਂ, ਦਿਲਪ੍ਰੀਤ ਦੀ ਫ੍ਰੈਂਡ ਲਿਸਟ ਵਿਚ ਤੁਹਾਡਾ ਵੀ ਨਾਂ ਹੈਗਾ।"

''ਅੱਛਾ!''

ਉਹ ਸਮਝ ਗਿਆ ਕਿ ਇਸੇ ਕਰਕੇ ਕੁੜੀ ਮੁਸਕ੍ਰਾਈ ਕਿਉਂ ਜਾ ਰਹੀ ਸੀ। ਉਹ ਬੋਲਿਆ,

''ਦੇਖੋ ਨਵੀਂ ਟੈਕਨੌਲੋਜੀ ਨੇ ਦੁਨੀਆਂ ਕਿੰਨੀ ਛੋਟੀ ਕਰ ਦਿੱਤੀ।''

''ਬਿਲਕੁਲ ਜੀ, ਏਸ ਨਿਕੇ ਜਿਹੇ ਪਿੰਡ ਵਿਚੋਂ ਲੰਡਨ ਦੀਆਂ ਸੜਕਾਂ 'ਤੇ ਤੁਰੇ ਫਿਰਦੇ ਲੋਕ ਜਿਉਂ ਦੀ ਤਿਉਂ ਦਿਸ ਪੈਂਦੇ ਆ।''

ਆਖਦਾ ਦਿਲਬਾਗ ਉਸ ਦੇ ਬਾਪੂ ਜੀ ਦਾ ਅਫਸੋਸ ਕਰਨ ਲੱਗਿਆ। ਗੱਲ ਕਰਦਿਆਂ ਹੀ ਉਸ ਨੇ ਉਠ ਕੇ ਅਲਮਾਰੀ ਵਿਚੋਂ ਸ਼ਰਾਬ ਦੀਆਂ ਬੋਤਲਾਂ ਕੱਢ ਲਈਆਂ। ਇਕ ਰੁਆਇਲ ਚੈਂਲਜਰ ਵਿਸਕੀ ਤੇ ਦੂਜੀ ਘਰ ਦੀ ਕੱਢੀ ਹੋਈ। ਅਰਵਿੰਦ ਨੂੰ ਯਾਦ ਆਇਆ ਕਿ ਜਦ ਉਹ ਪਿਛਲੀ ਵਾਰੀ ਦਿਲਬਾਗ ਨੂੰ ਮਿਲਿਆ ਸਾਂ ਤਾਂ ਉਸ ਨੇ ਘਰ ਦੀ ਕੱਢੀ ਸ਼ਰਾਬ ਹੀ ਪਿਲਾਈ ਸੀ ਜਿਹੜੀ ਬਹੁਤ ਸਵਾਦ ਸੀ। ਉਸ ਨੇ ਦੋਵੇਂ ਬੋਤਲਾਂ ਮੇਜ਼ 'ਤੇ ਰੱਖ ਦਿੱਤੀਆਂ ਤੇ ਪੁੱਛਿਆ,

''ਭਾਜੀ, ਕਿਹੜੀ ਪੀਣੀ ਆਂ?''

''ਹਾਲੇ ਵੀ ਕੱਢ ਲੈਨੇ ਹੁੰਨੇ ਆਂ?''

''ਨਹੀਂ ਹੁਣ ਨਹੀਂ, ਏਹ ਤਾਂ ਮੈਂ ਕਿਤੋਂ ਖਾਸ ਤੁਹਾਡੇ ਲਈ ਹੀ ਪ੍ਰਬੰਧ ਕੀਤਾ ਸੀ। ਹੁਣ ਘਰ ਕੱਢਣ ਦਾ ਰਿਵਾਜ ਨਹੀਂ ਰਿਹਾ। ਹੁਣ ਅੰਗਰੇਜ਼ੀ ਹੀ ਆਮ ਮਿਲਣ ਲੱਗ ਪਈ ਆ ਕਿ ਲੋਕੀਂ ਕੱਢਣ ਦੇ ਖਲਜਗਣ ਵਿਚ ਨਹੀਂ ਪੈਂਦੇ। ਰਾਬ ਜਾਂ ਸੀਰੇ ਦਾ ਇੰਤਜ਼ਾਮ ਕਰਨਾ ਵੀ ਔਖਾ ਹੋ ਜਾਂਦਾ। ਓਦਾਂ ਕੱਢਣ ਵਾਲਾ ਸਮਾਨ ਸਾਰਾ ਮੇਰੇ ਕੋਲ ਪਿਆ। ਮੱਟੀਆਂ ਵੀ ਦੋ ਹੈਗੀਆਂ ਜੇ ਕਿਤੇ ਪਾਉਣੀ ਹੋਵੇ ਪਰ ਹੁਣ ਲੋੜ ਹੀ ਨਹੀਂ ਪੈਂਦੀ। ...ਤੁਸੀਂ ਦੱਸੋ, ਕਿਹੜੀ ਪੀਣੀ ਆਂ? ਵੈਸੇ ਇਹ ਰਸ ਦੀ ਬਣੀ ਹੋਈ ਆ।''

''ਕੋਈ ਹੋਈ, ਨਿੱਕੇ ਨਿੱਕੇ ਦੋ ਪੈੱਗ ਪੀਣੇ ਆਂ।''

ਮੌਕੇ ਦੇ ਹਿਸਾਬ ਨਾਲ ਅਰਵਿੰਦ ਨੇ ਨਾਂਹ ਕਰਨੀ ਠੀਕ ਨਹੀਂ ਸੀ ਸਮਝੀ। ਦਿਲਬਾਗ ਨੇ ਦੇਸੀ ਦੇ ਦੋ ਪੈੱਗ ਬਣਾ ਲਏ। ਉਂਕਾਰ ਲਈ ਚਾਹ ਆ ਗਈ। ਅਰਵਿੰਦ ਨੇ ਪੁੱਛਿਆ,

''ਖੇਤੀ-ਬਾੜੀ ਕਿੱਦਾਂ?''

''ਬਹੁਤ ਵਧੀਆ, ...ਇਹ ਆ ਬਈ ਖਰਚੇ ਜ਼ਰਾ ਵਧੇ ਹੋਏ ਆ ਪਰ ਗੁਜ਼ਾਰਾ ਠੀਕ ਹੋ ਰਿਹਾ।''

''ਕਹਿੰਦੇ, ਅੱਜਕੱਲ ਛੋਟੇ ਜ਼ਿਮੀਦਾਰ ਦੀ ਖੇਤੀ ਹੈ ਨਹੀਂ, ਕੀ ਸੱਚ ਐ?''

''ਮੇਰੇ ਸਿਰਫ ਚਾਰ ਖੇਤ ਈ ਆ। ਮੈਂ ਆਪ ਹੀ ਖੇਤੀ ਕਰਦਾਂ। ਇਹ ਗੱਲ ਉਹ ਲੋਕ ਕਹਿੰਦੇ ਆ ਜਿਹੜੇ ਮਿਹਨਤ ਨਹੀਂ ਕਰਨੀ ਚਾਹੁੰਦੇ। ਮੇਰਾ ਛੋਟਾ ਭਰਾ ਆਹ ਨਾਲ ਹੀ ਰਹਿੰਦਾ। ਨਾ ਉਹ ਆਪ ਕੰਮ ਕਰਦਾ ਤੇ ਨਾ ਉਹਦੇ ਮੁੰਡੇ। ਸਾਰਾ ਦਿਨ ਸਰਕਾਰ ਨੂੰ ਗਾਲ਼ਾਂ ਕੱਢੀ ਜਾਂਦੇ ਆ। ਮੈਂ ਕਹਿੰਨਾ ਹੁੰਨਾ ਕਿ ਬਈ ਹੱਥੀਂ ਵੀ ਕੁਝ ਕੰਮ ਕਰੋ, ਪਰ ਨਹੀਂ ਕਰਨਾ। ਬਸ ਵਿਹਲੇ ਫਿਰੀ ਜਾਣਾ। ਤਿੰਨ ਬੰਦੇ ਇਕੋ ਜਿਹੇ ਪਰ ਜ਼ਮੀਨ ਅੱਧ 'ਤੇ ਦਿੱਤੀ ਹੋਈ ਆ। ਏਦਾਂ ਦੇ ਆਲਸੀ ਬੰਦੇ ਜੋ ਮਰਜ਼ੀ ਕਹੀ ਜਾਣ।''

ਇਕ ਪੈੱਗ ਪੀਣ ਤੋਂ ਬਾਅਦ ਦਿਲਬਾਗ ਆਪਣੀ ਕਹਾਣੀ ਅੱਗੇ ਵਧਾਉਂਦਾ ਦੱਸਣ ਲੱਗਿਆ,

''ਭਾਜੀ, ਮੈਂ ਸਾਰੀ ਉਮਰ ਹੱਥੀਂ ਕੰਮ ਕੀਤਾ। ਸੱਠ ਸਾਲ ਦੀ ਉਮਰ ਹੋ ਚੱਲੀ, ਹਾਲੇ ਵੀ ਮੈਂ ਆੜ ਘੜਨੀ ਹੋਵੇ ਜਾਂ ਕੋਈ ਕਹੀ ਦਾ ਕੰਮ ਹੋਵੇ ਤਾਂ ਡੱਟ ਕੇ ਕਰਦਾਂ। ਜਦ ਖੇਤੀ ਦਾ ਕੰਮ ਨਾ ਹੋਵੇ ਤਾਂ ਮੈਂ ਟਰੈਕਟਰ 'ਤੇ ਭਾੜਾ ਵਾਹ ਲੈਨਾਂ। ...ਦੁੱਧ ਵੀ ਪੌਨਾ, ਲੋੜ ਜੋਗੀਆਂ ਮੁਰਗੀਆਂ ਵੀ ਰੱਖੀਆਂ ਹੋਈਆਂ। ਘਰ ਦੇ ਪਿੱਛੇ ਖੁੱਡੇ ਬਣਾਏ ਹੋਏ ਆ। ਜੇ ਕੰਮ ਕਰਨਾ ਹੋਵੇ ਤਾਂ ਸਭ ਕੁਝ ਹੈਗਾ, ਜੇ ਨਹੀਂ ਤਾਂ ਜਿੰਨੇ ਮਰਜ਼ੀ ਬਹਾਨੇ ਬਣਾਈ ਜਾਵੋ।''

ਅਰਵਿੰਦ ਨੂੰ ਉਸ ਦੀਆਂ ਗੱਲਾਂ ਚੰਗੀਆਂ ਲੱਗ ਰਹੀਆਂ ਸਨ। ਹੋਰਨਾਂ ਜੱਟਾਂ ਤੋਂ ਉਹ ਵੱਖਰਾ ਖੜ੍ਹਾ ਸੀ। ਉਸ ਨੇ ਕਿਹਾ,

''ਸਾਡੇ ਲੋਕਾਂ ਦੇ ਆਲਸੀ ਹੋ ਜਾਣ ਦਾ ਇਕ ਕਾਰਨ ਮੈਨੂੰ ਹੋਰ ਵੀ ਦਿਸ ਰਿਹੈ।''

''ਉਹ ਕਿਹੜਾ?''

''ਯੂ ਨੋਅ, ਜ਼ਮੀਨ ਦੀਆਂ ਕੀਮਤਾਂ ਬਹੁਤ ਵਧ ਗਈਆਂ। ਲੋਕ ਘਰੀਂ ਬੈਠੇ ਹੀ ਕਰੋੜਪਤੀ ਬਣੀ ਜਾਂਦੇ ਆ। ਏਦਾਂ ਦੀ ਸੋਚ ਉਹਨਾਂ ਨੂੰ ਕੰਮ ਨਹੀਂ ਕਰਨ ਦਿੰਦੀ ਹੋਣੀ।''

''ਭਾਜੀ, ਪੁੱਛੋ ਹੀ ਕੁਝ ਨਾ। ਅਸਲ ਵਿਚ ਲੋਕ ਵਧੀ ਜਾ ਰਹੇ ਆ ਤੇ ਜ਼ਮੀਨ ਓਨੀ ਦੀ ਓਨੀ ਆਂ। ਅਬਾਦੀ ਵਧਣ ਕਾਰਨ ਬਹੁਤੇ ਘਰਾਂ ਦੀ ਲੋੜ ਆ, ਓਦਾਂ ਵੀ ਹੁਣ ਛੱਤਾਈ ਹੇਠ ਬਹੁਤ ਜ਼ਮੀਨ ਆ ਗਈ ਆ। ਆਹ ਗੁਰਾਇਆਂ ਕੋਲ ਮੇਰੇ ਸੁਹਰੇ ਆ। ਉਥੇ ਕਰੋੜ-ਸਵਾ ਕਰੋੜ ਨੂੰ ਖੇਤ ਹੋ ਗਿਆ। ਮੇਰਾ ਰਿਸ਼ਤੇਦਾਰ ਸਾਰੀ ਉਮਰ ਗਰੀਬੀ ਵਿਚ ਰਿਹਾ। ਸੜਕ ਉਪਰ ਲੱਗਦੇ ਚਾਰ ਕਨਾਲ ਅੱਸੀ ਲੱਖ ਦੇ ਵਿਕ ਗਏ ਤਾਂ ਖੁਸ਼ੀ ਵਿਚ ਹੀ ਪਾਗਲ ਹੋ ਗਿਆ ਸੀ ਪਰ ਸਾਡਾ ਪਿੰਡ ਸੜਕ ਤੋਂ ਦੂਰ ਆ, ਇਥੇ ਕੀਮਤਾਂ ਬਹੁਤੀਆਂ ਨਹੀਂ ਵਧੀਆਂ।''

''ਤੁਹਾਡੀ ਜ਼ਮੀਨ ਤਾਂ ਨਿਆਈਂ ਵਿਚ ਆ, ਏਹਦੀ ਕੀਮਤ ਤਾਂ ਬਹੁਤ ਹੋਏਗੀ।''

''ਓਦਾਂ ਤਾਂ ਸਰਕਾਰ ਨੇ ਪੰਦਰਾਂ-ਸੋਲਾਂ ਲੱਖ ਇਕ ਖੇਤ ਦੀ ਕੀਮਤ ਰੱਖੀ ਹੋਈ ਆ ਪਰ ਪਿੰਡਾਂ ਵਿਚ ਆਮ ਬੰਦੇ ਕੋਲ ਏਨੇ ਪੈਸੇ ਕਿਥੇ ਹੁੰਦੇ ਆ ਭਾਜੀ। ਇਹ ਤਾਂ ਕੋਈ ਵਲੈਤੀਆ ਲਊ ਜਾਂ ਫੇਰ ਬਲੈਕੀਆ!''

ਆਖਦਾ ਉਹ ਹੱਸਣ ਲੱਗਿਆ। ਉਸ ਦੀ ਪਤਨੀ ਫਿਰ ਆ ਕੇ ਉਹਨਾਂ ਕੋਲ ਬਹਿ ਗਈ। ਉਹ ਵੇਲਾਂ ਤੇ ਦਰਸ਼ੀਲ ਬਾਰੇ ਗੱਲਾਂ ਕਰਨ ਲੱਗੀ। ਗੱਲਾਂ ਕਰਦੀ ਨੇ ਗੱਲ ਆਪਣੀ ਕੁੜੀ ਦਿਲਪ੍ਰੀਤ ਵੱਲ ਲੈ ਆਂਦੀ ਤੇ ਬੋਲੀ,

''ਭਾਜੀ, ਕੋਈ ਮੁੰਡਾ ਹੋਇਆ ਨਿਗਾਹ ਵਿਚ ਤਾਂ ਧਿਆਨ ਰੱਖਿਓ।''

''ਜ਼ਰੂਰ।''

''ਕੁੜੀ ਘਰਦੇ ਕੰਮਾਂ ਨੂੰ ਅਸੀਂ ਚੰਡੀ ਹੋਈ ਆ।''

"ਕੋਈ ਗੱਲ ਨਹੀਂ। ਹਰਵੇਲ ਕੌਰ ਪਹਿਲਾਂ ਹੀ ਏਦਾਂ ਦਿਆਂ ਕੰਮਾਂ ਵਿਚ ਸ਼ੇਰ ਐ, ਜਦ ਵੀ ਕੋਈ ਮੌਕਾ ਬਣਿਆਂ ਤਾਂ ਜ਼ਰੂਰ ਧਿਆਨ ਰਖਾਂਗੇ।"

"ਰਿਸ਼ਤਾ ਤਾਂ ਇਕ ਅਸਟ੍ਰੇਲੀਆ ਤੋਂ ਉਠ ਰਿਹਾ ਪਰ ਅਸੀਂ ਸੋਚਦੇ ਆਂ ਕਿ ਇਕ ਨਿਆਣਾ ਇੰਗਲੈਂਡ ਤੇ ਇਕ ਕਨੇਡਾ ਤੇ ਜੇ ਤੀਜੇ ਨੂੰ ਅਸਟ੍ਰੇਲੀਆ ਭੇਜ ਦਿੱਤਾ ਤਾਂ ਏਨੀ ਦੂਰੀ ਵਿਚ ਆਪਸ ਵਿਚ ਕਿੱਦਾਂ ਮਿਲਿਆ ਕਰਨਗੇ।"

ਦਿਲਬਾਗ ਗੱਲ ਕਰਦਾ ਹੱਸਣ ਲੱਗ ਪਿਆ। ਅਰਵਿੰਦ ਨੇ ਆਪਣੀ ਕਹਾਣੀ ਦੱਸਣੀ ਸ਼ੁਰੂ ਕਰ ਦਿਤੀ,

"ਮੇਰਾ ਇਕ ਦੋਸਤ ਐ, ਉਹਦਾ ਇਕ ਮੁੰਡਾ ਅਸਟ੍ਰੇਲੀਆ ਵਿਚ ਐ ਤੇ ਇਕ ਕਨੇਡਾ ਵਿਚ ਤੇ ਇਕ ਇਥੇ ਇੰਡੀਆ ਵਿਚ ਹੀ ਸੈੱਟਲ ਐ ਤੇ ਉਹਦੀ ਕੁੜੀ ਇੰਗਲੈਂਡ ਰਹਿੰਦੀ ਐ। ਚਾਰ ਨਿਆਣੇ ਤੇ ਦੁਨੀਆਂ ਦੇ ਚਾਰੇ ਕੋਨੇ ਮੱਲੇ ਹੋਏ ਆ। ਜਿੱਦਾਂ ਆਪਾਂ ਪਹਿਲਾਂ ਵੀ ਗੱਲ ਕਰਦੇ ਸੀ ਕਿ ਦੁਨੀਆਂ ਬਹੁਤ ਛੋਟੀ ਹੋ ਗਈ ਐ, ਆਪਾਂ ਸਾਹਮੋ-ਸਾਹਮਣੇ ਬੈਠ ਕੇ ਗੱਲਾਂ ਕਰ ਸਕਦੇ ਆਂ।"

ਉਹ ਦੋ ਦੋ ਪੈੱਗ ਪੀ ਚੁੱਕੇ ਸਨ। ਦਿਲਬਾਗ ਨੇ ਹੋਰ ਪਾਉਣਾ ਚਾਹਿਆ ਤਾਂ ਅਰਵਿੰਦ ਨੇ ਨਾਂਹ ਕਰ ਦਿਤੀ। ਦਿਲਬਾਗ ਵੀ ਬਹੁਤੀ ਨਹੀਂ ਸੀ ਪੀਣੀ ਚਾਹੁੰਦਾ। ਹਾਲੇ ਉਸ ਦੇ ਬਹੁਤ ਸਾਰੇ ਕੰਮ ਕਰਨ ਵਾਲੇ ਪਏ ਸਨ। ਉਂਕਾਰ ਵਾਪਸ ਜਾਣ ਬਾਰੇ ਕਹਿਣ ਲੱਗਿਆ। ਦਿਬਲਾਗ ਪੈਰਾਂ ਵਿਚ ਗੁਰਗਾਬੀ ਫਸਾਉਂਦਾ ਬੋਲਿਆ,

"ਆਓ ਭਾਜੀ, ਤੁਹਾਨੂੰ ਦਿਖਾਵਾਂ ਆਪਣੀ ਖੇਤੀ।"

ਉਸ ਦੇ ਖੇਤ ਘਰ ਦੇ ਨਾਲ ਹੀ ਸ਼ੁਰੂ ਹੋ ਜਾਂਦੇ ਸਨ। ਉਥੇ ਖੂਹ ਦੇਖ ਦੇਖ ਕੇ ਅਰਵਿੰਦ ਹੈਰਾਨ ਹੁੰਦਾ ਬੋਲਿਆ,

"ਜਿੱਦਣ ਦਾ ਮੈਂ ਆਇਆਂ ਕਿਤੇ ਵੀ ਖੂਹ ਨਜ਼ਰ ਨਹੀਂ ਆਇਆ।"

"ਭਾਜੀ, ਇਹ ਖੂਹ ਸਾਡੇ ਬਜ਼ੁਰਗਾਂ ਨੇ ਹੱਥੀਂ ਲੁਆਇਆ ਸੀ। ਮੈਂ ਏਹਨੂੰ ਪੂਰਨਾ ਸਹੀ ਨਹੀਂ ਸਮਝਿਆ। ਪਾਣੀ ਤਾਂ ਹੈ ਨਹੀਂ ਪਰ ਮੈਂ ਇਹ ਏਦਾਂ ਹੀ ਸਾਂਭ ਲਿਆ। ਮੌਣ ਥੋੜੀ ਉਚੀ ਕਰ 'ਤੀ। ਲੋਕ ਤਾਂ ਬੈੜ, ਟਿੰਡਾਂ, ਪਾੜਛੇ, ਗਰਾਰੇ ਬਗੈਰਾ ਲੋਹੇ ਵਿਚ ਵੇਚੀ ਜਾਂਦੇ ਆ। ਮੇਰੇ ਕੋਲ ਵੀ ਕਬਾੜੀਆ ਕਈ ਵਾਰੀ ਆਇਆ ਪਰ ਮੈਂ ਨਹੀਂ ਵੇਚਿਆ। ਆਹ ਗਾਧੀ ਵੀ ਪੁਰਾਣੇ ਵੇਲੇ ਦੀ ਆ। ਸੱਚੀ ਗੱਲ ਭਾਜੀ ਇਹ ਆ ਕਿ ਹਾਲੇ ਵੀ ਮੇਰੇ ਕੰਨਾਂ ਵਿਚ ਕਦੇ-ਕਦੇ ਕੁੱਤੇ ਦੀ ਟੱਕ-ਟੱਕ ਸੁਣਨ ਲੱਗਦੀ ਆ। ...ਉਹ ਫਲਾਹੀ ਮੇਰੇ ਬਾਬੇ ਦੇ ਹੱਥ ਦੀ ਲਾਈ ਹੋਈ ਆ। ਕਈ ਕਹਿ ਚੁੱਕੇ ਆ ਕਿ ਵਢਾ ਦੇ ਪਰ ਅਜੀਬ ਜਿਹਾ ਮੋਹ ਆ ਇਹਦੇ ਨਾਲ। ਪਹਿਲੀਆਂ ਵਿਚ ਏਹਦੀਆਂ ਛਿੰਘਾਂ ਹੀ ਬਹੁਤ ਹੋ ਜਾਇਆ ਕਰਦੀਆਂ ਸੀ। ਔਹ ਜਿਹੜਾ ਤੂਤ ਆ, ਅਸੀਂ ਏਹਦੀਆਂ ਛਿਟੀਆਂ ਦੇ ਬਣੇ ਟੋਕਰੇ ਹੀ ਵਰਤੇ ਆ ਸਾਰੀ ਉਮਰ! ਟੋਕਰੇ ਕੀ ਡੱਲਾਂ, ਟੋਕਰੀਆਂ ਤੇ ਰੋਟੀ ਰੱਖਣ ਵਾਲੇ ਛਾਬੇ ਵੀ ਇਹਦੇ ਬਣਦੇ ਰਹੇ ਆ। ...ਆਹ ਦੇਖੋ ਇਹ ਲੇਦਾ ਜਿਹਾ ਚੁਬੱਚਾ, ਕਦੇ ਚੜਸ ਚਲਦਾ ਹੁੰਦਾ ਸੀ।"

"ਤੁਸੀਂ ਦੇਖਿਆ ਚੜਸ ਚਲਦਾ?"

"ਭਾਜੀ, ਮੈਂ ਚੜਸ ਫੜਦਾ ਵੀ ਰਿਹਾਂ। ਮੈਨੂੰ ਮੇਰੇ ਤਾਏ ਨੇ ਛੇਤੀ ਹੀ ਹਾਲ਼ੀ ਕਰ ਲਿਆ ਸੀ। ਸਾਡੇ ਇਕ ਖੇਤ ਜ਼ਰਾ ਉੱਚੇ ਥਾਂ ਹੁੰਦਾ ਸੀ, ਮੈਂ ਤੇ ਤਾਇਆ ਡੱਲ ਲਾ ਕੇ ਪਾਣੀ ਚਾੜ੍ਹਦੇ ਹੁੰਦੇ ਸੀ। ਏਸੇ ਲਈ ਤਾਂ ਹਾਲੇ ਤਕ ਮੈਨੂੰ ਖੇਤੀ ਨਾਲ ਮੋਹ ਆ।"

ਫਿਰ ਉਹ ਆਪਣੀ ਲਾਈਆਂ ਸਬਜ਼ੀਆਂ ਤੇ ਹੋਰ ਫਸਲਾਂ ਦੀਆਂ ਗੱਲਾਂ ਕਰਨ ਲੱਗਿਆ। ਅਰਵਿੰਦ ਨੂੰ ਭਾਵੇਂ ਇਹਨਾਂ ਚੀਜ਼ਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਪਰ ਉਹ ਧਿਆਨ ਨਾਲ ਸੁਣ ਰਿਹਾ ਸੀ। ਦਿਲਬਾਗ ਦੱਸ ਰਿਹਾ ਸੀ,

"ਆਹ ਕਨਾਲ ਕੁ ਤਾਂ ਮੈਂ ਸਬਜ਼ੀਆਂ ਲਈ ਰੱਖਿਆ ਹੋਇਆ। ਘਰ ਦੀਆਂ ਤਾਜ਼ੀਆਂ ਸਬਜ਼ੀਆਂ ਲਾਈਦੀਆਂ। ਇਹਨਾਂ ਵਿਚ ਮੈਂ ਕਦੇ ਵੀ ਖਾਦ ਨਹੀਂ ਪਾਈ, ਸਿਰਫ ਢੇਰ ਪਾਉਂਨਾ। ...ਔਹ ਚਾਰ ਕਨਾਲ ਸੇਂਜੀ, ਚਟਾਲੇ ਤੇ ਕਚਰੇ ਲਈ। ਚਾਰ ਲਵੇਰੇ ਆ ਤੇ ਇਕ ਮਗਰ, ਇਕ ਕਨਾਲ। ਪੱਠੇ ਮੈਂ ਬਾਰਾਂ ਮਹੀਨੇ ਹੀ ਬੀਜੀ ਰੱਖਦਾਂ। ਔਹ ਥੋੜੀ ਜਿਹੀ ਕਮਾਦੀ, ਘਰ ਜੋਗੇ ਗੁੜ ਤੇ ਬੂਰਾ-ਖੰਡ ਵਾਸਤੇ...।"

ਉਹ ਕਿੰਨੀ ਦੇਰ ਤਕ ਆਪਣੀ ਖੇਤੀ ਦੀ ਤਫਸੀਲ ਦਿੰਦਾ ਰਿਹਾ। ਅਰਵਿੰਦ ਨੂੰ ਕੁਝ ਚੇਤਾ ਆਇਆ ਤੇ ਬੋਲਿਆ,

"ਮੈਂ ਛੋਟਾ ਹੁੰਦਾ ਪਸ਼ੂ ਚਾਰਦਾ ਰਿਹਾਂ, ਉਦੋਂ ਘੜੀਆਂ ਤਾਂ ਹੁੰਦੀਆਂ ਨਹੀਂ ਸੀ, ਧੁੱਪ ਦੇ ਹਿਸਾਬ ਨਾਲ ਹੀ ਟਾਈਮ ਦੇਖ ਲਈਦਾ ਸੀ, ਪਰਛਾਵਾਂ ਪੈਰਾਂ ਵਿਚ ਤਾਂ ਸਿਖਰ ਦੁਪਿਹਰ, ਇਕ ਗਿੱਠ ਦਾ ਗਿੱਠ ਪਰਛਾਵਾਂ ਤਾਂ ਮਤਲਬ ਚਾਰ ਵੱਜੇ ਆ। ਜਿੱਦਾਂ ਜਿੱਦਾਂ ਸੂਰਜ ਹੇਠਾਂ ਜਾਈ ਜਾਣਾ, ਪਰਛਾਵੇਂ ਲੰਮੇ ਹੁੰਦੇ ਜਾਣੇ।"

ਗੱਲਾਂ ਕਰਦੇ ਉਹ ਵਾਪਸ ਅੰਦਰ ਆ ਗਏ। ਦਿਲਬਾਗ ਨੇ ਇਕ ਇਕ ਹਾੜਾ ਹੋਰ ਪਾ ਲਿਆ। ਉਸੇ ਵੇਲੇ ਕਿਸੇ ਨੇ ਉਹਨਾਂ ਦੇ ਬਾਹਰਲੇ ਬੂਹੇ ਦਾ ਕੁੰਡਾ ਖੜਕਾਇਆ। ਦਿਲਬਾਗ ਉਠ ਕੇ ਦੇਖਣ ਚਲੇ ਗਿਆ। ਉਹ ਕੁਝ ਦੇਰ ਕਿਸੇ ਨਾਲ ਗੱਲਾਂ ਕਰਦਾ ਰਿਹਾ। ਵਾਪਸ ਆ ਕੇ ਬੋਲਿਆ,

"ਭਾਜੀ, ਦੁਨੀਆਂ ਬਦਲ ਗਈ ਜੀ, ਸਾਡੀ ਪੰਚਾਇਤ ਵਿਚ ਕੇਸ ਆਇਆ ਇਕ। ਤਿੰਨਾਂ ਕੁੜੀਆਂ ਇਕ ਮੁੰਡੇ ਨੂੰ ਖਿੱਚ ਕੇ ਅੰਦਰ ਲੈ ਗਈਆਂ ਤੇ ਉਹਦੇ ਨਾਲ ਗਲਤ ਹਰਕਤਾਂ ਕਰਦੀਆਂ ਰਹੀਆਂ। ਮੁੰਡੇ ਦਾ ਪਿਓ ਤਾਂ ਠਾਣੇ ਚੱਲਿਆ ਸੀ ਪਰ ਅਸੀਂ ਕਿਹਾ ਕਿ ਕੁੜੀਆਂ ਦੀ ਬਦਨਾਮੀ ਹੋਏਗੀ, ਪੰਚਾਇਤ ਵਿਚ ਹੀ ਗੱਲ ਕਰਦੇ ਆਂ।"

## ਬਾਰਾਂ

ਠੰਡ ਲੱਗਣ ਨਾਲ ਉਸ ਨੀਂਦ ਖੁਲ੍ਹ ਗਈ। ਉਸ ਨੇ ਉਠ ਕੇ ਏ.ਸੀ. ਬੰਦ ਕਰ ਦਿੱਤਾ। ਪਰਦਾ ਹਟਾ ਕੇ ਦੇਖਿਆ ਤਾਂ ਬਾਹਰ ਮੀਂਹ ਪੈ ਰਿਹਾ ਸੀ। ਸਵੇਰ ਦੇ ਦੋ ਵੱਜੇ ਸਨ। ਹਾਲੇ ਉਠਣ ਦਾ ਵਕਤ ਨਹੀਂ ਸੀ ਹੋਇਆ ਪਰ ਉਸ ਨੂੰ ਪਤਾ ਸੀ ਕਿ ਹੁਣ ਨੀਂਦ ਵੀ ਨਹੀਂ ਆਉਣੀ। ਇਸ ਦਾ ਹੱਲ ਉਸ ਕੋਲ ਲੈਪਟੌਪ ਹੈ ਹੀ ਸੀ। ਉਹ ਅੰਮ੍ਰਿਤਸਰ ਵਿਚ ਹੋਟਲ ਲੱਭਣ ਲੱਗਿਆ। ਹੁਣ ਉਸ ਦੀ ਅਗਲੀ ਮੰਜ਼ਿਲ ਉਹੋ ਸ਼ਹਿਰ

ਸੀ। ਸਮ੍ਰੀਤ ਸਹੋਤੇ ਦੇ ਕਈ ਫੋਨ ਆ ਚੁੱਕੇ ਸਨ। ਉਸ ਨੂੰ ਪਤਾ ਸੀ ਕਿ ਅੱਜ ਉਹ ਉਥੇ ਪੁੱਜ ਰਿਹਾ ਸੀ। ਸੁਮੀਤ ਉਸ ਨੂੰ ਹੋਟਲ ਵਿਚ ਨਹੀਂ ਸੀ ਠਹਿਰਨ ਦੇਣਾ ਚਾਹੁੰਦਾ ਪਰ ਅਰਵਿੰਦ ਨੇ ਹੋਟਲ ਵਿਚ ਹੀ ਰਹਿਣਾ ਸੀ। ਅੰਮ੍ਰਿਤਸਰ ਵਿਚ ਤਾਂ ਬਹੁਤ ਹੋਟਲ ਸਨ। ਏਅਰਪੋਰਟ ਬਣ ਜਾਣ ਕਾਰਨ ਵੱਡੇ ਵੱਡੇ ਹੋਟਲ ਖੁਲ੍ਹ ਗਏ ਸਨ। ਉਸ ਨੇ ਰੈਡੀਸਨ ਹੋਟਲ ਦੇ ਮੈਨੇਜਰ ਨੂੰ ਕਮਰਾ ਬੁੱਕ ਕਰਾਉਣ ਲਈ ਈਮੇਲ ਭੇਜ ਦਿੱਤੀ।

ਉਸ ਨੇ ਫੇਸਬੁੱਕ ਖੋਲ੍ਹੀ ਤਾਂ ਦੇਖਿਆ ਕਿ ਦਿੱਲੀ ਵਾਲੇ ਦੋਸਤਾਂ ਦੇ ਸੁਨੇਹੇ ਆਏ ਪਏ ਸਨ। ਉਹ ਮਿਲਣ ਲਈ ਕਾਹਲੇ ਸਨ। ਦਿੱਲੀ ਦਾ ਖਿਆਲ ਆਉਂਦਿਆਂ ਹੋਟਲ ਵਿਚ ਪਿਆ ਬੈਗ ਉਸ ਦੇ ਚੀਸ ਬਣ ਕੇ ਜਿਸਮ ਵਿਚ ਫਿਰਨ ਲੱਗਿਆ। ਉਸ ਦਾ ਮਨ ਕਾਹਲਾ ਪੈਣਾ ਸ਼ੁਰੂ ਹੋ ਗਿਆ। ਇਕ ਵਾਰ ਤਾਂ ਉਸ ਨੇ ਸੋਚਿਆ ਕਿ ਕਿਉਂ ਨਾ ਸਭ ਛੱਡ-ਛਡਾ ਕੇ ਬੈਗ ਹੀ ਚੁੱਕ ਲਿਆਵੇ ਤੇ ਵਿਹਲਾ ਹੋ ਜਾਵੇ। ਫਿਰ ਸੋਚਿਆ ਕਿ ਦਿੱਲੀ ਆਉਣ ਜਾਣ ਨੂੰ ਤਿੰਨ-ਚਾਰ ਦਿਨ ਹੋਰ ਖਰਾਬ ਹੋ ਜਾਣਗੇ, ਅੰਮ੍ਰਿਤਸਰ ਵਲੋਂ ਵਿਹਲਾ ਹੋ ਕੇ ਹੀ ਦਿੱਲੀ ਜਾਵੇ। ਫਿਰ ਦਿੱਲੀ ਜਾਣ ਲਈ ਤੜਕਸਾਰ ਤੁਰਨਾ ਪੈਣਾ ਸੀ ਪਰ ਗੁਪਾਲਾ ਰਾਤੀਂ ਪਿੰਡ ਚਲੇ ਗਿਆ ਹੋਣ ਕਰਕੇ ਇਵੇਂ ਹੋ ਨਹੀਂ ਸੀ ਸਕਣਾ। ਜਿਥੇ ਏਨੇ ਦਿਨ ਲੇਟ ਹੋਇਆ ਸੀ ਉਥੇ ਦੋ ਦਿਨ ਹੋਰ ਸਹੀ। ਉਸ ਨੇ ਦੇਖਿਆ ਕਿ ਮੰਨਤ ਨੇ ਵੀ ਉਸ ਨੂੰ ਸੁਨੇਹਾ ਇਨਬੌਕਸ ਕੀਤਾ ਹੋਇਆ ਸੀ ਤੇ ਹਾਰਵੀ ਬੈਂਸ ਨੇ ਵੀ। ਉਸ ਨੇ ਦੋਨਾਂ ਨੂੰ ਹੀ ਲਿਖ ਦਿਤਾ ਕਿ ਅੱਜ ਹੀ ਦਿਨ ਚੜ੍ਹਦੇ ਹੀ ਫੋਨ ਕਰੇਗਾ। ਉਸ ਨੇ ਕੁਝ ਦੇਰ 'ਇੰਡੀਆ ਅਬ੍ਰੌਡ' ਉਪਰ ਜਾ ਕੇ ਹੱਥ ਜਿਹਾ ਫੇਰਿਆ ਜਿਵੇਂ ਉਸ ਦਾ ਗਵਾਂਢੀ ਗੋਰਾ ਹਰ ਰੋਜ਼ ਆਪਣੀ ਬਗੀਚੀ ਵਿਚ ਹੱਥ ਫੇਰਿਆ ਕਰਦਾ ਸੀ। ਇਹ ਗਰੁੱਪ ਵੀ ਉਸ ਦੀ ਬਗੀਚੀ ਹੀ ਸੀ, ਅਜਿਹਾ ਸੋਚਦਾ ਉਹ ਹੱਸਣ ਲੱਗਿਆ। ਉਸ ਨੇ ਗੂਗਲ ਵਿਚ ਜਾ ਕੇ ਪੁਰਾਣੀਆਂ ਫੋਟੋ ਲੱਭਣੀਆਂ ਸ਼ੁਰੂ ਕਰ ਦਿਤੀਆਂ। ਬਹੁਤੀ ਖੋਜ ਤੋਂ ਬਾਅਦ ਉਸ ਨੂੰ ਕਨੇਡਾ ਵਿਚ ਰੇਲਵੇ ਲਾਈਨ ਬਣਾਉਂਦੇ ਪੰਜਾਬੀਆਂ ਦੀ ਤਸਵੀਰ ਮਿਲ ਗਈ। ਉਹ ਇਵੇਂ ਖੁਸ਼ ਹੋਇਆ ਜਿਵੇਂ ਕੋਈ ਖਜ਼ਾਨਾ ਮਿਲ ਗਿਆ ਹੋਵੇ। ਉਸ ਨੇ ਜਲਦੀ ਨਾਲ ਉਹ ਤਸਵੀਰ 'ਇੰਡੀਆ ਅਬ੍ਰੌਡ' ਵਿਚ ਚਾੜ੍ਹ ਦਿਤੀ। ਉਸ ਨੂੰ ਪਤਾ ਸੀ ਕਿ ਜਲਦੀ ਹੀ ਮੈਂਬਰਾਂ ਵਲੋਂ 'ਲਾਈਕ' ਆਉਣੇ ਸ਼ੁਰੂ ਹੋ ਜਾਣਗੇ।

ਉਹ ਉਠ ਕੇ ਹੋਟਲ ਦੇ ਬਰਾਂਡੇ ਵਿਚ ਆ ਗਿਆ। ਪਹੁ ਫੁੱਟਣ ਵਾਲੀ ਸੀ ਪਰ ਮੀਂਹ ਨੇ ਸੂਰਜ ਨੂੰ ਲੇਟ ਕਰ ਦੇਣਾ ਸੀ। ਉਹ ਹੋਟਲ ਦੇ ਹਾਲ ਵਿਚ ਜਾ ਬੈਠਾ। ਉਥੇ ਇਕ ਜੋੜਾ ਬੈਠਾ ਚਾਹ ਪੀ ਰਿਹਾ ਸੀ। ਉਸ ਨੇ ਵੀ ਚਾਹ ਮੰਗਵਾ ਲਈ। ਠੰਡ ਜਿਹੀ ਹੋ ਜਾਣ ਕਾਰਨ ਚਾਹ ਸਵਾਦ ਲੱਗ ਰਹੀ ਸੀ। ਉਹ ਹੌਲੀ ਹੌਲੀ ਚਾਹ ਦੇ ਘੁੱਟ ਭਰ ਰਿਹਾ ਸੀ ਕਿ ਬਹਿਰਾ ਉਸ ਮੂਹਰੇ ਅੱਜ ਦੀਆਂ ਕੁਝ ਅਖਬਾਰਾਂ ਰੱਖ ਗਿਆ। ਉਹ ਸੁਰਖੀਆਂ ਦੇਖਣ ਲੱਗਿਆ। ਕੁਝ ਅਖਬਾਰਾਂ ਤਾਂ ਉਹ ਨੈੱਟ 'ਤੇ ਹੀ ਪੜ੍ਹ ਚੁੱਕਿਆ ਸੀ। ਥੋੜੀ ਦੇਰ ਬਾਅਦ ਤਿੰਨ ਕੁੜੀਆਂ ਹਾਲ ਵਿਚ ਆਉਂਦੀਆਂ ਦਿਸੀਆਂ। ਉਹਨਾਂ ਦੇ ਪਹਿਰਾਵੇ ਤੋਂ ਜਾਪਦਾ ਸੀ ਕਿ ਉਹ ਇੰਗਲੈਂਡ ਜਾਂ ਉਤਰੀ ਅਮਰੀਕਾ ਦੇ ਕਿਸੇ ਮੁਲਕ ਤੋਂ ਆਈਆਂ ਹੋਣਗੀਆਂ ਪਰ ਅੱਜਕੱਲ ਇੰਡੀਆ ਵਿਚ ਵੀ ਕੁੜੀਆਂ ਅਜਿਹੇ ਕਪੜੇ ਹੀ ਪਹਿਨ ਰਹੀਆਂ ਸਨ, ਇਸ ਲਈ ਕੁਝ ਕਿਹਾ ਨਹੀਂ ਸੀ ਜਾ ਸਕਦਾ। ਜਿਸ ਆਤਮ-ਵਿਸ਼ਵਾਸ ਨਾਲ ਉਹ ਤੁਰ ਰਹੀਆਂ ਸਨ, ਜ਼ਰੂਰ ਉਹ ਬਾਹਰੋਂ ਹੀ ਆਈਆਂ ਹੋਣਗੀਆਂ। ਉਹ ਉਸ ਦੇ ਮੇਜ਼ ਦੇ ਨਜ਼ਦੀਕ ਜਿਹੇ ਹੀ ਬੈਠ ਗਈਆਂ। ਉਹਨਾਂ ਨੇ ਗੱਲ ਕੀਤੀ ਤਾਂ ਉਹ ਇਕ ਦਮ ਪੱਛਾਣ ਗਿਆ ਕਿ ਉਹ ਬਰਮੀਘੰਮ ਜਾਂ ਆਲੇ-ਦੁਆਲੇ ਤੋਂ ਸਨ। ਉਸ ਨੇ ਦੂਰੋਂ ਹੀ ਹੱਥ ਹਿਲਾ ਕੇ ਕਿਹਾ,

"ਹੈਲੋ ਗਰਲਜ਼! ਆਰ ਯੂ ਫਰੌਮ ਮਿਡਲੈਂਡ?"

"ਯਾ, ਐਂਡ ਯੂ?"

"ਲੰਡਨ, ਕੈਂਟ।"

"ਵਾਏ ਨੌਟ ਯੂ ਸਿਟ ਹੇਅਰ।"

ਉਹਨਾਂ ਵਿਚੋਂ ਇਕ ਨੇ ਉਸ ਨੂੰ ਇਸ਼ਾਰਾ ਕੀਤਾ। ਉਸ ਨੇ ਆਪਣਾ ਚਾਹ ਦਾ ਕੱਪ ਚੁੱਕਿਆ ਤੇ ਉਹਨਾਂ ਕੋਲ ਜਾ ਬੈਠਾ। ਉਸ ਨੇ ਅੰਗਰੇਜ਼ੀ ਵਿਚ ਹੀ ਗੱਲ ਕਰਨੀ ਠੀਕ ਸਮਝੀ। ਪੁੱਛਿਆ,

"ਜਾਪਦਾ ਸੈਰ ਕਰਨ ਆਈਆਂ ਹੋ।"

"ਹਾਂ, ਅਸੀਂ ਆਪਣੀਆਂ ਰੂਟਸ ਲੱਭਣ ਆਈਆਂ।"

"ਦੈਟ'ਸ ਨਾਈਸ, ਕਾਮਯਾਬੀ ਹੱਥ ਲੱਗੀ ਕਿ ਨਹੀਂ ਹਾਲੇ?"

"ਹਾਂ, ਕਾਫੀ ਹੱਦ ਤਕ। ਸੌਖਾ ਹੀ ਕੰਮ ਸੀ, ਕਿਉਂਕਿ ਸਾਡਾ ਬਾਬਾ ਹੀ ਇਥੋਂ ਗਿਆ ਸੀ। ਸਾਡੇ ਡੈਡ ਤਾਂ ਆਉਂਦੇ ਹੀ ਰਹਿੰਦੇ ਸਨ। ਆਉਣ ਵਾਲੇ ਸਮੇਂ ਵਿਚ ਜ਼ਰੂਰ ਮੁਸ਼ਕਲ ਹੋ ਜਾਵੇਗੀ।"

ਉਹਨਾਂ ਵਿਚੋਂ ਉਸ ਕੁੜੀ ਨੇ ਕਿਹਾ ਜਿਸ ਨੇ ਗੁੱਤ ਕੀਤੀ ਹੋਈ ਸੀ। ਅਰਵਿੰਦ ਨੇ ਆਖਿਆ,

"ਯੂ ਨੋਅ, ਮੈਂ ਵੀ ਵੀਹ ਸਾਲ ਬਾਅਦ ਵਾਪਸ ਆਇਆਂ ਪਰ ਫਿਰ ਵੀ ਮੈਂ ਇਸ ਇਲਾਕੇ ਨੂੰ ਕਾਫੀ ਜਾਣਦਾਂ, ਜੇ ਮੈਂ ਕਿਸੇ ਕੰਮ ਆ ਸਕਦਾ ਹੋਵਾਂ ਤਾਂ ਝਿਜਕਣਾ ਨਹੀਂ, ਮੈਂ ਇਕ ਸੌ ਬਾਰਾਂ ਨੰਬਰ ਵਿਚ ਠਹਿਰਿਆਂ ਪਰ ਵੈਸੇ ਮੈਂ ਜਲਦੀ ਚਲੇ ਜਾਣਾ।"

"ਥੈਂਕਸ।"

ਆਖਦਿਆਂ ਉਸ ਨੇ ਬੈਗ ਵਿਚੋਂ ਆਪਣਾ ਲੈਪਟੌਪ ਕੱਢ ਕੇ ਖੋਹਲ ਲਿਆ। ਉਸ ਵੱਲ ਇਸ ਦਾ ਸਕਰੀਨ ਕਰਦੀ ਬੋਲੀ,

"ਦੇਖੋ, ਆਹ ਸਾਡੇ ਪਿੰਡ ਦਾ ਨਾਂ ਐ, ਤੇ ਆਹ ਮੇਰੀ ਮੌਮ ਦੇ ਪਿੰਡ ਦਾ ਨਾਂ। ਮੈਨੂੰ ਪਰਨਾਊਂਸ ਨਹੀਂ ਕਰਨੇ ਆਉਂਦੇ। ਮੇਰੇ ਡੈਡੀ ਦਾ ਸਰਨੇਮ ਮਾਨ ਏ ਤੇ ਮੌਮ ਦਾ ਸੰਘਾ। ਮੇਰੇ ਡੈਡੀ-ਮੌਮ ਦਾ ਜਨਮ ਤਾਂ ਇਧਰ ਦਾ ਸੀ ਪਰ ਬਚਪੱਨ ਵਿਚ ਹੀ ਇੰਗਲੈਂਡ ਚਲੇ ਗਏ ਸੀ, ਅਸੀਂ ਵੀ ਛੋਟੀਆਂ ਹੁੰਦੀਆਂ ਇੰਡੀਆ ਆਈਆਂ ਸੀ ਪਰ ਡੈਡੀ ਦੀ ਮੌਤ ਤੋਂ ਬਾਅਦ ਅਸੀਂ ਸੋਚਿਆ ਕਿ ਆਪਣੇ ਰੂਟਸ ਲੱਭ ਕੇ ਆਈਏ।"

ਅਰਵਿੰਦ ਨੇ ਦੇਖਿਆ ਕਿ ਉਹਨਾਂ ਦਾ ਪਿੰਡ ਢਾਡਾ ਸੀ ਤੇ ਨਾਨਕੇ ਲੰਗੇਰੀ। ਦੋਵੇਂ ਪਿੰਡ ਮਾਹਿਲਪੁਰ ਦੇ ਨੇੜੇ ਹੀ ਸਨ। ਇਸ ਲਈ ਉਹਨਾਂ ਨੂੰ ਲੱਭਣਾ ਸੌਖਾ ਵੀ ਹੋਵੇਗਾ। ਉਹਨਾਂ ਦੋਨਾਂ ਗੋਤਾਂ ਦੇ ਜਠੇਰੇ ਵੀ ਲੱਭ ਲਏ ਹੋਏ ਸਨ। ਆਪਣੇ ਦਾਦਕਾ-ਘਰ ਤੇ ਨਾਨਕਾ-ਘਰ ਦੇ

ਵੀਡਿਓ ਵੀ ਬਣਾ ਕੇ ਲਿਆਈਆਂ ਤੇ ਬਹੁਤ ਸਾਰੀਆਂ ਹੋਰ ਜਗਾਵਾਂ ਦੀ ਵੀ। ਅਰਵਿੰਦ ਨੂੰ ਇਹ ਕੁੜੀਆਂ ਬਹੁਤ ਹਿੰਮਤ ਵਾਲੀਆਂ ਲੱਗ ਰਹੀਆਂ ਸਨ। ਇਸ ਗੱਲ ਵਿਚ ਉਸ ਨੇ ਉਹਨਾਂ ਦੀ ਤਾਰੀਫ ਵੀ ਕੀਤੀ। ਉਸ ਨੇ ਪੁੱਛਿਆ,

"ਸਮੁੱਚੇ ਤੌਰ 'ਤੇ ਤੁਹਾਨੂੰ ਇੰਡੀਆ ਕਿਵੇਂ ਲੱਗਿਆ?"

"ਜੇ ਮੈਨੂੰ ਕੋਈ ਜੌਬ ਮਿਲ ਜਾਵੇ ਤਾਂ ਮੈਂ ਤਾਂ ਇਥੇ ਹੀ ਸੈੱਟਲ ਹੋ ਜਾਵਾਂ।"

ਗੁੱਤ ਵਾਲੀ ਕੁੜੀ ਨੇ ਆਖਿਆ। ਅਰਵਿੰਦ ਨੇ ਹਾਲੇ ਤਕ ਉਹਨਾਂ ਦਾ ਨਾਂ ਨਹੀਂ ਸੀ ਪੁੱਛਿਆ। ਉਸ ਨੇ ਕਿਹਾ,

"ਇਥੇ ਦੇ ਲੋਕ ਇੰਗਲੈਂਡ ਜਾਣ ਲਈ ਕਮਲ਼ੇ ਹੋਏ ਫਿਰਦੇ ਆ!"

"ਕਮਲ਼ੇ ਜਿਉਂ ਹੋਏ!"

ਉਸ ਨੇ ਜਵਾਬ ਵਿਚ ਆਖਿਆ। ਉਹਨਾਂ ਕੁੜੀਆਂ ਵਿਚ ਦੋ ਤਾਂ ਭੈਣਾਂ ਸਨ ਤੇ ਤੀਜੀ ਉਹਨਾਂ ਦੀ ਸਹੇਲੀ ਸੀ। ਅਰਵਿੰਦ ਸੋਚ ਰਿਹਾ ਸੀ ਕਿ ਇਹ ਸ਼ਾਇਦ ਉਹਨਾਂ ਨਾਲ ਐਵੇਂ ਹੀ ਘੁੰਮਣ ਆ ਗਈ ਹੋਵੇ। ਉਸ ਨੇ ਤੀਜੀ ਕੁੜੀ ਨੂੰ ਕਿਹਾ,

"ਚੰਗਾ ਹੋਇਆ ਤੈਨੂੰ ਵੀ ਆਪਣੀਆਂ ਸਹੇਲੀਆਂ ਨਾਲ ਇੰਡੀਆ ਦੇਖਣ ਦਾ ਮੌਕਾ ਮਿਲ ਗਿਆ।"

"ਨਹੀਂ, ਮੈਂ ਵੀ ਆਪਣੀਆਂ ਰੂਟਸ ਲੱਭਣ ਹੀ ਆਈ ਆਂ। ਇਹਨਾਂ ਦੀਆਂ ਰੂਟਸ ਤਾਂ ਸੌਖੀਆਂ ਮਿਲ ਗਈਆਂ ਪਰ ਮੇਰੇ ਲਈ ਥੋੜੀ ਜਿਹੀ ਮੁਸ਼ਕਲ ਆ ਰਹੀ ਐ।"

"ਉਹ ਕਿਵੇਂ?"

"ਮੈਨੂੰ ਆਪਣੇ ਡੈਡੀ ਦਾ ਪਿੰਡ ਮਿਲ ਗਿਆ, ਉਹ ਘਰ ਵੀ ਜਿਥੇ ਉਸ ਦਾ ਜਨਮ ਹੋਇਆ ਸੀ ਪਰ ਮੈਨੂੰ ਆਪਣੇ ਬੱਗਾ ਸਰਨੇਮ ਦੇ ਜਠੇਰੇ ਨਹੀਂ ਮਿਲ ਰਹੇ।"

"ਹਾ ਹਾ ਹਾ, ਇਹ ਤਾਂ ਗੱਲ ਹੀ ਕੋਈ ਨਹੀਂ।"

"ਹੱਸ ਕਿਉਂ ਰਹੇ ਹੋ?"

"ਇਹ ਜਠੇਰੇ ਤਾਂ ਸਾਡੇ ਨਾਲ ਦੇ ਪਿੰਡ ਭਰੋਲੀ ਵਿਚ ਐ, ਬਚਪਨ ਵਿਚ ਮੈਂ ਉਥੇ ਬਹੁਤ ਵਾਰ ਗਿਆ ਹੋਇਆਂ।"

ਅਰਵਿੰਦ ਨੇ ਕਿਹਾ ਤੇ ਉਹਨਾਂ ਨੂੰ ਪਿੰਡ ਦਾ ਅਤਾ-ਪਤਾ ਆਦਿ ਸਭ ਕੁਝ ਲਿਖਵਾ ਦਿੱਤਾ। ਉਹ ਕੁੜੀ ਬਹੁਤ ਖੁਸ਼ ਸੀ ਜਿਵੇਂ ਕੋਈ ਗਵਾਚੀ ਹੋਈ ਚੀਜ਼ ਲੱਭ ਪਈ ਹੋਵੇ। ਅਰਵਿੰਦ ਵੀ ਖੁਸ਼ ਸੀ ਕਿ ਉਹ ਕਿਸੇ ਦੇ ਕੰਮ ਆਇਆ। ਕੁਝ ਦੇਰ ਉਹਨਾਂ ਕੋਲ ਬੈਠ ਕੇ ਮਨੋ-ਮਨ ਉਹ ਤਿੰਨਾਂ ਕੁੜੀਆ ਦੀ ਤਾਰੀਫ ਕਰਦਾ ਆਪਣੇ ਕਮਰੇ ਵਿਚ ਆ ਗਿਆ। ਪਰਦਾ ਹਟਾ ਕੇ ਬਾਹਰ ਦੇਖਿਆ। ਮੀਂਹ ਰੁਕ ਚੁੱਕਿਆ ਸੀ ਪਰ ਬੱਦਲ ਹਾਲੇ ਛਾਏ ਹੋਏ ਸਨ। ਕੁਝ ਦੇਰ ਬਾਅਦ ਉਸ ਨੇ ਨਾਸ਼ਤਾ ਮੰਗਵਾ ਲਿਆ। ਨਾਸ਼ਤਾ ਕਰਕੇ ਹਟਿਆ ਹੀ ਸੀ ਕਿ ਸੁਮੀਤ ਦਾ ਫੋਨ ਆ ਗਿਆ। ਉਹ ਪੁੱਛਣ ਲੱਗਿਆ,

"ਕਿੰਨੇ ਵਜੇ ਪੁੱਜ ਰਿਹਾਂ?"

"ਮੈਂ ਬਸ ਡਰਾਈਵਰ ਨੂੰ ਉਡੀਕ ਰਿਹਾਂ, ਬਾਰਾਂ-ਇਕ ਵਜੇ ਤਕ ਹੋਟਲ ਰੈਡੀਸਨ ਪੁੱਜ ਜਾਣਾ।"

"ਇਹ ਕਿਵੇਂ ਹੋ ਜਾਊ ਭਾਊ ਕਿ ਮੇਰੇ ਹੁੰਦਿਆਂ ਤੂੰ ਹੋਟਲ ਵਿਚ ਰਹੇਂ!"

"ਯੂ ਨੋਅ, ਹੋਟਲ ਵਿਚ ਜ਼ਰਾ ਅਜ਼ਾਦੀ ਜਿਹੀ ਰਹਿੰਦੀ ਐ।"

"ਅਜ਼ਾਦੀ ਨੂੰ, ਤੂੰ ਕਿਹੜਾ ਨੰਗਾ ਹੋ ਕੇ ਘੁੰਮਣਾਂ! ਜੇ ਇਵੇਂ ਵੀ ਘੁੰਮਣਾ ਹੋਇਆ ਤਾਂ ਕੋਈ ਗੱਲ ਨਹੀਂ, ਇਥੇ ਕਿਸੇ ਨੂੰ ਇਤਰਾਜ਼ ਨਹੀਂ ਹੋਣ ਲੱਗਿਆ।"

"ਚੱਲ ਮੈਂ ਦੇਖਦਾਂ।"

"ਦੇਖਦਾ ਨਹੀਂ, ਤੂੰ ਸਿੱਧਾ ਮੇਰੇ ਕੋਲ ਆਉਣਾ ਤੇ ਦੁਪਿਹਰ ਦੀ ਰੋਟੀ ਮੇਰੇ ਨਾਲ ਖਾਣੀ ਆਂ। ਮੈਂ ਯੂਨੀਵਰਸਟੀ ਚੱਲਿਆਂ ਤੇ ਇਕ ਕਲਾਸ ਲੈ ਕੇ ਮੁੜ ਆਉਣਾ।"

ਉਸ ਨੇ ਇਕ ਕਿਸਮ ਨਾਲ ਹੁਕਮ ਹੀ ਸੁਣਾ ਦਿੱਤਾ। ਅਰਵਿੰਦ ਨੂੰ ਇਹ ਚੰਗਾ ਵੀ ਲੱਗਿਆ। ਉਸ ਨੇ ਆਪਣਾ ਸਾਰਾ ਸਮਾਨ ਬੈਗ ਵਿਚ ਪਾ ਲਿਆ। ਅਟੈਚੀ ਤਾਂ ਹਾਲੇ ਵੀ ਗੱਡੀ ਵਿਚ ਹੀ ਪਿਆ ਸੀ। ਹੁਣ ਉਸ ਕੋਲ ਧੋਣ ਵਾਲੇ ਕੁਝ ਕਪੜੇ ਹੋ ਗਏ ਸਨ। ਸੋਚ ਰਿਹਾ ਸੀ ਕਿ ਅੰਮ੍ਰਿਤਸਰ ਜਾ ਕੇ ਹੋਟਲ ਵਿਚ ਧੁਆ ਲਵੇਗਾ ਪਰ ਹੁਣ ਜੇ ਉਸ ਨੂੰ ਸੁਮੀਤ ਕੋਲ ਰਹਿਣਾ ਪਿਆ ਤਾਂ ਕੋਈ ਹੋਰ ਢੰਗ ਲੱਭਣਾ ਪੈਣਾ ਸੀ। ਉਸ ਨੂੰ ਸਿਰਫ ਧੋਣ ਦੀ ਹੀ ਮੁਸ਼ਕਲ ਆਉਣੀ ਸੀ, ਪ੍ਰੈੱਸ ਕਰਨ ਲਈ ਤਾਂ ਉਸ ਨੇ ਨਿੱਕੀ ਜਿਹੀ ਟਰੈਵਿਲਿੰਗ ਪ੍ਰੈੱਸ ਨਾਲ ਰੱਖੀ ਹੋਈ ਸੀ।

ਬਾਹਰ ਮੀਂਹ ਰੁਕ ਗਿਆ ਸੀ। ਹਲਕੀ ਜਿਹੀ ਧੁੱਪ ਵੀ ਦਿੱਸਣ ਲੱਗੀ ਸੀ। ਮੀਂਹ ਤੋਂ ਬਾਅਦ ਪਹਾੜ ਹੋਰ ਵੀ ਸੁਹਣੇ ਲੱਗ ਰਹੇ ਸਨ ਜਿਵੇਂ ਮੀਂਹ ਨਾਲ ਧੋਤੇ ਗਏ ਹੋਣ। ਉਂਝ ਵੀ ਮੌਸਮ ਅਜਿਹਾ ਸੀ ਕਿ ਚਾਰੇ ਪਾਸੇ ਹਰਿਆਵਲ ਹੀ ਹਰਿਆਵਲ ਸੀ। ਜਲਦੀ ਹੀ ਗੁਪਾਲਾ ਵੀ ਆ ਗਿਆ। ਉਹ ਨੇ ਹੋਟਲ ਦਾ ਹਿਸਾਬ ਕੀਤਾ ਤੇ ਸਮਾਨ ਗੱਡੀ ਵਿਚ ਰੱਖ ਕੇ ਚੱਲ ਪਏ। ਉਂਕਾਰ ਦਾ ਫੋਨ ਆਇਆ ਸੀ ਕਿ ਜਾਂਦੇ ਹੋਏ ਉਧਰ ਦੀ ਲੰਘ ਜਾਣ ਤੇ ਰੋਟੀ ਖਾ ਜਾਣ ਪਰ ਇਵੇਂ ਕਰ ਨਹੀਂ ਸੀ ਹੋਣਾ। ਹੁਣ ਉਸ ਦਾ ਮਨ ਅੰਮ੍ਰਿਤਸਰ ਜਾਣ ਲਈ ਕਾਹਲਾ ਪੈ ਰਿਹਾ ਸੀ।

ਹੁਸ਼ਿਆਰਪੁਰ ਤੋਂ ਬਾਹਰ ਨਿਕਲ ਕੇ ਉਸ ਨੇ ਮੰਨਤ ਨੂੰ ਫੋਨ ਕਰ ਲਿਆ। ਉਹ ਜਮਾਤ ਲੈ ਰਹੀ ਸੀ ਇਸ ਲਈ ਉਸ ਨਾਲ ਗੱਲ ਨਾ ਹੋ ਸਕੀ। ਫਿਰ ਉਸ ਨੇ ਹਾਰਵੀ ਬੈਂਸ ਨੂੰ ਫੋਨ ਕੀਤਾ। ਤਿੱਖੀ ਜਿਹੀ ਅਵਾਜ਼ ਨੇ ਦੂਜੇ ਪਾਸਿਓਂ ਹੈਲੋ ਕਿਹਾ। ਅਰਵਿੰਦ ਨੇ ਆਪਣਾ ਨਾਂ ਦੱਸਿਆ ਤਾਂ ਉਹ ਬੋਲੀ,

"ਸਤ ਸ੍ਰੀ ਅਕਾਲ ਸਰ ਜੀ! ਮੈਂ ਤਾਂ ਕਈ ਦਿਨ ਦਾ ਤੁਹਾਡਾ ਫੋਨ ਉਡੀਕਦੀ ਸੀ ਪਰ ਲੱਗਦਾ ਕਿ ਤੁਸੀਂ ਬੀਜ਼ੀ ਹੋਵੋਂਗੇ।"

"ਹਾਂ, ਕੁਝ ਅਜਿਹਾ ਸੀ ਹਾਰਵੀ ਜੀ।"

"ਸਰਜੀ, ਮੈਨੂੰ ਜੀ ਨਾ ਕਹੋ। ਮੈਂ ਤੁਹਾਡੇ ਤੋਂ ਬਹੁਤ ਛੋਟੀ ਆਂ, ਰੁਤਬੇ ਵਿਚ ਵੀ ਤੇ ਉਮਰ ਵਿਚ ਵੀ।"

"ਕੋਈ ਗੱਲ ਨਹੀਂ, 'ਜੀ' ਕਹਿਣ ਨਾਲ ਬੰਦੇ ਦੇ ਮੂੰਹ ਦਾ ਸਵਾਦ ਬਣਿਆਂ ਰਹਿੰਦਾ। ...ਕਿਥੇ ਹੋ ਤੁਸੀਂ?"

"ਮੈਂ ਤਾਂ ਚੰਡੀਗੜ੍ਹ ਹੀ ਆਂ, ਕਦੋਂ ਆ ਰਹੇ ਓ ਇਥੇ?"

"ਯੂ ਨੋਅ, ਜਦੋਂ ਚੰਡੀਗੜ੍ਹ ਨੇ ਹਾਕ ਮਾਰ ਲਈ ਤਾਂ ਆ ਜਾਵਾਂਗਾ। ਹਾਲੇ ਤਾਂ ਮੈਂ ਅੰਮ੍ਰਿਤਸਰ ਜਾ ਰਿਹਾਂ, ਦੋ ਕੁ ਦਿਨ ਰਹਾਂਗਾ।"

"ਕਿਵੇਂ ਜਾ ਰਹੀਆਂ ਨੇ ਤੁਹਾਡੀਆਂ ਛੁੱਟੀਆਂ?"

"ਬਿਲਕੁਲ ਠੀਕ।"

"ਜਿਹੜੇ ਜ਼ਰੂਰੀ ਕੰਮ ਕਰਨੇ ਸਨ, ਹੋ ਗਏ ਸਾਰੇ?"

ਹਾਰਵੀ ਨੇ ਪੁੱਛਿਆ। ਅਰਵਿੰਦ ਦਾ ਇਕ ਦਮ ਮੱਥਾ ਠਣਕਿਆ ਤੇ ਉਸ ਨੂੰ ਹੋਟਲ ਵਿਚ ਪਿਆ ਬੈਗ ਦਿੱਸਣ ਲੱਗਿਆ। ਉਸ ਨੇ ਬੜੀ ਮੁਸ਼ਕਲ ਨਾਲ ਧਿਆਨ ਮੋੜ ਕੇ ਹਾਰਵੀ ਵਲ ਲਿਆਂਦਾ। ਫੋਟੋ ਤੋਂ ਉਹ ਨਿੱਕੀ ਜਿਹੀ ਸੁਰਲੀ ਦਿੱਸ ਰਹੀ ਸੀ। ਅਵਾਜ਼ ਤੋਂ ਵੀ ਤੇਜ਼ ਜਾਪਦੀ ਸੀ। ਉਸ ਨੂੰ ਅਜਿਹੀ ਕੁੜੀ ਪਸੰਦ ਸੀ। ਉਹ ਕੁਝ ਦੇਰ ਉਹਦੇ ਨਾਲ ਗੱਲਾਂ ਕਰਦਾ ਰਿਹਾ। ਹਾਰਵੀ ਬਹੁਤਾ ਹੀ ਨੇੜ ਦਿਖਾ ਰਹੀ ਸੀ ਤੇ ਆਪਣੇ ਬਾਰੇ ਜਾਣਕਾਰੀ ਦਿੰਦੀ ਜਾ ਰਹੀ ਸੀ। ਫਿਰ ਉਹ ਇੰਗਲੈਂਡ ਵਸਦੇ ਪੰਜਾਬੀ ਦੇ ਕਵੀਆਂ ਬਾਰੇ ਗੱਲਾਂ ਕਰਨ ਲੱਗੀ ਕਿਉਂਕਿ ਉਹਨਾਂ ਦੀਆਂ ਕਵਿਤਾਵਾਂ ਉਪਰ ਉਹ ਪੀ ਐਚ. ਡੀ. ਕਰ ਰਹੀ ਸੀ ਪਰ ਅਰਵਿੰਦ ਇਸ ਪਾਸਿਓਂ ਬਿਲਕੁਲ ਕੋਰਾ ਹੋਣ ਕਾਰਨ ਕੋਈ ਜਵਾਬ ਨਹੀਂ ਸੀ ਦੇ ਸਕਦਾ।

ਹਾਰਵੀ ਦੇ ਫੋਨ ਰੱਖਦਿਆਂ ਹੀ ਮੰਨਤ ਦਾ ਆ ਗਿਆ। ਦਿੱਲੀ ਤੋਂ ਬਾਅਦ ਇਹ ਉਸ ਨਾਲ ਪਹਿਲੀ ਗੱਲ ਹੋ ਰਹੀ ਸੀ। ਅਰਵਿੰਦ ਨੇ ਕਿਹਾ,

"ਕੀ ਹਾਲ ਐ ਡਾਕਟਰ ਮੰਨਤ ਗਰੇਵਾਲ।"

"ਬਿਲਕੁਲ ਠੀਕ, ਤੁਸੀਂ ਸੁਣਾਓ। ਤੁਸੀਂ ਮੁੜ ਕੇ ਫੋਨ ਹੀ ਨਹੀਂ ਕੀਤਾ!"

"ਮੈਨੂੰ ਤੁਹਾਡੇ ਕੰਮ ਦੇ ਸ਼ਡਿਊਲ ਦਾ ਨਹੀਂ ਸੀ ਪਤਾ, ਜਿਵੇਂ ਅੱਜ ਵੀ ਮੈਨੂੰ ਲੱਗਿਆ ਕਿ ਤੁਸੀਂ ਕਲਾਸ ਲੈ ਰਹੇ ਸੀ।"

"ਮੈਨੂੰ ਇਕ ਵਾਰ ਕਾਲ ਹੋ ਜਾਵੇ ਤਾਂ ਮੈਂ ਵਾਪਸ ਕਰ ਲੈਨੀ ਆਂ। ਚਲੋ ਖੈਰ, ਕਿਵੇਂ ਜਾ ਰਹੀਆਂ ਨੇ ਤੁਹਾਡੀਆਂ ਛੁੱਟੀਆਂ?"

"ਛੁੱਟੀਆਂ ਠੀਕ ਨੇ, ਅੱਜ ਅੰਮ੍ਰਿਤਸਰ ਜਾ ਰਿਹਾਂ, ਦੋ ਕੁ ਦਿਨ ਰਹਿ ਕੇ ਮੈਂ ਦਿੱਲੀ ਜਾਵਾਂਗਾ। ਤੁਸੀਂ ਤਾਂ ਨਹੀਂ ਉਥੇ ਸੈਮੀਨਾਰ 'ਤੇ ਜਾਣਾਂ?"

"ਨਹੀਂ, ਹਾਲੇ ਦਿੱਲੀ ਦਾ ਕੋਈ ਪ੍ਰੋਗਰਾਮ ਨਹੀਂ, ਕੱਲ ਮੈਂ ਬਠਿੰਡੇ ਵਾਇਵਾ ਲੈਣ ਜਾ ਰਹੀ ਆਂ, ਅਗਲੇ ਹਫਤੇ ਚੰਡੀਗੜ੍ਹ ਜਾਵਾਂਗੀ।"

"ਚੰਡੀਗੜ੍ਹ ਤਾਂ ਮੈ ਵੀ ਜਾਣਾ ਦੱਸੋ ਕਿਸ ਦਿਨ ਜਾ ਰਹੇ ਓ, ਓਥੇ ਮਿਲਦੇ ਆਂ।"

"ਚੰਡੀਗੜ੍ਹ ਸਾਥੋਂ ਬਹੁਤੀ ਦੂਰ ਨਹੀਂ, ਇਥੇ ਤਾਂ ਸਾਡਾ ਅੱਪ-ਡਾਊਨ ਹੀ ਹੁੰਦਾ ਏ।"

"ਹੁਣ ਫਿਰ ਕਿਥੇ ਮੁਲਾਕਾਤ ਹੋਵੇਗੀ?"

"ਯੂੰ ਹੀ ਰਾਹ ਮੇਂ ਚਲਤੇ ਚਲਤੇ!"

ਆਖ ਕੇ ਉਹ ਹੱਸਣ ਲੱਗੀ। ਫਿਰ ਬੋਲੀ,

"ਅਰਵਿੰਦ ਜੀ, ਪਤਾ ਨਹੀਂ ਮੈਨੂੰ ਕੀ ਹੋ ਗਿਆ ਸੀ, ...ਮੈਂ ਬਹੁਤ ਬੜਾ ਪਹਾੜ ਆਂ, ਅਡਿੱਗ ਪਹਾੜ!"

"ਯੂ ਨੋਅ, ਜਦ ਬੱਦਲ ਫਟਦਾ ਤਾਂ ਵੱਡੇ ਵੱਡੇ ਪਹਾੜ ਵੀ ਡਿਗ ਪੈਂਦੇ ਆ।"

"ਨਹੀਂ ਜੀ, ਮੈਂ ਤਾਂ ਬੱਦਲ ਫਟਣ ਨਾਲ ਵੀ ਡਿਗਣ ਵਾਲਾ ਨਹੀਂ, ਪੱਥਰ ਦਾ ਪਹਾੜ ਆਂ। ਬੱਸ, ਕਿਤੇ ਕੋਈ ਗੜਬੜ ਹੋ ਗਈ ਜਿਹੜੀ ਮੈਨੂੰ ਵੀ ਸਮਝ ਨਹੀਂ ਪੈ ਰਹੀ।"

" ਏਦਾਂ ਸਮਝ ਲਓ ਕਿ ਕਈ ਬੱਦਲ ਵੀ ਕਮਬਖਤ ਹੁੰਦੇ ਆ!"

"ਹੋ ਗਈ ਜਿਹੜੀ ਗਲਤੀ ਹੋਣੀ ਸੀ, ਮੁੜ ਕੇ ਨਹੀਂ ਹੁੰਦੀ।"

"ਇਹਦਾ ਮਤਲਬ ਮੁਲਾਕਾਤ ਨਹੀਂ ਹੋਵੇਗੀ?"

"ਮੁਲਾਕਾਤ ਹੋਵੇਗੀ, ਜ਼ਰੂਰ ਹੋਵੇਗੀ ਪਰ ਇਕ ਗੈਪ ਰੱਖ ਕੇ। ...ਇਹ ਡਾਕਟਰ ਸਾਹਿਬ ਵੀ ਤੁਹਾਨੂੰ ਮਿਲਣਾ ਚਾਹੁੰਦੇ, ਇੰਗਲੈਂਡ ਬਾਰੇ ਕੁਝ ਗੱਲਾਂ ਕਰਨੀਆਂ ਚਾਹੁੰਦੇ ਆ। ਤੁਸੀਂ ਪਟਿਆਲੇ ਗਏ ਤਾਂ ਉਹਨਾਂ ਨੂੰ ਜ਼ਰੂਰ ਮਿਲਣਾ"

"ਯੂ ਨੋਅ, ਇਹ ਪਟਿਆਲੇ 'ਤੇ ਨਿਰਭਰ ਕਰਦੈ। ...ਹਾਲੇ ਅੰਮ੍ਰਿਤਸਰ ਤੇ ਫੇਰ ਦਿੱਲੀ।"

"ਅਗਲੇ ਸ਼ਨਿਚਰਵਾਰ ਨੂੰ ਡਾਕਟਰ ਸਾਹਿਬ ਘਰ ਹੀ ਹੋਣਗੇ, ਮੇਰਾ ਮਤਲਬ ਲੁਧਿਆਣੇ। ਅਗਲਾ ਵੀਕ ਐਂਡ ਸਾਡੇ ਲਈ ਰੱਖ ਲਓ।"

"ਦੇਖੋ, ਅਗਲੇ ਵੀਕ ਐਂਡ ਤਕ ਕਿਹੜੇ ਰਾਜੇ ਦੀ ਪਰਜਾ ਰਹਿੰਦੀ ਐ।"

ਫੋਨ ਰੱਖ ਕੇ ਉਹ ਮੰਨਤ ਬਾਰੇ ਸੋਚਣ ਲੱਗਿਆ। ਇਹ ਸੱਚ ਸੀ ਕਿ ਏਨੀ ਜਲਦੀ ਉਸ ਦਾ ਕਿਸੇ ਔਰਤ ਨਾਲ ਰਿਸ਼ਤਾ ਕਦੇ ਨਹੀਂ ਸੀ ਜੁੜਿਆ। ਕਿਧਰੇ ਛੁੱਟੀਆਂ 'ਤੇ ਜਾਓ ਤਾਂ ਅਜਿਹੇ ਮੌਕੇ ਜ਼ਰੂਰ ਮਿਲ ਜਾਂਦੇ ਹਨ ਪਰ ਉਥੇ ਤਾਂ ਸਾਰੀ ਦੁਨੀਆਂ ਹੀ ਆਰਜ਼ੀ ਰਿਸ਼ਤਿਆਂ ਦੀ ਭਾਲ ਵਿਚ ਹੁੰਦੀ ਹੈ। ਮੰਨਤ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਆ ਖੜਿਆ। ਧਿਆਨ ਹੋਰ ਪਾਸੇ ਪਾਉਣ ਲਈ ਉਹ ਆਲੇ ਦੁਆਲੇ ਦੇ ਖੇਤਾਂ ਨੂੰ ਦੇਖਣ ਲੱਗਿਆ। ਸੜਕ ਦੇ ਦੁਆਲੇ ਹਰੇ-ਭਰੇ ਖੇਤ ਲਹਿ-ਲਹਾ ਰਹੇ ਸਨ। ਝੋਨਾ ਜੋਬਨ ਤੇ ਸੀ, ਕਮਾਦੀ ਭਾਵੇਂ ਚੂਪਣ-ਯੋਗ ਨਹੀਂ ਸੀ ਹੋਈ ਪਰ ਪੂਰਾ ਕੱਦ ਕੱਢ ਚੁੱਕੀ ਸੀ। ਛੱਲੀਆਂ ਵੀ ਚਾਬੂ ਹੋ ਚੁੱਕੀਆਂ ਸਨ। ਦਰਖੱਤ ਪੱਤਿਆਂ ਨਾਲ ਲੱਦੇ ਪਏ ਸਨ। ਪਿੱਛੇ ਜਿਹੇ ਪੰਜਾਬ ਵਿਚ ਚੱਲੀ ਦਰੱਖਤ ਲਾਉਣ ਦੀ ਲਹਿਰ, ਜਾਪਦਾ ਸੀ ਕਿ ਕਾਮਯਾਬ ਹੋ ਰਹੀ ਸੀ। ਲੋਕ ਮੁੜ ਕੇ ਰੁੱਖਾਂ ਨੂੰ ਪਿਆਰ ਕਰਨ ਲੱਗੇ ਸਨ। ਪਰ ਇਕ ਗੱਲ ਸੀ ਕਿ ਪੂਰਾ ਪੰਜਾਬ ਛੱਤਿਆ ਜਾ ਰਿਹਾ ਸੀ। ਬਹੁਤ ਸਾਲ ਪਹਿਲਾਂ ਉਸ ਦੇ ਦੋਸਤ ਦਾ ਪਿਤਾ ਕਨੇਡਾ ਤੋਂ ਇੰਗਲੈਂਡ ਆਇਆ ਤਾਂ ਉਸ ਨੇ ਇਹ

ਟਿੱਪਣੀ ਕੀਤੀ ਸੀ ਕਿ ਇੰਗਲੈਂਡ ਤਾਂ ਸਾਰਾ ਹੀ ਛੱਤਿਆ ਪਿਆ, ਇਵੇਂ ਹੀ ਹੁਣ ਪੰਜਾਬ ਛੱਤ ਹੋ ਰਿਹਾ ਜਾਪਦਾ ਸੀ। ਉਹਨਾਂ ਦੇ ਪਿੰਡ ਵਿਚ ਵੀ ਜਿਹੜੇ ਪਹਿਲਾਂ ਪਸ਼ੂ ਬੰਨਣ ਵਾਲੇ ਬਾੜੇ ਸਨ ਹੁਣ ਉਥੇ ਘਰ ਆ ਗਏ ਸਨ ਤੇ ਬਾੜੇ ਹੋਰ ਅਗਾਂਹ ਚਲੇ ਗਏ ਸਨ। ਜਿਹਨਾਂ ਨੂੰ ਕਦੇ ਪਿੰਡ ਦੀਆਂ ਨਿਆਈਆਂ ਕਿਹਾ ਜਾਂਦਾ ਸੀ, ਉਹ ਤਾਂ ਹੁਣ ਰਹੀਆਂ ਹੀ ਨਹੀਂ ਸਨ।

ਅਚਾਨਕ ਉਸ ਦੇ ਪੇਟ ਵਿਚ ਦਰਦ ਜਿਹਾ ਉਠਿਆ। ਉਹ ਸਮਝ ਗਿਆ ਕਿ ਹੁਣ ਵੇਲਾਂ ਦੀ ਦਿੱਤੀ ਦਵਾਈ ਇਮੋਡੀਅਮ ਦੀ ਲੋੜ ਸੀ। ਵੈਸੇ ਵੇਲਾਂ ਦਾ ਕਹਿਣਾ ਸੀ ਕਿ ਆਮ ਬੰਦੇ ਦਾ ਦੋ ਹਫਤੇ ਬਾਅਦ ਪੇਟ ਖਰਾਬ ਹੁੰਦਾ ਹੈ ਪਰ ਉਸ ਦਾ ਪਹਿਲੇ ਹਫਤੇ ਬਾਅਦ ਹੀ ਹੋਣ ਲੱਗਿਆ। ਸਾਫ ਸੀ ਕਿ ਉਸ ਦੀ ਪਾਚਨ ਸ਼ਕਤੀ ਉਹਦੇ ਨਾਲੋਂ ਕਮਜ਼ੋਰ ਸੀ। ਉਸ ਨੇ ਗੁਪਾਲੇ ਨੂੰ ਕਿਹਾ,

''ਯਾਰ ਕਿਤੇ ਗੱਡੀ ਰੋਕੀਂ, ਪਾਣੀ ਦੀ ਬੋਤਲ ਲਈਏ, ਦਵਾਈ ਖਾਣੀ ਆਂ।''

ਉਸ ਨੇ ਇਕ ਦੁਕਾਨ ਮੁਹਰੇ ਗੱਡੀ ਰੋਕ ਲਈ। ਅਰਵਿੰਦ ਉਤਰ ਕੇ ਇਕ ਜਨਰਲ ਸਟੋਰ ਵਿਚ ਜਾ ਵੜਿਆ। ਗੁਪਾਲਾ ਵੀ ਉਸ ਦੇ ਮਗਰ ਹੀ ਆ ਗਿਆ। ਅਰਵਿੰਦ ਦੁਕਾਨ ਦਾ ਜਾਇਜ਼ਾ ਲੈਣ ਲੱਗਿਆ। ਇੰਗਲੈਂਡ ਦੀ ਕਿਸੇ ਦੁਕਾਨ ਵਰਗਾ ਸੈਲਫ-ਸਰਵਿਸ ਸਟੋਰ ਸੀ। ਸਮਾਨ ਚੁੱਕ ਕੇ ਲਿਆ ਕੇ ਕਾਊਂਟਰ 'ਤੇ ਰੱਖ ਦਿਓ। ਸਕੈਨ ਨਾਲ ਬਾਰਕੋਡ ਪੜ੍ਹਨ ਵਾਲੀਆਂ ਮਸ਼ੀਨਾਂ ਵਰਤੀਆਂ ਜਾ ਰਹੀਆਂ ਸਨ। ਦੁਕਾਨ ਵਿਚ ਮੌਡਰਨ ਕੈਸ਼ ਰਜਿਸਟਰ ਵੀ ਦਿਸ ਰਿਹਾ ਸੀ। ਦੁਕਾਨ ਵਿਚ ਇਕ ਮੁੰਡਾ ਟਪੂਸੀਆਂ ਜਿਹੀਆਂ ਮਾਰਦਾ ਆਇਆ ਤੇ ਕਾਊਂਟਰ 'ਤੇ ਆ ਕੇ ਪੁੱਛਣ ਲੱਗਿਆ,

''ਚਿੱਲੀ ਪਾਊਡਰ ਹੈ ਜੀ?''

ਦੁਕਾਨਦਾਰ ਤੋਂ ਪਹਿਲਾਂ ਹੀ ਗੁਪਾਲਾ ਬੋਲਿਆ,

''ਕਿਉਂ ਬਈ, ਰੇਸ 'ਤੇ ਜਾਣਾਂ?''

ਦੁਕਾਨਦਾਰ ਦਾ ਹਾਸਾ ਨਿਕਲ ਗਿਆ। ਮੁੰਡੇ ਨੇ ਵਿੰਗੀ ਜਿਹੀ ਨਜ਼ਰ ਨਾਲ ਗੁਪਾਲੇ ਵਲ ਦੇਖਿਆ ਤੇ ਚਿੱਲੀ ਪਾਊਡਰ ਦਾ ਪੈਕਟ ਫੜਦਾ ਤੁਰ ਗਿਆ। ਅਰਵਿੰਦ ਆਪਣੇ ਧਿਆਨ ਵਿਚ ਦੁਕਾਨ ਦਾ ਸਮਾਨ ਦੇਖਦਾ ਜਾ ਰਿਹਾ ਸੀ। ਉਸ ਨੇ ਪਾਣੀ ਦੀਆਂ ਦੋ ਬੋਤਲਾਂ ਲਈਆਂ। ਇਕ ਗੁਪਾਲੇ ਨੂੰ ਫੜਾ ਦਿਤੀ ਤੇ ਇਕ ਦਾ ਢੱਕਣ ਖੋਹਲ ਕੇ ਪੀਣ ਲੱਗਿਆ। ਉਹ ਬਾਹਰ ਆ ਕੇ ਆਲੇ ਦੁਆਲੇ ਦੀਆਂ ਦੁਕਾਨਾਂ ਉਪਰ ਨਜ਼ਰ ਮਾਰਨ ਲੱਗ ਪਿਆ। ਲੰਡਨ ਦੀਆਂ ਦੁਕਾਨਾਂ ਵਿਚ ਮਿਲਦਾ ਸਭ ਕੁਝ ਇਥੇ ਮਿਲ ਰਿਹਾ ਸੀ। ਵੱਡੇ ਵੱਡੇ ਸਟੋਰ ਵੀ ਸਨ। ਬਹੁਤੀਆਂ ਦੁਕਾਨਾਂ ਵਿਚ ਵਰਤੇ ਜਾਣ ਵਾਲੇ ਮੌਡਰਨ ਕੈਸ਼ ਰਜਿਸਟਰ ਵੀ ਦਿਸ ਰਹੇ ਸਨ। ਬਾਰ ਕੋਡ ਪੜ੍ਹਣ ਵਾਲੀਆਂ ਮਸ਼ੀਨਾਂ ਵੀ। ਕੋਈ ਵੇਲਾ ਸੀ ਕਿ ਮਠਿਆਈ ਦੀਆਂ ਦੁਕਾਨਾਂ ਮੱਖੀਆਂ ਨਾਲ ਭਰੀਆਂ ਰਹਿੰਦੀਆਂ ਸਨ, ਹੁਣ ਬਹੁਤੀਆਂ ਦੁਕਾਨਾਂ ਵਿਚ ਮਠਿਆਈ ਤੇ ਹੋਰ ਖਾਣ ਦੀਆਂ ਚੀਜ਼ਾਂ ਸਾਂਭੀਆਂ ਹੋਈਆਂ ਸਨ। ਰੈਡੀ-ਮੇਡ ਕਪੜਿਆਂ ਦੀਆਂ ਦੁਕਾਨਾਂ ਵਿਚ ਬਹੁਤ ਵਾਧਾ ਹੋ ਗਿਆ ਸੀ। ਦੁਕਾਨਾਂ ਸਜਾਉਣ ਦੇ ਤਰੀਕੇ ਵੀ ਬਦਲ ਗਏ ਹੋਏ ਸਨ।

ਕਾਰ ਵਿਚ ਬੈਠ ਕੇ ਅਰਵਿੰਦ ਨੇ ਕੈਪਸੂਲ ਲਿਆ। ਗੁਪਾਲੇ ਨੇ ਪੁੱਛਿਆ ਕਿ ਕਾਹਦੀ ਦਵਾਈ ਹੈ ਤਾਂ ਉਹ ਉਸ ਨੂੰ ਦੱਸਦਾ ਹੋਇਆ ਸੋਚਣ ਲੱਗਿਆ ਕਿ ਗੁਪਾਲਾ ਅੱਜ ਚੁੱਪ ਚੁੱਪ ਜਿਹਾ ਸੀ। ਉਸ ਨੇ ਪੁੱਛਿਆ,

''ਤੂੰ ਬਹੁਤਾ ਖੁਸ਼ ਨਹੀਂ ਦਿਸ ਰਿਹਾ, ਸਭ ਠੀਕ ਐ ਬਈ?''

''ਭਾਜੀ, ਮੈਂ ਤਾਂ ਹਰ ਵੇਲੇ ਖੁਸ਼ ਰਹਿੰਨਾਂ, ਅਸਲ ਵਿਚ ਮੈਨੂੰ ਖੁਸ਼ ਰਹਿਣ ਦਾ ਮੰਤਰ ਆਉਂਦਾ।''

''ਅੱਛਾ! ਉਹ ਕਿਹੜਾ ਬਈ? ਮੈਨੂੰ ਵੀ ਦੱਸ।''

''ਭਾਜੀ, ਮੈਨੂੰ ਪਤਾ ਕਿ ਖੁਸ਼ੀ ਤੇ ਗਮੀ ਇਕੋ ਵੇਲੇ ਬੰਦੇ ਦੇ ਆਲੇ ਦੁਆਲੇ ਰਹਿੰਦੀਆਂ, ਜੇ ਤੁਸੀਂ ਚਾਹੁੰਦੇ ਤਾਂ ਖੁਸ਼ੀ ਫੜ੍ਹ ਲਵੋ, ਜੇ ਚਾਹੋਂ ਤਾਂ ਗਮੀ ਫੜ੍ਹ ਲਓ।''

''ਯੂ ਨੋਅ ਗੁਪਾਲੇ, ਇਨਸਾਨ ਇਕੱਲੇ ਦੇ ਹੱਥ ਵਿਚ ਕਦੇ ਕੁਝ ਨਹੀਂ ਹੁੰਦਾ। ਇਨਸਾਨ ਤਾਂ ਹਾਲਾਤ ਦੇ ਹੱਥ ਦਾ ਖਿਡਾਉਣਾ ਹੁੰਦੈ। ਤੁਸੀਂ ਸੜਕ ਤੇ ਜਾਂਦੇ ਓ, ਬਹੁਤ ਸੇਫ ਗੱਡੀ ਚਲਾ ਰਹੇ ਓ, ਕੋਈ ਹੋਰ ਆ ਕੇ ਤੁਹਾਡੇ ਵਿਚ ਮਾਰ ਜਾਵੇ ਤਾਂ ਕੀ ਕਰੋਂਗੇ!''

''ਭਾਜੀ, ਮੈਂ ਏਹਨੂੰ ਹੋਰ ਤਰ੍ਹਾਂ ਦੇਖਦਾਂ। ਮੈਂ ਤਾਂ ਹਰ ਵੇਲੇ ਸਟੇਅਰਿੰਗ 'ਤੇ ਰਹਿੰਨਾ। ਮੰਨ ਲਓ ਮੇਰਾ ਐਕਸੀਡੈਂਟ ਹੋ ਜਾਏ ਤੇ ਮੇਰੀ ਲੱਤ ਟੁੱਟ ਜਾਏ, ਮੈਂ ਰੱਬ ਦਾ ਸ਼ੁਕਰ ਮਨਾਵਾਂਗਾ ਕਿ ਕਿਤੇ ਮੇਰੀ ਲੱਤ ਕੱਟ ਨਹੀਂ ਹੋ ਗਈ।''

''ਤੇਰਾ ਮਤਲਬ ਬਈ ਪੌਜ਼ੇਟਿਵ ਰਹਿੰਨਾ।''

''ਹਾਂ, ਏਦਾਂ ਹੀ ਕਹਿ ਲਓ। ...ਅੱਜ ਸਵੇਰੇ ਮੇਰਾ ਭਰਾ ਕਹਿੰਦਾ ਕਿ ਮੈਂ ਉਹਨੂੰ ਇਕ ਲੱਖ ਰੁਪਏ ਦੇਵਾਂ, ਉਹ ਕਿਤੇ ਬਾਹਰ ਜਾਣਾ ਚਾਹੁੰਦਾ ਪਰ ਮੈਂ ਸਾਫ ਨਾਂਹ ਕਰ ਦਿਤੀ। ਬਸ, ਇਸੇ ਗੱਲ 'ਤੇ ਉਹ ਮੇਰੇ ਨਾਲ ਲੜ੍ਹ ਪਿਆ। ਵਾਹਵਾ ਲੜਾਈ ਹੋਈ ਸਾਡੀ। ਮੇਰੇ ਮਾਰਨ ਲਈ ਉਹ ਜਿੰਦਾ ਚੁੱਕ ਲਿਆਇਆ। ਜਿੰਦਾ ਹੁੰਦਾ ਬੱਟਾਂ ਪਾਉਣ ਵਾਲਾ। ਮੈਂ ਵੀ ਫੌਹੜਾ ਫੜ ਲਿਆ ਕਿ ਆ ਜ਼ਰਾ ਪਰ ਬੁੜੀਆਂ ਵਿਚ ਆ ਗਈਆਂ ਤਾਂ ਬਚਾਅ ਹੋ ਗਿਆ,।''

''ਲੜਾਈ ਤੋਂ ਬਚਣਾ ਚਾਹੀਦੈ।''

''ਮੈਂ ਤਾਂ ਹਮੇਸ਼ਾ ਲੜਾਈ ਤੋਂ ਬਚਦਾਂ। ਅਸਲ ਵਿਚ ਗੱਲ ਏਦਾਂ ਕਿ ਸਾਨੂੰ ਦੋਨਾ ਭਰਾਵਾਂ ਨੂੰ ਨਾਨਕਿਆਂ ਵਲੋਂ ਕਿਸੇ ਤਰੀਕੇ ਨਾਲ ਇਕ ਇਕ ਲੱਖ ਰੁਪਏ ਮਿਲੇ ਸੀ, ਇਹਨੇ ਖਰਚ ਲਏ ਤੇ ਮੈਂ ਸਾਂਭੇ ਹੋਏ ਆ। ਹੁਣ ਦੇਖੋ, ਨੌਕਰੀਆਂ ਤਾਂ ਮਿਲਦੀਆਂ ਨਹੀਂ, ਮੈਂ ਥੋੜੇ ਪੈਸੇ ਹੋਰ ਜੋੜ ਕੇ ਦਿੱਲੀ ਵਿਚ ਟੈਕਸੀ ਪਾਉਣੀ ਆਂ, ਏਹਨੂੰ ਦੇ ਦੇਵਾਂ ਤਾਂ ਏਹਨੇ ਏਜੰਟਾਂ ਕੋਲ ਫਸਾ ਬੈਠਣੇ ਆਂ। ...ਹੁਣ ਏਨੀ ਗੱਲ ਮੂਡ ਖਰਾਬ ਕਰਨ ਲਈ ਕਾਫੀ ਸੀ ਪਰ ਮੈਂ ਸ਼ਾਂਤ ਰਿਹਾ ਤੇ ਕੰਮ ਨੂੰ ਆ ਗਿਆ।''

''ਯੂ ਨੋਅ, ਦੈਸ'ਸ ਲਾਈਫ! ...ਮੇਰੀ ਵੀ ਹਮੇਸ਼ਾ ਇਹੋ ਕੋਸ਼ਿਸ਼ ਹੁੰਦੀ ਐ ਕਿ ਆਸ ਦਾ ਪੱਲਾ ਨਾ ਛੱਡਿਆ ਜਾਵੇ।''

''ਭਾਜੀ, ਗੱਲ ਦਾ ਦੂਜਾ ਪਹਿਲੂ ਦੇਖੋ, ਮੈਂ ਬਲਕਾਰ ਦੇ ਘਰ ਗੱਡੀ ਚੁੱਕਣ ਗਿਆ ਤਾਂ ਉਹ ਬੋਲਿਆ ਕਿ ਗੱਡੀ ਪਾਉਣ ਵਿਚ ਮੈਂ ਤੇਰੀ ਮੱਦਦ ਕਰ ਦਿੰਨਾਂ ਪਰ ਦਿੱਲੀ ਦੀਆਂ ਮੇਰੀਆਂ ਸਵਾਰੀਆਂ ਵਿਚੋਂ ਖਰਚ ਕੱਢ ਕੇ ਅੱਧ ਮੇਰਾ, ਮੈਂ ਕਿਹਾ ਠੀਕ। ਹੁਣ ਦੇਖੋ, ਮੇਰੇ ਸਾਹਮਣੇ ਦੋ ਚੀਜ਼ਾਂ ਪਈਆਂ, ਜਿਹੜੀ ਮਰਜ਼ੀ ਚੁੱਕ ਲਵਾਂ।''

ਉਹ ਕਿਸੇ ਦਾਰਸ਼ਨਿਕ ਵਾਂਗ ਬੋਲ ਰਿਹਾ ਸੀ। ਅਰਵਿੰਦ ਨੇ ਆਖਿਆ,

''ਦਿੱਲੀ ਨਾਲ ਤੇਰਾ ਵਾਹਵਾ ਮੋਹ ਲੱਗਦੈ!''

''ਹਾਂ ਭਾਜੀ, ਮੈਂ ਦਿੱਲੀ ਵਿਚ ਸੈੱਟ ਹੋਣਾ ਚਾਹੁੰਨਾ, ਉਥੇ ਵਧੇਰੇ ਮੌਕੇ ਆ।''

''ਮੈਨੂੰ ਤਾਂ ਲਗਦੈ ਕਿ ਦਿੱਲੀ ਵਿਚ ਤੂੰ ਕੋਈ ਗਰਲ ਫ੍ਰੈਂਡ ਵੀ ਰੱਖੀ ਹੋਣੀ ਆਂ।''

''ਹਾਂ ਭਾਜੀ, ਗਰਲ ਫ੍ਰੈਂਡ ਹੈਗੀ ਮੇਰੇ ਕੋਲ, ਉਥੇ ਹੀ ਆ, ...ਸਕੂਲ ਵਿਚ ਟੀਚਰ ਆ।''

ਉਸ ਨੇ ਆਖਿਆ। ਕੁਝ ਦੇਰ ਚੁੱਪ ਰਹਿ ਕੇ ਬੋਲਿਆ,

''ਭਾਜੀ, ਜੰਗਲ ਵਿਚ ਜਿਥੇ ਬਿੱਛੂ-ਬੂਟੀ ਹੁੰਦੀ ਆ, ਉਹਦੇ ਨਾਲ ਹੀ ਇਕ ਅਜਿਹੀ ਬੂਟੀ ਵੀ ਹੁੰਦੀ ਆ ਜਿਹਦੇ ਨਾਲ ਬਿੱਛੂ ਬੂਟੀ ਦਾ ਇਲਾਜ ਹੋ ਸਕਦਾ। ਦੁੱਖ ਦੇ ਮਗਰ ਹੀ ਸੁੱਖ ਵੀ ਆਉਂਦਾ। ਕਹਿੰਦੇ ਹੁੰਦੇ ਆ ਕਿ ਇਕ ਦਰਵਾਜ਼ਾ ਬੰਦ ਹੋਵੇ ਤਾਂ ਦਸ ਹੋਰ ਖੁਲ੍ਹ ਜਾਂਦੇ ਆ!''

''ਤੂੰ ਤੇ ਯਾਰ ਗੁਪਾਲੇ ਫਿਲੌਸਫਰ ਆਂ! ਛੋਟੀ ਜਿਹੀ ਉਮਰ ਦਾ ਬੰਦਾ ਤੂੰ ਤੇ ਗੱਲਾਂ ਕਰਦਾਂ ਵੱਡੀਆਂ ਵੱਡੀਆਂ! ਕਿਥੋਂ ਸਿੱਖੀਆਂ ਇਹ ਗੱਲਾਂ?''

''ਜ਼ਿੰਦਗੀ ਦੀ ਯੂਨੀਵਰਸਟੀ ਤੋਂ।''

## ਤੇਰਾਂ

ਸੁਮੀਤ ਸਹੋਤਾ ਤੇ ਉਸ ਦਾ ਵੱਡਾ ਮੁੰਡਾ ਸਟੀਵ ਬਾਲਕੋਨੀ ਵਿਚ ਖੜੇ ਉਹਨਾਂ ਨੂੰ ਉਡੀਕ ਰਹੇ ਸਨ। ਮੌਡਲ ਟਾਊਨ ਤਾਂ ਸੌਖਾ ਮਿਲ ਗਿਆ ਸੀ ਪਰ ਸੁਮੀਤ ਦਾ ਘਰ ਨਹੀਂ ਸੀ ਮਿਲ ਰਿਹਾ, ਜਿਸ ਕਾਰਨ ਉਸ ਨੂੰ ਕਈ ਵਾਰ ਫੋਨ ਕਰਨਾ ਪਿਆ। ਇਹ ਸੁਮੀਤ ਦਾ ਘਰ ਨਹੀਂ ਕੋਠੀ ਸੀ। ਹੇਠਾਂ ਖੁਲ੍ਹੀ ਰਿਹਾਇਸ਼ ਸੀ ਤੇ ਉਪਰਲੀ ਮੰਜ਼ਿਲ ਉੱਪਰ ਕਿਰਾਏ 'ਤੇ ਦੇਣ ਲਈ ਦੋ ਫਲੈਟ ਬਣਾ ਰੱਖੇ ਸਨ। ਗੇਟ ਅੰਦਰ ਦੋ ਕਾਰਾਂ ਖੜੀਆਂ ਸਨ। ਇਕ ਤਾਂ ਮਹਿੰਦਰਾ ਵਾਲਿਆਂ ਦੀ ਵੱਡੀ ਕਾਰ ਸੀ। ਸੁਮੀਤ ਤੇ ਉਸ ਦੀ ਪਤਨੀ ਹਰਪ੍ਰੀਤ ਤੇ ਬੇਟਾ ਸਟੀਵ ਪਿਆਰ ਨਾਲ ਮਿਲੇ। ਬਹੁਤ ਸਾਲ ਪਹਿਲਾਂ ਅਰਵਿੰਦ ਹਰਪ੍ਰੀਤ ਨੂੰ ਤਾਂ ਮਿਲਿਆ ਹੋਇਆ ਸੀ ਪਰ ਸਟੀਵ ਨੂੰ ਪਹਿਲੀ ਵਾਰ ਦੇਖ ਰਿਹਾ ਸੀ। ਉਹਨਾਂ ਦਾ ਇਕ ਹੋਰ ਬੇਟਾ ਰਜੀਵ ਕਾਲਜ ਗਿਆ ਹੋਇਆ ਸੀ। ਸਟੀਵ ਹੁਣੇ ਹੀ ਬੀ. ਟੈਕ. ਕਰਕੇ ਹਟਿਆ ਸੀ, ਲਵਲੀਨ ਵਾਂਗ ਹੀ। ਛੋਟਾ ਰਜੀਵ ਸਟੀਵ ਤੋਂ ਇਕ ਸਾਲ ਪਿੱਛੇ ਸੀ। ਇੰਗਲੈਂਡ ਗਿਆ ਜਾਂ ਫੋਨ ਉਪਰ ਵੀ ਸੁਮੀਤ ਸਹੋਤਾ ਆਪਣੇ ਮੁੰਡਿਆਂ ਬਾਰੇ ਅਰਵਿੰਦ ਨਾਲ ਗੱਲਾਂ ਕਰਦਾ ਰਹਿੰਦਾ ਸੀ। ਉਹ ਆਪਣੇ ਮੁੰਡਿਆਂ ਦੇ ਭਵਿੱਖ ਨੂੰ ਲੈ ਕੇ ਬਹੁਤ ਫਿਕਰਵੰਦ ਰਹਿੰਦਾ ਸੀ। ਉਹ ਚਾਹੁੰਦਾ ਸੀ ਕਿ ਦੋਵੇਂ ਮੁੰਡੇ ਵਧੀਆ ਨੰਬਰ ਲੈ ਕੇ ਡਿਗਰੀ ਕਰ ਜਾਣ ਤਾਂ ਜੋ ਉਹਨਾਂ ਨੂੰ ਚੰਗੀ ਨੌਕਰੀ ਮਿਲ ਜਾਵੇ। ਇਸ ਲਈ ਉਹ ਪੜ੍ਹਾਈ ਵਿਚ ਜ਼ਿਆਦਾ ਮਿਹਨਤ ਕਰਨ ਦਾ ਦਬਾਅ ਮੁੰਡਿਆਂ ਉਪਰ ਹਰ ਵੇਲੇ ਬਣਾਈ ਰੱਖਦਾ ਸੀ। ਸੁਮੀਤ ਕੋਲ ਪੈਸੇ ਦੀ ਘਾਟ ਨਹੀਂ ਸੀ। ਉਸ ਦੀ ਆਪਣੀ ਤਨਖਾਹ ਵੀ ਕਾਫੀ ਸੀ। ਫਿਰ ਉਸ ਦੀ ਜ਼ਮੀਨ ਵੀ ਨਕੋਦਰ ਸ਼ਹਿਰ ਦੇ ਨੇੜੇ ਪੈਂਦੀ ਸੀ ਜਿਹਦੀ ਕੀਮਤ ਸੋਨੇ ਵਾਂਗ ਦਿਨੋ ਦਿਨ ਚੜ੍ਹਦੀ ਜਾ ਰਹੀ ਸੀ। ਸੁਮੀਤ ਦੀ ਪਤਨੀ ਨੇ ਵੀ ਪੀ ਐਚ. ਡੀ. ਕੀਤੀ ਹੋਈ ਸੀ ਪਰ ਉਸ ਨੇ ਨੌਕਰੀ ਨਹੀਂ ਸੀ ਕੀਤੀ। ਉਸ ਨੂੰ ਕੁਝ ਦੇਰ ਪਿੰਡ ਰਹਿ ਕੇ ਸੁਮੀਤ ਦੇ ਮਾਂ-ਪਿਓ ਦੀ ਦੇਖ-ਭਾਲ ਕਰਨੀ ਪਈ ਸੀ ਤੇ ਫਿਰ ਉਹ ਗ੍ਰਹਿਸਥੀ ਵਿਚ ਪੈ ਗਈ ਸੀ। ਇਸ ਤਰ੍ਹਾਂ ਨੌਕਰੀ ਵਲੋਂ ਪਿੱਛੇ ਰਹਿ ਗਈ ਸੀ। ਫਿਰ ਉਸ ਨੇ ਇਸ ਦੀ ਜ਼ਰੂਰਤ ਨਹੀਂ ਸੀ ਸਮਝੀ। ਚਾਹ ਪੀਂਦਿਆਂ ਅਰਵਿੰਦ ਨੇ ਇਕ ਵਾਰ ਫਿਰ ਕਿਹਾ,

''ਸੁਮੀਤ, ਮੈਂ ਰੈਡੀਸਨ ਹੋਟਲ ਵਿਚ ਰੂਮ ਬੁੱਕ ਕਰਾਇਆ ਹੋਇਆ, ਮੈਂ ਉਥੇ ਚੈੱਕ-ਇਨ ਕਰਾ ਆਉਨਾਂ ਤੇ ਫੇਰ ਬੈਠ ਕੇ ਗੱਲਾਂ ਕਰਾਂਗੇ।''

''ਯਾਰ, ਤੂੰ ਫੇਰ ਯਾਵੀਆਂ ਮਾਰਨ ਡਹਿ ਪਿਆਂ। ਆਹ ਦੇਖ ਐਡਾ ਵੱਡਾ ਘਰ ਕਾਹਦੇ ਲਈ ਏ। ਬਹੁਤਾ ਕਹਿੰਨਾਂ ਤਾਂ ਉਪਰਲਾ ਇਕ ਫਲੈਟ ਖਾਲੀ ਏ, ਤੇਰਾ ਬੈੱਡ ਉਥੇ ਲਾ ਦਿੰਨੇ ਆਂ।''

''ਯੂ ਨੋਅ, ਮੈਂ ਇਕੱਲਾ ਰਹਿ ਕੇ ਜ਼ਿਆਦਾ ਖੁਸ਼ ਆਂ।''

''ਯਾਰ, ਤੈਨੂੰ ਕਿਹਾ ਤਾਂ ਸੀ ਬਈ ਜੋ ਕਰਨਾ ਕਰੀ ਚੱਲ, ਏਥੇ ਕੋਈ ਨਹੀਂ ਮਾਈਂਡ ਕਰਨ ਵਾਲਾ।''

ਅਰਵਿੰਦ ਉਸ ਦੀ ਜ਼ਿੱਦ ਮੂਹਰੇ ਹਾਰ ਗਿਆ। ਸੁਮੀਤ ਨੇ ਆਪਣੀ ਨੌਕਰਾਨੀ ਨੂੰ ਹਾਕ ਮਾਰ ਕੇ ਕਿਹਾ,

''ਰਾਣੀ, ਬਾਹਰ ਡਰਾਈਵਰ ਨੂੰ ਕਹਿ ਕਿ ਸਮਾਨ ਕੱਢ ਲਿਆਵੇ।''

ਡਰਾਈਵਰ ਇਕ ਬੈਗ ਲੈ ਕੇ ਆ ਗਿਆ। ਸੁਮੀਤ ਬੋਲਿਆ,

''ਬਸ, ਇਕ ਬੈਗ ਨਾਲ ਹੀ ਸਫਰ ਕਰੀ ਜਾਨਾਂ?''

''ਨਹੀਂ, ਇਕ ਅਟੈਚੀ ਵੀ ਹੈ ਪਰ ਉਹ ਮੈਂ ਹਰ ਵੇਲੇ ਕਾਰ ਵਿਚ ਹੀ ਰੱਖਦਾਂ, ਉਹਦੇ ਵਿਚੋਂ ਲੋੜ ਜਿੰਨੇ ਕਪੜੇ ਕੱਢ ਲਈਦੇ ਆ।''

ਡਰਾਈਵਰ ਬੈਗ ਰੱਖ ਕੇ ਚਲੇ ਗਿਆ। ਸੁਮੀਤ ਬੋਲਿਆ,

''ਏਸ ਮੁੰਡੇ ਨੂੰ ਤੂੰ ਹੁਣ ਵਾਪਸ ਭੇਜ ਦੇਹ, ਹੁਣ ਮੈਂ ਤੇਰਾ ਡਰਾਈਵਰ ਹੋਵਾਂਗਾ।''

''ਯੂ ਨੋਅ, ਏਹਨੂੰ ਤਾਂ ਮੈਂ ਪੂਰੇ ਵਕਤ ਲਈ ਰੱਖਿਆ ਹੋਇਆ। ਹਰ ਵੇਲੇ ਮੇਰੇ ਨਾਲ ਹੀ ਰਹੇਗਾ।''

"ਏਦਾਂ ਨਹੀਂ, ਜਿੰਨੇ ਦਿਨ ਤੂੰ ਰਹਿਣਾ ਮੇਰੇ ਕੋਲ ਹੀ ਰਹਿ। ਇਥੋਂ ਜਿਥੇ ਜਾਣਾ ਮੈਂ ਤੈਨੂੰ ਲੈ ਜਾਵਾਂਗਾ।"

"ਮੈਂ ਤਾਂ ਇਕ ਦੋ ਦਿਨ ਵਿਚ ਦਿੱਲੀ ਜਾਣਾਂ।"

"ਹੁਣ ਤੂੰ ਦਿੱਲੀ ਕੀ ਕਰਨ ਜਾਣਾਂ? ਜਦ ਫਲਾਈ ਕਰਨਾ ਹੋਇਆ, ਉਦੋਂ ਹੀ ਜਾਈਂ।"

"ਮੇਰਾ ਉਥੇ ਕੁਝ ਸਮਾਨ ਰਹਿ ਗਿਆ ਜਿਹੜਾ ਬਹੁਤ ਜ਼ਰੂਰੀ ਐ।"

ਆਖਦਾ ਹੋਇਆ ਅਰਵਿੰਦ ਉਦਾਸ ਹੋ ਗਿਆ। ਸੁਮੀਤ ਬੋਲਿਆ,

"ਏਨੇ ਦਾ ਤਾਂ ਸਮਾਨ ਨਹੀਂ ਹੋਣਾ ਜਿੰਨਾ ਤੂੰ ਟੈਕਸੀ ਵਾਲੇ ਨੂੰ ਦੇਵੇਂਗਾ।"

"ਨਹੀਂ, ਇਹ ਬਹੁਤ ਜ਼ਰੂਰੀ ਆ, ਕਿਸੇ ਦੀ ਅਮਾਨਤ ਐ।"

ਅਰਵਿੰਦ ਨੇ ਆਪਣੀ ਬੇਵਸੀ ਛੁਪਾਉਂਦਿਆਂ ਆਖਿਆ। ਅਚਾਨਕ ਉਸ ਦੇ ਮਨ ਵਿਚ ਆਇਆ ਕਿ ਕਿਉਂ ਨਾ ਉਂਕਾਰ ਨੂੰ ਗੁਪਾਲੇ ਨਾਲ ਦਿੱਲੀ ਭੇਜ ਕੇ ਬੈਗ ਮੰਗਵਾ ਲਵੇ। ਫਿਰ ਉਸ ਨੇ ਸੋਚਿਆ ਕਿ ਉਂਕਾਰ ਏਡਾ ਨਜ਼ਦੀਕੀ ਦੋਸਤ ਨਹੀਂ ਸੀ, ਉਸ ਰਾਹੀਂ ਇਹ ਗੱਲ ਇੰਗਲੈਂਡ ਤਕ ਪੁੱਜ ਸਕਦੀ ਸੀ। ਗੁਪਾਲਾ ਵੀ ਤਾਂ ਪਿੰਡ ਵਿਚ ਇਸ ਗੱਲ ਦਾ ਰੌਲਾ ਪਾ ਸਕਦਾ ਸੀ। ਸੁਮੀਤ ਉਸ ਨੂੰ ਸੋਚਾਂ ਵਿਚੋਂ ਕੱਢਦਾ ਬੋਲਿਆ,

"ਜੇ ਕੋਈ ਕੱਪੜਾ ਧੋਣਾ ਜਾਂ ਪ੍ਰੈੱਸ ਕਰਵਾਉਣਾ ਤਾਂ ਆਪਣੀ ਰਾਣੀ ਹੈਗੀ, ਕੱਪੜੇ ਬਹੁਤ ਵਧੀਆ ਧੋਂਦੀ ਏ ਪਰ ਹਾਂ, ਕੱਛਾ ਆਪ ਧੋਣਾ ਪੈਣਾ ਸਿੰਘਾਂ ਵਾਂਗੂੰ।"

ਆਖਦਾ ਉਹ ਹੱਸਿਆ। ਅਰਵਿੰਦ ਨੇ ਕਿਹਾ,

"ਇਹ ਤਾਂ ਬਹੁਤ ਵਧੀਆ ਗੱਲ ਐ। ਮੇਰੀ ਮਾਂ ਨੇ ਬਚਪੱਨ ਤੋਂ ਹੀ ਮੈਨੂੰ ਆਪਣਾ ਕੱਛਾ ਆਪ ਧੋਣ ਦੀ ਆਦਤ ਪਾਈ ਹੋਈ ਐ, ਇਹ ਤਾਂ ਵਾਸ਼ਿੰਗ ਮਸ਼ੀਨਾਂ ਨੇ ਆਦਤ ਵਿਗਾੜੀ ਐ।"

ਸੁਮੀਤ ਬਾਹਰ ਗਿਆ ਤੇ ਡਰਾਈਵਰ ਨੂੰ ਵਾਪਸ ਪਿੰਡ ਨੂੰ ਭੇਜ ਆਇਆ ਕਿ ਜਦ ਉਸ ਦੀ ਜ਼ਰੂਰਤ ਹੋਵੇਗੀ, ਫੋਨ ਕਰ ਦੇਵਾਂਗੇ। ਵਾਪਸ ਆ ਕੇ ਪੁੱਛਣ ਲੱਗਿਆ,

"ਹੁਣ ਦੱਸ, ਕੀ ਪ੍ਰੋਗਰਾਮ ਏ ਤੇਰਾ? ਕੀ ਕੀ ਦੇਖਣਾ ਚਾਹੁੰਨਾ ਏਂ ਤੇ ਕਿਸ ਕਿਸ ਨੂੰ ਮਿਲਣਾ ਏ?"

"ਦੇਖਣ ਨੂੰ ਤੇ ਇਕ ਮੈਂ ਬਾਰਡਰ 'ਤੇ ਹੁੰਦੀ ਸ਼ਾਮ ਦੀ ਪ੍ਰੇਡ ਦੇਖਣੀ ਚਾਹੁੰਨਾ, ਮੈਂ ਯੂਟਿਊਬ 'ਤੇ ਦੇਖੀ ਸੀ, ਮੈਨੂੰ ਬਹੁਤ ਰੁਮਾਂਟਿਕ ਲੱਗੀ। ਦੂਜੇ ਹਰਮਿੰਦਰ ਸਾਹਿਬ ਦਾ ਇਕ ਗੇੜਾ ਮਾਰਨਾ, ਬਸ। ਕਿਤੇ ਰਾਤ ਵੇਲੇ ਹਰਮੰਦਿਰ ਸਾਹਿਬ ਜਾ ਹੋ ਜਾਵੇ ਤਾਂ ਹੋਰ ਵੀ ਵਧੀਆ ਹੋਵੇ। ਬਾਕੀ ਮਿਲਣਾ ਤਾਂ ਮੈਂ ਤੈਨੂੰ ਹੀ ਸੀ, ਹੋਰ ਤਾਂ ਮੈਂ ਕਿਸੇ ਨੂੰ ਜਾਣਦਾ ਹੀ ਨਹੀਂ।"

"ਇਹ ਦੇਖਣ ਵਾਲੀਆਂ ਤਾਂ ਦੋਨੇ ਚੀਜ਼ਾਂ ਹੀ ਸੌਖੀਆਂ ਨੇ, ਦਰਬਾਰ ਸਾਹਿਬ ਤਾਂ ਤੂੰ ਕੱਲ ਹੀ ਸਵੇਰੇ ਸਟੀਵ ਨਾਲ ਚਲੇ ਜਾਵੀਂ। ਮੈਂ ਯੂਨੀਵਰਸਟੀ ਜਾ ਆਵਾਂਗਾ। ਵਾਹਘਾ ਬਾਰਡਰ 'ਤੇ ਕਿਸੇ ਵੀ ਦਿਨ ਸ਼ਾਮ ਨੂੰ ਚਲੇ ਜਾਵਾਂਗੇ, ਬਸ ਮੀਂਹ ਨਾ ਪੈਂਦਾ ਹੋਵੇ। ਦਰਬਾਰ ਸਾਹਿਬ ਕਿਸੇ ਦਿਨ ਰਾਤ ਵੇਲੇ ਵੀ ਚਲੇ ਜਾਵਾਂਗੇ, ਇਹ ਕੋਈ ਮਸਲਾ ਨਹੀਂ।"

ਉਸ ਨੇ ਸਹਿਜੇ ਹੀ ਸਾਰਾ ਪ੍ਰੋਗਰਾਮ ਬਣਾ ਦਿਤਾ। ਮੋਹ ਨਾਲ ਗੱਲਾਂ ਕਰਦਾ ਸੁਮੀਤ ਅਰਵਿੰਦ ਨੂੰ ਬਹੁਤ ਚੰਗਾ ਲੱਗ ਰਿਹਾ ਸੀ। ਉਸ ਨੇ ਅਗਲਾ ਪ੍ਰੋਗਰਾਮ ਦੱਸਦਿਆਂ ਕਿਹਾ,

"ਅੱਜ ਸ਼ਾਮ ਨੂੰ ਮੈਂ ਆਪਣੇ ਕੁਝ ਦੋਸਤ ਤੇਰੇ ਨਾਲ ਮਿਲਾਉਣ ਲਈ ਘਰ ਸੱਦੇ ਹੋਏ ਨੇ, ਛੋਟੀ ਜਿਹੀ ਪਾਰਟੀ ਕਰਾਂਗੇ। ਫਿਰ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਇਕੱਠੇ ਕਰਕੇ ਤੇਰਾ ਇਕ ਲੈਕਚਰ ਕਰਵਾਵਾਂਗੇ, ਇੰਮੀਗਰੇਸ਼ਨ ਬਾਰੇ।"

"ਲੈਕਚਰ ਕਿਉਂ? ਮੈਂ ਕਿਹੜਾ ਕੋਈ ਪ੍ਰੋਫੈਸਰ ਆਂ! ਨਾਲੇ ਮੇਰਾ ਥੋੜਾ-ਬਹੁਤ ਕੰਮ ਜਿਹੜਾ ਹੈਗਾ ਉਹ ਮਾਈਗਰੇਸ਼ਨ ਬਾਰੇ ਆ, ਖਾਸ ਤੌਰ ਤੇ ਡਾਇਸਪੋਰੇ ਬਾਰੇ।"

"ਇਕੋ ਗੱਲ ਏ ਯਾਰ।"

"ਨਹੀਂ ਸੁਮੀਤ, ਡਾਇਸਪੋਰੇ ਵਿਚ ਮਾਈਗਰੇਸ਼ਨ ਪਿੱਛੇ ਰਹਿ ਜਾਂਦੀ ਐ ਤੇ ਮਾਈਗਰੇਸ਼ਨ ਵਿਚ ਕਾਨੂੰਨ ਪਿੱਛੇ ਰਹਿ ਜਾਂਦਾ। ਇੰਮੀਗਰੇਸ਼ਨ ਵਿਚ ਕਾਨੂੰਨ ਦਾ ਦਖਲ ਹੁੰਦੈ।"

"ਗੱਲ ਇਹ ਵੇ ਕਿ ਤੇਰੇ ਲੈਕਚਰ ਨਾਲ ਮੇਰਾ ਰੋਅਬ ਬਣ ਜਾਵੇਗਾ ਤੇ ਤੂੰ ਏਨੀ ਕੁ ਗੱਲ ਕਰਨੀ ਏਂ ਕਿ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਦੱਸਣਾ ਏਂ ਕਿ ਇਥੇ ਹੀ ਮਿਹਨਤ ਕਰਨ, ਬਾਹਰ ਜਾਣ ਵਿਚ ਕੁਝ ਨਹੀਂ ਰੱਖਿਆ। ਪਰਵਾਸ ਦੇ ਲਾਲਚ ਨੇ ਸਾਡੀ ਪੂਰੀ ਇਕ ਪੀੜ੍ਹੀ ਆਲਸੀ ਬਣਾ ਦਿੱਤੀ ਏ।"

ਉਸ ਨੇ ਕਿਹਾ। ਕੁਝ ਦੇਰ ਰੁਕ ਕੇ ਪੁੱਛਣ ਲੱਗਿਆ,

"ਤੂੰ ਏਹਦੇ ਬਾਰੇ ਕਿਵੇਂ ਸੋਚਦਾ ਏਂ?"

"ਮੈਂ ਸੋਚਦਾਂ ਕਿ ਜੇ ਮੌਕਾ ਮਿਲੇ ਤਾਂ ਪਰਵਾਸ ਧਾਰਨ ਕਰਨ ਵਿਚ ਕੋਈ ਨੁਕਸਾਨ ਨਹੀਂ। ਪਰਵਾਸ ਅਸੀਂ ਬਿਹਤਰ ਜ਼ਿੰਦਗੀ ਲਈ ਹੀ ਕਰਦੇ ਆਂ। ਸਾਡੇ ਪਿੰਡ ਅਣਗਿਣਤ ਮੁੰਡੇ-ਕੁੜੀਆਂ ਵਿਹਲੇ ਫਿਰਦੇ ਆ। ਕਈਆਂ ਦੀ ਤਾਂ ਉਮਰ ਹੀ ਵਿਹਲਿਆਂ ਦੀ ਨਿਕਲ ਗਈ, ਜੇ ਏਦਾਂ ਦੇ ਬੰਦੇ ਕਿਸੇ ਪਾਸੇ ਚਲੇ ਗਏ ਹੁੰਦੇ ਤਾਂ ਉਹਨਾਂ ਦੀ ਜ਼ਿੰਦਗੀ ਬਿਹਤਰ ਹੋ ਗਈ ਹੁੰਦੀ।"

"ਦੇਖ, ਮੇਰੇ ਦੋ ਮੁੰਡੇ, ਏਹਨਾਂ ਨੂੰ ਬਾਹਰ ਭੇਜਣਾ ਆਪਣੀ ਆਖਰੀ ਚੁਆਇਸ ਹੋਏਗੀ।"

"ਤੇਰੇ ਵਾਲੀਆਂ ਸਹੂਲਤਾਂ ਸਭ ਕੋਲ ਹੈ ਨਹੀਂ ਨਾ।"

ਅਰਵਿੰਦ ਨੇ ਆਪਣਾ ਪੱਖ ਰੱਖਦਿਆਂ ਆਖਿਆ। ਉਹ ਬੈਠਕ ਵਿਚ ਬੈਠੇ ਸਨ। ਹਰਪ੍ਰੀਤ ਅੰਦਰ ਆਈ ਤੇ ਬੋਲੀ,

"ਡਾਕਟਰ ਸਾਹਿਬ, ਰਾਣੀ ਕਹਿ ਰਹੀ ਏ ਕਿ ਰਾਤ ਦੇ ਖਾਣੇ ਲਈ ਕੁਝ ਸ਼ੌਪਿੰਗ ਕਰਨ ਵਾਲੀ ਏ।"

"ਸਟੀਵ ਨੂੰ ਕਹਿ ਕਿ ਲੈ ਆਵੇ।"

"ਉਹ ਟਿਊਸ਼ਨ 'ਤੇ ਚਲੇ ਗਿਆ।"

"ਠੀਕ, ਮੈਂ ਜਾਨਾਂ ਫਿਰ।"

"ਡਾਕਟਰ ਸਾਹਿਬ, ਉਠ ਖੜੋ, ਲੇਟ ਹੋ ਜਾਵੋਂਗੇ!"

ਆਖਦੀ ਹਰਪ੍ਰੀਤ ਚਲੇ ਗਈ। ਉਸ ਦਾ ਏਨੀ ਵਾਰੀ ਡਾਕਟਰ ਸਾਹਿਬ ਕਹਿਣਾ ਅਰਵਿੰਦ ਨੂੰ ਜ਼ਰਾ ਕੁ ਚੁਭਿਆ। ਉਸ ਨੂੰ ਲੱਗਿਆ ਕਿ ਸ਼ਾਇਦ ਉਸ ਨੂੰ ਯਾਦ ਕਰਾ ਰਹੀ ਹੋਵੇ ਕਿ 'ਤੂੰ-ਤਾਂ' ਕਰਕੇ ਨਹੀਂ ਬੋਲੀਦਾ ਯੂਨੀਵਰਸਟੀ ਦੇ ਡਾਕਟਰਾਂ ਨੂੰ। ਸੁਮੀਤ ਨੇ ਸਿਰ 'ਤੇ ਟੋਪੀ ਜਿਹੀ ਲਈ ਤੇ ਕਾਰ ਦੀ ਚਾਬੀ ਚੁੱਕਦਾ ਹੋਇਆ ਬੋਲਿਆ,

"ਆ ਜ਼ਰਾ, ਮਾਰਕਿਟ ਦਾ ਗੇੜਾ ਕੱਢ ਆਈਏ।"

ਉਸ ਨੇ ਰਸੋਈ ਵਿਚ ਜਾ ਕੇ ਰਾਣੀ ਤੋਂ ਪਤਾ ਕੀਤਾ ਕਿ ਕੀ ਚਾਹੀਦਾ ਸੀ। ਉਹ ਕਾਰ ਕੋਲ ਆਏ ਤਾਂ ਸੁਮੀਤ ਕਾਰ ਦੀਆਂ ਖੂਬੀਆਂ ਦੱਸਣ ਲੱਗਿਆ। ਇਸ ਵਿਚ ਲੱਗੇ ਨੈਵੀਗੇਟਰ ਬਾਰੇ ਤੇ ਹੋਰ ਸਹੂਲਤਾਂ ਬਾਰੇ ਦੱਸਦਾ ਜਾ ਰਿਹਾ ਸੀ। ਉਹ ਸਮਾਨ ਲੈ ਕੇ ਵਾਪਸ ਮੁੜੇ ਤਾਂ ਉਹਨਾਂ ਦਾ ਛੋਟਾ ਮੁੰਡਾ ਰਜੀਵ ਕਾਲਜ ਤੋਂ ਵਾਪਸ ਆ ਗਿਆ ਸੀ। ਉਹ ਅਰਵਿੰਦ ਦੇ ਪੈਰੀਂ ਹੱਥ ਲਾ ਕੇ ਮਿਲਿਆ ਜਿਵੇਂ ਹੋਰ ਬੱਚੇ ਮਿਲਦੇ ਹੀ ਸਨ। ਉਸ ਦੀ ਸ਼ਕਲ ਵੀ ਬਿਲਕੁਲ ਸਟੀਵ ਵਰਗੀ ਹੀ ਸੀ। ਕੁਝ ਦੇਰ ਬਾਅਦ ਸਟੀਵ ਵੀ ਟਿਊਸ਼ਨ ਤੋਂ ਮੁੜ ਆਇਆ। ਅਰਵਿੰਦ ਨੇ ਹਰਪ੍ਰੀਤ ਨੂੰ ਕਿਹਾ,

"ਭਰਜਾਈ ਜੀ, ਦੋਵੇਂ ਮੁੰਡੇ ਦੇਖ ਕੇ ਤਾਂ ਹੰਸਾਂ ਦੀ ਜੋੜੀ ਹੀ ਜਾਪਦੇ ਆ।"

"ਭਾਜੀ, ਜ਼ਰਾ ਸੈੱਟਲ ਹੋ ਲੈਣ ਦਿਓ ਇਹਨਾਂ ਨੂੰ, ਫੇਰ ਆਪਾਂ ਏਹਨਾਂ ਲਈ ਕੁੜੀਆਂ ਵੀ ਦੇਖਣੀਆਂ।"

"ਯੂ ਨੋਅ, ਟਾਈਮ ਆਉਣ ਦਿਓ, ਕੁੜੀਆਂ ਏਹਨਾਂ ਨੇ ਆਪੇ ਲੱਭ ਲੈਣੀਆਂ। ਹੁਣ ਪਹਿਲਾਂ ਵਾਲੇ ਜ਼ਮਾਨੇ ਤਾਂ ਰਹੇ ਨਹੀਂ।"

"ਇਹ ਵੀ ਠੀਕ ਏ ਪਰ ਬੱਚੇ ਕਈ ਵਾਰ ਠੀਕ ਫੈਸਲੇ ਨਹੀਂ ਲੈ ਸਕਦੇ। ਬਹੁਤੀਆਂ ਗੱਲਾਂ ਵਿਚ ਇਹ ਸਪੱਸ਼ਟ ਨਹੀਂ ਹੁੰਦੇ।"

"ਮੈਂ ਏਸ ਗੱਲ ਨਾਲ ਸਹਿਮਤ ਨਹੀਂ ਭਰਜਾਈ ਜੀ। ਸਗੋਂ ਮੈਨੂੰ ਤਾਂ ਆਪਣੇ ਇਹ ਬੱਚੇ ਬਹੁਤ ਸਪੱਸ਼ਟ ਜਾਪਦੇ ਆ, ਜਦ ਅਸੀਂ ਇਹਨਾਂ ਦੀ ਉਮਰ ਵਿਚ ਸਾਂ ਤਾਂ ਕਿਸੇ ਗੱਲ ਨੂੰ ਸੋਚਣ ਵਿਚ ਬਹੁਤ ਸਮਾਂ ਲਗਾ ਦਿੰਦੇ ਸਾਂ।"

ਉਹਨਾਂ ਕੋਲ ਖੜਾ ਸਟੀਵ ਕਹਿਣ ਲੱਗਿਆ,

"ਤੁਸੀਂ ਬਿਲਕੁਲ ਠੀਕ ਕਹਿੰਦੇ ਓ ਅੰਕਲ ਜੀ ਪਰ ਇਹ ਲੋਕ ਸਾਡੇ 'ਤੇ ਯਕੀਨ ਹੀ ਨਹੀਂ ਕਰਦੇ, ਆਪਣੇ ਸਾਰੇ ਹੀ ਗਲਤ-ਸਹੀ ਫੈਸਲੇ ਸਾਡੇ 'ਤੇ ਥੋਪਦੇ ਰਹਿੰਦੇ ਨੇ।"

ਰਜੀਵ ਵੀ ਉਸ ਦੀ 'ਹਾਂ' ਵਿਚ 'ਹਾਂ' ਮਿਲਾ ਰਿਹਾ ਸੀ। ਸੁਮੀਤ ਜੋ ਨਾਲ ਦੇ ਕਮਰੇ ਵਿਚ ਸੀ ਸਾਡੀ ਗੱਲ ਸੁਣ ਕੇ ਆ ਗਿਆ ਤੇ ਆਖਣ ਲੱਗਿਆ,

"ਭਾਊ, ਅੱਜਕੱਲ ਦੇ ਨੌਜਵਾਨ ਬਹੁਤ ਲੇਜ਼ੀ ਨੇ, ਇਹਨਾਂ ਨੂੰ ਕੱਸਣ ਲਈ ਇਹਨਾਂ ਨੂੰ ਆਰ ਲਾਉਣੀ ਜ਼ਰੂਰੀ ਏ। ਮੈਨੂੰ ਪਤਾ ਕਿ ਸਾਰੇ ਮਾਂਪੇ ਬੱਚਿਆਂ ਤੋਂ ਬਹੁਤੀਆਂ ਆਸਾਂ ਰੱਖਦੇ ਨੇ ਪਰ ਸਾਨੂੰ ਬੱਚਿਆਂ ਦੀ ਸਮਰੱਥਾ ਦੇਖ ਲੈਣੀ ਚਾਹੀਦੀ ਏ। ਅਸੀਂ ਏਹਨਾਂ ਦੋਨਾਂ ਦੀ ਸਮਰੱਥਾ ਨੂੰ ਸਮਝਦੇ ਆਂ, ਇਸੇ ਲਈ ਇਹਨਾਂ 'ਤੇ ਦਬਾਅ ਰੱਖਦੇ ਆਂ, ਅਸੀਂ ਓਨਾ ਕੁ ਦਬਾਅ ਹੀ ਪਾਉਂਦੇ ਆਂ, ਜਿੰਨੇ ਕੁ ਦੀ ਲੋੜ ਏ, ਇਹਨਾਂ ਨੂੰ ਦੱਸਦੇ ਵੀ ਰਹਿੰਦੇ ਆਂ।"

"ਸੁਮੀਤ, ਵੈਸੇ ਤਾਂ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਵੀ ਸਹੀ ਹੁੰਦੀਆਂ ਸਨ ਕਿ ਰੰਬਾ ਤੇ ਮੁੰਡਾ ਚੰਡ ਕੇ ਰੱਖੇ ਜਾਣੇ ਚਾਹੀਦੇ ਆ ਪਰ ਅੰਗਰੇਜ਼ ਏਦਾਂ ਨਹੀਂ ਸੋਚਦੇ।"

"ਕਿਉਂ ਨਹੀਂ ਸੋਚਦੇ ਹੋਣਗੇ! ਹਰ ਮਾਂਪਿਓ ਬੱਚਿਆਂ ਦੀ ਭਲਾਈ ਬਾਰੇ ਸੋਚਦਾ ਏ ਪਰ ਛੱਡ ਇਹਨਾਂ ਗੱਲਾਂ ਨੂੰ, ਆ ਜ਼ਰਾ ਤੈਨੂੰ ਆਪਣੀ ਕਿਤਾਬ ਦਿਖਾਵਾਂ, ਜਿਹੜੀ ਮੈਂ ਮੁਗਲ ਪੀਅਰਡ ਦੇ ਨਾਲ ਨਾਲ ਬਾਕੀ ਦੀ ਦੁਨੀਆਂ ਦੇ ਇਤਹਾਸ ਬਾਰੇ ਲਿਖੀ ਸੀ।"

"ਤੇਰੀ ਪੀ ਐਚ. ਡੀ. ਦਾ ਸਬਜੈਕਟ ਵੀ ਤਾਂ ਇਹੀ ਸੀ ਨਾ?"

"ਇਹੀ ਸੀ, ਇਹ ਕਿਤਾਬ ਮੈਂ ਵਿਸ਼ੇਸ਼ ਤੌਰ 'ਤੇ ਕੋਰਸਾਂ ਵਿਚ ਲਾਉਣ ਲਈ ਲਿਖੀ ਏ। ਕੁਝ ਨਵੇਂ ਤੱਥ ਸਾਹਮਣੇ ਆਏ ਨੇ, ਉਹ ਵੀ ਲਏ ਨੇ।"

ਅਰਵਿੰਦ ਉਸ ਦੇ ਮਗਰ ਤੁਰਦਾ ਉਸ ਦੀ ਲਾਇਬ੍ਰੇਰੀ ਵਿਚ ਆ ਗਿਆ। ਸੁਮੀਤ ਦੀ ਇਕ ਕਿਤਾਬ ਪਹਿਲਾਂ ਹੀ ਬੀ. ਏ. ਦੇ ਕੋਰਸ ਵਿਚ ਲੱਗੀ ਹੋਈ ਸੀ। ਉਸ ਨੇ ਕੁਝ ਕਿਤਾਬਾਂ ਕੱਢੀਆਂ ਤੇ ਅਰਵਿੰਦ ਨੂੰ ਦਿਖਾਉਣ ਲੱਗਿਆ। ਇਕ ਕਿਤਾਬ ਉਸ ਦੇ ਹੱਥ ਵਿਚ ਦਿੰਦਾ ਬੋਲਿਆ,

"ਜਦੋਂ ਇੰਡੀਆ ਵਿਚ ਅਕਬਰ ਦੀ ਹਕੂਮਤ ਸੀ ਉਸੇ ਵੇਲੇ ਇੰਗਲੈਂਡ ਵਿਚ ਅਲਿਜ਼ਬੈੱਥ ਪਹਿਲੀ ਰਾਜ ਕਰਦੀ ਸੀ ਪਰ ਦੋਨੋਂ ਹੀ ਇਕ ਦੂਜੇ ਤੋਂ ਅਣਜਾਣ ਸਨ। ਉਸ ਵੇਲੇ ਅਕਬਰ ਦੁਨੀਆਂ ਦਾ ਸਭ ਤੋਂ ਅਮੀਰ ਰਾਜਾ ਸੀ। ਜਹਾਂਗੀਰ ਵੇਲੇ ਜਿੰਨਾ ਹਿੰਦੁਸਤਾਨ ਅਮੀਰ ਸੀ ਏਨਾ ਕਦੇ ਵੀ ਨਹੀਂ ਹੋਇਆ। ਅਸਲ ਵਿਚ ਸੋਨੇ ਦੀ ਚਿੜੀ ਹਿੰਦੁਸਤਾਨ ਹੀ ਸੀ। ਉਸ ਵਕਤ ਦੁਨੀਆਂ ਨੂੰ ਇਸ ਪਲਾਣਟ ਦੀ ਬਹੁਤੀ ਥਾਹ ਨਹੀਂ ਸੀ। ਇਹ ਤਾਂ ਵਾਸਕੋਡੇ ਗਾਮੇ ਨੇ ਆ ਕੇ ਰਾਹ ਖੋਹਲਿਆ।"

"ਯੂ ਨੋਅ, ਸਿਲਕ-ਰੂਟ ਤਾਂ ਉਸ ਤੋਂ ਵੀ ਬਹੁਤ ਪੁਰਾਣਾ ਐਂ।"

"ਸਿਲਕ ਰੂਟ ਦਾ ਹੋਰ ਹਿਸਾਬ ਹੁੰਦਾ ਸੀ। ਕਦੇ ਇਹ ਚੱਲ ਪੈਂਦਾ ਸੀ ਤੇ ਕਦੇ ਬੰਦ ਵੀ ਹੋ ਜਾਂਦਾ ਸੀ।"

"ਇਹ ਵੀ ਤਾਂ ਗੱਲ ਹੈ ਸੀ ਕਿ ਉਦੋਂ ਇੰਗਲੈਂਡ ਕੋਈ ਮਹੱਤਵ-ਪੂਰਨ ਮੁਲਕ ਨਹੀਂ ਸੀ।"

ਆਖਦਾ ਅਰਵਿੰਦ ਕਿਤਾਬ ਖੋਹਲ ਕੇ ਦੇਖਣ ਲੱਗਿਆ। ਵਧੀਆ ਛਪੀ ਹੋਈ ਸੀ। ਵਿਸ਼ਾ ਵੀ ਕਾਫੀ ਦਿਲਚਸਪ ਜਾਪ ਰਿਹਾ ਸੀ। ਅਰਵਿੰਦ ਨੇ ਕਿਹਾ,

"ਜੇ ਤੇਰੇ ਕੋਲ ਹੋਰ ਕਾਪੀਆਂ ਹੈਗੀਆਂ ਤਾਂ ਇਕ ਮੈਂ ਰੱਖ ਲਾਂ?"

"ਹੋਰ ਕਾਪੀ ਦਾ ਫਿਕਰ ਨਾ ਕਰ, ਰੱਖ ਲੈ ਤੇ ਵਾਪਸ ਜਾ ਕੇ ਪੜ੍ਹੀਂ।"

ਗੱਲ ਕਰਦਾ ਸੁਮੀਤ ਕਿਧਰੇ ਗਵਾਚ ਜਿਹਾ ਗਿਆ। ਅਰਵਿੰਦ ਨੇ ਪੁੱਛਿਆ,

"ਸਭ ਠੀਕ ਤਾਂ ਹੈ ਨਾ?"

"ਯਾਰ ਅਰਵਿੰਦ, ਨਵੇਂ ਜ਼ਮਾਨੇ ਨੇ ਬੱਚਿਆਂ ਦੀ ਸਾਇਕੋਲੋਜੀ ਸਮਝਣੀ ਔਖੀ ਕਰ ਦਿੱਤੀ ਏ। ਨਾ ਇਹ ਆਪਣੇ ਫਿਊਚਰ ਬਾਰੇ ਸੋਚਦੇ ਨੇ ਤੇ ਨਾ ਹੀ ਸਾਡੇ ਕਿਸੇ ਅਰਮਾਨ ਬਾਰੇ। ਇਹ ਅੱਜ ਵਿਚ ਜੀਉਣਾ ਚਾਹੁੰਦੇ ਨੇ।"

"ਕੀ ਗੱਲ ਹੋ ਗਈ?"

"ਗੱਲ ਇਹ ਵੇ ਕਿ ਇਥੇ ਦੇ ਮੁੰਡੇ ਹੱਥੋਂ ਨਿਕਲਣ ਨੂੰ ਤਿਆਰ ਖੜੇ ਨੇ। ਮੈਂ ਆਪਣਿਆਂ ਨੂੰ ਬੜੀ ਸਿਆਸਤ ਨਾਲ ਨੂੰ ਸੰਭਾਲ ਕੇ ਰੱਖਿਆ ਹੋਇਆ ਏ। ਪਹਿਲਾਂ ਵੱਡੇ ਨੇ ਆਪਣਾ ਨਾਂ ਸਤਿਕਾਰ ਤੋਂ ਸਟੀਵ ਰੱਖ ਲਿਆ ਤੇ ਵਾਲ਼ ਵੀ ਕਟਾ ਲਏ, ਏਹਨਾਂ ਦੀ ਮਾਂ ਨੂੰ ਤਾਂ ਦੰਦਲਾਂ ਪੈ ਪੈ ਜਾਣ। ਬੜੀ ਮੁਸ਼ਕਲ ਨਾਲ ਪਾਲ਼ੇ ਸੀ ਇਹਨਾਂ ਦੇ ਵਾਲ਼। ਫੇਰ ਛੋਟੇ ਨੇ ਵੀ ਕਟਾ ਲਏ। ਹਰਪ੍ਰੀਤ ਕਈ ਦਿਨ ਬੈੱਡ 'ਤੇ ਪਈ ਰਹੀ। ਫਿਰ ਇਹ ਦੇਖੋ-ਦੇਖੀ ਬਾਹਰ ਜਾਣ ਦੀਆਂ ਗੱਲਾਂ ਕਰੀ ਜਾ ਰਹੇ ਨੇ। ਵੱਡੇ ਨੂੰ ਮੈਂ ਲਾਰਾ ਲਾਇਆ ਸੀ ਕਿ ਜੇ ਤੂੰ ਚੰਗੇ ਨੰਬਰਾਂ ਵਿਚ ਪਾਸ ਹੋ ਗਿਆ ਤਾਂ ਦੋ ਹਫਤੇ ਲਈ ਇੰਗਲੈਂਡ ਜਾ ਆਈਂ, ਹੁਣ ਹੋਰ ਦੋ ਮਹੀਨੇ ਤਕ ਏਹਦਾ ਰਿਜ਼ੱਲਟ ਤਾਂ ਆ ਜਾਣਾ ਏਂ ਪਰ ਇਕ ਦਮ ਨੌਕਰੀ ਦੀ ਤਲਾਸ਼ ਵੀ ਤਾਂ ਕਰਨੀ ਪੈਣੀ ਆਂ।"

"ਇਹ ਤਾਂ ਗੱਲ ਠੀਕ ਐ।"

"ਤੂੰ ਇਹਦੇ ਨਾਲ ਕੋਈ ਪਰੌਮਿਜ਼ ਨਾ ਕਰੀਂ, ਵੱਡੇ ਨੇ ਤੈਨੂੰ ਪਤਿਆਉਣਾਂ, ਕਹਿ ਦੇਵੀਂ ਕਿ ਜ਼ਰਾ ਪੈਰਾਂ 'ਤੇ ਖੜ ਲੈ ਫਿਰ ਸਾਰਾ ਯੌਰਪ ਹੀ ਘੁੰਮ ਲਵੀਂ।"

ਆਪਣੇ ਮੁੰਡਿਆਂ ਨੂੰ ਲੈ ਕੇ ਸੁਮੀਤ ਬਹੁਤ ਫਿਰਕਵੰਦ ਸੀ।

ਤ੍ਰਿਕਾਲਾਂ ਜਿਹੀਆਂ ਨੂੰ ਅਰਵਿੰਦ ਆਪਣੇ ਕਮਰੇ ਵਿਚ ਪਿਆ ਸੀ ਕਿ ਅਚਾਨਕ ਨਾਲ ਦੇ ਕਮਰੇ ਵਿਚੋਂ ਗੱਲਾਂ ਕਰਨ ਦੀਆਂ ਅਵਾਜ਼ਾਂ ਸੁਣਨ ਲੱਗੀਆਂ। ਜਾਪਦਾ ਸੀ ਕਿ ਸੁਮੀਤ ਦੇ ਮੁੰਡੇ ਆਪਸ ਵਿਚ ਗੱਲਾਂ ਕਰ ਰਹੇ ਸਨ। ਅਰਵਿੰਦ ਦੇ ਕੰਨ ਉਧਰ ਲੱਗ ਗਏ। ਕੋਈ ਕਹਿ ਰਿਹਾ ਸੀ,

"ਸ਼ੀ'ਜ਼ ਫੱਕਿਨ ਬਿੱਚ!"

"ਆਈ ਹੇਟ ਦੈਟ ਬਿੱਚ!"

"ਸ਼ੀ 'ਜ਼ ਟੂ ਸ਼ੋਅਈ!"

"ਆਈ ਵਿਸ਼ ਆਈ ਕੈਨ ਸੀ ਮਾਨਚੈਸਟਰ ਯੁਨਾਈਟੈੱਡ ਲਾਈਵ ਮੈਚ!"

"ਯੂ ਨੋ, ਅਵਰ ਓਲਡ ਮੈਨ 'ਜ਼ ਮੋਸਟ ਮਾਈਜ਼ਰ ਮੈਨ ਔਨ ਦਾ ਅਰਥ!"

"ਆਈ ਹੇਟ ਹਿੰਮ, ਹੇਟ ਟੂ ਮਾਈ ਡੈੱਥ!"

## <u>ਚੌਦਾਂ</u>

ਸ਼ਾਮ ਨੂੰ ਸੱਤ ਕੁ ਵਜੇ ਬੰਦੇ ਇਕੱਠੇ ਹੋਣੇ ਸ਼ੁਰੂ ਹੋ ਗਏ। ਦਸ ਕੁ ਬੰਦੇ ਸਨ। ਸਾਰੇ ਹੀ ਯੂਨੀਵਰਸਟੀ ਦੇ ਪ੍ਰੋਫੈਸਰ ਸਨ। ਵੱਖ ਵੱਖ ਵਿਭਾਗਾਂ ਵਿਚੋਂ। ਡਾਕਟਰ ਕਹਿਣ-ਕਹਾਉਣ ਦੀ ਖੱਬਤ ਅਰਵਿੰਦ ਨੂੰ ਹਾਲੇ ਵੀ ਓਪਰੀ ਲੱਗ ਰਹੀ ਸੀ। ਕਈ ਵਾਰ ਉਸ ਦਾ ਦਿਲ ਕਰਦਾ ਕਿ ਇਹਨਾਂ ਨੂੰ ਦੱਸੇ ਕਿ ਉਹ ਕਈ ਪੀ ਐਚ. ਡੀ. ਲੋਕਾਂ ਨੂੰ ਜਾਣਦਾ ਹੈ, ਕੋਈ ਵੀ ਆਪਣੇ ਆਪ ਨਾਲ ਡਾਕਟਰ ਨਹੀਂ ਲਿਖਦਾ ਪਰ ਫਿਰ ਸੋਚਦਾ ਕਿ ਐਵੇਂ ਗੁੱਸਾ ਹੀ ਨਾ ਕਰ ਜਾਣ। ਉਹ ਇਕ ਕਮਰੇ ਵਿਚ ਕੁਰਸੀਆਂ ਡਾਹ ਕੇ ਬਹਿ ਗਏ। ਇਕ ਗੱਲ ਅਰਵਿੰਦ ਨੇ ਦੇਖੀ ਸੀ ਕਿ ਇਹਨਾਂ ਲੋਕਾਂ ਵਿਚੋਂ ਬਹੁਤੇ ਨਵੀਂ ਟੈਕਨੌਲੋਜੀ ਨਾਲ ਨਹੀਂ ਸਨ ਜੁੜੇ। ਉਸ ਨੇ ਸੁਮੀਤ ਨੂੰ ਫੇਸਬੁੱਕ ਬਾਰੇ ਕੁਝ ਦੱਸਣਾ ਚਾਹਿਆ ਸੀ ਪਰ ਸੁਮੀਤ ਨੂੰ ਉਸ ਵਿਚ ਕੋਈ ਦਿਲਚਸਪੀ ਹੀ ਨਹੀਂ ਸੀ, ਫਿਰ ਉਹ ਆਪਣੇ ਬਣਾਏ ਗਰੁੱਪ ਬਾਰੇ ਕੀ ਦੱਸਦਾ। ਇਥੇ ਵੀ ਉਸ ਨੇ ਸੋਚ ਲਿਆ ਕਿ ਇੰਟਰਨੈੱਟ ਬਾਰੇ ਬਹੁਤੀ ਗੱਲ ਨਹੀਂ ਕਰੇਗਾ। ਰਾਣੀ ਦੇ ਘਰ ਵਾਲਾ ਰਾਮੂ ਵੈਸੇ ਕੰਮ ਕਿਤੇ ਬਾਹਰ ਕਰਦਾ ਸੀ ਪਰ ਸ਼ਾਮ ਨੂੰ ਆ ਕੇ ਸੁਮੀਤ ਦੀਆਂ ਬੁੱਤੀਆਂ-ਨੱਤੀਆਂ ਕਰਨ ਲੱਗਦਾ। ਕਿਉਂਕਿ ਸੁਮੀਤ ਦੀ ਕੋਠੀ ਦੇ ਪਿਛਲੇ ਪਾਸੇ ਸਰਵੈਂਟ ਕਵਾਟਰ ਵਿਚ ਹੀ ਉਹ ਰਹਿੰਦੇ ਸਨ। ਰਾਮੂ ਉਹਨਾਂ ਦੀ ਸੇਵਾ ਵਿਚ ਰੁਝਿਆ ਹੋਇਆ ਸੀ। ਸੁਮੀਤ ਨੇ ਸਭ ਨਾਲ ਇਕ ਇਕ ਕਰਕੇ ਅਰਵਿੰਦ ਦਾ ਤੁਆਰਫ ਕਰਾਇਆ। ਜਦ ਸੁਮੀਤ ਉਸ ਬਾਰੇ ਗੱਲ ਕਰਨ ਲੱਗਿਆ ਤਾਂ ਡਾਕਟਰ ਸੂਦ ਨੇ ਆਖਿਆ,

"ਡਾਕਟਰ ਅਰਵਿੰਦ ਸਿੰਘ ਜੀ, ਤੁਸੀਂ ਆਪਣੇ ਬਾਰੇ ਆਪ ਦੱਸੋ, ਸਾਨੂੰ ਪਤਾ ਏ ਕਿ ਡਾਕਟਰ ਸੁਮੀਤ ਸਹੋਤਾ ਕਈ ਵਾਰ ਦੋਸਤਾਂ ਨਾਲ ਰਿਆਇਤ ਕਰ ਜਾਂਦੇ ਨੇ।"

ਉਸ ਦੀ ਗੱਲ 'ਤੇ ਸਾਰੇ ਹੱਸੇ। ਅਰਵਿੰਦ ਨੂੰ ਵੀ ਚੰਗਾ ਲੱਗਿਆ ਕਿ ਆਪਣੇ ਬਾਰੇ ਥੋੜੀ ਜਿਹੀ ਗੱਲ ਆਪ ਹੀ ਕਰੇ। ਉਸ ਨੇ ਆਖਿਆ,

''ਪਹਿਲੀ ਗੱਲ ਤਾਂ ਮੈਂ ਡਾਕਟਰ ਨਹੀਂ। ਮੈਂ ਹਿਸਟਰੀ ਦੀ ਐਮ. ਏ. ਸੁਮੀਤ ਨਾਲ ਹੀ ਕੀਤੀ ਸੀ। ਡੇੜ ਕੁ ਸਾਲ ਇਕ ਕਾਲਜ ਵਿਚ ਪੜ੍ਹਾਇਆ ਤੇ ਫਿਰ ਇੰਗਲੈਂਡ ਚਲੇ ਗਿਆ। ਹੁਣ ਪਿਛਲੇ ਤੀਹ ਸਾਲ ਤੋਂ ਇੰਗਲੈਂਡ ਵਿਚ ਰਹਿ ਰਿਹਾਂ। ਦੱਖਣੀ ਇੰਗਲੈਂਡ ਦੇ ਬੈਕਸਲਹੀਥ ਦੇ ਇਲਾਕੇ ਵਿਚ ਰਹਿਨਾਂ। ਮੇਰੀ ਜੌਬ ਟੂਰਿਜ਼ਮ ਵਿਚ ਐ, ਮੈਂ ਉਥੇ ਨਵੇਂ ਭਰਤੀ ਹੋਣ ਵਾਲੇ ਲੋਕਾਂ ਨੂੰ ਟਰੇਨਿੰਗ ਦਿੰਨਾਂ ਕਿ ਕੰਮ ਕਿਵੇਂ ਕਰਨਾਂ ਤੇ ਇਕ ਮੇਰੀ ਜੌਬ ਐ ਕਿ ਟੂਰਿਜ਼ਮ ਲਈ ਨਵੀਂਆਂ ਨਵੀਂਆਂ ਜਗਾਵਾਂ ਨੂੰ ਐਕਸਪਲੋਰ ਕਰਨਾ। ਬਾਕੀ ਮੈਂ ਵਿਆਹਿਆ ਹੋਇਆਂ, ਇਕ ਮੇਰਾ ਬੇਟਾ ਐ ਇੱਕੀ ਸਾਲ ਦਾ। ਏਨੀ ਕੁ ਮੇਰੀ ਜਾਣਕਾਰੀ ਐ।''

ਏਨਾ ਕਹਿ ਕੇ ਅਰਵਿੰਦ ਚੁੱਪ ਕਰ ਗਿਆ ਪਰ ਇਹ ਚੁੱਪ ਹੋਰਨਾਂ ਨੂੰ ਚੰਗੀ ਨਹੀਂ ਸੀ ਲੱਗ ਰਹੀ। ਵੱਡੀ ਸਾਰੀ ਪੱਗ ਵਾਲਾ ਡਾਕਟਰ ਭਜਨ ਸਿੰਘ ਬੋਲਿਆ,

''ਡਾਕਟਰ ਸਾਹਿਬ, ਇਹ ਤਾਂ ਕੋਈ ਗੱਲ ਨਾ ਹੋਈ। ਜਿਸ ਵਿਅਕਤੀ ਦੀਆਂ ਸੁਮੀਤ ਏਨੀਆਂ ਤਾਰੀਫਾਂ ਕਰੇ, ਉਹਦੀ ਜਾਣਕਾਰੀ ਏਨੀ ਸੰਖੇਪ ਨਹੀਂ ਹੋ ਸਕਦੀ। ਤੁਹਾਡਾ ਆਰਟੀਕਲ ਬਹੁਤੇ ਲੋਕਾਂ ਨੇ ਪੜ੍ਹਿਆ ਤੇ ਸਲਾਹਿਆ। ਉਹਦੇ ਬਾਰੇ ਕੋਈ ਗੱਲ ਕਰੋ। ਡਾਕਟਰ ਸਾਹਿਬ ਦੱਸ ਰਹੇ ਨੇ ਕਿ ਤੁਸੀਂ ਕੋਈ ਕਿਤਾਬ ਲਿਖਣ ਜਾ ਰਹੇ ਓ। ਕੀ ਏ ਉਹ? ਜ਼ਰਾ ਸਾਡੇ ਨਾਲ ਸਾਂਝੀ ਕਰੋ।''

ਅਰਵਿੰਦ ਸੋਚਣ ਲੱਗਿਆ ਕਿ ਕਿਤਾਬ ਲਿਖਣ ਦੀ ਸਲਾਹ ਸਾਂਝੀ ਕਰਕੇ ਉਸ ਨੇ ਗਲਤੀ ਕਰ ਲਈ ਸੀ। ਜਿੰਨਾ ਚਿਰ ਉਹ ਪ੍ਰੋਜੈਕਟ ਪੂਰਾ ਨਹੀਂ ਸੀ ਕਰ ਲੈਂਦਾ ਇਸ ਬਾਰੇ ਕਿਸੇ ਨਾਲ ਗੱਲ ਨਹੀਂ ਸੀ ਕਰਨੀ ਚਾਹੀਦੀ। ਇਹ ਵੀ ਨਹੀਂ ਸੀ ਪਤਾ ਕਿ ਉਹ ਕਿਤਾਬ ਲਿਖ ਵੀ ਸਕੇਗਾ ਜਾਂ ਨਹੀਂ। ਬਹੁਤ ਵੱਡੇ ਵਿਸ਼ੇ ਨੂੰ ਹੱਥ ਪਾਇਆ ਸੀ ਉਸ ਨੇ। ਉਸ ਨੇ ਕਹਿਣਾ ਸ਼ੁਰੂ ਕੀਤਾ,

''ਯੂ ਨੋਅ, ਇਤਿਹਾਸ ਮੇਰਾ ਸ਼ੌਂਕ ਐ, ਮੇਰਾ ਪੈਸ਼ਨ ਐ, ਜਿਹਨੂੰ ਕਹਿੰਦੇ-ਜਾਨ ਲੇਵਾ ਪੈਸ਼ਨ। ਬਹੁਤ ਸਾਲ ਪਹਿਲਾਂ ਮੈਂ ਕੁਝ ਲੇਖ ਲਿਖੇ ਸਨ ਕਿ ਲੋਕ ਇਕ ਜਗਾਹ ਤੋਂ ਦੂਜੀ ਜਗਾਹ ਮਾਈਗਰੇਟ ਕਿਉਂ ਕਰਦੇ ਆ। ਮਾਈਰੇਸ਼ਨ ਜਦ ਅਗਲੀਆਂ ਪੀੜ੍ਹਆਂ ਵਿਚ ਪੁੱਜਣ ਲਗਦੀ ਹੈ ਤਾਂ ਡਾਇਸਪੋਰਾ ਬਣ ਜਾਂਦੀ ਹੈ। ਮੈਂ ਵੱਖ ਵੱਖ ਮੁਲਕਾਂ ਵਿਚ ਇੰਡੀਅਨ ਡਾਇਸਪੋਰੇ ਬਾਰੇ ਵੀ ਕੁਝ ਲੇਖ ਲਿਖੇ ਜਿਹੜੇ ਉਧਰ ਦੀਆਂ ਅੰਗਰੇਜ਼ੀ ਦੀਆਂ ਅਖਬਾਰਾਂ ਵਿਚ ਛਪੇ ਵੀ ਪਰ ਉਹਨਾਂ ਦਾ ਕਿਸੇ ਨੇ ਬਹੁਤਾ ਨੋਟਿਸ ਨਹੀਂ ਸੀ ਲਿਆ। ਫਿਰ ਮੈਂ ਲਿਖਣੇ ਬੰਦ ਕਰ ਦਿੱਤੇ।''

''ਪਰ ਤੁਹਾਡੇ ਇਧਰ ਛਪੇ ਲੇਖ ਦਾ ਤਾਂ ਕਾਫੀ ਨੋਟਿਸ ਲਿਆ ਗਿਆ ਸੀ।''

''ਹਾਂ ਸੁਮੀਤ, ਉਹ ਏਸ ਕਰਕੇ ਕਿ ਸਾਡੇ ਲੋਕਾਂ ਨਾਲ ਉਹ ਲੇਖ ਜੁੜਦਾ ਸੀ। ਮੈਂ ਦੱਖਣੀ ਅਮਰੀਕਾ ਦਾ ਇਕ ਦੌਰਾ ਕੀਤਾ ਸੀ ਤੇ ਉਥੇ ਬਹੁਤੇ ਸਾਰੇ ਹਿੰਦੁਸਤਾਨੀ ਲੋਕਾਂ ਨੂੰ ਮਿਲਿਆ ਸੀ, ਸੂਰੀਨਾਮ, ਬ੍ਰਿਟਿਸ਼ ਗਾਇਨਾ, ਵੈਸਟ ਇੰਡੀਜ਼ ਦੇ ਕਈ ਹੋਰ ਹਿੱਸਿਆਂ ਵਿਚ ਆਪਣੇ ਲੋਕ ਰਹਿੰਦੇ ਆ। ਉਹਨਾਂ ਦੀ ਬੋਲੀ ਵਿਚ ਹਾਲੇ ਵੀ ਬਹੁਤ ਸਾਰੇ ਲਫਜ਼ ਆਪਣੇ ਵਾਲੇ ਆ। ਉਹ ਇਹਨਾਂ ਦੇਵੀਆਂ-ਦੇਵਤਿਆਂ ਨੂੰ ਹੀ ਪੂਜਦੇ ਆ। ਕਈ ਘਰਾਂ ਵਿਚ ਤਾਂ ਦੇਵੀਆਂ ਦੇ ਨਾਲ ਇੰਦਰਾ ਗਾਂਧੀ ਦੀ ਫੋਟੋ ਲੱਗੀ ਵੀ ਮੈਂ ਦੇਖੀ। ਉਹਨਾਂ ਦੇ ਭਾਣੇ ਇੰਦਰਾ ਗਾਂਧੀ ਵੀ ਕੋਈ ਦੇਵੀ ਹੀ ਸੀ। ਸੋ ਅਜਿਹੀਆਂ ਗੱਲਾਂ ਨੇ ਮੈਨੂੰ ਡਾਇਸਪੋਰੇ 'ਤੇ ਇਕ ਕਿਤਾਬ ਲਿਖਣ ਵੱਲ ਪ੍ਰੇਰਿਆ ਪਰ ਹਾਲੇ ਮੈਂ ਵੱਡੇ ਗੋਹੜੇ ਵਿਚੋਂ ਇਕ ਪੂਣੀ ਹੀ ਛੋਹੀ ਐ, ਇਸ ਕਰਕੇ ਕਿਤਾਬ ਲਿਖਣ ਦਾ ਦਾਅਵਾ ਕਰਨਾ ਜ਼ਰਾ ਵੱਡੀ ਗੱਲ ਐ।''

''ਤੁਹਾਡੇ ਹਿਸਾਬ ਨਾਲ ਮਾਈਗਰੇਸ਼ਨ ਦੇ ਕਾਰਨ ਕੀ ਨੇ?''

''ਮੁੱਖ ਕਾਰਨ ਤਾਂ ਆਰਥਿਕ ਖੁਸ਼ਹਾਲੀ ਹੀ ਐ ਪਰ ਕਈ ਵਾਰ ਕਿਸੇ ਸਥਾਨਕ ਕਾਨੂੰਨ ਤੋਂ ਜਾਂ ਦੁਸ਼ਮਣਾਂ ਤੋਂ ਬਚਦੇ ਹੋਏ ਵੀ ਮਾਈਗਰੇਟ ਕਰ ਜਾਂਦੇ ਨੇ। ਹੋਰ ਵੀ ਨਿੱਕੇ ਨਿੱਕੇ ਕਾਰਨ ਹੋ ਸਕਦੇ ਨੇ ਪਰ ਵੱਡਾ ਕਾਰਨ ਆਰਥਿਕ ਖੁਸ਼ਹਾਲੀ ਹੀ ਐ। ਪੁਰਾਣੀਆਂ ਸੱਭਿਆਤਾਵਾਂ ਵਲ ਨਜ਼ਰ ਮਾਰੋ, ਲੋਕ ਆਪਣਿਆਂ ਪਸ਼ੂਆਂ ਲਈ ਨਵੀਆਂ ਚਾਰਗਾਹਾਂ ਲੱਭਦੇ ਅੱਗੇ ਨੂੰ ਤੁਰੇ ਆਏ। ਆਰੀਆ ਆਏ, ਮੁਗਲ ਵੀ ਰਾਜ ਕਰਨ ਹੀ ਆਏ, ਗੋਰੇ ਵੀ ਸਾਨੂੰ ਲੁੱਟਣ ਹੀ ਆਏ, ਉਹ ਹੋਰ ਸਿਚੂਏਸ਼ਨ ਵਿਚ ਸਨ।''

''ਮਾਈਗਰੇਸ਼ਨ ਚੰਗੀ ਗੱਲ ਏ ਕਿ ਮਾੜੀ?''

''ਮਾਈਗਰੇਸ਼ਨ ਚੰਗੀ ਗੱਲ ਐ ਪਰ ਮਾਈਗਰੇਸ਼ਨ ਸਦਾ ਸੁਖਦਾਇਕ ਹੀ ਨਹੀਂ ਹੁੰਦੀ, ਨਵੀਂ ਥਾਂ ਜਾ ਕੇ ਵਸਣਾ ਔਖਾ ਹੁੰਦਾ ਐ। ਇਥੇ ਹੀ ਆਪਾਂ ਦੇਖੀਏ ਕਿ ਜੇ ਕਿਸੇ ਹੋਰ ਪਿੰਡ ਵਿਚ ਜਾ ਕੇ ਤੁਸੀਂ ਵਸਣਾ ਹੋਵੇ ਤਾਂ ਓਸ ਪਿੰਡ ਦੇ ਲੋਕ ਤੁਹਾਨੂੰ ਥੋੜੇ ਕੀਤੇ ਵਸਣ ਨਹੀਂ ਦਿੰਦੇ। ਬਾਹਰਲੇ ਮੁਲਕ, ਬਾਹਰਲੇ ਸਮਾਜ ਵਿਚ ਜਾ ਕੇ ਵਸਣਾ ਤਾਂ ਔਖਾ ਹੋਵੇਗਾ ਹੀ।''

ਇਥੇ ਹੀ ਅਰਵਿੰਦ ਨੇ ਆਪਣੀ ਗੱਲ ਮੁਕਾ ਦਿਤੀ। ਉਹ ਸੋਚ ਰਿਹਾ ਸੀ ਜਿੰਨਾ ਕੁ ਉਹ ਕਹਿਣਾ ਚਾਹੁੰਦਾ ਸੀ ਕਹਿ ਦਿਤਾ ਸੀ। ਹੁਣ ਉਹ ਦੂਜਿਆਂ ਦੀਆਂ ਗੱਲਾਂ ਵੀ ਸੁਣਨੀਆਂ ਚਾਹੁੰਦਾ ਸੀ। ਉਹਦੇ ਚੁੱਪ ਹੋਣ ਨਾਲ ਜਿਵੇਂ ਇਕ ਬ੍ਰੇਕ ਜਿਹੀ ਹੋ ਗਈ ਹੋਵੇ। ਸਭ ਲਈ ਇਕ ਇਕ ਪੈੱਗ ਹੋਰ ਪਾਇਆ ਗਿਆ। ਕਿਸੇ ਨੇ ਫਿਰ ਕਿਹਾ,

''ਜੀ ਡਾਕਟਰ ਸਾਹਿਬ, ਹੋਰ ਅੱਗੇ ਕੁਝ ਕਹੋ।''

''ਹੁਣ ਤੁਸੀਂ ਆਪਣੀਆਂ ਗੱਲਾਂ ਸੁਣਾਓ।''

''ਨਹੀਂ ਜੀ, ਅਸੀਂ ਤਾਂ ਅੱਜ ਤੁਹਾਡੀਆਂ ਹੀ ਸੁਣਨ ਇਕੱਠੇ ਹੋਏ ਆਂ।''

ਡਾਕਟਰ ਭਜਨ ਸਿੰਘ ਦੇ ਕੋਲ ਬੈਠੇ ਚੁੱਪ ਜਿਹੇ ਬੰਦੇ ਨੇ ਕਿਹਾ। ਅਰਵਿੰਦ ਨੂੰ ਉਸ ਦਾ ਨਾਂ ਭੁੱਲ ਗਿਆ ਸੀ ਪਰ ਏਨਾ ਯਾਦ ਸੀ ਕਿ ਉਹ ਇਕਨੌਮਿਕਸ ਦਾ ਪ੍ਰੋਫੈਸਰ ਸੀ। ਉਸ ਨੇ ਅੱਗੇ ਕਿਹਾ,

''ਕੁਝ ਆਰਥਿਕ ਵਿਵਸਥਾ ਬਾਰੇ ਗੱਲ ਕਰੋ।''

''ਉਹਦੇ ਤਾਂ ਤੁਸੀਂ ਡਾਕਟਰ ਹੋ ਜੀ।''

ਅਰਵਿੰਦ ਨੇ ਹੱਸਦਿਆਂ ਆਖਿਆ। ਉਹ ਫਿਰ ਬੋਲਿਆ,

''ਉਹ ਵੀ ਠੀਕ ਏ ਪਰ ਤੁਸੀਂ ਉਸ ਖੁਸ਼ਹਾਲ ਮੁਲਕ ਵਿਚ ਰਹਿੰਦੇ ਓ, ਜਾਗਦੀ ਅੱਖ ਦੇ ਮਾਲਕ ਓ, ਤੁਹਾਨੂੰ ਜ਼ਿਆਦਾ ਹੀ ਪਤਾ ਹੋਏਗਾ।''

"ਦੇਖੋ ਜੀ, ਸਾਰੀ ਦੁਨੀਆਂ ਹੀ ਰਿਸੈਸ਼ਨ ਦੇ ਵਿਚ ਦੀ ਲੰਘੀ ਐ, ਇੰਗਲੈਂਡ ਵੀ ਲੰਘਿਆ ਤੇ ਹਾਲੇ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਸਕਿਆ।"

"ਡਾਕਟਰ ਸਾਹਿਬ, ਤੁਸੀਂ ਇਹਦਾ ਕੀ ਕਾਰਨ ਸਮਝਦੇ ਓ?"

"ਇਹਦਾ ਕਾਰਨ ਪ੍ਰੌਪ੍ਰਟੀ ਦੀਆਂ ਨਕਲੀ ਕੀਮਤਾਂ ਨਿਰਧਾਰਤ ਕਰਨਾ, ਮੈਂ ਪਿੱਛੇ ਜਿਹੇ ਆਪਣੇ ਭਤੀਜੇ ਨੂੰ ਇਸ ਬਾਰੇ ਦੱਸ ਰਿਹਾ ਸਾਂ ਕਿ ਕਿਸੇ ਇਮਾਰਤ ਦੀ ਕੀਮਤ ਤੈਅ ਕਰਨ ਲਈ ਦੋ ਚੀਜ਼ਾਂ ਮਿਣੀਆਂ-ਗਿਣੀਆਂ ਜਾਂਦੀਆਂ। ਇਕ ਤਾਂ ਥਾਂ ਦੀ ਕੀਮਤ ਤੇ ਦੂਜੇ ਇਮਾਰਤ ਨੂੰ ਬਣਾਉਣ ਦੀ ਲਾਗਤ। ਪਿਛਲੇ ਸਾਲਾਂ ਵਿਚ ਲੰਡਨ ਵਿਚ ਇਹ ਦੋਵੇਂ ਕੀਮਤਾਂ ਨਹੀਂ ਵਧੀਆਂ ਫਿਰ ਇਮਾਰਤਾਂ ਦੀਆਂ ਕੀਮਤਾਂ ਕਿਵੇਂ ਵਧ ਸਕਦੀਆਂ। ਆਹ ਦੋ ਕੁ ਸਾਲ ਤੋਂ ਹੀ ਇੰਗਲੈਂਡ ਵਿਚ ਵਸਤਾਂ ਦੀਆਂ ਕੀਮਤਾਂ ਵਧੀਆਂ। ਪਹਿਲਾਂ ਤਾਂ ਇਨਫਲੇਸ਼ਨ ਬਹੁਤੀ ਹੈ ਹੀ ਨਹੀਂ ਸੀ। ਸੋ ਪਿਛਲੇ ਦਹਾਕੇ ਵਿਚ ਘਰਾਂ ਦੀਆਂ ਕੀਮਤਾਂ ਬਹੁਤ ਵਧ ਗਈਆਂ ਸਨ। ਬੈਂਕਾਂ ਵਾਲਿਆਂ ਨੇ ਘਰਾਂ ਲਈ ਧੜਾ ਧੜ ਕਰਜ਼ੇ ਦੇਣੇ ਸ਼ੁਰੂ ਕਰ ਦਿੱਤੇ, ਗੌਰਮਿੰਟ ਨੇ ਤਨਖਾਹਾਂ ਵਧਾਈਆਂ ਨਾ। ਖਰਚ ਪਹਿਲਾਂ ਨਾਲੋਂ ਦੁੱਗਣੇ, ਤਨਖਾਹਾਂ ਓਨੇ ਦੀਆਂ ਓਨੀਆਂ ਸੋ ਕਰਜ਼ਿਆਂ ਦੀ ਕਿਸ਼ਤ ਕਿਥੋਂ ਮੋੜਨੀ ਸੀ। ਸੋ ਘਰਾਂ ਦੀ ਨਿਲਾਮੀ ਹੋਣ ਲੱਗ ਪਈ, ਕੋਈ ਅੱਧੀ ਕੀਮਤ 'ਤੇ ਵੀ ਘਰ ਲੈਣ ਲਈ ਤਿਆਰ ਨਹੀਂ ਸੀ, ਲੋਕ ਤਾਂ ਦਿਵਾਲੀਆ ਦਿਖਾ ਕੇ ਪਰ੍ਹੇ ਹੋ ਗਏ, ਉਹਨਾਂ ਨੂੰ ਤਾਂ ਸਰਕਾਰ ਨੇ ਉਥੇ ਦੇ ਕਾਨੂੰਨ ਮੁਤਾਬਕ ਹੋਰ ਘਰ ਦੇ ਦਿੱਤੇ ਪਰ ਬੈਂਕ ਘਾਟੇ ਵਿਚ ਚਲੇ ਗਏ ਤੇ ਬਹੁਤ ਸਾਰੇ ਬੈਂਕ ਬੰਦ ਹੋ ਗਏ। ਇਕੌਨੋਮੀ ਰਿਸੈਸ਼ਨ ਵਿਚ ਚਲੇ ਗਈ।"

ਸੱਚੀ ਗੱਲ ਤਾਂ ਇਹ ਸੀ ਕਿ ਰਿਸੈਸ਼ਨ ਬਾਰੇ ਅਰਵਿੰਦ ਦੀ ਸਮਝ ਵੀ ਬਹੁਤੀ ਡੂੰਘੀ ਨਹੀਂ ਸੀ। ਸਿਰਫ ਖਬ਼ਰਾਂ ਸੁਣ ਕੇ ਹੀ ਉਸ ਨੇ ਆਪਣੀ ਰਾਏ ਬਣਾਈ ਹੋਈ ਸੀ। ਜਿਹੜੀ ਸਥਿਤੀ ਦੀ ਉਹ ਗੱਲ ਕਰ ਰਿਹਾ ਸੀ ਇਹ ਦਸ-ਬਾਰਾਂ ਸਾਲ ਪੁਰਾਣੀ ਸਥਿਤੀ ਸੀ ਪਰ ਉਸ ਦੇ ਸਰੋਤੇ ਜਿਵੇਂ ਕੀਲੇ ਬੈਠੇ ਸਨ। ਇਕ ਪਾਸੇ ਬੈਠੇ ਕਤਰੀ ਦਾਹੜੀ ਵਾਲੇ ਸਰਦਾਰ ਜੀ ਬੋਲੇ,

"ਡਾਕਟਰ ਸਾਹਿਬ, ਮੈਂ ਇੰਗਲੈਂਡ ਵੀ ਗਿਆਂ, ਕਨੇਡਾ ਵੀ ਤੇ ਅਮਰੀਕਾ ਵੀ...।"

"ਇਹ ਡਾਕਟਰ ਜੋਗਾ ਸਿੰਘ ਜੀ ਨੇ ਤੇ ਪੰਜਾਬੀ ਸਾਹਿਤ ਦੇ ਬਹੁਤ ਵੱਡੇ ਆਲੋਚਕ ਨੇ। ਬਾਹਰ ਵਸਦੇ ਲੇਖਕਾਂ ਨੂੰ ਏਹਨਾਂ ਦੀ ਲੋੜ ਪੈਂਦੀ ਰਹਿੰਦੀ ਏ ਤੇ ਇਹ ਜਾਂਦੇ ਰਹਿੰਦੇ ਨੇ।"

ਸੁਮੀਤ ਜੋਗਾ ਸਿੰਘ ਦੀ ਗੱਲ ਕੱਟਦਾ ਉਸ ਬਾਰੇ ਦੱਸਣ ਲੱਗਿਆ। ਉਸ ਦੇ ਮਗਰ ਹੀ ਡਾਕਟਰ ਸੂਦ ਨੇ ਕਿਹਾ,

"ਇਹ ਬਹੁਤ ਵੱਡੇ ਆਲੋਚਕ ਨੇ ਪਰ ਕਿਤਾਬ ਕਦੇ ਨਹੀਂ ਪੜ੍ਹਦੇ, ਬਿਨਾਂ ਪੜ੍ਹੇ ਕਿਸੇ ਕਿਤਾਬ 'ਤੇ ਦੋ ਘੰਟੇ ਬੋਲ ਸਕਦੇ ਨੇ।"

ਸਾਰੇ ਹੱਸਣ ਲੱਗੇ। ਜੋਗਾ ਸਿੰਘ ਵੀ ਹੱਸਿਆ। ਉਸ ਤੋਂ ਬਾਅਦ ਡਾਕਟਰ ਭਜਨ ਸਿੰਘ ਬੋਲਿਆ,

"ਦੇਖੋ ਜੀ, ਪੰਜਾਬੀ ਸਾਡੀ ਮਾਂ ਬੋਲੀ ਏ, ਮਾਂ ਬੋਲੀ ਤਾਂ ਅਸੀਂ ਮਾਂ ਦੇ ਦੁੱਧ ਨਾਲ ਹੀ ਸਿੱਖ ਲੈਂਦੇ ਆਂ, ਏਹਨੂੰ ਪੜ੍ਹਣ ਦੀ ਕੀ ਲੋੜ ਏ! ਮਾਂ ਬੋਲੀ ਹਮੇਸ਼ਾ ਸੌਖੀ ਹੁੰਦੀ ਏ, ਇਹੋ ਕਾਰਨ ਏ ਕਿ ਹਰ ਸਾਲ ਪੰਜਾਬੀ ਵਿਚ ਪੀ ਐਚ. ਡੀ. ਦੀਆਂ ਡਿਗਰੀਆਂ ਦੀ ਇਕ ਬੋਰੀ ਭਰ ਕੇ ਵੰਡੀ ਜਾਂਦੀ ਏ।"

ਇਕ ਵਾਰੇ ਫਿਰ ਸਾਰੇ ਹੱਸ ਪਏ। ਅਰਵਿੰਦ ਸਮਝਦਾ ਸੀ ਕਿ ਇਹ ਉਹਨਾਂ ਦੀ ਵਿਭਾਗੀ ਟਿੱਚਰਬਾਜ਼ੀ ਸੀ। ਉਸ ਨੇ ਸਵਾਲ 'ਤੇ ਵਾਪਸ ਆਉਂਦਿਆਂ ਪੁੱਛਿਆ,

"ਡਾਕਟਰ ਜੋਗਾ ਸਿੰਘ ਜੀ, ਉਹਨਾਂ ਮੁਲਕਾਂ ਦਾ ਤੁਹਾਡਾ ਕੀ ਤਜਰਬਾ ਹੋਇਐ?"

"ਡਾਕਟਰ ਅਰਵਿੰਦ ਸਿੰਘ ਜੀ, ਮੇਰਾ ਤਜਰਬਾ ਇਹ ਹੋਇਆ ਕਿ ਉਹਨਾਂ ਮੁਲਕਾਂ ਵਿਚ ਵੀ ਬਹੁਤ ਗਰੀਬੀ ਏ। ਲੰਡਨ ਨੂੰ ਅਸੀਂ ਦੁਨੀਆਂ ਦੀ ਰਾਜਧਾਨੀ ਕਹਿਣ ਲੱਗਦੇ ਹਾਂ ਪਰ ਉਥੇ ਵੀ ਲੋਕ ਸੜਕਾਂ 'ਤੇ ਸੌਂਦੇ ਨੇ। ਅਨੇਕ ਲੋਕ ਬੇ-ਘਰੇ ਨੇ ਜਿਹਨਾਂ ਨੂੰ ਹੋਬੋ ਕਿਹਾ ਜਾਂਦਾ ਏ। ਅਮਰੀਕਾ ਵਿਚ ਲੋਕ ਕੂੜੇ ਵਾਲੇ ਡਰੱਮਾਂ ਵਿਚੋਂ ਖਾਣਾ ਲੱਭਦੇ ਫਿਰਦੇ ਨੇ। ਤੁਹਾਡੇ ਮੁਲਕ ਦੀ ਸਰਕਾਰੀ ਰਿਪ੍ਰੋਟ ਏ ਕਿ ਬਹੁਤ ਸਾਰੇ ਗਰੀਬੀ ਲਾਈਨ ਦੀ ਰੇਖਾ ਤੋਂ ਹੇਠਾਂ ਰਹਿੰਦੇ ਨੇ।"

ਅਰਵਿੰਦ ਨੂੰ ਇਸ ਸਵਾਲ ਨੇ ਜ਼ਰਾ ਕੁ ਗੁੱਸਾ ਦਵਾ ਦਿਤਾ। ਉਸ ਨੂੰ ਕਿਸੇ ਦੋਸਤ ਨੇ ਦੱਸਿਆ ਹੋਇਆ ਸੀ ਕਿ ਇੰਡੀਆ ਦਾ ਬੁਧੀਜੀਵੀ ਵਰਗ ਪੱਛਮ ਨੂੰ ਘਟਾ ਕੇ ਦਰਸਾਉਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਉਸ ਨੇ ਕਹਿਣਾ ਸ਼ੁਰੂ ਕੀਤਾ,

"ਡਾਕਟਰ ਸਾਹਿਬ, ਇਹਨਾਂ ਸਵਾਲਾਂ ਦੇ ਮੇਰੇ ਕੋਲ ਬਹੁਤ ਵਧੀਆ ਜਵਾਬ ਹੈਨ। ਪਹਿਲੀ ਗੱਲ ਤਾਂ ਇੰਡੀਆ ਤੇ ਇੰਗਲੈਂਡ ਜਾਂ ਅਮਰੀਕਾ ਜਾਂ ਯੌਰਪ ਦੀ ਗਰੀਬੀ ਲਾਈਨ ਦਾ ਬਹੁਤ ਫਰਕ ਐ। ਇੰਗਲੈਂਡ ਦੀ ਗਰੀਬੀ ਲਾਈਨ ਇਹ ਐ ਕਿ ਜੀਊਣ ਲਈ ਹਰ ਇਕ ਬੰਦੇ ਦਾ ਪੱਧਰ ਮਿਥਿਆ ਹੋਇਐ ਕਿ ਉਹਦੇ ਕੋਲ ਸਾਫ ਸੁਥਰਾ ਘਰ ਚਾਹੀਦਾ, ਉਹਦੇ ਕੋਲ ਇਕ ਠੀਕ ਜਿਹੀ ਆਮਦਨ ਚਾਹੀਦੀ ਐ, ਜੇ ਨਹੀਂ ਤਾਂ ਗੌਰਮਿੰਟ ਨੂੰ ਹਰ ਹਫਤੇ ਗੁਜ਼ਾਰੇ ਜੋਗੇ ਪੈਸੇ ਉਹਦੀ ਜੇਬ ਵਿਚ ਪਾਉਣੇ ਚਾਹੀਦੇ ਆ, ਉਸ ਨੂੰ ਵਧੀਆ ਮੈਡੀਕਲ ਸਹਾਇਤਾ ਚਾਹੀਦੀ ਐ ਤੇ ਵਧੀਆ ਟਰਾਂਸਪੋਰਟ ਦੀ ਸਹੂਲਤ ਚਾਹੀਦੀ ਐ ਤੇ ਬੱਚਿਆਂ ਨੂੰ ਸਕੂਲ। ਜਦੋਂ ਸਰਕਾਰ ਇਹ ਚੀਜ਼ਾਂ ਦੇਣ ਵਿਚ ਅਸਮਰਥ ਰਹਿੰਦੀ ਐ ਤਾਂ ਵਿਰੋਧੀ ਪਾਰਟੀ ਰੌਲਾ ਪਾਉਣ ਲੱਗਦੀ ਐ ਕਿ ਏਨੇ ਬੰਦੇ ਇਸ ਸਹੂਲਤ ਤੋਂ ਵਾਂਝੇ ਆ ਪਰ ਇਹ ਗਿਣਤੀ ਬਹੁਤ ਛੋਟੀ ਐ। ਇਸ ਦੇ ਮੁਕਾਬਲੇ ਇੰਡੀਆ ਦੀ ਗਰੀਬੀ ਰੇਖਾ ਕੀ ਐ ਤੁਸੀਂ ਜਾਣਦੇ ਹੀ ਓ? ਮੈਂ ਇੰਗਲੈਂਡ ਜਾਂ ਉਸ ਮੁਲਕ ਨੂੰ ਪ੍ਰੋਟੈਕਟ ਨਹੀਂ ਕਰ ਰਿਹਾ, ਸਿਰਫ ਸਥਿਤੀ ਦੀ ਜਾਣਕਾਰੀ ਦੇ ਰਿਹਾਂ।"

"ਸਾਡੇ ਤਾਂ ਇਹਨਾਂ ਨੇ ਪੈਂਤੀ ਰੁਪਏ ਗਰੀਬੀ ਰੇਖਾ ਦੇ ਤੈਅ ਕੀਤੇ ਸੀ, ਏਨੇ ਦੀ ਤਾਂ ਪਾਣੀ ਦੀ ਬੋਤਲ ਨਹੀਂ ਆਉਂਦੀ।"

ਵਿਚੋਂ ਕੋਈ ਕਹਿਣ ਲੱਗਿਆ ਪਰ ਅਰਵਿੰਦ ਦੀ ਗੱਲ ਹਾਲੇ ਖਤਮ ਨਹੀਂ ਸੀ ਹੋਈ। ਉਸ ਨੇ ਆਪਣੀ ਗੱਲ ਅੱਗੇ ਤੋਰਦਿਆ ਆਖਿਆ,

"ਇਹ ਜਿਹੜੇ ਹੋਬੋ ਜਾਂ ਹੋਰ ਬੇਘਰੇ ਆ, ਇਹ ਵੀ ਗਿਣਤੀ ਵਿਚ ਬਹੁਤੇ ਨਹੀਂ। ਪੂਰੇ ਲੰਡਨ ਵਿਚ ਪੰਜ-ਸੱਤ ਸੌ ਜਾਂ ਹਜ਼ਾਰ ਹੋਣਗੇ। ਇਹਨਾਂ ਦੀ ਸਮੱਸਿਆ ਆਰਥਿਕ ਘੱਟ ਤੇ ਦਿਮਾਗੀ ਜ਼ਿਆਦਾ ਹੁੰਦੀ ਐ। ਜਿਹੜੇ ਪੈਸੇ ਸਰਕਾਰ ਇਹਨਾਂ ਨੂੰ ਦਿੰਦੀ ਐ ਉਹਦੀ ਸ਼ਰਾਬ ਪੀ ਲੈਂਦੇ ਆ।"

ਉਸ ਦੀ ਗੱਲ ਸੁਣਕੇ ਜੋਗਾ ਸਿੰਘ ਬੋਲਿਆ,

"ਇਹ ਗੱਲ ਤਾਂ ਸ਼ਾਇਦ ਤੁਹਾਡੀ ਠੀਕ ਏ, ਇਹਨਾਂ ਵਿਚ ਬਹੁਤੇ ਸ਼ਰਾਬੀ ਹੀ ਹੁੰਦੇ ਨੇ।"

ਇਸ ਸਵਾਲ ਨੇ ਅਰਵਿੰਦ ਨੂੰ ਜ਼ਰਾ ਕੁ ਖਿਝਾ ਦਿਤਾ ਸੀ। ਉਸ ਸੋਚਣ ਲੱਗਿਆ ਕਿ ਕਿਉਂ ਨਾ ਹੁਣ ਇਹਨਾਂ ਤੋਂ ਵੀ ਸਵਾਲ ਪੁੱਛੇ ਜਾਣ। ਇਹ ਸਮਾਜ ਦੀ ਕਰੀਮੀ-ਲੇਅਰ ਦੇ ਲੋਕ ਸਨ, ਸ਼ਾਇਦ ਉਸ ਨੂੰ ਕੋਈ ਢੰਗ ਦਾ ਜਵਾਬ ਮਿਲ ਸਕੇ। ਇਸੇ ਦੁਰਮਿਆਨ ਦੋ ਕੁ ਡਾਕਟਰ ਆਪਣੇ ਮੁਬਾਈਲਾਂ ਤੋਂ ਏਧਰ-ਓਧਰ ਫੋਨ ਕਰਨ ਲੱਗੇ। ਡਾਕਟਰ ਭਜਨ ਸਿੰਘ ਬੋਲਿਆ,

"ਤੁਸੀਂ ਇਹ ਦੱਸੋ ਕਿ ਇੰਗਲੈਂਡ ਦੀ ਇਕੌਨੋਮੀ 'ਤੇ ਕਿਹੜੀ ਥਿਊਰੀ ਲਾਗੂ ਹੁੰਦੀ ਏ, ਜਾਂ ਸਰਕਾਰ ਕਿਹੜੀ ਇਕਨੌਮਿਕ ਥਿਊਰੀ ਨਾਲ ਇਕੌਨੋਮੀ ਚਲਾਉਂਦੀ ਏ?"

"ਡਾਕਟਰ ਸਾਹਿਬ, ਤੁਹਾਨੂੰ ਪਹਿਲਾਂ ਵੀ ਕਿਹਾ ਸੀ ਕਿ ਮੈਂ ਕੋਈ ਆਰਥ-ਸਾਸ਼ਤਰੀ ਨਹੀਂ ਆਂ ਫਿਰ ਵੀ ਆਪਣੀ ਸਮਝ ਮੁਤਾਬਕ ਦੱਸਦਾਂ। ਦੇਖੋ ਕਿਸੇ ਵੀ ਇਕੌਨੋਮੀ 'ਤੇ ਕਿਸੇ ਥਿਊਰੀ ਨੂੰ ਜਿਉਂ ਦਾ ਤਿਉਂ ਲਾਗੂ ਨਹੀਂ ਕੀਤਾ ਜਾ ਸਕਦਾ। ਹਰ ਪਾਰਟੀ ਦੀ ਆਪਣੀ ਪੌਲਿਸੀ ਹੁੰਦੀ ਐ। ਓਸ ਮੁਲਕ ਦੀ ਲੇਬਰ ਪਾਰਟੀ ਸਰਕਾਰੀ ਸਰਕਾਰੀ ਸੈਕਟਰ ਵਿਚ ਯਕੀਨ ਰੱਖਦੀ ਸੀ ਤੇ ਟੋਰੀ ਪਾਰਟੀ ਨਿੱਜੀ ਸੈਕਟਰ ਵਿਚ ਪਰ ਹੁਣ ਹਾਲਾਤ ਬਦਲ ਗਏ, ਦੋਨਾਂ ਪਾਰਟੀਆਂ ਦੀਆਂ ਪੌਲਸੀਆਂ ਵਿਚ ਬਹੁਤਾ ਫਰਕ ਨਹੀਂ। ਜਿਵੇਂ ਤੁਹਾਨੂੰ ਪਤਾ ਹੀ ਐ ਕਿ ਸਮਾਜ ਦੇ ਤਿੰਨ ਮੁੱਖ ਵਰਗ ਗਿਣੇ ਜਾਂਦੇ ਆ, ਉਤਮ ਵਰਗ, ਮੱਧ ਵਰਗ ਤੇ ਹੇਠਲਾ ਵਰਗ। ਕੈਪੀਟਲਿਜ਼ਮ ਮੱਧਲੇ ਵਰਗ 'ਤੇ ਜ਼ੋਰ ਦਿੰਦਾ ਐ। ਉਤਮ ਵਰਗ ਤਾਂ ਹੈ ਹੀ, ਜਿਹੜਾ ਮੱਧ ਵਰਗ ਐ ਉਹਨੂੰ ਫੈਲਾਉਣ ਵਿਚ ਹੀ ਕੈਪੀਟਲਿਜ਼ਮ ਕੰਮ ਕਰਦਾ ਰਹਿੰਦੈ। ਜ਼ਰਾ ਧਿਆਨ ਨਾਲ ਦੁਆਲੇ ਨਜ਼ਰ ਮਾਰੋ, ਜਿਸ ਮੁਲਕ ਦਾ ਮੱਧ ਵਰਗ ਜਿੰਨਾ ਵੱਡਾ ਹੋਵੇਗਾ ਉਹ ਮੁਲਕ ਓਨਾ ਹੀ ਅਮੀਰ ਹੋਵੇਗਾ। ਇੰਗਲੈਂਡ, ਅਮਰੀਕਾ ਦਾ ਮੱਧ ਵਰਗ ਬਹੁਤ ਵੱਡਾ ਐ, ਹੇਠਲਾ ਵਰਗ ਸਮੁੱਚੇ ਸਮਾਜ ਦਾ ਬਹੁਤ ਛੋਟਾ ਹਿੱਸਾ ਐ। ਹੁਣ ਇੰਡੀਆ ਵੱਲ ਹੀ ਦੇਖ ਲਓ, ਜਿਵੇਂ ਜਿਵੇਂ ਇਸ ਦਾ ਮੱਧ ਵਰਗ ਵੱਡਾ ਹੋ ਰਿਹੈ ਇਹ ਅਮੀਰ ਗਿਣਿਆਂ ਜਾਣ ਲੱਗਿਐ। ਹੁਣ ਤੁਹਾਡੀਆਂ ਤਨਖਾਹਾਂ ਲੱਖਾਂ ਵਿਚ ਐ, ਅੱਜ ਤੋਂ ਵੀਹ ਸਾਲ ਪਹਿਲਾਂ ਤੁਹਾਡੀ ਤਨਖਾਹ ਨਾਲ ਗੁਜ਼ਾਰਾ ਮਸਾਂ ਹੁੰਦਾ ਸੀ। ਸਕੂਲ ਮਾਸਟਰ ਸਾਈਕਲ ਨਹੀਂ ਸੀ ਖਰੀਦ ਸਕਦਾ। ਹੁਣ ਮੋਟਰ ਸਾਈਕਲ ਤੇ ਸ਼ਾਇਦ ਕਾਰ ਵੀ ਰੱਖ ਸਕਦਾ ਹੋਵੇ। ਇੰਡੀਆ ਦੀ ਸਰਕਾਰ ਜਾਣ-ਬੁੱਝ ਕੇ ਮੱਧ ਵਰਗ ਵਲ ਧਿਆਨ ਦੇ ਰਹੀ ਐ। ਆਹ ਜਿਹੜੇ ਵੱਡੇ ਵੱਡੇ ਮਾਅਲ ਬਣੇ ਆ ਸਾਰੇ ਮਿਡਲ ਕਲਾਸ ਨੂੰ ਸਰਵ ਕਰ ਰਹੇ ਆ। ਹੋਰ ਤੇ ਹੋਰ ਉਪਰਲੀਆਂ ਕਲਾਸਾਂ ਵਿਚ ਫਿਲਮਾਂ ਹੋਰ ਥੀਏਟਰਾਂ ਵਿਚ ਰਿਲੀਜ਼ ਹੁੰਦੀਆ ਤੇ ਹੇਠਲੇ ਵਰਗਾਂ ਲਈ ਹੋਰ ਥੀਏਟਰਾਂ ਵਿਚ। ਹੁਣ ਤਾਂ ਫਿਲਮਾਂ ਦੇਖਣ ਵਾਲਿਆਂ ਦੇ ਵਰਗ ਨੂੰ ਮੂਹਰੇ ਰੱਖ ਕੇ ਬਣਾਈਆਂ ਜਾਂਦੀਆਂ। ਮੱਧ ਵਰਗ ਲਈ ਹੋਰ, ਹੇਠਲੇ ਵਰਗ ਲਈ ਹੋਰ।"

ਅਰਵਿੰਦ ਦੇ ਗੱਲ ਕਰਦਿਆਂ ਕੁਝ ਹੋਰ ਲੋਕ ਆ ਗਏ। ਦੋ ਕੁ ਨੇ ਕੈਮਰੇ ਵੀ ਚੁੱਕੇ ਹੋਏ ਸਨ। ਡਾਕਟਰ ਸੂਦ ਸੁਮੀਤ ਨੂੰ ਬੋਲਿਆ,

"ਸਹੋਤਾ ਸਾਹਿਬ, ਕੁਰਸੀਆਂ ਹੋਰ ਮੰਗਵਾਓ, ਗੱਲਾਂ ਬਹੁਤ ਵਧੀਆ ਹੋ ਰਹੀਆਂ ਸਨ, ਮੈਂ ਕਿਹਾ ਰਿਪੋਟਿੰਗ ਹੀ ਹੋ ਜਾਏ।"

ਕੁਰਸੀਆਂ ਲੱਗ ਗਈਆਂ। ਸਭ ਫਿਰ ਬੈਠ ਗਏ। ਇਕ ਇਕ ਪੈੱਗ ਹੋਰ ਪਾਇਆ ਗਿਆ। ਅਰਵਿੰਦ ਨੇ ਹੋਰ ਪੀਣ ਤੋਂ ਨਾਂਹ ਕਰ ਦਿੱਤੀ ਤੇ ਕਿਸੇ ਨੇ ਉਸ ਨੂੰ ਮਜ਼ਬੂਰ ਵੀ ਨਾ ਕੀਤਾ। ਡਾਕਟਰ ਸੂਦ ਨੇ ਕਿਹਾ,

"ਡਾਕਟਰ ਅਰਵਿੰਦ ਸਿੰਘ ਜੀ, ਅਸੀਂ ਤੁਹਾਡੀਆਂ ਗੱਲਾਂ ਤੋਂ ਬਹੁਤ ਖੁਸ਼ ਹੋ ਰਹੇ ਆਂ, ਇਕ ਸਵਾਲ ਮੇਰੇ ਮਨ ਵਿਚ ਬਹੁਤ ਦਿਨਾਂ ਤੋਂ ਉਠ ਰਿਹਾ ਏ। ਸਾਡਾ ਰੁਪੱਈਆ ਦਿਨ-ਬ-ਦਿਨ ਡਾਊਨ ਜਾ ਰਿਹਾ ਏ, ਅਸੀਂ ਕਹਿ ਰਹੇ ਆਂ ਕਿ ਸਾਡੀ ਨੈਸ਼ਨਲ ਗਰੋਥ ਬਹੁਤ ਏ ਪਰ ਇੰਗਲੈਂਡ ਦੀ ਗਰੋਥ ਰੇਟ ਬਹੁਤ ਥੋੜੀ ਏ ਫਿਰ ਵੀ ਪੌਂਡ ਸਟਰੋਂਗ ਏ ਇਹ ਕਿਉਂ?"

"ਗੱਲ ਫਿਰ ਉਹੀ ਆ ਗਈ ਕਿ ਮੈਂ ਅਰਥ ਸਾਸ਼ਤਰੀ ਨਹੀਂ ਆਂ, ਮੈਂ ਇਕ ਲੇਅ-ਮੈਨ ਆਂ, ਆਮ ਸ਼ਹਿਰੀ। ਮੈਂ ਇਸ ਦਾ ਜਵਾਬ ਆਪਣੀ ਸਮਝ ਮੁਜਬ ਦੇ ਦਿੰਨਾਂ। ਦੇਖੋ, ਇਹ ਤਾਂ ਤੁਸੀਂ ਸਾਰੇ ਸਮਝਦੇ ਹੀ ਔ ਕਿ ਕਰੰਸੀ ਦੀ ਕੀਮਤ ਕਿਵੇਂ ਤੈਅ ਕੀਤੀ ਜਾਂਦੀ ਐ, ਨੋਟ ਕਿਵੇਂ ਛਾਪੇ ਜਾਂਦੇ ਆ। ਇਸ ਪਿੱਛੇ ਕਿਸੇ ਦੇਸ਼ ਦੇ ਸੋਨੇ ਦਾ ਭੰਡਾਰ ਹੁੰਦਾ ਐ। ਜ਼ਿਆਦਾ ਨੋਟ ਛਾਪਣੇ ਖਤਰਨਾਕ ਸਿੱਧ ਹੋ ਸਕਦੇ ਨੇ। ਮੈਂ ਬਹੁਤੀਆਂ ਗੱਲਾਂ ਨਾ ਕਹਿ ਕੇ ਸਿਰਫ ਏਨਾ ਕਹਾਂਗਾ ਕਿ ਇੰਗਲੈਂਡ ਕੋਲ ਸੋਨੇ ਦਾ ਬਹੁਤ ਵੱਡਾ ਭੰਡਾਰ ਐ ਜਿਹੜਾ ਪੌਂਡ ਨੂੰ ਹੇਠਾਂ ਨਹੀਂ ਜਾਣ ਦਿੰਦਾ। ਦੂਜੇ ਗੱਲ ਨੈਸ਼ਨਲ ਗਰੋਥ ਰੇਟ ਵਾਲੀ ਐ ਇਹ ਏਦਾਂ ਐ ਕਿ ਇੰਡੀਆ ਵਾਲੇ ਨਕਲੀ ਗਰੋਥ ਰੇਟ ਦੱਸੀ ਜਾ ਰਹੇ ਆ, ਇਹ ਚਾਰ-ਪੰਜ ਪਰਸੈਂਟ ਹੀ ਐ ਤੇ ਇਹ ਅੱਠ ਨੌਂ ਕਹੀ ਜਾ ਰਹੇ ਆ। ਦੇਸ਼ ਦੀ ਡਿਗਦੀ ਇਕੌਨਮੀ ਦਾ ਕਾਰਨ ਇਥੋਂ ਦੀ ਕੁਰੱਪਸ਼ਨ ਐ। ਬਾਹਰਲੇ ਲੋਕ ਪੈਸਾ ਖਰਚਣ ਤੋਂ ਡਰਦੇ ਆ, ਜਿਹਨਾਂ ਨੇ ਖਰਚੇ ਵੀ ਆ ਉਹ ਵਾਪਸ ਲੈ ਕੇ ਜਾ ਰਹੇ ਆ। ਕੁਰੱਪਟ ਲੀਡਰ ਮੁਨਾਫੇ ਵਿਚੋਂ ਹਿੱਸਾ ਚਾਹੁੰਦੇ ਆ, ਸੋ ਬਾਹਰਲੀਆਂ ਕੰਪਨੀਆਂ ਨਿਵੇਸ਼ ਕਿਵੇਂ ਕਰਨ?"

ਅਰਵਿੰਦ ਦੇ ਇਸ ਜਵਾਬ ਨੂੰ ਲੈ ਕੇ ਰੌਲਾ ਜਿਹਾ ਪੈ ਗਿਆ। ਸਾਰੇ ਕੁਰੱਪਸ਼ਨ ਨੂੰ ਭੰਡਦੇ ਆਪੋ ਆਪਣੀ ਰਾਏ ਦੇਣ ਲੱਗੇ। ਅਰਵਿੰਦ ਨੇ ਸ਼ੁਕਰ ਮਨਾਇਆ ਕਿ ਉਹਨਾਂ ਦਾ ਧਿਆਨ ਉਸ ਵਲੋਂ ਹਟ ਕੇ ਹੋਰ ਪਾਸੇ ਪੈ ਗਿਆ ਸੀ। ਹੁਣ ਉਹਨਾਂ ਨੂੰ ਬੈਠਿਆਂ ਨੂੰ ਕਾਫੀ ਦੇਰ ਹੋ ਗਈ ਸੀ। ਰਾਮੂ ਖਾਣੇ ਲਈ ਦੋ ਚੱਕਰ ਮਾਰ ਗਿਆ ਸੀ। ਇਕ ਰਿਪੋਟਰ ਦਿਸਦਾ ਬੰਦਾ ਅਰਵਿੰਦ ਕੋਲ ਆ ਕੇ ਪੁੱਛਣ ਲੱਗਿਆ,

"ਡਾਕਟਰ ਸਾਹਿਬ, ਤੁਹਾਡਾ ਜਨਮ ਕਿਥੇ ਹੋਇਆ?"

"ਓ ਯਾਰ ਨਾ ਮੈਂ ਕੋਈ ਡਾਕਟਰ ਆਂ ਤੇ ਨਾ ਕੋਈ ਲੀਡਰ, ਇਹ ਕੋਈ ਲੈਕਚਰ ਨਹੀਂ, ਇਹ ਤਾਂ ਦੋਸਤਾਨਾ ਗੱਲਬਾਤ ਐ।"

ਅਰਵਿੰਦ ਨੂੰ ਅਜੀਬ ਸਥਿਤੀ ਵਿਚ ਦੇਖ ਕੇ ਸੁਮੀਤ ਨੇ ਦਖਲ ਦਿੰਦਿਆਂ ਆਖਿਆ,

"ਹਾਂ, ਓਦਾਂ ਯਾਰ ਰਿਪੋਟਿੰਗ ਕਰ ਦਿਓ, ਬਹੁਤੀ ਬਰੀਕੀ ਵਿਚ ਪੈਣ ਦੀ ਲੋੜ ਨਹੀਂ, ਇਹਨਾਂ ਬਾਰੇ ਜੋ ਪੁੱਛਣਾ ਮੈਨੂੰ ਪੁੱਛ ਲਿਓ।"

ਜਦ ਤਕ ਰਾਮੂ ਨੇ ਉਹਨਾਂ ਸਾਹਮਣੇ ਪਈਆਂ ਜੂਠੀਆਂ ਪਲੇਟਾਂ ਚੁੱਕ ਕੇ ਨਵੀਆਂ ਰੱਖਣੀਆਂ ਸ਼ੁਰੂ ਕਰ ਦਿਤੀਆਂ, ਖਾਣਾ ਆ ਰਿਹਾ ਸੀ। ਅਰਵਿੰਦ ਨੇ ਆਪਣੇ ਫੋਨ 'ਚੁੱਪ' 'ਤੇ ਕੀਤੇ ਹੋਏ ਸਨ, ਦੇਖੇ ਕਿ ਕਈ ਕਾਲਾਂ ਆਈਆਂ ਹੋਈਆਂ ਸਨ। ਇਕ ਮੰਨਤ ਦੀ, ਇਕ ਵੇਲਾਂ ਦੀ, ਇਕ ਗੁਪਾਲੇ ਦੀ ਵੀ ਸੀ। ਆਈਫੋਨ 'ਤੇ ਹਾਰਵੀ ਦੇ ਸੁਨੇਹੇ ਵੀ ਪੜ੍ਹਨ ਨੂੰ ਮਿਲ ਰਹੇ ਸਨ। ਖਾਣਾ ਖਾਂਦਿਆਂ ਵੀ ਗੱਲਾਂ ਚਲਦੀਆਂ ਹੀ ਰਹੀਆਂ। ਅਰਵਿੰਦ ਦੇ ਸਵਾਲ ਉਸ ਦੇ ਮਨ ਵਿਚ ਹੀ ਰਹਿ ਰਹੇ ਸਨ। ਉਸ ਦਾ ਦਿਲ ਕੀਤਾ ਕਿ ਘੱਟੋ-ਘੱਟ ਇਕ ਸਵਾਲ ਤਾਂ ਪੁੱਛ ਲਵੇ। ਉਸ ਨੇ ਡਾਕਟਰ ਸੂਦ ਨੂੰ ਮੁਖਾਤਿਬ ਹੁੰਦਿਆਂ ਕਿਹਾ,

"ਡਾਕਟਰ ਸਾਹਿਬ, ਮੈਂ ਤੁਹਾਨੂੰ ਸਭ ਨੂੰ ਇਕ ਸਵਾਲ ਕਰਨਾ ਜੇ ਜਵਾਬ ਦੇਣਾ ਚਾਹੋਂ।"

"ਬੋਲੋ ਜੀ।"

ਉਸ ਨੇ ਬਹੁਤ ਪਿਆਰ ਨਾਲ ਕਿਹਾ ਤੇ ਸਾਰਿਆਂ ਨੂੰ ਚੁੱਪ ਕਰਵਾਉਂਦਿਆ ਆਖਿਆ,

"ਡਾਕਟਰ ਅਰਵਿੰਦ ਸਿੰਘ ਜੀ ਤੁਹਾਨੂੰ ਸਭ ਨੂੰ ਇਕ ਸਵਾਲ ਪੁੱਛਣਾ ਚਾਹੁੰਦੇ ਨੇ, ਜ਼ਰਾ ਸੁਣ ਕੇ।"

ਅਰਵਿੰਦ ਨੇ ਸਭ ਵੱਲ ਦੇਖਿਆ ਕਿ ਸਭ ਕੰਨ ਉਹਦੀ ਤਰਫ ਹੀ ਸਨ। ਉਹਨੇ ਪੁੱਛਿਆ,

"ਯੂ ਨੋਅ, ਤੁਸੀਂ ਆਪਣੇ ਬੱਚਿਆਂ ਬਾਰੇ ਜਾਂ ਅੱਜ ਦੇ ਨੌਜਵਾਨ ਮੁੰਡੇ-ਕੁੜੀਆਂ ਬਾਰੇ ਕੀ ਸੋਚਦੇ ਓ?"

ਉਹ ਸਾਰੇ ਹੀ ਇਕ ਦੂਜੇ ਵੱਲ ਹੈਰਾਨ ਹੁੰਦੇ ਦੇਖਣ ਲੱਗੇ। ਉਹ ਸੋਚ ਰਹੇ ਸਨ ਕਿ ਇਸ ਵਲੈਤੀਏ ਨੇ ਕਿਹੋ ਜਿਹਾ ਫਜ਼ੂਲ ਸਵਾਲ ਪੁੱਛਿਆ ਸੀ। ਸਭ ਤੋਂ ਪਹਿਲਾਂ ਡਾਕਟਰ ਭਜਨ ਸਿੰਘ ਬੋਲਿਆ,

"ਪਿਛਲੇ ਵੀਹ-ਪੰਝੀ ਸਾਲ ਤੋਂ ਬੱਚੇ ਜੰਮਣੇ ਬੰਦ ਹੋ ਗਏ ਜੀ, ਹੁਣ ਬੱਚੇ ਨਹੀਂ ਕੰਪਿਊਟਰ ਜੰਮਦੇ ਨੇ।"

ਉਸ ਦੀ ਗੱਲ 'ਤੇ ਸਾਰੇ ਹੱਸਣ ਲੱਗੇ। ਹਾਸਾ ਜ਼ਰਾ ਕੁ ਘਟਿਆ ਤਾਂ ਕਿਸੇ ਨੇ ਆਖਿਆ,

"ਹੁਣ ਬੱਚੇ ਨਹੀਂ ਜੀ, ਹੁਣ ਪਿਓ ਜੰਮਦੇ ਨੇ।"

## ਪੰਦਰਾਂ

ਸਵੇਰ ਸਾਝਰੇ ਉਠ ਕੇ ਉਸ ਨੇ ਲੈਪਟੌਪ ਔਨ ਕੀਤਾ ਤਾਂ ਕੋਈ ਸਰਵਿਸ ਨਹੀਂ ਸੀ ਆ ਰਹੀ। ਉਸ ਨੂੰ ਯਾਦ ਆਇਆ ਕਿ ਇਥੇ ਵਾਇਰਲੈੱਸ ਕੁਨੈਕਸ਼ਨ ਨਹੀਂ ਸੀ। ਰਾਤ ਹੀ ਸੁਮੀਤ ਨੇ ਦੱਸ ਦਿੱਤਾ ਸੀ ਕਿ ਉਸ ਨੇ ਮੁੰਡਿਆਂ 'ਤੇ ਨਜ਼ਰ ਰੱਖਣ ਲਈ ਇਕ ਕਮਰੇ ਵਿਚ ਹੀ ਕੰਪਿਊਟਰ ਰੱਖਿਆ ਹੋਇਆ ਸੀ। ਜਿੰਨਾ ਚਿਰ ਮੁੰਡੇ ਕੰਪਿਊਟਰ 'ਤੇ ਹੁੰਦੇ, ਉਹਨਾਂ ਦੀ ਮਾਂ ਉਹਨਾਂ ਦੇ ਕੋਲ ਬੈਠੀ ਰਹਿੰਦੀ ਸੀ। ਉਹ ਸੋਚਣ ਲੱਗਿਆ ਕਿ ਅਜੀਬ ਸੋਚ ਸੀ ਇਹਨਾਂ ਮਾਪਿਆਂ ਦੀ। ਜਿਸ ਕਮਰੇ ਵਿਚ ਇੰਟਰਨੈੱਟ ਦਾ ਕੁਨੈਕਸ਼ਨ ਸੀ ਉਹ ਸੁਮੀਤ ਤੇ ਹਰਪ੍ਰੀਤ ਦਾ ਬੈੱਡਰੂਮ ਸੀ। ਹੁਣ ਉਸ ਨੂੰ ਉਹਨਾਂ ਦੇ ਜਾਗਣ ਦੀ ਉਡੀਕ ਕਰਨੀ ਪੈਣੀ ਸੀ। ਇੰਟਰਨੈੱਟ ਦੀ ਹੁਣ ਉਸ ਨੂੰ ਏਨੀ ਆਦਤ ਹੋ ਚੁੱਕੀ ਸੀ ਇਕ ਇਸ ਤੋਂ ਬਿਨਾਂ ਉਹ ਬੇਚੈਨ ਹੋਣ ਲੱਗਦਾ। ਉਸ ਦਾ ਮਨ ਇਸ ਲਈ ਵੀ ਕਾਹਲਾ ਪੈ ਰਿਹਾ ਸੀ ਕਿ 'ਇੰਡੀਆ ਅਬ੍ਰੌਡ' ਉਪਰ ਉਹ ਜਾ ਨਹੀਂ ਸੀ ਸਕਿਆ, ਪਤਾ ਨਹੀਂ ਕਿੰਨੀਆਂ ਕੁ ਗਲਤ ਪੋਸਟਾਂ ਜਮਾਂ ਹੋ ਗਈਆਂ ਹੋਣਗੀਆਂ। ਗਰੁੱਪ ਦੀ ਖੂਬਸੂਰਤੀ ਇਸੇ ਗੱਲ ਵਿਚ ਸੀ ਕਿ ਸਿਰਫ ਕੰਮ ਦੀਆਂ ਤਸਵੀਰਾਂ ਜਾਂ ਪੋਸਟਾਂ ਉਸ ਵਿਚ ਹੋਣੀਆਂ ਚਾਹੀਦੀਆਂ ਸਨ। ਫਜ਼ੂਲ ਤਸਵੀਰਾਂ ਜਾਂ ਵਾਧੂ ਜਿਹੀਆਂ ਪੋਸਟਾਂ ਮੈਂਬਰਾਂ ਦੀ ਦਿਲਚਸਪੀ ਵਿਗਾੜ ਸਕਦੀਆਂ ਸਨ। ਉਹ ਵਕਤ ਲੰਘਾਉਣ ਲਈ ਸੁਮੀਤ ਵਾਲੀ ਕਿਤਾਬ ਪੜ੍ਹਨ ਲੱਗਿਆ ਪਰ ਉਸ ਦਾ ਮਨ ਕਿਤਾਬ ਵਿਚ ਖੁੱਭ ਨਾ ਸਕਿਆ। ਉਹ ਲੈਪਟੌਪ ਤੇ ਆਪਣੇ ਲਿਖੇ ਹੋਏ ਕਿਸੇ ਆਰਟੀਕਲ ਨੂੰ ਸੋਧਣ ਲੱਗ ਪਿਆ। ਜਦ ਤਕ ਘਰ ਵਿਚ ਖੜਕਾ ਜਿਹਾ ਹੋਣਾ ਸ਼ੁਰੂ ਹੋ ਗਿਆ। ਇਸ ਦਾ ਮਤਲਬ ਕਿ ਕੋਈ ਉਠ ਖੜਿਆ ਸੀ। ਉਸ ਨੂੰ ਯਾਦ ਆਇਆ ਕਿ ਸੁਮੀਤ ਨੇ ਅੱਜ ਵਾਇਵਾ ਲੈਣ ਜੰਮੂ ਜਾਣਾ ਸੀ। ਉਹ ਉਸ ਨੂੰ ਵੀ ਨਾਲ ਲੈ ਕੇ ਜਾਣਾ ਚਾਹੁੰਦਾ ਸੀ ਪਰ ਅਰਵਿੰਦ ਲਈ ਇਹ ਵਕਤ ਖਰਾਬ ਕਰਨ ਵਾਲੀ ਗੱਲ ਸੀ। ਅੱਜ ਉਹ ਹਰਮੰਦਿਰ ਸਾਹਿਬ ਜਾਣਾ ਚਾਹੁੰਦਾ ਸੀ। ਕੁਝ ਮਿੰਟਾਂ ਬਾਅਦ ਸੁਮੀਤ ਆਪਣੀ ਦਾਹੜੀ ਨੂੰ ਠਾਠੀ ਨਾਲ ਬੈਠਾਲਦਾ ਹੋਇਆ ਉਸ ਦੇ ਕਮਰੇ ਵਿਚ ਆ ਗਿਆ ਤੇ ਬੋਲਿਆ,

"ਚੱਲ ਹੋ ਜਾ ਤਿਆਰ, ਜੰਮੂ ਚਲਦੇ ਆਂ, ਸ਼ਾਮ ਨੂੰ ਮੁੜ ਹੀ ਆਉਣਾ ਏਂ।"

"ਯੂ ਨੋਅ, ਮੇਰੇ ਕੋਲ ਏਨਾ ਵਕਤ ਕਿਥੇ ਆ! ਮੈਂ ਤਾਂ ਜਲਦੀ ਤੋਂ ਜਲਦੀ ਅਗਲੀ ਮੰਜ਼ਿਲ ਵਲ ਜਾਣੈਂ। ਕੱਲ ਡਰਾਈਵਰ ਦਾ ਫੋਨ ਵੀ ਆਇਆ ਸੀ ਕਿ ਕਦ ਆਵਾਂ।"

"ਉਹਨੂੰ ਕਹਿ ਕਿ ਹੁਣ ਦੋ ਕੁ ਦਿਨ ਠਹਿਰ ਕੇ ਹੀ ਆਵੇ। ਕੱਲ ਨੂੰ ਤਾਂ ਯੂਨੀਵਰਸਟੀ ਵਿਚ ਬੱਚਿਆਂ ਨਾਲ ਤੇਰਾ ਰੂਬਰੂ ਏ ਤੇ ਪਰਸੋਂ ਆਪਾਂ ਵਾਹਗੇ ਚੱਲਾਂਗੇ ਤੇ ਉਸ ਤੋਂ ਬਾਅਦ ਕਿਸੇ ਦਿਨ ਚਲੇ ਜਾਣਾ। ਹਾਲੇ ਤੈਨੂੰ ਅੰਮ੍ਰਿਤਸਰ ਦੇ ਕੁਲਚੇ ਖਵਾਉਣੇ ਨੇ, ਭਰਜਾਈ ਲਈ ਵੜੀਆਂ ਭੇਜਣੀਆਂ ਨੇ।"

ਜਦ ਤਕ ਰਾਣੀ ਚਾਹ ਦੇ ਦੋ ਕੱਪ ਤੇ ਨਾਲ ਪਾਣੀ ਦੇ ਦੋ ਗਲਾਸ ਲੈ ਆਈ। ਸੁਮੀਤ ਨੇ ਕੁਝ ਬਿਸਕੁਟ ਵੀ ਮੰਗਵਾ ਲਏ। ਅਰਵਿੰਦ ਨੇ ਪੁੱਛਿਆ,

"ਇਹ ਵਾਇਵੇ ਦਾ ਕੀ ਸਿਸਟਮ ਹੁੰਦਾ। ਸਟੂਡੈਂਟ ਦੀ ਇੰਟਰਵਿਊ?"

"ਬਸ ਇਵੇਂ ਹੀ ਸਮਝ ਲੈ। ਇਕ ਮੈਂ ਆਂ ਤੇ ਇਕ ਦੋਸਤ ਦਿੱਲੀ ਤੋਂ ਬਾਈ ਏਅਰ ਆ ਰਿਹਾ ਏ। ਆਪਣੇ ਦੋਸਤ ਦਾ ਹੀ ਸਟੂਡੈਂਟ ਏ ਉਹ ਬੱਚਾ। ਇਵੇਂ ਅਸੀਂ ਐਡਜਸਟ ਕਰ ਲਈਦਾ ਏ। ਮੇਰੇ ਸਟੂਡੈਂਟ ਦੇ ਵਾਇਵੇ ਲਈ ਇਵੇਂ ਦੋਸਤਾਂ ਦਾ ਇੰਤਜ਼ਾਮ ਹੀ ਕਰ ਲਈਦਾ ਏ।"

"ਇਵੇਂ ਲੈਣ ਦੇਣ ਜਿਹਾ ਹੋ ਜਾਂਦੈ।"

"ਇਵੇਂ ਹੀ ਸਮਝ ਲੈ ਭਾਊ ਪਰ ਇਹ ਏਨਾ ਸੌਖਾ ਨਹੀਂ। ਪਹਿਲੀ ਗੱਲ ਤਾਂ ਹਿਸਟਰੀ ਦੀ ਪੀ ਐਚ. ਡੀ. ਦੇ ਬਹੁਤੇ ਸਟੂਡੈਂਟ ਨਹੀਂ ਹੁੰਦੇ, ਜਿਹੜੇ ਹੁੰਦੇ ਨੇ ਉਹਨਾਂ ਨੂੰ ਸਹੀ ਮਿਹਨਤ ਕਰਨੀ ਪੈਂਦੀ ਏ। ਹਾਂ ਪੰਜਾਬੀ-ਹਿੰਦੀ ਵਿਚ ਕਦੇ ਕਦੇ ਇਵੇਂ ਚੱਲ ਜਾਂਦਾ ਏ। ਅਸਲ ਵਿਚ ਤਾਂ ਸਹੀ ਬੱਚੇ ਹੀ ਅੱਗੇ ਜਾ ਸਕਦੇ ਨੇ।"

ਗੱਲ ਕਰਦਾ ਸੁਮੀਤ ਆਪਣੀ ਪੱਗ ਚੁੱਕ ਲਿਆਇਆ ਤੇ ਅਰਵਿੰਦ ਉਸ ਨਾਲ ਪੂਣੀ ਕਰਾਉਣ ਲੱਗਿਆ। ਵਾਲ ਭਾਵੇਂ ਉਸ ਨੇ ਪਹਿਲਾਂ ਤੋਂ ਹੀ ਕਟਵਾਏ ਹੋਏ ਸਨ ਪਰ ਪੱਗ ਬੰਨ ਕੇ ਰੱਖਦਾ ਸੀ। ਪੱਗ ਬੰਨ ਕੇ ਤਿਆਰ ਹੁੰਦਿਆਂ ਸੁਮੀਤ ਨੇ ਕਿਹਾ,

"ਤੈਨੂੰ ਸਟੀਵ ਲੈ ਜਾਏਗਾ ਦਰਬਾਰ ਸਾਹਿਬ। ਉਹ ਤੇਰੇ ਨਾਲ ਇੰਗਲੈਂਡ ਜਾਣ ਦੀ ਗੱਲ ਕਰੇਗਾ ਪਰ ਉਹਨੂੰ ਉਤਸ਼ਾਹ ਨਾ ਦੇਵੀਂ, ਨਹੀਂ ਤਾਂ ਇਹਨੇ ਇਸੇ ਗੱਲ ਮਗਰੇ ਲੱਗ ਕੇ ਆਪਣਾ ਕੈਰੀਅਰ ਖਰਾਬ ਕਰ ਲੈਣਾ ਏ।"

"ਤੂੰ ਫਿਕਰ ਨਾ ਕਰ, ਮੈਂ ਇਹਨਾਂ ਬੱਚਿਆਂ ਦੀਆਂ ਲੋੜ ਤੋਂ ਵੱਧ ਤਮੰਨਾਵਾਂ ਨੂੰ ਥੋੜਾ ਥੋੜਾ ਸਮਝਣ ਲੱਗ ਪਿਆਂ। ਮੇਰਾ ਭਤੀਜਾ ਵੀ ਕਾਰ ਲੈਣ ਦੀ ਜ਼ਿੱਦ ਕਰ ਰਿਹਾ ਜਦ ਉਸ ਦੇ ਪਿਓ ਕੋਲ ਤਾਂ ਕੋਈ ਆਮਦਨ ਵੀ ਹੈ ਨਹੀਂ।"

ਅਰਵਿੰਦ ਦੇ ਜਵਾਬ ਨਾਲ ਸੁਮੀਤ ਦੀ ਤਸੱਲੀ ਹੋ ਗਈ ਪਰ ਅਰਵਿੰਦ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਸ ਨੇ ਝੂਠ ਬੋਲਿਆ ਸੀ। ਉਹ ਸੋਚਦਾ ਸੀ ਕਿ ਕੀ ਤੰਮਨਾਵਾਂ ਰੱਖਣੀਆਂ ਗਲਤ ਹੁੰਦੀਆਂ ਹਨ।

ਸੁਮੀਤ ਚਲੇ ਗਿਆ। ਕੁਝ ਦੇਰ ਬਾਅਦ ਸਟੀਵ ਉਸ ਦੇ ਕਮਰੇ ਵਿਚ ਆ ਗਿਆ। ਉਸ ਨੇ ਅਰਵਿੰਦ ਦਾ ਲੈਪਟੌਪ ਔਨ ਕਰ ਲਿਆ ਤੇ ਬੋਲਿਆ,

"ਇਹ ਐਚ. ਪੀ. ਏ, ...ਪਾਪਾ ਵਾਲਾ ਡੈੱਲ ਦਾ ਏ ਤੇ ਘਰ ਦਾ ਡੈਸਕ ਟੌਪ ਵੀ ਡੈੱਲ ਦਾ ਏ। ...ਕਿੰਨੇ ਦਾ ਇਹ ਉਥੇ?"

"ਇਹ ਹੈਗਾ ਚਾਰ ਕੁ ਸੌ ਪੌਂਡ ਦੇ ਨੇੜੇ ਤੇੜੇ। ਇਥੇ ਕਿੰਨੇ ਦਾ ਹੋਏਗਾ?"

"ਪਾਪਾ ਵਾਲਾ ਤਾਂ ਯੂਨੀਵਰਸਟੀ ਨੇ ਦਿੱਤਾ ਹੋਇਆ ਪਰ ਡੈੱਲ ਦਾ ਇਥੇ ਪੱਚੀ ਹਜ਼ਾਰ ਦਾ ਆ ਜਾਂਦਾ। ਐਚ. ਪੀ. ਦਾ ਵੀ ਏਨੇ ਕੁ ਦਾ ਹੀ ਪਰ ਤੁਹਾਡੇ ਵਾਲੇ ਦਾ ਸਕਰੀਨ ਵੱਡਾ ਏ, ਮੈਮਰੀ ਵੀ ਜ਼ਿਆਦਾ ਲੱਗਦੀ ਏ, ਸ਼ਾਇਦ ਕੁਝ ਮਹਿੰਗਾ ਹੋਵੇ।"

ਉਹ ਖੁਲ੍ਹ ਕੇ ਗੱਲਾਂ ਕਰ ਰਿਹਾ ਸੀ। ਅਰਵਿੰਦ ਨੇ ਉਸ ਨਾਲ ਰਾਬਤਾ ਜੋੜਨ ਲਈ ਕੰਪਿਊਟਰ ਦਾ ਸਹਾਰਾ ਲਿਆ ਤੇ ਕੁਝ ਕੁ ਸੰਗੀਤ ਦਾ ਪਰ ਉਸ ਦੀ ਜ਼ਿਆਦਾ ਦਿਲਚਸਪੀ ਕਾਰਾਂ ਵਿਚ ਤੇ ਸਮਾਰਟ ਫੋਨਾਂ ਵਿਚ ਸੀ। ਉਸ ਕੋਲ ਸੈਮਸੰਗ ਦਾ ਫੋਨ ਸੀ। ਉਹ ਅਰਵਿੰਦ ਦੇ ਆਈਫੋਨ ਨੂੰ ਦੇਖਦਾ ਬੋਲਿਆ,

"ਆਈਫੋਨ ਫਾਈਵ ਦਾ ਐਵੇਂ ਕਰੇਜ਼ ਹੀ ਏ, ਐਪਲੀਕੇਸ਼ਨਜ਼ ਸੈਮਸੰਗ ਵਿਚ ਬਹੁਤੀਆਂ ਨੇ।"

"ਯੂ ਨੋਅ, ਮੇਰੇ ਕੋਲ ਤਾਂ ਕਈ ਸਾਲਾਂ ਤੋਂ ਐਪਲ ਦਾ ਹੀ ਚੱਲੀ ਆ ਰਿਹੈ, ਮੈਂ ਗੈਲਕਸੀ ਜਾਂ ਹੋਰ ਟਰਾਈ ਕਰਕੇ ਹੀ ਨਹੀਂ ਦੇਖੇ, ਫੇਰ ਮੈਂ ਓਨਾ ਨਹੀਂ ਵਰਤਦਾ ਜਿੰਨਾ ਤੁਸੀਂ ਨੌਜਵਾਨ ਵਰਤਦੇ ਹੋਵੋਂਗੇ।"

"ਅੰਕਲ, ਦਰਸ਼ੀਲ ਕੋਲ ਕਿਹੜਾ ਫੋਨ ਏ?"

"ਉਹਦੇ ਕੋਲ ਵੀ ਇਹੋ ਏ, ਉਹਨੇ ਹੀ ਮੈਨੂੰ ਰਿਕਮੈਂਡ ਕੀਤਾ ਸੀ।"

"ਉਹਦੇ ਕੋਲ ਤਾਂ ਲੈਪਟੌਪ ਵੀ ਆਪਣਾ ਹੋਣਾਂ?"

"ਲੈਪਟੌਪ ਤਾਂ ਹੁਣ ਜੀਵਨ ਦਾ ਹਿੱਸਾ ਬਣ ਗਿਐ ਖਾਸ ਤੌਰ 'ਤੇ ਸਟੂਡੈਂਟਸ ਲਈ।

"ਪੜ੍ਹਦੇ ਸਮੇਂ ਉਹ ਕੈਂਪਸ ਵਿਚ ਰਿਹਾ ਸੀ?"

"ਹਾਂ, ਉਥੇ ਬਹੁਤੇ ਬੱਚੇ ਕੈਂਪਸ ਵਿਚ ਹੀ ਰਹਿਣਾ ਪਸੰਦ ਕਰਦੇ ਆ, ਦਰਸ਼ੀਲ ਨੂੰ ਘਰ ਦੇ ਨੇੜੇ ਵੀ ਐਡਮਿਸ਼ਨ ਮਿਲ ਗਿਆ ਸੀ, ਕਹਿੰਦਾ ਮੈਂ ਯੂਨੀ ਵਿਚ ਹੀ ਰਹਿਣਾ, ਮੈਂ ਸੋਚਿਆ ਕਿ ਬਾਹਰ ਰਹਿ ਕੇ ਕੁਝ ਨਵਾਂ ਸਿਖੇਗਾ ਵੀ।"

"ਅੰਕਲ, ਇੰਡੀਆ ਦੇ ਪੇਰਿੰਟਸ ਇਵੇਂ ਕਿਉਂ ਨਹੀਂ ਸੋਚਦੇ? ਇਹਨਾਂ ਦੀ ਸੋਚ ਏਨੀ ਬੈਕਵਰਡ ਕਿਉਂ ਏ?"

"ਮੈਂ ਨਹੀਂ ਕਹਿੰਦਾ ਕਿ ਇਥੇ ਦੇ ਪੇਰਿੰਟਸ ਬੈਕਵਰਡ ਐ, ਹਰ ਸਮਾਜ ਦਾ ਤਰੀਕਾ ਵੱਖਰਾ ਹੁੰਦਾ।"

"ਨਹੀਂ ਅੰਕਲ, ਇਹ ਪੇਰਿੰਟਸ ਬੱਚਿਆਂ ਤੋਂ ਬਹੁਤ ਵੱਡੀਆਂ ਤੇ ਫਜ਼ੂਲ ਜਿਹੀਆਂ ਆਸਾਂ ਰੱਖਦੇ ਨੇ। ਏਸ ਸਬਜੈਕਟ 'ਤੇ ਬਹੁਤ ਸਾਰੀਆਂ ਫਿਲਮਾਂ ਵੀ ਬਣੀਆਂ ਨੇ ਤੇ ਰੋਜ਼ ਅਖਬਾਰਾਂ ਵਿਚ ਵੀ ਆਉਂਦਾ ਏ ਪਰ ਇਹ ਫੇਰ ਵੀ ਨਹੀਂ ਸਮਝਦੇ। ਹੋਰ, ਹੋਰ ਪੁਸ਼ ਕਰੀ ਜਾਂਦੇ ਨੇ। ਟਿਊਸ਼ਨਾਂ ਦਾ ਬੋਝ ਏਨਾ ਏ ਕਿ ਸਾਡੇ ਦਿਮਾਗ ਬੌਰੇ ਹੋਏ ਪਏ ਨੇ। ਅੰਕਲ, ਇਹ ਕਰੂਅਲਟੀ ਏ!"

ਸਟੀਵ ਜਿਵੇਂ ਬਹਿਸ ਕਰਨ ਦੇ ਮੂਡ ਵਿਚ ਹੋਵੇ। ਅਰਵਿੰਦ ਨੇ ਗੋਲ-ਮੋਲ ਜਵਾਬ ਦੇਣ ਦੇ ਮਕਸਦ ਨਾਲ ਆਖਿਆ,

"ਯੂ ਨੋਅ ਸਟੀਵ, ਏਸ ਮੁਲਕ ਦਾ ਤੇ ਇੰਗਲੈਂਡ ਦਾ ਤੇ ਹੋਰ ਮੁਲਕਾਂ ਦਾ ਬਹੁਤ ਫਰਕ ਐ। ਇਥੇ ਫਿਊਚਰ ਹੋਰ ਤਰ੍ਹਾਂ ਦਾ ਐ ਤੇ ਇੰਗਲੈਂਡ ਵਿਚ ਹੋਰ ਤਰ੍ਹਾਂ ਦਾ। ਇਥੇ ਕੰਪੀਟੀਸ਼ਨ ਬਹੁਤ ਐ। ਜੌਬਾਂ ਮਿਲਦੀਆਂ ਨਹੀਂ। ਸੋ ਜੇ ਤੁਸੀਂ ਜ਼ਰਾ ਕੁ ਵੀ ਢਿੱਲ ਵਰਤੀ ਤਾਂ ਦੌੜ ਵਿਚੋਂ ਨਿਕਲ ਜਾਓਂਗੇ। ਮੈਂ ਤੁਹਾਡੇ ਪੇਰਿੰਟਸ ਨਾਲ ਸੌ ਫੀ ਸਦੀ ਸਹਿਮਤ ਆਂ ਕਿ ਜਦੋਂ ਉਹ ਤੁਹਾਡੇ ਤੇ ਹੋਰ ਮਿਹਨਤ ਕਰਨ ਦਾ ਦਬਾਅ ਪਾਉਂਦੇ ਆ ਤਾਂ ਉਹ ਸਹੀ ਹੁੰਦੇ ਆ। ਇਹਦੇ ਵਿਚ ਤੁਹਾਡਾ ਹੀ ਫਾਇਦਾ ਕਿ ਤੁਹਾਨੂੰ ਕੋਈ ਚੰਗੀ ਜੌਬ ਮਿਲ ਜਾਏਗੀ। ਜਦ ਤੁਸੀਂ ਸੈੱਟਲ ਹੋ ਗਏ ਤਾਂ ਤੁਸੀਂ ਆਪਣੇ ਪੇਰਿੰਟਸ ਨੂੰ ਬਿਲਕੁਲ ਸਹੀ ਕਹੋਂਗੇ ਤੇ ਜਦ ਤੁਸੀਂ ਪੇਰਿੰਟਸ ਬਣੇ ਤਾਂ ਆਪਣੇ ਬੱਚਿਆਂ ਤੋਂ ਵੀ ਇਸੇ ਗੱਲ ਦੀ ਉਮੀਦ ਰੱਖੋਂਗੇ।"

ਸਟੀਵ ਲਈ ਇਹ ਗੱਲਾਂ ਬਹੁਤ ਪੁਰਾਣੀਆਂ ਸਨ। ਨਿੱਤ ਇਹੋ ਹੀ ਸੁਣਦਾ ਆ ਰਿਹਾ ਸੀ। ਅਰਵਿੰਦ ਸੋਚਦਾ ਸੀ ਕਿ ਹੁਣੇ ਇਹ ਲਵਲੀਨ ਵਾਂਗ ਕਹਿ ਦੇਵੇਗਾ ਕਿ ਉਸ ਵਿਚੋਂ ਵੀ ਡੈਡੀ ਹੀ ਬੋਲ ਰਿਹਾ ਸੀ। ਉਸੇ ਵੇਲੇ ਫੋਨ ਦੀ ਘੰਟੀ ਵੱਜੀ। ਸੁਮੀਤ ਦਾ ਫੋਨ ਸੀ। ਉਹ ਬੋਲਿਆ,

"ਭਾਊ, ਤੈਨੂੰ ਕਰਮ ਸਿੰਘ ਲੈ ਜਾਵੇਗਾ। ਮੇਰੀ ਉਹਦੇ ਨਾਲ ਗੱਲ ਹੋ ਗਈ ਏ। ਦਰਬਾਰ ਸਾਹਿਬ ਤੇ ਅੱਜ ਦਾ ਬਾਕੀ ਦਾ ਦਿਨ ਵੀ ਉਹੀ ਕੰਪਨੀ ਦੇਵੇਗਾ। ਸ਼ਾਮ ਤਕ ਮੈਂ ਆ ਹੀ ਜਾਣਾਂ। ...ਕਿਤੇ ਹੋਰ ਵੀ ਤੂੰ ਜਾਣਾ ਹੋਵੇ ਤਾਂ ਉਹਨੂੰ ਦੱਸ ਦੇਵੀਂ।"

ਡਾਕਟਰ ਕਰਮ ਸਿੰਘ ਰਾਤ ਵਾਲੀ ਮਹਿਫਲ ਵਿਚ ਹਾਜ਼ਰ ਸੀ ਪਰ ਉਹ ਚੁੱਪ ਜਿਹਾ ਹੀ ਰਿਹਾ ਸੀ। ਅਰਵਿੰਦ ਸਟੀਵ ਨੂੰ ਕਹਿਣ ਲੱਗਿਆ,

"ਤੇਰੇ ਡੈਡ ਦਾ ਸੀ, ਕਹਿੰਦਾ ਕਿ ਕਰਮ ਸਿੰਘ ਮੈਨੂੰ ਦਰਬਾਰ ਸਾਹਿਬ ਲੈ ਜਾਵੇਗਾ। ਅੱਜ ਦਾ ਦਿਨ ਉਹੀ ਮੈਨੂੰ ਕੰਪਨੀ ਦੇਵੇਗਾ।"

"ਅੰਕਲ, ਮੈਂ ਤੁਹਾਡੇ ਨਾਲ ਘੁੰਮਣ ਦਾ ਪ੍ਰੋਗਰਾਮ ਬਣਾਈ ਬੈਠਾ ਸੀ, ਬਹੁਤ ਸਾਰੀਆਂ ਗੱਲਾਂ ਕਰਨੀਆਂ ਸਨ। ਮੈਨ-ਯੂਨਾਈਟਡ ਬਾਰੇ ਪੁੱਛਣਾ ਸੀ।"

"ਏਦਾਂ ਦੀ ਕੋਈ ਗੱਲ ਨਹੀਂ ਬੇਟੇ, ਕਰਮ ਸਿੰਘ ਨੇ ਤਾਂ ਹਾਲੇ ਬਾਰਾਂ ਵਜੇ ਤਕ ਆਉਣਾਂ। ਤੂੰ ਮੈਨ-ਯੂਨਾਈਡਟ ਨੂੰ ਪਸੰਦ ਕਰਦਾਂ?"

"ਹਾਂ, ਮੈਂ ਵੀ ਤੇ ਰਜੀਵ ਵੀ। ਉਹੀ ਤਾਂ ਦੁਨੀਆਂ ਦੀ ਸਭ ਤੋਂ ਤਕੜੀ ਟੀਮ ਐਂ। ਹੋਰ ਉਹਦੇ ਮੁਕਾਬਲੇ ਵਿਚ ਇਸ ਵੇਲੇ ਹੈ ਨਹੀਂ।"

"ਯੂ ਨੋਅ, ਆਰਸਨਲ, ਚੈਲਸੀ, ਲਿਵਰਪੂਲ ਤੇ ਹੋਰ ਵੀ ਵਧੀਆ ਟੀਮਾਂ ਹੈਗੀਆਂ।"

"ਅੰਕਲ ਜੀ, ਦਰਸ਼ੀਲ ਦੀ ਕਿਹੜੀ ਟੀਮ ਏ?"

"ਆਰਸਨਲ। ਉਹਦੀ ਵੀ ਤੇ ਮੇਰੀ ਵੀ।"

"ਕਦੇ ਲਾਈਵ ਮੈਚ ਵੀ ਦੇਖਣ ਜਾਂਦੇ ਓ?"

"ਮੈਂ ਤਾਂ ਹੁਣ ਘੱਟ ਹੀ ਜਾਨਾਂ ਪਰ ਦਰਸ਼ੀਲ ਜਾਂਦਾ ਰਹਿੰਦਾ।"

ਅਰਵਿੰਦ ਨੇ ਕਿਹਾ। ਸਟੀਵ ਪਲ ਕੁ ਲਈ ਚੁੱਪ ਰਹਿ ਕੇ ਬੋਲਿਆ,

"ਅੰਕਲ, ਪਾਪਾ ਨੇ ਮੇਰੇ ਨਾਲ ਵਾਅਦਾ ਕੀਤਾ ਹੋਇਆ ਕਿ ਜੇ ਮੈਂ ਚੰਗੇ ਨੰਬਰਾਂ ਵਿਚ ਪਾਸ ਹੋ ਜਾਵਾਂ ਤਾਂ ਉਹ ਮੈਨੂੰ ਇੰਗਲੈਂਡ ਜਾ ਲੈਣ ਦੇਣਗੇ। ...ਮੇਰਾ ਲੰਡਨ ਦੇਖਣ ਨੂੰ ਬਹੁਤ ਦਿਲ ਕਰਦਾ। ਇਕ ਮੈਂ ਮੈਨ-ਯੂਨਾਈਟਡ ਦਾ ਲਾਈਵ ਮੈਚ ਦੇਖਣਾ ਏ! ...ਪਲੀਜ਼ ਤੁਸੀਂ ਪਾਪਾ ਨੂੰ ਕਹਿ ਦੇਣਾਂ, ਉਹ ਤੁਹਾਡੀ ਗੱਲ ਕਦੇ ਨਹੀਂ ਮੋੜਨਗੇ।"

"ਮੈਂ ਕੋਸ਼ਿਸ਼ ਕਰਾਂਗਾ। ਸ਼ਾਇਦ ਵੀਜ਼ਾ ਮਿਲਣ ਵਿਚ ਮੁਸ਼ਕਲ ਆਵੇ ਕਿਉਂਕਿ ਨੌਜਵਾਨਾਂ ਨੂੰ ਵੀਜ਼ਾ ਔਖਾ ਦਿੰਦੇ ਆ।"

"ਅਜਿਹੀ ਕੋਈ ਗੱਲ ਨਹੀਂ, ਤੁਹਾਡੇ ਕੋਲ ਸੈਰ ਕਰਨ ਜਾਣ ਦੇ ਵਸੀਲੇ ਹੋਣ ਤਾਂ ਕੋਈ ਨਹੀਂ ਰੋਕਦਾ। ਸਾਡੇ ਇਥੇ ਦੇ ਅਨਪੜ੍ਹ ਬੰਦਿਆਂ ਨੂੰ ਏਸ ਗੱਲ ਦੀ ਸਮਝ ਨਹੀਂ ਏ। ਸਾਡੀ ਨਕੋਦਰ ਵਿਚ ਜ਼ਮੀਨ ਏ, ਆਹ ਕੋਠੀ ਏ, ਹੋਰ ਵੀ ਪਲਾਟ ਪਾਪਾ ਨੇ ਲਏ ਹੋਏ ਨੇ, ਇਹਨਾਂ ਸਭ ਤੋਂ ਉਪਰ ਤੁਸੀਂ ਵੀ ਸਪੌਂਸਰ ਭੇਜ ਸਕਦੇ ਓ, ਵੀਜ਼ੇ ਦੀ ਤਾਂ ਕੋਈ ਗੱਲ ਹੀ ਨਹੀਂ ਏ। ਮੇਰਾ ਦੋਸਤ ਪਿਛਲੇ ਮਹੀਨੇ ਜਾ ਕੇ ਆਇਆ। ਮੇਰੇ ਫੋਨ ਵਿਚ ਉਹਦੀਆਂ ਲੰਡਨ ਦੀਆਂ ਫੋਟੋ ਹੈਗੀਆਂ ਨੇ।"

ਆਖਦਿਆਂ ਉਸ ਨੇ ਆਪਣੇ ਫੋਨ ਦੀ ਫੋਟੋ ਗੈਲਰੀ ਖੋਹਲ ਲਈ ਤੇ ਅਰਵਿੰਦ ਨੂੰ ਸਲਾਈਡ ਕਰ ਕਰ ਕੇ ਤਸਵੀਰਾਂ ਦਿਖਾਉਣ ਲੱਗਿਆ।...

ਬਾਰਾਂ ਕੁ ਵਜੇ ਡਾਕਟਰ ਕਰਮ ਸਿੰਘ ਆ ਗਿਆ। ਉਹ ਸਿੱਧਾ ਯੂਨੀਵਰਸਟੀ ਤੋਂ ਹੀ ਆ ਰਿਹਾ ਸੀ। ਬਾਹਰ ਹਲਕਾ ਹਲਕਾ ਮੀਂਹ ਉਤਰ ਆਇਆ। ਉਹ ਬੋਲਿਆ,

"ਡਾਕਟਰ ਸਾਹਿਬ, ਇਹ ਤਾਂ ਚੰਗੀ ਗੱਲ ਨਹੀਂ, ਮੀਂਹ ਪਿਆ ਨਹੀਂ ਤੇ ਸਾਡੇ ਸ਼ਹਿਰ ਦੀ ਹਰ ਗਲੀ ਛੱਪੜ ਬਣੀ ਨਹੀਂ!"

ਉਸ ਦਾ ਡਾਕਟਰ ਸਾਹਿਬ ਕਹਿਣਾ ਅਰਵਿੰਦ ਨੂੰ ਚੰਗਾ ਤਾਂ ਨਹੀਂ ਲੱਗਿਆ ਪਰ ਮਨ ਹੀ ਮਨ ਹੱਸਦਿਆਂ ਉਸ ਨੇ ਸੋਚਿਆ ਕਿ ਮੁਫਤ ਵਿਚ ਮਿਲਦੀ ਡਾਕਟਰੀ ਕਿਸ ਨੂੰ ਬੁਰੀ ਲੱਗੇਗੀ। ਉਸ ਨੇ ਕਾਰ ਵਿਚ ਬੈਠਦਿਆਂ ਕਿਹਾ,

"ਯੂ ਨੋਅ, ਪਾਣੀ ਦੀ ਸਮੱਸਿਆ ਤਾਂ ਇੰਡੀਆ ਦੇ ਹਰ ਸ਼ਹਿਰ ਦੀ ਜਾਪਦੀ ਐ।"

"ਸਾਡੇ ਸ਼ਹਿਰ ਤੇ ਏਹਦਾ ਕੁਝ ਵਧੇਰੇ ਹੀ ਅਸਰ ਪੈਂਦਾ ਏ। ਸੀਵਰੇਜ ਸਿਸਟਮ ਦੀ ਮੇਨਟੇਨੰਸ ਹੈ ਨਹੀਂ।"

ਉਹ ਕੁਝ ਦੂਰ ਗਏ ਤਾਂ ਅਰਵਿੰਦ ਨੇ ਪਾਣੀ ਹੀ ਪਾਣੀ ਦੇਖਦਿਆਂ ਆਖਿਆ,

"ਡਾਕਟਰ ਸਾਹਿਬ, ਜੇ ਚਾਹੋਂ ਤਾਂ ਮੀਂਹ ਦੇ ਰੁਕਣ ਤਕ ਰੁਕ ਲੈਂਨੇ ਆਂ।"

"ਨਹੀਂ ਡਾਕਟਰ ਸਾਹਿਬ, ਹੁਣ ਬਾਬੇ ਦੇ ਦਰਸ਼ਨ ਕਰਨ ਦਾ ਮੂਡ ਬਣਿਆਂ ਤਾਂ ਜਾਣਾ ਹੀ ਚਾਹੀਦਾ ਏ। ਮੀਂਹ ਸਾਡਾ ਰਾਹ ਨਹੀਂ ਰੋਕ ਸਕਦਾ।"

ਕਰਮ ਸਿੰਘ ਨੇ ਆਖਿਆ।

ਮੀਂਹ ਨੇ ਟਰੈਫਿਕ ਵੀ ਬਹੁਤ ਕਰ ਦਿਤਾ ਸੀ ਪਰ ਉਹ ਹੌਲੀ ਹੌਲੀ ਹਰਮੰਦਿਰ ਸਾਹਿਬ ਦੇ ਨਜ਼ਦੀਕ ਪੁੱਜ ਗਏ। ਹੁਣ ਕਾਰਾਂ ਖੜੀਆਂ ਕਰਨ ਲਈ ਬਹੁ-ਮੰਜ਼ਿਲਾ ਕਾਰ ਪਾਰਕ ਬਣ ਗਿਆ ਹੋਇਆ ਸੀ। ਜਦ ਉਹ ਕਾਰ ਖੜੀ ਕਰਕੇ ਬਾਹਰ ਨਿਕਲੇ ਤਾਂ ਰਾਹ ਵਿਚ ਗੋਡੇ ਗੋਡੇ ਪਾਣੀ ਖੜਾ ਦੇਖ ਕੇ ਸੋਚਾਂ ਵਿਚ ਪੈ ਗਏ ਕਿ ਹੁਣ ਕੀ ਕੀਤਾ ਜਾਵੇ। ਹਰਮੰਦਿਰ ਸਾਹਿਬ ਦੇ ਮੁੱਖ-ਦੁਆਰ ਨਵ-ਉਸਾਰੀ ਅਧੀਨ ਹੋਣ ਕਰਕੇ ਰਾਹ ਵੀ ਲੰਮੇਰਾ ਪੈਣਾ ਸੀ। ਕਰਮ ਸਿੰਘ ਨੇ ਰਿਕਸ਼ਾ ਕਰ ਲਿਆ। ਰਿਕਸ਼ੇ ਵਾਲਾ ਉਹਨਾਂ ਨੂੰ ਜਿਵੇਂ ਵੱਡੇ ਸਾਰੇ ਛੱਪੜ ਵਿਚੋਂ ਬਾਹਰ ਕੱਢ ਰਿਹਾ ਹੋਵੇ। ਅਰਵਿੰਦ ਨੂੰ ਰਿਕਸ਼ੇ ਵਾਲਾ ਇਸ ਵੇਲੇ ਕਿਸੇ ਹੀਰੋ ਤੋਂ ਘੱਟ ਨਹੀਂ ਸੀ ਜਾਪ ਰਿਹਾ। ਮੀਂਹ ਭਾਵੇਂ ਕੁਝ ਘਟਿਆ ਸੀ ਪਰ ਬੰਦ ਨਹੀਂ ਸੀ ਹੋਇਆ। ਅਰਵਿੰਦ ਨੂੰ ਮੀਂਹ ਵਿਚ ਭਿੱਜਣਾ ਚੰਗਾ ਲੱਗ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਚਲੋ ਇਕ ਸੁਫਨਾ ਤਾਂ ਪੂਰਾ ਹੋਇਆ। ਉਹ ਹਰਮੰਦਿਰ ਸਾਹਿਬ ਵਿਚ ਦਾਖਲ ਹੋਏ ਤਾਂ ਅਰਵਿੰਦ ਦਾ ਧਿਆਨ ਦਿੱਲੀ ਪਏ ਬਕਸੇ ਵਲ ਚਲੇ ਗਿਆ। ਉਹਦੇ ਮਨ ਵਿਚ ਇਕ ਅਜੀਬ ਜਿਹਾ ਭੈਅ ਜਾਗਣ ਲੱਗਿਆ। ਉਸ ਦੀ ਤੋਰ ਹੌਲੀ ਪੈ ਗਈ। ਉਸ ਨੇ ਉਸੇ ਹੀ ਪਲ ਆਪਣੇ ਆਪ ਨੂੰ ਕਿਹਾ, 'ਕਿਉਂ ਬਈ ਸ਼ੇਰਾ, ਨਾਸਤਿਕ ਹੋ ਕੇ ਵਹਿਮ ਕਰ ਰਿਹਾਂ!' ਡਾਕਟਰ ਕਰਮ ਸਿੰਘ ਨੇ ਪਿੱਛੇ ਨੂੰ ਮੁੜ ਕੇ ਦੇਖਿਆ ਤੇ ਪੁੱਛਣ ਲੱਗਿਆ,

"ਡਾਕਟਰ ਸਾਹਿਬ, ਸਭ ਠੀਕ ਤਾਂ ਹੈ ਨਾ?"

"ਜੀ ਡਾਕਟਰ ਸਾਹਿਬ, ਸਭ ਠੀਕ ਐ।"

ਆਖਦਾ ਉਹ ਉਸ ਨਾਲ ਰਲ ਗਿਆ। ਮੱਥਾ ਟੇਕਣ ਲਈ ਕਾਫੀ ਸਾਰੀ ਭੀੜ ਸੀ। ਕਰਮ ਸਿੰਘ ਬੋਲਿਆ,

"ਇਕ ਗੱਲ ਤੁਹਾਨੂੰ ਦੱਸਣਾ ਜ਼ਰੂਰੀ ਸਮਝਦਾਂ ਕਿ ਹਰਮਿੰਦਰ ਸਾਹਿਬ ਵਿਚ ਜੇਬਾਂ ਬਹੁਤ ਕੱਟ ਹੁੰਦੀਆਂ ਹਾਲੇ ਪਿਛਲੇ ਮਹੀਨੇ ਹੀ ਮੇਰਾ ਸਾਢੂ ਕਲਕੱਤੇ ਤੋਂ ਆਇਆ ਸੀ, ਉਸ ਦੇ ਕੁੜਤੇ ਦੀ ਜੇਬ ਕੱਟੀ ਗਈ, ਪੂਰੇ ਤੀਹ ਹਜ਼ਾਰ ਰੁਪਏ ਸਨ।"

"ਯੂ ਨੋਅ, ਇਹ ਤਾਂ ਬਹੁਤ ਮਾੜੀ ਗੱਲ ਐ, ਗੁਰੂ ਘਰ ਵਿਚ ਚੋਰ!"

"ਇਹ ਆਮ ਏ ਜੀ। ਇਹ ਇਥੇ ਹੀ ਨਹੀਂ, ਜਿਥੇ ਵੀ ਭੀੜ ਹੋਏ ਅਜਿਹੀਆਂ ਘਟਨਾਵਾਂ ਹੋ ਜਾਂਦੀਆਂ ਨੇ, ਗੁਰੂ ਘਰ ਹੋਵੇ ਜਾਂ ਕਿਧਰੇ ਹੋਰ। ਹਾਂ, ਗੁਰੂ ਘਰ ਵਿਚ ਲੋਕ ਜ਼ਿਆਦਾ ਅਵੇਸਲੇ ਹੋ ਜਾਇਆ ਕਰਦੇ ਨੇ, ਇਸ ਲਈ ਜੇਬਕਤਰਿਆਂ ਲਈ ਦਾਅ ਲਾਉਣਾ ਸੌਖਾ ਹੁੰਦਾ ਏ।"

ਗੱਲਾਂ ਕਰਦੇ ਉਹ ਮੱਥਾ ਟੇਕਣ ਲਈ ਲੱਗੀ ਲਾਈਨ ਵਿਚ ਖੜ ਗਏ। ਵੀਹ ਕੁ ਮਿੰਟ ਵਿਚ ਉਹਨਾਂ ਦੀ ਵਾਰੀ ਆ ਗਈ। ਉਸ ਨੇ ਇਕ ਡਰ ਜਿਹੇ ਨਾਲ ਮੱਥਾ ਟੇਕਿਆ। ਲੋਕਾਂ ਦੀ ਅੰਨੀ ਸ਼ਰਧਾ ਦੇਖ ਕੇ ਉਸ ਦਾ ਮਨ ਖੁਸ਼ ਹੋ ਰਿਹਾ ਸੀ ਤੇ ਆਪਣੇ ਆਪ ਨਾਲ ਕੁਝ ਖਿੱਝ ਵੀ ਆ ਰਹੀ ਸੀ। ਉਹਨਾਂ ਨੇ ਹਰਮੰਦਿਰ ਸਾਹਿਬ ਦੇ ਉਪਰਲੀ ਮੰਜ਼ਿਲ ਦਾ ਵੀ ਗੇੜਾ ਕੱਢਿਆ। ਕਰਮ ਸਿੰਘ ਉਸ ਨੂੰ ਕੁਝ ਦੱਸਦਾ ਜਾ ਰਿਹਾ ਸੀ ਪਰ ਉਸ ਨੂੰ ਬਹੁਤਾ ਕੁਝ ਜਿਵੇਂ ਸੁਣ ਹੀ ਨਾ ਰਿਹਾ ਹੋਵੇ। ਉਹ ਮੱਥਾ ਟੇਕ ਕੇ ਬਾਹਰ ਨਿਕਲੇ, ਪ੍ਰਸ਼ਾਦ ਲੈ ਕੇ ਮੀਂਹ ਤੋਂ ਬਚਣ ਲਈ ਇਕ ਪਾਸੇ ਖੜ ਗਏ। ਕਰਮ ਸਿੰਘ ਚੌਰਾਸੀ ਵਿਚ ਹੋਏ ਹਮਲੇ ਦੀ ਕਹਾਣੀ ਸੁਣਾਉਣ ਲੱਗਿਆ। ਅਰਵਿੰਦ ਨੇ ਪੁੱਛਿਆ,

"ਇਸ ਹਮਲੇ ਦੀ ਖ਼ਬਰ ਸੁਣ ਕੇ ਲੋਕਾਂ ਵਿਚ ਤਾਂ ਬਹੁਤ ਰੋਹ ਜਾਗ ਪਿਆ ਹੋਵੇਗਾ?"

"ਆਲੇ ਦੁਆਲੇ ਦੇ ਲੋਕ ਹੱਥਾਂ ਵਿਚ ਜੋ ਵੀ ਹਥਿਆਰ ਆਇਆ ਲੈ ਕੇ ਹਰਮੰਦਿਰ ਸਾਹਿਬ ਨੂੰ ਬਚਾਉਣ ਲਈ ਤੁਰ ਪਏ ਸਨ, ਇਸੇ ਲਈ ਤਾਂ ਸਰਕਾਰ ਨੇ ਕਰਫਿਊ ਲਾਇਆ ਸੀ। ਸਰਕਾਰਾਂ ਬਹੁਤ ਚਲਾਕ ਹੁੰਦੀਆਂ ਨੇ। ਉਹਨਾਂ ਨੂੰ ਲੋਕਾਂ ਦੀ ਨਬਜ਼ ਦਾ ਪਤਾ ਹੁੰਦਾ ਏ। ਇਹ ਇਕ ਉਬਾਲ ਹੁੰਦਾ ਏ ਜੇ ਸਾਂਭ ਲਿਆ ਜਾਵੇ ਤਾਂ ਰੁਕ ਜਾਂਦਾ ਏ, ਜਦ ਗੱਲ ਲੰਮਿਆਂ ਪੈ ਜਾਂਦੀ ਏ ਤੇ ਗੁੱਸਾ ਵੀ ਘਟ ਜਾਂਦਾ ਏ।"

ਮੀਂਹ ਘਟਿਆ ਤਾਂ ਉਹ ਤੁਰ ਪਏ। ਤੁਰਦੇ ਹੋਏ ਉਸ ਨੇ ਆਪਣੀ ਗੱਲ ਜਾਰੀ ਰੱਖੀ ਤੇ ਕਿਹਾ,

"ਅਜਿਹੇ ਮੌਕਿਆਂ 'ਤੇ ਲੋਕਾਂ ਦੇ ਖ਼ੂਨ ਨੂੰ ਉਛਾਲ਼ਾ ਮਾਰਿਆ ਹੀ ਕਰਦਾ ਏ। ਸੰਨ ਸੰਤਾਲੀ ਨੂੰ ਹੀ ਦੇਖ ਲਓ, ਜਦ ਲੋਕਾਂ ਨੂੰ ਖ਼ਬਰ ਮਿਲਦੀ ਕਿ ਫਲਾਨੀ ਜਗਾਹ ਸਾਡੇ ਏਨੇ ਲੋਕ ਮਾਰ ਦਿੱਤੇ ਗਏ ਨੇ ਤਾਂ ਇਕ ਦਮ ਬਦਲੇ ਦੀ ਅੱਗ ਵਿਚ ਸੜਦੇ ਉਹ ਵੀ ਬੰਦੇ ਮਾਰਨ ਲੱਗਦੇ ਸਨ। ਫਿਰ ਜਦ ਸਭ ਸ਼ਾਂਤ ਹੋ ਗਿਆ ਤਾਂ ਲੋਕ ਪਛਤਾਵੇ ਨਾਲ ਮਰਨ ਲੱਗੇ। ਹਾਲੇ ਸੰਨ ਸੰਤਾਲੀ ਦਾ ਪਛਤਾਵਾ ਚੱਲ ਹੀ ਰਿਹਾ ਸੀ ਕਿ ਸੰਨ ਚੌਰਾਸੀ ਵਾਪਰ ਗਿਆ। ਹੁਣ ਇਸ ਦਾ ਪਛਤਾਵਾ ਕਰੀ ਜਾ ਰਹੇ ਨੇ।"

ਕਾਰ ਤਕ ਵਾਪਸ ਆਉਣ ਲਈ ਉਹਨਾਂ ਨੂੰ ਇਕ ਵਾਰ ਫਿਰ ਪਾਣੀ ਵਿਚ ਦੀ ਰਕਸ਼ੇ ਦਾ ਸਹਾਰਾ ਲੈ ਕੇ ਲੰਘਣਾ ਪਿਆ। ਵਾਪਸ ਜਾਂਦਿਆਂ ਰਾਹ ਵਿਚੋਂ ਕਰਮ ਸਿੰਘ ਨੇ ਕੁਲਚੇ-ਛੋਲੇ ਲੈ ਲਏ, ਜਿਸ ਨੂੰ ਅੰਮ੍ਰਿਤਸਰ ਦੀ ਨੇਹਮਤ ਕਿਹਾ ਜਾਂਦਾ ਸੀ। ਉਹ ਕਹਿਣ ਲੱਗਿਆ,

"ਵੈਸੇ ਤਾਂ ਸਾਨੂੰ ਲੰਗਰ ਹੀ ਛਕਣਾ ਚਾਹੀਦਾ ਸੀ ਪਰ ਮੈਂ ਸੋਚਿਆ ਕਿ ਮੁੜ ਕੇ ਸ਼ਾਇਦ ਤੁਹਾਨੂੰ ਇਹ ਖਾਣਾ ਖਾਣ ਦਾ ਮੌਕਾ ਮਿਲੇ ਕਿ ਨਾ।"

ਉਸ ਦੀ ਪਤਨੀ ਸ਼ਹਿਰ ਦੇ ਇਕ ਹਾਇਰ ਸੈਕਿੰਡਰੀ ਸਕੂਲ ਵਿਚ ਅਧਿਆਪਕਾ ਸੀ। ਹਾਲੇ ਕੰਮ 'ਤੇ ਹੀ ਸੀ। ਉਸ ਦੇ ਦੋ ਬੱਚੇ ਸਨ, ਮੁੰਡਾ ਤੇ ਕੁੜੀ। ਇਕ ਮੁੰਡਾ ਉਸ ਦੇ ਭਰਾ ਦਾ ਵੀ ਉਹਨਾਂ ਕੋਲ ਰਹਿ ਕੇ ਪੜ੍ਹ ਰਿਹਾ ਸੀ। ਖਾਣਾ ਖਾਂਦਿਆਂ ਕਰਮ ਸਿੰਘ ਉਸ ਨੂੰ ਇਹ ਸਾਰੀ ਜਾਣਕਾਰੀ ਦਿੰਦਾ ਰਿਹਾ। ਰੋਟੀ ਖਾ ਕੇ ਉਹ ਅਰਾਮ ਨਾਲ ਬਹਿ ਕੇ ਗੱਲਾਂ ਕਰਨ ਲੱਗੇ। ਕਰਮ ਸਿੰਘ ਨੇ ਕਿਹਾ,

"ਡਾਕਟਰ ਸਾਹਿਬ, ਜਿਹੜਾ ਸਵਾਲ ਰਾਤੀਂ ਤੁਸੀਂ ਕੀਤਾ ਸੀ, ਮੈਨੂੰ ਉਹਦੀ ਸਮਝ ਨਹੀਂ ਆਈ। ਭਲਾ ਅਸੀਂ ਅਲੱਗ ਕੀ ਸੋਚਣਾ ਏਂ? ਅਸੀਂ ਉਹੀ ਕੁਝ ਸੋਚਣਾ ਏਂ ਜੋ ਹਰ ਮਾਂਪਿਓ ਦਾ ਫਰਜ਼ ਹੁੰਦਾ ਏ, ਬੱਚਿਆਂ ਦੀ ਭਲਾਈ। ...ਮੈਨੂੰ ਸਮਝ ਨਹੀਂ ਲੱਗੀ ਕਿ ਤੁਸੀਂ ਇਸ ਸਵਾਲ ਵਿਚ ਤੁਸੀਂ ਕੀ ਪੁੱਛਣਾ ਚਾਹੁੰਦੇ ਓ ?"

"ਡਾਕਟਰ ਸਾਹਿਬ, ਜਿਹੜੀ ਤੁਸੀਂ ਗੱਲ ਕਰਦੇ ਓ ਇਹ ਤਾਂ ਬਹੁਤ ਹੀ ਰਵਾਇਤੀ ਜਿਹੀ ਸੋਚ ਐ, ਅੱਜ ਦਾ ਜਵਾਨ ਪਹਿਲਾਂ ਜਿਹਾ ਨਹੀਂ ਰਿਹਾ। ਜਿਵੇਂ ਹਰ ਚੀਜ਼ ਵਿਚ ਤਬਦੀਲੀ ਆਈ ਐ ਇਵੇਂ ਇਸ ਨੌਜਵਾਨ ਵਿਚ ਵੀ ਆਈ ਐ। ਟੈਕਨੌਲੋਜੀ ਨੇ ਉਸ ਨੂੰ ਵਧੇਰੇ ਸਿਆਣਾ ਬਣਾਇਆ ਐ, ਜਿਹੜੀ ਗੱਲ ਦੀ ਸਾਨੂੰ ਸਮਝ ਨਹੀਂ ਇਸ ਨੌਜਵਾਨ ਨੂੰ ਹੈਗੀ ਐ।"

"ਪਰ ਤਜਰਬਾ ਕਿਥੋਂ ਆਏਗਾ! ਤਜਰਬਾ ਤਾਂ ਉਮਰ ਨਾਲ ਹੀ ਆਏਗਾ।"

"ਠੀਕ ਐ ਤੁਹਾਡੀ ਗੱਲ ਵੀ ਪਰ ਜ਼ਿੰਦਗੀ ਦੇ ਬਹੁਤ ਸਾਰੇ ਨਵੇਂ ਦਰਵਾਜ਼ੇ ਖੁਲ੍ਹ ਰਹੇ ਆ ਜਿਹਨਾਂ ਬਾਰੇ ਅਸੀਂ ਬਿਲਕੁਲ ਅਣਜਾਣ ਆਂ ਤੇ ਬੱਚੇ ਬਹੁਤਾ ਜਾਣਦੇ ਆ।"

"ਤੁਹਾਡਾ ਕੀ ਮਤਲਬ ਕਿ ਅਸੀਂ ਇਹਨਾਂ ਨੂੰ ਖੁਦ ਮੁਖਤਿਆਰੀ ਦੇ ਦੇਈਏ?"

"ਯੂ ਨੋਅ, ਮੈਂ ਕਹਾਂਗਾ ਕਿ ਜ਼ਿੰਦਗੀ ਨੂੰ ਬਿਜ਼ਨਸ ਵਾਂਗ ਸਮਝੋ ਤੇ ਬੱਚਿਆਂ ਨੂੰ ਪਾਰਟਨਰ ਵਾਂਗ। ਜਿਵੇਂ ਦੋ ਪਾਰਟਨਰ ਬੈਠ ਕੇ ਸਲਾਹ ਕਰਦੇ ਆ ਕੁਝ ਕੁਝ ਏਦਾਂ ਹੀ।"

ਅਰਵਿੰਦ ਦੀ ਗੱਲ ਸੁਣ ਕੇ ਉਹ ਸੋਚਾਂ ਵਿਚ ਪੈ ਗਿਆ। ਕੁਝ ਦੇਰ ਤਕ ਚੁੱਪ ਰਿਹਾ ਤੇ ਫਿਰ ਬੋਲਿਆ,

"ਅਸਲ ਵਿਚ ਅੱਜ ਦੇ ਨੌਜਵਾਨ ਨਾਲ ਡੀਲ ਕਰਨ ਦਾ ਬਹੁਤ ਵੱਡਾ ਮਸਲਾ ਏ। ਕੈਂਪਸ ਵਿਚ ਹਰ ਮੁੰਡੇ ਨੇ ਗਰਲ ਫ੍ਰੈਂਡ ਤੇ ਕੁੜੀ ਨੇ ਬੁਆਏ ਫ੍ਰੈਂਡ ਰੱਖਿਆ ਹੋਇਆ ਏ। ਸਾਡੇ ਕੋਲ ਵੀ ਉਹਨਾਂ ਨੂੰ ਵਰਜਣ ਦੇ ਬਹੁਤੇ ਅਧਿਕਾਰ ਨਹੀਂ ਨੇ, ਅਸੀਂ ਤਾਂ ਆਪਣੇ ਬੱਚਿਆਂ ਨੂੰ ਲੈ ਕੇ ਹੀ ਫਿਕਰਵੰਦ ਆਂ। ਏਸ ਨਵੇਂ ਕਲਚਰ ਤੋਂ ਆਪਣੇ ਬੱਚਿਆਂ ਨੂੰ ਬਚਾਉਂਦੇ ਫਿਰ ਰਹੇ ਆਂ। ਦੂਜਾ ਸਾਡਾ ਵੱਡਾ ਫਿਕਰ ਇਹਨਾਂ ਦੇ ਭਵਿੱਖ ਨੂੰ ਲੈ ਕੇ ਏ।"

ਉਹ ਕਿੰਨਾ ਚਿਰ ਅਜਿਹੀਆਂ ਗੱਲਾਂ ਕਰਦੇ ਰਹੇ। ਕਰਮ ਸਿੰਘ ਅਰਵਿੰਦ ਦੀਆਂ ਬਹੁਤੀਆਂ ਗੱਲਾਂ ਨਾਲ ਸਹਿਮਤ ਨਹੀਂ ਸੀ। ਗੱਲਾਂ ਕਰਦਿਆਂ ਹੀ ਉਸ ਦਾ ਫੋਨ ਆ ਗਿਆ। ਫੋਨ ਕਰਦਾ ਉਹ ਚਿੰਤਾ ਜਿਹੀ ਜ਼ਾਹਰ ਕਰੀ ਜਾ ਰਿਹਾ ਸੀ। ਫੋਨ ਖਤਮ ਹੋਇਆ ਤਾਂ ਅਰਵਿੰਦ ਨੇ ਪੁੱਛਿਆ,

"ਡਾਕਟਰ ਸਾਹਿਬ, ਸਭ ਠੀਕ ਤਾਂ ਹੈ?"

"ਜੀ, ਸਭ ਠੀਕ ਏ, ਯੂਨੀਵਰਸਟੀ ਨੇ ਮੈਨੂੰ ਪੇਪਰ ਮਾਰਕ ਕਰਨ ਲਈ ਭੇਜੇ ਸਨ ਤੇ ਮੈਂ ਲੇਟ ਹੋ ਗਿਆਂ। ਉਹ ਹੁਣ ਕਾਹਲੀ ਪਾ ਰਹੇ ਨੇ।"

ਗੱਲ ਕਰਦਾ ਉਹ ਉਠ ਕੇ ਇਕ ਬੰਡਲ ਚੁੱਕ ਲਿਆਇਆ। ਇਸਨੂੰ ਖੋਹਲਦਾ ਬੋਲਿਆ,

"ਇਹ ਐਮ. ਏ. ਪੰਜਾਬੀ, ਪਹਿਲੇ ਭਾਗ ਦੇ ਪੇਪਰ ਨੇ, ਤੁਸੀਂ ਗੱਲ ਕਰਦੇ ਜਾਵੋ, ਮੈਂ ਨਾਲ ਦੀ ਨਾਲ ਜ਼ਰਾ ਕੰਮ ਖਤਮ ਵੀ ਕਰ ਲਵਾਂ। ਅੱਜ ਸਾਰੀ ਰਾਤ ਲਾ ਕੇ ਸਵੇਰੇ ਵਾਪਸ ਦੇਣੇ ਨੇ।"

ਉਹ ਪੇਪਰ ਮਾਰਕ ਕਰਦਾ ਜਾ ਰਿਹਾ ਸੀ। ਨਾਲ ਦੀ ਨਾਲ ਉਹ ਅਰਵਿੰਦ ਨੂੰ ਵਿਦਿਆਰਥੀਆਂ ਵਲੋਂ ਦਿੱਤੇ ਜਵਾਬਾਂ ਬਾਰੇ ਵੀ ਦੱਸਦਾ ਜਾਂਦਾ ਸੀ। ਉਹ ਮੁਹਰਲੀਆਂ ਕੁਝ ਲਾਈਨਾਂ ਪੜ੍ਹਦਾ ਤੇ ਬਾਕੀ ਦੇ ਸਫੇ ਉਲੱਦਦਾ ਹੋਇਆ ਅੱਗੇ ਤੁਰ ਜਾਂਦਾ ਤੇ ਜਵਾਬ ਦੇ ਨੰਬਰ ਲਾ ਦਿੰਦਾ। ਇਕ ਵੀ ਸਵਾਲ ਉਸ ਨੇ ਪੂਰੀ ਤਰ੍ਹਾਂ ਨਾ ਪੜ੍ਹਿਆ। ਵਿਚ-ਵਿਚ ਅਰਵਿੰਦ ਨਾਲ ਵੀ ਗੱਲ ਕਰ ਲੈਂਦਾ। ਬਾਹਰ ਗੇਟ ਖੜਕਿਆ ਤਾਂ ਉਹ ਖੁਸ਼ ਹੁੰਦਾ ਬੋਲਿਆ,

"ਲਓ ਜੀ, ਮੈਡਮ ਆ ਗਏ, ਹੁਣ ਆਪਾਂ ਨੂੰ ਜ਼ਰਾ ਹੈਲਪ ਹੋ ਜਾਏਗੀ।"

ਉਸ ਦੀ ਪਤਨੀ ਅੰਦਰ ਆ ਗਈ। ਉਸ ਨੇ ਆਪਣੀ ਪਤਨੀ ਨਾਲ ਅਰਵਿੰਦ ਦੀ ਵਾਕਫੀ ਕਰਾਈ। ਪਤਨੀ ਆਪਣਾ ਬੈਗ ਰੱਖ ਕੇ ਚਾਹ ਬਣਾਉਣ ਚਲੇ ਗਈ। ਕਰਮ ਸਿੰਘ ਨੇ ਉੱਚੀ ਅਵਾਜ਼ ਵਿਚ ਆਖਿਆ,

"ਮੈਡਮ, ਤੁਸੀਂ ਜਲਦੀ ਵਿਹਲੇ ਹੋ ਕੇ ਆ ਜਾਓ, ਮੇਰੇ ਨਾਲ ਪੇਪਰ ਚੈੱਕ ਕਰਾ ਦਿਓ, ਕੱਲ ਨੂੰ ਵਾਪਸ ਕਰਨੇ ਆਂ।"

ਜਲਦੀ ਹੀ ਸਕੂਲ ਤੋਂ ਬੱਚੇ ਵੀ ਵਾਪਸ ਆ ਗਏ। ਇਕੱਲੇ ਇਕੱਲੇ ਨੂੰ ਅਰਵਿੰਦ ਨਾਲ ਮਿਲਾਇਆ। ਉਸ ਨੇ ਉਹਨਾਂ ਨੂੰ ਵੀ ਹੁਕਮ ਚਾੜ੍ਹ ਦਿੱਤਾ,

"ਕਪੜੇ ਚੇਂਜ ਕਰੋ, ਕੁਝ ਖਾ ਪੀ ਕੇ ਜਲਦੀ ਆ ਜਾਓ, ਮੇਰੀ ਜ਼ਰਾ ਮੱਦਦ ਕਰੋ। ਇਕ ਘੰਟਾ ਸਾਰੇ ਆਪਾਂ ਲਾ ਦੇਈਏ, ਬਾਕੀ ਰਾਤ ਨੂੰ ਦੇਖਾਂਗੇ।"

ਉਸ ਦੀ ਪਤਨੀ ਚਾਹ ਲੈ ਕੇ ਆ ਗਈ ਤੇ ਉਸ ਨਾਲ ਰਲ ਕੇ ਪੇਪਰਾਂ ਉਪਰ ਨੰਬਰ ਲਾਉਣ ਲੱਗ ਪਈ। ਪੰਦਰਾਂ ਕੁ ਮਿੰਟ ਹੋਰ ਲਗਾਏ ਸਨ ਕਿ ਸੁਮੀਤ ਦਾ ਫੋਨ ਆ ਗਿਆ। ਉਹ ਵਾਪਸ ਆ ਰਿਹਾ ਸੀ। ਘੰਟੇ ਕੁ ਤਕ ਪੁੱਜ ਜਾਣ ਵਾਲਾ ਸੀ। ਕਰਮ ਸਿੰਘ ਆਪਣੇ ਹੱਥਲਾ ਕੰਮ ਇਕ ਪਾਸੇ ਰੱਖਦਾ ਘਰਵਾਲੀ ਨੂੰ ਬੋਲਿਆ,

"ਹੁਣ ਇਹ ਕੰਮ ਆਪਾਂ ਸਾਰੇ ਰਲ਼ ਕੇ ਰਾਤ ਨੂੰ ਕਰਾਂਗੇ, ਤੁਸੀਂ ਹੁਣ ਸਾਡੇ ਲਈ ਪਕੌੜੇ ਕੱਢ ਦਿਓ, ਅਸੀਂ ਜ਼ਰਾ ਹਵਾ-ਪਿਆਜ਼ੀ ਹੋ ਲਈਏ, ਸੁਮੀਤ ਸਿੰਘ ਇਹੀ ਨਾ ਸੋਚੇ ਕਿ ਮੈਂ ਉਹਦੇ ਦੋਸਤ ਦੀ ਸੇਵਾ ਹੀ ਨਹੀਂ ਕੀਤੀ।"

ਉਹ ਉਠਿਆ ਤੇ ਬਰਾਂਡੇ ਵਿਚ ਇਕ ਟੇਬਲ ਲਗਾ ਆਇਆ। ਉਸ ਮੇਜ਼ ਉਪਰ ਵਿਸਕੀ ਦੀ ਬੋਤਲ ਤੇ ਹੋਰ ਨਿਕ-ਸੁਕ ਰੱਖ ਕੇ ਬੋਲਿਆ,

"ਡਾਕਟਰ ਸਾਹਿਬ, ਬਾਹਰ ਆ ਜਾਓ। ਦੇਖੋ, ਮੌਸਮ ਕਿੰਨਾ ਆਸ਼ਕਾਨਾ ਏ, ਹਲਕੀ ਹਲਕੀ ਪੈਂਦੀ ਫੁਆਰ ਦੀ ਠੰਡ ਧੁਰ ਮਨ ਦੇ ਅੰਦਰ ਤਕ ਲਹਿੰਦੀ ਜਾ ਰਹੀ ਏ।"

ਉਹ ਕੁਰਸੀਆਂ ਖਿੱਚ ਕੇ ਬਹਿ ਗਏ। ਸਾਹਮਣੇ ਪੈਂਦੇ ਦਿਸਦੇ ਮੀਂਹ ਨੇ ਵੱਖਰਾ ਹੀ ਨਜ਼ਾਰਾ ਬੰਨ ਦਿੱਤਾ ਹੋਇਆ ਸੀ। ਕਰਮ ਸਿੰਘ ਨੇ ਹਲਕੇ ਹਲਕੇ ਪੈੱਗ ਬਣਾਏ ਤੇ ਘੁੱਟ ਭਰ ਕੇ ਸ਼ਰਾਬ ਨਾਲ ਜੁੜਿਆ ਸ਼ੇਅਰ ਸੁਣਾਉਣ ਲੱਗਿਆ। ਉਸ ਦੀ ਪਤਨੀ ਵੀ ਪਕੌੜੇ ਬਣਾ ਲਿਆਈ ਤੇ ਉਹਨਾਂ ਕੋਲ ਹੀ ਬਹਿ ਕੇ ਉਸ ਦੇ ਪਰਿਵਾਰ ਬਾਰੇ ਗੱਲਾਂ ਕਰਨ ਲੱਗੀ। ਮੀਂਹ ਕਦੇ ਤੇਜ਼ ਹੋ ਜਾਂਦਾ ਸੀ ਤੇ ਕਦੇ ਹਲਕਾ। ਕਦੇ ਰੁਕ ਵੀ ਜਾਂਦਾ ਸੀ। ਅੰਦਰ ਬੱਚੇ ਕਿਸੇ ਗੱਲੋਂ ਆਪਸ ਵਿਚ ਬਹਿਸ ਰਹੇ ਸਨ। ਕਰਮ ਸਿੰਘ ਉਠ ਕੇ ਗਿਆ ਤੇ ਉਹਨਾਂ ਨੂੰ ਦਬਕਦਾ ਹੋਇਆ ਬੋਲਿਆ,

"ਮੈਂ ਤੁਹਾਨੂੰ ਕਿੰਨੀ ਵਾਰ ਕਿਹਾ ਕਿ ਆਪਸ ਵਿਚ ਗੱਲ ਜਾਂ ਤਾਂ ਇੰਗਲਿਸ਼ ਵਿਚ ਕਰਿਆ ਕਰੋ ਜਾਂ ਫਿਰ ਹਿੰਦੀ ਵਿਚ। ਮੁੜ ਕੇ ਪੰਜਾਬੀ ਵਿਚ ਗੱਲਾਂ ਕਰਦੇ ਸੁਣ ਲਏ ਤਾਂ ਸਜ਼ਾ ਦੇਵਾਂਗਾ।"

## ਸੋਲਾਂ

ਸਵੇਰੇ ਉਠਦਿਆਂ ਹੀ ਵੇਲਾਂ ਦਾ ਫੋਨ ਆ ਗਿਆ। ਜਦ ਵੀ ਉਸ ਨੂੰ ਵਕਤ ਲਗਦਾ ਉਹ ਫੋਨ ਕਰ ਲੈਂਦੀ। ਉਸ ਨੇ ਆਖਿਆ,

"ਵੱਡੇ ਭੈਣ ਜੀ ਦੀ ਇਕ ਫਰਮਾਇਸ਼ ਐ, ਕੁਝ ਲੈ ਕੇ ਆਉਣ ਦੀ।"

"ਕਿਹੜੀ ਚੀਜ਼ ਦੀ?"

"ਕਹਿੰਦੀ ਕਿ ਮੇਵਿਆਂ ਵਾਲਾ ਗੁੜ ਲਿਆ ਦਿਓ ਜੇ ਲਿਆ ਸਕਦੇ ਹੋਏ।"

"ਹੋਰ ਕੁਝ?"

"ਹੋਰ ਆਪਣੀ ਕੋਈ ਚੀਜ਼ ਕਿਤੇ ਭੁੱਲ ਨਾ ਜਾਇਓ, ਜਿੱਦਾਂ ਕਿਤੇ ਨਾ ਕਿਤੇ ਕੋਈ ਚੀਜ਼ ਛੱਡ ਆਇਆ ਹੀ ਕਰਦੇ ਓ।"

ਉਸ ਨੇ ਆਖ ਕੇ ਫੋਨ ਰੱਖ ਦਿਤਾ ਤੇ ਅਰਵਿੰਦ ਨੂੰ ਡਰ ਲੱਗਣ ਲੱਗਿਆ ਕਿ ਕਿਤੇ ਉਸ ਨੂੰ ਦਿੱਲੀ ਰਹਿ ਗਏ ਬੈਗ ਦੀ ਸੋਅ ਤਾਂ ਨਹੀਂ ਮਿਲ ਗਈ। ਉਸ ਦਾ ਮਨ ਉਦਾਸ ਜਿਹਾ ਹੋ ਗਿਆ। ਉਹ ਧਿਆਨ ਹੋਰ ਪਾਸੇ ਲਾਉਣ ਲਈ ਗੁੜ ਬਾਰੇ ਸੋਚਣ ਲੱਗਿਆ। ਇਹ ਗੁੜ ਕਿਥੋਂ ਮਿਲ ਸਕਣਾ ਸੀ। ਵੇਲਣੇ ਤਾਂ ਅੱਜਕੱਲ ਚੱਲਦੇ ਨਹੀਂ ਹੋਣਗੇ। ਫਿਰ ਉਸ ਨੂੰ ਖਿਆਲ ਆਇਆ ਕਿ ਸੜਕ ਕੰਢੇ ਕਿਤੇ ਵੇਲਣਾ ਚੱਲਦਾ ਦਿਸਿਆ ਤਾਂ ਸੀ। ਸ਼ਾਇਦ ਉਹ ਗੰਨੇ ਦੀ ਕੋਈ ਹੋਰ ਕਿਸਮ ਹੋਵੇ ਜਿਹੜੀ ਇਸ ਮੌਸਮ ਵਿਚ ਤਿਆਰ ਹੋ ਜਾਂਦੀ ਹੋਵੇ। ਉਸ ਨੇ ਇਹ ਸਮੱਸਿਆ ਗੁਪਾਲੇ ਲਈ ਛੱਡ ਦੇਣ ਦਾ ਫੈਸਲਾ ਕਰ ਲਿਆ ਤੇ ਉਠ ਕੇ ਕਮਰੇ ਤੋਂ ਬਾਹਰ ਆ ਗਿਆ।

ਮੀਂਹ ਬੰਦ ਹੋ ਚੁੱਕਿਆ ਸੀ ਤੇ ਠੰਡ ਜਿਹੀ ਵਰਤੀ ਪਈ ਸੀ। ਉਸ ਦਾ ਦਿਲ ਕਰੇ ਕਿ ਥੋੜਾ ਤੁਰ ਕੇ ਆਵੇ ਪਰ ਬਾਹਰ ਸੜਕਾਂ ‘ਤੇ ਹਾਲੇ ਵੀ ਪਾਣੀ ਫਿਰ ਰਿਹਾ ਸੀ। ਅੱਜ ਉਸ ਦਾ ਪ੍ਰੋਗਰਾਮ ਯੂਨੀਵਰਸਟੀ ਜਾਣ ਦਾ ਸੀ। ਸੁਮੀਤ ਦੇ ਸਹਿਕਾਮੇ ਡਾਕਟਰਾਂ-ਪ੍ਰੋਫੈਸਰਾਂ ਨੂੰ ਮਿਲਣਾ ਸੀ। ਜੇ ਵਿਦਿਆਰਥੀ ਇਕੱਠੇ ਹੋ ਗਏ ਤਾਂ ਉਸ ਨੇ ਉਹਨਾਂ ਨੂੰ ਲੈਕਚਰ ਵੀ ਦੇਣਾ ਸੀ। ਅੱਜਕੱਲ ਦਾਖਲੇ ਦੇ ਦਿਨ ਸਨ ਇਸ ਲਈ ਸਾਰੇ ਵਿਦਿਆਰਥੀ ਯੂਨੀਵਰਸਟੀ ਨਹੀਂ ਸਨ ਆਉਂਦੇ। ਉਹ ਉਠ ਕੇ ਲੈਕਚਰ ਲਈ ਨੋਟਿਸ ਲਿਖਣ ਲੱਗਿਆ। ਸਭ ਤੋਂ ਪਹਿਲਾਂ ਤਾਂ ਉਸ ਨੇ ਪਿਛਲੀਆਂ ਦੋ ਕੁ ਸਦੀਆਂ ਵਿਚ ਆਪਣੇ ਦੇਸ ਵਿਚੋਂ ਦੂਜੇ ਦੇਸਾਂ ਵਿਚ ਜਾ ਵਸੇ ਭਾਰਤੀਆਂ ਬਾਰੇ ਗੱਲ ਕਰਨੀ ਸੀ। ਭਾਰਤੀ ਡਾਇਸਪੋਰੇ ਵਾਲੇ ਮੁੱਖ ਦੇਸ਼ਾਂ ਬਾਰੇ ਦੱਸਣਾ ਸੀ ਤੇ ਉਥੋਂ ਦੀ ਉਹਨਾਂ ਦੀ ਨਵੀਂ ਜੀਵਨ-ਸ਼ੈਲੀ ਬਾਰੇ ਵੀ। ਪਰਵਾਸ ਧਾਰਨ ਕਰਨ ਤੇ ਡਾਇਸਪੋਰੇ ਦੇ ਫਰਕ ਬਾਰੇ ਵੀ ਬੋਲਣਾ ਸੀ। ਇਵੇਂ ਹੀ ਗੱਲਾਂ ਕਰਦਿਆਂ ਉਸ ਨੇ ਪੜ੍ਹਾਈ ਦੀ ਮਹਤੱਤਾ ਵੀ ਦੱਸਣੀ ਸੀ। ਉਸ ਨੇ ਕਿਸੇ ਨਾ ਕਿਸੇ ਤਰੀਕੇ ਨਾਲ ਬੱਚਿਆਂ ਦੇ ਮਾਂਪਿਆਂ ਨੂੰ, ਜੋ ਉਹਨਾਂ ਉਪਰ ਪੜ੍ਹਨ ਲਈ ਦਬਾਅ ਪਾਉਂਦੇ ਸਨ, ਸਹੀ ਸਿੱਧ ਕਰਨਾ ਸੀ। ਛੋਟੇ ਜਿਹੇ ਲੈਕਚਰ ਤੋਂ ਬਾਅਦ ਬੱਚਿਆਂ ਨੂੰ ਸਵਾਲ ਕਰਨ ਲਈ ਸੱਦਾ ਦੇਣਾ ਸੀ। ਜੇ ਬੱਚੇ ਸਵਾਲ ਨਾ ਕਰਦੇ ਤਾਂ ਸੁਮੀਤ ਨੇ ਆਪਣੇ ਕਿਸੇ ਕੁਲੀਗ ਤੋਂ ਹੀ ਸਵਾਲ ਪੁੱਛਵਾਉਣੇ ਸਨ। ਇਹਨਾਂ ਗੱਲਾਂ ਨੂੰ ਮੂਹਰੇ ਰੱਖਦਾ ਉਹ ਤਿਆਰੀ ਕਰ ਰਿਹਾ ਸੀ।

ਲੋਅ ਹੁੰਦਿਆਂ ਹੀ ਸੁਮੀਤ ਉਸ ਦੇ ਕਮਰੇ ਵਿਚ ਆ ਗਿਆ ਤੇ ਬੋਲਿਆ,

“ਮੈਂ ਨੈੱਟ ‘ਤੇ ਦੇਖ ਕੇ ਆਇਆਂ, ਪਰਸੋਂ ਦੀ ਆਪਣੀ ਮੀਟਿੰਗ ਦੀ ਸੁਹਣੀ ਰਿਪ੍ਰੋਟਿੰਗ ਹੋਈ ਏ। ਤੇਰੀ ਵਾਹਵਾ ਤਾਰੀਫ ਕੀਤੀ ਹੋਈ ਏ। ਰਾਣੀ ਚਾਹ ਲੈ ਕੇ ਆਉਂਦੀ ਏ ਤੇ ਫਿਰ ਦੂਜੇ ਕਮਰੇ ਵਿਚ ਜਾ ਕੇ ਨੈੱਟ ਲਾ ਕੇ ਦੇਖੀਂ ਜ਼ਰਾ। ਤੈਨੂੰ ਲੱਗੇਗਾ ਕਿ ਤੇਰਾ ਇੰਡੀਆ ਆਉਣਾ ਸਫਲ ਹੋ ਗਿਆ।”

ਇਹ ਖ਼ਬਰ ਅਰਵਿੰਦ ਨੂੰ ਖੁਸ਼ ਕਰ ਗਈ। ਉਸ ਨੇ ਕਦੇ ਸੋਚਿਆ ਹੀ ਨਹੀਂ ਸੀ ਕਿ ਇਵੇਂ ਉਸ ਬਾਰੇ ਅਖਬਾਰਾਂ ਵਿਚ ਕੋਈ ਖ਼ਬਰ ਵੀ ਛਪੇਗੀ। ਇਕ ਗੱਲ ਦੀ ਉਸ ਨੂੰ ਹੋਰ ਵੀ ਬਹੁਤ ਖੁਸ਼ੀ ਸੀ ਕਿ ਪਹਿਲਾਂ ਆਪਣੇ ਪਿੰਡ ਤੋਂ ਬਾਹਰ ਉਸ ਨੂੰ ਉਂਕਾਰ ਤੇ ਸੁਮੀਤ ਹੀ ਜਾਣਦੇ ਸਨ ਪਰ ਹੁਣ ਉਸ ਦੇ ਕਾਫੀ ਸਾਰੇ ਦੋਸਤ ਬਣ ਚੁੱਕੇ ਸਨ। ਚਾਹ ਪੀ ਕੇ ਉਸ ਨੇ ਨੈੱਟ ਖੋਹਲਿਆ। ਪੰਜਾਬੀ ਦੀਆਂ ਤਿੰਨ ਅਖਬਾਰਾਂ ਵਿਚ ਉਸ ਦਿਨ ਦੀ ਮੀਟਿੰਗ ਬਾਰੇ ਖ਼ਬਰ ਲੱਗੀ ਹੋਈ ਸੀ। ਹੈਡਿੰਗ ਦਿੱਤਾ ਹੋਇਆ ਸੀ; ਲੰਡਨ ਦੇ ਪੰਜਾਬੀ ਇਤਿਹਾਸਕਾਰ ਨਾਲ ਖੁਲ੍ਹੀਆਂ ਗੱਲਾਂ। ਕਾਫੀ ਲੰਮੀ ਰਿਪ੍ਰੋਟਿੰਗ ਸੀ। ਉਹ ਸੋਚਣ ਲੱਗਿਆ ਕਿ ਇਹ ਖੁਸ਼ੀ ਕਿਸ ਨਾਲ ਸਾਂਝੀ ਕਰੇ। ਇੰਡੀਆ ਵਿਚ ਤਾਂ ਕੋਈ ਨਹੀਂ ਸੀ ਇਸ ਖੁਸ਼ੀ ਨੂੰ ਸਮਝਣ ਵਾਲਾ। ਇੰਗਲੈਂਡ ਵਾਲੇ ਦੋਸਤ ਵੀ ਇਸ ਵੇਲੇ ਸੁੱਤੇ ਪਏ ਹੋਣੇ ਸਨ। ਉਸ ਨੇ ਫੇਸਬੁੱਕ ਖੋਹਲੀ ਤੇ ਆਪਣੇ ਗਰੁੱਪ ‘ਇੰਡੀਆ ਅਬ੍ਰੌਡ’ ਵਿਚ ਆਪਣਾ ਸਟੇਟਸ ਅੱਪਗ੍ਰੇਡ ਕਰਦਿਆਂ ਲਿਖ ਦਿਤਾ ਕਿ ਹਿੰਦੁਸਤਾਨ ਦੇ ਬੁੱਧੀਜੀਵੀ ਭਾਰਤੀ ਡਾਇਸਪੋਰੇ ਵਿਚ ਬਹੁਤ ਦਿਲਚਸਪੀ ਦਿਖਾ ਰਹੇ ਹਨ। ਕਿਸੇ ਨੇ ਗਰੁੱਪ ਵਿਚ ਗਲਤ ਕਿਸਮ ਦੀ ਫੋਟੋ ਪਾ ਦਿਤੀ ਸੀ, ਉਸ ਨੇ ਉਸ ਮੈਂਬਰ ਨੂੰ ਹੀ ਬਲੌਕ ਕਰ ਮਾਰਿਆ। ਉਸ ਨੇ ਹਾਰਵੀ ਬੈਂਸ ਨੂੰ ਵੀ ਸੁਨੇਹਾ ਇਨਬੌਕਸ ਕਰ ਦਿਤਾ ਕਿ ਅੱਜ ਦੀਆਂ ਅਖ਼ਬਾਰਾਂ ਦੇਖੇ। ਇਵੇਂ ਹੀ ਮੰਨਤ ਨੂੰ ਵੀ ਇਸ ਬਾਰੇ ਸੁਨੇਹਾ ਛੱਡ ਦਿਤਾ।...

ਨਾਸ਼ਤਾ ਕਰਕੇ ਉਹ ਯੂਨੀਵਰਸਟੀ ਜਾਣ ਲਈ ਤਿਆਰ ਸਨ। ਕਾਰ ਵਿਚ ਬੈਠਦਿਆਂ ਹੀ ਸੁਮੀਤ ਸਹੋਤਾ ਸ਼ੁਰੂ ਹੋ ਗਿਆ,

“ਸਾਡੇ ਤਾਂ ਏਥੇ ਪ੍ਰੋਫੈਸਰ ਮੌਜਾਂ ਲੁਟਦੇ ਨੇ, ਬੁੱਲੇ ਵੱਢਦੇ ਨੇ, ਖਾਸ ਤੌਰ ‘ਤੇ ਪੰਜਾਬੀ ਵਾਲੇ। ਪੰਜਾਬੀ ਵਿਚ ਹੀ ਸਭ ਤੋਂ ਵੱਧ ਪੀ ਐਚ. ਡੀ. ਹੁੰਦੀਆਂ ਨੇ। ਆਹ ਕਰਮ ਸਿੰਘ ਨੇ ਦੋ ਸਟੂਡੈਂਟ ਰੱਖੀਆਂ ਹੋਈਆਂ। ਦੋਨੋਂ ਹੀ ਟੌਪ ਦੀਆਂ।”

“ਤੇ ਮੇਰੇ ਭਾਊ ਕੋਲ ਕਿੰਨੀਆਂ?”

“ਮੇਰੇ ਕੋਲ ਇਕ ਹੀ ਏ। ਮੈਂ ਇਕ ਸਮੇਂ ਇਕ ਹੀ ਰੱਖਦਾਂ। ਜਦ ਉਸ ਦੀ ਡਿਗਰੀ ਪੂਰੀ ਹੋਣ ਦੇ ਨੇੜੇ ਹੋ ਜਾਏ ਤਾਂ ਹੋਰ ਲੱਭੀਦੀ ਏ। ਹਿਸਟਰੀ ਵਿਚ ਪੀ ਐਚ. ਡੀ. ਵੀ ਬਹੁਤ ਘੱਟ ਕਰਦੀਆਂ ਨੇ।”

“ਯੂ ਨੋਅ, ਜਦ ਬੰਦੇ ਨੂੰ ਕੁਝ ਖਾਣ ਦਾ ਭੁਸ ਪੈ ਜਾਵੇ ਤਾਂ ਉਹ ਖੁਰਾਕ ਕਿਤੋਂ ਨਾ ਕਿਤੋਂ ਪੈਦਾ ਕਰ ਹੀ ਲੈਂਦਾ।”

“ਇਹ ਗੱਲ ਤਾਂ ਤੇਰੀ ਠੀਕ ਏ ਪਰ ਫਿਰ ਵੀ ਬਚ ਕੇ ਚੱਲਣਾ ਪੈਂਦਾ। ਹਰਪ੍ਰੀਤ ਬਹੁਤ ਸ਼ੱਕੀ ਕਿਸਮ ਦੀ ਔਰਤ ਏ।”

“ਤੂੰ ਕਿਹੜਾ ਉਹਦੀ ਗੱਲ ਸੁਣਨ ਵਾਲਾ ਐਂ।”

“ਜੇ ਤਾਂ ਇਹ ਵੀ ਜੌਬ ਕਰਦੀ ਹੁੰਦੀ ਤਾਂ ਗੱਲ ਹੋਰ ਸੀ। ਕੰਮ ਕਰਦੀ ਔਰਤ ਵਿਚ ਅੰਡਰਸਟੈਂਡਿੰਗ ਆ ਜਾਂਦੀ ਏ ਪਰ ਘਰ ਬੈਠੀ ਔਰਤ ਕੋਲ ਸ਼ੱਕ ਕਰਨ ਤੋਂ ਬਿਨਾਂ ਕੁਝ ਹੋਰ ਨਹੀਂ ਹੁੰਦਾ।”

“ਇਹ ਕਿੱਦਾਂ ਭਾਊ?”

“ਉਹ ਇਤਰਾਂ ਕਿ ਕੰਮ ਕਰਦੀ ਔਰਤ ਕੰਮ ਉਪਰਲੀਆਂ ਮਜਬੂਰੀਆਂ ਨੂੰ ਸਮਝਣ ਲੱਗਦੀ ਏ। ਹੁਣ ਸਾਡਾ ਤਾਂ ਕੁੜੀਆਂ ਨਾਲ ਵਾਹ ਪੈਣਾ ਹੀ ਹੁੰਦਾ ਏ, ਜੇ ਔਰਤ ਸ਼ੱਕ ਹੀ ਕਰੀ ਜਾਵੇ ਤਾਂ ਘਰ ਕਿਵੇਂ ਚੱਲੇਗਾ!”

ਉਹਨਾਂ ਕਾਰ ਕਾਰਪਾਰਕ ਵਿਚ ਰੋਕੀ ਤਾਂ ਦੋ ਕੁੜੀਆਂ ਉਹਨਾਂ ਵੱਲ ਭੱਜੀਆਂ ਜਿਹੀਆਂ ਆਈਆਂ। ਅਰਵਿੰਦ ਨੂੰ ਦੇਖ ਕੇ ਉਹ ਜ਼ਰਾ ਝਿਜਕ ਗਈਆਂ। ਸੁਮੀਤ ਦੇ ਉਹ ਪੈਰੀਂ ਹੱਥ ਲਾ ਕੇ ਮਿਲੀਆਂ। ਇਕ ਕੁੜੀ ਅਰਵਿੰਦ ਵੱਲ ਦੇਖਦੀ ਹੌਲੇ ਜਿਹੇ ਬੋਲੀ,

“ਸਰਜੀ, ਅਸੀਂ ਤੁਹਾਨੂੰ ਕੱਲ ਫੋਨ ਵੀ ਕੀਤਾ ਸੀ।”

“ਹਾਂ, ਕੱਲ ਮੈਂ ਜੰਮੂ ਵਾਇਵਾ ਲੈਣ ਗਿਆ ਹੋਇਆ ਸੀ। ਤੁਹਾਡੇ ਵਿਚੋਂ ਕਿਹਨੂੰ ਗਾਈਡ ਚਾਹੀਦਾ ਏ?”

"ਸਰ ਮੈਨੂੰ।"

ਪਤਲੀ ਤੇ ਲੰਮੀ ਜਿਹੀ ਕੁੜੀ ਨੇ ਕਿਹਾ। ਸੁਮੀਤ ਨੇ ਉਸ ਵੱਲ ਨਜ਼ਰ ਭਰ ਕੇ ਦੇਖਿਆ ਤੇ ਆਖਣ ਲੱਗਿਆ,

"ਮੈਂ ਤਾਂ ਤੈਨੂੰ ਜਾਣਦਾ ਵੀ ਨਹੀਂ, ਮੈਂ ਤੇਰਾ ਗਾਈਡ ਕਿਵੇਂ ਬਣ ਸਕਦਾਂ?"

"ਸਰਜੀ, ਇਹ ਬਹੁਤ ਮਿਹਨਤੀ ਕੁੜੀ ਏ, ਤੁਸੀਂ ਜਿਵੇਂ ਕਹੋਂਗੇ ਇਹ ਕਰੇਗੀ। ਪੂਰੀ ਮਿਹਨਤ ਤੇ ਧੁਰ ਤਕ ਨਿਭੇਗੀ, ਤੁਸੀਂ ਯਕੀਨ ਕਰੋ ਮੇਰਾ।"

ਉਸ ਦੇ ਨਾਲ ਦੀ ਕੁੜੀ ਆਪਣੀ ਸਹੇਲੀ ਦੀ ਵਕਾਲਤ ਕਰਨ ਲੱਗੀ। ਸੁਮੀਤ ਨੇ ਫਿਰ ਉਸੇ ਕੁੜੀ ਵੱਲ ਦੇਖਿਆ ਤੇ ਆਖਿਆ,

"ਤੈਨੂੰ ਕਿਹੜਾ ਮੈਂ ਜਾਣਦਾ ਵਾਂ। ਫੇਰ ਮੇਰੇ ਕੋਲ ਹਾਲੇ ਕਾਫੀ ਸਟੂਡੈਂਟ ਹੈਗੇ ਨੇ।"

"ਸਰਜੀ, ਇਵੇਂ ਇਨਕਾਰ ਨਾ ਕਰੋ, ਮੈਂ ਬਹੁਤ ਵਧੀਆ ਸਟੂਡੈਂਟ ਸਿੱਧ ਹੋਵਾਂਗੀ, ਕਿਸੇ ਗੱਲੋਂ ਨਿਰਾਸ਼ ਨਹੀਂ ਕਰਾਂਗੀ, ਤੁਸੀਂ ਇਕ ਮੌਕਾ ਤਾਂ ਦੇਵੋ।"

ਉਹ ਕੁੜੀ ਇਕ ਕਿਸਮ ਨਾਲ ਲੇਲੜੀਆਂ ਕੱਢ ਰਹੀ ਸੀ। ਸੁਮੀਤ ਨੇ ਉਹਨਾਂ ਨੂੰ ਗਲੋਂ ਲਾਹੁਣ ਵਾਂਗ ਕਿਹਾ,

"ਅੱਜ ਮੈਂ ਬਿਜ਼ੀ ਆਂ, ਕੱਲ ਨੂੰ ਫੋਨ ਕਰਨਾ ਪਰ ਇਕ ਗੱਲ ਸਾਫ ਕਰਦਿਆਂ ਕਿ ਮੇਰੇ ਕੋਲ ਜਗਾਹ ਨਹੀਂ ਏ।"

"ਪਲੀਜ਼ ਸਰਜੀ!"

ਉਸ ਕੁੜੀ ਨੇ ਕਿਹਾ। ਸੁਮੀਤ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਉਹਨਾਂ ਨੂੰ 'ਬਾਏ' ਕਿਹਾ ਤੇ ਉਹ ਤੁਰ ਪਏ। ਕੁੜੀਆ ਵੀ ਆਪਣੇ ਰਾਹੇ ਚਲੇ ਗਈਆਂ। ਸੁਮੀਤ ਦੱਸਣ ਲੱਗਿਆ,

"ਇਹ ਹਾਲ ਏ ਇਥੇ। ...ਪਰ ਮੇਰੇ ਕੋਲ ਸਟੂਡੈਂਟ ਹੈਗੀ ਏ, ਦਿਖਾਵਾਂਗਾ ਅੱਜ। ...ਦੇਖ ਕੇ ਭੁੱਖ ਲਹਿੰਦੀ ਏ!"

ਸਾਹਮਣੇ ਇਕ ਪ੍ਰੋਫੈਸਰ ਆਉਂਦਾ ਦਿੱਸ ਪਿਆ। ਸੁਮੀਤ ਨੇ ਉਸ ਨੂੰ ਦੂਰੋਂ ਹੀ ਹੱਥ ਹਿਲਾਇਆ। ਉਹ ਨੇੜੇ ਆਇਆ ਤਾਂ ਸੁਮੀਤ ਨੇ ਕਿਹਾ,

"ਡਾਕਟਰ ਸਾਹਿਬ, ਅਸੀਂ ਤੁਹਾਨੂੰ ਉਸ ਦਿਨ ਬਹੁਤ ਉਡੀਕਿਆ। ...ਇਹ ਨੇ ਮੇਰੇ ਦੋਸਤ ਜਿਹੜੇ ਲੰਡਨ ਤੋਂ ਆਏ ਨੇ, ਇਹਨਾਂ ਦੇ ਮਾਣ ਵਿਚ ਹੀ ਉਸ ਦਿਨ ਇਕੱਠੇ ਹੋਏ ਸਾਂ।"

"ਮੈਂ ਪੜ੍ਹ ਲਈ ਏ ਰਿਪੋਟ।"

ਉਸ ਨੇ ਅਰਵਿੰਦ ਨਾਲ ਹੱਥ ਮਿਲਾਉਂਦਿਆਂ ਕਿਹਾ। ਉਹ ਕੁਝ ਦੇਰ ਸਰਸਰੀ ਜਿਹੜੀਆਂ ਗੱਲਾਂ ਕਰਕੇ ਚਲੇ ਗਿਆ। ਸੁਮੀਤ ਅਰਵਿੰਦ ਨੂੰ ਆਪਣੇ ਡਿਪਾਰਟਮੈਂਟ ਵਿਚ ਲੈ ਗਿਆ। ਸਭ ਨਾਲ ਮੁਲਾਕਾਤ ਕਰਾਈ। ਉਸ ਦੇ ਕੁਝ ਦੋਸਤਾਂ ਨੂੰ ਤਾਂ ਉਹ ਪਰਸੋਂ ਰਾਤ ਵੀ ਮਿਲ ਚੁੱਕਿਆ ਸੀ। ਜੋ ਵੀ ਮਿਲਦਾ ਅਖਬਾਰਾਂ ਵਿਚ ਲੱਗੀਆਂ ਰਿਪੋਟਾਂ ਦੀ ਗੱਲ ਕਰਦਾ। ਅਚਾਨਕ ਅਰਵਿੰਦ ਦਾ ਮੁਬਾਈਲ ਵੱਜਿਆ। ਮੰਨਤ ਦਾ ਫੋਨ ਸੀ। ਅਰਵਿੰਦ ਨੇ 'ਹੈਲੋ' ਕਹੀ ਤਾਂ ਉਹ ਅਗੋਂ ਬੋਲੀ,

"ਤੁਸੀਂ ਤਾਂ ਕਮਾਲ ਦੇ ਵਿਅਕਤੀ ਨਿਕਲੇ ਅਰਵਿੰਦ ਜੀ, ਕਮਾਲ ਦੀਆਂ ਗੱਲਾਂ ਕੀਤੀਆਂ ਤੁਸੀਂ। ਤੁਸੀਂ ਤਾਂ ਕਹਿੰਦੇ ਸੀ ਕਿ ਤੁਸੀਂ ਇਤਿਹਾਸ ਦੇ ਵਿਦਿਅਰਥੀ ਹੋ ਪਰ ਤੁਸੀਂ ਤਾਂ ਇਕੌਨੋਮਿਸਟ ਵੀ ਨਿਕਲੇ। ਡਾਕਟਰ ਸਾਹਿਬ ਦਾ ਫੋਨ ਵੀ ਆਇਆ ਸੀ, ਉਹ ਵੀ ਇਸ ਰਿਪੋਟ ਦੀ ਗੱਲ ਕਰ ਰਹੇ ਸੀ। ਲੁਧਿਆਣੇ ਆ ਰਹੇ ਓ ਨਾ?"

"ਯੂ ਨੋਅ, ਹਾਲੇ ਕੁਝ ਨਹੀਂ ਕਿਹਾ ਜਾ ਸਕਦਾ। ਜਦ ਵੀ ਸੰਭਵ ਹੋਇਆ ਮੈਂ ਫੋਨ ਕਰ ਦਿਆਂਗਾ।"

ਉਹਨਾਂ ਵਿਚਕਾਰ ਕੁਝ ਕੁ ਗੱਲਾਂ ਹੋਰ ਹੋਈਆਂ। ਅਰਵਿੰਦ ਨੇ ਫੋਨ ਰੱਖਿਆ ਤਾਂ ਸੁਮੀਤ ਉਸ ਵੱਲ ਹੋਰਵੇਂ ਦੇਖਦਾ ਬੋਲਿਆ,

"ਕਿਸੇ ਬੀਬੀ ਦਾ ਫੋਨ ਲੱਗਦਾ ਏ?"

"ਹਾਂ, ਇਕ ਮੈਡਮ ਮਿਲੀ ਸੀ ਦਿੱਲੀ, ਉਸ ਨੇ ਵੀ ਇਹ ਰਿਪੋਟ ਪੜ੍ਹੀ ਐ।"

"ਕੀ ਕਰਦੀ ਏ ਮੈਡਮ?"

"ਲੁਧਿਆਣੇ ਗੌਰਮਿੰਟ ਕਾਲਜ ਵਿਚ ਹਿੰਦੀ ਦੀ ਹੈੱਡ ਐ, ਮੰਨਤ ਗਰੇਵਾਲ। ਉਹਦਾ ਹਸਬੈਂਡ ਗੋਬਿੰਦਰ ਗਰੇਵਾਲ ਪਟਿਆਲੇ ਐ।"

"ਮੈਂ ਜਾਣਦਾਂ ਉਹਨੂੰ, ਯੂਨੀਅਨ ਵਿਚ ਵੀ ਹੈਗਾ ਸੀ ਉਹ। ਕਈ ਵਾਰ ਅਸੀਂ ਇਕੱਠੇ ਵਾਇਵਾ ਲੈਣ ਗਏ ਵੀ ਮਿਲਦੇ ਰਹੇ ਆਂ। ਬਹੁਤ ਸਾਰੇ ਦੋਸਤ ਸਾਂਝੇ ਨੇ ਸਾਡੇ।"

"ਵੱਟ ਏ ਕੋ ਇਨਸੀਡੈਂਟ!"

ਉਹ ਗੱਲਾਂ ਕਰ ਰਹੇ ਸਨ ਕਿ ਵਿਦਿਆਰਥੀ ਉਹਨਾਂ ਦੇ ਆਲੇ ਦੁਆਲੇ ਇਕੱਠੇ ਹੋਣੇ ਸ਼ੁਰੂ ਹੋ ਗਏ। ਇਹ ਸਾਰੇ ਨਵੀਆਂ ਜਮਾਤਾਂ ਵਿਚ ਦਾਖਲਾ ਲੈਣ ਆਏ ਹੋਏ ਰਲੇ-ਮਿਲੇ ਵਿਸ਼ਿਆਂ ਵਾਲੇ ਵਿਦਿਆਰਥੀ ਸਨ। ਸੁਮੀਤ ਉਹਨਾਂ ਨੂੰ ਸੋਲਾਂ ਨੰਬਰ ਕਮਰੇ ਵੱਲ ਇਸ਼ਾਰਾ ਕਰਦਾ ਜਾ ਰਿਹਾ ਸੀ ਜਿਥੇ ਸਭ ਨੇ ਇਕੱਠੇ ਹੋਣਾ ਸੀ। ਉਹ ਸੁਮੀਤ ਦੇ ਵਿਭਾਗ ਦੇ ਕਮਰੇ ਵਿਚ ਜਾ ਬੈਠੇ। ਕੁਝ ਹੋਰ ਅਧਿਆਪਕ ਵੀ ਆ ਗਏ। ਅਰਵਿੰਦ ਨਰਵਸ ਜਿਹਾ ਹੋਣ ਲੱਗਿਆ। ਭਾਵੇਂ ਉਹ ਆਪਣੇ ਕੰਮ 'ਤੇ ਟਰੇਨਿੰਗ ਦੇਣ ਵੇਲੇ ਲੈਕਚਰ ਦਿੰਦਾ ਰਹਿੰਦਾ ਸੀ ਪਰ ਇਥੇ ਉਹ ਡਰਦਾ ਸੀ ਕਿ ਇਹ ਸਾਰੇ ਅਧਿਆਪਕ ਹੰਢੇ ਹੋਏ ਬੁਲਾਰੇ ਸਨ ਤੇ ਕਿਤੇ ਉਹ ਇਹਨਾਂ ਮੂਹਰੇ ਹਲਕਾ ਹੀ ਨਾ ਪੈ ਜਾਵੇ। ਇਹ ਕੋਈ ਅਜਿਹਾ ਸਵਾਲ ਨਾ ਪੁੱਛ ਲੈਣ ਕਿ ਉਸ ਨੂੰ ਜਵਾਬ ਹੀ ਨਾ ਦੇਣਾ ਆਵੇ ਜਾਂ ਉਸ ਦਾ ਜਵਾਬ ਇਹਨਾਂ ਦੀ ਤਸੱਲੀ ਹੀ ਨਾ ਕਰਾ ਸਕੇ। ਇਕ ਕੁੜੀ ਉਚੇਚੇ ਤੌਰ 'ਤੇ ਮਿਲਣ ਆਈ। ਸੁਮੀਤ ਨੇ ਵਾਕਫੀ ਕਰਾਉਂਦਿਆਂ ਦੱਸਿਆ,

"ਅਰਵਿੰਦ ਜੀ, ਇਹ ਅਮਰਪਾਲੀ ਏ, ਪੀ ਐਚ. ਡੀ. ਕਰ ਰਹੀ ਏ ਮੇਰੇ ਨਾਲ ਹੀ, ਇਹਦੇ ਬਾਰੇ ਮੈਂ ਦੱਸਿਆ ਵੀ ਸੀ।"

ਉਹ ਕੁੜੀ ਵਾਕਿਆ ਹੀ ਸੁਹਣੀ ਸੀ। ਅਰਵਿੰਦ ਨੇ ਉਸ ਵਲ ਧਿਆਨ ਨਾਲ ਦੇਖਿਆ। ਜਦ ਤਕ ਚਾਹ ਵੀ ਆ ਗਈ ਸੀ। ਅਰਵਿੰਦ ਨੇ ਅਮਰਪਾਲੀ ਨੂੰ ਵੀ ਕੋਲ ਹੀ ਬੈਠਾ ਲਿਆ। ਉਹ ਚਾਹ ਪੀ ਕੇ ਹਟੇ ਹੀ ਸਨ ਇਕ ਇਕ ਵਿਦਿਆਰਥੀ ਉਹਨਾਂ ਨੂੰ ਸੱਦਣ ਆ ਗਿਆ। ਉਹ

ਸਾਰੇ ਉਠ ਕੇ ਤੁਰ ਪਏ। ਸਭ ਤੋਂ ਮੁਹਰੇ ਸੁਮੀਤ ਸੀ ਤੇ ਉਸ ਦੇ ਮਗਰ ਅਰਵਿੰਦ ਤੇ ਨਾਲ ਹੀ ਹੋਰ ਅਧਿਆਪਕ ਵੀ। ਦੋ ਮੈਡਮਾਂ ਵੀ ਸਨ। ਉਹ ਵੱਡੇ ਸਾਰੇ ਹਾਲ ਕਮਰੇ ਵਿਚ ਪੁੱਜ ਗਏ। ਸੁਮੀਤ ਨੇ ਅਰਵਿੰਦ ਨੂੰ ਪ੍ਰਧਾਨਗੀ ਦੀ ਕੁਰਸੀ ਉਪਰ ਬੈਠਣ ਲਈ ਕਿਹਾ। ਕੁਝ ਵਿਦਿਆਰਥੀਆਂ-ਵਿਦਿਆਥਣਾਂ ਨੇ ਆ ਕੇ ਉਸ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ। ਸੁਮੀਤ ਨੇ ਵਿਦਿਆਰਥੀਆਂ ਨੂੰ ਉਸ ਬਾਰੇ ਤਫਸੀਲ ਵਿਚ ਦੱਸਿਆ ਤੇ ਫਿਰ ਉਸ ਨੂੰ ਭਾਸ਼ਨ ਦੇਣ ਲਈ ਸੱਦਾ ਦਿੱਤਾ। ਅਰਵਿੰਦ ਨੇ 'ਅਧਿਆਪਕ-ਗਣ ਤੇ ਵਿਦਿਆਰਥੀ-ਗਣ' ਨਾਲ ਸੰਬੋਧਨ ਹੋ ਕੇ ਆਪਣੀ ਗੱਲ ਸੁਰੂ ਕੀਤੀ। ਉਸ ਨੇ ਨੋਟ ਤਾਂ ਲਿਖੇ ਹੋਏ ਹੀ ਸਨ, ਸੋ ਇਕ ਇਕ ਕਰਕੇ ਬੋਲਣ ਲੱਗਿਆ। ਸਾਰੇ ਹੀ ਧਿਆਨ ਨਾਲ ਸੁਣ ਰਹੇ ਸਨ। ਬੋਲਦੇ ਸਮੇਂ ਉਹ ਕੋਸ਼ਿਸ਼ ਕਰ ਰਿਹਾ ਸੀ ਅੰਗਰੇਜ਼ੀ ਦੇ ਘੱਟ ਤੋਂ ਘੱਟ ਲਫਜ਼ ਬੋਲੇ। ਉਸ ਨੇ ਆਪਣਾ ਮੁਲਕ ਛੱਡਣ ਤੋਂ ਲੈ ਕੇ ਪਰਵਾਸੀ ਬਣਨ ਤੇ ਫਿਰ ਡਾਇਸਪੋਰੇ ਬਾਰੇ ਗੱਲਾਂ ਕੀਤੀਆਂ। ਉਸ ਨੇ ਡਾਇਸਪੋਰੇ ਦੇ ਮਾਹਿਨੇ ਦੱਸਣ ਲਈ ਯਹੂਦੀਆਂ ਦੇ ਪਰਵਾਸ ਤੋਂ ਗੱਲ ਸੁਰੂ ਕੀਤੀ ਤੇ ਹਿੰਦੁਸਤਾਨੀਆਂ ਤਕ ਲੈ ਆਇਆ। ਇਥੇ ਉਸ ਨੇ 'ਇੰਡੀਆ ਅਬ੍ਰੌਡ' ਬਾਰੇ ਵੀ ਗੱਲ ਕਰ ਲਈ। ਇਹ ਦੱਸੇ ਬਗੈਰ ਕਿ ਇਸ ਗਰੁੱਪ ਦਾ ਐਡਮਿਨ ਉਹ ਆਪ ਹੈ, ਉਸ ਨੇ ਦੱਸ ਦਿਤਾ ਕਿ ਇਸ ਵਿਚਲੀਆਂ ਤਸਵੀਰਾਂ ਪਰਵਾਸੀਆਂ ਦੇ ਔਖੇ ਤੇ ਸੌਖੇ ਜੀਵਨ ਨੂੰ ਦਰਸਾਉਂਦੀਆਂ ਹਨ। ਉਸ ਨੇ ਵੀਹ ਕੁ ਮਿੰਟ ਵਿਚ ਆਪਣੀ ਗੱਲ ਮੁਕਾ ਦਿਤੀ ਤੇ ਸਭ ਦਾ ਧੰਨਵਾਦ ਕਰਦਿਆਂ ਉਹ ਬੈਠ ਗਿਆ। ਉਸ ਤੋਂ ਬਾਅਦ ਸੁਮੀਤ ਦੁਬਾਰਾ ਉਠਿਆ ਤੇ ਸਭ ਨੂੰ ਸੰਬੋਧਨ ਹੁੰਦਿਆਂ ਕਿਹਾ,

"ਬੱਚਿਓ, ਤੁਸੀਂ ਅਰਵਿੰਦ ਜੀ ਦੀਆਂ ਗੱਲਾਂ ਸੁਣੀਆਂ। ਇਮੀਗਰੇਸ਼ਨ ਜਾਂ ਡਾਇਸਪੋਰੇ ਬਾਰੇ ਜਾਂ ਜਿਹੜੀਆਂ ਇਹਨਾਂ ਨੇ ਗੱਲਾਂ ਕੀਤੀਆਂ, ਜਾਂ ਜਿਹੜੀਆਂ ਗੱਲਾਂ ਇਹਨਾਂ ਨਹੀਂ ਵੀ ਕੀਤੀਆਂ, ਭਾਵ ਕਿ ਕੋਈ ਵੀ ਸਵਾਲ ਤੁਹਾਡੇ ਮਨ ਵਿਚ ਆਉਂਦਾ ਹੋਵੇ ਤਾਂ ਪੁੱਛੋ।"

ਥੋੜੀ ਦੇਰ ਚੁੱਪ ਫੈਲੀ ਰਹੀ। ਸਾਰੇ ਇਕ ਦੂਜੇ ਵੱਲ ਦੇਖਦੇ ਰਹੇ। ਫਿਰ ਇਕ ਖੂੰਜੇ ਵਿਚੋਂ ਇਕ ਮੁੰਡਾ ਉਠਿਆ ਤੇ ਬੋਲਿਆ,

"ਸਰ, ਮਾਈਗਰੇਸ਼ਨ ਦੇ ਕਾਰਨ ਤਾਂ ਤੁਸੀਂ ਦੱਸ ਦਿੱਤੇ ਪਰ ਜਦ ਉਹ ਕਾਰਨ ਪੂਰੇ ਹੋ ਜਾਂਦੇ ਨੇ ਤਾਂ ਲੋਕ ਵਾਪਸ ਕਿਉਂ ਨਹੀਂ ਮੁੜਦੇ, ਤੁਹਾਡੇ ਇੰਗਲੈਂਡ ਤੋਂ ਹੀ ਪੱਕੇ ਤੌਰ 'ਤੇ ਕਦੇ ਵਾਪਸ ਨਹੀਂ ਮੁੜਿਆ। ਕਿਉਂ?"

ਅਰਵਿੰਦ ਆਪਣੀ ਥਾਵੇਂ ਬੈਠਾ ਹੀ ਜਵਾਬ ਦੇਣ ਲੱਗਿਆ,

"ਯੂ ਨੋਅ, ਜਦੋਂ ਲੋਕ ਮਾਈਗਰੇਟ ਕਰਦੇ ਆ ਤਾਂ ਉਹ ਜਵਾਨ ਹੁੰਦੇ ਆ, ਜਦ ਵਾਪਸ ਮੁੜਨ ਦੀ ਕੋਸ਼ਿਸ਼ ਕਰਦੇ ਵੀ ਆ ਤਾਂ ਉਹ ਬੁੱਢੇ ਹੋ ਚੁੱਕੇ ਹੁੰਦੇ ਆ। ਉਹਨਾਂ ਦੇ ਬੱਚੇ, ਘਰ, ਜਾਇਦਾਦ ਸਭ ਉਥੇ ਹੁੰਦੇ ਆ, ਇਸ ਲਈ ਉਹਨਾਂ ਨੂੰ ਮੁੜਨਾ ਮੁਸ਼ਕਲ ਹੋ ਜਾਂਦੈ, ਦੂਜੇ ਉਹ ਹੁਣ ਤਕ ਨਵੀਂ ਧਰਤੀ ਦੇ ਆਦੀ ਹੋ ਚੁੱਕੇ ਹੁੰਦੇ ਆ, ਅਗਲੀ ਪੀੜ੍ਹੀ ਉਥੇ ਹੀ ਜੰਮੀ ਹੋਣ ਕਰਕੇ ਉਹਨਾਂ ਦੀਆਂ ਜੜ੍ਹਾਂ ਉਥੇ ਹੀ ਲੱਗ ਚੁੱਕੀਆਂ ਹੁੰਦੀਆਂ ਤੇ ਉਹਨਾਂ ਦੀ ਪਰਵਾਸ ਤੋਂ ਅਗਲੀ ਡਾਇਸਪੋਰਾ ਦੀ ਸਥਿਤੀ ਸੁਰੂ ਹੋ ਚੁੱਕੀ ਹੁੰਦੀ ਐ ਸੋ ਵਾਪਸ ਮੁੜਨਾ ਸੰਭਵ ਨਹੀਂ ਹੁੰਦਾ।"

ਉਸ ਤੋਂ ਬਾਅਦ ਇਕ ਕੁੜੀ ਉਠੀ ਤੇ ਕਹਿਣ ਲੱਗੀ,

"ਸਰ, ਤੁਸੀਂ ਕਿਹਾ ਕਿ ਮਾਈਗਰੇਸ਼ਨ ਚੰਗੀ ਗੱਲ ਏ ਪਰ ਸਰਕਾਰਾਂ ਇਸ ਦੇ ਖਿਲਾਫ ਕਿਉਂ ਹੁੰਦੀਆਂ ਨੇ?"

"ਯੂ ਨੋਅ, ਹਰ ਸਰਕਾਰ ਦੇ ਆਪਣੇ ਕਾਨੂੰਨ ਹੁੰਦੇ ਆ ਤੇ ਹਰ ਸਰਕਾਰ ਦੀ ਆਪਣੀ ਅਬਾਦੀ ਬਾਰੇ ਇਕ ਨੀਤੀ ਹੁੰਦੀ ਐ, ਜਿਹਨਾਂ ਦੀ ਪਹਿਲਾਂ ਹੀ ਅਬਾਦੀ ਲੋੜ ਜੋਗੀ ਹੋਵੇ ਉਹ ਨਵੇਂ ਬੰਦਿਆਂ ਨੂੰ ਆਪਣੇ ਮੁਲਕ ਵਿਚ ਨਹੀਂ ਆਉਣ ਦਿੰਦੇ।"

ਇਕ ਹੋਰ ਮੁੰਡਾ ਉਠ ਕੇ ਪੁੱਛਣ ਲੱਗਿਆ,

"ਇੰਗਲੈਂਡ ਵਿਚ ਨਵੇਂ ਬੰਦਿਆਂ ਦੇ ਸੈੱਟਲ ਹੋਣ ਦੀਆਂ ਕਿਹੋ ਜਿਹੀਆਂ ਸੰਭਾਵਨਾਵਾਂ ਨੇ? ਕੀ ਸਾਨੂੰ ਇੰਗਲੈਂਡ ਜਾਣਾ ਚਾਹੀਦਾ ਏ ਕਿ ਨਹੀਂ?"

"ਯੂ ਨੋਅ, ਇੰਗਲੈਂਡ ਜਾਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਐ, ਇਮੀਗਰੇਸ਼ਨ ਕਾਨੂੰਨ ਬਹੁਤ ਸਖਤ ਐ। ਜੇ ਤੁਹਾਨੂੰ ਕਾਨੂੰਨੀ ਤੌਰ 'ਤੇ ਜਾਣ ਦਾ ਮੌਕਾ ਮਿਲੇ ਤਾਂ ਜ਼ਰੂਰ ਜਾਵੋ ਪਰ ਗੈਰਕਾਨੂੰਨੀ ਜਾਣ ਵਿਚ ਬਹੁਤ ਹੀ ਨੁਕਸਾਨ ਐ, ਤੁਸੀਂ ਯੂਟਿਊਬ 'ਤੇ ਜਾ ਕੇ ਗੈਰਕਾਨੂੰਨੀ ਲੋਕਾਂ ਦੀ ਉਹਨਾਂ ਮੁਲਕਾਂ ਵਿਚ ਹਾਲਤ ਦੇਖ ਸਕਦੇ ਹੋ। ਇਸ ਲਈ ਜਿਸ ਨੇ ਵੀ ਜਾਣਾ ਹੋਵੇ ਕਾਨੂੰਨੀ ਤੌਰ 'ਤੇ ਵੀਜ਼ਾ ਲੈ ਕੇ ਜਾਓ ਪਰ ਬੱਚਿਓ, ਇਕ ਗੱਲ ਹੋਰ ਤੁਹਾਡੇ ਨਾਲ ਮੈਂ ਸਾਂਝੀ ਕਰਨੀ ਚਾਹੁੰਨਾ ਕਿ ਤਿੰਨ ਦਿਨ ਪਹਿਲਾਂ ਮੈਂ ਹੁਸ਼ਿਆਰ ਪੁਰ ਦੇ ਸ਼ਿਵਾਲਕ ਹੋਟਲ ਵਿਚ ਠਹਿਰਿਆ ਹੋਇਆ ਸਾਂ। ਉਥੇ ਮੈਨੂੰ ਤਿੰਨ ਕੁੜੀਆਂ ਮਿਲੀਆਂ ਜਿਹੜੀਆਂ ਇੰਗਲੈਂਡ ਤੋਂ ਆਪਣੀਆਂ ਰੂਟਸ ਲੱਭਣ ਆਈਆਂ ਹੋਈਆਂ ਸਨ। ਉਹਨਾਂ ਵਿਚੋਂ ਇਕ ਕੁੜੀ ਇਥੇ ਰਹਿ ਕੇ ਕੰਮ ਕਰਨ ਲਈ ਵੀ ਤਿਆਰ ਸੀ। ਤੁਸੀਂ ਕਹੋਂਗੇ ਕਿ ਉਲਟੀ ਗੰਗਾ ਪਹੋਏ ਨੂੰ! ਪਰ ਇਹ ਗੱਲ ਨਹੀਂ। ਮੇਰਾ ਕਹਿਣ ਦਾ ਮਤਲਬ ਕਿ ਆਪਣਾ ਇਹ ਮੁਲਕ ਵੀ ਬਹੁਤ ਵੱਡੀ ਅਹਿਮੀਅਤ ਰੱਖਦਾ ਐ। ਸਾਨੂੰ ਇਥੇ ਵੀ ਮੌਕੇ ਐਕਸਪਲੋਰ ਕਰਨੇ ਚਾਹੀਦੇ ਆ।"

ਇਕ ਹੋਰ ਮੁੰਡਾ ਉਠਿਆ। ਉਸ ਨੂੰ ਕੁੜੀਆਂ ਦੇ ਆਪਣੀਆਂ ਜੜ੍ਹਾਂ ਲੱਭਣ ਆਉਣ ਵਾਲੀ ਗੱਲ ਸੁਣੀ ਹੀ ਨਹੀਂ ਸੀ। ਉਸ ਦਾ ਸਾਰਾ ਧਿਆਨ ਆਪਣੇ ਸਵਾਲ ਵੱਲ ਹੀ ਸੀ। ਉਹ ਪੁੱਛਣ ਲੱਗਿਆ,

"ਇਸ ਕਾਨੂੰਨੀ ਵੀਜ਼ਾ ਲੈਣ ਦੀ ਸਹੀ ਜਾਣਕਾਰੀ ਕਿਥੋਂ ਮਿਲ ਸਕੇਗੀ?"

"ਯੂ ਨੋਅ, ਇਹਦੇ ਬਾਰੇ ਮੈਨੂੰ ਨਹੀਂ ਪਤਾ, ਤੁਸੀਂ ਬ੍ਰਿਟਿਸ਼ ਹਾਈ ਕਮਿਸ਼ਨ ਦੀ ਵੈੱਬ 'ਤੇ ਜਾ ਕੇ ਦੇਖੋ ਜਾਂ ਕਿਸੇ ਸਹੀ ਏਜੰਟ ਤੋਂ ਪਤਾ ਕਰੋ।"

"ਸਰ, ਸਾਨੂੰ ਪਤਾ ਲੱਗਿਆ ਏ ਕਿ ਉਥੋਂ ਦੇ ਪੱਕੇ ਬਾਸ਼ਿੰਦੇ ਆਪਣੇ ਗੈਰ-ਕਾਨੂੰਨੀ ਭਰਾਵਾਂ ਦੀ ਕੋਈ ਮੱਦਦ ਨਹੀਂ ਕਰਦੇ। ਇਹ ਕਿਉਂ?"

"ਗੈਰ-ਕਾਨੂੰਨੀ ਕੰਮ ਕਰਨ ਤੋਂ ਸਾਰੇ ਹੀ ਡਰਦੇ ਆ, ਇਵੇਂ ਮੱਦਦ ਕਰਨ ਵਾਲੇ ਦੇ ਖਿਲਾਫ ਵੀ ਸਖਤ ਕਾਨੂੰਨ ਬਣੇ ਹੋਏ ਆ।"

ਅਰਵਿੰਦ ਨੂੰ ਲੱਗਿਆ ਕਿ ਜਿਵੇਂ ਇਹ ਸਭ ਉਸ ਨੂੰ ਇਮੀਗਰੇਸ਼ਨ ਦਾ ਸਲਾਹਕਾਰ ਹੀ ਸਮਝ ਰਹੇ ਹੋਣ। ਪਿੱਛੇ ਜਿਹੇ ਬੈਠਾ ਇਕ ਮੁੰਡਾ ਉਠਿਆ ਤੇ ਹੌਲੀ ਜਿਹੀ ਅਵਾਜ਼ ਵਿਚ ਬੋਲਿਆ,

"ਸਰ, ਤੁਸੀਂ ਕਹਿੰਦੇ ਹੋ ਕਿ ਮਨ ਲਾ ਕੇ ਪੜ੍ਹੋ ਪਰ ਜਦ ਸਾਡੀ ਪੜ੍ਹਾਈ ਦਾ ਕੋਈ ਭਵਿੱਖ ਹੀ ਨਹੀਂ ਤਾਂ ਅਸੀਂ ਕਿਉਂ ਪੜ੍ਹੀਏ?"

"ਯੂ ਨੋਅ, ਮੈਂ ਮੰਨਦਾਂ ਕਿ ਇਸ ਮੁਲਕ ਦੇ ਹਾਲਾਤ ਇਸ ਵੇਲੇ ਬਹੁਤੇ ਵਧੀਆ ਨਹੀਂ ਪਰ ਇਹੋ ਹਾਲਤ ਪੂਰੀ ਦੁਨੀਆਂ ਵਿਚ ਹੀ ਐ। ਇੰਗਲੈਂਡ ਵਿਚ ਵੀ ਬੇਰੁਗਜ਼ਾਰੀ ਲੋਹੜੇ ਦੀ ਐ। ਬਹੁਤ ਸਾਰੇ ਪੜ੍ਹੇ ਲਿਖੇ ਲੋਕ ਵਿਹਲੇ ਤੁਰੇ ਫਿਰਦੇ ਆ। ਦੂਜੀ ਗੱਲ ਕਿ ਪੜ੍ਹਾਈ ਕਰਕੇ ਤਾਂ ਸ਼ਾਇਦ ਤੁਸੀਂ ਕਿਤੇ ਨਾ ਕਿਤੇ ਸੈੱਟਲ ਹੋ ਹੀ ਜਾਵੋਂ ਪਰ ਜੇ ਨਾ ਪੜ੍ਹੋਂਗੇ ਤਾਂ ਇਹ ਮੌਕੇ ਬਹੁਤ ਘਟ ਜਾਣਗੇ। ਨਾ ਪੜ੍ਹਣ ਨਾਲੋਂ ਪੜ੍ਹਨਾ ਲੱਖ ਦਰਜੇ ਬਿਹਤਰ ਐ।"

ਅਰਵਿੰਦ ਦੇ ਸਵਾਲ ਤੋਂ ਬਾਅਦ ਉਹ ਮੁੰਡਾ ਹਾਲੇ ਬੈਠਿਆ ਨਹੀਂ ਸੀ। ਉਹ ਅੱਗੇ ਪੁੱਛਣ ਲੱਗਿਆ,

"ਨਾਲ ਹੀ ਇਕ ਹੋਰ ਸਵਾਲ ਏ ਜੀ ਕਿ ਤੁਸੀਂ ਕਿਹਾ ਕਿ ਮਾਪੇ ਸਾਡੇ ਸਭ ਤੋਂ ਵੱਡੇ ਦੋਸਤ ਹੁੰਦੇ ਨੇ ਪਰ ਹਰ ਮਾਂਪਿਓ ਚਾਹੁੰਦਾ ਏ ਕਿ ਉਸ ਦਾ ਬੇਟਾ ਡਾਕਟਰ, ਇੰਨਜੀਨੀਅਰ, ਵਕੀਲ ਬਣੇ। ਇਸ ਤੋਂ ਘੱਟ ਤਾਂ ਕਿਸੇ ਨੂੰ ਮਨਜ਼ੂਰ ਹੀ ਨਹੀਂ।"

"ਯੂ ਨੋਅ, ਹਰ ਮਾਂਪਿਓ ਚਾਹੁੰਦਾ ਐ ਕਿ ਉਸ ਦਾ ਬੱਚਾ ਤਰੱਕੀ ਕਰੇ। ਜੇ ਤੁਹਾਡੇ ਤੋਂ ਆਸਾਂ ਰੱਖਦੇ ਆ ਤਾਂ ਇਹ ਕੋਈ ਮਾੜੀ ਗੱਲ ਨਹੀਂ। ਤੁਸੀਂ ਕੋਸ਼ਿਸ਼ ਕਰਕੇ ਉਹਨਾਂ ਨੂੰ ਕੁਝ ਬਣ ਕੇ ਦਿਖਾਓ। ਤੁਸੀਂ ਅੱਜ ਇਥੇ ਜਿੰਨੇ ਬੈਠੇ ਓ ਆਪਣੇ ਮਾਂਪਿਓ ਦੀ ਵਜਾਹ ਨਾਲ ਹੀ ਓ। ਇਕ ਗੱਲ ਹਮੇਸ਼ਾ ਯਾਦ ਰੱਖਿਓ ਕਿ ਤੁਹਾਡੀ ਡਿਗਰੀ ਤੁਹਾਡੇ ਇਕੱਲਿਆਂ ਦੀ ਕਦੇ ਵੀ ਨਹੀਂ ਹੁੰਦੀ, ਇਸ ਡਿਗਰੀ ਵਿਚ ਹੋਰਨਾਂ ਦਾ ਹਿੱਸਾ ਵੀ ਹੁੰਦੈ। ਇਸ ਵਿਚ ਜਿੰਨੀ ਮਿਹਤਨ ਤੁਸੀਂ ਕਰਦੇ ਹੋ ਓਨੀ ਹੀ ਤੁਹਾਡੇ ਅਧਿਆਪਕ ਕਰਦੇ ਆ ਤੇ ਓਨੀ ਹੀ ਤੁਹਾਡੇ ਮਾਪੇ ਵੀ ਕਰਦੇ। ਸੋ ਤੁਹਾਡੀ ਡਿਗਰੀ ਉਪਰ ਤੁਹਾਡੇ ਅਧਿਆਪਕਾਂ ਦੇ ਨਾਲ ਨਾਲ ਤੁਹਾਡੇ ਮਾਪਿਆਂ ਦਾ ਹੱਕ ਵੀ ਐ।"

ਅਰਵਿੰਦ ਦੀ ਗੱਲ 'ਤੇ ਸਾਰੇ ਹੀ ਤਾੜੀਆਂ ਮਾਰਨ ਲੱਗ ਪਏ। ਸੁਮੀਤ ਉਠਿਆ ਤੇ ਬੋਲਿਆ,

"ਹੁਣ ਆਖਰੀ ਸਵਾਲ, ਸਮਾਂ ਬਹੁਤ ਹੋ ਗਿਆ, ਸਿਰਫ ਆਖਰੀ ਸਵਾਲ।"

ਇਕ ਮੁੰਡਾ ਉਠ ਕੇ ਕਹਿਣ ਲੱਗਿਆ,

"ਸਰ ਜੀ, ਸ਼ਾਇਦ ਤੁਸੀਂ ਮੈਨੂੰ ਪਛਾਣਿਆ ਨਾ ਹੋਵੇ, ਮੇਰਾ ਨਾਂ ਮਨਦੀਪ ਸਿੰਘ ਏ ਤੇ ਮੈਂ ਤੁਹਾਡਾ ਫੇਸਬੁੱਕ 'ਤੇ ਫ੍ਰੈਂਡ ਵੀ ਹਾਂ। ਮੈਂ ਤੁਹਾਡੀ ਵਾਲ 'ਤੇ ਦੇਖਿਆ ਕਿ ਤੁਸੀਂ ਏਥੀਇਸਟ ਓ। ਤੁਹਾਡੀ ਨਜ਼ਰ ਵਿਚ ਕੀ ਰੱਬ ਨਹੀਂ ਏ?"

ਉਸ ਮੁੰਡੇ ਨੇ ਸੱਚ ਹੀ ਅਰਵਿੰਦ ਨੂੰ ਫਸਾ ਲਿਆ ਸੀ। ਜੇ ਉਹ ਇਕਦਮ ਕਹਿ ਦੇਵਾਂ ਕਿ ਰੱਬ ਨਹੀਂ ਹੈ ਤਾਂ ਗੁਰੂ ਨਾਨਕ ਦੇਵ ਦੇ ਨਾਂ 'ਤੇ ਯੂਨੀਵਰਸਿਟੀ ਬਣੀ ਸੀ ਤਾਂ ਇਹ ਗੱਲ ਕਿਸੇ ਨੂੰ ਹਜ਼ਮ ਨਹੀਂ ਸੀ ਹੋਣੀ। ਉਹ ਕੋਈ ਵਿਚਕਾਰਲਾ ਢੰਗ ਸੋਚਣ ਲੱਗਿਆ ਤੇ ਅਗਲੇ ਹੀ ਪਲ ਕਹਿਣਾ ਸ਼ੁਰੂ ਕੀਤਾ,

"ਯੂ ਨੋਅ, ਗੁਰੂ ਨਾਨਕ ਦੇਵ ਜੀ ਕਹਿੰਦੇ ਆ ਕਿ ਨਾ ਉਸ ਦਾ ਕੋਈ ਅਕਾਰ ਹੈ ਤੇ ਨਾ ਉਹ ਕਿਸੇ ਨੂੰ ਦਿਸਦਾ ਹੈ, ਉਹ ਕੁਦਰਤ ਦੀ ਗੱਲ ਕਰਦੇ ਆ। ਤੁਸੀਂ ਰੱਬ ਕਹਿ ਲਓ ਜਾਂ ਕੁਝ ਹੋਰ। ਮੈਂ ਸਮਝਦਾਂ ਕਿ ਆਪਾਂ ਸਾਰੇ ਕੁਦਰਤ ਦਾ ਹੀ ਇਕ ਹਿੱਸਾ ਹਾਂ। ਕੁਦਰਤ ਵਿਚੋਂ ਜੰਮੇ ਹਾਂ ਤੇ ਇਕ ਦਿਨ ਕੁਦਰਤ ਵਿਚ ਹੀ ਸਮੋ ਜਾਣਾ ਐਂ। ਗੁਰਬਾਣੀ ਇਹੋ ਕੁਝ ਹੀ ਦੱਸਦੀ ਐ। ...ਬੋਲਣ ਦਾ ਮੌਕਾ ਦੇਣ ਲਈ ਤੇ ਸੁਣਨ ਲਈ ਤੁਹਾਡਾ ਸਭ ਦਾ ਧੰਨਵਾਦ।"

## ਸਤਾਰਾਂ

ਤੜਕਸਾਰ ਸੁਮੀਤ ਦੀਆਂ ਉਚੀ ਅਵਾਜ਼ ਵਿਚ ਗੱਲਾਂ ਸੁਣਾਈ ਦੇਣ ਲੱਗੀਆਂ। ਉਸ ਨੇ ਫੋਨ ਉਪਰ ਵਕਤ ਦੇਖਿਆ ਤਾਂ ਹਾਲੇ ਦੋ ਹੀ ਵੱਜੇ ਸਨ। ਜ਼ਰੂਰ ਕੋਈ ਖਾਸ ਗੱਲ ਹੋਵੇਗੀ, ਸੋਚਦਾ ਉਹ ਉਠ ਕੇ ਬਹਾਰ ਆ ਗਿਆ। ਦੇਖਿਆ ਕਿ ਹਰਪ੍ਰੀਤ ਵੀ ਜਾਗਦੀ ਪਈ ਸੀ। ਸੁਮੀਤ ਕਿਸੇ ਨਾਲ ਫੋਨ ਉਪਰ ਗੱਲਾਂ ਕਰ ਰਿਹਾ ਸੀ। ਫਿਕਰਵੰਦ ਹੁੰਦਾ ਅਰਵਿੰਦ ਉਹਨਾਂ ਕੋਲ ਚਲੇ ਗਿਆ। ਸੁਮੀਤ ਨੇ ਫੋਨ ਕੰਨ ਤੋਂ ਲਾਹਿਆ ਤੇ ਬੋਲਿਆ,

"ਬਹੁਤ ਮਾੜੀ ਖ਼ਬਰ ਐ ਯਾਰ!"

"ਕੀ ਹੋਇਐ?"

"ਸਾਡੇ ਇਕ ਬਹੁਤ ਹੀ ਖਾਸ ਦੋਸਤ ਜੈਪਾਲ ਦਾ ਕਾਰ ਐਕਸੀਡੈਂਟ ਹੋ ਗਿਆ। ਬਹੁਤ ਸੀਰੀਅਸ ਏ। ਲੁਧਿਆਣੇ ਹਸਪਤਾਲ ਵਿਚ ਏ, ਆਈ. ਸੀ. ਯੂ. ਵਿਚ।"

"ਕਿਹਦਾ ਫੋਨ ਸੀ?"

"ਇਕ ਦੋਸਤ ਦਾ ਸੀ, ਸੁਨੀਲ ਸ਼ਰਮੇ ਦਾ। ...ਖੰਨੇ ਤੋਂ ਚੰਡੀਗੜ੍ਹ ਜਾ ਰਿਹਾ ਸੀ, ਰਾਹ ਵਿਚ ਕਾਰ ਕਿਸੇ ਦਰਖਤ ਨਾਲ ਟਕਰਾ ਗਈ। ਦਸ ਤੋਂ ਗਿਆਰਾਂ ਵਜੇ ਦੇ ਦਰਮਿਆਨ ਐਕਸੀਡੈਂਟ ਹੋਇਆ ਪਰ ਮੈਡੀਕਲ ਹੈੱਲਪ ਜਾ ਕੇ ਬਾਰਾਂ ਵਜੇ ਮਿਲੀ। ਪਤਾ ਨਹੀਂ ਯਾਰ ਕੀ ਹੋਵੇਗਾ! ਬਹੁਤ ਹੀ ਪਿਆਰਾ ਦੋਸਤ ਏ ਆਪਣਾ। ਭਰਾਵਾਂ ਵਰਗਾ, ਹਰ ਵੇਲੇ ਨਾਲ ਖੜਨ ਵਾਲਾ।"

ਗੱਲ ਕਰਦਾ ਸੁਮੀਤ ਬਹੁਤ ਹੀ ਉਦਾਸ ਹੋ ਗਿਆ। ਹਰਪ੍ਰੀਤ ਉਸ ਦੇ ਮੋਢ੍ਹੇ 'ਤੇ ਹੱਥ ਫੇਰ ਰਹੀ ਸੀ। ਥੋੜਾ ਸਹਿਜ ਹੋ ਕੇ ਸੁਮੀਤ ਫਿਰ ਦੱਸਣ ਲੱਗਿਆ,

"ਵੈਸੇ ਤਾਂ ਉਹਦੀ ਵਾਈਫ ਰਾਜੀ ਤੇ ਮੁੰਡਾ ਅਮਿਤ ਵੀ ਉਹਦੇ ਕੋਲ ਹੀ ਨੇ। ਸੁਨੀਲ ਸ਼ਰਮਾ ਵੀ ਚੱਲਿਆ ਹਸਪਤਾਲ ਨੂੰ। ਮੈਂ ਵੀ ਤਿਆਰ ਰਹਿੰਨਾ, ਜੇ ਲੋੜ ਹੋਈ ਤਾਂ ਜਾਣਾ ਪਵੇਗਾ।"

ਅਰਵਿੰਦ ਨੇ ਵੀ ਅੱਜ ਵਾਪਸ ਚਲੇ ਜਾਣਾ ਸੀ। ਉਹ ਬਦਲੇ ਹਾਲਾਤ ਬਾਰੇ ਸੋਚਦਾ ਬੋਲਿਆ,

"ਜੇ ਜਾਣਾ ਹੋਏਗਾ ਤਾਂ ਮੈਂ ਵੀ ਚੱਲਾਂਗਾ।"

"ਹਾਂ, ਫੇਰ ਇਕੱਠੇ ਚੱਲ ਵੜਾਂਗੇ। ਹੋਰ ਦੇਖਦੇ ਆਂ ਅੱਧਾ ਘੰਟਾ।"

ਉਹ ਬੈਠ ਕੇ ਜੈਪਾਲ ਦੀਆਂ ਗੱਲਾਂ ਕਰਨ ਲੱਗ ਪਏ। ਹਰਪ੍ਰੀਤ ਚਾਹ ਬਣਾਉਣ ਚਲੇ ਗਈ। ਸੁਮੀਤ ਦੱਸ ਰਿਹਾ ਸੀ,

"ਖੰਨੇ ਘਰ ਬਣਾਇਆ ਹੋਇਆ ਸੀ, ਰਾਜੀ ਖੰਨੇ ਹੀ ਸਕੂਲ ਵਿਚ ਪੜ੍ਹਾਉਂਦੀ ਏ ਤੇ ਜੈਪਾਲ ਚੰਡੀਗੜ੍ਹ। ਰੋਜ਼ ਤਾਂ ਅੱਪ-ਡਾਊਨ ਨਹੀਂ ਸੀ ਕਰਦਾ ਪਰ ਫੇਰ ਵੀ ਅਕਸਰ ਘਰ ਆ ਜਾਂਦਾ ਏ। ਬਸ ਕਿਤੇ ਰਾਤ ਨੂੰ ਘਰੋਂ ਚੱਲਿਆ ਹੋਏਗਾ ਚੰਡੀਗੜ੍ਹ ਜਾਣ ਲਈ, ਰਾਹ ਵਿਚ ਐਕਸੀਡੈਂਟ ਦੀ ਲਪੇਟ ਵਿਚ ਆ ਗਿਆ।"

ਉਹ ਚਾਹ ਪੀ ਰਹੇ ਸਨ ਕਿ ਸੁਮੀਤ ਦੇ ਫੋਨ ਦੀ ਘੰਟੀ ਵੱਜ ਪਈ। ਉਸ ਨੇ ਕਾਹਲੀ ਨਾਲ ਚੁੱਕਿਆ। ਦੂਜੇ ਪਾਸਿਓਂ ਅਵਾਜ਼ ਆਉਂਦੀ ਰਹੀ ਪਰ ਸੁਮੀਤ ਤੋਂ ਨਹੀਂ ਸੀ ਬੋਲਿਆ ਜਾ ਰਿਹਾ। ਭਾਣਾ ਵਰਤ ਗਿਆ ਸੀ। ਕੁਝ ਦੇਰ ਬਾਅਦ ਜਦ ਉਸ ਨੇ ਫੋਨ ਰੱਖਿਆ ਤਾਂ ਉਸ ਦੀਆਂ ਅੱਖਾਂ ਭਰੀਆਂ ਹੋਈਆਂ ਸਨ। ਅਰਵਿੰਦ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ। ਹਰਪ੍ਰੀਤ ਵੀ ਖਾਮੋਸ਼ ਖੜੀ ਸੀ। ਸੁਮੀਤ ਆਹਿਸਤੇ ਜਿਹੇ ਬੋਲਿਆ,

"ਉਹੀ ਗੱਲ ਹੋਈ ਜਿਹਦਾ ਡਰ ਸੀ। ਉਹ ਪੂਰਾ ਤਾਂ ਅਸਲ ਵਿਚ ਮੌਕੇ 'ਤੇ ਹੀ ਹੋ ਗਿਆ ਹੋਣਾ ਏਂ, ਇਹ ਤਾਂ ਹਸਪਤਾਲ ਵਾਲੇ ਪੈਸੇ ਬਣਾਉਣ ਲਈ ਉਹਨੂੰ ਜੀਉਂਦਾ ਕਹੀ ਗਏ ਹੋਣਗੇ। ਦੋ ਘੰਟੇ ਉਹਦਾ ਖੂਨ ਵਹਿੰਦਾ ਰਿਹਾ ਹੋਏਗਾ ਤੇ ਇਵੇਂ ਬੰਦਾ ਕਿਥੋਂ ਬਚਦਾ ਏ।"

"ਹੁਣ ਚੱਲੀਏ ਆਪਾਂ?"

"ਸੁਨੀਲ ਕਹਿੰਦਾ ਕਿ ਤੁਸੀਂ ਬਹੁਤ ਦੂਰ ਓ, ਹੁਣ ਸਵੇਰੇ ਹੀ ਆਇਓ। ਕਾਫੀ ਦੋਸਤ ਇਕੱਠੇ ਹੋ ਗਏ ਨੇ ਉਥੇ। ਉਹ ਬੌਡੀ ਨੂੰ ਖੰਨੇ ਲੈ ਕੇ ਜਾਣ ਦੀ ਤਿਆਰੀ ਕਰ ਰਹੇ ਨੇ। ਸੁਨੀਲ ਦੁਬਾਰਾ ਫੋਨ ਕਰੇਗਾ।"

ਸੁਮੀਤ ਜੈਪਾਲ ਦੀ ਕਿਤਿਓਂ ਫੋਟੋ ਚੁੱਕ ਲਿਆਇਆ। ਅਰਵਿੰਦ ਨੇ ਤਸਵੀਰ ਤੋਂ ਹੀ ਜੈਪਾਲ ਦੇ ਨਕਸ਼ ਘੜ ਲਏ। ਸੁਮੀਤ ਤੋਂ ਜ਼ਰਾ ਕੁ ਲੰਮਾ ਤੇ ਜਿਸਮ ਵਿਚ ਜ਼ਰਾ ਕੁ ਭਾਰਾ ਸਰਦਾਰ ਉਸ ਦੀਆਂ ਅੱਖਾਂ ਸਾਹਮਣੇ ਘੁੰਮਣ ਲੱਗਿਆ। ਸੁਮੀਤ ਮੁਤਾਬਕ ਜੈਪਾਲ ਬਹੁਤ ਹੀ ਹਸਮੁੱਖ ਤੇ ਮਿਲਾਪੜੇ ਸੁਭਾਅ ਦਾ ਸੀ। ਉਹ ਯੂਨੀਵਰਸਟੀ ਟੀਚਰਜ਼ ਯੂਨੀਅਨ ਵਿਚ ਵੀ ਸਰਗਰਮ ਸੀ। ਭਾਵੇਂ ਉਹ ਪੰਜਾਬੀ ਦਾ ਅਧਿਆਪਕ ਸੀ ਪਰ ਸਾਰੇ ਵਿਭਾਗਾਂ ਦੇ ਅਧਿਆਪਕਾਂ ਨਾਲ ਤਾਲ-ਮੇਲ ਰੱਖਦਾ ਸੀ। ਖੰਨੇ ਤੋਂ ਚੰਡੀਗੜ੍ਹ ਉਸ ਦਾ ਆਉਣਾ-ਜਾਣਾ ਬਣਿਆਂ ਰਹਿੰਦਾ ਸੀ। ਉਹ ਬਹੁਤ ਵਧੀਆ ਡਰਾਈਵਰ ਸੀ ਫਿਰ ਵੀ ਪਤਾ ਨਹੀਂ ਕਿਉਂ ਐਕਸੀਡੈਂਟ ਕਰਾ ਬੈਠਾ ਸੀ। ਸੁਮੀਤ ਦੇ ਹੋਰ ਦੋਸਤਾਂ ਦੇ ਫੋਨ ਵੀ ਆਉਣ ਲੱਗ ਪਏ। ਸਾਰੇ ਹੀ ਖੰਨੇ ਪਹੁੰਚਣ ਬਾਰੇ ਗੱਲਾਂ ਕਰ ਰਹੇ ਸਨ। ਖੰਨੇ ਤੋਂ ਕੁਝ ਮੀਲ ਦੂਰ ਹੀ ਜੈਪਾਲ ਦਾ ਪਿੰਡ ਸੀ। ਸਭ ਨੂੰ ਲੱਗ ਰਿਹਾ ਸੀ ਕਿ ਅੰਤਮ ਸਸਕਾਰ ਦੀ ਰਸਮ ਪਿੰਡ ਵਿਚ ਹੀ ਹੋਵਗੀ। ਸਵੇਰੇ ਅੱਠ ਕੁ ਵਜੇ ਸੁਨੀਲ ਸ਼ਰਮੇ ਦਾ ਫੋਨ ਆ ਗਿਆ ਕਿ ਦਾਗ ਅੱਜ ਸ਼ਾਮ ਚਾਰ ਵਜੇ ਦਿੱਤੇ ਜਾਣਗੇ। ਪੋਸਟ ਮਾਰਟਮ ਤੋਂ ਬਾਅਦ ਗਿਆਰਾਂ ਵਜੇ ਮ੍ਰਿਤਕ ਦੀ ਦੇਹ ਪੁਲੀਸ ਵਲੋਂ ਦੇ ਦਿੱਤੀ ਜਾਣੀ ਸੀ। ਸੁਮੀਤ ਅਰਵਿੰਦ ਨੂੰ ਬੋਲਿਆ,

"ਆਪਾਂ ਪਹਿਲਾਂ ਹੀ ਖੰਨੇ ਪਹੁੰਚ ਜਾਈਏ ਤੇ ਬਾਕੀ ਦੋਸਤਾਂ ਨਾਲ ਜਾ ਮਿਲੀਏ। ਇਕੱਠੇ ਹੋ ਕੇ ਜਾਣਾ ਚੰਗਾ ਲੱਗਦਾ ਏ। ਆਪਾਂ ਨੂੰ ਪੰਜ ਛੇ ਘੰਟੇ ਤਾਂ ਲੱਗ ਹੀ ਜਾਣੇ ਆਂ, ਲੁਧਿਆਣੇ ਦੇ ਟਰੈਫਿਕ ਦਾ ਧਿਆਨ ਰੱਖਦੇ ਹੋਏ ਚੱਲੀਏ ਜਲਦੀ।"

"ਯੂ ਨੋਅ, ਮੈਂ ਏਦਾਂ ਕਰਦਾਂ ਕਿ ਆਪਣਾ ਸਮਾਨ ਨਾਲ ਹੀ ਲੈ ਜਾਨਾਂ ਤੇ ਆਉਂਦੇ ਹੋਏ ਮੈਨੂੰ ਫਗਵਾੜੇ ਉਤਾਰ ਦੇਣਾ, ਰਾਤ ਨੂੰ ਮੈਂ ਪਿੰਡ ਚਲੇ ਜਾਵਾਂਗਾ। ਕੱਲ ਨੂੰ ਮੇਰਾ ਦਿੱਲੀ ਜਾਣਾ ਜ਼ਰੂਰੀ ਐ।"

ਅਰਵਿੰਦ ਪਹਿਲਾਂ ਹੀ ਮਨ ਵਿਚ ਸਾਰਾ ਪ੍ਰੋਗਰਾਮ ਬਣਾਈ ਬੈਠਾ ਸੀ। ਸੁਮੀਤ ਬੋਲਿਆ,

"ਇਹ ਪ੍ਰੈਕਟੀਕਲ ਨਹੀਂ ਹੋਣਾ, ਦੇਖੋ ਨਾ ਚਾਰ ਵਜੇ ਫਿਊਨਰਲ ਤੇ ਆਪਾਂ ਪੰਜ ਵਜੇ ਵੀ ਉਥੋਂ ਤੁਰੇ ਤਾਂ ਅੱਠ ਨੌਂ ਵਜੇ ਫਗਵਾੜੇ ਪੁੱਜਾਂਗੇ, ਇਹਦੇ ਨਾਲੋਂ ਤੁਸੀਂ ਵਾਪਸ ਇਥੇ ਹੀ ਆ ਜਾਣਾ ਤੇ ਜਿਹੜਾ ਪ੍ਰੋਗਰਾਮ ਬਣਾਉਣਾ ਹੋਵੇਗਾ ਕੱਲ ਨੂੰ ਬਣਾ ਲੈਣਾ।"

"ਵਕਤ ਦਾ ਹਿਸਾਬ ਲਾ ਕੇ ਮੈਂ ਆਪਣੇ ਡਰਾਈਵਰ ਨੂੰ ਫਗਵਾੜੇ ਸੱਦ ਲਵਾਂਗਾ।"

ਅਰਵਿੰਦ ਨੇ ਕਿਹਾ ਪਰ ਅਗਲੇ ਹੀ ਪਲ ਉਹ ਸੋਚਣ ਲੱਗਿਆ ਕਿ ਸੁਮੀਤ ਦੋਸਤ ਦੇ ਸਸਕਾਰ ਤੋਂ ਮੁੜ ਰਿਹਾ ਹੋਵੇਗਾ, ਇਵੇਂ ਉਸ ਨੂੰ ਇਕੱਲਿਆਂ ਛੱਡਣਾ ਠੀਕ ਨਹੀਂ ਹੋਵੇਗਾ। ਉਸ ਨੇ ਦੋਸਤ ਦੀ ਗੱਲ ਮੰਨ ਲਈ ਤੇ ਤਿਆਰ ਹੋਣ ਲੱਗਿਆ। ਉਸ ਨੇ ਤੁਰਨ ਤੋਂ ਪਹਿਲਾਂ ਕਾਹਲੀ ਨਾਲ ਨੈੱਟ 'ਤੇ ਗੇੜਾ ਮਾਰਿਆ। ਸੁਮੀਤ ਦੇ ਫੋਨ ਦੀ ਘੰਟੀ ਰਹਿ ਰਹਿ ਕੇ ਵੱਜ ਰਹੀ ਸੀ। ਹਰ ਕੋਈ ਐਕਸੀਡੈਂਟ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕਰ ਰਿਹਾ ਸੀ। ਦੋਸਤ ਉਸ ਨਾਲ ਇਸ ਬਾਰੇ ਹੋਰ ਖ਼ਬਰਾਂ ਵੀ ਸਾਂਝੀਆਂ ਕਰ ਰਹੇ ਸਨ। ਕਾਰ ਚਲਾਉਂਦਾ ਸੁਮੀਤ ਫੋਨ ਵੀ ਸੁਣੀ ਜਾ ਰਿਹਾ ਸੀ। ਅਰਵਿੰਦ ਨੂੰ ਉਸ ਦੇ ਕਾਰ ਚਲਾਉਂਦੇ ਸਮੇਂ ਫੋਨ ਕਰਨ ਕਾਰਨ ਡਰ ਜਿਹਾ ਵੀ ਲੱਗ ਰਿਹਾ ਸੀ। ਫੋਨ ਕਰਦਾ ਕਈ ਵਾਰ ਸੁਮੀਤ ਉਸ ਵਿਚ ਗੁੰਮ ਜਿਹਾ ਜਾਂਦਾ। ਇਕ ਅਜਿਹਾ ਫੋਨ ਆਇਆ ਕਿ ਸੁਮੀਤ ਨੇ ਕਾਰ ਇਕ ਦਮ ਰੋਕ ਲਈ ਤੇ ਇਕ ਪਾਸੇ ਲਾ ਲਈ। ਉਹ ਸਿਰ ਸਟੇਅਰਿੰਗ 'ਤੇ ਰੱਖ ਕੇ ਬਹਿ ਗਿਆ। ਉਸ ਨੂੰ ਐਕਸੀਡੈਂਟ ਦੇ ਕਾਰਨ ਦਾ ਪਤਾ ਚੱਲ ਗਿਆ ਸੀ। ਇਸੇ ਗੱਲ ਦਾ ਉਸ ਨੂੰ ਡਰ ਵੀ ਸੀ। ਅਰਵਿੰਦ ਨੇ ਪੁੱਛਿਆ ਤਾਂ ਉਹ ਬੋਲਿਆ,

"ਓ ਮਾਈ ਗੌਡ! ...ਮੈਨੂੰ ਇਸੇ ਗੱਲ ਦਾ ਡਰ ਸੀ।"

ਉਹ ਕੁਝ ਕੁ ਦੇਰ ਲਈ ਉਵੇਂ ਹੀ ਬੈਠਾ ਖਲਾਅ ਵਿਚ ਝਾਕਦਾ ਰਿਹਾ ਤੇ ਫਿਰ ਕਾਰ ਤੋਰ ਲਈ। ਕੁਝ ਰੁਕ ਕੇ ਆਖਣ ਲੱਗਿਆ,

"ਪਟਿਆਲੇ ਤੋਂ ਇਕ ਦੋਸਤ ਸਤਨਾਮ ਦਾ ਫੋਨ ਆਇਆ। ...ਜੈਪਾਲ ਇਕ ਦਿਨ ਪਹਿਲਾਂ ਉਸ ਕੋਲ ਹੀ ਸੀ। ਸਤਨਾਮ ਮੁਤਾਬਕ ਉਹਨੇ ਤਾਂ ਹਾਲੇ ਦੋ ਦਿਨ ਖੰਨੇ ਰਹਿਣਾ ਸੀ, ਫੇਰ ਉਸੇ ਦਿਨ ਚੰਡੀਗੜ੍ਹ ਜਾਣ ਦਾ ਕੀ ਮਤਲਬ ਹੋਇਆ? ...ਇਹੀ ਘੁੰਡੀ ਏ।"

ਆਖ ਉਹ ਇਕ ਵਾਰ ਫਿਰ ਚੁੱਪ ਕਰ ਗਿਆ। ਉਹ ਬਹੁਤ ਜਜ਼ਬਾਤੀ ਹੋਇਆ ਪਿਆ ਸੀ, ਸਹੀ ਢੰਗ ਨਾਲ ਗੱਲ ਕਰਨੀ ਉਸ ਲਈ ਔਖੀ ਪੈ ਰਹੀ ਸੀ। ਕੁਝ ਦੇਰ ਬਾਅਦ ਫਿਰ ਬੋਲਿਆ,

"ਅਸਲ ਵਿਚ ਉਹਦੀ ਰਾਜੀ ਨਾਲ ਬਹੁਤੀ ਨਹੀਂ ਸੀ ਬਣਦੀ। ਉਹ ਖੰਨੇ ਆਪਣੇ ਘਰ ਦੋ ਦਿਨ ਰਹਿਣ ਆਇਆ ਸੀ ਪਰ ਰਾਜੀ ਨਾਲ ਲੜਾਈ ਹੋ ਗਈ ਹੋਏਗੀ ਤੇ ਉਹ ਵਾਪਸ ਚੰਡੀਗੜ੍ਹ ਲਈ ਤੁਰ ਪਿਆ ਹੋਏਗਾ ਤੇ ਰਾਹ ਵਿਚ ਇਹ ਭਾਣਾ ਵਰਤ ਗਿਆ।"

"ਏਨੀ ਹੀ ਗੜਬੜ ਸੀ ਆਪਸ ਵਿਚ?"

"ਹੈਗੀ ਹੀ ਸੀ। ਉਹਨੂੰ ਬਹੁਤ ਸਮਝਾਈਦਾ ਸੀ ਪਰ ਗੱਲ ਉਹਦੇ ਪੱਲੇ ਨਹੀਂ ਸੀ ਪੈਂਦੀ। ਉਹ ਹਰ ਵੇਲੇ ਘਰਵਾਲੀ 'ਤੇ ਸ਼ੱਕ ਕਰਦਾ ਰਹਿੰਦਾ ਸੀ। ਅਸੀਂ ਕਹਿ ਕਹਿ ਕੇ ਥੱਕ ਗਏ ਕਿ ਇਵੇਂ ਨਾ ਕਰ ਪਰ ਉਹ ਨਾ ਮੰਨਿਆਂ।"

"ਸ਼ਾਇਦ ਉਹਦੀ ਸ਼ੱਕ ਦਾ ਕੋਈ ਬੇਸ ਹੋਵੇ।"

"ਹੋ ਸਕਦਾ ਏ ਪਰ ਭਾਊ, ਜ਼ਿੰਦਗੀ ਬਦਲ ਚੁੱਕੀ ਏ। ਮੈਂ ਤੈਨੂੰ ਮਿਲਣ ਗਿਆਂ ਤਾਂ ਦੇਖਿਆ ਸੀ ਕਿ ਤੇਰੇ ਕੰਮ 'ਤੇ ਪਾਰਟੀ ਚੱਲ ਰਹੀ ਸੀ, ਸਭ ਔਰਤਾਂ ਮਰਦ ਆਪਣੀ ਘਰ ਵਾਲੀ ਜ਼ਿੰਦਗੀ ਨੂੰ ਭੁੱਲ ਕੇ ਕੰਮ ਵਾਲੀ ਲਾਈਫ ਨੂੰ ਇੰਜੁਆਏ ਕਰ ਰਹੇ ਸਨ। ਸਹਿਕਾਮਿਆਂ ਨਾਲ ਇਕ ਵੱਖਰੀ ਕਿਸਮ ਦਾ ਰਿਸ਼ਤਾ ਬਣ ਜਾਂਦਾ ਏ।"

ਆਖਦਾ ਇਕ ਵਾਰ ਉਹ ਫਿਰ ਚੁੱਪ ਕਰ ਗਿਆ। ਫਿਰ ਉਸ ਨੇ ਜੈਪਾਲ ਦੇ ਜੀਵਨ ਬਾਰੇ ਗੱਲਾਂ ਸ਼ੁਰੂ ਕਰ ਲਈਆਂ ਕਿ ਕਿਵੇਂ ਉਸ ਨੂੰ ਪੰਜਾਬ ਯੂਨੀਵਰਸਟੀ ਵਿਚ ਨੌਕਰੀ ਮਿਲ ਗਈ ਸੀ ਤੇ ਉਹ ਚੰਡੀਗੜ੍ਹ ਹੀ ਘਰ ਬਣਾਉਣਾ ਚਾਹੁੰਦਾ ਸੀ ਪਰ ਉਸ ਦੀ ਪਤਨੀ ਦੀ ਬਦਲੀ ਚੰਡੀਗੜ੍ਹ ਦੀ ਨਾ ਹੋ ਸਕੀ ਇਸ ਲਈ ਖੰਨੇ ਵਿਚ ਹੀ ਸੈੱਟਲ ਹੋਣਾ ਪਿਆ। ਗੱਲਾਂ ਕਰਦੇ ਲੁਧਿਆਣਾ ਲੰਘ ਗਏ। ਸੁਮੀਤ ਨੇ ਸੁਨੀਲ ਸ਼ਰਮੇ ਨੂੰ ਫੋਨ ਕਰਕੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਜੈਪਾਲ ਦੀ ਦੇਹ ਉਸ ਦੇ ਘਰ, ਖੰਨੇ ਪੁੱਜ ਚੁੱਕੀ ਸੀ ਤੇ ਹੁਣ ਸਾਰੇ ਖੰਨੇ ਹੀ ਪੁੱਜ ਰਹੇ ਸਨ। ਉਥੋਂ ਉਸ ਦੀ ਦੇਹ ਨੂੰ ਇਕ ਜਲੂਸ ਦੀ ਸ਼ਕਲ ਵਿਚ ਪਿੰਡ ਨੂੰ ਲੈ ਜਾਇਆ ਜਾਣਾ ਸੀ। ਕੁਝ ਦੇਰ ਬਾਅਦ ਸੁਮੀਤ ਦੱਸਣ ਲੱਗਿਆ,

"ਰਾਜੀ ਦੇ ਨਾਲ ਇਕ ਟੀਚਰ ਕੰਮ ਕਰਦਾ ਸੀ, ਜਿਸ ਨਾਲ ਰਾਜੀ ਦੀ ਜ਼ਰਾ ਅੰਡਰਸਟੈਂਡਿੰਗ ਸੀ, ਉਸ ਨਾਲ ਦੁੱਖ-ਸੁੱਖ ਸਾਂਝਾ ਕਰ ਲੈਂਦੀ ਸੀ, ਹੁਣ ਇਹ ਨਹੀਂ ਪਤਾ ਕਿ ਰਿਲੇਸ਼ਨ ਕਿੰਨੇ ਕੁ ਡੂੰਘੇ ਸਨ, ਵੈਸੇ ਤਾਂ ਇਹਨਾਂ ਦੀ ਆਪਣੀ ਵੀ ਲਵ-ਮੈਰਿਜ ਹੀ ਸੀ, ਜੈਪਾਲ ਨੂੰ ਸ਼ੱਕ ਨਹੀਂ ਸੀ ਕਰਨਾ ਚਾਹੀਦਾ। ਇਹ ਗੱਲ ਉਹਨਾਂ ਦਿਨਾਂ ਦੀ ਏ ਜਦ ਰਾਜੀ ਦੋਰਾਹੇ ਪੜ੍ਹਾਉਂਦੀ ਸੀ। ਇਸੇ ਕਰਕੇ ਹੀ ਉਹਦੀ ਬਦਲੀ ਖੰਨੇ ਦੀ ਕਰਾਈ ਸੀ। ਹੁਣ ਜੈਪਾਲ ਕਹਿੰਦਾ ਸੀ ਕਿ ਇਥੇ ਵੀ ਉਹਦੇ ਕੋਲ ਕੋਈ ਬੰਦਾ ਹੈਗਾ। ਅਸੀਂ ਰਾਜੀ ਨੂੰ ਜਾਣਦੇ ਆਂ, ਉਹ ਅਜਿਹੀ ਨਹੀਂ। ਬਾਹਰ ਰਿਲੇਸ਼ਨ ਰੱਖਣ ਵਾਲੀਆਂ ਔਰਤਾਂ ਉਵੇਂ ਹੀ ਲੁਸ਼ ਲੁਸ਼ ਕਰਨ ਵਾਲੀਆਂ ਹੁੰਦੀਆਂ। ਰਾਜੀ ਜ਼ਰਾ ਕੁ ਜਜ਼ਬਾਤੀ ਔਰਤ ਏ, ਹੋਰ ਕੁਝ ਨਹੀਂ।"

"ਯੂ ਨੋਅ, ਹੁਣ ਸਾਡੀ ਨਵੀਂ ਜ਼ਿੰਦਗੀ ਦੀ ਪ੍ਰੀਭਾਸ਼ਾ ਵਿਚ ਵੀ ਇਹ ਗੱਲ ਆਉਂਦੀ ਐ ਕਿ ਭਾਵੁਕ ਸਾਂਝ ਤੁਸੀਂ ਇਕ ਤੋਂ ਵੱਧ ਵਿਅਕਤੀਆਂ ਨਾਲ ਰੱਖ ਸਕਦੇ ਹੋ।"

"ਬਸ, ਅਜਿਹਾ ਹੀ ਹੋਇਆ ਹੋਏਗਾ, ਪਟਿਆਲੇ ਤੋਂ ਰਾਤ ਨੂੰ ਉਹ ਖੰਨੇ ਪੁੱਜਿਆ ਹੋਏਗਾ। ਕਿਸੇ ਗੱਲੋਂ ਰਾਜੀ ਨਾਲ ਝਗੜਾ ਹੋ ਗਿਆ ਹੋਏਗਾ ਤੇ ਗੁੱਸੇ ਵਿਚ ਆਇਆ ਉਹ ਕਾਰ ਲੈ ਕੇ ਚੰਡੀਗੜ੍ਹ ਲਈ ਤੁਰ ਪਿਆ ਹੋਏਗਾ। ਹੋ ਸਕਦਾ ਏ ਕਿ ਸ਼ਰਾਬ ਵੀ ਪੀਤੀ ਹੋਵੇ।"

ਉਹ ਖੰਨੇ ਪੁੱਜੇ ਤਾਂ ਜੈਪਾਲ ਦੇ ਬਹੁਤ ਸਾਰੇ ਦੋਸਤ ਹਾਜ਼ਰ ਸਨ। ਬਹੁਤਿਆਂ ਨੂੰ ਸੁਮੀਤ ਜਾਣਦਾ ਹੀ ਸੀ। ਚਾਰੇ ਪਾਸੇ ਸੋਗ ਦਾ ਮਹੌਲ ਹੋਣਾ ਕੁਦਰਤੀ ਸੀ। ਅਰਵਿੰਦ ਸੁਮੀਤ ਦੇ ਨਾਲ ਨਾਲ ਰਹਿਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਕ ਔਰਤ ਬਹੁਤ ਰੋ ਰਹੀ ਸੀ, ਅਰਵਿੰਦ ਨੇ ਅੰਦਾਜ਼ਾ ਲਗਾਇਆ ਕਿ ਉਹ ਰਾਜੀ ਹੀ ਹੋਵੇਗੀ ਤੇ ਉਸ ਦੇ ਨਾਲ ਬੈਠਾ ਗਮਗੀਨ ਮੁੰਡਾ ਜੈਪਾਲ ਦਾ ਪੁੱਤ ਅਮਿਤ। ਕੁਝ ਦੇਰ ਬਾਅਦ ਸਾਰੇ ਲੋਕ ਇਕ ਜਲੂਸ ਦੀ ਸ਼ਕਲ ਵਿਚ ਜੈਪਾਲ ਦੀ ਅਰਥੀ ਨੂੰ ਖੁਲ੍ਹੇ ਟਰੱਕ ਵਿਚ ਰੱਖ ਕੇ ਉਸ ਦੇ ਪਿੰਡ ਵੱਲ ਤੁਰ ਪਏ। ਦਸ ਕੁ ਕਿਲੋਮੀਟਰ 'ਤੇ ਇਹ ਪਿੰਡ ਸੀ। ਕੁਝ ਦੇਰ ਲਈ ਅਰਥੀ ਨੂੰ ਜੈਪਾਲ ਦੇ ਪਿਓ ਦੇ ਘਰ ਰੱਖਿਆ ਗਿਆ। ਉਥੇ ਵੀ ਚੀਕ ਚਹਾੜਾ ਪਿਆ ਹੋਇਆ ਸੀ। ਉਸ ਦੀ ਦੇਹ ਨੂੰ ਦਾਗ ਦਿੰਦਿਆਂ ਪੰਜ ਵੱਜ ਹੀ ਗਏ। ਸਿਵਿਆਂ ਦੇ ਨਾਲ ਹੀ ਇਕ ਨਹਿਰ ਵਗਦੀ ਸੀ। ਸਸਕਾਰ ਤੋਂ ਬਾਅਦ ਲੋਕ ਨਹਿਰ ਵਿਚ ਹੱਥ-ਪੈਰ ਧੋਂਦੇ ਆਪੋ-ਆਪਣੇ ਰਾਹ ਪੈਣ ਲੱਗੇ। ਅਰਵਿੰਦ ਨੇ ਦੇਖਿਆ ਕਿ ਇਕ ਜੋੜਾ ਉਸ ਦੇ ਨਜ਼ਦੀਕ ਹੀ ਪਾਣੀ ਉਪਰ ਝੁਕਿਆ ਹੋਇਆ ਸੀ। ਉਸ ਨੂੰ ਜਾਪਿਆ ਜਿਵੇਂ ਇਹ ਔਰਤ ਕਿਤੇ ਦੇਖੀ ਹੋਈ ਹੋਵੇ। ਉਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦ ਉਹ ਮੰਨਤ ਨਿਕਲੀ। ਉਸ ਦੇ ਨਾਲ ਉਸ ਦਾ ਪਤੀ ਸੀ। ਅਰਵਿੰਦ ਨੇ ਫੇਸਬੁੱਕ 'ਤੇ ਉਸ ਦੀ ਫੋਟੋ ਦੇਖੀ ਹੋਈ ਸੀ। ਸੁਮੀਤ ਨੇ ਵੀ ਉਹਨਾਂ ਨੂੰ ਦੇਖ ਲਿਆ। ਉਹ ਅਰਵਿੰਦ ਦਾ ਹੱਥ ਫੜਦਾ ਉਹਨਾਂ ਕੋਲ ਜਾ ਖੜਿਆ। ਮੰਨਤ ਵੀ ਉਸ ਨੂੰ ਦੇਖ ਕੇ ਹੈਰਾਨ ਸੀ। ਉਹ ਅਰਵਿੰਦ ਨੂੰ 'ਸਤਿ ਸ੍ਰੀ ਅਕਾਲ' ਬੁਲਾਉਂਦੀ ਉਸ ਦਾ ਆਪਣੇ ਪਤੀ ਨਾਲ ਤੁਆਰਫ ਕਰਾਉਣ ਲੱਗੀ। ਸੁਮੀਤ ਨੂੰ ਅਰਵਿੰਦ ਦੱਸ ਹੀ ਚੁੱਕਿਆ ਸੀ ਕਿ ਮੰਨਤ ਉਸ ਨੂੰ ਦਿੱਲੀ ਮਿਲੀ ਸੀ। ਮੰਨਤ ਦਾ ਪਤੀ ਅਰਵਿੰਦ ਨੂੰ ਦੇਖ ਕੇ ਬਹੁਤ ਖੁਸ਼ ਹੋਇਆ। ਉਸ ਨੇ ਮਹੌਲ ਦੇਖ ਕੇ ਆਪਣੇ ਆਪ ਉਪਰ ਕਾਬੂ ਰੱਖਿਆ ਪਰ ਅਰਵਿੰਦ ਨੂੰ ਜੱਫੀ ਪਾ ਲਈ। ਅਰਵਿੰਦ ਹੈਰਾਨ ਸੀ ਕਿ ਉਹ ਪਹਿਲੀ ਮੁਲਾਕਤ ਵਿਚ ਹੀ ਅਜਿਹੀ ਨੇੜਤਾ ਦਿਖਾ ਰਿਹਾ ਸੀ। ਉਹ ਬੋਲਿਆ,

"ਅਰਵਿੰਦ ਜੀ, ਸਾਡੇ ਦੋਸਤਾਂ ਦੀਆਂ ਮਹਿਫਲਾਂ ਵਿਚ ਤੁਹਾਡੀਆਂ ਬਹੁਤ ਗੱਲਾਂ ਹੋ ਰਹੀਆਂ ਨੇ ਸਰ! ਅਸੀਂ ਤੁਹਾਨੂੰ ਪਟਿਆਲੇ ਸੱਦ ਰਹੇ ਆਂ। ਦੱਸੋ, ਤੁਹਾਡੇ ਪਾਸ ਕਦ ਵਕਤ ਏ?"

"ਯੂ ਨੋਅ, ਹਾਲੇ ਕੁਝ ਨਹੀਂ ਕਹਿ ਸਕਦਾ। ਇਹ ਸਭ ਇਤਫਾਕ ਦੀਆਂ ਗੱਲਾਂ। ਦੇਖੋ ਇਸ ਦੋਸਤ ਨੂੰ ਕਦੇ ਮੈਂ ਮਿਲਿਆ ਵੀ ਨਹੀਂ ਤੇ ਕਿਹੜੇ ਦੁੱਖ ਭਰੇ ਹਾਲਾਤ ਵਿਚ ਇਹਨੇ ਖੰਨੇ ਤੇ ਫਿਰ ਇਸ ਪਿੰਡ ਵਿਚ ਸੱਦ ਲਿਆ।"

"ਤੁਹਾਡੀ ਗੱਲ ਬਿਲਕੁਲ ਸੱਚ ਏ। ...ਸਾਡਾ ਦੋਸਤ ਜੈਪਾਲ ਬਹੁਤ ਹੀ ਮੋਹ-ਖੋਰਾ ਦੋਸਤ ਸੀ ਪਰ ਜੋ ਵਾਹਿਗੁਰੂ ਨੂੰ ਮਨਜ਼ੂਰ। ...ਵੈਸੇ ਅਰਵਿੰਦ ਜੀ, ਤੁਹਾਡਾ ਹੁਣ ਪ੍ਰੋਗਰਾਮ ਕੀ ਏ?"

"ਡਾਕਟਰ ਸਾਹਿਬ, ਅੱਜ ਤਾਂ ਮੈਂ ਡਾਕਟਰ ਸੁਮੀਤ ਸਹੋਤਾ ਨਾਲ ਅੰਮ੍ਰਿਤਸਰ ਜਾਣੈਂ ਤੇ ਕੱਲ ਆਪਣੇ ਪਿੰਡ ਕਿਸੇ ਜ਼ਰੂਰੀ ਕੰਮ ਲਈ ਤੇ ਫਿਰ ਇਕ ਦਿਨ ਦਿੱਲੀ ਜਾਣੈਂ, ਬਹੁਤ ਜ਼ਰੂਰੀ ਕੰਮ ਐ। ਉਸ ਤੋਂ ਬਾਅਦ ਮੇਰਾ ਪ੍ਰੋਗਰਾਮ ਚੰਡੀਗੜ੍ਹ ਜਾਣ ਦਾ ਐ ਪਰ ਅਸਲ ਵਿਚ ਇਹਨਾਂ ਵਿਚੋਂ ਕੋਈ ਵੀ ਪ੍ਰੋਗਰਾਮ ਕਨਫ੍ਰਮ ਨਹੀਂ ਐ। ਹਾਂ, ਦਿੱਲੀ ਜਾਣਾ ਮੇਰਾ ਤੈਅ ਐ।"

ਅਰਵਿੰਦ ਨੇ ਕਿਹਾ। ਮੰਨਤ ਦਾ ਪਤੀ ਬੋਲਿਆ,

''ਦਿੱਲੀ ਜਾਣ ਲਈ ਤਾਂ ਕੱਲ ਮੈਡਮ ਨੂੰ ਵੀ ਫੋਨ ਆਇਆ ਸੀ।''

## ਅਠਾਰਾਂ

ਮੁੱਖ ਸੜਕ 'ਤੇ ਗੱਡੀ ਪਾਉਂਦਿਆਂ ਹੀ ਗੁਪਾਲਾ ਬੋਲਿਆ,

''ਭਾਜੀ, ਤੁਸੀਂ ਤਾਂ ਬਹੁਤੇ ਹੀ ਦਿਨ ਲਗਾ ਦਿੱਤੇ, ਮੈਨੂੰ ਤਾਂ ਤੁਹਾਡੀ ਆਦਤ ਜਿਹੀ ਪੈ ਗਈ ਹੋਈ ਸੀ।''

''ਤੂੰ ਕਿਤੇ ਗੇਅ ਤਾਂ ਨਹੀਂ?''

ਅਰਵਿੰਦ ਨੇ ਹੱਸਦਿਆਂ ਆਖਿਆ ਤੇ ਗੁਪਾਲਾ ਵੀ ਪੂਰੇ ਜ਼ੋਰ ਨਾਲ ਹੱਸਿਆ ਤੇ ਆਖਣ ਲੱਗਿਆ,

''ਭਾਜੀ, ਭਰਾਵਾਂ ਵਾਲਾ ਪਿਆਰ ਸਭ ਤੋਂ ਵੱਡੀ ਗੱਲ ਹੁੰਦੀ ਆ। ...ਇਥੇ ਵੀ ਕੋਈ ਦਿੱਲੀ ਵਰਗੀ ਮੈਡਮ ਮਿਲੀ ਕਿ ਨਹੀਂ?''

''ਨਹੀਂ ਉਏ, ...ਗੋਗਲਿਆਂ ਦਾ ਮੀਂਹ ਹਰ ਰੋਜ਼ ਨਹੀਂ ਪੈਂਦਾ ਹੁੰਦਾ।''

''ਫੇਰ ਤਾਂ ਉਹੀ ਸ਼ਬਦ ਗੁਆਚਣ ਦੀਆਂ ਗੱਲਾਂ ਹੋਈਆਂ ਹੋਣੀਆਂ।''

''ਨਹੀਂ, ਓਦਾਂ ਦੀਆਂ ਨਹੀਂ ਹੋਈਆਂ। ਯੂਨੀਵਰਸਟੀ ਦੇ ਵਿਦਿਆਰਥੀਆਂ ਸਾਹਮਣੇ ਲੈਕਚਰ ਸੀ, ਉਹਨਾਂ ਨੂੰ ਭਾਸ਼ਾ ਦੇ ਗੁਆਚਣ ਦਾ ਬਹੁਤਾ ਫਿਕਰ ਨਹੀਂ ਹੁੰਦਾ।''

''ਇਹ ਵੀ ਠੀਕ ਆ ਜੀ, ਹੁਣ ਬੌਬੀ-ਬੋਦੇ ਨੂੰ ਜੈੱਲ ਲਾ ਕੇ ਕੌਣ ਕਹੇਗਾ ਕਿ ਹੁਣ ਚੁਬੱਚੇ 'ਤੇ  ਜਾਂ ਚਲ੍ਹੇ ਵਿਚ ਨਹਾਉਣਾ!''

ਉਸ ਦੀ ਗੱਲ 'ਤੇ ਅਰਵਿੰਦ ਹੱਸਣ ਲੱਗਿਆ। ਗੁਪਾਲੇ ਨੇ ਫਿਰ ਕਿਹਾ,

''ਭਾਜੀ, ਵੈਸੇ ਮੈਂ ਕੱਲ ਇਥੇ ਅੰਮ੍ਰਿਤਸਰ ਹੀ ਸੀ, ਰਾਜਾ ਸਾਂਸੀ ਏਅਰ ਪੋਰਟ ਤੋਂ ਇਕ 'ਔਲਰੈਟ' ਨੂੰ ਲੈ ਕੇ ਗਿਆਂ। ਬੜੀਆਂ ਗੱਪਾਂ ਮਾਰਦਾ ਸੀ। ਮੈਨੂੰ ਤਾਂ ਹਿਲਾ ਕੇ ਰੱਖ ਦਿਤਾ।''

''ਅੱਛਾ! ਕੀ ਕਹਿੰਦਾ ਸੀ?''

''ਬਸ ਉਹੀ, ਸ਼ੋਅੱਪ! ...ਨੋਟ ਦਿਖਾਈ ਜਾਵੇ। ...ਕਹਿੰਦਾ ਟੁਆਇਲਟ ਕਿਸੇ ਸਟੈਂਰਡ ਦੀ ਜਗਾਹ ਜਾਣਾ। ਮੈਂ ਲੈ ਗਿਆ। ਬਾਹਰ ਏਦਾਂ ਨਿਕਲਿਆ ਜਿੱਦਾਂ ਕੁਨੈਣ ਖਾਧੀ ਹੁੰਦੀ ਆ।''

''ਅੱਛਾ! ਕੀ ਹੋਇਆ?''

''ਕਹਿੰਦਾ ਟੁਆਇਲਟ ਬਹੁਤ ਮਹਿੰਗੀ ਪਈ।''

''ਉਹ ਕਿੱਦਾਂ?''

''ਕਹਿੰਦਾ ਟੁਆਇਲਟ ਪੇਪਰ ਹੈ ਨਾ ਸੀ, ਨੋਟ ਹੀ ਵਰਤਣੇ ਪਏ।''

ਉਸ ਦੀ ਗੱਲ 'ਤੇ ਅਰਵਿੰਦ ਹੱਸਣ ਲੱਗਿਆ ਤੇ ਕਿਹਾ,

''ਪਿੰਡ ਦੀ ਕੋਈ ਖ਼ਬਰਸਾਰ?''

''ਆਹ ਦੋ ਮੌਤਾਂ ਦਾ ਤਾਂ ਤੁਹਾਨੂੰ ਪਤਾ ਈ ਆ ਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਹੋ ਗਈਆਂ। ਜਾਂ ਤਾਂ ਮੈਂ ਕਦੇ ਪਿੰਡ ਰਿਹਾ ਨਹੀਂ ਏਸ ਕਰਕੇ ਲੱਗਦੀਆਂ, ਜਾਂ ਫੇਰ ਮੇਰੇ ਆਏ 'ਤੇ ਹੀ ਇਹ ਗੱਲਾਂ ਹੋਣੀਆਂ ਸਨ।''

''ਕੀ ਕੀ ਹੋ ਗਿਆ?''

''ਇਕ ਤਾਂ ਆਪਣੇ ਪਿੰਡ ਬਲਿਊ ਫਿਲਮਾਂ ਬਣਦੀਆਂ ਫੜ੍ਹ ਹੋ ਗਈਆਂ, ਪਿੰਡ ਦੇ ਹੀ ਕੁਝ ਮੁੰਡੇ ਬਣਾਉਂਦੇ ਸੀ।''

''ਅੱਛਾ!''

''ਤੁਹਾਨੂੰ ਪਤਾ ਕਿ ਐਡੇ ਐਡੇ ਘਰ ਬਣਾ ਕੇ ਲੋਕ ਬਾਹਰ ਨੂੰ ਤੁਰ ਜਾਂਦੇ ਆ। ਮਗਰੋਂ ਕਿਸੇ ਕੋਲ ਚਾਬੀ ਹੁੰਦੀ ਆ, ਉਹ ਜੋ ਮਰਜ਼ੀ ਕਰੇ। ਏਦਾਂ ਹੀ ਆਪਣੇ ਪਿੰਡ ਦੇ ਦੂਜੇ ਪਾਸੇ ਇਕ ਕੋਠੀ ਵਿਚ ਇਹ ਕੰਮ ਚਲਦਾ ਸੀ, ਪਿੰਡ ਦੀਆਂ ਕੁੜੀਆਂ ਵੀ ਏਸ ਕੰਮ ਲਈ ਵਰਤੀਆਂ ਜਾਂਦੀਆਂ ਸਨ ਤੇ ਬਾਹਰੋਂ ਵੀ ਆਉਂਦੀਆਂ ਸਨ। ਗਵਾਂਢੀਆਂ ਨੂੰ ਸ਼ੱਕ ਪਿਆ ਤੇ ਉਹਨਾਂ ਠਾਣੇ ਰਿਪ੍ਰੋਟ ਕਰ ਦਿੱਤੀ। ਉਹਨਾਂ ਸੋਚਿਆ ਕਿ ਅੱਤਵਾਦੀ ਆਉਂਦੇ-ਜਾਂਦੇ ਆ ਪਰ ਨਿਕਲਿਆ ਕੁਝ ਹੋਰ।''

''ਵਾਹ, ਇਹ ਤਾਂ ਨਵੀਂ ਡਿਵੈਲਪਮੈਂਟ ਹੋ ਰਹੀ ਐ!''

''ਦੋ ਤਿੰਨ ਦਿਨ ਦੀ ਪੁਲਸ ਪਿੰਡ ਵਿਚ ਡੇਰੇ ਲਾਈ ਬੈਠੀ ਆ, ਕਈ ਲੋਕਾਂ ਤੋਂ ਪੁੱਛ-ਗਿੱਛ ਕਰ ਰਹੀ ਆ, ਪੁਲਸ ਨੂੰ ਪੈਸੇ ਖਾਣ ਨੂੰ ਜਗਾਹ ਹੋ ਗਈ, ਹੋਰ ਕੀ!''

ਉਹ ਚਾਅ ਜਿਹੇ ਨਾਲ ਦੱਸ ਰਿਹਾ ਸੀ। ਉਹ ਅੱਗੇ ਬੋਲਿਆ,

''ਸਾਊਥ ਇੰਡੀਆ ਵੱਲ ਜ਼ਿਆਦਾ ਬਣਦੀਆਂ ਹੁੰਦੀਆਂ ਸੀ ਏਦਾਂ ਦੀਆਂ ਫਿਲਮਾਂ ਪਰ ਹੁਣ ਪਿੱਛੇ ਜਿਹੇ ਇਕ ਪੰਜਾਬੀ ਦੀ ਨੀਲੀ ਫਿਲਮ ਵੀ ਦੇਖੀ ਸੀ, ਮੈਂ ਸੋਚਦਾ ਸੀ ਕਿ ਸ਼ਾਇਦ ਓਦਾਂ ਹੀ ਡੱਬ ਕੀਤੀ ਹੋਈ ਆ ਪਰ ਇਹ ਤਾਂ ਸਾਡੇ ਪਿੰਡ ਦੀ ਹੀ ਬਣੀ ਹੋਈ ਸੀ ਸ਼ਾਇਦ!''

ਆਖਦਾ ਉਹ ਹੱਸਿਆ। ਅਰਵਿੰਦ ਨੇ ਪੁੱਛਿਆ,

''ਹੋਰ ਕਿਹੜੀ ਖ਼ਬਰ ਐ?''

"ਆਪਣੇ ਪਿੰਡ ਦੀ ਬਾਹਰਲੀ ਅਬਾਦੀ ਦਾ ਆਧਰਮੀਆਂ ਦਾ ਮੁੰਡਾ ਨਾਲ ਦੇ ਪਿੰਡੋਂ ਜੱਟਾਂ ਦੀ ਕੁੜੀ ਕੱਢ ਲਿਆਇਆ, ਉਹਦੇ ਲਈ ਵੀ ਪੁਲਸ ਪਿੰਡ ਚੌਂਕੀ ਪਾਈ ਬੈਠੀ ਆ। ਕੁੜੀ ਪੂਰੀ ਬਾਲਗ ਆ ਤੇ ਏਸ ਕਰਕੇ ਬਹੁਤਾ ਕੁਝ ਕੀਤਾ ਵੀ ਨਹੀਂ ਜਾ ਸਕਦਾ।"

"ਇਹ ਤਾਂ ਏਡੀ ਮਾੜੀ ਖ਼ਬਰ ਨਹੀਂ, ਜਦ ਕਿਸੇ ਦਾ ਆਪਸ ਵਿਚ ਪਿਆਰ ਹੀ ਹੋ ਗਿਆ ਤਾਂ ਕੋਈ ਕੀ ਕਰ ਸਕਦੈ।"

"ਗੱਲ ਤਾਂ ਤੁਹਾਡੀ ਹੈਗੀ ਸੋਲਾਂ ਆਨੇ ਸੱਚੀ ਪਰ ਇਹ ਮੁੰਡਾ ਮੇਰਾ ਦੋਸਤ ਹੀ ਆ, ਮੈਨੂੰ ਕਹਿੰਦਾ ਹੁੰਦਾ ਸੀ ਕਿ ਮੇਰਾ ਏਮ ਜੱਟਾਂ ਦੀ ਕੁੜੀ ਫਸਾ ਕੇ ਉਹਨੂੰ ਕੱਢਣਾਂ ਤੇ ਢੋਲ ਵਜਾ ਕੇ ਵਿਆਹ ਕਰਾਉਣਾਂ। ਜਾਣੀ ਕਿ ਏਥੇ ਪਿਆਰ ਵਾਲੀ ਕੋਈ ਗੱਲ ਨਹੀਂ, ਏਥੇ ਕੋਈ ਹੋਰ ਹੀ ਚੀਜ਼ ਕੰਮ ਕਰ ਰਹੀ ਆ।"

ਆਪਣੀ ਗੱਲ ਮੁਕਾ ਕੇ ਉਹ ਚੁੱਪ ਕਰ ਗਿਆ। ਅਰਵਿੰਦ ਨੂੰ ਵੀ ਇਹ ਗੱਲ ਪਸੰਦ ਨਹੀਂ ਸੀ ਆਈ ਪਰ ਉਸ ਨੇ ਇਸ ਬਾਰੇ ਆਪਣੀ ਕੋਈ ਰਾਏ ਵੀ ਨਾ ਦਿਤੀ। ਕੁਝ ਦੇਰ ਬਾਅਦ ਗੁਪਾਲਾ ਫਿਰ ਬੋਲਿਆ,

"ਆਪਣੇ ਪਿੰਡ ਦੇ ਮਰਾਸੀਆਂ ਦੇ ਮੁੰਡੇ ਦੀ ਇਕ ਸੀ. ਡੀ. ਆਈ ਆ।"

"ਯੂ ਨੋਅ, ਗੌਣ ਵਾਲੇ ਬਹੁਤ ਹੋ ਗਏ!"

"ਗਾਉਣ ਵਾਲਿਆਂ ਨਾਲੋਂ ਸਾਲੇ ਐਕਟਰ ਜ਼ਿਆਦਾ ਹੋ ਗਏ। ਹੁਣ ਨਿਆਣੇ ਤਾਂ ਜੰਮਦੇ ਹੀ ਐਕਟਿੰਗ ਕਰਨ ਲੱਗ ਪੈਂਦੇ ਆ। ਏਹ ਟੈਲੀਵੀਯਨ ਵਾਲਿਆਂ ਦੀ ਸਿਖਿਆ ਸਾਰੀ। ਹੁਣ ਤਾਂ ਔਰਤਾਂ ਵੀ ਘਰਾਂ ਵਿਚ ਸੀਰਅਲਾਂ ਵਾਲੇ ਡਾਇਲੌਗ ਹੀ ਬੋਲਦੀਆਂ। ਆਹ, ਆਪਣੇ ਬਲਕਾਰ ਦੀ ਘਰਵਾਲੀ ਨਿਤ ਨਵੇਂ ਡਾਇਲੌਗ ਬੋਲੇਗੀ, ਤੇ ਬਲਕਾਰ ਸਮਝ ਜਾਂਦਾ ਕਿ ਅੱਜ ਉਹਨੇ ਕਿਹੜਾ ਸੀਰਅਲ ਦੇਖਿਆ ਹੋਏਗਾ।"

ਗੱਲਾਂ ਕਰਦੇ ਉਹ ਅੰਮ੍ਰਿਤਸਰ ਤੋਂ ਬਾਹਰ ਆ ਗਏ। ਉਹਨਾਂ ਨੇ ਪਿੰਡ ਹੀ ਜਾਣਾ ਸੀ। ਅਰਵਿੰਦ ਨੇ ਪਰਸੋਂ ਸੁਖਦੇਵ ਨੂੰ ਐਵੇਂ ਹੀ ਫੋਨ ਕਰ ਲਿਆ ਸੀ। ਸੁਖਦੇਵ ਦੱਸਣ ਲੱਗਿਆ,

"ਪਿੰਡ ਵਿਚ ਦੋ ਮੌਤਾਂ ਹੋ ਗਈਆਂ ਬਈ। ਇਕ ਤਾ ਕਮਲਾ ਦੇ ਘਰ ਵਾਲਾ ਪ੍ਰਕਾਸ਼ ਤੁਰ ਗਿਆ। ਉਹ ਤਾਂ ਕਈ ਸਾਲਾਂ ਦਾ ਤਿਆਰੀ ਕਰੀ ਬੈਠਾ ਸੀ ਪਰ ਆਹ ਬਿੱਕਰ ਸੂੰਹ ਵੀ ਹਾਰਟ ਅਟੈਕ ਨਾਲ ਚੱਲ ਵੱਸਿਆ।"

"ਉਹ ਤਾਂ ਚੰਗਾ ਭਲਾ ਸੀ, ਹਾਲੇ ਓਸ ਦਿਨ ਤਾਂ ਬਾਪੂ ਜੀ ਦਾ ਅਫਸੋਸ ਕਰਨ ਆਇਆ ਸੀ!"

"ਬਸ, ਏਦਾਂ ਈ ਆ, ਉਹਨੂੰ ਬਲੱਡ ਪ੍ਰੈਸ਼ਰ ਤਾਂ ਰਹਿੰਦਾ ਹੀ ਸੀ ਪਰ ਗੋਲੀ ਲਗਾਤਾਰ ਨਹੀਂ ਸੀ ਖਾਂਦਾ। ਪਿੰਡਾਂ ਵਿਚ ਏਦਾਂ ਹੀ ਕਰਦੇ ਆ। ਬਸ, ਗੋਲੀ ਉਦੋਂ ਹੀ ਖਾਂਦੇ ਆ ਜਦੋਂ ਬਲੱਡ ਵਧਿਆ ਮਹਿਸੂਸ ਕਰਦੇ ਆ। ...ਤੂੰ ਪਿੰਡ ਦਾ ਇਕ ਗੇੜਾ ਮਾਰ ਜਾਹ।"

"ਦੇਖਦਾਂ ਮੈਂ।"

"ਦੇਖਣਾ ਨਹੀਂ, ਆਉਣਾਂ। ਸਾਰੇ ਭਾਈਚਾਰੇ ਨੂੰ ਪਤਾ ਕਿ ਤੂੰ ਏਥੇ ਹੀ ਆਂ। ਪ੍ਰਕਾਸ਼ ਦੀ ਤਾਂ ਕੋਈ ਗੱਲ ਨਹੀਂ ਪਰ ਬਿੱਕਰ ਸੂੰਹ ਤਾਂ ਆਪਣੇ ਭਾਈਚਾਰੇ ਵਿਚੋਂ ਸੀ।"

ਅਰਵਿੰਦ ਨੇ ਉਸੇ ਵਕਤ ਹੀ ਫੈਸਲਾ ਕਰ ਲਿਆ ਸੀ ਕਿ ਬਿੱਕਰ ਸਿੰਘ ਦਾ ਅਫਸੋਸ ਕਰ ਸਕੇ ਜਾਂ ਨਾ ਪਰ ਪ੍ਰਕਾਸ਼ ਦਾ ਅਫਸੋਸ ਜ਼ਰੂਰੀ ਸੀ।

ਗੁਪਾਲਾ ਪਿੰਡ ਦੀਆਂ ਖ਼ਬਰਾਂ ਸੁਣਾਉਂਦਾ ਜਾ ਰਿਹਾ ਸੀ,

"ਆਪਣੇ ਪਿੰਡ ਦੇ ਇਕ ਮੁੰਡੇ ਨੇ ਆਪਣੇ ਹੀ ਗੋਤ ਦੀ ਕੁੜੀ ਵਿਚ ਵਿਆਹ ਕਰਾ ਲਿਆ।"

"ਆਪਣੇ ਹੀ ਪਿੰਡ ਵਿਚ?"

"ਹੈਗੇ ਤਾਂ ਉਹ ਆਪਣੇ ਹੀ ਪਿੰਡ ਦੇ ਪਰ ਬੈਠੇ ਨਾਲ ਦੇ ਪਿੰਡ ਆ।"

"ਯੂ ਨੋਅ, ਇਹ ਤਾਂ ਕੋਈ ਵੱਡੀ ਗੱਲ ਨਹੀਂ।"

"ਪਰ ਭਾਜੀ, ਪਿੰਡਾਂ ਵਿਚ ਹੈਗੀ। ਪਿੰਡਾਂ ਵਿਚ ਹਾਲੇ ਵੀ ਲੋਕ ਹੋਰ ਤਰ੍ਹਾਂ ਸੋਚਦੇ ਆ। ਪਰ ਭਾਜੀ ਇਹ ਬੰਦਸ਼ਾਂ ਸਿਰਫ ਸਹੂਲਤ ਦੀਆਂ ਹੀ ਆ। ਆਹ ਤੁਹਾਡੇ ਗਵਾਂਢ ਇੰਗਲੈਂਡ ਜਾਣ ਲਈ ਅਜਮੇਰ ਸੂੰਹ ਨੇ ਆਪਣੇ ਮੁੰਡੇ ਦਾ ਆਪਣੀ ਸਾਲ਼ੀ ਦੀ ਕੁੜੀ ਨਾਲ ਵਿਆਹ ਕਰ ਦਿੱਤਾ ਸੀ। ਏਦਾਂ ਦਾ ਬੜਾ ਗੰਦ ਆ ਜੀ। ਮਾਲਵੇ ਵੱਲ ਤਾਂ ਆਵਾ ਹੀ ਊਤਿਆ ਪਿਆ! ਕਨੇਡਾ ਜਾਣ ਲਈ ਚਾਚੇ-ਤਾਏ ਦੇ ਮੁੰਡੇ-ਕੁੜੀ ਵਿਆਹ ਕਰਾ ਰਹੇ ਆ, ਮੁਸਲਮਾਨਾਂ ਵਾਂਗੂੰ। ਏਦੂੰ ਵੱਧ ਕੇ ਕਲਯੁਗ ਕੀ ਹੋਣਾਂ!"

"ਗੁਪਾਲੇ, ਮਾਲਵੇ ਤੋਂ ਪਹਿਲਾਂ ਇਹ ਗੰਦ ਦੁਆਬੇ ਵਿਚ ਵੀ ਪਿਆ ਰਿਹਾ। ਭੈਣਾਂ ਨੇ ਭਰਾ ਪਤੀ ਬਣਾ ਕੇ ਇੰਗਲੈਂਡ ਲੰਘਾਏ ਤੇ ਧੀਆਂ ਨੇ ਪਿਓ ਲੰਘਾਏ। ਅਸੀਂ ਪੰਜਾਬੀ ਲੋਕ ਓਦਾਂ ਬਹੁਤ ਵੱਡਿਆਈਆਂ ਮਾਰਦੇ ਆਂ ਪਰ ਅੰਦਰੋਂ ਖੋਖਲੇ ਆਂ। ਲੋੜ ਵੇਲੇ ਅਸੀਂ ਰਿਸ਼ਤਿਆਂ ਨੂੰ ਵੀ ਦਾਅ 'ਤੇ ਲਾ ਦਿੰਦੇ ਆਂ। ਪੈਸੇ ਦੀ ਖਾਤਰ ਅਸੀਂ ਰਿਸ਼ਤੇ ਭੁੱਲ ਜਾਂਦੇ ਆਂ। ਸਾਰੀਆਂ ਗੱਲਾਂ ਇਕਨੌਮਿਕ 'ਤੇ ਆ ਕੇ ਮੁਕਦੀਆਂ।"

ਅਰਵਿੰਦ ਨੇ ਆਖਿਆ। ਅਚਾਨਕ ਉਸ ਨੂੰ ਗੁੜ ਦਾ ਚੇਤਾ ਆਇਆ ਤਾਂ ਉਸ ਨੇ ਗੁਪਾਲੇ ਨੂੰ ਇਹਦੇ ਬਾਰੇ ਸਵਾਲ ਪਾ ਦਿਤਾ। ਗੁਪਾਲੇ ਨੇ ਆਖਿਆ,

"ਭਾਜੀ, ਆਹ ਗੁੜ-ਗੰਨੇ ਦਾ ਮੌਸਮ ਨਹੀਂ। ਏਸ ਰੁਤ ਦਾ ਮੇਵਾ ਹੈਗਾ; ਛੱਲੀ।"

"ਓ ਭਾਈ, ਫਰਮਾਇਸ਼ ਗੁੜ ਦੀ ਐ, ਛੱਲੀ ਦੀ ਨਹੀਂ। ...ਮੈਨੂੰ ਹੁਣ ਯਾਦ ਨਹੀਂ ਪਰ ਮੈਂ ਸੜਕ ਕੰਢੇ ਕਿਤੇ ਵੇਲਣਾ ਚਲਦਾ ਦੇਖਿਆ ਸੀ।"

"ਕਿਤੇ-ਕਿਤੇ ਭਈਏ ਵੇਲਣਾ ਲਾਈ ਬੈਠੇ ਆ, ਸ਼ਹਿਰਾਂ ਵਿਚ ਕਿਤੇ-ਕਿਤੇ ਰਸ ਦੀ ਘਲ੍ਹਾੜੀ ਵੀ ਦਿੱਸ ਪੈਂਦੀ ਆ ਪਰ ਇਹ ਪਿਛੇਤੇ ਗੰਨਿਆਂ ਦੀ ਹੁੰਦੀ ਆ। ਆਗ ਵੱਡ ਦਿੰਦੇ ਆ ਪਰ ਖੋਰੀ ਨਹੀਂ ਛਿਲਦੇ ਤੇ ਖੋਰੀ ਸਣੇ ਗੰਨੇ ਨੂੰ ਰੱਖ ਲਿਆ ਜਾਵੇ ਤਾਂ ਇਹ ਕਾਫੀ ਦੇਰ ਕੱਢ ਜਾਂਦਾ। ਯੂਪੀ ਵੱਲ ਗੁੜ ਬਣਾਉਣ ਦਾ ਹੋਰ ਤਰੀਕਾ ਹੈਗਾ। ਇਹ ਪੱਤ ਦੀ ਵੱਤ ਸਾਡੇ ਵਾਲੀ ਨਹੀਂ ਰੱਖਦੇ, ਏਸ ਲਈ ਇਹਨਾਂ ਦਾ ਬਣਾਇਆ

ਗੁੜ ਢਿੱਲਾ ਜਿਹਾ ਹੁੰਦਾ ਜਾਂ ਫਿਰ ਨਿਰਾ ਇੱਟ ਵਰਗਾ। ਸਾਡੇ ਗੁੜ ਵਾਲਾ ਕਣ ਨਹੀਂ ਹੁੰਦਾ। ਸਾਡੇ ਗੁੜ ਵਾਂਗੂੰ ਕੜਕ ਤੇ ਖੜਕਵਾਂ ਨਹੀਂ। ਦੂਜੇ ਜਦ ਇਹ ਪੱਤ ਨੂੰ ਗੰਡ ਵਿਚ ਪਾਉਂਦੇ ਆ ਤਾਂ ਪੇਸੀ ਲਾਉਣ ਨੂੰ ਦੇਰ ਕਰ ਦਿੰਦੇ ਆ।"

ਗੱਲਾਂ ਕਰਦੇ ਉਹ ਜਲੰਧਰ ਨਜ਼ਦੀਕ ਪੁੱਜ ਗਏ। ਅਰਵਿੰਦ ਦਾ ਦਿਲ ਕਰਦਾ ਸੀ ਕਿ ਜਲੰਧਰ ਦੇ ਵਿਚ ਦੀ ਜਾਇਆ ਜਾਵੇ ਕਿਉਂਕਿ ਬਹੁਤ ਸਾਲ ਹੋ ਗਏ ਸਨ ਇਸ ਸ਼ਹਿਰ ਨੂੰ ਦੇਖਿਆਂ। ਗੁਪਾਲੇ ਨੇ ਸਟੇਅਰਿੰਗ ਬਾਈਪਾਸ ਦੀ ਥਾਂ ਸ਼ਹਿਰ ਵਿਚ ਨੂੰ ਘੁਮਾ ਲਿਆ। ਸ਼ਹਿਰ ਵੜਦਿਆਂ ਹੀ ਉਹਨਾਂ ਨੂੰ ਇਕ ਜਨਾਜ਼ਾ ਜਾਂਦਾ ਮਿਲ ਪਿਆ। ਅਰਵਿੰਦ ਨੇ ਬੋਲਿਆ,

"ਯੂ ਨੋਅ, ਦੋ ਦਿਨਾਂ ਵਿਚ ਦੋ ਜਨਾਜ਼ੇ! ...ਕੁਝ ਜ਼ਿਆਦਾ ਹੋ ਰਿਹੈ!"

"ਇਹ ਤਾਂ ਕੋਈ ਬੁੜਾ ਲੱਗਦਾ, ਦੇਖੋ ਲਾਲ ਕੱਫਣ ਦਿਤਾ ਹੋਇਆ, ਹੋਰ ਤਾਂ ਗੱਲ ਠੀਕ ਆ ਪਰ ਇਹ ਹੁਣ ਸਾਨੂੰ ਰਾਹ ਵੀ ਦੇ ਦੇਣ, ਸਾਰੀ ਸੜਕ ਮੱਲੀ ਜਾਂਦੇ ਆ।"

ਗੁਪਾਲਾ ਖਿਝਿਆ ਪਿਆ ਸੀ। ਕੁਝ ਦੇਰ ਉਹ ਦੇਖਦਾ ਰਿਹਾ ਤੇ ਫਿਰ ਮੂੰਹ ਬਾਹਰ ਕੱਢ ਕੇ ਬੋਲਿਆ,

"ਓ ਯਾਰ, ਮੈਨੂੰ ਰਾਹ ਕਿਉਂ ਨਹੀਂ ਦਿੰਦੇ? ...ਤੁਹਾਡਾ ਬੁੜਾ ਮੈਂ ਮਾਰਿਆ?"

ਦੋ ਕੁ ਬੰਦਿਆਂ ਨੇ ਸੁਣਿਆਂ ਵੀ। ਉਹ ਹੱਸਣ ਲੱਗ ਪਏ। ਗੁਪਾਲਾ ਪਾਸੇ ਨੂੰ ਕਰਦਾ ਗੱਡੀ ਅੱਗੇ ਕੱਢਣ ਲੱਗਿਆ।

ਹੋਰਨਾਂ ਸ਼ਹਿਰਾਂ ਵਾਂਗ ਜਲੰਧਰ ਵਿਚ ਵੀ ਥਾਂ ਥਾਂ ਅਵਾਰਾ ਗਾਈਆਂ ਫਿਰਦੀਆਂ ਤੇ ਗੰਦ ਖਾਂਦੀਆਂ ਦਿੱਸ ਰਹੀਆਂ ਸਨ। ਨਿਕੇ ਨਿਕੇ ਬੱਚੇ ਬੇਹੱਦ ਗੰਦੇ ਕਪੜੇ ਪਾਈ ਕੂੜੇ ਵਿਚੋਂ ਪਲਾਸਟਿਕ ਤੇ ਲੋਹਾ ਚੁਗ ਰਹੇ ਸਨ। ਅਰਵਿੰਦ ਨੂੰ ਕਚਿਆਣ ਜਿਹੀ ਆ ਰਹੀ ਸੀ। ਉਸ ਨੇ ਕਿਹਾ,

"ਦੇਖ, ਇੰਡੀਆ ਸ਼ਾਈਨਿੰਗ ਵਾਲਾ ਦਾਅਵਾ ਠੁੱਸ ਹੋ ਰਿਹੈ!"

"ਭਾਜੀ, ਇਹ ਵੀ ਇਕ ਇੰਡੀਆ ਹੈਗਾ। ਅਸਲ ਵਿਚ ਇਕ ਇੰਡੀਆ ਵਿਚ ਕਈ ਇੰਡੀਆ ਹੈਗੇ ਆ।"

ਉਹ ਜਲੰਧਰ ਲੰਘ ਆਏ। ਸ਼ਹਿਰ ਦੀਆਂ ਉੱਚੀਆਂ ਇਮਾਰਤਾਂ ਤੇ ਨਵੇਂ ਬਣੇ ਹੋਟਲ ਅਰਵਿੰਦ ਨੂੰ ਬਹੁਤਾ ਮੁਤਾਸਰ ਨਾ ਕਰ ਸਕੇ। ਅਰਵਿੰਦ ਕੁਝ ਦੇਰ ਲਈ ਕੁਝ ਨਾ ਬੋਲ ਸਕਿਆ। ਗੁਪਾਲੇ ਨੇ ਪੁੱਛਿਆ,

"ਭਾਜੀ, ਚੁੱਪ ਜਿਹੇ ਕਿਉਂ ਓ?"

"ਇਕ ਤਾਂ ਯਾਰ ਆਹ ਨਿਕੇ ਨਿਕੇ ਬੱਚਿਆਂ ਦੇ ਬਚਪੱਨ ਬਾਰੇ ਸੋਚ ਰਿਹਾਂ ਤੇ ਦੂਜੇ ਮਨ ਵਿਚ ਇਕ ਦਮ ਗੱਲ ਆ ਗਈ ਕਿ ਹੁਣ ਮੈਨੂੰ ਵਾਪਸ ਮੁੜ ਜਾਣਾ ਚਾਹੀਦੈ।"

"ਪਰ ਤੁਸੀਂ ਤਾਂ ਪੂਰੇ ਮਹੀਨੇ ਲਈ ਆਏ ਓ?"

"ਯੂ ਨੋਅ, ...ਹੁਣੇ ਹੀ ਮਨ ਵਿਚ ਖਿਆਲ ਜਿਹਾ ਆਇਐ। ...ਅੰਮ੍ਰਿਤਸਰ ਵਿਚ ਵੀ ਬਹੁਤ ਦਿਨ ਖਰਾਬ ਹੋ ਗਏ। ...ਹੁਣ ਦੋ ਕੁ ਕੰਮ ਐਂ ਕਰਨ ਵਾਲੇ, ...ਬਸ ਫਿਰ!"

"ਤੁਹਾਡੀ ਰਿਟਰਨ ਡੇਟ ਤਾਂ ਬੁੱਕ ਆ ਨਾ?"

"ਉਹ ਤਾਂ ਮੈਂ ਟਿੱਕਟ ਬਦਲਵਾ ਲਵਾਂਗਾ, ਮੇਰਾ ਟਿੱਕਟ ਅਜਿਹੈ ਕਿ ਇਕ ਵਾਰ ਡੇਟ ਏਧਰ ਓਧਰ ਕਰਵਾ ਸਕਦਾਂ।"

"ਦੇਖ ਲਓ ਭਾਜੀ, ਮੈਂ ਤਾਂ ਕਹਿੰਨਾ ਕਿ ਹੁਣ ਆਏ ਓ, ਪੂਰਾ ਟਾਈਮ ਰਹਿ ਲਓ। ਮੈਂ ਵੀ ਅਗਲੇ ਮਹੀਨੇ ਦਿੱਲੀ ਚਲੇ ਜਾਣਾਂ, ...ਪੱਕਾ ਹੀ। ...ਟੈਕਸੀ ਪਾ ਲੈਣੀ ਆਂ। ...ਆਹੀ ਮਹੀਨਾ ਹੀ ਬਲਕਾਰੇ ਨਾਲ ਲਵਾਉਣਾਂ।"

"ਯੂ ਨੋਅ, ਹਾਲੇ ਤਾਂ ਖਿਆਲ ਜਿਹੇ ਨੇ ਹੀ ਮਨ ਵਿਚ ਛਾਲ ਮਾਰੀ ਐ।"

ਅਰਵਿੰਦ ਨੇ ਆਖਿਆ। ਅੰਮ੍ਰਿਤਸਰ ਨੇ ਉਸ ਨੂੰ ਉਕਤਾ ਦਿਤਾ ਸੀ। ਉਹ ਵਾਹਗਾ ਬਾਡਰ ਵੀ ਨਹੀਂ ਸੀ ਦੇਖ ਸਕਿਆ ਤੇ ਦਰਬਾਰ ਸਾਹਿਬ ਰਾਤ ਸਮੇਂ ਦੇਖਣ ਦੀ ਉਸ ਦੀ ਤਮੰਨਾ ਵੀ ਅਧੂਰੀ ਰਹਿ ਗਈ ਸੀ। ਦਿੱਲੀ ਪਿਆ ਬੈਗ ਵੀ ਉਸ ਦੇ ਮਨ ਵਿਚ ਕਾਹਲ ਜਿਹੀ ਪਾ ਰਿਹਾ ਸੀ।

ਉਸ ਨੇ ਮੰਨਤ ਨੂੰ ਫੋਨ ਕਰ ਲਿਆ। ਮੰਨਤ ਦਾ ਪੀਰੀਅਡ ਵਿਹਲਾ ਹੀ ਸੀ ਬਲਕਿ ਉਹ ਘਰ ਜਾਣ ਵਾਲੀ ਹੀ ਸੀ। 'ਹੈਲੋ' ਤੋਂ ਬਾਅਦ ਅਰਵਿੰਦ ਨੇ ਪੁੱਛਿਆ,

"ਯੂ ਨੋਅ, ਕੱਲ ਤੁਹਾਡੇ ਹਸਬੈਂਡ ਦਿੱਲੀ ਦੇ ਜਾਣ ਦੇ ਕਿੱਸੇ ਬਾਰੇ ਕੋਈ ਗੱਲ ਕਰ ਰਹੇ ਸਨ, ਕੀ ਪ੍ਰੋਗਰਾਮ ਐ?"

"ਦਿੱਲੀ ਯੂਨੀਵਰਸਟੀ ਵਿਚ ਅਚਾਨਕ ਕੋਈ ਮੌਕਾ-ਮੇਲ ਅਜਿਹਾ ਬਣਿਆ ਏ ਕਿ ਉਹ ਮੇਰਾ ਲੈਕਚਰ ਕਰਵਾਉਣਾ ਚਾਹੁੰਦੇ ਨੇ ਪਰ ਮੇਰੀ ਕੁਝ ਸਿਹਤ ਬਹੁਤ ਵਧੀਆ ਨਹੀਂ ਚੱਲ ਰਹੀ, ਫਲੂ ਜਿਹਾ ਹੋਇਆ ਪਿਆ, ...ਰਿਕੱਵਰ ਕਰ ਰਹੀ ਆਂ, ਫਿਰ ਆਹ ਜੈਪਾਲ ਸਿੰਘ ਦੀ ਮੌਤ ਨੇ ਝਟਕਾ ਜਿਹਾ ਮਾਰ ਦਿੱਤਾ।"

"ਜੈਪਾਲ ਦੀ ਮੌਤ ਨੇ ਤਾਂ ਸਭ ਨੂੰ ਹੀ ਝਟਕਾ ਮਾਰਿਆ, ...ਕੀਤਾ ਵੀ ਕੀ ਜਾ ਸਕਦਾ ਪਰ ਆਹ ਫਲੂ ਵੀ ਭਲਾ ਕੋਈ ਬਿਮਾਰੀ ਹੁੰਦੀ ਐ! ਤੁਸੀਂ ਦਿੱਲੀ ਚਲੇ ਚੱਲੋ, ਮੈਂ ਵੀ ਇਧਰੋਂ ਹੋ ਲਵਾਂਗਾ।"

"ਤੁਸੀਂ ਪਟਿਆਲੇ ਕਦੋਂ ਜਾ ਰਹੇ ਓ?"

"ਮੇਰਾ ਪਟਿਆਲੇ ਦਾ ਕੋਈ ਪ੍ਰੋਗਰਾਮ ਨਹੀਂ।"

"ਏਕਣ ਨਹੀਂ ਅਰਵਿੰਦ ਜੀ, ਜਾਂ ਤਾਂ ਡੀਲ ਕਰੋ। ਤੁਸੀਂ ਪਟਿਆਲੇ ਜਾਣ ਦਾ ਵਾਅਦਾ ਕਰੋ ਤੇ ਮੈਂ ਦਿੱਲੀ ਜਾਣ ਦੀ ਕੋਸ਼ਿਸ਼ ਕਰਾਂਗੀ।"

ਆਖਦੀ ਮੰਨਤ ਹੱਸਣ ਲੱਗੀ। ਅਰਵਿੰਦ ਨੇ ਆਖਿਆ,

"ਪਟਿਆਲੇ ਮੈਂ ਕਿਸੇ ਨੂੰ ਜਾਣਦਾ ਹੀ ਨਹੀਂ, ਕਿਹਦੇ ਕੋਲ ਜਾਵਾਂਗਾ?"

"ਡਾਕਟਰ ਸਾਹਿਬ ਨੂੰ ਤਾਂ ਤੁਸੀਂ ਮਿਲ ਹੀ ਲਿਆ। ਉਹਨਾਂ ਕੋਲ ਹੀ ਜਾਵੋਂਗੇ। ਸਾਡਾ ਉਥੇ ਘਰ ਵੀ ਹੈਗਾ। ਉਥੇ ਜਾ ਕੇ ਰਹੋ, ਭਾਵੇਂ ਜਿੰਨੇ ਦਿਨ ਮਰਜ਼ੀ ਰਹੋ।"

"ਠੀਕ ਐ, ਤੁਸੀਂ ਦਿੱਲੀ ਤਾਂ ਚਲੋ। ਫਿਰ ਦੇਖਦੇ ਆਂ।"

"ਦੇਖਦੇ ਨਹੀਂ, ਪ੍ਰੌਮਿਜ਼!"

"ਪ੍ਰੌਮਿਜ਼!"

ਫੋਨ ਰੱਖ ਕੇ ਉਹ ਸੋਚਣ ਲੱਗਿਆ ਕਿ ਹੁਣ ਉਸ ਨੂੰ ਅਗਲੇ ਬਚਦੇ ਦਿਨ ਕਿਸੇ ਯੋਜਨਾਬੱਧ ਤਰੀਕੇ ਨਾਲ ਗਿਣਨੇ ਤੇ ਵਰਤਣੇ ਹੋਣਗੇ। ਮੰਨਤ ਨੇ ਦਿੱਲੀ ਪਰਸੋਂ ਰਾਤ ਪੁੱਜਣਾ ਸੀ। ਇਹਦਾ ਮਤਲਬ ਹੁਣ ਉਹ ਦੋ ਰਾਤਾਂ ਪਿੰਡ ਰਹੇਗਾ। ਪਰਸੋਂ ਸਵੇਰੇ ਦਿੱਲੀ ਲਈ ਚੱਲੇਗੇ। ਪਰਸੋਂ ਦੀ ਰਾਤ ਦਿੱਲੀ ਤੇ ਫਿਰ ਅਗਲੀ ਰਾਤ ਚੰਡੀਗੜ੍ਹ। ਇਕ ਜਾਂ ਦੋ ਰਾਤਾਂ ਉਥੇ ਤੇ ਉਸ ਤੋਂ ਅੱਗੇ ਪਟਿਆਲੇ। ਵਿਚ-ਵਿਚਾਲੇ ਕੀਤਰ ਪੁਰ। ਇੰਨੇ ਕੁ ਦਿਨ ਉਸ ਨੇ ਮਨ ਵਿਚ ਬੰਨ ਲਏ। ਅਗਲੀ ਗੱਲ ਅੱਗੇ ਦੇਖੀ ਜਾਵੇਗੀ। ਮੰਨਤ ਨੇ ਫੋਨ ਰੱਖਿਆ ਤਾਂ ਓਹ ਹਾਰਵੀ ਦਾ ਨੰਬਰ ਲੱਭਣ ਲੱਗਿਆ। ਹਾਰਵੀ ਨੇ ਫੋਨ ਨਾ ਚੁੱਕਿਆ। ਸ਼ਾਇਦ ਕਲਾਸ ਲਗਾਉਣ ਗਈ ਹੋਵੇ ਜਾਂ ਕੁਝ ਹੋਰ।

ਅਰਵਿੰਦ ਨੇ ਕੁਝ ਯਾਦ ਆਉਣ ਵਾਂਗ ਗੁਪਾਲੇ ਨੂੰ ਪੁੱਛਿਆ,

"ਆਪਣੇ ਪਿੰਡ ਦਾ ਸਰਪੰਚ ਕੌਣ ਐ ਬਈ?"

"ਸੋਹਣ ਸੂੰਹ ਆਂ, ਉਚੀ ਪੱਤੀ ਚੋਂ ਆਂ। ਐਤਕੀਂ ਸਰਪੰਚੀ ਵਿਕੀ ਆ ਜਾਂ ਕਹਿ ਲਓ ਕਿ ਸੋਹਣ ਸੂੰਹ ਨੇ ਖਰੀਦੀ ਆ।"

"ਉਹ ਕਿੱਦਾਂ?"

"ਅੱਗੇ ਸਰਪੰਚੀ ਲਈ ਸਿੱਧੀ ਚੋਣ ਹੁੰਦੀ ਸੀ ਪਰ ਐਤਕੀਂ ਪੰਚਾਂ ਨੇ ਸਰਪੰਚ ਚੁਣਿਆਂ, ਇਕ ਇਕ ਲੱਖ ਵਿਚ ਪੰਚ ਵਿਕੇ ਆ।"

"ਇਹ ਨਵਾਂ ਹੀ ਡਰਾਮਾ ਸ਼ੁਰੂ ਹੋ ਗਿਆ, ਕੁਰੱਪਸ਼ਨ ਦਾ ਨਵਾਂ ਤਰੀਕਾ!"

"ਭਾਜੀ, ਜਿੰਨੀ ਸਿਆਸਤ ਏਸ ਵੇਲੇ ਗੰਦੀ ਆ ਪਹਿਲਾਂ ਕਦੇ ਵੀ ਨਹੀਂ ਹੋਈ। ਕਿਹਾ ਜਾਂਦਾ ਕਿ ਧਰਮ ਤੇ ਸਿਆਸਤ ਅਲੱਗ ਅਲੱਗ ਹੋਣੇ ਚਾਹੀਦੇ ਆ ਪਰ ਹੁਣ ਸਾਰੀ ਸਿਆਸਤ ਧਰਮ ਆਸਰੇ ਹੀ ਚਲਦੀ ਆ। ਕੇਂਦਰ ਵਿਚ ਆਹ ਬੀ ਜੇ ਪੀ ਵਾਲੇ ਤਾਂ ਸਾਰੀ ਸਿਆਸਤ ਧਰਮ ਕਰਕੇ ਹੀ ਚਲਾ ਰਹੇ ਆ ਤੇ ਪੰਜਾਬ ਵਿਚ ਅਕਾਲੀ ਵੀ ਏਦਾਂ ਹੀ ਕਰ ਰਹੇ ਆ। ਪੰਜਾਬ ਵਿਚ ਅਕਾਲੀਆਂ ਨੇ ਬੀ ਜੇ ਪੀ ਵਾਲੇ ਨਾਲ ਰਲ਼ਾ ਲਏ ਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਵੋਟਾਂ ਖਿੱਚ ਲੈਂਦੇ ਆ। ਮਿਨੋਰਟੀਆਂ ਦਾ ਕੋਈ ਫਿਕਰ ਨਹੀਂ ਕਰ ਰਿਹਾ ਕਿਉਂਕਿ ਜਿੱਤਣ ਲਈ ਮੈਜੌਰਟੀ ਦੀ ਲੋੜ ਆ, ਮੈਜੌਰਟੀ ਦੇ ਜਜ਼ਬਾਤ ਨੂੰ ਭੜਕਾ ਕੇ ਵੋਟਾਂ ਖਿੱਚ ਲੈਂਦੇ ਆ।"

ਪਿੰਡ ਦੇ ਨੇੜੇ ਸੜਕ ਬਣ ਰਹੀ ਸੀ। ਲੁੱਕ ਪਈ ਬਜਰੀ ਉਪਰ ਠੇਲਾ ਫੇਰਿਆ ਜਾ ਰਿਹਾ ਸੀ। ਅਰਵਿੰਦ ਨੇ ਕਿਹਾ,

"ਯੂ ਨੋਅ, ਸੜਕ ਬਣਾਉਣ ਦਾ ਉਹੀ ਪੁਰਾਣਾ ਤਰੀਕਾ ਹੀ ਐ।"

"ਨਹੀਂ ਭਾਜੀ, ਇਹ ਤਾਂ ਲੋਕਲ ਸੜਕ ਹੋਣ ਕਰਕੇ ਪੜਲੂ ਜਿਹਾ ਫੇਰੀ ਜਾਂਦੇ ਆ, ਹੁਣ ਤਾਂ ਸੜਕਾਂ ਬਹੁਤ ਮਜ਼ਬੂਤ ਬਣਦੀਆਂ। ਬਹੁਤ ਪੈਸੇ ਖਰਚ ਰਹੀ ਆ ਸਰਕਾਰ ਸੜਕਾਂ 'ਤੇ।"

ਗੁਪਾਲਾ ਦੱਸ ਰਿਹਾ ਸੀ।

ਪਿੰਡ ਵਿਚ ਵੜਦਿਆਂ ਹੀ ਹਾਰਵੀ ਦਾ ਫੋਨ ਆ ਗਿਆ। ਉਹ ਬਹੁਤ ਖੁਸ਼ ਸੀ। ਕਹਿਣ ਲੱਗੀ,

"ਸਰ ਜੀ, ਅੱਜ ਮੇਰੀ ਸੱਜੀ ਅੱਖ ਫਰਕੀ ਜਾਂਦੀ ਸੀ, ਮੈਂ ਸੋਚਦੀ ਸੀ ਕਿ ਤੁਹਾਡਾ ਫੋਨ ਜ਼ਰੂਰ ਆਏਗਾ।"

"ਮੈਂ ਤਾਂ ਕਿਹਾ ਕਿ ਤੁਸੀਂ ਕਲਾਸ ਵਿਚ ਹੋਵੋਂਗੇ, ਇਸ ਲਈ ਪਹਿਲਾਂ ਨਹੀਂ ਚੁੱਕਿਆ।"

"ਮੈਂ ਕਲਾਸ ਵਿਚ ਨਹੀਂ ਜਾਂਦੀ, ਮੈਂ ਤਾਂ ਸਕੌਲਰਸ਼ਿੱਪ 'ਤੇ ਆਂ ਪਰ ਮੇਰੀ ਡਿਗਰੀ ਹੋਣ ਵਾਲੀ ਐ, ਵੈਸੇ ਮੈਂ ਥੌਮਜ਼ ਕੁੱਕ ਕੰਪਨੀ ਵਿਚ ਪਾਰਟ ਟਾਈਮ ਕੰਮ ਕਰਦੀ ਆਂ।"

"ਉਹ ਤਾਂ ਬ੍ਰਿਟਿਸ਼ ਕੰਪਨੀ ਐ।"

"ਮੈਨੂੰ ਪਤਾ ਸਰ ਜੀ, ਮੈਂ ਬ੍ਰਿਟਿਸ਼ ਟੂਰਿਜ਼ਮ ਵਾਲੀ ਵੈੱਬ ਖੋਹਲ ਕੇ ਤੁਹਾਨੂੰ ਲੱਭਣ ਦੀ ਕੋਸ਼ਿਸ਼ ਕਰਦੀ ਰਹੀ ਆਂ ਕਿ ਤੁਹਾਨੂੰ ਮਿਲਣ ਤੋਂ ਪਹਿਲਾਂ ਆਪਣਾ ਹੋਮ ਵਰਕ ਪੂਰਾ ਕਰ ਲਵਾਂ।"

"ਯੂ ਆਰ ਕਲੈਵਰ ਗਰਲ!"

"ਤੁਸੀਂ ਚੰਡੀਗੜ੍ਹ ਕਦੋਂ ਆ ਰਹੇ ਓ?"

"ਹਾਲੇ ਕੁਝ ਦਿਨ ਲੱਗ ਜਾਣਗੇ।"

"ਕੱਲ ਦੀ ਰਾਤ ਮੈਂ ਪਿੰਡ ਜਾ ਰਹੀ ਆਂ। ਉਸ ਤੋਂ ਬਾਅਦ ਹੀ ਆਉਣਾ।"

## ਉੱਨੀ

ਅਰਵਿੰਦ ਲਵਲੀਨ ਨੂੰ ਲੈ ਕੇ ਸ਼ਹਿਰ ਚਲੇ ਗਿਆ। ਸ਼ੀਸ਼ੇ ਵਿਚ ਝਾਤ ਮਾਰਦਿਆਂ ਉਸ ਨੇ ਆਪਣੇ ਸਿਰ ਦੇ ਵਾਲਾਂ ਵਿਚ ਚਿੱਟੋਂ ਦੇਖ ਲਈ ਸੀ। ਸ਼ਹਿਰ ਜਾ ਕੇ ਉਸ ਨੇ ਵਾਲ ਰੰਗਵਾਏ ਤੇ ਫਿਰ ਉਹ ਦੋਵੇਂ ਬੀਅਰ ਪੀਣ ਜਾ ਬੈਠੇ। ਲਵਲੀਨ ਲਗਾਤਾਰ ਹੀ ਗੱਲਾਂ ਕਰੀ ਜਾ ਰਿਹਾ ਸੀ। ਉਸ ਦੀਆਂ ਬਹੁਤੀਆਂ ਗੱਲਾਂ ਉਸ ਦੇ ਭਵਿੱਖ ਨੂੰ ਲੈ ਕੇ ਹੀ ਸਨ। ਨੌਕਰੀ ਮਿਲਣ ਦੀਆਂ ਸੰਭਾਵਨਾਵਾਂ ਤੋਂ ਲੈ ਕੇ ਇੰਗਲੈਂਡ ਜਾਣ ਦੇ

ਮੌਕਿਆਂ ਤਕ ਦੀਆਂ ਗੱਲਾਂ। ਅਖੀਰ ‘ਤੇ ਆ ਕੇ ਉਸ ਦੀ ਗੱਲ ਕਾਰ ਲੈਣ ‘ਤੇ ਮੁੱਕੀ। ਅਰਵਿੰਦ ਨੇ ਉਸ ਦੀ ਗੱਲ ਵਿਚ ‘ਹਾਂ’ ਤਾ ਮਿਲਾ ਦਿਤੀ ਸੀ ਪਰ ਉਸ ਨੂੰ ਹਾਲੇ ਵੀ ਪਤਾ ਨਹੀਂ ਸੀ ਚੱਲ ਰਿਹਾ ਕਿ ਕਿਹੜੀ ਧਿਰ ਨਾਲ ਖੜੇ; ਪਿਓ ਨਾਲ ਜਾਂ ਪੁੱਤ ਵਲ।

ਸ਼ਾਮ ਨੂੰ ਸੁਖਦੇਵ ਦੀ ਪਤਨੀ ਉਸ ਨੂੰ ਬੋਲੀ,

“ਭਾਜੀ, ਆਹ ਸਮਾਨ ਦਾ ਕੀ ਕਰਨਾ?”

ਪਿਛਲੀਆਂ ਬਰਸਾਤਾਂ ਨੂੰ ਅਰਵਿੰਦ ਦੇ ਘਰ ਦੀ ਛੱਤ ਡਿਗ ਪਈ ਸੀ। ਘਰ ਦਾ ਬਹੁਤਾ ਸਮਾਨ ਤਾਂ ਰਾਤੋ-ਰਾਤ ਚੋਰੀ ਹੋ ਗਿਆ ਸੀ ਤੇ ਜਿਹੜਾ ਬਾਕੀ ਬਚਿਆ ਸੁਖਦੇਵ ਨੇ ਆਪਣੇ ਘਰ ਲਿਆ ਰੱਖਿਆ ਸੀ। ਉਸ ਦੇ ਬਾਪੂ ਜੀ ਕਈ ਵਾਰ ਨਵਾਂ ਘਰ ਛੱਤਣ ਦੀਆਂ ਵਿਓਂਤਾਂ ਬਣਾ ਚੁੱਕੇ ਸਨ ਪਰ ਅਰਵਿੰਦ ਨੇ ਇਸ ਵਿਚ ਕੋਈ ਦਿਲਚਸਪੀ ਹੀ ਨਹੀਂ ਸੀ ਦਿਖਾਈ। ਵੇਲਾਂ ਜ਼ਰੂਰ ਚਾਹੁੰਦੀ ਸੀ ਕਿ ਪਿੰਡ ਨਵਾਂ ਘਰ ਬਣਾਇਆ ਜਾਵੇ ਪਰ ਅਰਵਿੰਦ ਦੀ ਸੋਚ ਸੀ ਕਿ ਜਦ ਜਾਣਾ ਹੀ ਨਹੀਂ ਤਾਂ ਘਰ ਵੀ ਕੀ ਕਰਨਾ। ਕਦੇ ਕਦੇ ਜ਼ਰੂਰ ਉਸ ਦੇ ਮਨ ਵਿਚ ਆਉਂਦਾ ਕਿ ਰਿਟਾਇਰ ਹੋ ਕੇ ਪਿੰਡ ਰਹਿਣ ਲੱਗੇਗਾ। ਸੁਖਦੇਵ ਦੀ ਪਤਨੀ ਵਲੋਂ ਸਮਾਨ ਦੀ ਗੱਲ ਕਰਨ ‘ਤੇ ਉਹ ਬੋਲਿਆ,

“ਇਹਨੂੰ ਤੁਸੀਂ ਹੁਣ ਆਪਣੇ ਘਰ ਵਿਚ ਹੀ ਰਲ਼ਾ ਲਓ।”

“ਏਦਾਂ ਨਹੀਂ, ਪਹਿਲਾਂ ਤੁਸੀਂ ਇਕ ਨਜ਼ਰ ਤਾਂ ਮਾਰ ਲਓ ਏਹਦੇ ‘ਤੇ।”

ਉਸ ਨੇ ਜ਼ੋਰ ਪਾ ਕੇ ਆਖਿਆ। ਅਰਵਿੰਦ ਉਠ ਕੇ ਦੂਜੇ ਕਮਰੇ ਵਿਚ ਚਲੇ ਗਿਆ ਜਿਥੇ ਸਮਾਨ ਪਿਆ ਸੀ। ਇਹਨਾਂ ਵਿਚ ਕਪੜੇ ਸਨ ਤੇ ਕੁਝ ਭਾਂਡੇ। ਬਲਟੋਹ, ਬਲਟੋਹੀ, ਗੜਵੇ, ਪਰਾਤ, ਜੱਗ, ਕੰਗਣੀ ਵਾਲੇ ਗਲਾਸ, ਕੈਹੇਂ ਦੇ ਛੰਨੇ, ਬਾਟੀਆਂ, ਕੌਲੀਆਂ, ਡੋਲੂ, ਡੋਈਆਂ ਆਦਿ ਸਭ ਸਨ। ਉਹ ਬੋਲੀ,

“ਭਾਜੀ, ਮੈਂ ਤਾਂ ਕਹਾਂਗੀ ਕਿ ਏਹਨੂੰ ਸ਼ਹਿਰ ਲੈ ਜਾ ਕੇ ਇਹਦੇ ਬਦਲੇ ਸਟੀਲ ਦੇ ਭਾਂਡੇ ਲੈ ਕੇ ਓਧਰ ਨੂੰ ਲੈ ਜਾਓ। ਪਿਛਲੇ ਸਾਲ ਮੇਰੀ ਭੈਣ ਨੇ ਏਦਾਂ ਹੀ ਕੀਤਾ ਸੀ।”

“ਉਥੇ ਬਥੇਰੇ ਭਾਂਡੇ ਹੈਗੇ ਆ, ਤੁਸੀਂ ਇਹਨਾਂ ਨੂੰ ਵਰਤ ਲਓ, ਆਹ ਕਪੜੇ ਤਾਂ ਕਿਸੇ ਲਾਗੀ ਨੂੰ ਦੇ ਦਿਓ।”

ਅਰਵਿੰਦ ਇਸ ਸਮਾਨ ਤੋਂ ਇਵੇਂ ਪਿੱਛਾ ਛੁਡਵਾਉਣਾ ਚਾਹੁੰਦਾ ਸੀ ਜਿਵੇਂ ਹਾਰਿਆ ਹੋਇਆ ਸਿਪਾਹੀ ਆਪਣੇ ਜ਼ਾਇਆ ਹੋ ਗਏ ਹਥਿਆਰਾਂ ਤੋਂ ਛੁਡਵਾਉਂਦਾ ਹੈ।

ਅਰਵਿੰਦ ਪਰਕਾਸ਼ ਦਾ ਅਫਸੋਸ ਕਰਨ ਕਮਲਾ ਦੇ ਘਰ ਗਿਆ। ਮੁਸ਼ਕ ਮਾਰਦੀ ਢਾਬ ਦੇ ਕੰਢੇ ਉਹਨਾਂ ਦਾ ਘਰ ਸੀ। ਅੱਜ ਤੋਂ ਤੀਹ – ਪੈਂਤੀ ਸਾਲ ਪਹਿਲਾਂ ਅਰਵਿੰਦ ਇਸ ਵਿਹੜੇ ਵਿਚ ਆਇਆ ਸੀ। ਉਸ ਨੇ ਦੇਖਿਆ ਕਿ ਏਨੇ ਸਾਲਾਂ ਵਿਚ ਕੁਝ ਵੀ ਨਹੀਂ ਸੀ ਬਦਲਿਆ। ਕੁਝ ਘਰ ਜ਼ਰੂਰ ਪੱਕੇ ਹੋ ਗਏ ਸਨ ਪਰ ਗਲੀਆਂ ਬਹੁਤ ਗੰਦੀਆਂ ਸਨ। ਉਸ ਦੇ ਨਾਲ ਸੁਖਦੇਵ ਹੋਣ ਕਰਕੇ ਕਮਲਾ ਦਾ ਘਰ ਲੱਭਣ ਵਿਚ ਤਾਂ ਉਸ ਨੂੰ ਮੁਸ਼ਕਲ ਨਹੀਂ ਸੀ ਆਈ ਪਰ ਇਹ ਵਿਹੜਾ ਦੇਖ ਕੇ ਉਸ ਦਾ ਮਨ ਜ਼ਰੂਰ ਖਰਾਬ ਹੋਇਆ। ਉਸ ਨੂੰ ਗੁਪਾਲੇ ਦੀ ਗੱਲ ਸੱਚੀ ਜਾਪ ਰਹੀ ਸੀ ਕਿ ਇਕ ਇੰਡੀਆ ਅੰਦਰ ਕਈ ਇੰਡੀਆ ਵਸਦੇ ਸਨ। ਕਮਲਾ ਉਸ ਨੂੰ ਦੇਖ ਕੇ ਬਹੁਤ ਖੁਸ਼ ਹੋਈ। ਅਰਵਿੰਦ ਨੂੰ ਵੀ ਜਾਣਾ ਚੰਗਾ ਚੰਗਾ ਲੱਗਿਆ। ਉਹ ਘੰਟੇ ਤੋਂ ਵੱਧ ਸਮਾਂ ਕਮਲਾ ਕੋਲ ਬੈਠਾ ਰਿਹਾ। ਕਮਲਾ ਨੇ ਚਾਹ ਬਣਾਈ, ਸੁਖਦੇਵ ਨੇ ਤਾਂ ਪੀਤੀ ਨਾ ਪਰ ਅਰਵਿੰਦ ਨੇ ਬਹੁਤ ਚਾਹ ਕੇ ਪੀਤੀ। ਉਹਨੂੰ ਚੰਗੀ ਵੀ ਲੱਗੀ।

ਬਿੱਕਰ ਸਿੰਘ ਦੇ ਅਫਸੋਸ ਲਈ ਸੱਥ ਵਿਚ ਚਾਦਰ ਵਿਛਾਈ ਹੋਈ ਸੀ। ਪਿੰਡ ਦੇ ਕਾਫੀ ਸਾਰੇ ਲੋਕ ਉਥੇ ਬੈਠੇ ਸਨ। ਅਰਵਿੰਦ ਵੀ ਉਹਨਾਂ ਵਿਚ ਜਾ ਬੈਠਾ। ਬਹੁਤ ਸਾਲਾਂ ਬਾਅਦ ਇਵੇਂ ਪਿੰਡ ਦੇ ਲੋਕਾਂ ਵਿਚ ਬੈਠਣ ਦਾ ਮੌਕਾ ਮਿਲ ਰਿਹਾ ਸੀ। ਇਵੇਂ ਉਹਨਾਂ ਨਾਲ ਦੁੱਖ-ਸੁੱਖ ਸਾਂਝਾ ਕਰਨਾ ਉਸ ਨੂੰ ਬਹੁਤ ਪਸੰਦ ਆ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਜੇ ਉਹ ਪਿੰਡ ਨਾ ਆਉਂਦਾ ਤਾਂ ਇਸ ਤਜਰਬੇ ਤੋਂ ਵਾਂਝਾ ਰਹਿ ਜਾਂਦਾ।...

ਅਗਲੇ ਦਿਨ ਪਿੰਡੋਂ ਵਾਪਸ ਤੁਰਦਿਆਂ ਉਸ ਦਾ ਮਨ ਭਰ ਆਇਆ ਪਰ ਗੱਡੀ ਵਿਚ ਬਹਿੰਦਿਆਂ ਹੀ ਉਸ ਦੇ ਮਨ ਦੇ ਚੋਰ ਦੀ ਤੜਫ ਕੁਝ ਘਟਣ ਲੱਗ ਪਈ ਸੀ ਕਿਉਂਕਿ ਹੁਣ ਉਹ ਸਿੱਧਾ ਦਿੱਲੀ ਜਾ ਰਿਹਾ ਸੀ। ਕੁਝ ਘੰਟਿਆਂ ਵਿਚ ਹੀ ਬਾਪੂ ਜੀ ਵਾਲਾ ਬੈਗ ਉਸ ਦੇ ਹੱਥ ਵਿਚ ਹੋਣਾ ਸੀ। ਉਹ ਖੁਸ਼ੀ ਵਿਚ ਸੀਟੀ ਵਜਾਉਣ ਲੱਗਿਆ। ਬਹੁਤ ਦਿਨਾਂ ਬਾਅਦ ਸੀਟੀ ਵਜਾ ਰਿਹਾ ਸੀ। ਗੁਪਾਲੇ ਨੇ ਉਸ ਵਲ ਦੇਖਿਆ ਤੇ ਬੋਲਿਆ,

“ਅੱਜ ਤਾਂ ਭਾਜੀ, ਬਹੁਤ ਖੁਸ਼ ਦਿਸ ਰਹੇ ਓ!”

“ਖੁਸ਼ ਨਹੀਂ, ਇਕ ਤਸੱਲੀ ਜਿਹੀ ਜ਼ਰੂਰ ਐ ਕਿ ਵਾਪਸ ਜਾਣ ਦਾ ਵੇਲਾ ਨੇੜੇ ਆ ਰਿਹਾ।”

“ਮੈਨੂੰ ਤਾਂ ਲੱਗਿਆ ਕਿ ਦਿੱਲੀ ਵਾਲੀ ਮੈਡਮ ਦਾ ਫੋਨ ਆ ਗਿਆ।”

“ਫੋਨ ਤਾਂ ਨਹੀਂ ਆਇਆ ਪਰ ਉਹਨੇ ਆਪਾਂ ਨੂੰ ਦਿੱਲੀ ਮਿਲ ਹੀ ਪੈਣਾਂ।”

“ਭਾਜੀ, ਉਹਨੂੰ ਵੀ ਤੁਹਾਡੀ ਆਦਤ ਪੈ ਗਈ ਲੱਗਦੀ ਆ।”

“ਨਹੀਂ ਓਏ, ਇਹ ਸਭ ਆਰਜ਼ੀ ਜਿਹੀਆਂ ਖੇਡਾਂ ਹੀ ਹੁੰਦੀਆਂ।”

ਆਖਦਿਆਂ ਉਸ ਨੇ ਮੰਨਤ ਨੂੰ ਫੋਨ ਕਰ ਲਿਆ। ਉਹ ਤਿਆਰ ਹੋ ਰਹੀ ਸੀ। ਅਰਵਿੰਦ ਨੇ ਪੁੱਛਿਆ,

“ਕੀ ਪ੍ਰੋਗਰਾਮ ਐਂ?”

“ਢਾਈ ਵਜੇ ਦੀ ਕੋਚ ਲੈਣੀ ਆਂ, ਅੱਠ ਵਜੇ ਉਥੇ।”

“ਬਸ ਸਟੌਪ ‘ਤੇ ਲੈਣ ਆਵਾਂ?”

“ਬੜੇ ਬੇ-ਸਬਰੇ ਹੋ। ਮੈਂ ਆਪੇ ਆ ਜਾਵਾਂਗੀ।”

ਆਖ ਉਸ ਨੇ ਫੋਨ ਬੰਦ ਕਰ ਦਿੱਤਾ। ਅਰਵਿੰਦ ਫਿਰ ਸੀਟੀ ਵਜਾਉਣ ਲੱਗਿਆ। ਗੁਪਾਲੇ ਨੇ ਕਿਹਾ,

“ਮੈਡਮ ਨੂੰ ਲੁਧਿਆਣੇ ਤੋਂ ਪਿੱਕ ਹੀ ਨਾ ਕਰ ਲਈਏ।”

“ਯੂ ਨੋਅ, ਔਰਤ ਨੂੰ ਬਹੁਤੀਆਂ ਸਹੂਲਤਾਂ ਵੀ ਨਹੀਂ ਦੇਈਦੀਆਂ। ਏਦਾਂ ਔਰਤ ਆਕੜ ਜਾਂਦੀ ਐ, ਸੰਭਾਲਣੀ ਮੁਸ਼ਕਲ ਹੋ ਜਾਂਦੀ ਐ।”

“ਭਾਜੀ, ਤੁਹਾਡਾ ਤਾਂ ਬਹੁਤ ਤਜਰਬਾ!”

“ਤੂੰ ਆਪਣੇ ਕੰਮ ਨਾਲ ਕੰਮ ਰੱਖਿਆ ਕਰ ਯਾਰ! ਕਿਤੇ ਪਿੰਡ ਵਿਚ ਬਦਨਾਮ ਨਾ ਕਰ ਦੇਵੀਂ!”

ਅਰਵਿੰਦ ਨੇ ਹੱਸਦੇ ਹੋਏ ਆਖਿਆ। ਗੁਪਾਲਾ ਮੋਹ ਵਿਚ ਆਉਂਦਾ ਬੋਲਿਆ,

“ਭਾਜੀ, ਮੈਂ ਤੁਹਾਨੂੰ ਦਿਲੋਂ ਭਰਾ ਮੰਨਿਆਂ। ਭਰਾ ਦੀ ਇੱਜ਼ਤ ਵਧਾਉਣਾ ਮੇਰਾ ਫਰਜ਼ ਆ ਨਾ ਕਿ ਘਟਾਉਣਾ।”

ਉਸ ਦੀ ਗੱਲ ‘ਤੇ ਅਰਵਿੰਦ ਖੁਸ਼ ਹੋ ਗਿਆ। ਕੁਝ ਦੇਰ ਬਾਅਦ ਉਹ ਬੋਲਿਆ,

“ਦਿੱਲੀ ਜਾ ਕੇ ਪਹਿਲਾਂ ਕਿਸੇ ਵਧੀਆ ਜਿਹੀ ਦੁਕਾਨ ਵਿਚ ਲੈ ਕੇ ਚੱਲੀਂ, ਜਿਥੋਂ ਹਰ ਕਿਸਮ ਦੀ ਅੰਗਰੇਜ਼ੀ ਸ਼ਰਾਬ ਮਿਲਦੀ ਹੋਵੇ, ਸਕੌਚ ਤੇ ਲਿਕਿਓਰ ਵੀ।”

“ਭਾਜੀ, ਏਦਾਂ ਦੀਆਂ ਦੁਕਾਨਾਂ ਤਾਂ ਚੰਡੀਗੜ੍ਹ ਵਿਚ ਹੈਗੀਆਂ। ਸਕੌਚ ਦਿੱਲੀ ਮਿਲ ਜਾਂਦੀ ਆ ਪਰ ਏਨੀ ਵਰਾਇਟੀ ਨਹੀਂ ਹੁੰਦੀ।”

“ਹੁਣ ਆਪਾਂ ਚੰਡੀਗੜ੍ਹ ਨੂੰ ਜਾਵਾਂਗੇ! ਕਿਥੇ ਚੰਡੀਗੜ੍ਹ ਤੇ ਕਿਥੇ ਦਿੱਲੀ?”

“ਨਹੀਂ ਭਾਜੀ, ਬਹੁਤਾ ਫਰਕ ਨਹੀਂ ਪੈਣਾ, ਓਨੇ ਕੁ ਸਮੇਂ ਦਾ ਹੀ, ਜਿੰਨਾ ਕੁ ਆਪਾਂ ਦਿੱਲੀ ਜਾ ਕੇ ਦੁਕਾਨ ਲੱਭਣ ਲਈ ਘੁੰਮਣਾਂ। ਚੰਡੀਗੜ੍ਹ ਵਿਚ ਮੈਨੂੰ ਪਤਾ ਵੀ ਆ ਕਿ ਦੁਕਾਨਾਂ ਸਤਾਰਾਂ ਸੈਕਟਰ ਵਿਚ ਆ।”

“ਚੱਲ ਬਈ, ਚੰਡੀਗੜ੍ਹ ਰਾਹੀਂ ਚਲੇ ਚੱਲ।”

ਅਰਵਿੰਦ ਨੇ ਔਖੇ ਜਿਹੇ ਮਨ ਨਾਲ ਕਿਹਾ। ਦਿੱਲੀ ਪੁੱਜਣ ਲਈ ਵਕਤ ਤਾਂ ਹਾਲੇ ਬਥੇਰਾ ਸੀ। ਕਮਰਾ ਉਸ ਨੇ ਔਨ ਲਾਈਨ ਹੀ ਬੁੱਕ ਕਰਵਾ ਦਿੱਤਾ ਹੋਇਆ ਸੀ। ਖੁਸ਼ਕਿਸਮਤੀ ਨਾਲ ਉਸ ਨੂੰ ਉਹੀ ਚਾਰ ਨੰਬਰ ਕਮਰਾ ਮਿਲ ਗਿਆ ਸੀ। ਉਹ ਬੰਗਾ ਲੰਘੇ, ਫਿਰ ਨਵਾਂ ਸ਼ਹਿਰ। ਇਹ ਉਹ ਸ਼ਹਿਰ ਸਨ ਜਿਥੇ ਘੁੰਮਦਿਆਂ ਅਰਵਿੰਦ ਜਵਾਨ ਹੋਇਆ ਸੀ। ਇਹਨਾਂ ਸ਼ਹਿਰਾਂ ਨਾਲ ਉਸ ਦਾ ਖਾਸਾ ਮੋਹ ਸੀ। ਅਚਾਨਕ ਉਸ ਨੂੰ ਚੇਤੇ ਆਇਆ ਕਿ ਇਸ ਸ਼ਹਿਰ ਦਾ ਤਾਂ ਪਿੱਛੇ ਜਿਹੇ ਨਾਂ ਹੀ ਬਦਲ ਦਿਤਾ ਗਿਆ ਸੀ। ਉਹ ਗੁਪਾਲੇ ਨੂੰ ਬੋਲਿਆ,

“ਯੂ ਨੋਅ, ਆਹ ਨਾਂ ਬਦਲ ਕੇ ਇਹਨਾਂ ਨੇ ਚੰਗਾ ਨਹੀਂ ਕੀਤਾ। ਸੈਂਕੜੇ ਸਾਲ ਤੋਂ ਚੰਗਾ ਭਲਾ ਨਾਂ ਚੱਲਿਆ ਆ ਰਿਹਾ ਸੀ ਪਰ ਇਹਨਾਂ ਨੇ ਇਤਹਾਸ ਹੀ ਮਿਟਾ ਕੇ ਰੱਖ ਦਿਤਾ!”

“ਭਾਜੀ, ਇਹ ਸਾਰੀਆਂ ਪੁਲਿਟੀਕਲ ਗੱਲਾਂ, ਨਹੀਂ ਤਾਂ ਨਾਂ ਵਿਚ ਕੀ ਪਿਆ? ਹਰ ਕੋਈ ਭਗਤ ਸੂੰਹ ਦੇ ਨਾਂ ਨੂੰ ਵਰਤਣ ਦੀ ਕੋਸ਼ਿਸ਼ ਵਿਚ ਆ।”

ਗੁਪਾਲਾ ਕਹਿ ਰਿਹਾ ਸੀ।

ਨਵਾਂ ਸ਼ਹਿਰ ਲੰਘ ਕੇ ਉਹਨਾਂ ਨੂੰ ਗੱਡੀਆਂ ਵਾਲਿਆਂ ਦਾ ਕਾਫਲਾ ਮਿਲ ਪਿਆ। ਅਰਵਿੰਦ ਨੇ ਆਖਿਆ,

“ਯੂ ਨੋਅ, ਅੱਗੇ ਤਾਂ ਗੱਡੀਆਂ ਵਾਲੇ ਆਪਣੇ ਪਿੰਡ ਆਏ ਹੀ ਰਹਿੰਦੇ ਸੀ, ਹੁਣ ਵੀ ਆਉਂਦੇ ਹੁੰਦੇ ਕਿ ਨਹੀਂ?”

“ਭਾਜੀ, ਇਹ ਜ਼ਿਆਦਾ ਲੋਹੇ ਦਾ ਕੰਮ ਕਰਦੇ ਹੁੰਦੇ ਸੀ। ਬੱਚਿਆਂ ਲਈ ਗੱਡੀਆਂ-ਬੰਗਲੇ ਤੇ ਘਰਾਂ ਲਈ ਛੱਜ, ਛਾਨਣੀਆਂ ਬਣਾਉਂਦੇ ਸੀ, ਜਾਂ ਕਹੀਆਂ-ਖੁਰਪੇ-ਦਾਤੀਆਂ ਵਰਗੇ ਖੇਤੀ ਨਾਲ ਜੁੜੇ ਸੰਦ। ਬੌਲਦ ਵੀ ਵੇਚਦੇ-ਖਰੀਦਦੇ ਹੁੰਦੇ ਸੀ ਪਰ ਹੁਣ ਖੇਤੀ ਕਰਨ ਦਾ ਢੰਗ ਹੀ ਬਦਲ ਗਿਆ ਏਸ ਕਰਕੇ ਇਹ ਹੁਣ ਯੂ ਪੀ ਵਲਾਂ ਹੀ ਜ਼ਿਆਦਾ ਜਾਂਦੇ ਆ। ਆਪਣੇ ਤਾਂ ਹੁਣ ਖੁਰੀਆਂ ਲਾਉਣ ਵਾਲੇ ਵੀ ਬੜੀ ਮੁਸ਼ਕਲ ਨਾਲ ਮਿਲਦੇ ਆ।”

ਗੁਪਾਲਾ ਬਦਲੀ ਹੋਈ ਜੀਵਨ-ਜਾਚ ਬਾਰੇ ਦੱਸ ਰਿਹਾ ਸੀ। ਅੱਗੇ ਬਲਾਚੌਰ ਆ ਗਿਆ। ਇਥੋਂ ਚੰਡੀਗੜ੍ਹ ਨੇੜੇ ਜਾਪਣ ਲੱਗਿਆ। ਉਸ ਦਾ ਦਿਲ ਕੀਤਾ ਕਿ ਹਾਰਵੀ ਨੂੰ ਫੋਨ ਕਰ ਕੇ ਦੇਖੇ ਪਰ ਫਿਰ ਸੋਚਿਆ ਕਿ ਸ਼ਾਇਦ ਉਹ ਹਾਲੇ ਪਿੰਡ ਗਈ ਹੋਵੇਗੀ। ਦੋ ਕੁ ਘੰਟੇ ਦਾ ਸਫਰ ਕਰਕੇ ਉਹ ਚੰਡੀਗੜ੍ਹ ਵਿਚ ਆ ਵੜੇ। ਅਰਵਿੰਦ ਬਹੁਤ ਸਾਲ ਪਹਿਲਾਂ ਚੰਡੀਗੜ੍ਹ ਆਇਆ ਸੀ। ਹੁਣ ਤਾਂ ਇਹ ਸ਼ਹਿਰ ਬਹੁਤ ਹੀ ਤਰੱਕੀ ਕਰ ਗਿਆ ਸੀ। ਮੁਹਾਲੀ ਹੀ ਖਰੜ ਨੂੰ ਆਣ ਲੱਗਿਆ ਸੀ। ਮੌਸਮ ਬਹੁਤ ਸੁਹਣਾ ਸੀ। ਮੀਂਹ ਦੇ ਆਸਾਰ ਬਣੇ ਹੋਏ ਸਨ। ਗੁਪਾਲੇ ਨੇ ਦੁਕਾਨ ਮੂਹਰੇ ਕਾਰ ਲੈ ਜਾ ਖੜੀ ਕੀਤੀ। ਬਿਲਕੁਲ ਹੀ ਇੰਗਲੈਂਡ ਦੇ ਕਿਸੇ ਔਫ ਲਾਇਸੰਸ ਦੀ ਤਰਜ਼ ‘ਤੇ ਬਣੀ ਦੁਕਾਨ ਸੀ ਬਲਕਿ ਉਸ ਤੋਂ ਵੀ ਉਪਰਲੀ ਪੱਧਰ ਸੀ। ਸਭ ਕਿਸਮ ਦੀ ਸਕੌਚ ਪਈ ਸੀ। ਕੀਮਤ ਵੀ ਲੱਗਭੱਗ ਉਹੀ ਜਿਹੜੀ ਉਥੇ ਇੰਗਲੈਂਡ ਵਿਚ ਸੀ। ਉਸ ਨੇ ਦੋ ਬੋਤਲਾਂ ਬਲੈਕ ਲੇਬਲ ਦੀਆਂ ਚੁੱਕ ਲਈਆਂ। ਅਸਲ ਵਿਚ ਉਹ ਲਿਕਿਓਰ ਲੱਭ ਰਿਹਾ ਸੀ। ਉਸ ਦਿਨ ਮੰਨਤ ਨੂੰ ਮੈਲਬੂ ਪਸੰਦ ਆਈ ਸੀ ਪਰ ਮੈਲਬੂ ਉਹਨਾਂ ਕੋਲ ਨਹੀਂ ਸੀ। ਉਹਨਾਂ ਨੂੰ ਤਾਂ ਲਿਕਿਓਰ ਦਾ ਵੀ ਨਹੀਂ ਸੀ ਪਤਾ। ਪੂਰੀ ਪੜਤਾਲ ਕਰਨ ਤੋਂ ਬਾਅਦ ਉਸ ਨੂੰ ਡਰੈਮਬਿਊ ਲੱਭ ਪਈ। ਉਸ ਨੇ ਉਸ ਦੀਆਂ ਵੀ ਦੋ ਬੋਤਲਾਂ ਲੈ ਲਈਆਂ। ਏਨੀ ਸ਼ਰਾਬ ਬਹੁਤ ਸੀ। ਗੁਪਾਲਾ ਦੱਸਦਾ ਸੀ ਕਿ ਚੰਡੀਗੜ੍ਹ ਤੋਂ ਬਾਹਰ ਬਹੁਤੀ ਸ਼ਰਾਬ ਲੈ ਜਾਣ ਵੀ ਨਹੀਂ ਦਿੰਦੇ। ਚੰਡੀਗੜ੍ਹ ਵਿਚੋਂ ਬਾਹਰ ਨਿਕਲਦਿਆਂ ਦੋ ਵੱਜ ਗਏ।

ਅਰਵਿੰਦ ਨੂੰ ਸੜਕਾਂ ਪਸੰਦ ਆ ਰਹੀਆਂ ਸਨ। ਉਸ ਨੇ ਕਿਹਾ,

“ਅੱਗੇ ਤਾਂ ਸੜਕਾਂ ਵਿਚ ਖੱਡੇ ਜਿਹੇ ਹੀ ਪਏ ਰਹਿੰਦੇ ਸਨ, ਹੁਣ ਤਾਂ ਵਧੀਆ ਬਣੀਆਂ ਹੋਈਆਂ।”

“ਭਾਜੀ, ਯੂ ਐਨ ਓ ਵਲੋਂ ਕੋਈ ਗਰਾਂਟ ਬਗੈਰਾ ਮਿਲਦੀ ਆ ਹੁਣ। ਸੜਕਾਂ ਤਾਂ ਚੰਗੀਆਂ ਬਣ ਗਈਆਂ ਪਰ ਐਕਸੀਡੈਂਟ ਹਾਲੇ ਵੀ ਬਹੁਤ ਹੁੰਦੇ ਆ। ਬਹੁਤ ਬੰਦੇ ਮਰਦੇ ਆ ਐਕਸੀਡੈਂਟਾਂ ਵਿਚ!”

“ਯੂ ਨੋਅ, ਟਰੈਫਿਕ ਦੇ ਸਖਤ ਕਾਨੂੰਨ ਬਣਨੇ ਚਾਹੀਦੇ ਆ।”

''ਕਾਨੂੰਨ ਹੈਗੇ ਭਾਜੀ। ਇਹਨਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ। ਹੁਣ ਮੋਟਰ ਸਾਈਕਲ 'ਤੇ ਸਿਪਾਹੀ ਆਪ ਵੀ ਤਿੰਨ-ਤਿੰਨ ਬੈਠੇ ਹੁੰਦੇ ਆ ਤੇ ਦੂਜਿਆਂ ਨੂੰ ਰੋਕਦੇ ਆ। ਟਰੈਫਿਕ ਵਲ ਲੋਕਾਂ ਦੇ ਐਟੀਚੂਡ ਨੂੰ ਬਦਲਣ ਦੀ ਲੋੜ ਐ। ਸਰਕਾਰ ਨੂੰ ਚਾਹੀਦਾ ਕਿ ਇਹਦੇ ਬਾਰੇ ਲੋਕਾਂ ਨੂੰ ਸਤਰੱਕ ਕਰੇ।''

ਗੱਲਾਂ ਕਰਦੇ ਗੁਪਾਲੇ ਨੇ ਛੇ ਵਜੇ ਗੱਡੀ ਦਿੱਲੀ ਲੈ ਜਾ ਵਾੜੀ। ਦਿੱਲੀ ਵੜਦਿਆਂ ਹੀ ਕੂੜੇ ਦੀ ਉਹੀ ਪਹਾੜੀ ਨਜ਼ਰ ਆਈ ਜਿਸ ਦੇ ਧੁਰ ਉਪਰ ਗਾਈਆਂ ਗੰਦ ਚੁਗ ਰਹੀਆਂ ਸਨ। ਬੱਚੇ ਵੀ ਖੇਲ੍ਹਦੇ ਦਿਸ ਰਹੇ ਸਨ। ਟਰੈਫਿਕ ਦਾ ਵਕਤ ਹੋਣ ਕਰਕੇ ਇਥੋਂ ਇਕ ਘੰਟਾ ਉਹਨਾਂ ਨੂੰ ਹੋਟਲ ਤਕ ਪੁੱਜਣ ਵਿਚ ਇਕ ਘੰਟਾ ਲੱਗ ਗਿਆ।

'ਮਿੱਤਰ ਯਾਤਰੀ ਘਰ' ਪੁੱਜ ਕੇ ਸਭ ਤੋਂ ਪਹਿਲਾਂ ਤਾਂ ਅਰਵਿੰਦ ਨੇ ਆਪਣੇ ਰਹਿ ਗਏ ਹੈਂਡ ਬੈਗ ਬਾਰੇ ਪੁੱਛਿਆ। ਮੈਨੇਜਰ ਨੇ ਉਸੇ ਵੇਲੇ ਲਿਆ ਕੇ ਦੇ ਦਿਤਾ। ਕਮਰੇ ਵਿਚ ਜਾ ਕੇ ਉਸ ਨੇ ਇਸ ਨੂੰ ਖੋਹਲ ਕੇ ਦੇਖਿਆ। ਸਭ ਜਿਉਂ ਦਾ ਤਿਉਂ ਸੀ। ਸਭ ਠੀਕ ਦੇਖ ਕੇ ਤਸੱਲੀ ਵੀ ਹੋਈ ਤੇ ਆਪਣੇ ਆਪ 'ਤੇ ਗੁੱਸਾ ਵੀ ਆਉਣ ਲੱਗਿਆ। ਉਸ ਨੇ ਮਨ ਹੀ ਮਨ ਬਾਪੂ ਜੀ ਤੋਂ 'ਸੌਰੀ' ਵੀ ਮੰਗੀ। ਉਸ ਨੇ ਬੈਗ ਨੂੰ ਪਹਿਲਾਂ ਵਾਂਗ ਹੀ ਸੰਭਾਲ ਕੇ ਅਲਮਾਰੀ ਵਿਚ ਰੱਖ ਦਿਤਾ। ਕਾਉਂਟਰ ਤੋਂ ਮੰਨਤ ਬਾਰੇ ਪਤਾ ਕੀਤਾ। ਡਾਕਟਰ ਮੰਨਤ ਗਰੇਵਾਲ ਦੀ ਬੁੱਕਿੰਗ ਹੋ ਚੁੱਕੀ ਸੀ ਪਰ ਮੈਡਮ ਹਾਲੇ ਪਹੁੰਚੀ ਨਹੀਂ ਸੀ। ਉਸ ਨੇ ਆਪਣੇ ਕਮਰੇ ਵਿਚ ਆ ਕੇ ਵੇਲਾਂ ਨੂੰ ਫੋਨ ਕਰ ਲਿਆ। ਕਈ ਦਿਨ ਹੋ ਗਏ ਸਨ ਗੱਲ ਹੋਈ ਨੂੰ। ਵੇਲਾਂ ਦੀ ਟੇਪ ਕੁਝ ਦੇਰ ਤਕ ਚੱਲਦੀ ਰਹੀ। ਘਰ ਵਾਲੀ ਦੀ ਤਸੱਲੀ ਕਰਾ ਕੇ ਉਸ ਨੇ ਲੈਪਟੌਪ ਔਨ ਕਰ ਲਿਆ। ਆਪਣੇ ਬਣਾਏ ਗਰੁੱਪ 'ਤੇ ਹੱਥ ਫੇਰਿਆ। ਆਪਣਾ ਸਟੇਸਟ ਵੀ ਅੱਪਡੇਟ ਕੀਤਾ ਤਾਂ ਜੋ ਖਾਸ ਦੋਸਤਾਂ ਨੂੰ ਪਤਾ ਚਲਦਾ ਰਹੇ ਕਿ ਉਹ ਕਿਥੇ ਕੁ ਹੈ। 'ਖੁੰਡ ਚਰਚਾ' ਤੇ ਜਾ ਕੇ ਲਤੀਫੇ ਪੜ੍ਹੇ, ਵੀਡਿਓ ਦੇਖੇ। ਕੁਝ ਇਕਨਾਂ ਨੂੰ 'ਲਾਈਕ' ਕਰ ਦਿਤਾ ਤੇ ਕੁਝ ਕੁ ਕੁਮਿੰਟ ਵੀ ਦੇ ਦਿੱਤੇ। ਇਵੇਂ ਹਾਜ਼ਰੀ ਲੱਗਦੀ ਰਹਿੰਦੀ ਸੀ। ਉਸ ਨੇ ਆਪਣੀਆਂ ਈਮੇਲਾਂ ਵੀ ਦੇਖੀਆਂ। ਜਿਹਨਾਂ ਦੇ ਜਵਾਬ ਦੇਣ ਵਾਲੇ ਸਨ ਦੇ ਦਿਤੇ। ਟਵਿੱਟਰ 'ਤੇ ਵੀ ਚਲਾਵਾਂ ਜਿਹਾ ਗੇੜਾ ਮਾਰਿਆ। ਉਸ ਨੇ ਸੁਮੀਤ ਤੇ ਉਂਕਾਰ ਨੂੰ ਫੋਨ ਕਰਕੇ ਰਾਜ਼ੀ-ਖੁਸ਼ੀ ਸਾਂਝੀ ਕੀਤੀ। ਉਸ ਦਾ ਦਿਲ ਕਰਦਾ ਸੀ ਕਿ ਹਾਰਵੀ ਨੂੰ ਵੀ ਫੋਨ ਕਰ ਲਵੇ ਪਰ ਰਹਿਣ ਦਿਤਾ। ਸੋਚਿਆ ਕਿ ਕੱਲ ਦਾ ਪ੍ਰੋਗਰਾਮ ਦੇਖ ਕੇ ਹੀ ਫੋਨ ਕਰੇਗਾ।

ਗੁਪਾਲੇ ਲਈ ਉਸ ਨੇ ਕਮਰਾ ਨਹੀਂ ਸੀ ਬੁੱਕ ਕਰਾਇਆ। ਉਸ ਨੇ ਵਿਹਲਾ ਹੋ ਕੇ ਆਪਣੀ ਗਰਲ ਫ੍ਰੈਂਡ ਕੋਲ ਚਲੇ ਜਾਣਾ ਸੀ। ਅਰਵਿੰਦ ਬੜੀ ਬੇਸਬਰੀ ਨਾਲ ਮੰਨਤ ਦੀ ਉਡੀਕ ਕਰਨ ਲੱਗਿਆ। ਨੌਂ ਵੱਜ ਗਏ ਸਨ ਪਰ ਉਸ ਦਾ ਹਾਲੇ ਕੁਝ ਵੀ ਅਤਾ-ਪਤਾ ਨਹੀਂ ਸੀ। ਸ਼ਇਦ ਉਸ ਨੇ ਕੋਚ ਵਿਚ ਨਾ ਆ ਕੇ ਸ਼ਤਾਬਦੀ ਵਿਚ ਆਉਣਾ ਹੋਵੇ। ਉਸ ਨੇ ਗੂਗਲ ਵਿਚ ਪਾ ਕੇ ਲੁਧਿਆਣੇ ਤੋਂ ਸ਼ਤਾਬਦੀ ਦਾ ਟਾਈਮ ਟੇਬਲ ਦੇਖਿਆ। ਇਹ ਦੱਸ ਵਜੇ ਅਜਮੇਰੀ ਗੇਟ 'ਤੇ ਲੱਗਣੀ ਸੀ। ਉਸ ਨੇ ਸੋਚਿਆ ਕਿ ਉਸ ਨੂੰ ਲੈਣ ਉਥੇ ਚਲੇ ਜਾਣਾ ਚਾਹੀਦਾ ਸੀ ਪਰ ਹੁਣ ਉਸ ਦਾ ਕੁਝ ਪਤਾ ਹੁੰਦਾ ਤਾਂ ਹੀ ਜਾਂਦਾ। ਫੋਨ ਕੀਤਾ ਤਾਂ ਉਹ ਚੁੱਕਦੀ ਨਹੀਂ ਸੀ। ਟਰੇਨ ਵਿਚ ਹੋਣ ਕਰਕੇ ਸ਼ਾਇਦ ਫੋਨ ਮਿਲਦਾ ਨਹੀਂ ਹੋਵੇਗਾ। ਸਾਢੇ ਨੌਂ ਵਜੇ ਉਸ ਦਾ ਫੋਨ ਆ ਗਿਆ। ਉਹ ਕਹਿਣ ਲੱਗੀ,

''ਗੱਡੀ ਸਬਜ਼ੀ ਮੰਡੀ ਕੋਲ ਰੁਕੀ ਹੋਈ ਏ ਪਰ ਠੀਕ ਟਾਈਮ 'ਤੇ ਪੁੱਜ ਜਾਵੇਗੀ।''

''ਮੈਂ ਤੁਹਾਨੂੰ ਲੈਣ ਆ ਰਿਹਾਂ।''

''ਡੌਂਟ ਵੱਰੀ, ਮੈਂ ਔਟੋ ਲੈ ਕੇ ਆ ਜਾਵਾਂਗੀ।''

''ਯੂ ਨੋਅ, ਮੈਂ ਤੁਹਾਡੇ ਪੁੱਜਣ ਤੋਂ ਪਹਿਲਾਂ ਹੀ ਸਟੇਸ਼ਨ ਦੇ ਬਾਹਰ ਖੜਾ ਹੋਵਾਂਗਾ, ਉਹੀ ਗੱਡੀ ਐ, ਪਿਛਲੀ ਵਾਰ ਵਾਲੀ।''

''ਚਲੋ ਠੀਕ ਏ।''

ਮੰਨਤ ਬੋਲੀ। ਉਸ ਦੀ ਉਡੀਕ ਵਿਚ ਅਰਵਿੰਦ ਨੇ ਕੁਝ ਖਾਧਾ ਵੀ ਨਹੀਂ ਸੀ ਤੇ ਨਾ ਹੀ ਵਿਸਕੀ ਦਾ ਪੈੱਗ ਬਣਾਇਆ ਸੀ। ਹੁਣ ਉਸ ਨੂੰ ਭੁੱਖ ਵੀ ਲੱਗ ਰਹੀ ਸੀ ਤੇ ਵਿਸਕੀ ਦੀ ਤਲਬ ਵੀ। ਵਿਸਕੀ ਉਸ ਨੂੰ ਇਕ ਪੱਖੋਂ ਬਹੁਤ ਚੰਗੀ ਲੱਗਦੀ ਸੀ ਕਿ ਇਹ ਉਸ ਨੂੰ ਰਿਸਕ ਲੈਣ ਦੀ ਹਿੰਮਤ ਦਿੰਦੀ। ਖਾਣਾ ਤਾਂ ਉਹ ਮੰਨਤ ਨਾਲ ਹੀ ਖਾਣਾ ਚਾਹੁੰਦਾ ਸੀ। ਉਸ ਨੇ ਥੋੜੇ ਜਿਹੇ ਸਨੈਕਸ ਮੰਗਵਾ ਲਏ ਤੇ ਨਾਲ ਹੀ ਇਕ ਪਟਿਆਲਾ ਸ਼ਾਹੀ ਵੀ ਤਿਆਰ ਕਰ ਲਿਆ। ਉਹ ਵਕਤ ਸਿਰ ਹੀ ਮੰਨਤ ਨੂੰ ਲੈਣ ਤੁਰ ਪਏ। ਅਜਮੇਰੀ ਗੇਟ ਪੁੱਜ ਕੇ ਉਹਨਾਂ ਨੂੰ ਬਹੁਤੀ ਦੇਰ ਉਡੀਕ ਨਹੀਂ ਕਰਨੀ ਪਈ। ਮੰਨਤ ਛੇਤੀ ਹੀ ਹੱਥ ਵਿਚ ਬੈਗ ਫੜੀ ਬਾਹਰ ਨਿਕਲ ਆਈ। ਅਰਵਿੰਦ ਨੇ ਕਾਰ ਵਿਚੋਂ ਬਾਹਰ ਨਿਕਲ ਕੇ ਉਸ ਦਾ ਸਵਾਗਤ ਕੀਤਾ। ਮੰਨਤ ਜੱਫੀ ਪਾ ਕੇ ਮਿਲੀ। ਗੁਪਾਲੇ ਦੀ ਬੁਲਾਈ 'ਸਤਿ ਸਿਰੀ ਅਕਾਲ' ਦਾ ਵੀ ਮੰਨਤ ਨੇ ਵਧੀਆ ਜਵਾਬ ਦਿਤਾ। ਕਾਰ ਵਿਚ ਬੈਠਦੀ ਉਹ ਦੱਸਣ ਲੱਗੀ,

''ਇਸ ਵੇਲੇ ਆਉਣਾ ਹੋਵੇ ਤਾਂ ਮੈਂ ਸ਼ਤਾਬਦੀ ਵਿਚ ਨਹੀਂ ਆਉਂਦੀ, ਢਾਈ ਕੁ ਵਜੇ ਏ. ਸੀ. ਚੱਲਦੀ ਏ ਪਰ ਮੈਂ ਉਹ ਮਿੱਸ ਕਰ ਲਈ ਏਸ ਕਰਕੇ ਸ਼ਤਾਬਦੀ ਲੈਣੀ ਪਈ। ਇਹ ਰਹਿੰਦੀ ਤਾਂ ਠੀਕ ਏ ਪਰ ਲੇਟ ਬਹੁਤ ਕਰ ਦਿੰਦੀ ਏ।''

''ਯੂ ਨੋਅ, ਮੇਰੀ ਉਡੀਕ ਬਹੁਤ ਲੰਮੀ ਹੋ ਗਈ।''

''ਕਹਿੰਦੇ ਨੇ ਕਿ ਉਡੀਕ ਦਾ ਫਲ਼ ਮਿੱਠਾ ਹੁੰਦਾ ਏ।''

ਆਖਦੀ ਉਹ ਹੱਸ ਪਈ। ਫਿਰ ਬੋਲੀ,

''ਹੁਣ ਤੁਹਾਨੂੰ ਦਿੱਲੀ ਵਿਚ ਕੀ ਕੰਮ ਆ ਗਿਆ?''

''ਕੁਝ ਦੋਸਤ ਸਨ ਮਿਲਣ ਵਾਲੇ, ਫੇਸਬੁੱਕੀਏ ਦੋਸਤ। ਫੇਸਬੁੱਕ 'ਤੇ ਗੱਲਾਂ ਹੁੰਦੀਆਂ ਰਹੀਆਂ ਸਨ ਪਰ ਹਾਲੇ ਤਕ ਮੁਲਾਕਾਤ ਨਹੀਂ ਹੋ ਸਕੀ। ਤੁਹਾਡਾ ਕੀ ਪ੍ਰੋਗਰਾਮ ਐ?''

''ਮੇਰਾ ਕੱਲ ਗਿਆਰਾਂ ਵਜੇ ਲੈਕਚਰ ਏ। ਫਿਰ ਪੋਇਟਰੀ ਵਰਕਸ਼ਾਪ ਤੇ ਫਿਰ ਵਾਪਸੀ। ਤੁਹਾਡੀ ਵਾਪਸੀ ਕਿਵੇਂ?''

''ਮੈਂ ਤਾਂ ਵਿਹਲਾ ਹੀ ਆਂ, ਤੁਹਾਡੇ ਨਾਲ ਵਾਪਸ ਚਲੇ ਚੱਲਾਂਗਾ।''

''ਕੱਲ-ਕੱਲ ਵਿਚ ਸਭ ਨੂੰ ਮਿਲ ਲਵੋਂਗੇ?''

"ਤੁਸੀਂ ਆਪਣਾ ਯੂਨੀਵਰਸਿਟੀ ਵਾਲਾ ਕੰਮ ਕਰ ਲੈਣਾ ਤੇ ਮੈਂ ਉਹਨਾਂ ਨੂੰ ਮਿਲ ਕੇ ਵਿਹਲਾ ਹੋ ਲਵਾਂਗਾ। ਮੈਂ ਹੁਣੇ ਹੀ ਸੁਨੇਹਾ ਭੇਜ ਦੇਵਾਂਗਾ ਕਿ ਉਹ ਸਵੇਰੇ ਹੋਟਲ ਵਿਚ ਹੀ ਆ ਜਾਣਗੇ।"

ਅਰਵਿੰਦ ਨੇ ਮੋਟਾ ਜਿਹਾ ਪ੍ਰੋਗਰਾਮ ਆਪਣੇ ਮਨ ਵਿਚ ਬਣਾ ਰੱਖਿਆ ਸੀ। ਹੋਟਲ ਆ ਕੇ ਮੰਨਤ ਆਪਣੇ ਕਮਰੇ ਵਿਚ ਚਲੇ ਗਈ। ਸ਼ੌਵਰ ਲੈ ਕੇ ਤੇ ਕਪੜੇ ਬਦਲ ਕੇ ਛੇਤੀ ਹੀ ਉਹ ਅਰਵਿੰਦ ਦੇ ਕਮਰੇ ਵਿਚ ਆ ਗਈ। ਅਰਵਿੰਦ ਨੇ ਪੁੱਛਿਆ,

"ਖਾਣਾ ਕਦੋਂ ਕੁ ਮੰਗਵਾਵਾਂ?"

"ਖਾਣਾ ਤਾਂ ਮੈਂ ਗੱਡੀ ਵਿਚ ਹੀ ਖਾ ਆਈ ਆਂ। ਹਾਂ, ਇਕ ਡਰਿੰਕ ਬਣਾ ਦਿਓ।"

## ਵੀਹ

ਅਰਵਿੰਦ ਨਿਤ ਵਾਂਗ ਸਾਝਰੇ ਉਠ ਖੜਿਆ। ਮੰਨਤ ਘੂਕ ਸੁੱਤੀ ਪਈ ਸੀ। ਉਸ ਨੇ ਆਹਿਸਤਾ ਜਿਹੇ ਆਪਣੀ ਬਾਂਹ ਉਸ ਦੇ ਸਿਰ ਹੇਠੋਂ ਖਿੱਚ ਲਈ ਤੇ ਬਾਥਰੂਮ ਵਿਚ ਜਾ ਵੜਿਆ। ਬਾਥਰੂਮ ਵਿਚੋਂ ਆ ਕੇ ਲੈਪਟੌਪ ਚੁੱਕ ਲਿਆ। ਉਸ ਦੇ ਲੈਪਟੌਪ ਨੂੰ ਵੇਲਾਂ ਆਪਣੀ ਸੌਂਕਣ ਕਿਹਾ ਕਰਦੀ ਪਰ ਉਸ ਨੂੰ ਇਹ ਸੱਚਾ ਦੋਸਤ ਜਾਪਦਾ ਸੀ। ਉਸ ਦੇ ਪਹਿਲੇ ਲੈਪਟੌਪ ਮਸਾਂ ਸਾਲ ਕੁ ਹੀ ਕੱਢਦੇ ਸਨ ਪਰ ਇਹ ਦੋ ਸਾਲ ਤੋਂ ਉਸ ਕੋਲ ਸੀ। ਉਸ ਨੂੰ ਪਤਾ ਸੀ ਕਿ ਇੰਗਲੈਂਡ ਵਾਲੇ ਐਂਟੀ-ਵਾਇਰਸ ਸ਼ਾਇਦ ਇੰਡੀਆ ਵਿਚ ਕੰਮ ਨਾ ਕਰਨ ਇਸ ਲਈ ਉਹ ਵਿਸ਼ੇਸ਼ ਐਂਟੀ ਵਾਇਰਸ ਪੁਆ ਕੇ ਲਿਆਇਆ ਸੀ ਤਾਂ ਜੋ ਇਹ ਪੂਰੀ ਤਰ੍ਹਾਂ ਸੁਰੱਖਿਅਤ ਰਹਿ ਸਕੇ। ਉਹ ਬੱਚਿਆਂ ਵਾਂਗ ਫਜ਼ੂਲ ਚੀਜ਼ਾਂ ਡਾਊਨਲੋਡ ਵੀ ਨਹੀਂ ਸੀ ਕਰਿਆ ਕਰਦਾ। ਉਸ ਦੇ ਪਹਿਲੇ ਲੈਪਟੌਪਾਂ ਨੂੰ ਦਰਸ਼ੀਲ ਵੀ ਵਰਤ ਲੈਂਦਾ ਸੀ ਤੇ ਉਸ ਨੂੰ ਗਾਣੇ ਤੇ ਫਿਲਮਾਂ ਡਾਊਨਲੋਡ ਕਰਨ ਦੀ ਆਦਤ ਸੀ। ਇਵੇਂ ਕੁਝ ਡਾਊਨਲੋਡ ਕਰਦਿਆਂ ਕਈ ਵਾਰ ਵਾਇਰਸ ਵੀ ਆ ਵੜਿਆ ਕਰਦਾ। ਇਸੇ ਕਾਰਨ ਉਹ ਆਪਣੇ ਕੰਪਿਊਟਰ ਤਾਂ ਖਰਾਬ ਹੀ ਕਰੀ ਰੱਖਦਾ ਸੀ। ਅਰਵਿੰਦ ਨੇ ਰਣਜੀਤ ਤੇ ਇੰਦਰ ਦੇ ਫੇਸਬੁੱਕ ਉੱਪਰ ਸੁਨੇਹੇ ਤਾਂ ਰਾਤ ਹੀ ਛੱਡ ਦਿੱਤੇ ਸਨ ਕਿ ਅੱਜ ਦੀ ਸਵੇਰ ਉਸ ਦੀ ਖਾਲੀ ਸੀ। ਏਨੀ ਸਵੇਰ ਤਾਂ ਕਿਸੇ ਦਾ ਜਵਾਬ ਕੀ ਆਉਣਾ ਸੀ ਪਰ ਫਿਰ ਵੀ ਉਹ ਦੇਖਣ ਲੱਗ ਪਿਆ। ਉਹ ਆਪਣੇ ਗਰੁੱਪ 'ਤੇ ਗਿਆ ਤਾਂ ਦੇਖਿਆ ਕਿ ਕਿਸੇ ਨੇ ਹੱਥ ਦੇਖਣ ਦੀ ਮਸ਼ਹੂਰੀ ਪਾਈ ਹੋਈ ਸੀ। ਉਸ ਨੇ ਡੀਲੀਟ ਕਰ ਦਿਤੀ। ਕੁਝ ਕੁਮਿੰਟ ਵੀ ਸਨ। 'ਲਾਈਕ' ਤਾਂ ਹਰ ਰੋਜ਼ ਹੀ ਬਹੁਤ ਸਾਰੇ ਹੋ ਜਾਇਆ ਕਰਦੇ ਸਨ। ਫੇਸਬੁੱਕ ਤੋਂ ਵਿਹਲਾ ਹੋ ਕੇ ਅਖਬਾਰਾਂ ਦੇਖੀਆਂ। ਈਮੇਲ ਚੈੱਕ ਕੀਤੀ। ਟਵਿੱਟਰ 'ਤੇ ਵੀ ਗੇੜਾ ਮਾਰਿਆ। ਫਿਰ ਲੈਪਟੌਪ ਬੰਦ ਕਰਕੇ ਸੁਮੀਤ ਵਾਲੀ ਕਿਤਾਬ ਚੁੱਕ ਲਈ। ਉਸ ਦੇ ਹਿਲਣ-ਜੁੱਲਣ ਨਾਲ ਮੰਨਤ ਵੀ ਉਠ ਖੜੀ। ਆਪਣੇ ਵਾਲ ਠੀਕ ਕਰਦੀ ਬੋਲੀ,

"ਤੁਸੀਂ ਤਾਂ ਕੋਈ ਬੇਚੈਨ ਰੂਹ ਓ! ...ਸੌਂਦੇ ਕਿਹੜੇ ਵੇਲੇ ਓ?"

"ਯੂ ਨੋਅ, ਉਮਰ ਦੇ ਹਿਸਾਬ ਨਾਲ ਨੀਂਦ ਘਟ ਜਾਂਦੀ ਐ ਬੰਦੇ ਦੀ।"

"ਮੇਰੀ ਤਾਂ ਵਧਦੀ ਜਾ ਰਹੀ ਏ, ਉਮਰ ਵੀ ਵੱਧ ਤੇ ਨੀਂਦ ਵੀ।"

ਆਖ ਕੇ ਉਹ ਬਾਥਰੂਮ ਵਿਚ ਚਲੇ ਗਈ। ਅਰਵਿੰਦ ਨੇ ਚਾਹ ਦੇ ਦੋ ਕੱਪ ਆਰਡਰ ਕਰ ਦਿੱਤੇ। ਮੰਨਤ ਵਾਪਸ ਮੁੜੀ ਤਾਂ ਅਰਵਿੰਦ ਦੇ ਹੱਥ ਵਿਚਲੀ ਕਿਤਾਬ ਵੱਲ ਇਸ਼ਾਰਾ ਕਰਦੀ ਪੁੱਛਣ ਲੱਗੀ,

"ਕੋਈ ਨਾਵਲ ਏ?"

"ਨਹੀਂ, ਇਹ ਮੇਰੇ ਦੋਸਤ ਸੁਮੀਤ ਸਹੋਤਾ ਦੀ ਲਿਖੀ ਹਿਸਟਰੀ ਦੀ ਕਿਤਾਬ ਐ। ਵੈਸੇ ਤਾਂ ਇਹ ਯੂਨਵਰਸਿਟੀ ਦੇ ਕੋਰਸ ਦੀ ਕਿਤਾਬ ਐ ਪਰ ਇਸ ਵਿਚ ਰੀਡੇਬਿਲਟੀ ਏਨੀ ਐ ਕਿ ਛੱਡਣ ਨੂੰ ਦਿਲ ਨਹੀਂ ਕਰ ਰਿਹਾ।"

"ਇਹਦਾ ਮਤਲਬ ਕਿ ਏਹਦੇ ਵਿਚ ਨਾਵਲ ਵਾਲੇ ਗੁਣ ਨੇ।"

"ਯੂ ਨੋਅ, ਨਾਵਲ ਤਾਂ ਘੜੀ ਹੋਈ ਚੀਜ਼ ਹੁੰਦੀ ਐ ਪਰ ਹਿਸਟਰੀ ਚੁਗਿਆ ਹੋਇਆ ਸੱਚ। ਸ਼ਾਇਦ ਮੈਂ ਤੁਹਾਨੂੰ ਦੱਸਿਆ ਵੀ ਸੀ ਕਿ ਨਾਵਲ ਤਾਂ ਮੈਂ ਪੜ੍ਹ ਹੀ ਨਹੀਂ ਸਕਦਾ ਤੇ ਨਾਲੇ ਸੋਚਦਾਂ ਕਿ ਮੈਂ ਕਿਉਂ ਪੜ੍ਹਾਂ ਕਿਸੇ ਦੀ ਮਨ-ਘੜਤ ਕਹਾਣੀ!"

"ਅੱਜ ਦਾ ਨਾਵਲ ਤਾਂ ਸੱਚੀਂ ਹੀ ਪੜ੍ਹਨ ਯੋਗ ਨਹੀਂ ਰਿਹਾ। ਨਾ ਹਿੰਦੀ ਵਿਚ ਤੇ ਨਾ ਪੰਜਾਬੀ ਵਿਚ। ਸਾਡਾ ਨਾਵਲ ਸਮਕਾਲ ਨੂੰ ਨਹੀਂ ਫੜਦਾ। ਇਹ ਬਦਲ ਰਹੀ ਲਾਈਫ ਨੂੰ ਨਹੀਂ ਟੱਚ ਕਰ ਰਿਹਾ।"

"ਮੈਂ ਹਿੰਦੀ ਦੀਆਂ ਕੁਝ ਫਿਲਮਾਂ ਦੇਖੀਆਂ, ਉਹ ਤਾਂ ਨਵੀਂ ਲਾਈਫ ਨਾਲ ਚੰਗਾ-ਭਲਾ ਡੀਲ ਕਰਦੀਆਂ। ਅਸਲ ਵਿਚ ਮੰਨਤ ਜੀ, ਜ਼ਿੰਦਗੀ ਏਨੀ ਤੇਜ਼ੀ ਨਾਲ ਭੱਜ ਰਹੀ ਐ ਕਿ ਸਾਡੇ ਕੋਲੋਂ ਏਹਦੇ ਨਾਲ ਕਦਮ ਨਹੀਂ ਮਿਲਾਏ ਜਾ ਰਹੇ। ਅਸੀਂ ਏਹਦੇ ਬਰਾਬਰ ਹੋਣ ਦੀ ਕੋਸ਼ਿਸ਼ ਕਰਦੇ ਆਂ ਤੇ ਇਹ ਹੋਰ ਅੱਗੇ ਨਿਕਲ ਜਾਂਦੀ ਐ।"

"ਅਰਵਿੰਦ ਜੀ, ਜ਼ਿੰਦਗੀ ਦੇ ਆ ਰਹੇ ਬਦਲਾਵ ਨੂੰ ਅੱਜ ਦਾ ਸਾਹਿਤ ਸ਼ਾਇਦ ਨਹੀਂ ਫੜ ਰਿਹਾ। ਇਹੋ ਕਾਰਨ ਏ ਕਿ ਸਾਡੇ ਮੁਲਕ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਘਟ ਗਈ ਏ। ਕਿਤਾਬਾਂ ਵਿਕਦੀਆਂ ਹੀ ਨਹੀਂ ਜਦ ਕਿ ਅੰਗਰੇਜ਼ੀ ਵਿਚ ਬਹੁਤ ਵਿਕ ਰਹੀਆਂ।"

"ਮੈਡਮ, ਉਹਨਾਂ ਕਿਤਾਬਾਂ ਦੀਆਂ ਕਹਾਣੀਆਂ ਏਸ ਦੁਨੀਆਂ ਦੀਆਂ ਨਹੀਂ ਹੁੰਦੀਆਂ। ਆਹ 'ਹੈਰੀ ਪੌਟਰ', 'ਲੌਰਡ ਔਫ ਰਿੰਗ' ਜਾਦੂ ਦੀਆਂ ਕਹਾਣੀਆਂ। ਉਧਰ ਵੀ ਬਕਵਾਸ ਹੀ ਬਹੁਤਾ ਵਿਕਦਾ।"

ਚਾਹ ਪੀ ਕੇ ਉਹ ਤਰੋ-ਤਾਜ਼ਾ ਹੋ ਗਏ। ਅਰਵਿੰਦ ਨੇ ਪੁੱਛਿਆ,

"ਲੈਕਚਰ ਦੀ ਤਿਆਰੀ ਵੀ ਕਰਨੀ ਹੋਏਗੀ ਤੁਸੀਂ?"

“ਨਹੀਂ, ਮੇਰਾ ਲੈਕਚਰ ‘ਮੌਡਰਨ ਹਿੰਦੀ ਪੋਇਟਰੀ’ ‘ਤੇ ਹੀ ਏ, ਇਹ ਸਭ ਤਾਂ ਮੇਰੀ ਟਿੱਪਸ ‘ਤੇ ਏ। ਰੋਜ਼ ਇਹੋ ਤਾਂ ਪੜ੍ਹਾਉਂਦੀ ਆਂ। ਬਸ ਕੁਝ ਨਵੀਂਆਂ ਛਪੀਆਂ ਕਵਿਤਾਵਾਂ ਹੀ ਨਾਲ ਜੋੜਨੀਆਂ ਹੁੰਦੀਆਂ ਨੇ। ਮੈਂ ਆਉਂਦੇ ਆਉਂਦੇ ਨਵੇਂ ਮੈਗਜ਼ੀਨ ਦੇਖ ਲਏ ਸਨ ਤੇ ਨਿਸ਼ਾਨੀਆਂ ਵੀ ਲਗਾ ਲਈਆਂ ਸਨ, ਬਸ ਉਥੇ ਪੜ੍ਹ ਦੇਣੀਆਂ।”

ਚਾਹ ਪੀ ਕੇ ਉਹ ਫਿਰ ਬਿਸਤਰ ਵਿਚ ਆ ਗਏ। ਉਹ ਬੋਲੀ,

“ਇਕ ਗੱਲ ਮੈਂ ਸੱਚ ਕਹਿ ਰਹੀ ਆਂ ਕਿ ਮੈਂ ਪਹਾੜ ਸਾਂ, ਕਿਸੇ ਵਿਚ ਹਿੰਮਤ ਨਹੀਂ ਸੀ ਮੈਨੂੰ ਡੇਗਣ ਦੀ, ਤੁਹਾਡੇ ਮਾਮਲੇ ਵਿਚ ਪਤਾ ਨਹੀਂ ਕੀ ਕਮਜ਼ੋਰੀ ਆ ਗਈ।”

“ਮੈਂ ਕਿਹਾ ਤਾਂ ਸੀ ਕਿ ਮੈਂ ਵੀ ਉਹ ਬੱਦਲ ਆਂ ਜਿਹਦੇ ਵਿਚ ਏਨਾ ਪਾਣੀ ਐ ਕਿ ਚਟਾਨ ਨੂੰ ਵੀ ਖੋਰ ਦੇਵੇ ਪਰ ਛੱਡੋ, ...ਹੁਣ ਅਗਲੀ ਮੁਲਾਕਾਤ ਕਦੋਂ ਹੋਵੇਗੀ?”

“ਹੁਣ ਸ਼ਾਇਦ ਕਦੇ ਵੀ ਨਾ ਹੋਵੇ। ਇਹ ਤਾਂ ਆਪਣਾ ਮਿਲਣਾ ਸਬੱਬ ਸੀ। ਮੈਨੂੰ ਨਹੀਂ ਲੱਗਦਾ ਕਿ ਮੁੜ ਕੇ ਮਿਲ ਸਕਾਂਗੇ।”

“ਯੂ ਨੋਅ, ਜੇ ਮੈਂ ਪਟਿਆਲੇ ਗਿਆ ਤਾਂ ਤੁਸੀਂ ਉਥੇ ਨਹੀਂ ਹੋਵੋਂਗੇ?”

“ਅਸੀਂ ਉਥੇ ਕਦੇ-ਕਦੇ ਹੀ ਜਾਨੇ ਆਂ। ਜਦੋਂ ਲੰਮੀਆਂ ਛੁੱਟੀਆਂ ਹੋਣ।”

“ਡਾਕਟਰ ਸਾਹਿਬ ਉਥੇ ਇਕੱਲੇ ਰਹਿੰਦੇ ਆ?”

“ਨਹੀਂ, ਉਥੇ ਅਸੀਂ ਪੀਜੀ ਵੀ ਰੱਖੇ ਹੋਏ ਨੇ।”

“ਪੀਜੀ ਮਤਲਬ?”

“ਪੇਇੰਗ ਗੈੱਸਟ। ਕੁਝ ਵਿਦਿਅਰਥੀ ਰਹਿੰਦੇ ਨੇ। ਹੇਠਲੀ ਮੰਜ਼ਿਲ ਵਿਚ। ਉਪਰਲੀ ਮੰਜ਼ਿਲ ਸਾਡੇ ਕੋਲ ਹੀ ਏ। ...ਤੁਹਾਨੂੰ ਉਥੇ ਜਾਣਾ ਚਾਹੀਦਾ ਏ। ਤੁਸੀਂ ਪ੍ਰੌਮਿਜ਼ ਕੀਤਾ ਏ।”

“ਮੈਂ ਜ਼ਰੂਰ ਜਾਵਾਂਗਾ। ਅੱਜ ਮੈਂ ਚੰਡੀਗੜ੍ਹ ਜਾਣਾ। ਇਕ ਜਾਂ ਦੋ ਦਿਨ ਰਹਾਂਗਾ ਤੇ ਫੇਰ ਪਟਿਆਲੇ।”

“ਉਸ ਤੋਂ ਬਾਅਦ?”

“ਮੈਡਮ, ਏਨੇ ਲੰਮੇ ਪ੍ਰੋਗਰਾਮ ਮੈਂ ਬਣਾਉਂਦਾ ਨਹੀਂ। ਜਿਸ ਦਿਨ ਮਨ ਕੀਤਾ ਮੈਂ ਵਾਪਸ ਲੰਡਨ ਚੜ੍ਹ ਜਾਣਾਂ।”

“ਤੁਸੀਂ ਕਹਿੰਦੇ ਸੀ ਕਿ ਕੁਝ ਕੰਮ ਕਰਨ ਵਾਲੇ ਨੇ ਤੁਹਾਡੇ। ਹੋ ਗਏ ਕੰਮ ਸਾਰੇ?”

“ਬਸ, ਇਕ ਨਿੱਕਾ ਜਿਹਾ ਰਹਿੰਦਾ।”

ਆਖਦਿਆਂ ਉਸ ਨੇ ਉਠ ਕੇ ਅਲਮਾਰੀ ਵੱਲ ਦੇਖਿਆ। ਇਕ ਤਾਰ ਜਿਹੀ ਉਸ ਦੇ ਅੰਦਰ ਫਿਰੀ ਪਰ ਛੇਤੀ ਹੀ ਸੰਭਲ ਗਿਆ। ਮੰਨਤ ਨੇ ਆਪਣਾ ਸਿਰ ਉਸ ਦੀ ਛਾਤੀ ਉਪਰ ਰੱਖ ਲਿਆ ਤੇ ਕਹਿਣ ਲੱਗੀ,

“ਮੈਂ ਹਰ ਰੋਜ਼ ਪੜ੍ਹਾਉਨੀ ਆਂ ਕਿ ਮਰਦ ਕਿਸੇ ਔਰਤ ਨੂੰ ਆਪਣੇ ਪਿਆਰ ਦੇ ਜਾਲ ਵਿਚ ਫਸਾਉਣ ਲਈ ਉਸ ਨੂੰ ਘਰ ਦਾ ਲਾਲਚ ਦਿੰਦਾ ਏ ਪਰ ਹੁਣ ਸੋਚਦੀ ਆਂ ਕਿ ਮੈਂ ਕਿਹੜੇ ਲਾਲਚ ਵਿਚ ਆਂ!”

“ਯੂ ਨੋਅ, ਇਹ ਤੁਹਾਡੀ ਕਿਤਾਬਾਂ ਦੀ ਦੁਨੀਆਂ ਕੁਝ ਹੋਰ ਐ। ਉਹਦੇ ਵਿਚ ਤੁਸੀਂ ਬਹੁਤ ਕੁਝ ਵਾਧੂ ਕਹਿ ਜਾਂਦੇ ਓ। ਮਨ ਦੀਆਂ ਬਹੁਤ ਸਾਰੀਆਂ ਤੈਹਾਂ ਅਣਖੁਲ੍ਹੀਆਂ ਰਹਿ ਜਾਂਦੀਆਂ। ...ਇਹ ਇਨਸਾਨ ਦਾ ਮਨ ਐ! ‘ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ।’ ਕਿਸੇ ਦੇ ਦਿਲ ਨੂੰ ਸਮਝਿਆ ਨਹੀਂ ਜਾ ਸਕਦਾ।”

“ਮਨੁੱਖ ਦਾ ਮਨ ਸੱਚ ਹੀ ਅਜੀਬ ਏ!”

“ਸਮੇਂ ਨਾਲ ਸਾਡਾ ਸਮਾਜ ਬਦਲ ਗਿਆ, ਇਨਸਾਨ ਦੀਆਂ ਪਰਿਔਰੇਟੀਜ਼ ਬਦਲ ਗਈਆਂ। ਰੋਟੀ ਦੇ ਮਸਲੇ ਹੱਲ ਹੋਣ ਤੋਂ ਬਾਅਦ ਇਨਸਾਨ ਵਿਚ ਕਈ ਹੋਰ ਕਿਸਮ ਦੀਆਂ ਤਮੰਨਾਵਾਂ ਜਨਮ ਲੈਣ ਲੱਗਦੀਆਂ। ...ਅਸਲ ਵਿਚ ਇੰਡੀਆ ਦਾ ਮਸਲਾ ਇਹ ਐ ਕਿ ਇਕ ਵਰਗ ਬਹੁਤ ਬਦਲ ਗਿਐ ਤੇ ਦੂਜਾ ਵਰਗ ਬਦਲਣ ਦੀ ਥਾਂ ਪਿੱਛੇ ਨੂੰ ਗਿਆ। ਮੱਧ ਵਰਗ, ਖਾਸ ਤੌਰ ‘ਤੇ ਮੱਧਲਾ ਮੱਧ ਵਰਗ ਬਹੁਤ ਬਦਲ ਗਿਆ। ਹੇਠਲਾ ਮੱਧ ਵਰਗ ਘੱਟ ਬਦਲਿਆ ਤੇ ਹੇਠਲਾ ਵਰਗ ਬਿਲਕੁਲ ਨਹੀਂ ਬਦਲਿਆ। ਇੰਡੀਆ ਦਾ ਹੇਠਲਾ ਵਰਗ ਵੀ ਬਹੁਤ ਵੱਡੀ ਗਿਣਤੀ ਵਿਚ ਐ।”

“ਮੈਨੂੰ ਹੇਠਲੇ ਵਰਗਾਂ ਦਾ ਪਤਾ ਨਹੀਂ, ਸਾਡੇ ਵਾਲਾ ਮੱਧ ਵਰਗ ਬਹੁਤ ਬਦਲ ਗਿਆ। ਸਾਨੂੰ ਆਪਣਾ ਟਾਈਮ ਯਾਦ ਏ, ਤਿੰਨਾਂ ਹਫਤਿਆਂ ਬਾਅਦ ਹੀ ਮਾਂ ਨੇ ਫਿਕਰ ਕਰਨ ਲੱਗ ਪੈਣਾ। ਜਿੰਨਾ ਚਿਰ ਨਹਾਉਣੀ ਨਾ ਆਉਣੀ ਮਾਂ ਦੇ ਭਾਅ ਦੀ ਬਣੀ ਰਹਿਣੀ। ਹੁਣ ਕਾਲਜ ਵਿਚ ਕੁੜੀਆਂ ਜਦ ਪਹਿਲੀ ਵਾਰ ਸੈਕਸ ਕਰਦੀਆਂ ਤਾਂ ਇਕ ਦੂਜੇ ਨੂੰ ‘ਹੈਪੀ ਨੌਨ-ਵਰਜੈਨਿਟੀ’ ਦੀਆਂ ਵਧਾਈਆਂ ਦਿੰਦੀਆਂ ਨੇ। ਪਤਾ ਨਹੀਂ ਕਿਥੋਂ ਤਕ ਸੱਚ ਏ, ਕੋਈ ਦੱਸ ਰਿਹਾ ਸੀ ਕਿ ਸੈਕਸ ਕਰਨ ਦੇ ਤਰੀਕਿਆਂ ਦੇ ਟਰੇਨਿੰਗ ਸਕੂਲ ਵੀ ਖੁਲ੍ਹ ਗਏ ਨੇ। ਮੈਨੂੰ ਤਾਂ ਆਪਣੀਆਂ ਕੁੜੀਆਂ ਬਾਰੇ ਬਹੁਤ ਫਿਕਰ ਹੋਣ ਲੱਗ ਪੈਂਦਾ!”

“ਯੂ ਨੋਅ, ਐਵੇਂ ਫਿਕਰ ਨਾ ਕਰੋ। ਅਸੀਂ ਲੋਕਾਂ ਨੇ ਇੰਗਲੈਂਡ ਵਿਚ ਜਾ ਕੇ ਬਹੁਤ ਫਿਕਰ ਕੀਤਾ। ਜਦ ਸਾਡੇ ਬੱਚੇ ਮਰਜ਼ੀਆਂ ਕਰਨ ਲੱਗੇ ਤਾਂ ਕਈ ਲੋਕਾਂ ਨੇ ਹਾਰਟ ਅਟੈਕ ਕਰਵਾ ਲਏ ਜਾਂ ਹੋਰ ਵੱਡੀਆਂ ਬਿਮਾਰੀਆਂ ਲਵਾ ਲਈਆਂ। ਵਧੀਆ ਗੱਲ ਇਹ ਐ ਕਿ ਸਮੇਂ ਨਾਲ ਬਦਲ ਜਾਵੋ, ਨਹੀਂ ਤਾਂ ਪਛਤਾਓਗੇ। ਅਸੀਂ ਵੀ ਹੁਣ ਪੱਛਮ ਦੇ ਲੋਕਾਂ ਵਾਂਗ ਹੀ ਸੋਚਣ ਲੱਗ ਪਏ ਆਂ। ਸੱਚ! ਇਹ ਹੈ ਵੀ ਸਹੀ। ਹੁਣ ਮੇਰਾ ਮੁੰਡਾ ਇੱਕੀ ਸਾਲ ਦਾ ਹੋ ਗਿਆ। ਉਹਦੇ ਕੋਲ ਹਾਲੇ ਤਕ ਕੋਈ ਗਰਲ ਫ੍ਰੈਂਡ ਨਹੀਂ। ਮੈਨੂੰ ਉਹਦਾ ਫਿਕਰ ਲੱਗਿਆ ਹੋਇਐ।”

“ਉਹਦੇ ਪਿਓ ਕੋਲ ਜਿਉਂ ਹੈਗੀ ਏ!”

“ਪਿਓ ਦੀ ਗਰਲ ਫ੍ਰੈਂਡ ਆਪਣੇ ਥਾਂ ਤੇ ਉਹਦੀ ਆਪਣੇ ਥਾਂ।”

ਆਖਦਿਆਂ ਅਰਵਿੰਦ ਨੇ ਉਸ ਨੂੰ ਆਪਣੇ ਨਾਲ ਕੱਸ ਲਿਆ।

ਉਸ ਦੇ ਆਈਫੋਨ 'ਤੇ ਟੂੰ ਟੂੰ ਹੋਈ ਜਿਸ ਦਾ ਮਤਲਬ ਸੀ ਕਿ ਫੇਸਬੁੱਕ 'ਤੇ ਕੋਈ ਸੁਨੇਹਾ ਆਇਆ ਸੀ। ਜਿਥੇ ਨੈੱਟ ਦਾ ਇੰਤਜ਼ਾਮ ਹੋ ਜਾਂਦਾ ਉਥੇ ਉਸ ਦੇ ਆਈਫੋਨ ਦਾ ਵਾਈ-ਫਾਈ ਸਹਿਜੇ ਚੱਲ ਪੈਂਦਾ। ਵਾਧੂ ਖਰਚਾ ਪੈਣ ਦੇ ਡਰੋਂ ਉਹ ਆਮ ਤੌਰ 'ਤੇ ਆਪਣੇ ਫੋਨ ਨੂੰ 'ਐਰੋਪਲੇਨ-ਮੋਡ' 'ਤੇ ਲਾ ਰੱਖਦਾ ਸੀ। ਉਸ ਨੇ ਦੇਖਿਆ ਕਿ ਇੰਦਰ ਦਾ ਸੁਨੇਹਾ ਸੀ। ਉਹ ਤੇ ਰਣਜੀਤ ਅੱਜ ਸਵੇਰੇ ਵਿਹਲੇ ਹੀ ਸਨ ਤੇ ਉਸ ਨੂੰ ਮਿਲਣ ਆ ਰਹੇ ਸਨ। ਮੰਨਤ ਨੇ ਵੀ ਸੁਨੇਹਾ ਪੜ੍ਹਿਆ ਤੇ ਕਹਿਣ ਲੱਗੀ,

"ਠੀਕ ਏ, ਤੁਸੀਂ ਦੋਸਤਾਂ ਨੂੰ ਮਿਲ ਲਓ ਤੇ ਮੈਂ ਲੈਕਚਰ ਤੋਂ ਬਾਅਦ ਵਾਪਸ ਚਲੇ ਜਾਵਾਂਗੀ।"

"ਤੁਸੀਂ ਜਦ ਤਕ ਉਧਰੋਂ ਵਿਹਲੇ ਹੋਵੋਂਗੇ ਤਦ ਤਕ ਮੈਂ ਵੀ ਖਾਲੀ ਹੋ ਜਾਵਾਂਗਾ। ਉਹਨਾਂ ਨੂੰ ਮੈਂ ਪਹਿਲੀ ਵਾਰ ਹੀ ਮਿਲਣਾਂ, ਏਸ ਕਰਕੇ ਬਹੁਤੀ ਦੇਰ ਨਹੀਂ ਬੈਠ ਹੋਣਾ। ਫਿਰ ਆਪਾਂ ਇਕੱਠੇ ਚੱਲਾਂਗੇ। ਤੁਹਾਨੂੰ ਲੁਧਿਆਣੇ ਲਾਹ ਕੇ ਅਸੀਂ ਚੰਡੀਗੜ੍ਹ ਚਲੇ ਜਾਵਾਂਗੇ।"

"ਨਹੀਂ ਅਰਵਿੰਦ ਜੀ, ਇਹ ਪਰੈਕਟੀਕਲ ਨਹੀਂ ਹੋ ਸਕਣਾ। ਅੰਬਾਲੇ ਤੋਂ ਚੰਡੀਗੜ੍ਹ ਤਾਂ ਬਹੁਤ ਨੇੜੇ ਏ, ਲੁਧਿਆਣੇ ਵਿਚ ਦੀ ਤਾਂ ਬਹੁਤ ਦੂਰ ਪਏਗਾ।"

"ਯੂ ਨੋਅ, ਇਸੇ ਬਹਾਨੇ ਤੁਹਾਡਾ ਹੋਰ ਸਾਥ ਹੋ ਜਾਵੇਗਾ।"

"ਇਹ ਤਾਂ ਹੁਣ ਚਲਤੇ-ਚਲਤੇ ਫਿਰ ਸਹੀ।"

ਪਿਛਲੀ ਵੇਰ ਵਾਂਗ ਹੀ ਉਸ ਨੇ ਕਿਹਾ ਤੇ ਕਹਿ ਕੇ ਹੱਸੀ।

ਨਾਸ਼ਤਾ ਕਰਕੇ ਉਹ ਆਪਣੇ ਕਮਰੇ ਵਿਚ ਚਲੇ ਗਈ। ਦਸ ਕੁ ਵਜੇ ਤਿਆਰ ਹੋ ਕੇ ਆ ਗਈ। ਅੱਧਾ ਕੁ ਘੰਟਾ ਬਹਿ ਕੇ ਚਲੇ ਗਈ। ਉਸ ਨੇ ਖੁਸ਼ੀ-ਖਸ਼ੀ ਅਰਵਿੰਦ ਨੂੰ ਅਲਵਿਦਾ ਕਿਹਾ। ਅਰਵਿੰਦ ਨੂੰ ਇਕ ਵਾਰ ਫਿਰ ਇਹ ਸਭ ਸੁਫਨੇ ਵਾਂਗ ਜਾਪ ਰਿਹਾ ਸੀ।

ਉਸ ਦੇ ਜਾਣ ਤੋਂ ਬਾਅਦ ਅਰਵਿੰਦ ਬਿਸਤਰ 'ਤੇ ਆ ਡਿਗਿਆ ਜਿਵੇਂ ਬਹੁਤ ਥੱਕ ਗਿਆ ਹੋਵੇ ਤੇ ਕਿੰਨੀ ਦੇਰ ਤਕ ਉਵੇਂ ਹੀ ਪਿਆ ਰਿਹਾ। ਬੂਹੇ 'ਤੇ ਹੋਈ ਦਸਤਕ ਨੇ ਉਸ ਨੂੰ ਖਿਆਲਾਂ ਵਿਚੋਂ ਬਾਹਰ ਕੱਢਿਆ। ਉਸ ਨੇ ਉਠ ਕੇ ਦਰਵਾਜ਼ਾ ਖੋਹਲਿਆ। ਉਸ ਦੇ ਸਾਹਮਣੇ ਦੋ ਸਰਦਾਰ ਖੜੇ ਸਨ। ਇਕ ਚਿੱਟੀ ਦਾਹੜੀ ਵਾਲਾ ਤੇ ਇਕ ਕਰੜ-ਬਰੜੀ ਵਾਲਾ। ਉਹ ਉਹਨਾਂ ਨਾਲ ਜੱਫੀ ਪਾ ਕੇ ਮਿਲਿਆ। ਚਿੱਟੀ ਦਾਹੜੀ ਵਾਲਾ ਤੇ ਚਿੱਟੀ ਪੱਗ ਵਾਲਾ ਇੰਦਰ ਸੀ ਤੇ ਦੂਜਾ ਰਣਜੀਤ। ਉਸ ਨੇ ਕਿਹਾ,

"ਦੇਖ ਲਓ, ਫੇਸਬੁੱਕ ਦੀਆਂ ਤਾਕਤਾਂ! ਕੱਚੇ ਧਾਗੇ ਕੇ ਸਾਥ ਖਿਚੇ ਚੱਲੇ ਆਏ ਸਰਕਾਰ!"

ਉਹ ਦੋਵੇਂ ਹੱਸਣ ਲੱਗੇ। ਇੰਦਰ ਬੋਲਿਆ,

"ਅਸੀਂ ਤਾਂ ਉਦੋਂ ਹੀ ਉੱਕ ਗਏ ਜਦੋਂ ਤੁਸੀਂ ਆਏ ਸੀ, ਅਸੀਂ ਤਾਂ ਤੁਹਾਨੂੰ ਵੈਲਕੱਮ ਟੂ ਇੰਡੀਆ ਕਹਿਣਾ ਸੀ!"

"ਹੁਣ ਕਹਿ ਲਓ, ਇਕੋ ਗੱਲ ਐ।"

ਅਰਵਿੰਦ ਨੇ ਆਖਿਆ। ਉਹ ਜ਼ਰਾ ਕੁ ਹੱਸੇ। ਫਿਰ ਚਾਹ ਪੀਂਦੇ ਉਹ ਆਪਸ ਵਿਚ ਇਕ ਦੂਜੇ ਬਾਰੇ ਹੋਰ ਜਾਣਨ ਲਈ ਨਿਕੇ ਨਿਕੇ ਸਵਾਲ ਕਰਦੇ ਰਹੇ। ਅਰਵਿੰਦ ਸੋਚਣ ਲੱਗਿਆ ਕਿ ਗੱਲਬਾਤ ਕੁਝ ਠੰਡੀ ਜਿਹੀ ਸੀ। ਤਿੰਨ ਪੰਜਾਬੀ ਤੇ ਉਹ ਵੀ ਸਿੰਘ ਏਨੀਆਂ ਥੋੜੀਆਂ ਗੱਲਾਂ ਕਿਉਂ ਕਰ ਰਹੇ ਸਨ। ਉਹ ਉਠਿਆ ਤੇ ਬੋਤਲ ਨੂੰ ਹੱਥ ਪਾ ਲਿਆ। ਇੰਦਰ ਬੋਲਿਆ,

"ਇਹ ਕੋਈ ਵੇਲਾ ਏ ਜੀ?"

"ਜਿਵੇਂ ਆਪਾਂ ਚੁੱਪ ਬੈਠੇ ਆਂ ਇਸ ਤੋਂ ਤਾਂ ਲੱਗਦਾ ਕਿ ਇਹੋ ਸਹੀ ਵੇਲਾ ਐ। ਇਹ ਸਾਨੂੰ ਗੱਲਾਂ ਕਰਨ ਲਾਵੇਗੀ।"

ਬਹਿਰਾ ਸੋਢਾ, ਪਾਣੀ, ਬਰਫ ਆਦਿ ਲੈ ਆਇਆ ਤੇ ਉਹਨਾਂ ਲਈ ਪੈੱਗ ਬਣਾਉਣ ਲੱਗਿਆ। ਇੰਦਰ ਨੇ ਪੁੱਛਿਆ,

"ਕਿਵੇਂ ਰਿਹਾ ਜੀ ਤੁਹਾਡਾ ਟੂਰ?"

"ਮੇਰਾ ਟੂਰ ਵਧੀਆ ਰਿਹਾ ਜੀ। ਜਿਵੇਂ ਤੁਹਾਨੂੰ ਪਤਾ ਹੀ ਐ ਕਿ ਮੈਂ ਵੀਹ ਸਾਲ ਬਾਅਦ ਆਇਆਂ, ਹੁਣ ਤਕ ਤਾਂ ਮੇਰੀ ਵਾਕਫੀ ਵੀ ਨਹੀਂ ਸੀ ਰਹੀ ਇਥੇ ਪਰ ਫੇਰ ਵੀ ਕੁਝ ਓਪਰਾ ਨਹੀਂ ਲੱਗਿਆ। ਕੁਝ ਪੁਰਾਣੇ ਦੋਸਤ ਤਾਂ ਸਨ ਹੀ ਪਰ ਕੁਝ ਨਵੇਂ ਵੀ ਬਣ ਗਏ, ਥੈਂਕਸ ਟੂ ਫੇਸਬੁੱਕ।"

"ਕੋਈ ਰੰਗੀਨੀ?"

ਇੰਦਰ ਨੇ ਅੱਖਾਂ ਘੁਮਾਉਂਦਿਆਂ ਪੁੱਛਿਆ। ਭਾਵੇਂ ਉਹ ਪਹਿਲੀ ਵਾਰ ਮਿਲ ਰਹੇ ਸਨ ਪਰ ਫੇਸਬੁੱਕ ਤੇ ਚੈਟਿੰਗ ਚੱਲਦੀ ਰਹਿਣ ਕਾਰਨ ਕਾਫੀ ਖੁਲ੍ਹੇ ਹੋਏ ਸਨ। ਅਰਵਿੰਦ ਨੇ ਆਖਿਆ,

"ਇੰਦਰ ਜੀ, ਮੈਂ ਫੇਸਬੁੱਕ ਦਾ ਥੈਂਕਸ ਐਵੇਂ ਤਾਂ ਨਹੀਂ ਕੀਤਾ। ਫੇਸਬੁੱਕ 'ਤੇ ਇਕ ਦੋਸਤ ਸੀ ਮੇਰੀ ਜੋ ਰੀਅਲ ਲਾਈਫ ਵਿਚ ਵੀ ਦੋਸਤ ਬਣ ਕੇ ਮਿਲੀ।"

"ਬੜੇ ਲੱਕੀ ਓ ਅਰਵਿੰਦ ਜੀ, ਸਾਨੂੰ ਤਾਂ ਜਿਹੜੇ ਫੇਸਬੁੱਕ 'ਤੇ ਰੀਅਲ ਮਿਲਦੇ ਨੇ ਜਦ ਅਸਲੀ ਜ਼ਿੰਦਗੀ ਵਿਚ ਮਿਲੀਏ ਤਾਂ ਫੇਕ ਲੱਗਦੇ ਨੇ।"

ਰਣਜੀਤ ਆਪਣੇ ਕਿਸੇ ਤਜਰਬੇ ਵਿਚੋਂ ਬੋਲ ਰਿਹਾ ਸੀ। ਅਰਵਿੰਦ ਨੇ ਕਿਹਾ,

"ਇਹ ਸੱਚ ਐ ਕਿ ਆਪਾਂ ਫੇਸਬੁੱਕ 'ਤੇ ਹੋਰ ਤਰ੍ਹਾਂ ਪੇਸ਼ ਆਉਂਦੇ ਆਂ ਤੇ ਰੀਅਲ ਲਾਈਫ ਵਿਚ ਹੋਰ ਤਰ੍ਹਾਂ ਪਰ ਉਹੀ ਗੱਲ ਕਿ ਇਨਸਾਨਾਂ ਵਾਲੀਆਂ ਕਮੀਆਂ-ਪੇਸ਼ੀਆਂ ਵੀ ਤਾਂ ਆਪਣੇ ਵਿਚ ਹੈਗੀਆਂ।"

ਪਹਿਲੇ ਪੈੱਗ ਨੇ ਹੀ ਉਹਨਾਂ ਨੂੰ ਗੱਲਾਂ ਕਰਨ ਲਾ ਦਿਤਾ ਸੀ। ਸਕੌਚ ਵੀ ਫੇਸਬੁੱਕ ਦਾ ਕੰਮ ਹੀ ਕਰ ਰਹੀ ਸੀ, ਉਹਨਾਂ ਨੂੰ ਉਹਨਾਂ ਦੀ ਹੋਂਦ ਤੋਂ ਜ਼ਰਾ ਕੁ ਵੱਧ ਬਣਾ ਰਹੀ ਸੀ। ਰਣਜੀਤ ਪੁੱਛਣ ਲੱਗਿਆ,

"ਕੀ ਫਰਕ ਜਾਪ ਰਿਹਾ ਏ ਤੁਹਾਨੂੰ, ਪਿਛਲੇ ਵੀਹ ਸਾਲਾਂ ਨਾਲੋਂ?"

"ਜਿਹੜੀ ਇੰਡੀਆ ਨੇ ਟੈਕਨੌਲੋਜੀ ਵਿਚ ਤਰੱਕੀ ਕੀਤੀ ਐ ਇਹ ਕੋਈ ਵੱਡੀ ਗੱਲ ਨਹੀਂ, ਇਹ ਤਰੱਕੀ ਤਾਂ ਸਾਰੀ ਦੁਨੀਆਂ ਵਿਚ ਇਕੋ ਜਿਹੀ ਐ ਤੇ ਇਸ ਤਰੱਕੀ ਦੇ ਅਸਰ ਵੀ ਇਕੋ ਜਿਹੇ ਪਰ ਇਸ ਤਰੱਕੀ ਨਾਲ ਨਵੇਂ ਲੋਕਾਂ ਵਿਚ ਬਹੁਤ ਬਦਲਾਵ ਆਇਐ।"

"ਇਹ ਸੱਚ ਏ ਜੀ, ਇਸ ਤਰੱਕੀ ਨੇ ਤਾਂ ਜਿਵੇਂ ਅੱਜ ਦੇ ਮੁੰਡਿਆਂ-ਕੁੜੀਆਂ ਦੇ ਵਿਚੋਂ ਦਿਲ ਹੀ ਕੱਢ ਲਿਆ ਹੋਵੇ, ਉਹਨਾਂ ਦੀਆਂ ਫੀਲਿੰਗਜ਼ ਹੀ ਖਤਮ ਕਰ ਦਿਤੀਆਂ ਹੋਣ। ਉਹਨਾਂ ਨੂੰ ਕਾਰਪੋਰੇਟ ਦੀਆਂ ਵੱਡੀਆਂ ਵੱਡੀਆਂ ਜੌਬਾਂ ਤਾਂ ਜ਼ਰੂਰ ਮਿਲਣ ਲੱਗ ਪਈਆਂ ਪਰ ਉਹਨਾਂ ਨੂੰ ਜਜ਼ਬਾਤ ਰਹਿਣ ਬਣਾ ਦਿਤਾ। ...ਮੇਰੀ ਭੈਣ ਬਿਮਾਰ ਪਈ ਏ, ਮੇਰਾ ਭਾਂਣਜਾ ਹੈਦਰਾਬਾਦ ਜੌਬ ਕਰਦਾ ਏ, ਲੱਖ ਰੁਪਏ ਤਨਖਾਹ ਮਹੀਨੇ ਦੀ। ਮੇਰੀ ਭੈਣ ਦੇ ਹਫਤੇ ਵਿਚ ਤਿੰਨ ਦਿਨ ਡਾਇਲਸਜ਼ ਲੱਗਦਾ ਏ, ਚਾਰ ਮਹੀਨੇ ਹੋ ਗਏ, ਭਾਂਣਜਾ ਆਪਣੀ ਮਾਂ ਨੂੰ ਦੇਖਣ ਤਕ ਨਹੀਂ ਆਇਆ, ਕਹਿੰਦਾ ਕਿ ਉਹਦੀ ਜੌਬ ਅਲਾਓ ਨਹੀਂ ਕਰਦੀ!"

ਇੰਦਰ ਨੇ ਕਹਾਣੀ ਸੁਣਾਂਦਿਆਂ ਆਖਿਆ। ਉਸ ਦੇ ਮਗਰ ਹੀ ਰਣਜੀਤ ਦੱਸਣ ਲੱਗਿਆ,

"ਮੇਰੇ ਭਰਾ ਦੇ ਛੇ ਟਰੱਕ ਨੇ ਇਥੇ ਦਿੱਲੀ ਵਿਚ ਹੀ। ਇਕ ਟਰੱਕ ਉਹਦੇ ਮੁੰਡੇ ਦੇ ਨਾਂ 'ਤੇ ਸੀ। ਮੁੰਡੇ ਨੇ ਆਪਣਾ ਟਰੱਕ ਵੇਚ ਕੇ ਬੈਂਜ਼ ਕਢਾ ਲਈ। ਮੁੰਡਾ ਕੰਮ ਕੋਈ ਕਰਦਾ ਨਹੀਂ। ਹੁਣ ਕਾਰ ਵਿਚ ਤੇਲ ਪੁਆਉਣ ਲਈ ਨਿਤ ਪਿਓ ਦੇ ਗਲ਼ ਵਿਚ ਅੰਗੂਠਾ ਦੇਈ ਰੱਖਦਾ ਏ। ਏਹਨਾਂ ਵਿਚ ਜ਼ਿੰਮੇਵਾਰੀ ਦੀ ਘਾਟ ਏ।"

"ਯੂ ਨੋਅ, ਸਮੇਂ ਨਾਲ ਸੋਚ ਬਦਲਦੀ ਰਹਿੰਦੀ ਐ ਪਰ ਆਹ ਟੈਕਨੌਲੋਜੀ ਦੇ ਵੱਡੇ ਜੰਪ ਨੇ ਸੋਚ ਵਿਚ ਵੀ ਛਾਲ ਲੁਆ ਦਿਤੀ ਐ।"

ਅਰਵਿੰਦ ਨੇ ਆਖਿਆ ਪਰ ਇਸ ਵਕਤ ਉਹ ਗੰਭੀਰ ਗੱਲਾਂ ਦੇ ਮੂਡ ਵਿਚ ਨਹੀਂ ਸੀ। ਉਹ ਪੁੱਛਣ ਲੱਗਿਆ,

"ਇੰਦਰ ਜੀ, ਇਕ ਗੱਲ ਦੱਸੋ ਕਿ ਫੇਸਬੁੱਕ ਉਪਰ ਤੁਹਾਡੀਆਂ ਤਸਵੀਰਾਂ ਵਿਚ ਉਹ ਜਿਹੜੀ ਜਵਾਨ ਜਿਹੀ ਕੁੜੀ ਤੁਹਾਨੂੰ ਬਹੁਤ ਚੁੰਬੜ ਕੇ ਖੜੀ ਹੁੰਦੀ ਐ, ਏਸ ਉਮਰ ਵਿਚ ਉਹਨੂੰ ਹੈਂਡਲ ਕਿੱਦਾਂ ਕਰਦੇ ਓ?"

## ਇੱਕੀ

ਚੰਡੀਗੜ੍ਹ ਵੜਦਿਆਂ ਉਹਨਾਂ ਨੂੰ ਚਾਰ ਵੱਜ ਰਹੇ ਸਨ। ਧੁੱਪ ਹਾਲੇ ਵੀ ਪੂਰੇ ਜੋਬਨ 'ਤੇ ਸੀ। ਅੱਜ ਦਾ ਦਿਨ ਬਹੁਤ ਸਖਤ ਲੱਗਿਆ ਸੀ। ਉਹ ਜਦ ਵੀ ਕਾਰ ਵਿਚੋਂ ਨਿਕਲਦਾ ਤਾਂ ਧੁੱਪ ਡਾਹਢੇ ਦੁਸ਼ਮਣ ਵਾਂਗ ਭਰਵਾਂ ਹਮਲਾ ਕਰਦੀ ਤੇ ਭੱਜ ਕੇ ਕਿਸੇ ਛਾਂ ਦਾ ਆਸਰਾ ਲੈਣਾ ਪੈਂਦਾ। ਚੰਡੀਗੜ੍ਹ ਵਿਚ ਆ ਕੇ ਜਿਹੜੀ ਸਭ ਤੋਂ ਪਹਿਲੀ ਚੀਜ਼ ਉਸ ਨੇ ਦੇਖੀ ਉਹ ਸੀ ਕਿ ਸਕੂਟਰਾਂ ਤੇ ਮੋਟਰ ਸਾਈਕਲਾਂ 'ਤੇ ਮੂੰਹ ਸਿਰ ਲਪੇਟੀ ਫਿਰਦੀਆਂ ਕੁੜੀਆਂ, ਜਿਵੇਂ ਬੁਰਕੇ ਦਾ ਕੋਈ ਬਦਲ ਬਣਾ ਰਹੀਆਂ ਹੋਣ। ਅਰਵਿੰਦ ਨੇ ਗੁਪਾਲੇ ਨੂੰ ਪੁੱਛਿਆ,

"ਯੂ ਨੋਅ, ਇਹ ਕੋਈ ਨਵਾਂ ਫੈਸ਼ਨ ਐ ਬਈ?"

"ਨਹੀਂ ਭਾਜੀ, ਧੁੱਪ ਤੋਂ ਬਚਣ ਲਈ।"

"ਏਹਨਾਂ ਨੇ ਕਿਤੇ ਉਹ ਗਾਣਾ ਤਾਂ ਨਹੀਂ ਸੁਣ ਲਿਆ ਕਿ ਰੰਗ ਚੋਅ ਕੇ ਪਰਾਤ ਵਿਚ ਪੈ ਗਿਆ, ਧੁੱਪੇ ਨਾ ਪਕਾਈਂ ਰੋਟੀਆਂ!"

"ਬਸ, ਇਹੋ ਗੱਲ ਆ ਜੀ, ਰੰਗ ਦੇ ਚੋਅ ਜਾਣ ਤੋਂ ਡਰਦੀਆਂ ਹੀ ਇਹ ਕੰਮ ਕਰਦੀਆਂ। ਹੁਣ ਤਾਂ ਪਿੰਡਾਂ ਦੀਆਂ ਕੁੜੀਆਂ ਵੀ ਏਦਾਂ ਦੇ ਖੇਖਣ ਕਰਨ ਲੱਗ ਪਈਆਂ ਪਰ ਏਹ ਚੰਡੀਗੜ੍ਹ ਆ, ਏਹਦੇ ਨਖਰੇ ਵੀ ਵੱਡੇ ਆ।"

"ਤੂੰ ਓਦਣ ਕਹਿੰਦਾ ਸੀ ਕਿ ਇਥੇ ਹੈਲਮਟ ਲੈਣੀ ਜ਼ਰੂਰੀ ਐ ਨਹੀਂ ਤਾਂ ਪੁਲੀਸ ਚਲਾਣ ਕਰ ਦਿੰਦੀ ਐ ਪਰ ਆਹ ਤਾਂ ਸਾਰੀਆਂ ਕੁੜੀਆਂ ਓਦਾਂ ਹੀ ਤੁਰੀਆਂ ਫਿਰਦੀਆਂ, ਇਹ ਕਿਉਂ?"

"ਇਹਦੇ ਵਿਚ ਵੀ ਪੰਗਾ ਭਾਜੀ। ਸਿੱਖ ਕਹਿੰਦੇ ਕਿ ਅਸੀਂ ਹੈਲਮਟ ਨਹੀਂ ਲੈਣਾ, ਏਦਾਂ ਹੀ ਸਿੱਖਾਂ ਦੀਆਂ ਔਰਤਾਂ ਕਹਿੰਦੀਆਂ ਕਿ ਜੇ ਸਾਡੇ ਆਦਮੀ ਹੈਲਮਟ ਨਹੀਂ ਲੈਂਦੇ ਤਾਂ ਅਸੀਂ ਵੀ ਨਹੀਂ ਲਵਾਂਗੀਆਂ, ਹੁਣ ਜਿਹੜੀ ਔਰਤ ਨੂੰ ਪੁਲਸ ਰੋਕਦੀ ਆ, ਉਹੀ ਕਹਿ ਦਿੰਦੀ ਆ ਕਿ ਮੈਂ ਤਾਂ ਸਿੱਖਣੀ ਆਂ। ਹੁਣ ਦੱਸੋ ਪੁਲਸ ਕੀ ਕਰੇ! ਇਹੋ ਪ੍ਰੌਬਲਮ ਆਂ ਇੰਡੀਆ ਦੀ।"

ਆਖਦਾ ਉਹ ਮੋਢੇ ਜਿਹੇ ਮਾਰਨ ਲੱਗਿਆ। ਇਵੇਂ ਮੋਢੇ ਮਾਰਨੇ ਉਸ ਨੇ ਅਰਵਿੰਦ ਤੋਂ ਹੀ ਸਿੱਖੇ ਸਨ। ਅਰਵਿੰਦ ਦਾ 'ਯੂ ਨੋਅ' ਕਹਿਣਾ ਵੀ ਉਸ ਦੇ ਮੂੰਹ ਚੜ੍ਹ ਚੱਲਿਆ ਸੀ, ਉਸ ਨੇ ਮਸਾਂ ਰੋਕਿਆ ਸੀ। ਅਰਵਿੰਦ ਨੂੰ ਕੁਝ ਯਾਦ ਆਇਆ ਤਾਂ ਉਸ ਨੇ ਪੁੱਛਿਆ,

"ਉਹ ਬੈਗ ਤਾਂ ਧਿਆਨ ਨਾਲ ਰੱਖ ਲਿਆ ਸੀ?"

"ਹਾਂ ਜੀ, ਉਹ ਤਾਂ ਮੈਂ ਸਭ ਤੋਂ ਪਹਿਲਾਂ ਰੱਖਿਆ ਸੀ।"

"ਚੰਡੀਗੜ੍ਹ ਤੋਂ ਕੀਰਤ ਪੁਰ ਕਿੰਨੇ ਕੁ ਘੰਟੇ ਦਾ ਰਾਹ ਹੋਏਗਾ?"

"ਇਹੋ ਘੰਟੇ-ਡੇੜ ਘੰਟੇ ਦਾ। ਚੰਡੀਗੜ੍ਹ ਤੋਂ ਜੇ ਆਪਾਂ ਆਪਣੇ ਪਿੰਡ ਵਲ ਨਿਕਲਾਂਗੇ ਤਾਂ ਰਾਹ ਵਿਚ ਹੀ ਪੈਣਾਂ।"

ਆਖਦਿਆਂ ਉਸ ਨੇ ਇਕ ਪੁਲੀਸ ਵਾਲੇ ਕੋਲ ਜਾ ਕੇ ਗੱਡੀ ਰੋਕ ਲਈ ਤੇ ਮੈਰੀਅਟ ਹੋਟਲ ਦਾ ਰਾਹ ਪੁੱਛਣ ਲੱਗਿਆ। ਸਵੇਰੇ ਜਦ ਉਹ ਹੋਟਲ ਬੁੱਕ ਕਰਾਉਣ ਬੈਠਾ ਤਾਂ ਅਜੀਬ ਗੱਲ ਇਹ ਸੀ ਕਿ ਚੰਡੀਗੜ੍ਹ ਵਿਚ ਕੋਈ ਹੋਟਲ ਮਿਲ ਹੀ ਨਹੀਂ ਸੀ ਰਿਹਾ। ਉਸ ਦੀ ਨਜ਼ਰ ਤਿੰਨ ਸਿਤਾਰਾ ਹੋਟਲ 'ਤੇ ਸੀ। ਵਧ ਤੋਂ ਵਧ ਚਾਰ ਸਿਤਾਰਾ 'ਤੇ। ਉਸ ਨੇ ਸਪੈਸ਼ਲ ਔਫਰ ਦੇਖੀ ਤਾਂ ਉਥੇ ਫੌਰੇਨ ਕਰੰਸੀ ਵਿਚ ਹੋਟਲ ਬੁਕਿੰਗ ਸਸਤੀ ਪੈਂਦੀ ਸੀ। ਮੈਰੀਅਟ ਹੋਟਲ ਪੰਜ ਸਿਤਾਰਾ ਹੋਟਲ ਸੀ ਪਰ ਉਥੇ ਕਮਰਾ ਸਿਰਫ ਪੱਚਵੰਜਾ ਪੌਂਡ ਪ੍ਰਤੀ ਰਾਤ ਦੇ ਹਿਸਾਬ ਨਾਲ ਮਿਲ ਰਿਹਾ ਸੀ। ਜੇ ਇਹਨਾਂ ਦੇ ਰੁਪੱਈਏ ਬਣਾ ਕੇ ਦੇਖਦਾ ਤਾਂ ਬਹੁਤ ਲੱਗਦੇ ਸਨ ਪਰ ਪੌਂਡਾਂ ਵਿਚ ਸਸਤਾ ਜਾਪ ਰਿਹਾ ਸੀ। ਸੋ ਉਸ ਨੇ ਕਮਰਾ ਬੁੱਕ ਕਰਾ ਲਿਆ ਤੇ ਕਾਰਡ ਤੋਂ ਹੀ ਪੌਂਡਾ ਵਿਚ ਪੈਸੇ ਵੀ ਅਦਾ ਕਰ ਦਿਤੇ। ਗੁਪਾਲੇ ਨੇ ਗੱਡੀ ਮੈਰੀਅਟ ਹੋਟਲ ਦੇ ਵਿਹੜੇ ਵਿਚ ਜਾ ਲਗਾਈ ਤੇ ਹੱਸਦਾ ਹੋਇਆ ਬੋਲਿਆ,

"ਭਾਜੀ, ਇਹ ਤਾਂ ਲੁੱਟ-ਖੋਹ ਵਾਲਾ ਸੌਦਾ! ਏਨਾ ਮਹਿੰਗਾ ਕੀ ਕਰਨਾ ਸੀ?"

"ਯੂ ਨੋਅ, ਹੋਰ ਮਿਲਿਆ ਹੀ ਨਹੀਂ।"

ਆਖਦਾ ਅਰਵਿੰਦ ਗੱਡੀ ਵਿਚੋਂ ਉਤਰ ਗਿਆ। ਉਸ ਨੇ ਰਿਸੈਪਸ਼ਨਿਸਟ ਨੂੰ ਜਾ ਕੇ ਆਪਣੇ ਬਾਰੇ ਦੱਸਿਆ। ਰਿਸੈਪਸ਼ਨਿਸਟ ਨੇ ਘੰਟੀ ਵਜਾ ਕੇ ਬਹਿਰੇ ਨੂੰ ਸੱਦਿਆ ਤੇ ਬਹਿਰਾ ਉਸ ਦੇ ਸਮਾਨ ਬਾਰੇ ਪੁੱਛਦਾ ਬਾਹਰ ਨੂੰ ਤੁਰ ਪਿਆ ਜਿਥੇ ਕਾਰ ਖੜੀ ਸੀ। ਗੁਪਾਲੇ ਨੇ ਉਸ ਨੂੰ ਦੋ ਬੈਗ ਤੇ ਇਕ ਲੈਪਟੌਪ ਵਾਲਾ ਬੈਗ ਦੇ ਦਿਤੇ। ਅਟੈਚੀ ਉਸ ਨੇ ਹਾਲੇ ਵੀ ਬੂਟ ਵਿਚ ਹੀ ਪਿਆ ਰਹਿਣ ਦਿਤਾ। ਬੂਟ ਵਿਚ ਹੁਣ ਉਸ ਦਾ ਕੀਰਤ ਪੁਰ ਵਾਲਾ ਬੈਗ ਵੀ ਸੀ। ਭਾਵੇਂ ਅਰਵਿੰਦ ਨੇ ਗੁਪਾਲੇ ਨਾਲ ਇਸ ਬੈਗ ਬਾਰੇ ਕੋਈ ਗੱਲ ਨਹੀਂ ਸੀ ਕੀਤੀ ਪਰ ਗੁਪਾਲਾ ਸਭ ਸਮਝ ਗਿਆ ਸੀ। ਗੁਪਾਲਾ ਕਹਿਣ ਲੱਗਿਆ,

"ਭਾਜੀ, ਮੈਂ ਕਾਰ ਵਿਚ ਹੀ ਹੋਣਾਂ, ਜਦੋਂ ਲੋੜ ਹੋਈ ਤਾਂ ਫੋਨ ਕਰ ਲਿਓ।"

ਬਹਿਰੇ ਮਗਰ ਤੁਰਦਾ ਅਰਵਿੰਦ ਆਲਾ ਦੁਆਲਾ ਦੇਖਦਾ ਜਾ ਰਿਹਾ ਸੀ। ਇਹ ਪੱਛਮ ਦੇ ਕਿਸੇ ਪੰਜ ਸਿਤਾਰਾ ਹੋਟਲ ਤੋਂ ਘੱਟ ਨਹੀਂ ਸੀ। ਬਹਿਰਾ ਉਸ ਦਾ ਸਮਾਨ ਕਮਰੇ ਵਿਚ ਰੱਖਦਾ ਚਲੇ ਗਿਆ। ਕਮਰੇ ਵਿਚ ਵੱਡਾ ਸਾਰਾ ਡੱਬਲ ਬੈੱਡ, ਸੈਟੀ, ਡਾਈਨਿੰਗ ਟੇਬਲ, ਵੱਡੀਆਂ ਵੱਡੀਆਂ ਅਲਮਾਰੀਆਂ, ਬਾਲਕੋਨੀ ਵੱਲ ਖੁਲ੍ਹਦਾ ਪੈਟੀਓ ਡੋਰ, ਬਾਲਕੋਨੀ ਵਿਚੋਂ ਦਿਸਦੇ ਨੀਲੇ ਪਹਾੜ ਤੇ ਦੂਜੇ ਪਾਸੇ ਪੂਰਾ ਸ਼ਹਿਰ। ਇਥੋਂ ਜ਼ਰੂਰ ਇੰਡੀਆ ਸ਼ਾਇਨਿੰਗ ਵਾਲੀ ਗੱਲ ਸਹੀ ਜਾਪ ਰਹੀ ਸੀ। ਉਸੇ ਵੇਲੇ ਉਸ ਨੂੰ ਆਪਣੀ ਘਰਵਾਲੀ ਦਾ ਚੇਤਾ ਆਇਆ। ਏਨੇ ਮਹਿੰਗੇ ਹੋਟਲ ਦਾ ਉਸ ਨੂੰ ਪਤਾ ਚੱਲਿਆ ਤਾਂ ਉਹ ਜ਼ਰੂਰ ਝਗੜਾ ਕਰੇਗੀ। ਵੇਲਾਂ ਪੈਸਾ ਖਰਚ ਕੇ ਤਾਂ ਖੁਸ਼ ਹੀ ਨਹੀਂ ਸੀ। ਉਹ ਉਸ ਦੇ ਖਰਚਿਆਂ ਦਾ ਵੀ ਪੂਰਾ ਹਿਸਾਬ ਰੱਖਦੀ ਸੀ। ਵਾਧੂ ਖਰਚ ਕਰਨ ਲਈ ਉਸ ਨੂੰ ਕੁਝ ਪੈਸੇ ਲਕੋ ਕੇ ਰੱਖਣੇ ਪੈਂਦੇ ਸਨ, ਜਿਸ ਨੂੰ ਉਹ ਬਲੈਕ-ਮਨੀ ਕਿਹਾ ਕਰਦਾ। ਇਕ ਕਰੈਡਿਟ ਕਾਰਡ ਉਸ ਤੋਂ ਚੋਰੀ ਰੱਖਿਆ ਹੋਇਆ ਸੀ। ਉਹ ਵੇਲਾਂ ਨੂੰ ਚੇਤੇ ਕਰਦਾ ਮਹੌਲ ਦੀ ਖੂਬਸੂਰਤੀ ਨੂੰ ਅਜਾਈਂ ਨਹੀਂ ਸੀ ਜਾਣ ਦੇਣਾ ਚਾਹੁੰਦਾ ਇਸ ਲਈ ਉਹ ਦੂਰ ਪਹਾੜਾਂ ਪਹਾੜਾਂ ਵਿਚ ਵਸੇ ਸ਼ਹਿਰ ਸ਼ਿਮਲੇ ਬਾਰੇ ਸੋਚਣ ਲੱਗਿਆ।

ਬਹਿਰਾ ਚਾਹ ਦਾ ਸਮਾਨ ਲੈ ਕੇ ਆਇਆ ਤਾਂ ਉਸ ਨੇ ਪੁੱਛਿਆ,

"ਯੂ ਨੋਅ, ਲੌਂਡਰੀ ਕੇ ਲੀਏ ਕੁਸ਼ ਦੇਨਾ ਹੈ, ਹੈ ਇੰਤਜ਼ਾਮ?"

"ਜੀ ਸਾਬ, ਮੈਂ ਕਿਸੀ ਕੋ ਭੇਜ ਦੇਤਾ ਹੂੰ।"

ਆਖਦਾ ਉਹ ਚਲੇ ਗਿਆ। ਉਸ ਦੇ ਕਈ ਦਿਨਾਂ ਦੇ ਕਪੜੇ ਧੋਣ ਵਾਲੇ ਹੋ ਗਏ ਸਨ। ਇਕ ਹੋਰ ਬਹਿਰਾ ਆਇਆ ਤੇ ਗਿਣ ਕੇ ਕਪੜੇ ਲੈ ਗਿਆ। ਹੁਣ ਉਹ ਵਿਹਲਾ ਸੀ। ਹਾਰਵੀ ਨੂੰ ਫੋਨ ਕਰਨ ਲੱਗਿਆ। ਉਸ ਦਾ ਫੋਨ ਰੁਝਿਆ ਹੋਇਆ ਜਾਪਦਾ ਸੀ। ਪਹਿਲਾਂ ਵੀ ਰਾਹ ਵਿਚੋਂ ਦੋ ਕੁ ਵਾਰ ਫੋਨ ਕੀਤਾ ਸੀ ਪਰ ਉਸ ਨੇ ਚੁੱਕਿਆ ਨਹੀਂ ਸੀ। ਵਾਪਸ ਕਾਲ ਵੀ ਨਹੀਂ ਸੀ ਕੀਤੀ। ਉਸ ਦੇ ਮਨ ਵਿਚ ਆਇਆ ਕਿ ਸ਼ਾਇਦ ਉਹ ਮਿਲਣਾ ਹੀ ਨਾ ਚਾਹੁੰਦੀ ਹੋਵੇ। ਉਸ ਨੇ ਹਾਰਵੀ ਨੂੰ ਮਿਲਣ ਦੇ ਉਤਸ਼ਾਹ ਨੂੰ ਕਾਬੂ ਵਿਚ ਰੱਖਦਿਆਂ ਲੈਪਟੌਪ ਖੋਹਲ ਲਿਆ ਤੇ ਰਿਸੈਪਨਿਸ਼ਟ ਨੂੰ ਫੋਨ ਕਰਕੇ ਇਥੋਂ ਦੇ ਇੰਟਰਨੈੱਟ ਦਾ ਪਾਸ-ਵ੍ਰਡ ਮੰਗਣ ਲੱਗਿਆ। ਉਹ ਨੈੱਟ ਸਰਫ ਕਰਦਾ ਚੰਡੀਗੜ੍ਹ ਦੀਆਂ ਨਾਈਟ-ਕਲੱਬਾਂ ਦੇ ਨਾਂ ਲੱਭਣ ਲੱਗਿਆ। ਅੱਧੇ ਕੁ ਘੰਟੇ ਬਾਅਦ ਹਾਰਵੀ ਦਾ ਫੋਨ ਆ ਗਿਆ। ਉਹ ਪੁੱਛਣ ਲੱਗੀ,

"ਸਰਜੀ, ਕਿਥੇ ਓ?"

"ਯੂ ਨੋਅ, ਤੁਹਾਡੇ ਸ਼ਹਿਰ।"

"ਸਾਡੇ ਸ਼ਹਿਰ ਕਿੱਥੇ ਓ?"

"ਮੈਰੀਅਟ ਹੋਟਲ, ਸੈਕਟਰ ਪੈਂਤੀ ਬੀ। ਕੀ ਤੁਹਾਡੇ ਕੋਲ ਟਾਈਮ ਹੈ ਮਿਲਣ ਵਾਸਤੇ?"

"ਜ਼ਰੂਰ ਸਰਜੀ, ਟਾਈਮ ਨੂੰ ਤਾਂ ਇਸ ਵੇਲੇ ਬਿਲਕੁਲ ਵਿਹਲੀ ਆਂ ਪਰ ਮੈਂ ਇਸ ਹੋਟਲ ਵਿਚ ਕਿਵੇਂ ਆ ਸਕਦੀ ਆਂ? ਬਹੁਤ ਵੱਡਾ ਹੋਟਲ ਐ ਇਹ!"

"ਹਾਰਵੀ, ਮੇਰਾ ਕਮਰਾ ਨੰਬਰ ਪੰਜ ਸੌ ਤਿੰਨ ਐ। ਮੈਂ ਰਿਸੈਪਸ਼ਨਿਸਟ ਨੂੰ ਫੋਨ ਕਰ ਦਿੰਨਾਂ, ਕੋਈ ਤੁਹਾਨੂੰ ਮੇਰੇ ਕਮਰੇ ਤਕ ਛੱਡ ਜਾਵੇਗਾ।"

"ਸਰਜੀ, ਮੈਂ ਤੁਹਾਡੇ ਕਮਰੇ ਵਿਚ ਤਾਂ ਬਿਲਕੁਲ ਨਹੀਂ ਆ ਸਕਦੀ!"

"ਸੌਰੀ ਹਾਰਵੀ, ਮੇਰਾ ਮਤਲਬ ਇਹ ਨਹੀਂ, ਤੁਸੀਂ ਹੋਟਲ ਦੇ ਹਾਲ ਵਿਚ ਆ ਜਾਓ, ਉਥੇ ਬੈਠ ਕੇ ਗੱਲਾਂ ਕਰਾਂਗੇ।"

ਅਰਵਿੰਦ ਨੇ ਕਿਹਾ। ਉਹ ਕੁਝ ਪਲ ਚੁੱਪ ਰਹਿ ਕੇ ਬੋਲੀ,

"ਓਕੇ ਸਰਜੀ, ਮੈਂ ਦੇਖਦੀ ਆਂ।"

ਜਿਸ ਢਿੱਲੀ ਅਵਾਜ਼ ਵਿਚ ਉਸ ਨੇ ਕਿਹਾ। ਅਰਵਿੰਦ ਨੂੰ ਲੱਗਿਆ ਕਿ ਉਹ ਨਹੀਂ ਆਏਗੀ। ਉਹ ਹਾਰਵੀ ਵਲੋਂ ਧਿਆਨ ਹਟਾ ਕੇ ਵੇਲਾਂ ਨੂੰ ਫੋਨ ਕਰਨ ਲੱਗ ਪਿਆ। ਮੋਹ ਵਿਚ ਆਉਂਦੀ ਵੇਲਾਂ ਬੋਲੀ,

"ਬਹੁਤ ਹੋ ਗਿਆ ਹੁਣ, ਵਾਪਸ ਆ ਜਾਓ ਜਲਦੀ।"

"ਹਾਂ, ਮੇਰਾ ਵੀ ਦਿਲ ਕਰਦਾ ਕਿ ਮੈਂ ਵਾਪਸ ਆ ਜਾਵਾਂ, ਮੈਂ ਤੈਨੂੰ ਦੱਸਦਾਂ ਆਪਣਾ ਪ੍ਰੋਗਰਾਮ, ਫੇਰ ਤੂੰ ਮੇਰੀ ਸੀਟ ਕੁਝ ਜਲਦੀ ਦੀ ਕਰਾ ਦੇਵੀਂ।"

"ਹਾਲੇ ਕੁਝ ਰਹਿੰਦਾ ਕਰਨ ਵਾਲਾ?"

"ਹਾਲੇ ਤਾਂ ਮੈਂ ਕਈ ਜਗਾਹ ਜਾਣਾਂ, ਅਨੰਦਪੁਰ ਵੀ ਜਾਣਾਂ।"

"ਹਾਲੇ ਤਕ ਕੀਰਤ ਪੁਰ ਨਹੀਂ ਗਏ ਤੁਸੀਂ?"

ਉਸ ਨੇ ਦਹਾੜ ਮਾਰਨ ਵਾਂਗ ਆਖਿਆ। ਅਰਵਿੰਦ ਨੇ ਕਿਹਾ,

"ਓ ਬੁੜਬੁੜ, ਉਥੇ ਵਿਰਾਸਤ ਭਵਨ ਦੇਖਣ ਜਾਣਾਂ। ਤੈਨੂੰ ਕੁਝ ਪਤਾ ਵੀ ਹੈ, ਐਵੇਂ ਹੀ ਲਲਿਤਾ ਪਵਾਰ ਬਣ ਬਹਿੰਨੀ ਐਂ!"

"ਜੋ ਵੀ ਹੈ, ਜਲਦੀ ਆ ਜਾਓ, ਬਥੇਰੇ ਪੈਸੇ ਖਰਚ ਲਏ ਹੋਣੇ ਆਂ। ਮੈਨੂੰ ਪਤਾ ਤੁਹਾਡਾ, ਜਦ ਮੌਕਾ ਮਿਲੇ ਤਾਂ ਪੌਂਡਾਂ ਦਾ ਛੱਟਾ ਦੇਣ ਲੱਗ ਪੈਂਦੇ ਓ। ਹਿਸਾਬ ਨਾਲ ਚੱਲੋ।"

ਉਹ ਕੁਝ ਦੇਰ ਹੋਰ ਅਕਲਾਂ ਦਿੰਦੀ ਰਹੀ।

ਅਰਵਿੰਦ ਨੇ ਸ਼ਾਵਰ ਲਿਆ ਤੇ ਕੁਝ ਸਨੈਕਸ ਮੰਗਵਾ ਲਏ। ਹਾਰਵੀ ਦਾ ਮੁੜ ਕੇ ਫੋਨ ਨਹੀਂ ਸੀ ਆਇਆ ਜਿਸ ਦਾ ਸਾਫ ਮਤਲਬ ਸੀ ਕਿ ਉਹ ਨਹੀਂ ਆਵੇਗੀ। ਉਸ ਨੇ ਗੁਪਾਲੇ ਨੂੰ ਫੋਨ ਕਰਕੇ ਕਹਿ ਦਿਤਾ ਕਿ ਘੰਟੇ ਕੁ ਬਾਅਦ ਕਿਸੇ ਪਾਸੇ ਚੱਲਾਂਗੇ। ਉਸ ਨੇ ਮੁੜ ਕੇ ਨੈੱਟ ਖੋਹਲ ਲਿਆ। ਇੰਡੀਆ ਵਿਚ ਇਕ ਗੱਲ ਦਾ ਉਸ ਨੂੰ ਵਾਰ ਵਾਰ ਅਨੁਭਵ ਹੋ ਰਿਹਾ ਸੀ ਕਿ ਇਥੇ ਇੰਟਰਨੈੱਟ ਬਹੁਤ ਤੇਜ਼ ਸੀ। ਦਰਵਾਜ਼ੇ 'ਤੇ ਦਸਤਕ ਹੋਈ। ਉਸ ਨੇ ਸੈਟੀ 'ਤੇ ਬੈਠਿਆਂ ਹੀ ਕਹਿ ਦਿਤਾ,

"ਕਮ ਇਨ।"

"ਸਾਬ, ਆਪ ਕਾ ਸ਼ਾਮ ਕਾ ਕਿਆ ਪ੍ਰੋਗਰਾਮ ਹੈ?"

"ਕਿਉਂ ਪੂਛ ਰਹੇ ਹੋ ਬਈ?"

"ਸਾਬ, ਮੈਂ ਬਤਾਨਾ ਚਾਹਤਾ ਹੂੰ ਕਿ ਹਮਾਰਾ ਯਹਾਂ ਵੀ ਬਹੁਤ ਅੱਛਾ ਰੈਸਟੋਰੈਂਟ ਹੈ, ਬਾਰਾਂ ਵਜੇ ਤਕ ਖਾਨਾ ਮਿਲਤਾ ਹੈ। ਬੀਅਰ ਬਾਰ ਭੀ ਬਹੁਤ ਅੱਛੀ ਹੈ, ਦੁਨੀਆਂ ਭਰ ਕੀ ਬੀਅਰ ਮਿਲਤੀ ਹੈ।"

"ਬਾਲ ਰੂਮ ਭੀ ਹੈ ਕਿਆ ਯਹਾਂ?"

"ਹੈ ਸਾਬ, ਹਮਾਰਾ ਡਾਂਸ ਫਲੋਰ ਬਹੁਤ ਅੱਛਾ ਹੈ।"

"ਬਲੈਕ ਲੇਬਲ ਕੀ ਬੋਤਲ ਭੀ ਮਿਲ ਜਾਏਗੀ?"

"ਨਹੀਂ ਸਾਬ, ਬੋਤਲ ਨਹੀਂ, ਸ਼ੌਰਟ ਮਿਲੇਂਗੇ। ਅਗਰ ਬੋਤਲ ਚਾਹੀਏ ਤੋ ਬਾਹਰ ਸੇ ਮੰਗਵਾ ਦੇਤੇ ਹੈਂ।"

"ਚਲੋ ਠੀਕ ਹੈ, ਅਗਰ ਕੁਸ਼ ਚਾਹੀਏ ਤੋਂ ਫੋਨ ਕਰ ਦੂੰਗਾ।"

"ਜ਼ੀਰੋ ਨਾਈਨ ਸਰ।"

"ਹਾਂ, ਮੈਨੂੰ ਪਤੈ।"

ਉਸ ਨੇ ਕਿਹਾ ਤੇ ਬਹਿਰਾ ਚਲੇ ਗਿਆ। ਉਹ ਸੋਚਣ ਲੱਗਿਆ ਕਿ ਕਿਉਂ ਨਾ ਹੋਟਲ ਵਿਚ ਹੀ ਰਿਹਾ ਜਾਵੇ। ਬਾਰ ਵਿਚ ਜਾ ਕੇ ਵਿਸਕੀ ਪੀਵੇ। ਸ਼ਾਇਦ ਕੋਈ ਦੋਸਤ ਵੀ ਬਣ ਜਾਵੇ। ਚੰਡੀਗੜ੍ਹ ਕੱਲ ਨੂੰ ਘੁੰਮ ਲਵੇਗਾ। ਇਕ ਉਸ ਦਾ ਮਨ ਪਹਾੜਾਂ ਵੱਲ ਜਾਣ ਦਾ ਵੀ ਸੀ। ਬਹੁਤ ਸਾਲ ਪਹਿਲਾਂ ਉਹ ਸ਼ਿਮਲੇ ਗਿਆ ਸੀ। ਪਹਾੜੀਆਂ ਉਸ ਨੂੰ ਚੰਗੀਆਂ ਲੱਗਦੀਆਂ ਸਨ। ਇੰਗਲੈਂਡ ਵਿਚ ਏਨੀ ਤਿੱਖੀ ਚੜ੍ਹਾਈ ਵਾਲੇ ਪਹਾੜ ਨਹੀਂ ਸਨ ਮਿਲਦੇ। ਉਸ ਨੇ ਗੁਪਾਲੇ ਨੂੰ ਫੋਨ ਕੀਤਾ ਤੇ ਕਿਹਾ,

"ਆਪਾਂ ਨੂੰ ਬਲੈਕ ਲੇਬਲ ਦੀ ਇਕ ਬੋਤਲ ਚਾਹੀਦੀ ਐ ਤੇ ਇਕ ਡਰੈਮਬਿਊ ਦੀ। ਨਾਲੇ ਕੁਝ ਪੈਸੇ ਚਾਹੀਦੇ ਆ। ਤੂੰ ਏਦਾਂ ਕਰ ਕਿ ਕਮਰੇ ਵਿਚ ਆ ਕੇ ਮੇਰੇ ਤੋਂ ਕਾਰਡ ਲੈ ਜਾ।"

"ਭਾਜੀ, ਮੈਨੂੰ ਮੇਰੇ ਕਪੜੇ ਦੇਖ ਕੇ ਮੈਨੂੰ ਅੰਦਰ ਨਹੀਂ ਵੜ੍ਹਨ ਦੇਣਾਂ।"

ਆਖਦਾ ਗੁਪਾਲਾ ਹੱਸਣ ਲੱਗਿਆ। ਅਰਵਿੰਦ ਨੇ ਕਿਹਾ,

"ਤੂੰ ਜ਼ਰਾ ਗੁਲਾਬੀ ਜਿਹੀ ਅੰਗਰੇਜ਼ੀ ਵਿਚ ਗੱਲ ਕਰੀਂ ਨਾ, ...ਮੈਂ ਰਿਸੈਪਸ਼ਨਿਸਟ ਨੂੰ ਫੋਨ ਕਰ ਦਿੰਨਾ, ਪੰਜ ਸੌ ਤਿੰਨ ਨੰਬਰ ਐ।"

ਪੌਂਡ ਦੇ ਸੌ ਰੁਪਏ ਦੇ ਭਾਅ ਨੇ ਅਰਵਿੰਦ ਦੇ ਹੌਂਸਲੇ ਵਧਾ ਦਿੱਤੇ ਹੋਏ ਸਨ। ਬਹੁਤੀ ਵਾਰ ਗੁਪਾਲਾ ਹੀ ਪੈਸੇ ਕਢਵਾ ਕੇ ਦਿੰਦਾ। ਉਸ ਨੇ ਗੁਪਾਲੇ ਨੂੰ ਆਪਣਾ ਪਿੰਨ ਨੰਬਰ ਦਿੱਤਾ ਹੋਇਆ ਸੀ। ਏਨੇ ਦਿਨਾਂ ਵਿਚ ਹੁਣ ਏਨਾ ਕੁ ਵਿਸਵਾਸ਼ ਤਾਂ ਬਣ ਹੀ ਚੁੱਕਿਆ ਸੀ। ਗੁਪਾਲਾ ਕਮਰੇ ਵਿਚ ਆਇਆ। ਕਿੰਨੀ ਦੇਰ ਤਕ ਤਾਂ ਉਹ ਇਧਰ ਓਧਰ ਹੀ ਦੇਖਦਾ ਰਿਹਾ। ਫਿਰ ਹੱਸਦਾ ਹੋਇਆ ਬੋਲਿਆ,

"ਸਾਰੀਆਂ ਛੁੱਟੀਆਂ ਇਕ ਪਾਸੇ ਤੇ ਇਹ ਹੋਟਲ ਇਕ ਪਾਸੇ!"

ਉਹ ਕਾਰਡ ਲੈ ਕੇ ਚਲੇ ਗਿਆ। ਏ. ਟੀ. ਐਮ. ਹੋਟਲ ਵਿਚ ਵੀ ਹੈਗੀ ਸੀ। ਅੱਧੇ ਕੁ ਘੰਟੇ ਵਿਚ ਹੀ ਉਹ ਸਮਾਨ ਲੈ ਕੇ ਆ ਆਇਆ। ਉਸ ਨੇ ਵੀਹ ਹਜ਼ਾਰ ਰੁਪਏ ਕਢਵਾਏ ਸਨ। ਬਾਕੀ ਦੇ ਗਿਣ ਕੇ ਉਸ ਨੇ ਅਰਵਿੰਦ ਨੂੰ ਦੇ ਦਿੱਤੇ। ਪੈਸੇ ਸਾਂਭ ਕੇ ਉਹ ਬੋਲਿਆ,

"ਯੂ ਨੋਅ, ਮੇਰੇ ਅਟੈਚੀਕੇਸ ਵਿਚ ਮੇਰਾ ਇਕ ਸੂਟ ਐ, ਹਰੇ ਰੰਗ ਦਾ ਫੋਲਡ ਕੀਤਾ ਲੰਮਾ ਬੈਗ ਹੋਏਗਾ, ਜਿਹਦੇ ਵਿਚ ਸੂਟ ਪਾਈਦਾ।"

"ਮੈਂ ਦੇਖਿਆ ਜੀ ਪਹਿਲਾਂ ਵੀ, ਕਈ ਤਾਂ ਪਾਰਟੀਆਂ ਵਿਚ ਜਾਂਦੇ ਉਹਨੂੰ ਹੱਥਾਂ ਵਿਚ ਹੀ ਫੜੀ ਫਿਰਦੇ ਹੁੰਦੇ ਆ।"

"ਬਸ ਉਹੀ। ਇਕ ਬੈਗ ਵਿਚ ਬੂਟ ਵੀ ਹੈਗੇ ਆ। ...ਬਹੁਤ ਦਿਨ ਹੋ ਗਏ ਸੂਟ ਨਹੀਂ ਪਾਇਆ। ਅੱਜ ਵੱਡੇ ਹੋਟਲ ਵਿਚ ਠਹਿਰੇ ਆਂ ਤਾਂ ਸੂਟ-ਬੂਟ ਤੇ ਟਾਈ ਲਾ ਕੇ ਹੀ ਬਾਰ ਵਿਚ ਜਾਂਦੇ ਆਂ।"

"ਅੱਜ ਕੋਈ ਮੈਡਮ ਹੈ ਨਹੀਂ ਜੀ?"

"ਯੂ ਨੋਅ, ਹਾਲੇ ਤਕ ਤਾਂ ਹੈ ਨਹੀਂ। ਸ਼ਾਇਦ ਬਾਰ ਵਿਚੋਂ ਮਿਲ ਜਾਏ, ਬਾਕੀ ਰੱਬ ਦੇ ਘਰ ਦਾ ਕੀ ਪਤਾ!"

ਅਰਵਿੰਦ ਨੇ ਹੱਸਦਿਆਂ ਕਿਹਾ। ਗੁਪਾਲੇ ਨੇ ਉਸ ਨੂੰ ਹਾਰਵੀ ਨਾਲ ਗੱਲਾਂ ਕਰਦਿਆਂ ਸੁਣ ਲਿਆ ਹੋਇਆ ਸੀ। ਉਹ ਸਮਝਦਾ ਸੀ ਕਿ ਚੰਡੀਗੜ੍ਹ ਆਉਣ ਦਾ ਉਸ ਦਾ ਮਤਲਬ ਕਿਸੇ ਕੁੜੀ ਨੂੰ ਮਿਲਣਾ ਹੀ ਸੀ। ਉਹ ਅਟੈਚੀ ਵਿਚੋਂ ਅਰਵਿੰਦ ਦਾ ਸਮਾਨ ਲੈ ਆਇਆ। ਗੁਪਾਲੇ ਨੇ ਰਾਤ ਨੂੰ ਸੌਣ ਦਾ ਕਿਤੇ ਬਾਹਰ ਇੰਤਜ਼ਾਮ ਕਰਨਾ ਸੀ। ਉਹ ਵਾਪਸ ਜਾਂਦਾ ਬੋਲਿਆ,

"ਭਾਜੀ, ਮੈਂ ਵੀਹ ਕੁ ਮਿੰਟ ਦੀ ਦੂਰੀ 'ਤੇ ਹੋਣਾਂ। ਜਦ ਵੀ ਲੋੜ ਹੋਈ ਫੋਨ ਕਰ ਦਿਓ।"

ਅਰਵਿੰਦ ਨੇ ਅਲਮਾਰੀ ਵਿਚ ਪਈ ਪ੍ਰੈੱਸ ਦੇਖ ਲਈ ਸੀ। ਉਸ ਨੇ ਸੂਟ ਇਸਤਰੀ ਕਰ ਲਿਆ। ਚਮਕਵੀਂ ਜਿਹੀ ਟਾਈ ਕੱਢੀ ਤੇ ਸੂਟ-ਬੂਟ ਕੱਸ ਕੇ ਤਿਆਰ ਹੋ ਗਿਆ। ਉਸ ਨੂੰ ਆਪਣੀ ਜਵਾਨੀ ਦੇ ਦਿਨ ਯਾਦ ਆਉਣ ਲੱਗੇ ਜਦ ਇਵੇਂ ਤਿਆਰ ਹੋ ਕੇ ਉਹ ਕੁੜੀਆਂ ਨਾਲ ਦੋਸਤੀ ਦੀ ਭਾਲ ਵਿਚ ਨਿਕਲਿਆ ਕਰਦਾ ਸੀ। ਉਹ ਤਿਆਰ ਹੋ ਕੇ ਵੱਡੇ ਸ਼ੀਸ਼ੇ ਮੂਹਰੇ ਜਾ ਖੜਿਆ। ਫਿਰ ਉਹ ਪੈਟਿਓ-ਡੋਰ ਖੋਹਲ ਕੇ ਬਾਲਕੋਨੀ ਵਿਚ ਆ ਗਿਆ। ਸ਼ਹਿਰ ਉਪਰ ਹਨੇਰਾ ਉਤਰਨਾ ਸ਼ੁਰੂ ਹੋ ਚੁੱਕਿਆ ਸੀ। ਕਿਤੇ ਕਿਤੇ ਬੱਤੀ ਵੀ ਜਗਣ ਲੱਗੀ ਸੀ। ਉਪਰ ਪਹਾੜਾਂ ਵਿਚ ਵੀ ਤਾਰਿਆਂ ਵਾਂਗ ਕੋਈ ਕੋਈ ਬਲਬ ਟਿਮਟਿਮਾ ਰਿਹਾ ਸੀ। ਉਸ ਨੇ ਲੋੜੀਂਦੀਆਂ ਚੀਜ਼ਾਂ ਜੇਬ੍ਹ ਵਿਚ ਪਾਈਆਂ। ਯਕੀਨੀ ਬਣਾਇਆ ਕਿ ਦੋਵੇਂ ਫੋਨ ਉਸ ਦੇ ਕੋਲ ਹੀ ਸਨ। ਉਹ ਬਾਹਰ ਨਿਕਲਦਾ ਇਕ ਵਾਰ ਸ਼ੀਸ਼ੇ ਮੂਹਰੇ ਰੁਕਿਆ ਤੇ ਅੱਖ ਮਾਰਦਾ ਬੋਲਿਆ,

"ਚੱਲ ਅਰਵਿੰਦ ਸਿੰਆਂ, ਦੇਖੀਏ ਦੁਨੀਆਂ!"

## ਬਾਈ

ਕਮਰੇ ਦਾ ਦਰਵਾਜ਼ਾ ਚੰਗੀ ਤਰ੍ਹਾਂ ਬੰਦ ਕਰਕੇ ਉਹ ਬਾਹਰ ਨਿਕਲ ਆਇਆ। ਐਨ ਉਸੇ ਵੇਲੇ ਹੀ ਉਸ ਦੇ ਫੋਨ ਦੀ ਘੰਟੀ ਵੱਜੀ। ਹਾਰਵੀ ਸੀ। ਬੋਲੀ,

"ਸਰਜੀ, ਅਸੀਂ ਤੁਹਾਡੇ ਹੋਟਲ ਦੇ ਬਾਹਰ ਖੜੀਆਂ। ਤੁਸੀਂ ਹੇਠਾਂ ਆ ਜਾਓ।"

"ਤੁਸੀਂ ਅੰਦਰ ਆ ਜਾਓ।"

"ਸਾਡੇ ਕੋਲ ਸਕੂਟਰੀ ਐ।"

"ਯੂ ਨੋਅ, ਤੁਸੀਂ ਸਕਿਉਰਟੀ ਵਾਲੇ ਨੂੰ ਦੱਸੋ ਕਿ ਪੰਜ ਸੌ ਤਿੰਨ ਨੰਬਰ ਵਾਲੇ ਦੇ ਮਹਿਮਾਨ ਹੋ, ਉਹ ਆਪੇ ਤੁਹਾਡੀ ਸਕੂਟਰੀ ਖੜੀ ਕਰਵਾ ਦੇਵੇਗਾ ਤੇ ਇਸ ਦੀ ਸੰਭਾਲ ਵੀ ਕਰੇਗਾ। ਜਦ ਤਕ ਮੈਂ ਰਿਸੈਪਸ਼ਨ 'ਤੇ ਆਉਨਾਂ।"

ਕਹਿ ਕੇ ਉਹ ਕਾਹਲੀ ਨਾਲ ਹੇਠਾਂ ਰਿਸੈਪਸ਼ਨਿਸਟ ਵਲ ਤੁਰ ਪਿਆ। ਉਥੇ ਦੋ ਕੁੜੀਆਂ ਖੜੀਆਂ ਓਪਰੀ ਜਿਹੀ ਨਜ਼ਰ ਨਾਲ ਆਲਾ ਦੁਆਲਾ ਦੇਖੀ ਜਾ ਰਹੀਆਂ ਸਨ। ਉਸ ਨੇ ਹਾਰਵੀ ਨੂੰ ਤਾਂ ਇਕ ਦਮ ਪੱਛਾਣ ਲਿਆ। ਉਸ ਨੇ ਫਸਵੀਂ ਜੀਨ ਪਾਈ ਹੋਈ ਸੀ ਤੇ ਸਲੀਵਲੈੱਸ ਟੌਪ। ਫੋਟੋਆਂ ਤੋਂ ਹੀ ਜਾਪਦਾ ਸੀ ਕਿ ਉਹ ਨਾ ਤਾਂ ਬਹੁਤ ਲੰਮੀ ਸੀ ਤੇ ਨਾ ਹੀ ਸੁਹਣੀ। ਉਸ ਦੇ ਨਾਲ ਦੀ ਕੁੜੀ ਉਸ ਤੋਂ ਕਿਤੇ ਵੱਧ ਸੁਹਣੀ ਸੀ। ਉਹ ਅਰਵਿੰਦ ਵੱਲ ਦੇਖ ਤਾਂ ਰਹੀਆਂ ਸਨ ਪਰ ਓਪਰਿਆਂ ਵਾਂਗ। ਹਾਰਵੀ ਸੋਚ ਰਹੀ ਸੀ ਕਿ ਅਰਵਿੰਦ ਏਡੇ ਵੱਡੇ ਹੋਟਲ ਵਿਚ ਠਹਿਰਿਆ ਸੀ, ਜ਼ਰੂਰ ਕੋਈ ਵੱਡਾ ਬੰਦਾ ਹੋਵੇਗਾ ਤੇ ਸ਼ਾਇਦ ਉਸ ਦੇ ਕੰਮ ਦਾ ਨਾ ਹੀ ਹੋਵੇ। ਅਰਵਿੰਦ ਨੇ ਨੇੜੇ ਜਾ ਕੇ ਕਿਹਾ,

"ਹੈਲੋ ਹਾਰਵੀ, ਮੀ ਅਰਵਿੰਦ!"

"ਓ ਹੈਲੋ ਸਰਜੀ, ਸੌਰੀ, ਮੈਂ ਤਾਂ ਪੱਛਾਣ ਹੀ ਨਹੀਂ ਸਕੀ। ਸੌਰੀ ਜੀ। ...ਇਹ ਮੇਰੀ ਸਹੇਲੀ ਕੈਰਨ।"

ਅਰਵਿੰਦ ਨੇ ਕੈਰਨ ਵੱਲ ਹੱਥ ਵਧਾਇਆ। ਉਸ ਨੇ ਵੀ ਇਕ ਦਮ ਉਸ ਵੱਲ ਹੱਥ ਕੱਢ ਕੇ ਮਿਲਾ ਲਿਆ। ਅਰਵਿੰਦ ਨੇ ਕਿਹਾ,

"ਆਓ, ਬੈਠਦੇ ਆਂ।"

ਉਹ ਉਹਨਾਂ ਨੂੰ ਕਾਫੀ-ਬਾਰ ਵੱਲ ਲੈ ਤੁਰਿਆ। ਇਕ ਟੇਬਲ 'ਤੇ ਬੈਠ ਗਏ। ਹਾਰਵੀ ਬੋਲੀ,

"ਮੈਂ ਕੈਰਨ ਨੂੰ ਕਿਹਾ ਕਿ ਚੱਲ ਆਪਾਂ ਸਰਜੀ ਨੂੰ ਮਿਲ ਕੇ ਆਉਨੇ ਆਂ, ਭਾਵੇਂ ਥੋੜੇ ਚਿਰ ਲਈ ਹੀ ਸਹੀ।"

"ਥੋੜੇ ਚਿਰ ਲਈ ਕਿਉਂ? ਜਲਦੀ ਐ ਕੋਈ?"

"ਸਰਜੀ, ਕੈਰਨ ਨੇ ਕਿਤੇ ਜਾਣਾਂ, ਹੋਰ ਤਾਂ ਕੋਈ ਗੱਲ ਨਹੀਂ।"

"ਯੂ ਨੋਅ, ਜਿੰਨਾ ਚਿਰ ਤੁਸੀਂ ਬੈਠਣਾਂ, ਬੈਠੋ। ਜਦ ਵੀ ਜਾਣਾ ਹੋਵੇ, ਮੇਰਾ ਡਰਾਈਵਰ ਤੁਹਾਨੂੰ ਛੱਡ ਦੇਵੇਗਾ।"

ਅਰਵਿੰਦ ਦੀ ਗੱਲ ਸੁਣਦੀ ਕੈਰਨ ਕਹਿਣ ਲੱਗੀ,

"ਸਰਜੀ, ਜੇ ਤੁਸੀਂ ਹਾਰਵੀ ਨੂੰ ਵਾਪਸ ਕੈਂਪਸ ਛੱਡ ਸਕਦੇ ਹੋ ਤਾਂ ਮੈਂ ਚਲਦੀ ਆਂ, ਮੈਂ ਤਾਂ ਆਊਟ ਔਫ ਵੇਅ ਜਾ ਕੇ ਆਈ ਆਂ।"

"ਹਾਂ, ਮੇਰਾ ਡਰਾਈਵਾਰ ਬਾਹਰ ਹੀ ਹੋਵੇਗਾ, ਜਦ ਵੀ ਹਾਰਵੀ ਦਾ ਦਿਲ ਚਾਹੇ ਉਹ ਇਹਨਾਂ ਨੂੰ ਛੱਡ ਆਵੇਗਾ।"

ਕੈਰਨ ਉਠ ਕੇ ਉਹਨਾਂ ਨੂੰ 'ਬਾਏ-ਬਾਏ' ਆਖਦੀ ਕਾਹਲੀ ਨਾਲ ਤੁਰ ਗਈ। ਹਾਰਵੀ ਸੁੰਗੜੀ ਜਿਹੀ ਬੈਠੀ ਰਹੀ। ਅਰਵਿੰਦ ਨੇ ਆਖਿਆ,

"ਯੂ ਨੋਅ, ਖੁਲ੍ਹ ਕੇ ਬੈਠੋ, ਜਿਵੇਂ ਆਪਣੇ ਘਰ ਬੈਠੀਦੈ। ਉਵੇਂ ਹੀ ਗੱਲ ਕਰੋ ਜਿਵੇਂ ਆਪਾਂ ਫੇਸਬੁੱਕ 'ਤੇ ਚੈਟ ਕਰਿਆ ਕਰਦੇ ਆਂ।"

"ਸਰਜੀ, ਮੈਂ ਏਦਾਂ ਦੀ ਜਗਾਹ ਕਦੇ ਗਈ ਹੀ ਨਹੀਂ। ਮੈਂ ਤਾਂ ਸੋਚਿਆ ਸੀ ਕਿ ਤੁਹਾਨੂੰ ਸਤਾਰਾਂ ਸੈਕਟਰ ਦੇ ਕਿਸੇ ਰੈਸਟੋਰੈਂਟ ਵਿਚ ਮਿਲਾਂਗੀ ਤੇ ਬੈਠ ਕੇ ਚਾਹ ਪੀਵਾਂਗੇ ਤੇ ਗੱਲਾਂ ਕਰਾਂਗੇ। ਇਹ ਮੇਰੇ ਲਈ ਬਹੁਤ ਵੱਡੀ ਜਗਾਹ ਐ।"

"ਮੇਰੇ ਲਈ ਵੀ ਵੱਡੀ ਹੀ ਐ ਬਟ ਫੀਲ ਐਟ ਹੋਮ। ਹੁਣ ਦੱਸ ਕੀ ਪੀਏਂਗੀ? ਚਾਹ ਜਾਂ ਕੌਫੀ?"

"ਕੁਝ ਵੀ।"

ਆਖ ਕੇ ਉਹ ਆਪਣੇ ਬਾਰੇ ਦੱਸਣ ਲੱਗੀ ਕਿ ਉਹ ਮਾਹਿਲਪੁਰ ਦੇ ਨੇੜੇ ਕਿਸੇ ਪਿੰਡ ਦੀ ਰਹਿਣ ਵਾਲੀ ਸੀ। ਐਮ. ਏ. ਕਰਨ ਤੋਂ ਬਾਅਦ ਘਰਦਿਆਂ ਨੇ ਉਸ ਨੂੰ ਅਗੇ ਪੜ੍ਹਨ ਚੰਡੀਗੜ੍ਹ ਭੇਜ ਦਿੱਤਾ। ਅਸਲੀ ਮਤਲਬ ਸੀ ਕਿ ਜੇ ਉਹ ਪੜ੍ਹਦੀ ਰਹੇਗੀ ਤਾਂ ਕਿਤੇ ਨਾ ਕਿਤੇ ਵਿਆਹ ਹੋ ਜਾਵੇਗਾ। ਕੋਈ ਬਾਹਰਲਾ ਰਿਸ਼ਤਾ ਮਿਲ ਜਾਵੇਗਾ ਪਰ ਇਹ ਗੱਲ ਬਣੀ ਨਾ। ਘਰ ਦੇ ਉਸ ਨੂੰ ਵਾਪਸ ਬੁਲਾਉਂਦੇ ਸਨ ਪਰ ਹੁਣ ਉਹ ਚੰਡੀਗੜ੍ਹ ਵਿਚ ਰਹਿਣ ਦੀ ਆਦੀ ਹੋ ਚੁੱਕੀ ਸੀ। ਗੁੱਸੇ ਵਿਚ ਆ ਕੇ ਘਰਦਿਆਂ ਨੇ ਉਸ ਦਾ ਬਾਈਕਾਟ ਕਰ ਦਿਤਾ। ਉਸ ਨੇ ਪੀ ਐਚ.

ਡੀ. ਵਿਚ ਕਿਸੇ ਤਰ੍ਹਾਂ ਐਡਮਿਸ਼ਨ ਲੈ ਲਿਆ ਤੇ ਉਸ ਨੂੰ ਸਕੌਲਰਸ਼ਿੱਪ ਵੀ ਮਿਲ ਗਈ। ਹੁਣ ਉਹ ਪਾਰਟ-ਟਾਈਮ ਕੰਮ ਵੀ ਕਰ ਰਹੀ ਸੀ ਤੇ ਸਕੌਲਰਸ਼ਿੱਪ ਵੀ ਮਿਲ ਰਹੀ ਸੀ। ਹੁਣ ਉਹ ਪੈਸੇ ਕਮਾ ਰਹੀ ਸੀ ਇਸ ਲਈ ਘਰਦਿਆਂ ਨੇ ਮੁੜ ਕੇ ਉਸ ਨਾਲ ਸੁਲਾਹ ਕਰ ਲਈ ਸੀ। ਉਹ ਹੌਲੀ ਹੌਲੀ ਗੱਲਾਂ ਕਰਦੀ ਪੂਰੀ ਤਰ੍ਹਾਂ ਖੁਲ੍ਹ ਗਈ। ਕੁਝ ਦੇਰ ਬਾਅਦ ਅਚਾਨਕ ਬੋਲੀ,

"ਸਰਜੀ, ਤੁਸੀਂ ਆਪਣੇ ਡਰਾਈਵਰ ਨੂੰ ਕਹਿ ਦਿਓ ਕਿ ਮੈਨੂੰ ਛੱਡ ਆਵੇ। ਹੁਣ ਮੈਂ ਜਾਣਾ ਚਾਹੁੰਨੀ ਆਂ।"

ਅਰਵਿੰਦ ਨੇ ਗੁਪਾਲੇ ਨੂੰ ਫੋਨ ਕਰਕੇ ਦੱਸਿਆ ਕਿ ਉਹ ਬਹੁਤੀ ਦੂਰ ਨਾ ਜਾਵੇ। ਜਲਦੀ ਹੀ ਕਿਸੇ ਨੂੰ ਛੱਡਣ ਜਾਣਾ ਹੋਵੇਗਾ। ਅਰਵਿੰਦ ਨੇ ਹਾਰਵੀ ਨੂੰ ਦੱਸ ਦਿਤਾ ਕਿ ਡਰਾਈਵਰ ਵੀਹ ਮਿੰਟ ਵਿਚ ਆ ਜਾਵੇਗਾ। ਉਸ ਦੀ ਗੱਲ ਸੁਣ ਕੇ ਉਹ ਆਖਣ ਲੱਗੀ,

"ਮੈਨੂੰ ਲੰਡਨ ਦੇ ਟੂਰਿਜ਼ਮ ਮਹਿਕਮੇ ਦੀ ਵੈੱਬ ਵੀ ਮਿਲ ਗਈ ਤੇ ਹੋਰ ਬਹੁਤ ਸਾਰੀ ਜਾਣਕਾਰੀ ਵੀ ਪਰ ਮੈਂ ਤੁਹਾਨੂੰ ਉਥੇ ਬਹੁਤ ਲੱਭਿਆ ਪਰ ਨਹੀਂ ਲੱਭੇ।"

"ਹਾਂ, ਤੁਸੀਂ ਪਹਿਲਾਂ ਵੀ ਦੱਸਿਆ ਸੀ ਪਰ ਸਾਡੀ ਵੈੱਬ ਅਲੱਗ ਹੋਵੇਗੀ, ਰਿਕਰੂਟਮਿੰਟ ਵਾਲੀ ਸਾਈਟ ਅਲੱਗ ਐ।"

"ਮੈਂ ਉਹ ਵੀ ਖੋਹਲੀ ਸੀ, ਜੌਬ ਵੀ ਅਪਲਾਈ ਕਰਨਾ ਚਾਹੁੰਦੀ ਸੀ ਪਰ ਮੈਨੂੰ ਕਈ ਗੱਲਾਂ ਸਮਝ ਨਹੀਂ ਲੱਗੀਆਂ।"

"ਯੂ ਨੋਅ, ਉਹਦਾ ਜ਼ਰਾ ਹਿਸਾਬ ਜਿਹਾ ਹੁੰਦਾ ਐ ਖੋਹਲਣ ਦਾ। ਪਹਿਲਾਂ ਤੁਹਾਨੂੰ ਉਥੇ ਆਪਣਾ ਅਕਾਊਂਟ ਬਣਾਉਣਾ ਪੈਂਦੈ।"

"ਮੈਨੂੰ ਕੁਝ ਆਈਡੀਆ ਜਿਹਾ ਨਹੀਂ ਆਇਆ, ਦੁਬਾਰਾ ਟਰਾਈ ਕਰਾਂਗੀ।"

"ਮੇਰਾ ਲੈਪਟੌਪ ਕਮਰੇ ਵਿਚ ਐ, ਜੇ ਇਥੇ ਹੁੰਦਾ ਤਾਂ ਮੈਂ ਤੁਹਾਨੂੰ ਖੋਹਲ ਕੇ ਦਿਖਾ ਦਿੰਦਾ। ਕਦੇ ਫੇਰ ਸਹੀ।"

ਆਖਦਿਆਂ ਉਸ ਨੇ ਗੁਪਾਲੇ ਨੂੰ ਇਕ ਵਾਰ ਫਿਰ ਫੋਨ ਕੀਤਾ। ਉਹ ਪੰਜ ਕੁ ਮਿੰਟ ਵਿਚ ਪੁੱਜ ਰਿਹਾ ਸੀ। ਅਰਵਿੰਦ ਨੇ ਹਾਰਵੀ ਨੂੰ ਕਿਹਾ,

"ਜੇ ਕੁਝ ਮਿੰਟ ਹੈਗੇ ਆ ਤਾਂ ਤੁਸੀਂ ਮੇਰੇ ਕਮਰੇ ਵਿਚ ਆ ਕੇ ਨੈੱਟ 'ਤੇ ਦੇਖਣਾ ਚਾਹੋਂ ਤਾਂ...।"

ਉਸ ਨੇ ਘੜੀ ਦੇਖੀ ਤੇ ਉਸ ਨਾਲ ਜਾਣ ਲਈ ਉਠ ਖੜੀ। ਅਰਵਿੰਦ ਨੇ ਬਹਿਰੇ ਨੂੰ ਸੱਦ ਕੇ ਬਿੱਲ ਉਪਰ ਦਸਤਖਤ ਕਰ ਦਿੱਤੇ। ਉਹ ਕਮਰੇ ਵਿਚ ਆ ਗਏ। ਉਹ ਕਿੰਨਾ ਚਿਰ ਕਮਰੇ ਨੂੰ ਨਿਹਾਰਦੀ ਰਹੀ। ਅਰਵਿੰਦ ਨੇ ਪੁੱਛਿਆ,

"ਕੀ ਦੇਖ ਰਹੇ ਓ?"

"ਤੁਹਾਡਾ ਠਾਠ ਦੇਖ ਰਹੀ ਆਂ।"

"ਯੂ ਨੋਅ, ਪੌਂਡਾਂ ਵਿਚ ਲੈਣ ਕਰਕੇ ਇਹ ਹੋਟਲ ਸਸਤਾ ਮਿਲ ਗਿਆ, ਨਹੀਂ ਤਾਂ ਇਥੇ ਸ਼ਾਇਦ ਹੀ ਰਹਿੰਦਾ।"

"ਤੁਹਾਡੇ ਵਲਾਇਤੀਆਂ ਦੇ ਇਹਨਾਂ ਠਾਠਾਂ ਨੇ ਹੀ ਤਾਂ ਦੁਨੀਆਂ ਪਾਗਲ ਕੀਤੀ ਪਈ ਐ। ਉਹਨਾਂ ਵਿਚ ਹੀ ਇਕ ਪਾਗਲ ਮੈਂ ਵੀ ਆਂ। ਇਸੇ ਲਈ ਬਾਹਰ ਜੌਬ ਲਈ ਟਰਾਈਆਂ ਮਾਰਦੀ ਆਂ।"

ਉਹ ਆਪਣੇ ਦਿਲ ਦੀ ਗੱਲ ਦੱਸ ਰਹੀ ਸੀ। ਅਰਵਿੰਦ ਨੇ ਲੈਪਟੌਪ ਚੁੱਕਿਆ ਤੇ ਸੈਟੀ 'ਤੇ ਬਹਿ ਕੇ ਉਸ ਨੂੰ ਆਪਣੇ ਕੋਲ ਬੈਠਣ ਲਈ ਆਖਿਆ। ਉਸ ਨੇ ਆਪਣੇ ਕੰਮ ਦੀ ਸਾਈਟ ਖੋਹਲ ਲਈ। ਰਿਕਰੂਟਮੈਂਟ ਵਿਚ ਵਿਦੇਸ਼ੀਆਂ ਦੀ ਭਰਤੀ ਦੀ ਸੁਵਿਧਾ ਵੀ ਸੀ। ਉਸ ਨੇ ਹਾਰਵੀ ਦਾ ਅਕਾਊਂਟ ਬਣਵਾ ਦਿਤਾ ਤੇ ਸਾਈਟ ਨੂੰ ਅੱਗੇ ਖੋਹਲਦਾ ਬੋਲਿਆ,

"ਇਹ ਫਾਰਮ ਐ, ਤੁਸੀਂ ਆਪਣੇ ਕੰਪਿਊਟਰ 'ਤੇ ਡਾਊਨਲੋਡ ਕਰਕੇ ਇਸ ਨੂੰ ਔਨ ਲਾਈਨ ਹੀ ਭਰ ਸਕਦੇ ਓ। ਇੰਡੀਆ ਵਿਚੋਂ ਟੂਰਿਸਟ ਲੱਭਣ ਲਈ ਇਹਨਾਂ ਦੇ ਇਥੇ ਵੀ ਬਹੁਤ ਸਾਰੇ ਦਫਤਰ ਹੈਗੇ, ਤੁਸੀਂ ਉਥੇ ਵੀ ਅਪਲਾਈ ਕਰ ਸਕਦੇ ਹੋ।"

ਹਾਰਵੀ ਉਸ ਦੀ ਗੱਲ ਸੁਣਦੀ ਘੜੀ ਦੇਖਣ ਲੱਗੀ। ਅਰਵਿੰਦ ਨੇ ਗੋਰਿਆਂ ਦੀ ਉਹ ਕਹਾਵਤ ਸੁਣੀ ਵੀ ਹੋਈ ਸੀ ਤੇ ਕਈ ਵਾਰ ਵਰਤੀ ਵੀ ਹੋਈ ਕਿ ਜਦ ਮੱਛੀ ਦੇ ਸੰਘ ਵਿਚ ਕੰਡਾ ਫਸ ਜਾਵੇ ਤਾਂ ਉਸ ਲਈ ਰੱਸੀ ਢਿੱਲੀ ਛੱਡ ਦੇਣੀ ਚਾਹੀਦੀ ਹੈ। ਉਸ ਨੇ ਕਿਹਾ,

"ਯੂ ਨੋਅ, ਡਰਾਈਵਰ ਬਾਹਰ ਖੜਾ, ਜਦ ਕਹੋਂਗੇ, ਤੁਹਾਨੂੰ ਛੱਡ ਦੇਵੇਗਾ।"

"ਸਰਜੀ, ਮੈਂ ਚਾਹੁੰਦੀ ਸੀ ਕਿ ਜੇ ਤੁਸੀਂ ਕਿਸੇ ਵੇਲੇ ਇਹ ਫਾਰਮ ਮੈਨੂੰ ਭਰਵਾ ਦਿੰਦੇ ਤਾਂ ਮੇਰੇ ਲਈ ਸੌਖਾ ਹੋ ਜਾਂਦਾ।"

"ਹਾਰਵੀ, ਲੁੱਕ ਐਟ ਦਾ ਟਾਈਮ! ਮੇਰਾ ਅੱਜ ਦਾ ਦਿਨ ਬਹੁਤ ਹੈਵੀ ਸੀ, ਦਿੱਲੀ ਤੋਂ ਇਥੇ ਆਇਆਂ, ਜਦ ਤੁਸੀਂ ਆਏ ਤਾਂ ਮੈਂ ਤਿਆਰ ਹੋ ਕੇ ਬੀਅਰ-ਬਾਰ ਜਾ ਰਿਹਾ ਸਾਂ। ਮੇਰਾ ਇਹ ਰਿਲੈਕਸ ਹੋਣ ਦਾ ਟਾਈਮ ਐ। ਇਸ ਵੇਲੇ ਮੇਰਾ ਮਾਂਈਡ ਬਿਲਕੁਲ ਕੰਮ ਨਹੀਂ ਕਰੇਗਾ। ਫਿਰ ਤੁਹਾਨੂੰ ਵੀ ਜਾਣ ਦੀ ਕਾਹਲੀ ਐ।"

ਹਾਰਵੀ ਨੇ ਉਸ ਦੀ ਗੱਲ ਦਾ ਜਵਾਬ ਨਾ ਦਿੱਤਾ ਤੇ ਸੋਚਾਂ ਵਿਚ ਪੈ ਗਈ। ਅਰਵਿੰਦ ਨੇ ਵਿਸਕੀ ਦੀ ਬੋਤਲ ਚੁਕਦਿਆਂ ਕਿਹਾ,

"ਯੂ ਨੋਅ, ਮੈਂ ਇਕ ਡਰਿੰਕ ਲੈ ਲਵਾਂ, ਸ਼ਾਇਦ ਫਿਰ ਤੁਹਾਡੀ ਕੋਈ ਮੱਦਦ ਕਰ ਸਕਾਂ।"

ਉਸ ਦਾ ਜਵਾਬ ਸੁਣੇ ਹੀ ਬਿਨਾ ਹੀ ਅਰਵਿੰਦ ਨੇ ਆਪਣੇ ਲਈ ਡਰਿੰਕ ਬਣਾ ਲਿਆ ਤੇ ਉਸ ਨੂੰ ਪੁੱਛਿਆ,

"ਤੁਸੀਂ ਲਵੋਂਗੇ ਕੁਝ? ਮੇਰੇ ਪਾਸ ਬਹੁਤ ਹੀ ਵਧੀਆ ਲਿਕਿਓਰ ਹੈ, ਬਹੁਤ ਹੀ ਸਵਾਦ।"

"ਸਰਜੀ, ਮੈਂ ਤਾਂ ਪਿਛਿਓਂ ਬਹੁਤ ਹੀ ਗਰੀਬ ਘਰ ਦੀ ਕੁੜੀ ਆਂ, ਆਹ ਸਭ ਮੇਰੇ ਲਈ ਸੁਫਨੇ ਨਿਆਈਂ ਐ। ਮੈਂ ਏਸ ਲਾਈਫ ਦੀ ਆਦੀ ਨਹੀਂ ਆਂ।"

"ਯੂ ਨੋਅ, ਮੈਂ ਵੀ ਬਹੁਤ ਗਰੀਬ ਘਰ ਦਾ ਮੁੰਡਾਂ। ਆਹ ਸਭ ਕਦੇ ਮੇਰੇ ਲਈ ਵੀ ਸੁਫਨੇ ਨਿਆਈਂ ਹੀ ਸੀ ਪਰ ਆਪਣੇ ਪਿਛੋਕੜ ਨੂੰ ਸਾਰੀ ਉਮਰ ਨਾਲ ਨਹੀਂ ਚੁੱਕੀ ਫਿਰੀਦਾ। ਹੁਣ ਤੁਸੀਂ ਚੰਡੀਗੜ੍ਹੀਏ ਬਣ ਕੇ ਸੋਚਿਆ ਕਰੋ।"

ਅਰਵਿੰਦ ਦੀ ਗੱਲ ਉਪਰ ਉਹ ਹਲਕਾ ਜਿਹਾ ਹੱਸੀ। ਅਰਵਿੰਦ ਨੇ ਉਸ ਲਈ ਡਰਿੰਕ ਬਣਾਉਣੀ ਚਾਹੀ ਪਰ ਉਸ ਨੇ ਨਾਂਹ ਕਰ ਦਿਤੀ। ਅਰਵਿੰਦ ਹਲਕੇ ਹਲਕੇ ਘੁੱਟ ਭਰਦਾ ਫਾਰਮ ਭਰਨ ਵਿਚ ਉਸ ਦੀ ਮੱਦਦ ਕਰਨ ਲੱਗਿਆ। ਉਧਰੋਂ ਗੁਪਾਲਾ ਆਪਣੀ ਸਵਾਰੀ ਦੀ ਉਡੀਕ ਕਰ ਰਿਹਾ ਸੀ। ਉਸ ਦਾ ਫੋਨ ਆ ਗਿਆ। ਉਹ ਕਹਿਣ ਲੱਗਿਆ,

"ਭਾਜੀ, ਮੈਂ ਤਿਆਰ ਖੜਾਂ, ਜਿਹਨੇ ਜਾਣਾਂ, ਹੇਠਾਂ ਭੇਜ ਦਿਓ।"

"ਬਸ, ਤੂੰ ਉਥੇ ਹੀ ਰਹਿ, ਫੌਜੀ ਬਣ ਕੇ, ਤੈਨੂੰ ਦੱਸਦਾਂ ਮੈਂ।"

"ਭਾਜੀ, ਮੈਂ ਤਾਂ ਤੁਹਾਡਾ ਸਿਪਾਹੀ ਆਂ। ਤਿਆਰ ਬਰ ਤਿਆਰ!"

ਗੁਪਾਲੇ ਨੇ ਹੱਸ ਕੇ ਕਿਹਾ। ਅਰਵਿੰਦ ਹਾਰਵੀ ਦਾ ਫਾਰਮ ਭਰਦਾ ਰਿਹਾ। ਫਾਰਮ ਭਰ ਕੇ ਉਸ ਨੇ ਪੋਸਟ ਵੀ ਕਰਵਾ ਦਿਤਾ। ਹਾਰਵੀ ਬਹੁਤ ਖੁਸ਼ ਸੀ। ਪਹਿਲੀ ਨਜ਼ਰ ਵਿਚ ਅਰਵਿੰਦ ਉਸ ਨੂੰ ਮੂਡੀ ਜਿਹਾ ਬੰਦਾ ਜਾਪਿਆ ਸੀ ਤੇ ਲੱਗਦਾ ਨਹੀਂ ਸੀ ਕਿ ਏਨਾ ਮੱਦਦਗਾਰ ਸਾਬਤ ਹੋਵੇਗਾ। ਉਸ ਦੀਆਂ ਆਸਾਂ ਹੋਰ ਵੱਡੀਆਂ ਹੋਣ ਲੱਗੀਆਂ। ਇੰਗਲੈਂਡ ਜਾਣਾ ਉਸ ਦਾ ਮੁੱਖ ਨਿਸ਼ਾਨਾ ਸੀ। ਜੇ ਇਥੇ ਵੀ ਇੰਗਲੈਂਡ ਦੀ ਕਿਸੇ ਫਰਮ ਵਿਚ ਨੌਕਰੀ ਮਿਲ ਸਕਦੀ ਤਾਂ ਇੰਗਲੈਂਡ ਜਾਣ ਦੇ ਮੌਕੇ ਬਣ ਜਾਣ ਦੀ ਆਸ ਸੀ। ਉਸ ਨੂੰ ਜਾਪਿਆ ਕਿ ਪਹਿਲੀ ਪੌੜੀ ਉਸ ਨੇ ਚੜ੍ਹ ਲਈ ਸੀ। ਉਸ ਨੇ ਅੱਖਾਂ ਵਿਚ ਪਿਆਰ ਭਰ ਕੇ ਅਰਵਿੰਦ ਦਾ ਧੰਨਵਾਦ ਕੀਤਾ ਤੇ ਜਾਣ ਲਈ ਖੜਦੀ ਬੋਲੀ,

"ਸਰਜੀ, ਤੁਸੀਂ ਵੀ ਹੁਣ ਅਰਾਮ ਕਰਨਾ ਹੋਵੇਗਾ। ਮੈਂ ਵੀ ਚੱਲਦੀ ਆਂ। ਮੈਂ ਗੱਲਾਂ ਤਾਂ ਤੁਹਾਡੇ ਨਾਲ ਹਾਲੇ ਹੋਰ ਕਰਨੀਆਂ ਪਰ ਕੱਲ ਨੂੰ ਸਹੀ।"

ਅਰਵਿੰਦ ਨੇ ਆਪਣਾ ਪੈੱਗ ਮੁਕਾਇਆ ਤੇ ਉਸ ਦੇ ਨਾਲ ਤੁਰ ਪਿਆ। ਤੁਰਦੀ ਹੋਈ ਹਾਰਵੀ ਪੁੱਛਣ ਲੱਗੀ,

"ਚੰਡੀਗੜ੍ਹ ਕਿੰਨੇ ਦਿਨ ਹੋ?"

"ਯੂ ਨੋਅ, ਕੱਲ ਦੀ ਰਾਤ ਤਾਂ ਹੋਵਾਂਗਾ ਹੀ, ਜੇ ਦਿਲ ਲੱਗ ਗਿਆ ਤਾਂ ਪਰਸੋਂ ਦੀ ਰਾਤ ਵੀ ਰਹਿ ਲਵਾਂਗਾ।"

"ਇੰਡੀਆ ਦੇਖਣ ਨਿਕਲੇ ਹੋ?"

"ਇੰਡੀਆ ਫੀਲ ਕਰਨ।"

"ਹੁਣ ਕੀ ਕਰੋਂਗੇ?"

"ਯੂ ਨੋਅ, ਹੁਣ ਮੈਂ ਕੁਝ ਦੇਰ ਬੀਅਰ-ਬਾਰ ਵਿਚ ਬੈਠਾਂਗਾ, ਕਿਸੇ ਨੂੰ ਦੋਸਤ ਬਣਾਉਣ ਦੀ ਕੋਸ਼ਿਸ਼ ਕਰਾਂਗਾ, ਸ਼ਾਇਦ ਬਾਲ-ਰੂਮ ਵਿਚ ਜਾਕੇ ਲੋਕਾਂ ਨੂੰ ਡਾਂਸ ਕਰਦੇ ਦੇਖਾਂ।"

"ਡਾਂਸ ਕਰੋਂਗੇ ਵੀ?"

"ਸ਼ਾਇਦ। ਜੇ ਸੰਗੀਤ ਚੰਗਾ ਹੋਇਆ ਜਾਂ ਮੂਡ ਬਣਿਆਂ ਜਾਂ ਕੋਈ ਸਾਥੀ ਮਿਲਿਆ।"

ਗੱਲਾਂ ਕਰਦੇ ਉਹ ਰਿਸੈਪਸ਼ਨਿਸਟ ਤਕ ਆ ਗਏ। ਇਕ ਪਾਸੇ ਬਾਰ ਸੀ। ਸਾਹਮਣੇ ਗੁਪਾਲਾ ਕਾਰ ਵਿਚ ਬੈਠਾ ਦਿਸ ਰਿਹਾ ਸੀ। ਅਰਵਿੰਦ ਬੋਲਿਆ,

"ਉਹ ਰਿਹਾ ਮੇਰਾ ਡਰਾਈਵਰ ਪਰ ਜੇ ਕੁਝ ਦੇਰ ਹੋਰ ਬੈਠਣਾ ਚਾਹੁੰਦੇ ਹੋ ਤਾਂ ਆਓ ਬਾਰ ਵਿਚ ਬੈਠੋ, ਮੈਨੂੰ ਚੰਗਾ ਲੱਗੇਗਾ।"

ਕੁਝ ਕਹੇ ਬਿਨਾਂ ਹਾਰਵੀ ਉਸ ਦੇ ਨਾਲ ਤੁਰ ਪਈ ਪਰ ਵਾਰ ਵਾਰ ਘੜੀ ਦੇਖਦੀ ਜਾ ਰਹੀ ਸੀ। ਅਰਵਿੰਦ ਨੂੰ ਆਪਣਾ ਆਪ ਦੋਸ਼ੀ ਜਿਹਾ ਵੀ ਮਹਿਸੂਸ ਹੋ ਰਿਹਾ ਸੀ ਕਿ ਕਿਤੇ ਕਿਸੇ ਮਜਬੂਰੀ ਕਾਰਨ ਹੀ ਨਾ ਨਾਲ ਤੁਰੀ ਜਾ ਰਹੀ ਹੋਵੇ। ਉਸ ਨੇ ਰੁਕ ਕੇ ਕਿਹਾ,

"ਹਾਰਵੀ, ਜੇ ਤੁਸੀਂ ਜਾਣਾਂ ਤਾਂ ਬੇਸ਼ੱਕ ਜਾਓ, ਕੱਲ ਫਿਰ ਮਿਲਾਂਗੇ ਤੇ ਗੱਲਾਂ ਕਰਾਂਗੇ।"

"ਨਹੀਂ ਸਰਜੀ, ਐਸੀ ਕੋਈ ਗੱਲ ਨਹੀਂ, ਕੁਝ ਦੇਰ ਹੋਰ ਤੁਹਾਡੇ ਨਾਲ ਗੱਲਾਂ ਕਰਨ ਨੂੰ ਮਨ ਕਰ ਰਿਹੈ।"

ਉਹ ਟੇਬਲ 'ਤੇ ਆ ਬੈਠੇ। ਹਾਰਵੀ ਲਈ ਉਸ ਨੇ ਵੋਦਕਾ-ਜੂਸ ਆਰਡ੍ਰ ਕਰ ਦਿੱਤਾ। ਹੁਣ ਤਕ ਉਹ ਸਮਝ ਗਿਆ ਸੀ ਕਿ ਉਸ ਵਿਚ ਇਕ ਝਿਜਕ ਜਿਹੀ ਹੀ ਸੀ, ਹੋਰ ਕੁਝ ਨਹੀਂ। ਇਹ ਝਿਜਕ ਵੀ ਸ਼ਾਇਦ ਬਨਾਵਟੀ ਹੀ ਹੋਵੇ। ਹਾਰਵੀ ਨੇ ਆਪਣੀ ਸਾਰੀ ਤਾਕਤ ਇਕੱਠੀ ਕੀਤੀ ਤੇ ਬੋਲੀ,

"ਸਰ ਜੀ, ਮੈਂ ਇੰਗਲੈਂਡ ਜਾਣਾ ਚਾਹੁੰਨੀ ਆਂ, ਕੀ ਤੁਸੀਂ ਮੇਰੀ ਕੁਝ ਮੱਦਦ ਕਰ ਸਕਦੇ ਓ?"

"ਯੂ ਨੋਅ, ਇਹ ਤਾਂ ਕੋਈ ਏਜੰਟ ਜਾਂ ਕਾਨੂੰਨ ਦਾ ਕੋਈ ਵਾਕਫਕਾਰ ਹੀ ਕਰ ਸਕਦਾ।"

"ਨਹੀਂ, ਮੇਰਾ ਮਤਲਬ ਇਹ ਨਹੀਂ, ਮੇਰਾ ਮਤਲਬ ਜੇ ਮੈਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ?"

"ਜੋ ਕੁਝ ਵੀ ਲੀਗਲੀ ਮੇਰੇ ਵੱਸ ਵਿਚ ਹੋਵੇ, ਜ਼ਰੂਰ।"

"ਸਰਜੀ, ਤੁਹਾਡੇ ਵੱਸ ਵਿਚ ਬਹੁਤ ਕੁਝ ਐ।"

"ਉਹ ਸਭ ਕਰ ਦਿਆਂਗਾ।"

ਅਰਵਿੰਦ ਨੇ ਆਖਿਆ। ਹਾਰਵੀ ਖੁਸ਼ ਹੋ ਗਈ ਤੇ ਉਸ ਨੇ ਆਪਣੀ ਡਰਿੰਕ ਚੁੱਕ ਲਈ। ਅਰਵਿੰਦ ਨੇ ਗੁਪਾਲੇ ਨੂੰ ਫੋਨ ਕਰਕੇ ਕਿਹਾ,

"ਛੋਟੇ ਭਾਈ, ਤੂੰ ਹੁਣ ਜਾ ਕੇ ਅਰਾਮ ਕਰ ਬਈ।"

## ਤੇਈ

ਸਵੇਰ ਜਾਗ ਆਉਣ 'ਤੇ ਉਸ ਨੂੰ ਇਕ ਦਮ ਅਜੀਬ ਜਿਹਾ ਮਹਿਸੂਸ ਹੋਣ ਲੱਗਿਆ। ਇਕ ਸਵੇਰ ਪਹਿਲਾਂ ਮੋਟੀ-ਠਿੱਗਰ ਦੇਹ ਉਸ ਨਾਲ ਪਈ ਸੀ ਤੇ ਅੱਜ ਸੁਬਕ ਜਿਹੀ, ਨਾਲ ਹੀ ਚਿਪਕਣ ਵਾਲਾ ਮੋਮ। ਉਹ ਅੱਖਾਂ ਮੀਟੀ ਇਸ ਅਨੁਭਵ ਨੂੰ ਮਾਣਦੇ ਰਹਿਣਾ ਚਾਹੁੰਦਾ ਸਾਂ। ਉਸ ਨੇ ਦੇਖਿਆ ਕਿ ਹਾਰਵੀ ਵੀ ਜਾਗੀ ਹੋਈ ਸੀ। ਉਹ ਬੋਲਿਆ,

"ਗੁੱਡ ਮੌਰਨਿੰਗ ਹਾਰਵੀ!"

ਕੋਈ ਜਵਾਬ ਦਿੱਤੇ ਬਿਨਾਂ ਉਹ ਰੋਣ ਲੱਗ ਪਈ। ਅਰਵਿੰਦ ਡਰ ਗਿਆ। ਉਹ ਕਾਹਲੀ ਨਾਲ ਉਠ ਕੇ ਬੈਠ ਗਿਆ ਤੇ ਪੁੱਛਿਆ,

"ਕੀ ਹੋਇਆ?"

"ਸਰਜੀ, ਇਹ ਬਹੁਤ ਮਾੜਾ ਹੋਇਆ! ਸਾਨੂੰ ਏਨੀ ਖੁਲ੍ਹ ਨਹੀਂ ਸੀ ਲੈਣੀ ਚਾਹੀਦੀ? ਹੁਣ ਮੈਂ ਆਪਣੇ ਘਰਦਿਆਂ ਨੂੰ ਕੀ ਜਵਾਬ ਦੇਵਾਂਗੀ? ਆਪਣੇ ਦੋਸਤਾਂ ਨੂੰ ਕੀ ਮੂੰਹ ਦਿਖਾਵਾਂਗੀ?"

"ਹਾਰਵੀ, ਤੇਰੀ ਇਹ ਪਹਿਲੀ ਵਾਰ ਐ?"

ਅਰਵਿੰਦ ਨੇ ਪੁੱਛਿਆ ਪਰ ਹਾਰਵੀ ਨੇ ਕੋਈ ਜਵਾਬ ਨਾ ਦਿਤਾ। ਕੁਝ ਚਿਰ ਚੁੱਪ ਰਹਿ ਕੇ ਫਿਰ ਰੋਣ ਲੱਗੀ। ਅਰਵਿੰਦ ਨੇ ਆਖਿਆ,

"ਯੂ ਨੋਅ, ਮੈਂ ਤਾਂ ਸੋਚਦਾ ਸੀ ਕਿ ਤੂੰ ਇੱਕੀਵੀਂ ਸਦੀ ਦੀ ਮੌਡਰਨ ਕੁੜੀ ਐਂ, ਚੰਡੀਗੜ੍ਹ ਰਹਿੰਨੀ ਐਂ, ਦੁਨੀਆਂ ਦੇਖੀ ਐ ਪਰ ਤੂੰ ਤਾਂ ਨਿਕੀ ਜਿਹੀ ਗੱਲ 'ਤੇ ਹੀ ਰੋਣ ਲੱਗ ਪਈ। ਬਹਾਦਰ ਬਣ।"

"ਸਰਜੀ, ਇਹ ਨਿਕੀ ਜਿਹੀ ਗੱਲ ਐ? ਤੁਹਾਡੇ ਲਈ ਨਿਕੀ ਜਿਹੀ ਹੋਵੇਗੀ ਪਰ ਮੇਰੇ ਲਈ ਨਹੀਂ।"

ਅਰਵਿੰਦ ਨੇ ਉਸ ਨੂੰ ਬਾਹਾਂ ਵਿਚ ਲੈ ਕੇ ਵੱਡਾ ਸਾਰਾ ਚੁੰਮਣ ਦਿਤਾ ਤੇ ਉਠ ਕੇ ਬਾਥਰੂਮ ਚਲੇ ਗਿਆ। ਜਦ ਉਹ ਵਾਪਸ ਆਇਆ ਤਾਂ ਹਾਰਵੀ ਮੱਠਾ-ਮੱਠਾ ਮੁਸਕ੍ਰਾ ਰਹੀ ਸੀ। ਅਰਵਿੰਦ ਮੁੜ ਬਿਸਤਰ ਵਿਚ ਜਾ ਵੜਿਆ। ਹਾਰਵੀ ਉਸ ਨਾਲ ਜੱਫੀ ਪਾਉਂਦੀ ਬੋਲੀ,

"ਸਰਜੀ, ਮੈਂ ਕਦੇ ਨਹੀਂ ਸੀ ਸੋਚਿਆ ਕਿ ਤੁਹਾਡੇ ਨਾਲ ਮੇਰੇ ਇਹ ਸਬੰਧ ਬਣਨਗੇ।"

"ਇਵੇਂ ਹੀ ਹੁੰਦੈ, ਬਹੁਤ ਸਾਰੀਆਂ ਅਣਕਿਆਸੀਆਂ ਗੱਲਾਂ ਵਾਪਰ ਜਾਂਦੀਆਂ ਹੁੰਦੀਆਂ!"

ਅਰਵਿੰਦ ਨੇ ਆਖਿਆ ਤੇ ਉਸ ਨੂੰ ਬਾਹਾਂ ਵਿਚ ਘੁੱਟ ਲਿਆ। ਕੁਝ ਦੇਰ ਬਾਅਦ ਉਹ ਫਿਰ ਬੋਲਿਆ,

"ਹਾਰਵੀ, ਅੱਜ ਦਾ ਯੁਵਕ ਬਹੁਤ ਰੀਅਲ ਐ, ਤੂੰ ਵੀ ਰੀਅਲ ਹੀ ਰਹਿ, ਰੀਅਲ ਰਹਿਣਾ ਮੈਨੂੰ ਵੀ ਚੰਗਾ ਲਗਦੈ।"

"ਸਰਜੀ, ਮੈਨੂੰ ਇੰਗਲੈਂਡ ਲੈ ਜਾਓ।"

"ਹਾਰਵੀ, ਮੈਂ ਰਾਤ ਹੀ ਕਿਹਾ ਸੀ ਕਿ ਜੋ ਵੀ ਮੇਰੇ ਵੱਸ ਹੋਏਗਾ, ਤੇਰੀ ਮੱਦਦ ਕਰਾਂਗਾ ਪਰ ਕਾਨੂੰਨ ਦੇ ਖਿਲਾਫ ਜਾ ਕੇ ਮੈਂ ਕੁਝ ਨਹੀਂ ਕਰ ਸਕਦਾ।"

"ਮੈਂ ਤੁਹਾਨੂੰ ਕਾਨੂੰਨ ਦੇ ਖਿਲਾਫ ਜਾਣ ਲਈ ਕਦੇ ਨਹੀਂ ਕਹਾਂਗੀ। ...ਮੈਨੂੰ ਤੁਹਾਡੇ ਕੋਲੋਂ ਸਪੌਂਸਰਸ਼ਿੱਪ ਲੈਟਰ ਚਾਹੀਦੀ ਐ।"

"ਇਹ ਤਾਂ ਕੋਈ ਵੱਡੀ ਗੱਲ ਨਹੀਂ, ਜਦ ਚਾਹੀਦੀ ਹੋਈ ਦੱਸ ਦੇਵੀਂ, ਮੈਂ ਭੇਜ ਦੇਵਾਂਗਾ।"

ਅਰਵਿੰਦ ਸੋਚ ਰਿਹਾ ਸੀ ਕਿ ਸਪੌਂਸਰਸ਼ਿੱਪ ਲੈਟਰ ਕੋਈ ਵੱਡੀ ਚੀਜ਼ ਨਹੀਂ। ਇਕ ਐਫੀਡੇਵਿਟ ਹੀ ਹੁੰਦਾ ਸੀ ਜਿਹੜਾ ਵਕੀਲ ਕੋਲੋਂ ਅਟੈਸਟ ਕਰਾ ਕੇ ਭੇਜਣਾ ਹੁੰਦਾ ਸੀ। ਜਿਸ ਦੇ ਵਕੀਲ ਪੰਜ ਪੌਂਡ ਚਾਰਜ ਕਰਦਾ ਸੀ। ਉਸ ਨੇ ਇਹ ਸਪੌਂਸਰਸ਼ਿੱਪ ਪਹਿਲਾਂ ਵੀ ਕਈ ਵਾਰ ਭੇਜੀ ਸੀ। ਉਂਕਾਰ ਨੂੰ ਭੇਜੀ ਸੀ ਜਦ ਉਸ ਦਾ ਭਰਾ ਮੀਤਾ ਕੰਮ ਨਹੀਂ ਸੀ ਕਰਦਾ। ਸੁਮੀਤ ਨੂੰ ਵੀ ਭੇਜੀ ਸੀ ਤੇ ਬਾਪੂ ਜੀ ਨੂੰ ਵੀ ਤਾਂ ਕਈ ਵਾਰ ਉਸ ਨੇ ਇੰਗਲੈਂਡ ਸੱਦਿਆ ਸੀ ਤੇ ਫਿਰ ਪੱਕਿਆਂ ਵੀ ਕਰਾਇਆ ਸੀ।

ਚਾਹ ਆ ਗਈ। ਚਾਹ ਪੀਂਦੀ ਉਹ ਪੁੱਛਣ ਲੱਗੀ,

"ਸਰ ਜੀ, ਕੀ ਤੁਸੀਂ ਸੋਚਿਆ ਸੀ ਕਿ ਇਹ ਸਭ ਏਨੀ ਜਲਦੀ ਹੋ ਜਾਵੇਗਾ?"

"ਯੂ ਨੋਅ, ਮੈਂ ਕਦੇ ਕੁਝ ਪਰਡਿੱਕਟ ਨਹੀਂ ਕਰਦਾ ਹੁੰਦਾ। ਜ਼ਿੰਗਦੀ ਵਿਚ ਜੋ ਮਿਲ ਗਿਆ, ਬਸ, ਖੁਸ਼ਨਸੀਬੀ ਸਮਝੀ!"

"ਸਰਜੀ, ਤੁਸੀਂ ਕਿਤੇ ਇਹ ਤਾਂ ਨਹੀਂ ਸੋਚਦੇ ਕਿ ਮੈਂ ਗਲਤ ਕਿਸਮ ਦੀ ਕੁੜੀ ਆਂ...।"

"ਨਹੀਂ ਹਾਰਵੀ, ਮੈਂ ਸੋਚਦਾਂ ਕਿ ਤੂੰ ਬਹੁਤ ਗੁੱਡ-ਗਰਲ ਐਂ, ਇਹ ਤਾਂ ਹਾਲਾਤ ਅਨੁਸਾਰ ਕਈ ਗੱਲਾਂ ਵਾਪਰ ਜਾਇਆ ਕਰਦੀਆਂ ਪਰ ਏਹਦੇ ਬਾਰੇ ਵੱਰੀ ਨਾ ਕਰ, ਹਮੇਸ਼ਾ ਵਧੀਆ ਪੱਖ ਸੋਚੀਦਾ।"

"ਸਰਜੀ, ਮੈਂ ਆਪਣੇ ਭਵਿੱਖ ਬਾਰੇ ਸੋਚਦੀ ਆਂ।"

"ਯੂ ਨੋਅ, ਮੈਂ ਕੱਲ ਬਾਰੇ ਘੱਟ ਤੇ ਅੱਜ ਬਾਰੇ ਜ਼ਿਆਦਾ ਸੋਚਦਾਂ ਕਿਉਂਕਿ 'ਕੱਲ' ਹਾਲੇ ਆਉਣਾ ਤੇ 'ਅੱਜ' ਤੁਹਾਡੇ ਹੱਥ ਵਿਚ ਐ, ਸੋ ਇਹਦੇ ਬਾਰੇ ਹੀ ਸੋਚੋ।"

"ਸਰਜੀ, ਤੁਹਾਡਾ 'ਕੱਲ' 'ਅੱਜ' ਵਿਚ ਬਦਲ ਚੁੱਕੈ ਤੇ ਮੇਰਾ 'ਅੱਜ' ਹਾਲੇ 'ਕੱਲ' ਵਿਚ ਪਿਐ, ਏਸ ਕਰਕੇ ਸਰਜੀ ਮੈਨੂੰ ਆਪਣੇ 'ਕੱਲ' ਦਾ ਫਿਕਰ ਐ।"

"ਇਹ ਕੀ ਘੁੰਡੀ ਹੋਈ?"

"ਅਸਲ ਵਿਚ ਤੁਸੀਂ ਉਸ ਸਟੇਜ 'ਤੇ ਓ ਕਿ ਸਭ ਕੁਝ ਪ੍ਰਾਪਤ ਕਰ ਕੇ ਬੈਠੇ ਓ ਤੇ ਮੈਂ ਹਾਲੇ ਸਭ ਕੁਝ ਖਿੱਚਣਾ ਐ, ਮੈਂ ਕਹਿੰਨੀ ਹੁੰਨੀ ਆਂ ਕਿ ਖੋਹਣਾ ਐ। ਤੁਹਾਡਾ ਵੇਲਾ ਸੀ ਪ੍ਰਾਪਤ ਕਰਨ ਦਾ ਤੇ ਸਾਡਾ ਵੇਲਾ ਐ ਕਿਸੇ ਨਾ ਕਿਸੇ ਤਰ੍ਹਾਂ ਖਿੱਚਣ-ਖੋਹਣ ਦਾ। ਭਾਵ ਕਿ ਮੌਕਾ ਸਾਹਮਣੇ ਪਿਐ, ਤੁਹਾਨੂੰ ਕਿਸੇ ਨੇ ਚੁੱਕ ਕੇ ਹੱਥ ਵਿਚ ਨਹੀਂ ਫੜ੍ਹਾਉਣਾ। ਮੰਗੇ 'ਤੇ ਦੇਣਾ ਵੀ ਨਹੀਂ, ਫਿਰ ਤੁਹਾਨੂੰ ਉਥੋਂ ਹਥਿਆਉਣਾ ਪਵੇਗਾ।"

"ਅੱਜ ਦੇ ਨੌਜਵਾਨਾਂ ਨੂੰ ਕਾਹਲ ਵੀ ਤਾਂ ਐ!"

"ਸਰ ਜੀ, ਕਾਹਲ ਹੋਣੀ ਵੀ ਚਾਹੀਦੀ ਐ। ਲੁੱਕ ਐਟ ਮੀ, ਮੇਰੀ ਉਮਰ ਅਠਾਈ ਸਾਲ ਦੀ ਹੋ ਗਈ ਐ, ਹੋਰ ਦੋ ਸਾਲ ਤਕ ਤੀਹ ਦੀ। ਹਾਲੇ ਮੈਂ ਕੁੜੀ ਆਂ, ਫਿਰ ਔਰਤ ਬਣ ਜਾਵਾਂਗੀ। ਕੁਝ ਹਾਸਲ ਕਰਨਾ ਮੇਰੇ ਲਈ ਹੋਰ ਮੁਸ਼ਕਲ ਹੋ ਜਾਵਗਾ। ਮੇਰੇ ਵਰਗੀ ਕੁੜੀ, ਜਿਸ ਕੋਲ ਸੀਮਤ ਵਸੀਲੇ ਆ, ਉਸ ਨੂੰ ਕਾਹਲ ਹੋਣੀ ਹੀ ਚਾਹੀਦੀ ਐ।"

"ਮੈਂ ਤੈਨੂੰ ਕਿਹਾ ਸੀ ਕਿ ਮੈਨੂੰ ਰੀਅਲ ਬੰਦੇ ਚੰਗੇ ਲਗਦੇ ਆ, ਏਸ ਲਈ ਟੂ ਦ ਪੁਆਇੰਟ ਗੱਲ ਕਰ। ...ਤੇਰੀ ਮੰਜ਼ਿਲ ਕੀ ਐ?"

"ਜ਼ਿੰਦਗੀ ਵਿਚ ਸੈੱਟਲ ਹੋਣਾ।"

"ਯੂ ਨੋਅ, ਸੈੱਟਲ ਹੋਣ ਨੇੜੇ ਤਾਂ ਤੂੰ ਪੁੱਜੀ ਹੋਈ ਐਂ। ਪੀ ਐਚ. ਡੀ. ਤੇਰੀ ਹੋ ਜਾਣੀ ਐਂ। ਕੋਈ ਨਾ ਕੋਈ ਜੌਬ ਮਿਲ ਜਾਏਗੀ। ਜੌਬ ਹੋਈ ਤਾਂ ਕੋਈ ਚੰਗਾ ਪਤੀ ਵੀ ਮਿਲ ਜਾਏਗਾ। ਹੋਰ ਕੀ ਚਾਹੀਦਾ!"

"ਸਰਜੀ, ਸੱਚ ਤਾਂ ਇਹ ਐ ਕਿ ਮੈਂ ਪੰਜਾਬੀ ਦੀ ਪੀ ਐਚ. ਡੀ. ਕਰ ਰਹੀ ਆਂ, ਮੈਂ ਕਿੱਦਾਂ ਕੀਤੀ ਐ ਇਹ ਮੈਨੂੰ ਪਤਾ। ਦੱਸ ਨਹੀਂ ਸਕਦੀ! ਹੁਣ ਅੱਗੇ ਨੌਕਰੀ ਮਿਲਣ ਦੇ ਮੌਕੇ ਬਹੁਤ ਘੱਟ ਐ ਕਿਉਂਕਿ ਬਹੁਤ ਪੀ ਐਚ. ਡੀ. ਤੁਰੇ ਫਿਰਦੇ ਆ। ਆਹ ਸਕੌਲਰਸ਼ਿੱਪ ਵੀ ਜਲਦੀ ਹੀ ਜਾਂਦੀ ਲੱਗਣੀ ਆਂ।"

"ਹੋਰ ਕੀ ਸੋਚ ਰਹੀ ਐਂ?"

"ਕਿਤੇ ਬਾਹਰ ਜਾ ਕੇ ਜੌਬ ਕਰਨੀ। ...ਇੰਗਲੈਂਡ, ਅਮਰੀਕਾ, ਕਨੇਡਾ!"

"ਇਹ ਤਾਂ ਪੂਰਾ ਪੰਜਾਬ ਚਾਹੁੰਦਾ।"

"ਬਾਕੀ ਦਾ ਪੰਜਾਬ ਆਪਣੇ ਥਾਂ ਚਾਹੁੰਦਾ ਤੇ ਮੈਂ ਆਪਣੇ ਥਾਂ। ...ਬਸ, ਇਥੇ ਹੀ ਤੁਹਾਡੀ ਮੱਦਦ ਦੀ ਲੋੜ ਐ।"

"ਯੂ ਨੋਅ, ਮੈਂ ਕਿਹਾ ਨਾ ਕਿ ਸਪੌਂਸਰਸ਼ਿੱਪ ਮੈਂ ਭੇਜ ਦੇਵਾਂਗਾ।"

ਅਰਵਿੰਦ ਨੇ ਉਸ ਨੂੰ ਯਕੀਨ ਦਵਾਇਆ। ਫਿਰ ਅਚਾਨਕ ਉਸ ਦੇ ਮਨ ਵਿਚ ਆਇਆ ਕਿ ਉਹ ਮਨ ਵਿਚ ਕੋਈ ਲੰਮੀ ਵਿਓਂਤ ਹੀ ਨਾ ਬਣਾਈ ਬੈਠੀ ਹੋਵੇ। ਉਸ ਨੇ ਆਖਿਆ,

"ਇਕ ਗੱਲ ਸਪੱਸ਼ਟ ਕਰ ਦੇਵਾਂ ਹਾਰਵੀ। ਸਪੌਂਸਰਸ਼ਿੱਪ ਲੈਟਰ ਬਹੁਤ ਨਿਕੀ ਜਿਹੀ ਗੱਲ ਐ ਪਰ ਇਸ ਤੋਂ ਜ਼ਿਆਦਾ ਕਿਸੇ ਗੱਲ ਦੀ ਆਸ ਨਾ ਰੱਖੀਂ, ਮੇਰਾ ਘਰ ਐ, ਵਾਈਫ ਤੇ ਇਕ ਸਨ ਵੀ।"

"ਸਰਜੀ, ਤੁਸੀਂ ਕੀ ਸੋਚਦੇ ਓ ਕਿ ਮੈਂ ਤੁਹਾਨੂੰ ਵਿਆਹ ਕਰਾਉਣ ਲਈ ਕਹਿ ਰਹੀ ਆਂ? ...ਮੈਂ ਤੁਹਾਨੂੰ ਦੱਸਿਆ ਸੀ ਕਿ ਮੇਰੀ ਪੀ ਐਚ. ਡੀ. ਬ੍ਰਤਾਨੀਆਂ ਵਿਚ ਲਿਖੀ ਜਾ ਰਹੀ ਪੰਜਾਬੀ ਕਵਿਤਾ ਉਪਰ ਐ, ਇਸੇ ਬੇਸ 'ਤੇ ਮੈਨੂੰ ਉਥੇ ਸਟੱਡੀ ਕਰਨ ਲਈ ਛੇ ਕੁ ਮਹੀਨੇ ਦਾ ਵੀਜ਼ਾ ਮਿਲ ਸਕਦੈ। ਇਕ ਵਾਰੀ ਮੈਂ ਚਲੇ ਗਈ ਤਾਂ ਬਾਕੀ ਸਭ ਦੇਖੀ ਜਾਵੇਗੀ। ਜੇ ਮੈਂ ਨਾ ਵੀ ਟਿਕ ਸਕੀ ਤਾਂ ਕੋਈ ਗੱਲ ਨਹੀਂ, ਮੁੜ ਆਵਾਂਗੀ ਪਰ ਮੇਰੇ ਲਈ ਰਾਹ ਤਾਂ ਖੁਲ੍ਹ ਜਾਵੇਗਾ। ਮੈਨੂੰ ਵੀਜ਼ੇ ਲਈ ਸਪੌਂਸਰਸ਼ਿੱਪ ਲੈਟਰ ਚਾਹੀਦੈ ਕਿ ਤੁਸੀਂ ਉਸ ਮੁਲਕ ਵਿਚ ਮੇਰੀ ਜ਼ਿੰਮੇਵਾਰੀ ਲੈਂਦੇ ਓ।"

"ਯੂ ਨੋਅ, ਇਹ ਮੇਰੇ ਲਈ ਬਹੁਤ ਛੋਟੀ ਗੱਲ ਐ। ਜਿੰਨੀ ਵੀ ਹੋ ਸਕੀ ਮੈਂ ਤੇਰੀ ਮੱਦਦ ਦਾ ਵਾਅਦਾ ਕਰਦਾਂ।"

ਅਰਵਿੰਦ ਨੇ ਉਸ ਨੂੰ ਆਪਣੇ ਨਾਲ ਫਿਰ ਘੁਟਦਿਆਂ ਕਿਹਾ,

"ਕਮ ਔਨ ਮਾਈ ਗਰਲ, ਆਏ ਲਵ ਯੂ!"

"ਬਸ ਸਰਜੀ, ਏਨੀ ਕੁ ਨਜ਼ਰ ਸਵੱਲੀ ਚਾਹੀਦੀ ਐ ਮੈਨੂੰ।"

ਹਾਰਵੀ ਬਹੁਤ ਖੁਸ਼ ਸੀ।

ਗੁਪਾਲੇ ਦਾ ਫੋਨ ਆਇਆ ਤੇ ਪੁੱਛਣ ਲੱਗਿਆ,

"ਭਾਜੀ, ਅੱਜ ਕਿੰਨੇ ਵਜੇ ਤੇ ਕਿਧਰ ਜਾਣਾਂ?"

"ਹਾਲੇ ਉਠੇ ਹੀ ਆਂ। ਜਲਦੀ ਫੋਨ ਕਰਦਾਂ।"

ਉਸ ਨੇ ਫੋਨ ਰੱਖ ਕੇ ਹਾਰਵੀ ਨੂੰ ਪੁੱਛਿਆ,

"ਯੈਸ ਡਾਰਲਿੰਗ, ਕੀ ਪ੍ਰੋਗਰਾਮ ਐ ਤੇਰਾ ਅੱਜ?"

"ਮੈਂ! ...ਹੈਗੇ ਮੇਰੇ ਕੁਝ ਕੰਮ। ਤੁਸੀਂ ਦੱਸੋ, ਤੁਹਾਡਾ ਕੀ ਐ ਅੱਜ ਦਾ ਸ਼ੈਡਿਊਲ?"

"ਮੇਰੇ ਮਨ ਵਿਚ ਤਿੰਨ ਚਾਰ ਗੱਲਾਂ ਹੈਗੀਆਂ। ਇਕ ਤਾਂ ਮੈਂ ਚੰਡੀਗੜ੍ਹ ਵਿਚ ਘੁੰਮਣਾ ਚਾਹੁੰਨਾਂ, ਪੁਰਾਣੀਆਂ ਯਾਦਾਂ ਵਿਚ ਦੀ ਲੰਘਣਾਂ, ਦੂਜੇ ਮੈਂ ਇਥੇ ਜਿਹੜੀ 'ਚਪੜ ਚਿੜੀ' ਵਿਚ ਬੰਦਾ ਬਹਾਦਰ ਦੀ ਯਾਦ ਵਿਚ ਸਤੰਭ ਬਣਿਆਂ ਉਹ ਦੇਖਣਾ ਤੇ ਇਕ ਮੇਰੇ ਮਨ ਵਿਚ ਸ਼ਿਮਲੇ ਵਲ ਜਾਣਾ ਐਂ। ਬਹੁਤ ਬਹੁਤ ਸਾਲ ਪਹਿਲਾਂ ਮੈਂ ਸ਼ਿਮਲੇ ਗਿਆ ਸੀ, ਬਸ ਤਜਰਬੇ ਵਜੋਂ ਜਾਣਾ।"

"ਉਸ ਤੋਂ ਬਾਅਦ?"

"ਇਸ ਤੋਂ ਬਾਅਦ ਮੈਂ ਪਟਿਆਲੇ ਜਾਣਾ ਤੇ ਉਸ ਤੋਂ ਬਾਅਦ ਸ਼ਾਇਦ ਮੈਂ ਵਾਪਸ ਚਲੇ ਜਾਵਾਂ। ਹਾਂ, ਇਕ ਦਿਨ ਕੀਰਤ ਪੁਰ, ...ਆਈ ਮੀਨ ਅਨੰਦ ਪੁਰ ਵਿਰਾਸਤ ਭਵਨ ਵੀ ਦੇਖਣਾਂ।"

"ਮੇਰੇ ਲਈ ਕੀ ਹੁਕਮ ਐ?"

"ਤੇਰੇ ਲਈ ਹੁਕਮ ਇਹ ਕਿ ਤੂੰ ਹਰ ਵੇਲੇ ਏਦਾਂ ਹੀ ਖੁਸ਼ ਰਿਹਾ ਕਰ। ਜੇ ਤੇਰੇ ਕੋਲ ਟਾਈਮ ਐ ਤਾਂ ਚੱਲ ਮੇਰੇ ਨਾਲ ਘੁੰਮ ਲੈ ਅੱਜ ਦਾ ਦਿਨ।"

ਅਰਵਿੰਦ ਨੇ ਆਖਿਆ। ਹਾਰਵੀ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਲੱਗੀ। ਉਸ ਨੂੰ ਅਰਵਿੰਦ ਉਪਰ ਭਰੋਸਾ ਬੱਝ ਗਿਆ ਸੀ। ਇੰਗਲੈਂਡ ਲਈ ਰਾਹਦਾਰੀ ਤਾਂ ਉਹ ਭੇਜ ਹੀ ਦੇਵੇਗਾ ਤੇ ਹੋ ਸਕਦਾ ਸੀ ਕਿ ਉਥੇ ਸੈਟਲ ਹੋਣ ਵਿਚ ਵੀ ਮੱਦਦ ਕਰ ਦੇਵੇ। ਅਮੀਰ ਆਦਮੀ ਜਾਪਦਾ ਸੀ, ਪੈਸੇ ਵਲੋਂ ਵੀ ਸਹਾਇਤਾ ਕਰ ਸਕਦਾ ਸੀ। ਹੁਣ ਉਹ ਉਸ ਦੀ ਕੋਈ ਵੀ ਗੱਲ ਮੰਨਣ ਲਈ ਤਿਆਰ ਸੀ। ਅਰਵਿੰਦ ਵੀ ਉਸ ਵਲ ਖਿਚਿਆ ਜਾਣ ਲੱਗਿਆ ਸੀ। ਜਵਾਨ ਕੁੜੀ ਨਾਲ ਉਸ ਦਾ ਵਾਹ ਬਹੁਤ ਦੇਰ ਬਾਅਦ ਪਿਆ ਸੀ। ਉਹ ਉਸ ਨਾਲ ਵਧ ਤੋਂ ਵਧ ਸਮਾਂ ਬਿਤਾਉਣਾ ਚਾਹੁੰਦਾ ਸੀ। ਹਾਰਵੀ ਬੋਲੀ,

"ਇਕ ਵਾਰ ਮੈਂ ਆਪਣੇ ਕਮਰੇ ਵਿਚ ਜਾਣਾ ਚਾਹੁੰਨੀ ਆਂ। ਜਾ ਕੇ ਕਪੜੇ ਬਦਲ ਆਵਾਂ, ਨਹਾ ਆਵਾਂ। ਮੇਰਾ ਫੋਨ ਵੀ ਚਾਰਜ ਕਰਨ ਵਾਲਾ। ਮੇਰੀਆਂ ਸਹੇਲੀਆਂ ਵੀ ਉਡੀਕ ਰਹੀਆਂ ਹੋਣਗੀਆਂ। ਫਿਕਰ ਕਰਦੀਆਂ ਹੋਣੀਆਂ।"

"ਯੂ ਨੋਅ, ਇਹ ਕੈਰਨ ਤੇਰੇ ਨਾਲ ਰਹਿੰਦੀ ਐ?"

"ਨਹੀਂ, ਏਹਦੇ ਕੋਲ ਬੁਆਏ ਫ੍ਰੈਂਡ ਹੈਗਾ, ਇਹ ਲਿਵ-ਇਨ ਰਿਲੇਸ਼ਨ ਵਿਚ ਐ।"

"ਆਮ ਕੁੜੀਆਂ ਏਦਾਂ?"

"ਸਰਜੀ, ਸਾਰਾ ਚੰਡੀਗੜ੍ਹ ਹੀ ਲਿਵ-ਇਨ ਰਿਲੇਸ਼ਨ ਵਿਚ ਐ। ਮੇਰੀਆਂ ਤਾਂ ਸਾਰੀਆਂ ਹੀ ਸਹੇਲੀਆਂ ਏਦਾਂ ਹੀ ਰਹਿੰਦੀਆਂ ਪਰ ਮੇਰੀ ਮੰਜ਼ਿਲ ਇਹ ਨਹੀਂ। ਨਹੀਂ ਤਾਂ ਬੁਆਏ ਫ੍ਰੈਂਡਜ਼ ਦੀ ਤਾਂ ਕੋਈ ਕਮੀ ਨਹੀਂ। ਬਹੁਤ ਮੁੰਡੇ ਲਿਵ-ਇਨ ਰਿਲੇਸ਼ਨਜ਼ ਲਈ ਔਫਰ ਕਰਦੇ ਰਹਿੰਦੇ ਆ।"

"ਯੂ ਨੋਅ, ਜੇ ਤੂੰ ਕੈਂਪਸ ਜਾਣਾ ਹੀ ਐ ਤਾਂ ਮੇਰਾ ਡਰਾਈਵਰ ਤੈਨੂੰ ਲੈ ਜਾਂਦਾ, ਉਹਦੇ ਨਾਲ ਹੀ ਮੁੜ ਆਵੀਂ।"

"ਗੱਲ ਤਾਂ ਤੁਹਾਡੀ ਠੀਕ ਐ ਪਰ ਨਾਲ ਦੇ ਮੁੰਡੇ-ਕੁੜੀਆਂ ਪਤਾ ਨਹੀਂ ਕੀ ਸੋਚਣ ਲੱਗ ਪੈਣ। ਸਾਰੇ ਇਕੱਠੇ ਰਹਿੰਦੇ ਹੋਣ ਕਰਕੇ ਇਕ ਦੂਜੇ ਦੀ ਜ਼ਿੰਦਗੀ ਵਿਚ ਝਾਕਣ ਦੀ ਆਦਤ ਬਣੀ ਰਹਿੰਦੀ ਐ।"

"ਮੇਰੇ ਕੋਲ ਇਕ ਹੋਰ ਔਫਰ ਵੀ ਐ।"

"ਕਿਹੜੀ?"

"ਇਹ ਕਿ ਤੇਰੇ ਲਈ ਕਪੜੇ ਆਪਾਂ ਇਥੋਂ ਕਿਤੋਂ ਖਰੀਦ ਲੈਨੇ ਆਂ, ਤੇਰਾ ਫੋਨ ਚਾਰਜ ਕਰਨ ਦੇ ਸਾਧਨ ਮੇਰੇ ਕੋਲ ਹੈਗੇ ਆ, ਸਾਡੀ ਗੱਡੀ ਵਿਚ ਮਲਟੀਪਲ-ਚਾਰਜਰ ਹੈਗਾ। ਸਹੇਲੀਆਂ ਨੂੰ ਆਪਣੀ ਰਾਜ਼ੀ-ਖੁਸ਼ੀ ਫੋਨ ਤੇ ਦੱਸ ਦੇਹ। ਜੇ ਤੂੰ ਈਮੇਲ ਚੈੱਕ ਕਰਨੀ ਆਂ ਜਾਂ ਫੇਸਬੁੱਕ ਆਦਿ ਤਾਂ ਮੇਰਾ ਲੈਪਟੌਪ ਵਰਤ ਲੈ।"

ਉਸ ਦੀ ਗੱਲ ਸੁਣ ਕੇ ਹਾਰਵੀ ਜੰਪ ਮਾਰ ਕੇ ਉਸ ਦੀ ਗੋਦੀ ਵਿਚ ਬਹਿ ਗਈ।...

ਨਾਸ਼ਤਾ ਕਰਕੇ ਉਹ ਹੇਠਾਂ ਆ ਗਏ। ਗੁਪਾਲਾ ਸਿਪਾਹੀ ਵਾਂਗ ਡਿਊਟੀ 'ਤੇ ਖੜਾ ਸੀ। ਉਹ ਹਾਰਵੀ ਵਲ ਦੇਖ ਕੇ ਬੁਲ੍ਹਾਂ ਵਿਚ ਮੁਸਕ੍ਰਾਇਆ ਤੇ ਸਟੇਅਰਿੰਗ 'ਤੇ ਉਂਗਲਾਂ ਵਜਾਉਂਦਾ ਬਾਹਰ ਨੂੰ ਦੇਖਣ ਲੱਗਿਆ। ਅਰਵਿੰਦ ਨੇ ਆਖਿਆ,

"ਯੂ ਨੋਅ, ਆਪਾਂ ਸ਼ੌਪਿੰਗ ਕਰਨੀ ਆ ਥੋੜੀ, ਕੋਈ ਸਟੋਰ ਹੈ ਨੇੜੇ?"

"ਭਾਜੀ, ਬਹੁਤ ਵੱਡੇ ਵੱਡੇ ਸਟੋਰ ਐ ਜੀ, ਜਿਹਨਾਂ ਵਿਚ ਵੜਿਆ ਬੰਦਾ ਗਵਾਚ ਜਾਵੇ, ਜਿਹਨਾਂ ਵਿਚ ਸੂਈ ਤੋਂ ਲੈ ਕੇ ਹਾਥੀ ਤਕ ਮਿਲ ਜਾਂਦਾ।"

"ਬਸ, ਏਦਾਂ ਦੇ ਕਿਸੇ ਸਟੋਰ ਵਿਚ ਲੈ ਚੱਲ।"

"ਲਓ ਜੀ, ਸਮਝ ਲਓ ਕਿ ਪਹੁੰਚ ਗਏ।"

ਆਖਦਿਆਂ ਉਸ ਨੇ ਗੱਡੀ ਤੋਰ ਲਈ। ਹਾਰਵੀ ਨੂੰ ਦੇਖ ਕੇ ਉਹ ਚਾਮਲ ਜਿਹਾ ਗਿਆ ਸੀ। ਘੁੰਮ-ਘੁਮਾ ਕੇ ਉਸ ਨੇ ਇਕ ਵੱਡੇ ਸਾਰੇ ਸਟੋਰ ਦੇ ਸਾਹਮਣੇ ਗੱਡੀ ਰੋਕਦਾ ਬੋਲਿਆ,

"ਭਾਜੀ, ਏਸ ਸਟੋਰ ਨੂੰ ਦੇਖ ਕੇ ਤੁਸੀਂ ਇੰਗਲੈਂਡ ਦੇ ਸਟੋਰਾਂ ਨੂੰ ਭੁੱਲ ਜਾਓਂਗੇ।"

ਉਹ ਬਾਹਰ ਨਿਕਲੇ। ਅਰਵਿੰਦ ਹਾਰਵੀ ਦਾ ਹੱਥ ਫੜ ਕੇ ਤੁਰਨ ਲੱਗਿਆ। ਉਹ ਬੋਲੀ,

"ਤੁਹਾਡਾ ਡਰਾਈਵਰ ਬੜਾ ਤੇਜ਼ ਐ!"

"ਜੇ ਤੇਜ਼ ਨਾ ਹੋਵੇ ਤਾਂ ਡਰਾਈਵਰ ਕਿੱਦਾਂ ਬਣੇ!"

ਹੱਸਦੇ ਹੋਏ ਅਰਵਿੰਦ ਨੇ ਕਿਹਾ ਤੇ ਸਟੋਰ ਦੇ ਅੰਦਰ ਜਾ ਵੜੇ। ਐਡਾ ਵੱਡਾ ਸਟੋਰ ਦੇਖ ਕੇ ਅਰਵਿੰਦ ਸੱਚ ਹੀ ਹੈਰਾਨ ਰਹਿ ਗਿਆ। ਇੰਗਲੈਂਡ ਦੇ ਮਾਰਕਸ-ਸਪੈਂਸਰ ਜਾਂ ਡੈਬਨਹੈਮ ਤੋਂ ਘੱਟ ਨਹੀਂ ਸੀ। ਉਹਨਾਂ ਸਟੋਰਾਂ ਵਾਂਗ ਹੀ ਵੱਖ ਵੱਖ ਵਿਭਾਗ ਬਣੇ ਹੋਏ ਸਨ। ਬੱਚਿਆਂ ਦੇ ਕਪੜੇ ਅਲੱਗ, ਔਰਤਾਂ ਦੇ ਅਲੱਗ ਤੇ ਮਰਦਾਂ ਦੇ ਵੱਖਰੀ ਮੰਜ਼ਿਲ 'ਤੇ। ਇਹ ਸਟੋਰ ਚਾਰ ਮੰਜ਼ਿਲਾਂ ਵਿਚ ਫੈਲਿਆ ਹੋਇਆ ਸੀ। ਔਰਤਾਂ ਦੇ ਕਪੜੇ ਦੂਜੀ ਮੰਜ਼ਿਲ 'ਤੇ ਸਨ। ਉਸ ਨੇ ਸਟੋਰ ਦੀ ਤਾਰੀਫ ਕੀਤੀ ਤਾਂ ਹਾਰਵੀ ਬੋਲੀ,

"ਸਰ ਜੀ, ਅਜਿਹੇ ਸਟੋਰ ਤਾਂ ਹੁਣ ਥਾਂ ਥਾਂ ਹੈਗੇ। ਚੰਡੀਗੜ੍ਹ ਵਿਚ ਕਈ ਆ। ਹਰ ਸ਼ਹਿਰ ਵਿਚ ਹੀ ਆ।"

"ਯੂ ਨੋਅ, ਕਿਹੋ ਜਿਹੇ ਕਪੜੇ ਲੈਣੇ ਚਾਹੁੰਨੀ ਆਂ।"

"ਸਰਜੀ, ਮੈਂ ਏਦਾਂ ਕਦੇ ਸੋਚਿਆ ਹੀ ਨਹੀਂ ਸੀ ਪਰ ਹੁਣ ਤੁਸੀਂ ਹੀ ਆਪਣੀ ਮਰਜ਼ੀ ਦੇ ਲੈ ਕੇ ਦਿਓ, ਕੈਯੂਅਲ ਜਿਹੇ।"

"ਸਕੱਰਟ ਪਾ ਲੈਨੀ ਐਂ?"

"ਜੇ ਤੁਸੀਂ ਕਹੋਂਗੇ ਤਾਂ ਪਾ ਲਵਾਂਗੀ।"

ਅਰਵਿੰਦ ਨੇ ਉਸ ਨੂੰ ਸਕੱਰਟ ਤੇ ਟੌਪ ਲੈ ਦਿਤੇ। ਨਵੇਂ ਸੈਂਡਲ ਵੀ। ਅੰਡਰ-ਗਾਰਮਿੰਟ ਵੀ ਖਰੀਦ ਲਏ। ਉਸ ਦੇ ਕਪੜੇ ਖਰੀਦਿਆਂ ਅਰਵਿੰਦ ਨੂੰ ਅਜੀਬ ਜਿਹਾ ਅਨੰਦ ਆ ਰਿਹਾ ਸੀ। ਵੇਲਾਂ ਲਈ ਤਾਂ ਉਸ ਨੇ ਕਦੇ ਕਪੜੇ ਖਰੀਦੇ ਹੀ ਨਹੀਂ ਸਨ। ਬਹੁਤ ਦੇਰ ਪਹਿਲਾਂ ਮੈਗੀ ਨੂੰ ਕਦੇ ਕਦੇ ਅਜਿਹੇ ਤੋਹਫੇ ਦਿਆ ਕਰਦਾ ਸੀ। ਕੁਝ ਚੀਜ਼ਾਂ ਹਾਰਵੀ ਨੇ ਆਪ ਵੀ ਚੁੱਕ ਲਈਆਂ। ਕਪੜੇ ਖਰੀਦ ਕੇ ਉਹ ਵਾਪਸ ਹੋਟਲ ਆ ਗਏ। ਫਿਰ ਤਿਆਰ ਹੋ ਕੇ ਬਾਹਰ ਨੂੰ ਚੱਲ ਪਏ। ਚੰਡੀਗੜ੍ਹ ਸ਼ਹਿਰ ਦਾ ਚਲਾਵਾਂ ਜਿਹਾ ਗੇੜਾ ਮਾਰਿਆ। ਯੌਰਪ ਦੀ ਤਰਜ਼ ਦਾ ਇਹ ਸ਼ਹਿਰ ਸੀ ਤੇ ਇਥੋਂ ਦਾ ਕਲਚਰ ਵੀ ਉਹੋ ਜਿਹਾ ਹੀ ਦਿਸ ਰਿਹਾ ਸੀ। ਰਾਹ ਵਿਚ ਹਾਰਵੀ ਉਸ ਨਾਲ ਆਪਣੇ ਭਵਿੱਖ ਬਾਰੇ ਵੀ ਗੱਲਾਂ ਕਰੀ ਜਾ ਰਹੀ ਸੀ। ਅਰਵਿੰਦ ਨੇ ਉਸ ਨੂੰ ਕਹਿ ਦਿਤਾ ਸੀ ਕਿ ਇੰਗਲੈਂਡ ਵਿਚ ਰਹਿਣ ਦਾ ਉਹ ਆਪਣਾ ਇੰਤਜ਼ਾਮ ਕਰ ਲਵੇ ਤੇ ਜਦ ਵੀ ਉਹ ਕਹੇਗੀ, ਉਸ ਨੂੰ ਸਪੌਂਸਰਸ਼ਿੱਪ ਭੇਜ ਦੇਵੇਗਾ। ਹਾਰਵੀ ਦੀ ਸਕੀ ਮਾਸੀ ਸਾਊਥਾਲ ਰਹਿੰਦੀ ਸੀ ਇਸ ਲਈ ਰਿਹਾਇਸ਼ ਦੀ ਉਸ ਨੂੰ ਮੁਸ਼ਕਲ ਨਹੀਂ ਸੀ ਹੋਣ ਲੱਗੀ। ਉਸ ਲਈ ਤਾਂ ਇਕ ਵਾਰ ਉਥੇ ਪੁੱਜਣ ਦਾ ਹੀ ਮਸਲਾ ਸੀ।

ਅਗਲੀ ਰਾਤ ਹਾਰਵੀ ਫਿਰ ਉਸ ਕੋਲ ਹੋਟਲ ਵਿਚ ਹੀ ਠਹਿਰ ਗਈ। ਅਰਵਿੰਦ ਦੀ ਛਾਤੀ 'ਤੇ ਸਿਰ ਰੱਖਦੀ ਉਹ ਬੋਲੀ,

''ਸਰ ਜੀ, ਮੈਂ ਚਾਹੁੰਦੀ ਆਂ ਕਿ ਸਦਾ ਏਦਾਂ ਹੀ ਪਈ ਰਹਾਂ!''

''ਯੂ ਨੋਅ, ਦੁਨੀਆਂ ਏਦਾਂ ਨਹੀਂ ਚਲਦੀ। ਜਦ ਕਦੇ ਵੀ ਫੇਰ ਮੌਕਾ ਮਿਲਿਆ ਤਾਂ ਫੇਰ ਸਹੀ।''

''ਸਰ ਜੀ, ਮੈਂ ਤੁਹਾਡੇ ਨਾਲ ਹਾਲੇ ਵੀ ਬਹੁਤੀ ਖ਼ੁਸ਼ ਨਹੀਂ ਆਂ।''

''ਹੁਣ ਕੀ ਹੋ ਗਿਆ?''

''ਮੈਂ ਆਪਣੀ ਬੌਡੀ 'ਤੇ ਬਹੁਤ ਚਾਅ ਨਾਲ ਟੈਟੂ ਬਣਵਾਇਆ ਸੀ ਪਰ ਤੁਸੀਂ ਇਸ ਦਾ ਨੋਟਿਸ ਹੀ ਨਹੀਂ ਲਿਆ!''

## <u>ਚੌਵੀ</u>

ਸਿਖਰ ਦੁਪਿਹਰ ਸੀ ਜਦ ਉਹ ਹੋਟਲ ਵਿਚੋਂ ਨਿਕਲੇ। ਗੁਪਾਲਾ ਬੋਲਿਆ,

''ਭਾਜੀ, ਕਹਿਣ ਨੂੰ ਇਹ ਬਰਸਾਤ ਦਾ ਮੌਸਮ ਆ ਪਰ ਦੇਖੋ, ਟੈਂਪਰੇਚਰ ਪੰਜਤਾਲੀ ਡਿਗਰੀ!''

ਗੁਪਾਲੇ ਨੇ ਕਾਰ ਵਿਚ ਲੱਗੇ ਟੈਂਪਰੇਚਰ ਗੇਜ ਵਲ ਇਸ਼ਾਰਾ ਕਰਦਿਆਂ ਆਖਿਆ। ਅਰਵਿੰਦ ਨੇ ਕਿਹਾ,

''ਯੂ ਨੋਅ, ਮੈਂ ਤਾਂ ਅੱਜ ਸਵੇਰੇ ਘਰਵਾਲੀ ਨੂੰ ਕਹਿ ਦਿੱਤਾ ਕਿ ਮੇਰੀ ਵਾਪਸੀ ਦੀ ਟਿਕਟ ਕਰਾ ਦੇ ਜਿੰਨੀ ਜਲਦੀ ਹੋ ਸਕਦੀ ਐ। ਅੱਜ ਵੀਹ ਤਰੀਕ ਹੋ ਗਈ, ਹੁਣ ਜਦ ਵੀ ਟਿਕਟ ਮਿਲ ਗਈ, ਬਸ ਉਡ ਜਾਣਾ।''

''ਭਾਜੀ, ਤੁਸੀਂ ਤਾਂ ਐਵੇਂ ਉਡੂੰ ਉਡੂੰ ਕਰੀ ਜਾਨੇ ਆਂ, ਤੁਹਾਡੀਆਂ ਤਾਂ ਪੰਜੇ ਘਿਓ 'ਚ ਐ।''

''ਇਹ ਵੀ ਕਹਿ ਦੇ ਕਿ ਸਿਰ ਕੜਾਹੀ ਵਿਚ!''

ਅਰਵਿੰਦ ਨੇ ਕਿਹਾ ਤੇ ਉਹ ਦੋਵੇਂ ਹੱਸਣ ਲੱਗੇ। ਅਰਵਿੰਦ ਫਿਰ ਬੋਲਿਆ,

''ਮੇਰੇ ਸਿਰਫ ਦੋ ਕੰਮ ਐਂ ਕਰਨ ਵਾਲੇ, ਉਸ ਤੋਂ ਬਾਅਦ ਵਿਹਲਾ। ਇਕ ਤਾਂ ਆਹ ਪਟਿਆਲੇ ਵਾਲਾ ਤੇ ਦੂਜਾ ਕੀਰਤਪੁਰ ਵਾਲਾ।''

''ਭਾਜੀ, ਕੀਰਤਪੁਰ ਵਾਲਾ ਅੱਜ ਕਰ ਚਲਦੇ ਆਂ, ਕੀਰਤ ਪੁਰ ਇਥੋਂ ਨੇੜੇ ਪੈਂਦਾ। ਪਟਿਆਲੇ ਤੋਂ ਕੀਰਤ ਪੁਰ ਦੂਰ ਪੈਣਾਂ।''

''ਇਹ ਤਾਂ ਮੈਂ ਸਮਝਦਾਂ ਪਰ ਗੋਬਿੰਦਰ ਗਰੇਵਾਲ ਨਾਲ ਮੈਂ ਅੱਜ ਦਾ ਵਾਅਦਾ ਕਰ ਲਿਆ। ...ਸ਼ਾਇਦ ਮੰਨਤ ਵੀ ਉਥੇ ਮਿਲ ਪਵੇ।''

''ਭਾਜੀ, ਤੁਸੀਂ ਵੀ ਕਮਾਲ ਕਰਦੇ ਓ, ਕਿਥੇ ਉਹ ਮੈਡਮ ਤੇ ਕਿਥੇ ਆਹ ਲਗਰ ਜਿਹੀ ਕੁੜੀ!''

''ਓਹ ਨਹੀਂ ਓਏ, ...ਉਹ ਕਹਿੰਦੇ ਹੁੰਦੇ ਆ ਕਿ ਨਵਾਂ ਨੌਂ ਦਿਨ ਪੁਰਾਣਾ ਸੌ ਦਿਨ।''

''ਇਹ ਕਹਾਵਤ ਪੁਰਾਣੀ ਆਂ ਭਾਜੀ, ਨਵੀਂ ਨੇ ਉਮਰ ਕੱਢਣੀ ਹੁੰਦੀ ਆ ਤੇ ਪੁਰਾਣੀ ਦੇ ਮਾਈਲੇਜ ਬਹੁਤ ਹਾਈ ਹੁੰਦੇ ਆ।''

ਗੁਪਾਲੇ ਦੀ ਗੱਲ 'ਤੇ ਉਹ ਦੋਵੇਂ ਹੀ ਖੁਲ੍ਹ ਕੇ ਹੱਸੇ। ਅਰਵਿੰਦ ਨੇ ਕਿਹਾ,

''ਗੱਲ ਤਾਂ ਤੇਰੀ ਠੀਕ ਐ ਛੋਟੇ ਭਾਈ ਪਰ ਮੈਂ ਹੈਗਾ ਰਮਤਾ ਜੋਗੀ, ਇਕ ਥਾਂ ਰੁਕ ਕੇ ਤਾਂ ਬਹਿ ਨਹੀਂ ਸਕਦਾ। ਚੰਡੀਗੜ੍ਹ ਹੁਣ ਪਿੱਛੇ ਰਹਿ ਗਿਆ। ਅੱਗੇ ਐ ਪਟਿਆਲਾ, ਸੋ ਮੰਨਤ ਉਥੇ ਹੋਈ ਤਾਂ ਵੀ ਮਨ ਖ਼ੁਸ਼, ਜੇ ਨਾ ਹੋਈ ਤਾਂ ਵੀ ਮਨ ਖ਼ੁਸ਼।''

''ਏਹਦਾ ਮਤਲਬ ਏਹ ਨਹੀਂ ਮਿਲਦੀ ਹੁਣ।''

''ਯੂ ਨੋਅ, ਕੀ ਪਤਾ ਮੌਕਾ-ਮੇਲ ਬਣ ਹੀ ਜਾਵੇ। ਸ਼ਾਇਦ ਇਹ ਇੰਗਲੈਂਡ ਜਾਵੇ ਤੇ ਉਥੇ ਮਿਲ ਪਵੇ ਪਰ ਉਥੇ ਆਹ ਖੁਲ੍ਹ-ਖੇਡ ਨਹੀਂ ਹੋਣ ਲੱਗੀ। ਕੈਰੀਅਰਿਸਟ ਕੁੜੀ ਐ, ਜੇ ਏਹਨੂੰ ਮੇਰੀ ਲੋੜ ਹੋਈ ਤਾਂ ਭੱਜੀ ਆਏਗੀ।

''ਭਾਜੀ, ਜੇ ਗੁੱਸਾ ਨਾ ਕਰੋਂ ਤਾਂ ਦੱਸੋਂਗੇ ਕਿ ਆਹ ਚੰਡੀਗੜ੍ਹ ਵਾਲੀ ਕਿੰਨੇ ਵਿਚ ਪਈ?''

''ਯੂ ਨੋਅ, ਮੈਂ ਇਹ ਚੀਜ਼ਾਂ ਖਰੀਦਣ ਵਿਚ ਯਕੀਨ ਨਹੀਂ ਰੱਖਦਾ। ਉਹ ਮੈਨੂੰ ਚੰਗੀ ਲੱਗੀ ਏਸ ਲਈ ਮੈਂ ਉਸ ਉਪਰ ਥੋੜੇ ਜਿਹੇ ਪੈਸੇ ਖਰਚ ਦਿੱਤੇ। ਉਸ ਦਾ ਹੱਕ ਹੋਰ ਵੀ ਬਣਦਾ ਸੀ ਪਰ ਏਦਾਂ ਉਹਦੀ ਆਸ ਬਹੁਤ ਵੱਡੀ ਹੋ ਜਾਣੀ ਸੀ। ਹੁਣ ਉਹਨੂੰ ਸਿਰਫ ਮੇਰੇ ਤੋਂ ਇਕ ਪੇਪਰ ਚਾਹੀਦੈ, ਉਹ ਮੈਂ ਸਹਿਜੇ ਹੀ ਭੇਜ ਦੇਵਾਂਗਾ। ਹੋਰ ਵੀ ਛੋਟੀ ਮੋਟੀ ਮੱਦਦ ਹੋਈ ਤਾਂ ਕਰ ਦੇਵਾਂਗੇ। ਇਸ ਤੋਂ ਵੱਧ ਨਾ ਕੋਈ ਵਾਅਦਾ ਕੀਤਾ ਤੇ ਨਾ ਹੀ ਕੋਈ ਉਮੀਦ ਜਗਾਈ।''

''ਭਾਜੀ, ਅੱਜਕੱਲ ਲੋਕ ਅਗਾਂਹ ਵਧਣ ਲਈ ਅਗਲੇ ਨੂੰ ਪੌੜੀ ਬਣਾ ਲੈਂਦੇ ਆ ਪਰ ਕੁੜੀਆਂ ਆਪਣੇ ਆਪ ਨੂੰ ਪੌੜੀ ਬਣਾ ਕੇ ਉਪਰ ਨੂੰ ਚੜ੍ਹਦੀਆਂ।''

ਗੁਪਾਲਾ ਆਖ ਰਿਹਾ ਸੀ। ਅਰਵਿੰਦ ਨੇ ਆਖਿਆ,

''ਇਹੀ ਗੱਲ ਮੈਂ ਕਹਿ ਰਿਹਾਂ ਕਿ ਇਹ ਕੁੜੀ ਹੈਗੀ ਕੈਰੀਅਰੈਸਟ, ਲੋੜ ਲਈ ਕੁਝ ਵੀ ਕਰ ਸਕਦੀ ਐ ਪਰ ਮੰਨਤ ਦੇਰ ਤਕ ਨਿਭਣ ਵਾਲੀ ਔਰਤ ਐ।''

ਗੱਲਾਂ ਕਰਦੇ ਉਹ ਚੰਡੀਗੜ੍ਹ ਲੰਘ ਆਏ। ਜ਼ੀਰਕ ਪੁਰ ਤੋਂ ਬਾਹਰ ਨਿਕਲੇ ਤਾਂ ਇਕ ਪਾਸੇ ਕੂੜੇ ਦੇ ਢੇਰ ਲੱਗੇ ਹੋਏ ਸਨ। ਨਾਲ ਹੀ ਸੜਕ ਕੰਢੇ ਝੁੱਗੀਆਂ ਸਨ। ਗੰਦੇ ਤੇ ਨੰਗ-ਧੜੰਗੇ ਬੱਚੇ ਖੇਡ ਰਹੇ ਸਨ। ਦਰਖਤਾਂ ਦੀ ਸੰਘਣੀ ਛਾਂ ਨੇ ਇਹਨਾਂ ਨੂੰ ਧੁੱਪ ਤੋਂ ਬਚਾ ਰੱਖਿਆ ਸੀ। ਇਕ ਝੁੱਗੀ ਵਿਚ ਗਾਣੇ ਵੱਜ ਰਹੇ ਸਨ ਤੇ ਕੁਝ ਲੋਕ ਨੱਚ ਰਹੇ ਸਨ। ਭਿਖਾਰੀ ਜਿਹੇ ਦਿਸਦੇ ਲੋਕ ਖ਼ੁਸ਼ੀ ਵਿਚ ਛਾਲਾਂ ਮਾਰ ਮਾਰ ਕੇ ਇਕ ਦੂਜੇ ਦਾ ਸਾਥ ਦੇ ਰਹੇ ਸਨ। ਸਾਰਾ ਮਹੌਲ ਹੀ ਚਾਵਾਂ ਜਿਹਿਆਂ ਨਾਲ ਭਰਿਆ ਜਾਪ ਰਿਹਾ ਸੀ। ਗੁਪਾਲੇ ਨੇ ਇਕ ਪਾਸੇ ਗੱਡੀ ਖੜੀ ਕਰ ਲਈ ਤੇ ਬੋਲਿਆ,

''ਭਾਜੀ, ਚੇਤਾ, ਮੈਂ ਕੀ ਕਿਹਾ ਸੀ? ਖ਼ੁਸ਼ੀ ਤੇ ਗਮੀ ਨਾਲ-ਨਾਲ ਹੀ ਰਹਿੰਦੀਆਂ, ਇਕ ਤੋਂ ਬਾਅਦ ਦੂਜੀ ਨੇ ਤੁਹਾਡੇ ਕੋਲ ਆ ਹੀ ਜਾਣਾਂ। ਇਹ ਅਮੀਰ ਲੋਕ ਸੋਚਣ ਲੱਗ ਪੈਂਦੇ ਆ ਕਿ ਖ਼ੁਸ਼ੀ ਉਹਨਾਂ ਦੀ ਰਖੇਲ ਆ ਪਰ ਨਹੀਂ, ...ਖ਼ੁਸ਼ੀ 'ਤੇ ਸਾਡਾ ਸਭ ਦਾ ਹੱਕ ਆ।''

"ਯੂ ਨੋਅ, ਇਹਨਾਂ ਨਾਲ ਆਪਾਂ ਗੱਲਾਂ ਕਰ ਸਕਦੇ ਆਂ?"

"ਨਹੀਂ ਭਾਜੀ, ਮੇਰਾ ਖਿਆਲ ਆ ਕਿ ਆਪਾਂ ਨੂੰ ਏਹਨਾਂ ਦੀ ਖੁਸ਼ੀ ਵਿਚ ਖਲਲ ਨਹੀਂ ਪਾਉਣਾ ਚਾਹੀਦਾ।"

ਆਖਦਿਆਂ ਉਸ ਨੇ ਗੱਡੀ ਤੋਰ ਲਈ। ਉਹ ਦੋਵੇਂ ਹੀ ਏਨਾ ਭਾਵੁਕ ਹੋ ਗਏ ਸਨ ਕਿ ਕਾਫੀ ਦੇਰ ਤਕ ਗੱਲ ਨਾ ਕਰ ਸਕੇ। ਕੁਝ ਮੀਲ ਹੋਰ ਅੱਗੇ ਗਏ ਤਾਂ ਗੁਪਾਲੇ ਨੇ ਆਖਿਆ,

"ਭਾਜੀ, ਓਹ ਦੇਖੋ ਲੰਬੀ 'ਚੋਂ ਨਿਕਲਦਾ ਧੂੰਆਂ। ਲੱਗਦਾ ਵੇਲਣਾ ਚੱਲਦਾ। ਜੇ ਗੁੜ ਲੈਣਾ ਤਾਂ।"

ਥੋੜੀ ਦੂਰੀ 'ਤੇ ਸੱਚ ਹੀ ਵੇਲਣਾ ਚੱਲ ਰਿਹਾ ਸੀ। ਮੈਲੇ ਜਿਹੇ ਕਪੜਿਆਂ ਵਾਲੀ ਔਰਤ ਮੇਜ਼ ਉਪਰ ਗੁੜ ਰੱਖੀ ਬੈਠੀ ਸੀ। ਬਾਂਸਾਂ ਜਿਹੇ ਗੰਨਿਆਂ ਦਾ ਢੇਰ ਇਕ ਪਾਸੇ ਪਿਆ ਸੀ। ਕੁਝ ਲੋਕ ਵੇਲਣੇ ਦੁਆਲੇ ਕੰਮ ਕਰਦੇ ਫਿਰਦੇ ਸਨ। ਇਕ ਗੰਨੇ ਲਾ ਰਿਹਾ ਸੀ ਤੇ ਦੂਜਾ ਰਸ ਨਾਲ ਭਰੀ ਬਾਲਟੀ ਮੁਹਰਿਓਂ ਚੁੱਕ ਕੇ ਮੱਟ ਵਿਚ ਪਾ ਰਿਹਾ ਸੀ ਤੇ ਪੀੜ ਵੀ ਹਟਾ ਰਿਹਾ ਸੀ। ਚੁੱਭੇ 'ਤੇ ਕੜਾਹਾ ਚੜ੍ਹਿਆ ਹੋਇਆ ਸੀ। ਇਕ ਬੰਦਾ ਕੜਾਹੇ ਚਿ ਡੋਹਣਾ ਫੇਰ ਰਿਹਾ ਸੀ ਤੇ ਇਕ ਕੜਾਹੇ ਹੇਠ ਝੋਂਕ ਰਿਹਾ ਸੀ। ਇਕ ਜਣਾ ਉਹਨਾਂ ਵੱਲ ਤੁਰ ਆਇਆ ਤੇ ਬੋਲਿਆ,

"ਬਾਬੂ ਜੀ, ਤਾਜ਼ਾ ਗੁੜ ਚਾਹੀਏ ਤੋ ਪੱਤ ਤਿਆਰ ਹੈ।"

ਅਰਵਿੰਦ ਤੋਂ ਪਹਿਲਾਂ ਹੀ ਗੁਪਾਲੇ ਨੇ ਕਿਹਾ,

"ਭੱਈਆ, ਪੱਤ ਵਿਚ ਪਾਉਣ ਲਈ ਕੀ ਕੀ ਆ?"

"ਮੂੰਗਫਲੀ ਹੈ ਜੀ।"

"ਹੋਰ ਕੁਝ ਨਹੀਂ?"

"ਜੀ ਨਹੀਂ।"

ਗੁਪਾਲਾ ਅਰਵਿੰਦ ਵੱਲ ਦੇਖਣ ਲੱਗਿਆ। ਉਸ ਅੱਗੋਂ ਕਿਹਾ,

"ਪਹਿਲਾਂ ਥੋੜਾ ਜਿਹਾ ਗੁੜ ਖਾ ਕੇ ਦੇਖ, ਜੇ ਵਧੀਆ ਤਾਂ ਮੂੰਗਫਲੀ ਹੀ ਪੁਆ ਲਵਾਂਗੇ।"

ਗੁਪਾਲੇ ਨੇ ਤਿਆਰ ਗੁੜ ਵਿਚੋਂ ਇਕ ਪੇਸੀ ਚੁੱਕੀ ਤੇ ਡਲ਼ੀ ਤੋੜ ਕੇ ਮੂੰਹ ਵਿਚ ਪਾਉਂਦਾ ਬੋਲਿਆ,

"ਭਾਜੀ, ਏਹਦੇ ਵਿਚ ਕਣ ਤਾਂ ਬਿਲਕੁਲ ਹੀ ਨਹੀਂ।"

ਉਸ ਨੇ ਇਕ ਡਲ਼ੀ ਅਰਵਿੰਦ ਨੂੰ ਵੀ ਫੜਾ ਦਿਤੀ। ਗੁੜ ਸਵਾਦ ਨਹੀਂ ਸੀ। ਗੁਪਾਲਾ ਬੋਲਿਆ,

"ਬੇਮੌਸਮਾ ਗੁੜ ਏਦਾਂ ਦਾ ਹੀ ਹੁੰਦਾ।"

ਉਹ ਸਿਰ ਮਾਰਦੇ ਉਥੋਂ ਤੁਰ ਪਏ। ਗੱਡੀ ਵਿਚ ਬੈਠਦਿਆਂ ਹੀ ਵੇਲਾਂ ਦਾ ਫੋਨ ਆ ਗਿਆ। ਅਰਵਿੰਦ ਉਸ ਦਾ ਫੋਨ ਉਡੀਕ ਹੀ ਰਿਹਾ ਸਾਂ। ਉਸ ਨੇ ਸੀਟ ਦੀ ਬੁਕਿੰਗ ਬਾਰੇ ਦੱਸਣਾ ਸੀ। ਉਸ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਅਰਵਿੰਦ ਗੁੜ ਬਾਰੇ ਦੱਸਣ ਲੱਗ ਪਿਆ। ਵੇਲਾਂ ਬੋਲੀ,

"ਰਹਿਣ ਦਿਓ ਗੁੜ, ਭੈਣ ਜੀ ਦਾ ਨਖਰਾ ਵੀ ਜ਼ਰਾ ਉਚਾ ਐ। ਕਹੇਗੀ ਜਾਣ ਕੇ ਏਦਾਂ ਦਾ ਲਿਆਂਦਾ।"

"ਯੂ ਨੋਅ, ਮੇਰੀ ਸੀਟ ਦਾ ਕੀ ਬਣਿਆਂ?"

"ਪੱਚੀ ਦੀ ਹੋ ਰਹੀ ਐ, ਕਰਵਾ ਦੇਵਾਂ?"

"ਅੱਜ ਵੀਹ ਹੋ ਗਈ, ਏਦੂੰ ਪਹਿਲਾਂ ਦੀ ਨਹੀਂ ਮਿਲਦੀ?"

"ਮੈਂ ਕੋਸ਼ਿਸ਼ ਕਰਦੀ ਆਂ ਪਰ ਮੈਨੂੰ ਲੱਗਦਾ ਨਹੀਂ।"

ਆਖਦਿਆਂ ਵੇਲਾਂ ਨੇ ਫੋਨ ਰੱਖ ਦਿੱਤਾ। ਅਰਵਿੰਦ ਦਿਨ ਗਿਣਨ ਲੱਗਿਆ। ਇਕ ਪਟਿਆਲੇ ਲਈ, ਇਕ ਕੀਰਤ ਪੁਰ ਲਈ, ਇਕ ਦਿੱਲੀ ਲਈ। ਦਿਨ ਤਾਂ ਤਿੰਨ ਹੀ ਕਾਫੀ ਸਨ। ਹੁਣ ਜਦੋਂ ਦਾ ਉਹ ਨੇ ਵਾਪਸ ਮੁੜ ਜਾਣ ਦਾ ਸੋਚਿਆ ਤਾਂ ਉਸ ਦਾ ਮਨ ਕਾਹਲਾ ਪੈਣ ਲੱਗ ਪਿਆ ਸੀ। ਡਾਕਟਰ ਗੋਬਿੰਦਰ ਗਰੇਵਾਲ ਦੇ ਫੋਨ ਨੇ ਉਸ ਨੂੰ ਖਿਆਲਾਂ ਵਿਚੋਂ ਕੱਢਿਆ। ਗਰੇਵਾਲ ਪੁੱਛ ਰਿਹਾ ਸੀ,

"ਕਿਥੇ ਕੁ ਪੁੱਜੇ ਹੋ?"

ਉਸ ਨੇ ਗੁਪਾਲੇ ਨੂੰ ਇਸ਼ਾਰੇ ਨਾਲ ਪੁੱਛਿਆ। ਉਹ ਰਾਜਪੁਰੇ ਆ ਗਏ ਆ ਗਏ ਸਨ। ਅੱਧਾ ਘੰਟਾ ਹੋਰ ਸੀ। ਗੋਬਿੰਦਰ ਗਰੇਵਾਲ ਬੋਲਿਆ,

"ਜ਼ਰਾ ਡਰਾਈਵਰ ਨੂੰ ਦੇਣਾ ਫੋਨ ਉਸ ਨੂੰ ਮੈਂ ਰਾਹ ਗਾਈਡ ਕਰ ਦੇਵਾਂ।"

ਅਰਵਿੰਦ ਨੇ ਫੋਨ ਗੁਪਾਲੇ ਨੂੰ ਫੜਾ ਦਿੱਤਾ। ਗੁਪਾਲੇ ਨੇ ਗੱਡੀ ਚਲਾਉਂਦੇ ਚਲਾਉਂਦੇ ਹੀ ਰਾਹ ਸਮਝ ਲਿਆ। ਪੱਚੀ ਕੁ ਮਿੰਟ ਵਿਚ ਹੀ ਉਹ ਗਰੇਵਾਲ ਦੇ ਘਰ ਦੇ ਬਾਹਰ ਖੜੇ ਸਨ। ਗੱਡੀ ਖੜੀ ਹੁੰਦਿਆਂ ਹੀ ਗਰੇਵਾਲ ਬਾਹਰ ਆ ਗਿਆ ਤੇ ਦੂਰੋਂ ਹੀ ਉੱਚੀ ਅਵਾਜ਼ ਵਿਚ ਬੋਲਿਆ,

"ਵੈਲਕਮ ਟੂ ਪਟਿਆਲਾ ਸਰ ਜੀ, ਵੈਲਕਮ!"

"ਥੈਂਕਸ।"

"ਸਰ ਜੀ, ਬਾਹਰ ਬਹੁਤ ਗਰਮੀ ਏ, ਜਲਦੀ ਨਾਲ ਅੰਦਰ ਆ ਜਾਓ।"

ਉਹ ਅਰਵਿੰਦ ਦਾ ਹੱਥ ਫੜ ਕੇ ਅੰਦਰ ਲੈ ਗਿਆ। ਉਸ ਦੀ ਰਿਹਾਇਸ਼ ਉਪਰਲੀ ਮੰਜ਼ਿਲ 'ਤੇ ਸੀ। ਉਹ ਪੌੜੀਆਂ ਚੜ੍ਹ ਗਏ। ਬੈਠਕ ਵਿਚ ਗਏ ਤਾਂ ਉਹ ਇਕ ਸੋਫੇ ਵੱਲ ਇਸ਼ਾਰਾ ਕਰਦਾ ਕਹਿਣ ਲੱਗਿਆ,

"ਲਓ ਜੀ, ਤਸ਼ਰੀਫ ਰੱਖੋ।"

ਅਰਵਿੰਦ ਬੈਠ ਗਿਆ। ਨੌਕਰ ਠੰਡਾ ਸ਼ਰਬਤ ਲੈ ਆਇਆ। ਇੰਡੀਆ ਆਏ ਅਰਵਿੰਦ ਨੇ ਪਹਿਲੀ ਵਾਰੀ ਸ਼ਰਬਤ ਪੀਤਾ ਸੀ। ਉਸ ਨੇ ਸ਼ਰਬਤ ਦੀ ਤਾਰੀਫ ਕੀਤੀ ਤਾਂ ਗਰੇਵਾਲ ਨੇ ਇਕ ਗਲਾਸ ਹੋਰ ਮੰਗਵਾ ਲਿਆ। ਉਹ ਬੋਲਿਆ,

"ਇਹ ਇੰਡੀਆ ਦਾ ਮੌਸਮ ਬੜਾ ਖਰਾਬ ਏ ਜੀ, ਇੰਗਲੈਂਡ ਦਾ ਮੌਸਮ ਤਾਂ ਦਸਦੇ ਨੇ ਕਿ ਬਹੁਤ ਹੀ ਵਧੀਆ ਏ।"

"ਜੀ, ਏਨੀ ਗਰਮੀ ਨਹੀਂ ਪੈਂਦੀ ਪਰ ਓਨੀ ਠੰਡ ਬਹੁਤੀ ਪੈ ਜਾਂਦੀ ਐ।"

"ਠੰਡ ਤਾਂ ਏਥੇ ਵੀ ਬਹੁਤ ਪੈਂਦੀ ਏ ਜੀ, ਦੋ ਦੋ ਮਹੀਨੇ ਧੁੰਦ ਹੀ ਪਈ ਰਹਿੰਦੀ ਏ, ਹੱਥ ਨੂੰ ਹੱਥ ਨਹੀਂ ਦਿਸਦਾ। ਅਜਿਹੇ ਮੌਸਮ ਵਿਚ ਡਰਾਈਵਿੰਗ ਕਰਨਾ ਤਾਂ ਮੌਤ ਨਾਲ ਖੇਡਣ ਵਾਲੀ ਗੱਲ ਹੁੰਦੀ ਏ ਜੀ।"

"ਮੈਂ ਵੀ ਏਦਾਂ ਹੀ ਸੁਣਿਆਂ, ...ਧੁੰਦ ਤੋਂ ਡਰਦੇ ਤਾਂ ਕਈ ਲੋਕ ਇਥੇ ਛੁੱਟੀਆਂ ਕੱਟਣ ਵੀ ਨਹੀਂ ਆਉਂਦੇ।"

"ਮੇਰਾ ਇਕ ਦੋਸਤ ਜਾ ਕੇ ਆਇਆ ਤੁਹਾਡੇ ਮੁਲਕ, ਦੱਸਦਾ ਸੀ ਕਿ ਉਥੇ ਏਨੀ ਠੰਡ ਹੋਣ ਦੇ ਬਾਵਜੂਦ ਵੀ ਧੁੰਦ ਨਹੀਂ ਪੈਂਦੀ।"

"ਧੁੰਦ ਤਾਂ ਉਥੇ ਵੀ ਬਹੁਤ ਪੈ ਜਾਂਦੀ ਐ ਪਰ ਲਗਾਤਾਰ ਘੱਟ ਪੈਂਦੀ ਐ।"

"ਮੇਰਾ ਵੀ ਦਿਲ ਕਰਦਾ ਕਿ ਹੁਣ ਬਾਹਰਲਾ ਚੱਕਰ ਮਾਰ ਕੇ ਆਵਾਂ।"

"ਬਿਲਕੁਲ ਜਾਣਾ ਚਾਹੀਦਾ ਡਾਕਟਰ ਸਾਹਿਬ, ਬਾਹਰਲੀ ਦੁਨੀਆਂ ਵੀ ਦੇਖਣੀ ਚਾਹੀਦੀ ਐ।"

"ਇਹਦੇ ਲਈ ਕੋਈ ਖਾਸ ਪੇਪਰ ਚਾਹੀਦੇ ਹੁੰਦੇ ਨੇ?"

"ਡਾਕਟਰ ਸਾਹਿਬ, ਤੁਹਾਨੂੰ ਕਿਹੜੇ ਪੇਪਰ ਦੀ ਲੋੜ ਪੈ ਸਕਦੀ ਐ! ਜੇ ਕਿਸੇ ਦੀ ਹੋਵੇ ਤਾਂ ਮੈਨੂੰ ਦੱਸਣਾ, ਕੋਈ ਮਸਲਾ ਹੀ ਨਹੀਂ ਜੀ।"

"ਥੈਂਕਸ ਜੀ। ਮੈਂ ਸੁਮੀਤ ਸਹੋਤਾ ਤੋਂ ਤੁਹਾਡੇ ਬਾਰੇ ਪੁੱਛਿਆ ਸੀ। ਦੱਸਦਾ ਸੀ ਕਿ ਤੁਸੀਂ ਡਾਇਸਪੋਰਾ ਬਾਰੇ ਬੁੱਕ ਲਿਖ ਰਹੇ ਓ। ਤੁਹਾਡੀ ਉਥੇ ਦੇ ਦੋਸਤਾਂ ਨਾਲ ਹੋਈ ਮੀਟਿੰਗ ਦੀ ਰਿਪ੍ਰੋਟ ਵੀ ਪੜ੍ਹੀ ਸੀ। ਚੰਗੀ ਲੱਗੀ, ਇਸੇ ਕਰਕੇ ਅਸੀਂ ਸੋਚਿਆ ਕਿ ਤੁਹਾਡੀਆਂ ਗੱਲਾਂ ਸੁਣ ਲਈਏ।"

"ਕਿਤਾਬ ਤਾਂ ਡਾਕਟਰ ਸਾਹਿਬ, ਕਈ ਸਾਲ ਤੋਂ ਵਿਚਕਾਰ ਹੀ ਪਈ ਐ। ਹਾਲੇ ਕਾਫੀ ਕੰਮ ਕਰਨ ਵਾਲਾ ਪਿਆ। ਕਦੇ ਕਦੇ ਮੈਂ ਸੋਚਦਾਂ ਕਿ ਲੰਮੀ ਛੁੱਟੀ ਲੈ ਕੇ ਪੂਰੀ ਕਰ ਹੀ ਲਵਾਂ। ਅਸਲ ਵਿਚ ਮੈਨੂੰ ਕੁਝ ਦੇਸ਼ਾਂ ਦਾ ਗੇੜਾ ਮਾਰਨਾ ਪਵੇਗਾ, ਕੁਝ ਦੇਸ਼ਾਂ ਵਿਚ ਤਾਂ ਗਿਆ ਵੀ ਆਂ। ਦੇਖੋ ਦੋ ਕੁ ਸਾਲ ਵਿਚ ਪੂਰੀ ਕਰ ਦੇਵਾਂਗਾ।"

"ਲੱਗਦਾ ਏ ਕਿ ਬਹੁਤ ਮਿਹਨਤ ਕਰ ਰਹੇ ਓ, ਸਾਡੇ ਲੋਕ ਤਾਂ ਛੇਈਂ ਮਹੀਨੀਂ ਕਿਤਾਬ ਕੱਢ ਕੇ ਓਹ ਮਾਰਦੇ ਨੇ।"

"ਨਿਰਭਰ ਕਰਦਾ ਜੀ ਕਿ ਕਿਹੜੇ ਸਬਜੈਕਟ 'ਤੇ ਕਿਤਾਬ ਐ, ਇਤਿਹਾਸ ਬਹੁਤ ਜ਼ਿੰਮੇਵਾਰੀ ਦਾ ਕੰਮ ਐ।"

ਉਹਨਾਂ ਦੇ ਗੱਲਾਂ ਕਰਦਿਆਂ ਇਕ ਕੁੜੀ ਆ ਗਈ। ਉਸ ਨੇ ਆ ਕੇ ਉਹਨਾਂ ਦੋਨਾਂ ਨੂੰ ਦੋਨਾਂ ਨੂੰ 'ਸਤਿ ਸ੍ਰੀ ਅਕਾਲ' ਬੁਲਾਈ। ਗੋਬਿੰਦਰ ਗਰੇਵਾਲ ਬੋਲਿਆ,

"ਇਹ ਮੇਰੀ ਸਟੂਡੈਂਟ ਏ ਜੀ, ਸੁਖਪ੍ਰੀਤ। ਬਹੁਤ ਹੋਣ ਹਾਰ ਵਿਦਿਆਰਥਣ ਏ। ਅਗਲੇ ਸਾਲ ਡਿਗਰੀ ਕਰ ਜਾਏਗੀ।"

ਸੁਖਪ੍ਰੀਤ ਕੁਝ ਮਿੰਟ ਉਹਨਾਂ ਕੋਲ ਬੈਠੀ ਤੇ ਰਸੋਈ ਵਿਚ ਚਲੇ ਗਈ। ਗੋਬਿੰਦਰ ਗਰੇਵਾਲ ਵੀ ਉੱਠ ਕੇ ਰਸੋਈ ਵਿਚ ਜਾ ਵੜਿਆ। ਅਰਵਿੰਦ ਦੇ ਕੰਨ ਵੀ ਉਸ ਦੇ ਮਗਰ ਹੀ ਤੁਰ ਗਏ। ਗਰੇਵਾਲ ਕੁੜੀ ਨਾਲ ਗੱਲਾਂ ਕਰਦਾ ਕੁਝ ਗੁੱਸਾ ਵੀ ਦਿਖਾ ਰਿਹਾ ਸੀ ਤੇ ਫਿਰ ਪਿਆਰ ਨਾਲ ਗੱਲ ਕਰਨ ਲੱਗਦਾ। ਕੁਝ ਦੇਰ ਬਾਅਦ ਉਹ ਵਾਪਸ ਆ ਗਿਆ ਤੇ ਬੋਲਿਆ,

"ਸਰਜੀ, ਮੈਂ ਸੋਚਦਾਂ ਕਿ ਸ਼ਾਇਦ ਤੁਸੀਂ ਭੁੱਖੇ ਹੋਵੋਂ ਇਸ ਲਈ ਮੈਂ ਕੁਝ ਖਾਣੇ ਦਾ ਇੰਤਜ਼ਾਮ ਕਰ ਰਿਹਾਂ।"

"ਡਾਕਟਰ ਸਾਹਿਬ, ਮੈਂ ਰੱਜਿਆ ਹੋਇਆਂ, ਰਾਹ ਵਿਚ ਖਾਕੇ ਹੀ ਆਇਆਂ। ਹੁਣ ਆਪਾਂ ਰਾਤ ਨੂੰ ਹੀ ਖਾਣਾ ਖਾਵਾਂਗੇ।"

"ਚਲੋ, ਕੁਝ ਬਾਈਟਿੰਗ ਕਰ ਲਿਓ, ਹੁਣ ਇਹ ਦੱਸੋ ਕਿ ਕਿਹੜੀ ਪੀਓਗੇ। ਸਕੌਚ ਵੀ ਹੈਗੀ ਮੇਰੇ ਕੋਲ।"

ਗੱਲ ਕਰਦਿਆਂ ਉਸ ਨੇ ਅਲਮਾਰੀ ਖੋਹਲ ਦਿਤੀ ਜਿਸ ਵਿਚ ਸ਼ਰਾਬ ਦੀਆਂ ਕੁਝ ਬੋਤਲਾਂ ਪਈਆਂ ਦਿਸ ਰਹੀਆਂ ਸਨ। ਅਰਵਿੰਦ ਨੇ ਕਿਹਾ,

"ਡਾਕਟਰ ਸਹਿਬ, ਮੈਂ ਤਾਂ ਕੁਝ ਵੀ ਪੀ ਲੈਨਾਂ, ਸਗੋਂ ਇੰਡੀਅਨ ਵਿਸਕੀ ਤਾਂ ਮੈਨੂੰ ਚੰਗੀ ਲੱਗਦੀ ਐ ਪਰ ਮੈਂ ਇਕ ਜਾਂ ਦੋ ਡਰਿੰਕਾਂ ਹੀ ਲੈਣੀਆਂ ਹੁੰਦੀਆਂ ਪਰ ਮੈਂ ਹਾਲੇ ਨਹੀਂ ਪੀਣੀ, ਹਾਲੇ ਤਾਂ ਬਹੁਤ ਅਰਲੀ ਏ।"

ਗਰੇਵਾਲ ਨੇ ਅਰਵਿੰਦ ਦੀ ਇਕ ਨਾ ਸੁਣੀ ਤੇ ਬੋਤਲ ਚੁੱਕ ਲਿਆਇਆ। ਲੋ-ਮੱਲੀ ਦੋ ਪੈੱਗ ਵੀ ਬਣਾ ਲਏ। ਉਸ ਨੇ ਆਪਣਾ ਪੈੱਗ ਜਲਦੀ ਹੀ ਖਿੱਚ ਲਿਆ। ਗਰੇਵਾਲ ਦੇ ਪੈੱਗ ਬਣਾਉਣ ਦੇ ਅੰਦਾਜ਼ ਤੋਂ ਹੀ ਲੱਗਦਾ ਸੀ ਕਿ ਉਹ ਗਰਾੜੀ ਬੰਦਾ ਸੀ। ਅਰਵਿੰਦ ਨੇ ਆਪਣੇ ਪੈੱਗ ਵਿਚੋਂ ਇਕ ਸਿੱਪ ਲੈ ਕੇ ਵਾਪਸ ਰੱਖ ਦਿਤਾ। ਗੋਬਿੰਦਰ ਗਰੇਵਾਲ ਨੇ ਆਪਣੇ ਲਈ ਇਕ ਹੋਰ ਪਾ ਲਿਆ ਤੇ ਉਸ ਦੀ ਜ਼ੁਬਾਨ ਥਥਲਾਉਣ ਲੱਗ ਪਈ। ਇਵੇਂ ਜਾਪਦਾ ਸੀ ਕਿ ਇਕ ਹੋਰ ਪੈੱਗ ਨਾਲ ਉਹ ਡਿਗ ਪਵੇਗਾ। ਅਰਵਿੰਦ ਸੋਚਣ ਲੱਗਿਆ ਕਿ ਕਿਥੇ ਆ ਫਸਿਆ ਸੀ ਉਹ। ਗਰੇਵਾਲ ਵਲੋਂ ਰੱਖੀ ਗਈ ਸ਼ਾਮ ਦੀ ਮੀਟਿੰਗ ਅਜਿਹੇ ਹਾਲਾਤ ਵਿਚ ਕਿਵੇਂ ਹੋ ਸਕਣੀ ਸੀ। ਗਰੇਵਾਲ ਅਰਵਿੰਦ ਦੇ ਨਜ਼ਦੀਕ ਨੂੰ ਹੁੰਦਾ ਬੋਲਿਆ,

"ਇਥੇ ਆ ਕੇ ਕੋਈ ਰੰਗੀਨੀ ਵੀ ਦੇਖੀ?"

"ਨਹੀਂ ਡਾਕਟਰ ਸਾਹਿਬ, ਕੁਝ ਨਹੀਂ ਦੇਖਿਆ।"

"ਲਓ ਜੀ, ਮੈਂ ਵੀ ਕਿਹੜਾ ਸਵਾਲ ਕੀਤਾ ਏ! ਤੁਹਾਡਾ ਮੁਲਕ ਤਾਂ ਰੰਗੀਨੀਆਂ ਦਾ ਭਰਿਆ ਪਿਆ ਏ।"

ਗੱਲ ਕਰਦਾ ਗਰੇਵਾਲ ਜ਼ੋਰ ਨਾਲ ਹੱਸਿਆ। ਅਰਵਿੰਦ ਨੇ ਵੀ ਉਸ ਦਾ ਥੋੜਾ ਜਿਹਾ ਸਾਥ ਦਿਤਾ। ਗਰੇਵਾਲ ਫਿਰ ਬੋਲਿਆ,

"ਲਓ ਜੀ, ਮੈਂ ਹੁਣ ਇੰਗਲੈਂਡ ਦਾ ਗੇੜਾ ਮਾਰਨਾ ਏਂ, ਤੁਹਾਡੇ ਕੋਲ ਆਉਣਾ ਏਂ। ...ਜਿਹੋ ਜਿਹਾ ਸੁਮੀਤ ਸਹੋਤਾ, ਉਹੋ ਜਿਹਾ ਮੈਂ।"

**ਪੱਚੀ**

ਸ਼ਾਮ ਦੀ ਮਹਿਫਲ ਵਿਚ ਕੁਲ ਤੇਰਾਂ ਵਿਅਕਤੀ ਸਨ। ਇਹਨਾਂ ਵਿਚ ਤਿੰਨ ਔਰਤਾਂ ਵੀ ਸਨ। ਅੰਮ੍ਰਿਤਸਰ ਵਾਂਗ ਇਥੇ ਵੀ ਅਰਵਿੰਦ ਨੂੰ ਡਾਕਟਰ ਸਾਹਿਬ ਕਹਿ ਕੇ ਹੀ ਸੰਬੋਧਨ ਹੋ ਰਹੇ ਸਨ ਤੇ ਹੁਣ ਤਕ ਉਹ ਇਸ ਦਾ ਅਨੰਦ ਲੈਣ ਲੱਗਿਆ ਸੀ। ਇਹਨਾਂ ਡਾਕਟਰਾਂ ਵਿਚ ਕੁਝ ਵਿਦਿਆਰਥੀ ਦਿਸਦੇ ਮੁੰਡੇ ਸੇਵਾ ਵਿਚ ਤੁਰੇ ਫਿਰਦੇ ਸਨ। ਨਵੀਂ ਗੱਲ ਇਹ ਲੱਗੀ ਕਿ ਆਉਣ ਵਾਲੇ ਵਿਸਕੀ ਜਾਂ ਬੀਅਰ ਦੀਆਂ ਬੋਤਲਾਂ ਲਿਆ ਕੇ ਇਕ ਮੇਜ਼ ਉਪਰ ਰੱਖਦੇ ਜਾ ਰਹੇ ਸਨ। ਅਰਵਿੰਦ ਨੂੰ ਗੋਰਿਆਂ ਵਾਲਾ ਤਰੀਕਾ ਚੰਗਾ ਲੱਗ ਰਿਹਾ ਸੀ। ਇਹ ਵੀ ਕਹਿ ਦਿੱਤਾ ਗਿਆ ਸੀ ਕਿ ਜਿੰਨੀ ਕਿਸੇ ਦੀ ਮਰਜ਼ੀ ਪੀ ਲਵੇ। ਕੋਈ ਕਿਸੇ 'ਤੇ ਦਬਾਅ ਨਹੀਂ। ਗੋਬਿੰਦਰ ਗਰੇਵਾਲ ਕੁੜਤਾ-ਪਜਾਮਾ ਪਾਈ ਤੇ ਸਿਰ 'ਤੇ ਪੀਲੇ ਰੰਗ ਦਾ ਪਟਕਾ ਬੰਨੀ ਮਹਿਮਾਨ ਨਿਵਾਜ਼ੀ ਵਿਚ ਰੁੱਝਿਆ ਹੋਇਆ ਸੀ। ਅਰਵਿੰਦ ਦੇ ਅੰਦਾਜ਼ੇ ਤੋਂ ਉਲਟ ਉਹ ਥੋੜਾ ਚਿਰ ਸੌਂ ਕੇ ਬਿਲਕੁਲ ਤਾਜ਼ਾ-ਫੁੱਲ ਹੋ ਗਿਆ ਸੀ। ਉਹ ਹਰ ਇਕ ਨਾਲ ਅਰਵਿੰਦ ਨੂੰ ਮਿਲਾਉਂਦੇ ਸਮੇਂ ਚਾਅ ਵਿਚ ਭਰਿਆ ਹੁੰਦਾ ਤੇ ਉਸ ਨਾਲ ਆਪਣੀ ਨੇੜਤਾ ਦੀ ਖੁਲ੍ਹ ਕੇ ਪਰਦਰਸ਼ਨੀ ਕਰਦਾ।

ਮਹਿਫਲ ਸ਼ੁਰੂ ਹੋਈ। ਸਭ ਤੋਂ ਪਹਿਲਾਂ ਅਰਵਿੰਦ ਨੂੰ ਹੀ ਬੋਲਣ ਲਈ ਕਿਹਾ ਗਿਆ। ਉਸ ਨੇ ਉਹੀ ਗੱਲਾਂ ਕੀਤੀਆਂ ਜਿਹੜੀਆਂ ਅੰਮ੍ਰਿਤਸਰ ਕਹੀਆਂ ਸਨ। ਉਸ ਨੂੰ ਲੱਗਦਾ ਸੀ ਕਿ ਇਹ ਉਸ ਤੋਂ ਆਰਥਿਕਤਾ ਨਾਲ ਸਬੰਧਤ ਗੱਲਾਂ ਹੀ ਪੁੱਛਣਗੇ ਇਸ ਲਈ ਉਸ ਨੇ ਗੂਗਲ ਤੇ ਸਰਫ ਕਰਕੇ ਹੋਰ ਜਾਣਕਾਰੀ ਹਾਸਲ ਕਰ ਲਈ ਹੋਈ ਸੀ। ਅੱਜ ਉਹ ਜਵਾਬ ਦੇਣ ਲਈ ਪੂਰੇ ਆਤਮ-ਵਿਸ਼ਵਾਸ ਵਿਚ ਸੀ। ਉਸ ਨੇ ਆਪਣੀ ਗੱਲ ਵਿਚ ਡਾਇਸਪੋਰਾ ਹੀ ਕੇਂਦਰ ਵਿਚ ਰੱਖਿਆ। ਉਹ ਸੋਚਦਾ ਸੀ ਕਿ ਜਿਸ ਵਿਸ਼ੇ ਬਾਰੇ ਉਸ ਨੂੰ ਪੂਰੀ ਵਾਕਫੀ ਸੀ ਉਸ ਬਾਰੇ ਕੋਈ ਗੱਲ ਕਰੇ ਤਾਂ ਉਹ ਬਿਹਤਰ ਜਵਾਬ ਦੇ ਸਕੇਗਾ। ਸਰੋਤਿਆਂ ਦਾ ਮੂਡ ਉਸਾਰਨ ਦੇ ਵੀ ਕੁਝ ਗੁਣ ਉਸ ਨੇ ਗੂਗਲ ਤੋਂ ਇਕੱਠੇ ਕਰ ਲਏ ਸਨ। ਉਸ ਨੇ ਉਹਨਾਂ ਸਾਰੇ ਮੁਲਕਾਂ ਦਾ ਜ਼ਿਕਰ ਕੀਤਾ ਜਿਥੇ ਜਿਥੇ ਪਿਛਲੀਆਂ ਦੋ ਕੁ ਸਦੀਆਂ ਵਿਚ ਭਾਰਤੀ ਲੋਕ ਗਏ ਸਨ ਤੇ ਉਥੇ ਦੇ ਹੋ ਕੇ ਵੀ ਰਹਿ ਗਏ ਸਨ। ਅੱਜ ਉਸ ਨੇ ਆਪਣੀ ਗੱਲ ਮੁਕਾਉਣ ਵਿਚ ਕੁਝ ਦੇਰੀ ਵੀ ਲਗਾਈ। ਉਸ ਦੀ ਗੱਲ ਖਤਮ ਹੋਣ ਤੋਂ ਬਾਅਦ ਮਿੰਟ ਕੁ ਲਈ ਚੁੱਪ ਜਿਹੀ ਛਾਈ ਰਹੀ। ਫਿਰ ਡਾਕਟਰ ਕ੍ਰਿਸ਼ਨ ਵਾਲੀਆ ਨੇ ਸਕੱਤਰੀ ਸੰਭਾਲਦਿਆਂ ਕਿਹਾ,

"ਜੀ, ਡਾਕਟਰ ਸਾਹਿਬਾਨ, ਹੁਣ ਕਿਸੇ ਨੇ ਕੋਈ ਸਵਾਲ ਪੁੱਛਣਾ ਹੋਵੇ ਤੁਸੀਂ ਡਾਕਟਰ ਅਰਵਿੰਦ ਸਿੰਘ ਨੂੰ ਪੁੱਛ ਸਕਦੇ ਹੋ ਪਰ ਵਾਰੀ ਵਾਰੀ। ਸਵਾਲ ਰੈਲੇਵੈਂਟ ਹੋਣੇ ਚਾਹੀਦੇ ਨੇ।"

ਸੱਜੇ ਪਾਸੇ ਬੈਠਾ ਘੁੰਗਰਾਲੇ ਵਾਲਾਂ ਵਾਲਾ ਡਾਕਟਰ ਪੁੱਛਣ ਲੱਗਿਆ,

"ਡਾਕਟਰ ਸਾਹਿਬ, ਸਾਨੂੰ ਇਹ ਦੱਸੋ ਕਿ ਇੰਗਲੈਂਡ ਵਿਚ ਆਪਣੀ ਬੋਲੀ ਦਾ ਕੀ ਭਵਿੱਖ ਏ? ਇਹ ਰਹੇਗੀ ਜਾਂ ਛੇਤੀ ਹੀ ਖਤਮ ਹੋ ਜਾਏਗੀ?"

"ਯੂ ਨੋਅ, ਪੰਜਾਬੀ ਬੋਲੀ ਦੀਆਂ ਤਾਂ ਇਸ ਮੁਲਕ ਵਿਚ ਖਤਮ ਹੋਣ ਦੀਆਂ ਗੱਲਾਂ ਹੋ ਰਹੀਆਂ, ਫੇਰ ਉਹ ਤਾਂ ਬੇਗਾਨਾ ਮੁਲਕ ਐ। ਜਿੰਨਾ ਚਿਰ ਮਾਈਗਰੇਸ਼ਨ ਹੁੰਦੀ ਰਹੇਗੀ, ਪੰਜਾਬੀ ਬੋਲਦੇ ਲੋਕ ਉਥੇ ਪੁੱਜਦੇ ਰਹਿਣਗੇ, ਪੰਜਾਬੀ ਕਿਸੇ ਨਾ ਕਿਸੇ ਤਰ੍ਹਾਂ ਹਾਜ਼ਰ ਰਹੇਗੀ। ਜਿਸ ਦਿਨ ਪੰਜਾਬੀ ਨਾ ਗਏ ਤਾਂ ਪੰਜਾਬੀ ਖਤਮ। ਉਥੇ ਵਸਦੇ ਲੋਕਾਂ ਵਿਚ ਤਾਂ ਪੰਜਾਬੀ ਕਿਸੇ ਨਾ ਕਿਸੇ ਤਰ੍ਹਾਂ ਅਗਲੀ ਜਾਂ ਉਸ ਤੋਂ ਅਗਲੀ ਪੀੜ੍ਹੀ ਤਕ ਖਤਮ ਹੋ ਜਾਣੀ ਐਂ।"

"ਤੁਸੀਂ ਲੋਕ ਪੰਜਾਬੀ ਸੰਭਾਲਣ ਲਈ ਕੀ ਕਰ ਰਹੇ ਓ?"

"ਅਸੀਂ ਜੋ ਵੀ ਕਰ ਸਕਦੇ ਆਂ ਕਰ ਰਹੇ ਆਂ, ਗੁਰਦਵਾਰਿਆਂ ਵਿਚ ਪੰਜਾਬੀ ਪੜ੍ਹਾਈ ਜਾ ਰਹੀ ਐ, ਸਿੱਖ ਸਕੂਲ ਵੀ ਖੁਲ੍ਹ ਰਹੇ ਆ ਪਰ ਉਥੇ ਦੇ ਹਾਲਾਤ ਮੁਤਾਬਕ ਏਨਾ ਕੁਝ ਹੀ ਪੰਜਾਬੀ ਲਈ ਕੀਤਾ ਜਾ ਸਕਦੈ। ਪੰਜਾਬੀ ਦਾ ਭਵਿੱਖ ਬਹੁਤਾ ਉਜਲਾ ਨਹੀਂ। ਵੈਸੇ ਵੀ ਉਹਨਾਂ ਬੱਚਿਆਂ ਦੀ ਜ਼ੁਬਾਨ ਪੰਜਾਬੀ ਨਹੀਂ, ਅੰਗਰੇਜ਼ੀ ਐ। ਉਹ ਅੰਗਰੇਜ਼ੀ ਵਿਚ ਹੀ ਸੋਚਦੇ ਆ ਤੇ ਅੰਗਰੇਜ਼ੀ ਵਿਚ ਹੀ ਜਿਉਂਦੇ ਆ। ਉਹਨਾਂ ਨੂੰ ਪੰਜਾਬੀ ਦਾ ਫਿਕਰ ਵੀ ਨਹੀਂ।"

"ਉਥੇ ਦੇ ਕਈ ਬੱਚੇ ਤਾਂ ਸਿੰਘ ਸਜੇ ਹੋਏ ਨੇ, ਕਈ ਤਾਂ ਨਿਹੰਗਾਂ ਵਾਲੇ ਬਾਣੇ ਪਾਈ ਫਿਰਦੇ ਨੇ, ਇਹ ਕਿਉਂ?"

"ਇਹ ਪ੍ਰਚਾਰ ਦਾ ਅਸਰ ਐ ਜੀ ਪਰ ਇਹਨਾਂ ਦਾ ਪ੍ਰਤੀਸ਼ਤ ਬਹੁਤ ਘੱਟ ਐ। ਪੂਰੇ ਇੰਗਲੈਂਡ ਵਿਚ ਅਜਿਹੇ ਨੌਜਵਾਨਾਂ ਦੀ ਕੁਲ ਗਿਣਤੀ ਬਹੁਤੀ ਨਹੀਂ ਹੋਵੇਗੀ। ...ਸਮੁੱਚੇ ਤੌਰ 'ਤੇ ਇੰਗਲੈਂਡ ਵਿਚ ਪੰਜਾਬੀ ਦਾ ਭਵਿੱਖ ਬਹੁਤਾ ਵਧੀਆ ਨਹੀਂ।"

ਅਰਵਿੰਦ ਨੇ ਕਿਹਾ। ਫਿਰ ਉਹ ਆਪਸ ਵਿਚ ਗੱਲਾਂ ਕਰਨ ਲੱਗ ਪਏ ਕਿ ਪੰਜਾਬ ਵਿਚ ਪੰਜਾਬੀ ਬੋਲਣੋਂ ਲੋਕ ਹਟਦੇ ਜਾਂਦੇ ਹਨ ਤੇ ਸਾਨੂੰ ਬਾਹਰਲੇ ਮੁਲਕਾਂ ਤੋਂ ਕੀ ਆਸ ਰੱਖਣੀ ਚਾਹੀਦੀ ਹੈ। ਫਿਰ ਲਾਲ ਜਿਹੀ ਪੱਗ ਵਾਲੇ ਪ੍ਰੋਫੈਸਰ, ਜਿਸ ਦਾ ਨਾਂ ਅਰਵਿੰਦ ਨੂੰ ਬਾਅਦ ਵਿਚ ਪਤਾ ਚੱਲਿਆ ਕਿ ਰਸ਼ਪਾਲ ਸਿੰਘ ਬਾਠ ਸੀ, ਨੇ ਬੋਲਣ ਲਈ ਹੱਥ ਖੜਾ ਕੀਤਾ ਤੇ ਪੁੱਛਣ ਲੱਗਿਆ,

"ਡਾਕਟਰ ਸਾਹਿਬ, ਮੈਂ ਇੰਗਲੈਂਡ ਦੇ ਕਈ ਚੱਕਰ ਲਾ ਕੇ ਆਇਆਂ। ਸਾਊਥਾਲ ਵਿਚ ਸਾਡੇ ਬਹੁਤ ਸਾਰੇ ਰਿਸ਼ਤੇਦਾਰ ਰਹਿੰਦੇ ਨੇ। ਮੈਨੂੰ ਦੋ ਕੁ ਗੱਲਾਂ ਸਮਝ ਨਹੀਂ ਆਉਂਦੀਆਂ, ਜੇ ਤੁਸੀਂ ਇਸ ਬਾਰੇ ਦੱਸ ਸਕੋਂ ਤਾਂ। ਇਕ ਤਾਂ ਇਹ ਕਿ ਜਦੋਂ ਅਸੀਂ ਜਾਨੇ ਆਂ ਤੁਹਾਡੇ ਬੱਚੇ ਸਾਡੇ ਨਾਲ ਗੱਲ ਨਹੀਂ ਕਰਦੇ। ਦੂਜੇ ਇਹ ਕਿ ਉਹ ਬੱਚੇ ਬਹੁਤੇ ਤੇਜ਼ ਨਹੀਂ, ਸਗੋਂ ਬੌਂਗੇ ਜਿਹੇ ਨੇ। ਤੀਜੇ ਕਿ ਉਹ ਪੰਜਾਬੀ ਬਹੁਤ ਹੀ ਹਸਾਉਣੀ ਤਰੀਕੇ ਦੀ ਬੋਲਦੇ ਨੇ, ਇਹ ਕਿਉਂ?"

ਅਰਵਿੰਦ ਨੂੰ ਲੱਗਿਆ ਜਿਵੇਂ ਉਸ ਦੇ ਮੁੰਡੇ ਨੂੰ ਹੀ ਕਿਸੇ ਨੇ ਬੌਂਗਾ ਕਹਿ ਦਿਤਾ ਹੋਵੇ। ਉਸ ਨੂੰ ਹਿਰਖ ਜਿਹਾ ਹੋਣ ਲੱਗਿਆ। ਉਸ ਨੇ ਕਹਿਣਾ ਸ਼ੁਰੂ ਕੀਤਾ,

"ਯੂ ਨੋਅ, ਇਹ ਤਾਂ ਬਹੁਤ ਹੀ ਸਿੱਧੀ ਗੱਲ ਐ। ਕਿਸੇ ਨਾਲ ਗੱਲ ਕਰਨ ਲਈ ਕੁਝ ਗੱਲਾਂ ਸਾਂਝੀਆਂ ਹੋਣੀਆਂ ਚਾਹੀਦੀਆਂ। ਹੁਣ ਤੁਸੀਂ ਸਾਰੇ ਮਾਪੇ ਬੈਠੇ ਹੋ, ਗੁੱਸਾ ਨਾ ਕਰਨਾ, ਸੋਚੋ ਕਿ ਤੁਹਾਡੇ ਵਿਚੋਂ ਕਿੰਨੇ ਲੋਕ ਬੱਚਿਆਂ ਨਾਲ ਉਹਨਾਂ ਦੀ ਪੱਧਰ ਤੇ ਉਤਰ ਕੇ ਉਹਨਾਂ ਨਾਲ ਰਾਬਤਾ ਜੋੜਨ ਦੀ ਕੋਸ਼ਿਸ਼ ਕਰਦੇ ਆ। ਤੁਸੀਂ ਉੱਚੀ ਜਗਾਹ ਬੈਠ ਕੇ ਹੀ ਬੱਚਿਆਂ ਨਾਲ ਸਾਂਝ ਪਾ ਰਹੇ ਹੁੰਦੇ ਓ। ਜਦੋਂ ਤੁਸੀਂ ਇੰਡੀਆ ਤੋਂ

ਉਥੇ ਜਾਂਦੇ ਹੋ ਤਾਂ ਤੁਹਾਡਾ ਉਹਨਾਂ ਬੱਚਿਆਂ ਨਾਲ ਕੁਝ ਵੀ ਸਾਂਝਾ ਨਹੀਂ ਹੁੰਦਾ, ਨਾ ਕਲਚਰ, ਨਾ ਬੋਲੀ। ਰਿਸ਼ਤੇਦਾਰੀ ਕਿਸੇ ਨਾਲ ਜੁੜਨ ਲਈ ਕਾਫੀ ਨਹੀਂ ਹੁੰਦੀ। ਇਸ ਲਈ ਉਹ ਤੁਹਾਡੇ ਨਾਲ ਘੁਲ਼ਦੇ-ਮਿਲ਼ਦੇ ਨਹੀਂ। ਉਹਨਾਂ ਦਾ ਕਲਚਰ ਇਥੋਂ ਦੇ ਕਲਚਰ ਤੋਂ ਅਲੱਗ ਹੈ ਹੀ, ਦੂਜੀ ਮੁਸ਼ਕਲ ਬੋਲੀ ਦੀ ਵੀ ਹੁੰਦੀ ਐ। ਉਹਨਾਂ ਨੂੰ ਤੁਹਾਡੀਆਂ ਬਹੁਤ ਸਾਰੀਆਂ ਗੱਲਾਂ ਹੀ ਸਮਝ ਨਹੀਂ ਆਉਂਦੀਆਂ, ਤੁਹਾਡੇ ਵਰਤੇ ਮੁਹਾਵਰੇ ਵਗੈਰਾ। ਇਕ ਵਾਰ ਮੇਰੇ ਇਕ ਦੋਸਤ ਦੇ ਮੁੰਡੇ ਨੂੰ ਕਿਸੇ ਨੇ ਕਿਹਾ ਕਿ ਤੂੰ ਬੜਾ ਚਾਰ ਸੌ ਵੀਹ ਐਂ, ਦੋ ਘੰਟੇ ਲੱਗੇ ਉਸ ਨੂੰ ਸਮਝਾਉਣ ਲਈ ਲਈ ਕਿ ਚਾਰ ਸੌ ਵੀਹ ਕੀ ਹੁੰਦੈ। ...ਮੈਂ ਬੱਚਿਆਂ ਨਾਲ ਸਾਂਝ ਪਾਉਣ ਦਾ ਤਰੀਕਾ ਲੱਭਿਆ ਹੋਇਐ। ਉਹ ਸੰਗੀਤ, ਫਿਲਮਾਂ, ਖੇਡਾਂ, ਕੰਪਿਊਟਰ, ਸਮਾਟਫੋਨ ਆਦਿ ਦੀਆਂ ਗੱਲਾਂ ਕਰਦੇ ਆ। ਮੈਂ ਇਹਨਾਂ ਚੀਜ਼ਾਂ ਦੀ ਜਾਣਕਾਰੀ ਹਾਸਲ ਕਰਕੇ ਉਹਨਾਂ ਨਾਲ ਦੋਸਤੀ ਪਾਉਨਾਂ। ਇਥੇ ਵੀ ਜਿਥੇ ਮੈਂ ਗਿਆਂ, ਬੱਚੇ ਮੇਰੇ ਦੋਸਤ ਬਣ ਗਏ। ਪਹਿਲੀ ਗੱਲ ਦਾ ਜਵਾਬ ਇਹ ਕਿ ਬੱਚਿਆਂ ਨਾਲ ਦੋਸਤੀ ਪਾਉਣ ਲਈ ਉਹਨਾਂ ਨਾਲ ਸਾਂਝ ਪਾਉਣੀ ਸਿੱਖਣੀ ਚਾਹੀਦੀ ਐ। ਦੂਜਾ ਸਵਾਲ ਉਹ ਬਹੁਤੇ ਤੇਜ਼ ਨਹੀਂ ਕਿਉਂਕਿ ਸਾਡੇ ਏਥੇ, ਇੰਡੀਆ ਦੇ ਸਿਸਟਮ ਵਿਚ ਜੇ ਬੱਚਾ ਤੇਜ਼ ਨਹੀਂ ਤਾਂ ਉਸ ਦਾ ਗੁਜ਼ਾਰਾ ਨਹੀਂ। ਇੰਡੀਆ ਵਿਚ ਅਸੀਂ ਚਾਹੁੰਦੇ ਆਂ ਤੇ ਬੱਚੇ ਵੀ ਸੋਚਦੇ ਆ, ਲੋੜ ਵੀ ਇਹੋ ਆ ਕਿ ਹੁੱਕ ਐਂਡ ਕਰੁੱਕ, ਜੋ ਵੀ ਹੈ ਬਸ, ਅਗੇ ਵਧੋ। ਕੱਲ ਮੈਨੂੰ ਇਕ ਨੌਜਵਾਨ ਵਿਦਿਆਰਥੀ ਨੂੰ ਮਿਲਣ ਦਾ ਮੌਕਾ ਮਿਲਿਆ, ਉਹਨੇ ਕਿਹਾ ਕਿ ਇਸ ਮੁਲਕ ਵਿਚ ਸਾਨੂੰ ਮੌਕੇ ਮਿਲਦੇ ਨਹੀਂ, ਖੋਹਣੇ ਪੈਂਦੇ ਆ। ਇਸ ਲਈ ਸਾਨੂੰ ਤੇਜ਼ ਹੋਣਾ ਪੈਂਦਾ ਪਰ ਇੰਗਲੈਂਡ ਵਿਚ ਸਭ ਲਈ ਮੌਕੇ ਇਕੋ ਜਿਹੇ ਆ। ਔਪਰਚੂਨਿਟੀ ਨੂੰ ਲੈ ਕੇ ਸਾਡੇ ਬੱਚਿਆਂ ਨੂੰ ਕੋਈ ਖਤਰਾ ਨਹੀਂ। ਇਥੇ ਤਾਂ ਅਸੀਂ ਬਸ ਲਈ ਜਾਂ ਸਿਨਮੇ ਦੀ ਲਾਈਨ ਵਿਚ ਵੀ ਨਹੀਂ ਖੜਦੇ ਕਿਉਂ ਕਿ ਅਣਸੁਰੱਖਿਅਤਾ ਦੀ ਭਾਵਨਾ ਬਣੀ ਰਹਿੰਦੀ ਐ ਕਿ ਪਤਾ ਨਹੀਂ ਸਾਡੀ ਵਾਰੀ ਆਵੇਗੀ ਕਿ ਨਹੀਂ। ਕਹਿਣ ਦਾ ਭਾਵ ਕਿ ਸਾਡੇ ਬੱਚਿਆਂ ਨੂੰ ਹੁੱਕ ਐਂਡ ਕਰੁੱਕ ਵਾਲੇ ਤਰੀਕੇ ਨਹੀਂ ਆਉਂਦੇ। ਤੀਜੀ ਗੱਲ ਸਾਡੇ ਬੱਚਿਆਂ ਦੀ ਹੱਸਾਉਣੀ ਪੰਜਾਬੀ। ਇਸ ਦਾ ਕਾਰਨ ਇਹ ਕਿ ਪੰਜਾਬੀ ਉਹਨਾਂ ਦੀ ਬੋਲੀ ਹੀ ਨਹੀਂ। ਉਹ ਤੁਹਾਡੀ ਅੰਗਰੇਜ਼ੀ 'ਤੇ ਹੱਸਦੇ ਆ। ...ਜਿੰਦਾਂ ਦੀ ਇਥੇ ਦੇ ਬੱਚੇ ਹਸਾਉਣੀ ਅੰਗਰੇਜ਼ੀ ਬੋਲਦੇ ਆ ਏਦਾਂ ਹੀ ਉਹ ਪੰਜਾਬੀ ਬੋਲਦੇ ਆ।"

ਉਸ ਨੇ ਜਵਾਬ ਖਤਮ ਕਰਕੇ ਸਭ ਵੱਲ ਦੇਖਿਆ। ਸਾਫ ਦਿਸਦਾ ਸੀ ਕਿ ਉਸ ਦਾ ਜਵਾਬ ਬਹੁਤਿਆਂ ਨੂੰ ਪਸੰਦ ਨਹੀਂ ਸੀ ਆਇਆ। ਦੋ ਕੁ ਪਲ ਬਾਅਦ ਇਕ ਹੋਰ ਸਵਾਲ ਆਇਆ। ਇਕ ਮੈਡਮ ਆਖਣ ਲੱਗੀ,

"ਉਸ ਦਿਨ ਤੁਸੀਂ ਅੰਮ੍ਰਿਤਸਰ ਵਿਚ ਨੌਜਵਾਨਾਂ ਬਾਰੇ ਵੀ ਗੱਲਾਂ ਕੀਤੀਆਂ ਨੇ, ਉਸ ਮਹਿਫਲ ਵਿਚ ਸ਼ਾਮਲ ਇਕ ਦੋਸਤ ਨੇ ਮੈਨੂੰ ਦੱਸਿਆ ਏ। ਤੁਸੀਂ ਇੰਗਲੈਂਡ ਵਿਚ ਅੱਜ ਦੇ ਨੌਜਵਾਨਾਂ ਨੂੰ ਕਿਵੇਂ ਲੈਂਦੇ ਹੋ?"

"ਦੇਖੋ ਮੈਡਮ, ਮੇਰੇ ਹਿਸਾਬ ਨਾਲ ਦੋ ਤਰ੍ਹਾਂ ਦੇ ਮਾਪੇ ਹੁੰਦੇ ਆ। ਇਕ ਤਾਂ ਉਹ ਜਿਹੜੇ ਬੱਚੇ ਉਪਰ ਆਪਣੀ ਹਰ ਗੱਲ ਥੋਪਦੇ ਆ ਤੇ ਦੂਜੇ ਜਿਹੜੇ ਬੱਚੇ ਨਾਲ ਪਾਰਟਨਰਸ਼ਿੱਪ ਪਾ ਕੇ ਚਲਦੇ ਆ। ਮੈਂ ਬੱਚੇ ਨਾਲ ਪਾਰਟਨਰਸ਼ਿੱਪ ਪਾ ਕੇ ਚੱਲਣ ਦੇ ਹੱਕ ਵਿਚ ਆਂ। ਸੱਚ ਜਾਣਿਓਂ, ਤੁਸੀਂ ਇਥੇ ਬੱਚੇ ਦੀ ਗੱਲ ਨਾ-ਸੁਣ ਕੇ, ਬੱਚੇ ਨੂੰ ਬਹੁਤ ਦਬਾਅ ਵਿਚ ਰੱਖ ਰਹੇ ਹੋ। ਮੈਂ ਬਹੁਤ ਸਾਰਿਆਂ ਬੱਚਿਆਂ ਨੂੰ ਮਿਲਿਆਂ, ਜੇ ਮੈਂ ਉਹਨਾਂ ਨਾਲ ਹੋਈਆਂ ਸਾਰੀਆਂ ਗੱਲਾਂ ਦੱਸਾਂ ਤਾਂ ਤੁਸੀਂ ਖੁਸ਼ ਨਹੀਂ ਹੋਵੋਂਗੇ। ਮੈਂ ਤੁਹਾਡੇ ਮਾਪੇ ਹੋਣ ਬਾਰੇ ਬਹੁਤਾ ਨਹੀਂ ਕਹਾਂਗੇ ਪਰ ਸਾਡੀ ਜਿਹੜੀ ਪੱਛਮੀ ਸਮਾਜ ਦੀ ਅਗਲੀ ਜਨਰੇਸ਼ਨ ਐ, ਆਪਣੇ ਆਪ ਵਿਚ ਖੁਦਮੁਖਤਿਆਰ ਐ।"

"ਖੁਦ ਮੁਖਤਿਆਰ ਕਿਵੇਂ ਜੀ?"

"ਇਹਦੀ ਮੈਂ ਇਕੋ ਉਦਾਹਰਣ ਦਿੰਨਾਂ ਕਿ ਉਥੇ ਜਦ ਬੱਚਾ ਅਠਾਰਾਂ ਸਾਲ ਦਾ ਹੋ ਜਾਂਦਾ ਤਾਂ ਉਸ ਨੇ ਕਿਧਰੇ ਜਾਣਾ ਹੋਵੇ ਤਾਂ ਉਹ ਤੁਹਾਨੂੰ ਪੁੱਛਦਾ ਨਹੀਂ ਕਿ ਡੈਡੀ ਮੈਂ ਜਾਵਾਂ। ਉਹ ਤੁਹਾਨੂੰ ਦੱਸਦਾ ਕਿ ਡੈਡੀ ਮੈਂ ਚੱਲਿਆਂ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਬੇਟਾ ਤੂੰ ਨਹੀਂ ਜਾ ਸਕਦਾ। ਤੁਸੀਂ ਰੋਕੋਂਗੇ ਵੀ ਤਾਂ ਉਹ ਚਲੇ ਜਾਵੇਗਾ। ਵਧੀਆ ਗੱਲ ਉਹਦੇ ਨਾਲ ਐਡਜਸਟ ਕਰੋ। ਇਥੋਂ ਦੇ ਤੁਹਾਡੇ ਵਰਗੇ ਮੇਰੇ ਦੋਸਤ ਇਸ ਨੂੰ ਆਤਮ-ਸਮਰਪੱਣ ਕਰਨਾ ਵੀ ਕਹਿੰਦੇ ਆ।"

"ਅਸੀਂ ਇਹ ਸਮੱਰਪਣ ਨਹੀਂ ਕਰ ਸਕਦੇ।"

"ਤਾਂ ਹੀ ਮੈਂ ਕਹਿੰਨਾ ਕਿ ਪਾਰਟਨਸ਼ਿੱਪ ਵਾਲਾ ਹੱਲ ਲੱਭੋ।"

ਅਰਵਿੰਦ ਨੇ ਅੰਮ੍ਰਿਤਸਰ ਕਰਮ ਸਿੰਘ ਨਾਲ ਹੋਈ ਗੱਲਬਾਤ ਵਾਂਗ ਹੀ ਇਥੇ ਵੀ ਕਿਹਾ। ਫਿਰ ਸਭ ਇਸੇ ਸਵਾਲ ਨੂੰ ਲੈ ਕੇ ਆਪੋ ਆਪਣੇ ਵਿਚਾਰ ਦੇਣ ਲੱਗੇ। ਅਰਵਿੰਦ ਨਾਲ ਕੋਈ ਵੀ ਸਹਿਮਤ ਨਹੀਂ ਸੀ। ਉਹਨਾਂ ਅੰਦਰ ਬੈਠੇ ਸਖਤ ਮਾਂਪਿਓ ਬੋਲ ਰਹੇ ਸਨ। ਕੁਝ ਚਿਰ ਰੌਲਾ ਜਿਹਾ ਪੈਂਦਾ ਰਿਹਾ। ਸੇਵਾ ਕਰਨ ਵਾਲੇ ਮੁੰਡਿਆਂ ਨੇ ਹੁਣ ਸਭ ਨੂੰ ਇਕ ਇਕ ਪੈੱਗ ਬਣਾ ਕੇ ਫੜਾ ਦਿੱਤਾ। ਡਾਕਟਰ ਗੋਬਿੰਦਰ ਸਿੰਘ ਆਪਣਾ ਪੈੱਗ ਮੁਕਾ ਕੇ ਬੋਲਿਆ,

"ਆਪਾਂ ਕੁਝ ਕਲਚਰ ਬਾਰੇ ਗੱਲਾਂ ਵੀ ਕਰ ਲਈਏ। ਇਹ ਦੱਸੋ ਕਿ ਤੁਸੀਂ ਉਸ ਭੈੜੇ ਕਲਚਰ ਦੀ ਮਾਰ ਹੇਠਾਂ ਆ ਕੇ ਕਿਵੇਂ ਮਹਿਸੂਸ ਕਰਦੇ ਓ?"

"ਭੈੜਾ ਕਲਚਰ ਕਿਵੇਂ ਡਾਕਟਰ ਸਾਹਿਬ?"

"ਮੇਰਾ ਮਤਲਬ ਖੁਲ੍ਹ-ਖੇਡ ਵਾਲਾ ਕਲਚਰ।"

"ਡਾਕਟਰ ਸਾਹਿਬ, ਉਸ ਕਲਚਰ ਵਿਚ ਕੁਝ ਖੁਲ੍ਹਾਂ ਜ਼ਰੂਰ ਹੈਗੀਆਂ ਪਰ ਉਹ ਕਲਚਰ ਬਹੁਤ ਵਧੀਐ। ਕੋਈ ਵੀ ਕਲਚਰ ਸਮੁੱਚ ਵਿਚ ਮਾੜਾ ਨਹੀਂ ਹੋ ਸਕਦਾ ਤੇ ਕੋਈ ਵੀ ਕਲਚਰ ਸਮੁੱਚਾ ਵਧੀਆ ਨਹੀਂ ਹੋ ਸਕਦਾ। ਇਕ ਗੱਲ ਚੇਤੇ ਰੱਖਣੀ ਚਾਹੀਦੀ ਐ ਕਿ ਉਹ ਹੋਸਟ ਕਲਚਰ ਐ, ਬਹੁਤ ਵੱਡਾ। ਵੱਡਾ ਕਲਚਰ ਹਮੇਸ਼ ਛੋਟੇ ਕਲਚਰ ਨੂੰ ਹੜੱਪਣ ਦੀ ਕੋਸ਼ਿਸ਼ ਵਿਚ ਹੁੰਦੈ ਪਰ ਫਿਰ ਵੀ ਸਾਡੇ ਲੋਕ ਆਪਣੇ ਕਲਚਰ ਨੂੰ ਸੰਭਾਲ ਰਹੇ ਆ। ਹਾਲੇ ਤਾਂ ਫਿਰ ਅਸੀਂ ਕਲਚਰ ਨੂੰ ਸੰਭਾਲੀ ਬੈਠੇ ਆਂ ਪਰ ਇਹਨੇ ਬਦਲਣਾ ਹੀ ਐ। ਕਲਚਰ ਬਦਲਣ ਵਾਲੀ ਚੀਜ਼ ਹੁੰਦੈ। ਆਪਣੇ ਕਲਚਰ ਵਲ ਹੀ ਨਜ਼ਰ ਮਾਰ ਲਓ, ਹਰ ਵੀਹ ਸਾਲ ਬਾਅਦ ਬਦਲ ਜਾਂਦੈ। ਵੈਸੇ ਇਕ ਗੱਲ ਦੱਸ ਦੇਵਾਂ ਕਿ ਸਾਡਾ ਸੋ-ਕਾਲਡ ਕਲਚਰ ਉਹਨਾਂ ਦੇ ਸੋ-ਕਾਲਡ ਕਲਚਰ ਦੇ ਬਰਾਬਰ ਹੀ ਚਲ ਰਿਹੈ ਇਕ ਕਿਸਮ ਨਾਲ। ਉਸ ਵੱਡੇ ਸਮਾਜ ਵਿਚ ਦੋ ਸਮਾਜ ਨਹੀਂ

ਬਲਕਿ ਕਈ ਸਮਾਜ ਬਰਾਬਰ ਚੱਲ ਰਹੇ ਆ। ਇਥੇ ਪੰਜਾਬ ਵਿਚ ਹੀ ਦੇਖ ਲਓ, ਇਕ ਸਾਡਾ ਪ੍ਰਮੁੱਖ ਕਲਚਰ ਐ, ਭਈਆਂ ਦਾ ਅਲੱਗ ਐ, ਗੁੱਜਰਾਂ ਦਾ ਅਲੱਗ।''

''ਸਾਨੂੰ ਤਾਂ ਲੱਗਦਾ ਜੀ ਕਿ ਉਸ ਮੁਲਕ ਵਿਚ ਸਾਡਾ ਕਲਚਰ ਖਤਮ ਏ। ਤੁਸੀਂ ਕਿਵੇਂ ਸੋਚਦੇ ਓ?''

''ਕਲਚਰ ਕਦੇ ਖਤਮ ਨਹੀਂ ਹੁੰਦੇ, ਇਹਨਾਂ ਦੇ ਰੂਪ ਬਦਲ ਜਾਂਦੇ ਆ। ਪੰਜਾਹ ਸਾਲ ਪਹਿਲਾਂ ਬਲਦਾਂ ਨਾਲ ਖੇਤੀ ਹੁੰਦੀ ਸੀ, ਉਹ ਕਲਚਰ ਮਰਿਆ ਤਾਂ ਨਹੀਂ, ਬਸ, ਚਿਹਰੇ-ਮੁਹਰੇ ਵਿਚ ਹੀ ਤਬਦੀਲੀ ਆਈ ਐ। ਮੈਂ ਪਹਿਲਾਂ ਵੀ ਕਿਤੇ ਇਹ ਗੱਲ ਕੀਤੀ ਐ ਕਿ ਮੈਂ ਆਪਣੀ ਕਿਤਾਬ ਦੇ ਸਬੰਧ ਵਿਚ ਦੱਖਣੀ ਅਮਰੀਕਾ ਦੇ ਮੁਲਕਾਂ ਦਾ ਦੌਰਾ ਕੀਤਾ। ਬਹੁਤ ਸਾਰੇ ਭਾਰਤੀ ਮੈਨੂੰ ਮਿਲੇ ਆ। ਉਹਨਾਂ ਵਿਚ ਭਾਰਤੀਪੁਣਾ, ਇੰਡੀਅਨਨੈੱਸ ਹਾਲੇ ਵੀ ਕਾਇਮ ਐ, ਦੋ ਸੌ ਸਾਲ ਬਾਅਦ ਵੀ ਉਹ ਬਹੁਤ ਸਾਰੇ ਹਿੰਦੀ ਦੇ ਸ਼ਬਦ ਬੋਲਦੇ ਆ। ਮੰਦਿਰ ਬਣਾਏ ਹੋਏ ਆ। ਆਰਤੀਆਂ ਕਰਦੇ ਆ, ਪੂਜਾ ਕਰਦੇ ਆ। ਇਹ ਉਦੋਂ ਦੀਆਂ ਗੱਲਾਂ ਜਦੋਂ ਉਹਨਾਂ ਦਾ ਇੰਡੀਆ ਨਾਲ ਕੋਈ ਵਾਹ ਹੀ ਨਹੀਂ ਸੀ ਰਹਿ ਗਿਆ। ਮੈਂ ਇਕ ਹੋਰ ਕਲਚਰ ਦੀ ਖੂਬਸੂਰਤ ਗੱਲ ਦੱਸਦਾਂ ਕਿ ਮੈਂ ਪਿੱਛੇ ਜਿਹੇ ਈਰਾਨ ਵਿਚ ਗਿਆ। ਕੁਝ ਪਰਿਵਾਰਾਂ ਵਿਚ ਜਾਣ ਦਾ ਮੌਕਾ ਮਿਲਿਆ। ਇਕ ਘਰ ਵਿਚ ਘਰ ਦੀ ਸੁਆਣੀ ਤਵੇ 'ਤੇ ਰੋਟੀ ਬਣਾ ਰਹੀ ਸੀ ਜਦ ਕਿ ਈਰਾਨ ਵਿਚ ਰੋਟੀ ਵੱਖਰੇ ਕਿਸਮ ਦੀ ਹੁੰਦੀ ਐ ਤੇ ਵੱਖਰੇ ਕਿਸਮ ਦੇ ਤਵੇ ਹੁੰਦੇ ਆ। ਇਹ ਸੁਆਣੀ ਪੰਜਾਬੀ ਤਰੀਕੇ ਨਾਲ ਰੋਟੀ ਬਣਾ ਰਹੀ ਸੀ। ਮੈਂ ਪੁੱਛਿਆ ਕਿ ਇਹ ਰੋਟੀ ਕਿਥੋਂ ਸਿੱਖੀ। ਉਸ ਨੇ ਦੱਸਿਆ ਕਿ ਉਸ ਦੀ ਮਾਂ ਇਵੇਂ ਹੀ ਬਣਾਉਂਦੀ ਸੀ ਤੇ ਉਸ ਦੀ ਨਾਨੀ ਵੀ। ਸੋ ਉਹ ਔਰਤ ਦਾ ਪਿਛੋਕੜ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਨਾਲ ਜੁੜਦਾ ਸੀ। ਕਲਚਰ ਇਵੇਂ ਕੰਮ ਕਰਦੈ।''

ਅਰਵਿੰਦ ਨੇ ਆਪਣੀ ਗੱਲ ਮੁਕਾਈ। ਸਾਰੇ ਗੰਭੀਰ ਸਨ। ਗੋਬਿੰਦਰ ਗਰੇਵਾਲ ਉਠ ਕੇ ਖੜਾ ਹੁੰਦਾ ਆਖਣ ਲੱਗਿਆ,

''ਯਾਰ, ਗੱਲਾਂ ਜ਼ਰਾ ਹੈਵੀ ਹੋ ਗਈਆਂ ਨੇ, ਜਿਹੜਾ ਪੈੱਗ ਪੀਤਾ ਸੀ ਲਹਿ ਗਿਆ ਏ। ਆਓ ਹੁਣ ਕੁਝ ਹਲਕੀਆਂ ਗੱਲਾਂ ਵੀ ਹੋ ਜਾਣ। ਤੁਸੀਂ ਇਹ ਦੱਸੋ ਕਿ ਵਿਆਹ ਤੋਂ ਬਾਹਰਲੇ ਸਬੰਧ ਕਿਵੇਂ ਲਏ ਜਾਂਦੇ ਨੇ ਉਥੇ?''

ਉਸ ਦੇ ਸਵਾਲ 'ਤੇ ਨਿਕਾ ਜਿਹਾ ਹਾਸਾ ਵੀ ਉਭਰਿਆ ਪਰ ਬਹੁਤੇ ਗੰਭੀਰ ਹੋ ਕੇ ਅਰਵਿੰਦ ਦੇ ਜਵਾਬ ਨੂੰ ਉਡੀਕਣ ਲੱਗੇ। ਉਸ ਨੇ ਕਿਹਾ,

''ਯੂ ਨੋਅ, ਪਰਦੇ ਵਿਚ ਬਹੁਤ ਕੁਝ ਚਲਦਾ ਹੁੰਦਾ। ਸਾਡੇ ਇਥੇ ਇਹ ਐ ਕਿ ਜੇ ਏਦਾਂ ਦੇ ਸਬੰਧਾਂ ਦਾ ਪਤਾ ਚੱਲ ਜਾਵੇ ਤਾਂ ਅਜਿਹੀ ਵਿਗੜਦੀ ਐ ਕਿ ਮੁੜ ਕੇ ਸੁਲਾਹ ਨਹੀਂ ਹੁੰਦੀ ਪਰ ਉਥੇ ਦੋਨਾਂ ਧਿਰਾਂ ਵਿਚ ਸੁਲਾਹ ਹੋਣ ਦੇ ਬਹੁਤ ਮੌਕੇ ਹੁੰਦੇ ਆ। ਮੁਆਫੀ ਮੰਗੀ ਤੇ ਮੁੜ ਕੇ ਠੀਕ। ਇਥੇ ਸਮਝਣ ਦੀ ਲੋੜ ਐ ਕਿ ਸਾਡੇ ਅਜਿਹੇ ਸਬੰਧਾਂ ਵਿਚ ਔਰਤ ਤਾਂ ਆਦਮੀ ਨੂੰ ਮੁਆਫ ਕਰ ਸਕਦੀ ਐ ਪਰ ਆਦਮੀ ਨਹੀਂ ਕਰਦਾ ਪਰ ਉਥੇ ਔਰਤ-ਮਰਦ ਵਿਚ ਬਰਾਬਰੀ ਹੋਣ ਕਾਰਨ ਇਹ ਵਰਤਾਰਾ ਦੋਨਾਂ ਧਿਰਾਂ ਵਿਚ ਇਕੋ ਜਿਹਾ ਵਾਪਰਦਾ ਐ।''

ਅਰਵਿੰਦ ਦੀ ਗੱਲ ਖਤਮ ਹੋਈ ਤਾਂ ਫਿਰ ਪੈੱਗ ਵਰਤਾਏ ਜਾਣ ਲੱਗੇ। ਕੁਝ ਲੋਕ ਉੱਠ ਕੇ ਆਪ ਵੀ ਪਾ ਰਹੇ ਸਨ। ਔਰਤਾਂ ਵਿਚੋਂ ਇਕ ਨੇ ਹੀ ਵੋਦਕਾ ਲਿਆ। ਬਾਕੀ ਕੋਕ ਆਦਿ ਹੀ ਪੀ ਰਹੀਆਂ ਸਨ। ਵਕਤ ਵੀ ਕਾਫੀ ਹੋ ਚੁੱਕਿਆ ਸੀ। ਰੋਟੀ ਗਰਮ ਕੀਤੀ ਜਾ ਰਹੀ ਸੀ। ਅਰਵਿੰਦ ਨੂੰ ਪਤਾ ਸੀ ਕਿ ਸਵਾਲ ਉਹਨਾਂ ਕੋਲ ਹੋਰ ਵੀ ਸਨ ਪਰ ਉਸ ਨੂੰ ਇਹਨਾਂ ਸਵਾਲਾਂ ਦੇ ਉਤਰ ਦੇਣੇ ਫਜ਼ੂਲ ਜਿਹੇ ਲੱਗ ਰਹੇ ਸਨ। ਕਿਸੇ ਨੇ ਪੁੱਛਿਆ,

''ਡਾਕਟਰ ਸਾਹਿਬ, ਇਹ ਦੱਸੋ ਕਿ ਸੀਰੀਆ 'ਤੇ ਹਮਲਾ ਹੋਏਗਾ?''

''ਉਹ ਤਾਂ ਹੋਏਗਾ ਹੀ ਹੋਏਗਾ। ਅਮਰੀਕਾ ਦੀ ਪੌਲਸੀ ਹੀ ਇਹੋ ਐ। ਜਿੰਨੇ ਤੇਲ ਦੇ ਜ਼ਖੀਰਿਆਂ ਵਾਲੇ ਮੁਲਕ ਐ ਸਭ 'ਤੇ ਸਿੱਧੇ ਅਸਿੱਧੇ ਤਰੀਕੇ ਨਾਲ ਕਬਜ਼ਾ ਕਰਨਾ, ਕਿਉਂਕਿ ਤੇਲ ਤਾਕਤ ਐ। ਇਰਾਕ ਤੇ ਲੀਬੀਆ ਇਸੇ ਲੜੀ ਦੇ ਹਮਲੇ ਸਨ। ਜੇ ਉਥੋਂ ਦੇ ਰਾਜੇ ਬਸ਼ਰ ਅਲ-ਅਸਾਦ ਨੇ ਅਮਰੀਕਨਾਂ ਨਾਲ ਤੇਲ ਵਿਚ ਹਿੱਸੇਦਾਰੀ ਪੁਆ ਲਈ ਤਾਂ ਸ਼ਾਇਦ ਸਭ ਠੀਕ ਵੀ ਹੋ ਜਾਵੇ।''

ਉਸ ਦੇ ਜਵਾਬ ਨਾਲ ਕਈ ਸਹਿਮਤ ਹੋ ਰਹੇ ਸਨ। ਫਿਰ ਕੁਝ ਸਵਾਲ ਉਸ ਨੂੰ ਇੰਗਲੈਂਡ ਦਾ ਵੀਜ਼ਾ ਲੈਣ ਬਾਰੇ ਵੀ ਹੋਏ ਪਰ ਉਸ ਨੇ ਇਹਨਾਂ ਨੂੰ ਅਣਗੌਲ ਦਿੱਤਾ। ਉਸ ਨੂੰ ਜ਼ਰਾ ਕੁ ਗਿਲਾ ਸੀ ਕਿ ਉਸ ਦੇ ਤਿਆਰ ਕੀਤੇ ਵਿਸ਼ੇ ਬਾਰੇ ਤਾਂ ਕੋਈ ਗੱਲ ਹੋਈ ਹੀ ਨਹੀਂ। ਹੁਣ ਤਕ ਇਕ ਇਕ ਪੈੱਗ ਹੋਰ ਪੀਤਾ ਜਾ ਚੁੱਕਿਆ ਸੀ। ਲੋਕ ਦੋ-ਦੋ, ਤਿੰਨ-ਤਿੰਨ ਦੇ ਗਰੁੱਪ ਬਣਾ ਕੇ ਗੱਲਾਂ ਕਰਨ ਲੱਗੇ ਸਨ।

ਹੁਣ ਤਕ ਗੋਬਿੰਦਰ ਗਰੇਵਾਲ ਮੂਡ ਵਿਚ ਆ ਚੁੱਕਿਆ ਸੀ। ਉਹ ਸਭ ਨਾਲ ਜੱਫੀ ਪਾ ਪਾ ਕੇ ਮਿਲ ਰਿਹਾ ਸੀ। ਉਹ ਖੁਸ਼ ਸੀ ਕਿ ਅੱਜ ਦੀ ਮਹਿਫਲ ਕਾਮਯਾਬ ਰਹੀ ਸੀ। ਦੇਸੀ ਜਿਹੀ ਲਾਲ ਪੱਗ ਵਾਲਾ ਪ੍ਰੋਫੈਸਰ ਜਿਹੜਾ ਪਹਿਲਾਂ ਇੰਗਲੈਂਡ ਦੇ ਬੱਚਿਆਂ ਬਾਰੇ ਸਵਾਲ ਕਰਦਾ ਸੀ, ਉਹਦੇ ਕੋਲ ਆ ਕੇ ਬੋਲਿਆ,

''ਮੇਰਾ ਇਕ ਭਰਾ ਰਹਿੰਦਾ ਸਾਊਥਾਲ ਤੇ ਇਕ ਗਰੇਵਜ਼ੈਂਡ, ਮੇਰਾ ਸਾਲਾ ਰਹਿੰਦਾ ਬਰਮੀਘੰਮ, ਏਸ ਕਰਕੇ ਮੇਰਾ ਆਉਣਾ ਜਾਣਾ ਬਣਿਆਂ ਰਹਿੰਦਾ। ਇਹ ਗੋਬਿੰਦਰ ਮੇਰਾ ਲੰਗੋਟੀਆ ਯਾਰ ਏ। ਅਸੀਂ ਇਕੱਠਿਆਂ ਐਮ. ਏ. ਕੀਤੀ ਤੇ ਫਿਰ ਉਸੇ ਟਾਈਮ ਪੀ ਐਚ. ਡੀ.।''

ਜਦ ਤਕ ਗੋਬਿੰਦਰ ਗਰੇਵਾਲ ਵੀ ਉਹਨਾਂ ਕੋਲ ਆ ਗਿਆ। ਉਸ ਨੇ ਉਹਨਾਂ ਨੂੰ ਦੋਹਾਂ ਨੂੰ ਇਕੱਠਿਆਂ ਨੂੰ ਜੱਫੀ ਪਾ ਲਈ ਤੇ ਬੋਲਿਆ,

''ਇਹ ਬਾਠ ਕੰਜਰ ਹਰੇਕ ਸਾਲ ਇੰਗਲੈਂਡ ਜਾਂਦਾ ਤੇ ਆ ਕੇ ਸਾਨੂੰ ਬਹੁਤ ਤੰਗ ਕਰਦਾ, ਪਤਾ ਨਹੀਂ ਕੀ ਕੀ ਦੇਖ ਆਉਂਦਾ!''

ਉਸ ਦੇ ਕਹਿਣ 'ਤੇ ਬਾਠ ਖਚਰਾ ਜਿਹਾ ਹਾਸਾ ਹੱਸਣ ਲੱਗਿਆ ਤੇ ਫਿਰ ਬੋਲਿਆ,

''ਡਾਕਟਰ ਸਾਹਿਬ, ਮੇਰਾ ਇਹ ਭਰਾ ਗਰੇਵਾਲ ਸ਼ੁਕੀਨ ਬੰਦਾ ਏ। ਏਥੇ ਏਹਦੇ ਕੋਲ ਮਾਲ ਤਾਂ ਬਹੁਤ ਏ ਪਰ ਪਤਾ ਨਹੀਂ ਏਹ ਕਿਹੜੇ ਕੁਸ਼ਤੇ ਖਾਂਦਾ ਏ ਕਿ ਇਹਦੀ ਭੁੱਖ ਪੂਰੀ ਹੀ ਨਹੀਂ ਹੁੰਦੀ, ਤੁਸੀਂ ਏਹਨੂੰ ਇਕ ਵਾਰ ਉਥੋਂ ਰਜਾ ਕੇ ਭੇਜਣਾ ਏਂ। ਬਸ ਸਾਡੀ ਏਹੋ ਰੁਕੈਅਸਟ ਐ ਤੁਹਾਨੂੰ!''

## ਛੱਬੀ

ਸਵੇਰੇ ਫੋਨ ਨੇ ਉਸ ਨੂੰ ਜਗਾਇਆ। ਉਸ ਨੂੰ ਪਤਾ ਸੀ ਕਿ ਵੇਲਾਂ ਦਾ ਹੋਵੇਗਾ। ਟਿਕਟ ਬਾਰੇ ਹੀ ਕੋਈ ਖ਼ਬਰ ਹੋਣੀ ਸੀ। ਉਸ ਨੇ ਹਰਾ ਬਟਨ ਦੱਬਿਆ ਤਾਂ ਵੇਲਾਂ ਬੋਲੀ,

"ਤੁਹਾਡੀ ਸੀਟ ਬਾਈ ਦੀ ਬੁੱਕ ਹੋ ਗਈ, ਬਾਰਾਂ ਵਜੇ ਦੁਪਿਹਰ ਦੀ, ਕਨਫਰਮ ਐ।"

"ਕੀ?"

ਪਤਨੀ ਦੇ ਬੋਲ ਉਸ ਦੇ ਸਿਰ ਵਿਚ ਇੱਟ ਵਾਂਗ ਵੱਜੇ। ਪਤਨੀ ਨੇ ਕਿਹਾ,

"ਅੱਜ ਇੱਕੀ ਐ ਤੇ ਕੱਲ ਬਾਈ, ਦੁਪਿਹਰ ਦੀ ਤੁਹਾਡੀ ਫਲਾਈਟ ਐ, ਲੇਟ ਨਾ ਹੋਣਾਂ।"

"ਪਰ ਹਾਲੇ ਤਾਂ ਮੈਂ ਕੀਰਤ ਪੁਰ ਜਾਣਾਂ।"

"ਤੁਸੀਂ ਹਾਲੇ ਤਕ ਅਸਤ ਨਹੀਂ ਪਾਏ? ਕਿਹੋ ਜਿਹੇ ਪੁੱਤ ਹੋ ਤੁਸੀਂ? ...ਆਪਣੇ ਪਿਓ ਦੇ ਅਸਤ ਵੀ ਨਹੀਂ ਪਾਏ ਹਾਲੇ ਤਕ! ਜੇ ਕਿਸੇ ਨੂੰ ਪਤਾ ਲੱਗ ਜਾਏ ਤਾਂ ਤੁਹਾਡੇ ਹਰਦੂ ਲਾਹਨਤ ਪਾਏ ਕਿ ਨਾ?"

"ਓ ਬੁੜਬੁੜ, ਕਿਉਂ ਧੂੜ ਵਿਚ ਟੱਟੂ ਭਜਾਈ ਜਾਨੀ ਆਂ। ਤੂੰ ਮੇਰੀ ਗੱਲ ਤਾਂ ਪੂਰੀ ਸੁਣ ਲੈ। ਮੈਂ ਅਨੰਦ ਪੁਰ ਜਾਣਾ ਵਿਰਾਸਤ ਭਵਨ ਦੇਖਣ।"

"ਤੁਸੀਂ ਕੀ ਵਿਰਾਸਤ ਭਵਨ ਦੇਖਣਾਂ! ਤੁਹਾਨੂੰ ਆਪਣੀ ਵਿਰਾਸਤ ਦੀ ਕੀ ਸਮਝ? ਜਿਹੜਾ ਬੰਦਾ ਰਾਹਾਂ ਵਿਚ ਆਪਣੇ ਪਿਓ ਦੇ ਅਸਤ ਚੁੱਕੀ ਫਿਰਦੈ ਉਹ ਵਿਰਾਸਤ ਦੀਆਂ ਗੱਲਾਂ ਕਰਦਾ!"

"ਓ ਯਾਰ, ਤੂੰ ਮੇਰੀ ਵੀ ਗੱਲ ਸੁਣ ਲੈ। ਮੈਂ ਕੀਰਤ ਪੁਰ ਤਾਂ ਆਉਂਦਾ ਹੀ ਜਾ ਆਇਆ ਸੀ।"

"ਤੁਹਾਡੀ ਬਦਲੀ ਹੋਈ ਅਵਾਜ਼ ਦੱਸ ਰਹੀ ਐ ਕਿ ਤੁਸੀਂ ਝੂਠ ਬੋਲ ਰਹੇ ਓ। ਇਸ ਮਾਮਲੇ ਵਿਚ ਮੈਨੂੰ ਤੁਹਾਡਾ ਪਹਿਲਾਂ ਹੀ ਯਕੀਨ ਨਹੀਂ ਸੀ। ਬਾਪੂ ਜੀ ਨੇ ਵੀ ਤੁਹਾਡਾ ਯਕੀਨ ਨਹੀਂ ਸੀ ਕੀਤਾ, ਏਸੇ ਲਈ ਮੈਨੂੰ ਕਿਹਾ ਸੀ ਕਿ ਮੇਰੇ ਅਸਤ ਕੀਰਤ ਪੁਰ ਪੈਣੇ ਚਾਹੀਦੇ ਆ, ਜਿਥੇ ਬਾਕੀ ਟੱਬਰ ਦੇ ਪੈਂਦੇ ਆ ਪਰ ਤੁਸੀਂ ਆਪਣਾ ਅਸਲ ਦਿਖਾ ਦਿੱਤਾ! ਤੁਸੀਂ ਰੱਬ ਵਰਗੇ ਪਿਓ ਨੂੰ ਹਲਕਾ ਕਰ ਦਿੱਤਾ!"

ਆਖਦੀ ਉਹ ਰੋਣ ਲੱਗ ਪਈ। ਰੋਣ ਹਾਕਾ ਤਾਂ ਅਰਵਿੰਦ ਵੀ ਸੀ ਪਰ ਹੁਣ ਇਹ ਸਥਿਤੀ ਸੰਭਾਲਣੀ ਵੀ ਸੀ। ਉਸ ਨੇ ਆਪਣੀ ਅਵਾਜ਼ ਵਿਚ ਭਰੋਸਾ ਜਿਹਾ ਭਰਦਿਆਂ ਆਖਿਆ,

"ਤੂੰ ਕਾਹਲੀ ਨਾ ਵਗ, ਮੇਰੀ ਗੱਲ ਵੀ ਸੁਣ ਧਿਆਨ ਨਾਲ। ਇਥੇ ਪੁਲੀਸ ਤਾਂ ਕਾਰਾਂ ਨੂੰ ਥਾਂ ਥਾਂ ਰੋਕਦੀ ਐ, ਜੇ ਅਸਤ ਗੱਡੀ ਵਿਚ ਪਏ ਹੋਣ ਤਾਂ ਨਵਾਂ ਪੰਗਾ ਪੈ ਜਾਂਦਾ। ਇਹ ਅਸਤ ਤਾਂ ਦੇਖਣ ਨੂੰ ਵੀ ਭੁੱਕੀ ਵਰਗੇ ਲੱਗਦੇ ਆ। ਮੈਂ ਅਸਤ ਨਾਲ ਰੱਖ ਕੇ ਭਲਾ ਅੰਦਰ ਹੋਣਾ ਸੀ।"

"ਕੋਈ ਸ਼ਰਮ ਕਰੋ, ਪਿਓ ਦੇ ਅਸਤਾਂ ਨੂੰ ਭੁੱਕੀ ਨਾਲ ਮਿਲਾਉਂਦੇ ਓ। ਮੈਂ ਤੁਹਾਨੂੰ ਅੰਡਰਟੇਕਰ ਤੋਂ ਇਕ ਚਿੱਠੀ ਵੀ ਲੈ ਕੇ ਦਿੱਤੀ ਹੋਈ ਐ।"

"ਮੇਰੀ ਮਾਂ, ਮੈਂ ਅਸਤ ਆਉਂਦਾ ਹੀ ਪਾ ਆਇਆ ਸੀ। ਤੈਨੂੰ ਆ ਕੇ ਰਸੀਦ ਦਿਖਾ ਦੇਊਂ, ਕਹੇਂ ਤਾਂ ਸਕੈਨ ਕਰਕੇ ਈਮੇਲ ਕਰ ਦਿੰਨਾਂ, ਕਹੇਂ ਤਾਂ ਫੇਸਬੁੱਕ 'ਤੇ ਪਾ ਦਿੰਨਾਂ।"

"ਤੁਹਾਡਾ ਹੁਣ ਸਰ ਗਿਆ! ਆਪਣੇ ਪਿਓ ਦੇ ਅਸਤ ਪਾਉਣ ਦੀ ਰਸੀਦ ਫੇਸਬੁੱਕ 'ਤੇ ਪਾਉਣ ਦੀ ਗੱਲ ਕਰਦੇ ਓ।"

"ਤੂੰ ਲੜਾਈ ਬੰਦ ਕਰ, ਮੈਂ ਆ ਰਿਹਾਂ, ਮੇਰੇ ਆਏ 'ਤੇ ਸਾਰੇ ਚਾਅ ਲਾਹ ਲਈਂ। ਹੁਣ ਤੂੰ ਜਲਦੀ ਮੈਨੂੰ ਟਿਕਟ ਈਮੇਲ ਕਰਦੇ।"

ਅਰਵਿੰਦ ਨੇ ਬਹੁਤ ਮੁਸ਼ਕਲ ਨਾਲ ਉਸ ਨੂੰ ਠੰਡੀ ਕੀਤਾ। ਆਪਣੇ ਝੂਠ ਨੂੰ ਸੱਚ ਸਿੱਧ ਕਰਨ ਲਈ ਕਿੰਨੀਆਂ ਹੀ ਕਸਮਾਂ ਖਾਣੀਆਂ ਪਈਆਂ। ਉਸ ਨੇ ਫੋਨ ਔਫ ਕੀਤਾ ਹੀ ਸੀ ਕਿ ਗੋਬਿੰਦਰ ਗਰੇਵਾਲ ਉਸ ਦੇ ਕਮਰੇ ਵਿਚ ਆ ਗਿਆ। ਉਹ ਹੱਸਦਾ ਹੋਇਆ ਬੋਲਿਆ,

"ਮੈਨੂੰ ਲੱਗਦਾ ਏ ਕਿ ਵਾਈਫ ਦਾ ਫੋਨ ਹੋਵੇਗਾ ਜਿਹੜਾ ਏਨਾ ਬੋਲਣਾ ਪੈ ਰਿਹਾ ਸੀ!"

"ਬਿਲਕੁਲ ਸਹੀ ਕਿਹਾ ਡਾਕਟਰ ਸਾਹਿਬ।"

"ਸਾਰੀਆਂ ਬੀਵੀਆਂ ਇਕੋ ਜਿਹੀਆਂ ਹੁੰਦੀਆਂ, ਇਹਨਾਂ ਕੋਲ ਸ਼ਾਊਟ ਕਰਨ ਤੋਂ ਬਿਨਾਂ ਕੁਝ ਹੋਰ ਨਹੀਂ ਹੁੰਦਾ।"

ਗਰੇਵਾਲ ਨੇ ਹੱਸਦਿਆਂ ਹੋਇਆਂ ਕਿਹਾ।

ਕਮਰੇ ਦਾ ਬੂਹਾ ਖੁਲ੍ਹਾ ਹੀ ਸੀ। ਅਰਵਿੰਦ ਨੇ ਦੇਖਿਆ ਕਿ ਗਰੇਵਾਲ ਦੇ ਕਮਰੇ ਵਿਚੋਂ ਕੋਈ ਔਰਤ ਨਿਕਲ ਕੇ ਬਾਹਰ ਨੂੰ ਗਈ ਸੀ। ਉਸ ਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਹੈਰਾਨੀ ਉਸ ਵਕਤ ਹੋਈ ਜਦ ਉਹ ਔਰਤ ਚਾਹ ਲੈ ਕੇ ਆ ਗਈ ਤੇ ਉਸ ਨੂੰ ਨਮਸਤੇ ਆਖਦੀ ਉਹਨਾਂ ਦੇ ਕੋਲ ਬੈਠ ਕੇ ਚਾਹ ਪੀਣ ਲੱਗ ਪਈ। ਉਸ ਨੂੰ ਯਾਦ ਆਇਆ ਕਿ ਇਹ ਮੈਡਮ ਤਾਂ ਰਾਤੀ ਪਾਰਟੀ ਵਿਚ ਵੀ ਸ਼ਾਮਲ ਸੀ। ਗਰੇਵਾਲ ਉਸ ਦੀ ਵਾਕਫੀ ਕਰਾਉਂਦਾ ਬੋਲਿਆ,

"ਇਹ ਨੇ ਡਾਕਟਰ ਮਿਨਾਕਸ਼ੀ ਬਾਂਸਲ। ਇਹ ਮੁਕਤਸਰ ਰੀਜਨਲ ਸੈਂਟਰ ਵਿਚ ਪ੍ਰੋਫੈਸਰ ਨੇ, ਕੱਲ ਤੁਹਾਨੂੰ ਮਿਲਣ ਹੀ ਆਏ ਸਨ ਪਰ ਰਾਤੀਂ ਤਾਂ ਲੋਕ ਬਹੁਤ ਸਨ ਇਸ ਲਈ ਗੱਲ ਨਹੀਂ ਹੋ ਸਕੀ।"

ਮਿਨਾਕਸ਼ੀ ਨਖਰੇ ਨਾਲ ਗੱਲਾਂ ਕਰਨ ਲੱਗੀ। ਉਹ ਹਾਲੇ ਤਿਆਰ ਨਹੀਂ ਸੀ ਹੋਈ ਪਰ ਫਿਰ ਵੀ ਸੁਹਣੀ ਲੱਗ ਰਹੀ ਸੀ। ਉਸ ਨੇ ਅਰਵਿੰਦ ਤੋਂ ਇੰਗਲੈਂਡ ਦੇ ਜੀਵਨ ਬਾਰੇ ਸਵਾਲ ਜਿਹੇ ਪੁੱਛੇ। ਗਰੇਵਾਲ ਨੇ ਆਖਿਆ,

"ਅਰਵਿੰਦ ਸਿੰਘ ਜੀ, ਮੈਡਮ ਵੀ ਇੰਗਲੈਂਡ ਦੀ ਸੈਰ ਕਰਨੀ ਚਾਹੁੰਦੇ ਨੇ, ਸ਼ਾਇਦ ਅਸੀਂ ਇਕੱਠੇ ਆਈਏ ਜਾਂ ਫਿਰ ਇਕੱਲੇ ਇਕੱਲੇ।"

"ਕੋਈ ਮਸਲਾ ਹੀ ਨਹੀਂ ਜੀ!"

ਅਰਵਿੰਦ ਨੇ ਆਪਣੇ ਵਲੋਂ ਇਕ ਵਾਰ ਫਿਰ ਸ਼ਾਹਦੀ ਭਰੀ। ਚਾਹ ਪੀ ਕੇ ਉਹ ਦੋਵੇਂ ਉਠ ਖੜੇ ਕਿਉਂਕਿ ਹਾਲੇ ਵੇਲੇ ਸਿਰ ਹੀ ਸੀ। ਤਿਆਰ ਵੀ ਹੋਣਾ ਸੀ। ਉਹ ਗਏ ਤਾਂ ਅਰਵਿੰਦ ਫਿਕਰਾਂ ਵਿਚ ਡੁੱਬ ਗਿਆ। ਹੁਣ ਕੀਰਤ ਪੁਰ ਜਾਣ ਦਾ ਕੀ ਹੋਵੇਗਾ। ਸੱਚ ਹੀ ਉਹ, ਇਕ ਨਾਸਤਕ ਪੁੱਤ ਨੇ ਆਪਣੇ ਪਿਓ ਦੇ ਬੋਲਾਂ ਦੀ ਕਦਰ ਨਹੀਂ ਪਾਈ। ਪਿਓ ਦੀ ਇਕੋ ਇਕ ਤਮੰਨਾ ਨਹੀਂ ਪੂਰੀ ਕਰ ਸਕਿਆ। ਫਿਰ ਉਹ ਸੋਚਣ ਲਗਦਾ ਕਿ ਉਸ ਨੂੰ ਨਾਸਤਿਕ ਬਣਾਉਣ ਵਿਚ ਬਾਪੂ ਜੀ ਦਾ ਹੀ ਤਾਂ ਹੱਥ ਸੀ। ਮਰਨ ਤੋਂ ਪਹਿਲਾਂ ਉਹ ਆਪਣੀ ਮੌਤ ਬਾਰੇ ਕਿੰਨੀ ਬੇਬਾਕੀ ਨਾਲ ਗੱਲਾਂ ਕਰਿਆ ਕਰਦੇ ਸਨ। ਉਹਨਾਂ ਨੂੰ ਦਿੱਸ ਰਿਹਾ ਸੀ ਕਿ ਉਹਨਾਂ ਹੁਣ ਨਹੀਂ ਬਚਣਾ। ਉਹ ਕਿਹਾ ਕਰਦੇ ਕਿ ਉਹ ਇਸ ਦੁਨੀਆਂ ਤੋਂ ਖੁਸ਼ੀ ਖੁਸ਼ੀ ਜਾ ਰਹੇ ਸਨ। ਉਹਨਾਂ ਨੂੰ ਕੋਈ ਵੀ ਝੋਰਾ ਨਹੀਂ ਸੀ। ਉਹ ਉਸ ਨੂੰ ਕਹਿੰਦੇ ਰਹਿੰਦੇ ਸਨ ਕਿ ਕੋਈ ਵਾਧੂ ਰਸਮ ਉਪਰ ਪੈਸਾ ਨਹੀਂ ਖਰਚਣਾ। ਉਹੀ ਕਹਿੰਦੇ ਹੁੰਦੇ ਸਨ ਕਿ ਬੰਦਾ ਕੁਦਰਤ ਦਾ ਇਕ ਨਿਕਾ ਜਿੰਨਾ ਹਿੱਸਾ ਹੁੰਦਾ ਹੈ ਜਿਸ ਨੇ ਮਰ ਕੇ ਕੁਦਰਤ ਵਿਚ ਹੀ ਸਮਾ ਜਾਣਾ ਹੁੰਦਾ ਹੈ। ਜਿਸ ਨੂੰ ਲੋਕ ਕਹਿੰਦੇ ਹਨ ਕਿ ਬੰਦਾ ਮਿੱਟੀ ਹੈ ਤੇ ਮਿੱਟੀ ਵਿਚ ਹੀ ਰਲ਼ ਜਾਂਦਾ ਹੈ। ਮਰਿਆ ਬੰਦਾ ਮਿੱਟੀ ਹੈ ਤਾਂ ਉਸ ਦੇ ਅਸਤ ਸੰਭਾਲਦੇ ਫਿਰਨ ਦਾ ਕੀ ਫਾਇਦਾ। ਇਹਨਾਂ ਨੂੰ ਕਿਤੇ ਵੀ ਪਾ ਦਿੱਤਾ ਜਾਵੇ, ਉਹਦੇ ਨਾਲ ਕੀ ਫਰਕ ਪੈਂਦਾ ਹੀ। ਬਾਅਦ ਵਿਚ ਵੇਲਾਂ ਨੇ ਪਤਾ ਨਹੀਂ ਕਹਾਣੀ ਘੜ ਲਈ ਜਾਂ ਸ਼ਾਇਦ ਬਾਪੂ ਜੀ ਨੇ ਕਹਿ ਵੀ ਦਿੱਤਾ ਹੋਵੇ ਕਿ ਉਹਨਾਂ ਦੇ ਅਸਤ ਕੀਰਤ ਪੁਰ ਪਾਏ ਜਾਣ। ਕੀਰਤ ਪੁਰ ਦੀਆਂ ਗੱਲਾਂ ਤਾਂ ਉਹ ਕਰਿਆ ਕਰਦੇ ਸਨ ਪਰ ਉਸ ਨੂੰ ਕਦੇ ਆਪਣੇ ਅਸਤਾਂ ਬਾਰੇ ਨਹੀਂ ਸੀ ਕਿਹਾ। ਇੰਗਲੈਂਡ ਵਿਚ ਦਾਗਾਂ ਤੋਂ ਬਾਅਦ ਮਿੱਟੀ ਜਿਹੀ ਦਾ ਡੱਬਾ ਤੁਹਾਡੇ ਹੱਥ ਵਿਚ ਫੜਾ ਕੇ ਕਹਿ ਦਿੰਦੇ ਹਨ ਕਿ ਇਹ ਤੁਹਾਡੇ ਪਿਆਰੇ ਦੇ ਅਸਤ ਹਨ। ਇਹ ਵੀ ਨਹੀਂ ਪਤਾ ਹੁੰਦਾ ਕਿ ਇਹ ਉਸ ਦੇ ਹੀ ਹਨ ਜਾਂ ਕਿਸੇ ਹੋਰ ਦੇ। ਜਦੋਂ ਉਸ ਨੇ ਬਾਪੂ ਜੀ ਦੇ ਅਸਤਾਂ ਵਾਲਾ ਡੱਬਾ ਅੰਟਰਟੇਕਰ ਤੋਂ ਫੜਿਆ ਸੀ ਤਾਂ ਉਸ ਨੂੰ ਇਕ ਵਾਰ ਵੀ ਨਹੀਂ ਸੀ ਲੱਗਿਆ ਕਿ ਇਹ ਕੋਈ ਮਹੱਤਵਪੂਰਨ ਚੀਜ਼ ਹੈ ਪਰ ਵੇਲਾਂ ਟਾਹਰਾਂ ਜਿਹੀਆਂ ਮਾਰਦੀ ਰੋਣ ਲੱਗੀ ਸੀ। ਜਦ ਅਸਤ ਘਰ ਲਿਆਂਦੇ ਤਾਂ ਉਹ ਉਸੇ ਦਿਨ ਵਾਂਗ ਹੀ ਰੋਈ ਸੀ ਜਿੰਨਾ ਉਹ ਬਾਪੂ ਜੀ ਦੀ ਦੇਹ ਘਰ ਆਈ 'ਤੇ ਰੋਈ ਸੀ।...

ਉਹਨਾਂ ਨੇ ਨਾਸ਼ਤਾ ਕਰਕੇ ਗੋਬਿੰਦਰ ਗਰੇਵਾਲ ਤੋਂ ਅਲਵਿਦਾ ਲਈ ਤੇ ਤੁਰ ਪਏ। ਗੱਡੀ ਵਿਚ ਬੈਠਦਿਆਂ ਉਸ ਨੇ ਗੁਪਾਲੇ ਨੂੰ ਕਿਹਾ,

"ਯੂ ਨੋਅ, ਕੱਲ ਸਵੇਰ ਦੀ ਮੇਰੀ ਫਲਾਈਟ ਐ।"

"ਕੋਈ ਗੱਲ ਨਹੀਂ ਭਾਜੀ, ਪਟਿਆਲੇ ਤੋਂ ਪੰਜ ਘੰਟੇ ਸਾਰੀ ਦਿੱਲੀ ਐ, ਫਿਕਰ ਹੀ ਨਾ ਕਰੋ।"

"ਆਪਾਂ ਕੀਰਤ ਪੁਰ ਵੀ ਜਾਣਾਂ।"

ਉਸ ਦੇ ਕਹਿਣ ਤੇ ਗੁਪਾਲਾ ਸੋਚਾਂ ਵਿਚ ਪੈ ਗਿਆ ਤੇ ਹਿਸਾਬ ਲਾਉਂਦਾ ਬੋਲਿਆ,

"ਭਾਜੀ, ਏਥੋਂ ਤਿੰਨ ਘੰਟੇ ਜਾਣ ਤੇ ਤਿੰਨ ਘੰਟੇ ਆਉਣ, ਏਦਾਂ ਅੱਜ ਦਾ ਦਿਨ ਦਾ ਖਤਮ ਹੋ ਗਿਆ। ਫੇਰ ਤੁਸੀਂ ਦਿੱਲੀ ਵੀ ਪੁੱਜਣਾ, ਸਵੇਰੇ ਫਲਾਈਟ ਵੀ ਫੜਨੀ ਐਂ, ...ਭਾਜੀ, ਗੱਲ ਤਾਂ ਬਣ ਜਾਏਗੀ ਪਰ ਇਹ ਮਸ਼ੀਨਰੀ ਦਾ ਕੰਮ ਐ, ਜੇ ਕਿਤੇ ਗੱਡੀ ਖਰਾਬ ਹੋ ਗਈ ਤਾਂ ਤੁਹਾਡੀ ਫਲਾਈਟ ਰਹਿ ਜਾਣੀ ਆਂ।"

"ਯੂ ਨੋਅ, ਫਲਾਈਟ ਮੈਂ ਕਿਸੇ ਵੀ ਕੀਮਤ ਨਹੀਂ ਛੱਡਣੀ ਚਾਹੁੰਦਾ। ਜੇ ਇਹ ਫਲਾਈਟ ਮਿੱਸ ਹੋ ਗਈ ਤੇ ਹੋਰ ਟਿੱਕਟ ਲੈਣੀ ਪਏਗੀ ਤੇ ਪਤਾ ਨਹੀਂ ਕਦੋਂ ਦੀ ਮਿਲੇ, ਅੱਜਕੱਲ ਸੀਟਾਂ ਨਹੀਂ ਮਿਲ ਰਹੀਆਂ।...ਹੁਣ ਮੇਰਾ ਮਨ ਹੁਣ ਬਹੁਤ ਕਾਹਲਾ ਪੈ ਰਿਹੈ।"

ਉਹ ਕਦੇ ਵੀ ਕੋਈ ਪ੍ਰੋਗਰਾਮ ਬਣਾਉਂਦਾ, ਕਿਤੇ ਜਾਣ ਜਾਂ ਕੁਝ ਕਰਨ ਦਾ ਤਾਂ ਸਦਾ ਹੀ ਕੁਝ ਘੰਟਿਆਂ ਦਾ ਵਕਫਾ ਆਪਣੇ ਹੱਥ ਵਿਚ ਰੱਖਿਆ ਕਰਦਾ ਸੀ ਤਾਂ ਜੋ ਐਮਰਜੈਂਸੀ ਪੈਣ ਕਰਕੇ ਕੰਮ ਅਧੂਰਾ ਨਾ ਰਹਿ ਜਾਵੇ। ਇਹੋ ਹਾਲ ਹੁਣ ਫਲਾਈਟ ਦਾ ਸੀ, ਕੁਝ ਘੰਟੇ ਵਾਧੂ ਤਾਂ ਹੱਥ ਵਿਚ ਰੱਖਣੇ ਹੀ ਪੈਣੇ ਸਨ। ਪਰ ਕੀਰਤ ਪੁਰ ਵੀ ਜਾਣਾ ਜ਼ਰੂਰੀ ਸੀ। ਉਸ ਨੂੰ ਫਿਕਰਾਂ ਵਿਚ ਪਏ ਨੂੰ ਦੇਖ ਕੇ ਗੁਪਾਲਾ ਬੋਲਿਆ,

"ਭਾਜੀ, ਤੁਸੀਂ ਬਹੁਤ ਹੀ ਫਿਕਰ ਵਿਚ ਲੱਗਦੇ ਓ, ਕੀਰਤ ਪੁਰ ਕੋਈ ਖਾਸ ਕੰਮ ਐ?"

"ਖਾਸ ਕੰਮ ਇਹ ਕਿ ਐਸ ਬੈਗ ਵਿਚ ਇਕ ਡੱਬਾ ਐ ਤੇ ਡੱਬੇ ਵਿਚ ਬਾਪੂ ਜੀ ਦੇ ਅਸਤ ਐ, ਇਹ ਕੀਰਤ ਪੁਰ ਪਾਉਣੇ ਸੀ, ਬਸ ਇਹੋ ਕੁਤਾਹੀ ਕਰ ਬੈਠਾਂ, ਹੁਣ ਇਹਨਾਂ ਦਾ ਕੀ ਬਣੂੰ?"

"ਕਿੱਦਾਂ ਦੀਆਂ ਗੱਲਾਂ ਕਰਦੇ ਓ ਭਾਜੀ! ...ਇਹ ਤਾਂ ਕੋਈ ਕੰਮ ਹੀ ਨਹੀਂ, ਜਿੱਦਾਂ ਦਾ ਉਹ ਤੁਹਾਡਾ ਬਾਪੂ, ਓਦਾਂ ਦਾ ਉਹ ਮੇਰਾ। ਇਹ ਅਸਤ ਮੈਂ ਕੀਰਤ ਪੁਰ ਪਾ ਦਊਂ ਤੇ ਹੋਰ ਰਸਮਾਂ ਵੀ ਕਰ ਦਊਂ।"

ਗੁਪਾਲੇ ਨੇ ਕਿਹਾ। ਅਰਵਿੰਦ ਉਸ ਵਲ ਦੇਖਣ ਲੱਗਿਆ। ਉਸ ਨੂੰ ਜਾਪਿਆ ਕਿ ਗੁਪਾਲਾ ਸਾਧਾਰਨ ਮੁੰਡਾ ਨਾ ਹੋ ਕੇ ਇਕ ਦੇਵਤਾ ਹੋਵੇ। ਉਸ ਦਾ ਦਿਲ ਕਰੇ ਕਿ ਫੜ ਕੇ ਉਹਦੇ ਹੱਥ ਚੁੰਮ ਲਵੇ। ਫਿਰ ਉਸ ਨੂੰ ਦੂਰ ਬੈਠੀ ਵੇਲਾਂ ਦਿਸਣ ਲੱਗੀ। ਉਹਨੂੰ ਉਹ ਕਿਵੇਂ ਯਕੀਨ ਦੁਆਵੇਗਾ ਕਿ ਉਹ ਅਸਤ ਪਾ ਆਇਆ ਸੀ। ਉਹਨੇ ਤਾਂ ਰਸੀਦ ਦੇਖਣੀ ਸੀ। ਉਸ ਨੇ ਗੁਪਾਲੇ ਨੂੰ ਕਿਹਾ,

"ਫੇਰ ਤੂੰ ਇਕ ਕੰਮ ਹੋਰ ਵੀ ਮੇਰਾ ਕਰ ਸਕਦਾਂ?"

"ਦੱਸੋ ਭਾਜੀ?"

"ਕੀਰਤ ਪੁਰ ਅਸਤ ਪਾ ਕੇ ਉਥੋਂ ਰਸੀਦ ਲੈ ਸਕਦਾਂ, ਕਿਸੇ ਪੁਰਾਣੀ ਜਿਹੀ ਡੇਟ ਦੀ? ਇਹ ਕਹਿ ਲੈ ਬਈ ਜਦੋਂ ਕੁ ਮੈਂ ਆਇਆ ਸੀ, ਉਦੋਂ ਕੁ ਦੀ।"

"ਭਾਜੀ, ਇਹ ਤਾਂ ਗੱਲ ਹੀ ਕੋਈ ਨਹੀਂ, ਅਸੀਂ ਤਾਂ ਉਥੇ ਜਾਂਦੇ ਰਹੀਦਾ, ਸੇਵਾਦਾਰ ਨੂੰ ਸੌ ਰੁਪਏ ਦੇ ਕੇ ਜਿਹੜੀ ਡੇਟ ਵਿਚ ਮਰਜ਼ੀ ਅਸਤ ਪਾਏ ਦਰਜ ਕਰਾ ਲਓ।"

"ਲੈ ਫੇਰ ਮੇਰਾ ਭਰਾ, ਪਹਿਲੀ ਤਰੀਕ ਨੂੰ ਮੈਂ ਆਇਆ ਸੀ ਤੇ ਕੋਸ਼ਿਸ਼ ਕਰਕੇ ਪਹਿਲੀ ਹੀ ਪੁਆ ਲਈਂ। ...ਤੇ ਰਸੀਦ ਮੈਨੂੰ ਈਮੇਲ ਕਰ ਦੇਵੀਂ ਜਾਂ ਫੇਸਬੁੱਕ 'ਤੇ ਇਨਬੌਕਸ ਕਰ ਦੇਵੀਂ।"

"ਆਹ ਤਾਂ ਭਾਜੀ, ਬਹੁਤ ਹੀ ਛੋਟਾ ਕੰਮ ਐ। ਮੈਂ ਤੁਹਾਨੂੰ ਦਿੱਲੀ ਛੱਡ ਕੇ ਕੀਰਤ ਪੁਰ ਵਿਚ ਦੀ ਲੰਘ ਆਉਣਾਂ, ਰਾਹ ਵਿਚੋਂ ਹੀ ਕਿਤਿਓਂ ਸਕੈਨ ਕਰਕੇ ਤੁਹਾਨੂੰ ਰਸੀਦ ਭੇਜ ਦੇਊ। ਜਾਂ ਫੋਨ ਤੋਂ ਹੀ ਰਸੀਦ ਦੀ ਫੋਟੋ ਖਿੱਚ ਕੇ ਭੇਜ ਦੇਊਂ।"

"ਯਾਰ, ਤੂੰ ਤੇ ਪਹਾੜ ਜਿੰਨਾ ਬੋਝ ਮੇਰੇ ਸਿਰ ਤੋਂ ਲਾਹ ਦਿੱਤਾ।"

ਆਖਦਾ ਅਰਵਿੰਦ ਸੋਚਣ ਲੱਗਿਆ ਕਿ ਉਸ ਨੇ ਕਿੰਨੀ ਗਲਤੀ ਕੀਤੀ, ਭਾਵੇਂ ਉਦੋਂ ਦਾ ਹੀ ਗੁਪਾਲੇ ਨੂੰ ਭੇਜ ਕੇ ਅੱਜ ਨੂੰ ਅਸਤ ਪੁਆ ਵੀ ਚੁੱਕਿਆ ਹੁੰਦਾ। ਉਹ ਸੀਟੀ ਵਜਾਉਂਦਾ ਖੇਤਾਂ ਵਲ ਦੇਖਣ ਲੱਗਿਆ। ਗੁਪਾਲੇ ਨੇ ਵੀ ਹੁਣ ਗੱਡੀ ਦੀ ਰੇਸ ਨੱਪ ਦਿੱਤੀ ਸੀ। ਅਰਵਿੰਦ ਨੇ ਆਪਣਾ ਫੋਨ ਕੱਢਿਆ ਤੇ ਹੋਟਲ ਵਿਚ ਕਮਰਾ ਬੁੱਕ ਕਰਾਉਣ ਲੱਗ ਪਿਆ। ਕਮਰਾ ਤਾਂ ਮਿਲ ਗਿਆ ਪਰ ਇਹ ਓਸ ਦਾ ਮਨਪਸੰਦ ਚਾਰ ਨੰਬਰ ਨਹੀਂ ਸੀ। ਕਮਰਾ ਮੱਲਣ ਤੋਂ ਬਾਅਦ ਉਸ ਨੇ ਇੰਦਰ ਨੂੰ ਫੋਨ ਕਰਕੇ ਦੱਸਿਆ ਕਿ ਉਹ ਅੱਜ ਦਿੱਲੀ ਪੁੱਜ ਰਿਹਾ ਹੈ, ਕੱਲ ਨੂੰ ਵਾਪਸ ਜਾ ਰਿਹੇ ਹੈ ਤੇ ਜੇ ਉਹ ਮਿਲਣ ਆ ਸਕਦੇ ਹੋਣ। ਇੰਦਰ ਤਾਂ ਵਿਹਲਾ ਹੀ ਸੀ। ਦਸਾਂ ਕੁ ਮਿੰਟਾ ਵਿਚ ਰਣਜੀਤ ਦਾ ਫੋਨ ਵੀ ਆ ਗਿਆ ਕਿ ਉਹ ਵੀ ਸ਼ਾਮ ਨੂੰ 'ਮਿੱਤਰ ਯਾਤਰੀ ਘਰ' ਪੁੱਜ ਜਾਵੇਗਾ।

ਉਹ ਸੂਰਜ ਖੜੇ ਹੀ ਦਿੱਲੀ ਪੁੱਜ ਗਏ। ਸਾਰਾ ਸਮਾਨ ਲਾਹਿਆ। ਇਕ ਬੈਗ ਗੁਪਾਲੇ ਦੀ ਗੱਡੀ ਵਿਚ ਰਹਿਣ ਦਿੱਤਾ। ਉਹੋ ਬੈਗ ਜਿਹੜਾ ਏਨੇ ਦਿਨਾਂ ਦਾ ਲਵਾਰਸ ਬਣਿਆਂ ਫਿਰਦਾ ਸੀ। ਅਰਵਿੰਦ ਆਪਣੇ ਸਮਾਨ ਨੂੰ ਸਫਰ ਦੇ ਹਿਸਾਬ ਨਾਲ ਠੀਕ ਕਰਨ ਲੱਗਿਆ। ਇਕ ਬੈਗ ਤੇ ਲੈਪਟੌਪ ਉਸ ਨੇ ਰੱਖ ਕੇ ਬਾਕੀ ਸਭ ਕੁਝ ਅਟੈਚੀ ਵਿਚ ਪਾ ਲਿਆ। ਉਸ ਦਾ ਸਮਾਨ ਬਹੁਤਾ ਸੀ ਵੀ ਨਹੀਂ। ਇਥੇ ਆਕੇ ਉਸ ਨੇ ਕੋਈ ਸ਼ੌਪਿੰਗ ਤਾਂ ਕੀਤੀ ਹੀ ਨਹੀਂ ਸੀ। ਗੁਪਾਲਾ ਕਹਿਣ ਲੱਗਿਆ,

"ਭਾਜੀ, ਮੈਂ ਜਾਵਾਂ, ਸਵੇਰੇ ਵੇਲੇ ਸਿਰ ਆ ਜਾਊਂ।"

"ਤੇਰੀ ਵੀ ਸਹੇਲੀ ਉਡੀਕਦੀ ਹੋਣੀ ਆਂ, ਥੋੜੀ ਕੁ ਦੇਰ ਠਹਿਰ ਲੈ, ਬੰਦੇ ਆਉਣ ਵਾਲੇ ਹੀ ਆ, ਸ਼ਾਇਦ ਕਿਸੇ ਚੀਜ਼ ਦੀ ਜ਼ਰੂਰਤ ਪੈ ਜਾਵੇ। ਹਾਲੇ ਬਥੇਰਾ ਟਾਈਮ ਆਂ।"

"ਮੈਂ ਕਾਰ ਵਿਚ ਵੇਟ ਕਰ ਲੈਨਾਂ, ਜੇ ਲੋੜ ਹੋਈ ਤਾਂ ਫੋਨ ਕਰ ਦਿਓ।"

ਆਖਦਾ ਗੁਪਾਲ ਚਲੇ ਗਿਆ।

ਛੇਤੀ ਹੀ ਇੰਦਰ ਤੇ ਰਣਜੀਤ ਆ ਗਏ। ਉਹਨਾਂ ਨੇ ਬੋਤਲ ਖੋਹਲ ਲਈ। ਇਕ ਇਕ ਗਲਾਸੀ ਪਾਈ ਹੀ ਸੀ ਕਿ ਗੁਪਾਲਾ ਕਮਰੇ ਵਿਚ ਆਇਆ ਤੇ ਬੋਲਿਆ,

"ਭਾਜੀ, ਬਲਕਾਰੇ ਦਾ ਫੋਨ ਸੀ, ਉਹਨੂੰ ਉਥੇ ਪਿੰਡ ਮੇਰੀ ਕੱਲ ਨੂੰ ਬਹੁਤ ਸਖਤ ਲੋੜ ਐ, ਮੈਂ ਸੋਚਦਾ ਸੀ ਕਿ ਜੇ ਤੁਸੀਂ ਸਵੇਰੇ ਇਥੋਂ ਟੈਕਸੀ ਲੈ ਕੇ ਏਅਰਪੋਰਟ ਚਲੇ ਜਾਓਂ ਤਾਂ ਮੈਂ ਹੁਣੇ ਹੀ ਪਿੰਡ ਨੂੰ ਚਲੇ ਜਾਨਾਂ, ਰਾਹ ਵਿਚ ਮੈਂ ਕੀਰਤ ਪੁਰ ਵੀ ਹੁੰਦਾ ਜਾਊਂ।"

ਅਰਵਿੰਦ ਦੇ ਕਹਿਣ ਤੋਂ ਪਹਿਲਾਂ ਹੀ ਇੰਦਰ ਆਖਣ ਲੱਗਿਆ,

"ਕੋਈ ਗੱਲ ਹੀ ਨਹੀਂ ਕਾਕਾ, ਤੂੰ ਜਾਹ, ਅਸੀਂ ਇਥੇ ਕਾਹਦੇ ਲਈ ਆਂ, ਅਸੀਂ ਏਹਨਾਂ ਨੂੰ ਐਸਾ ਜਹਾਜ਼ੇ ਚੜ੍ਹਾ ਕੇ ਆਵਾਂਗੇ ਕਿ ਅਗਲੇ ਸਾਲ ਤਕ ਵਾਪਸ ਨਹੀਂ ਮੁੜਨਗੇ।"

ਉਹ ਸਾਰੇ ਹੱਸਣ ਲੱਗੇ। ਅਰਵਿੰਦ ਨੂੰ ਵੀ ਸਹੀ ਜਾਪਿਆ ਕਿ ਬਾਰਾਂ ਵਜੇ ਦੀ ਫਲਾਈਟ ਸੀ, ਨੌਂ ਵਜੇ ਏਅਰ ਪੋਰਟ ਪੁੱਜਣਾ ਸੀ, ਉਸ ਕੋਲ ਸਮਾਨ ਤਾਂ ਬਹੁਤਾ ਹੈ ਹੀ ਨਹੀਂ ਸੀ। ਅਵੱਲ ਤਾਂ ਇੰਦਰ ਹੋਰੀਂ ਛੱਡ ਹੀ ਦੇਣਗੇ, ਨਹੀਂ ਤਾਂ ਹੋਟਲ ਵਾਲੇ ਟੈਕਸੀ ਬੁਲਾ ਦੇਣਗੇ, ਇਹ ਵੱਡੀ ਗੱਲ ਤਾਂ ਹੈ ਨਾ ਸੀ। ਇਵੇਂ ਗੁਪਾਲਾ ਕੀਰਤ ਪੁਰ ਉਸ ਦਾ ਕੰਮ ਵੀ ਕਰਦਾ ਜਾਵੇਗਾ। ਉਸ ਨੇ ਗੁਪਾਲੇ ਦਾ ਟੈਕਸੀ ਦਾ ਹਿਸਾਬ ਤਾਂ ਰਾਹ ਵਿਚ ਆਉਂਦਿਆਂ ਹੀ ਕਰ ਦਿਤਾ ਹੋਇਆ ਸੀ। ਕੀਰਤ ਪੁਰ ਅਰਦਾਸ ਕਰਾਉਣ ਲਈ ਵੀ ਪੈਸੇ ਦੇ ਦਿਤੇ ਸਨ। ਉਸ ਨੇ ਕਿਹਾ,

"ਯੂ ਨੋਅ, ਤੇਰਾ ਸਿੱਮ ਮੇਰੇ ਕੋਲ ਐ ਤੇ ਇਹ ਹਾਲੇ ਮੈਨੂੰ ਚਾਹੀਦੈ।"

"ਇਹਦੀ ਕੋਈ ਗੱਲ ਨਹੀਂ, ਇਹ ਬੰਦ ਕਰਾ ਦੇਵਾਂਗੇ ਤੇ ਇਹੋ ਨੰਬਰ ਦੁਬਾਰਾ ਮਿਲ ਜਾਏਗਾ। ਹਾਲੇ ਤੁਸੀਂ ਇਹਨੂੰ ਵਰਤੋ।"

ਗੁਪਾਲੇ ਨੇ ਆਖਿਆ। ਅਰਵਿੰਦ ਨੇ ਉਸ ਨੂੰ ਵਾਪਸ ਭੇਜ ਦਿਤਾ ਤੇ ਦੋਸਤਾਂ ਨਾਲ ਦਾਰੂ ਦੇ ਦੌਰ ਦਾ ਅਨੰਦ ਲੈਣ ਲੱਗਿਆ।...

ਸਵੇਰੇ ਉਹ ਆਪਣੇ ਹਿਸਾਬ ਨਾਲ ਜਾਗ ਪਿਆ। ਹਾਲੇ ਬਿਸਤਰ ਵਿਚ ਹੀ ਪਿਆ ਸੀ ਕਿ ਫੋਨ ਦੀ ਘੰਟੀ ਵੱਜਣ ਲੱਗੀ। ਉਸ ਨੇ ਸੋਚਿਆ ਕਿ ਵੇਲਾਂ ਹੀ ਹੋਏਗੀ। ਅੱਜ ਫਿਰ ਲੜਾਈ ਪਾਏਗੀ। ਉਸ ਨੇ ਦੇਖਿਆ ਕਿ ਇਹ ਤਾਂ ਗੁਪਾਲਾ ਸੀ। ਉਸ ਨੇ ਹੈਲੋ ਕਹੀ ਤਾਂ ਗੁਪਾਲਾ ਕਾਹਲੀ ਵਿਚ ਬੋਲਿਆ,

"ਭਾਜੀ, ਮੈਨੂੰ ਪੁਲੀਸ ਨੇ ਫੜ੍ਹ ਲਿਆ, ਕਹਿੰਦੇ ਇਹ ਅਸਤ ਨਹੀਂ ਕੁਝ ਹੋਰ ਐ।"

"ਇਹਨਾਂ ਨੂੰ ਦਿਖਾ ਕਿ ਡੱਬੇ ਉਪਰ ਨਾਂ ਲਿਖਿਆ ਹੋਇਐ, ਖੁਸ਼ਹਾਲ ਸਿੰਘ।"

"ਇਹ ਸਮਝਦੇ ਤਾਂ ਹੈਗੇ ਆ ਪਰ ਨਾਕੇ ਤੋਂ ਲੰਘਣ ਦੇ ਪੈਸੇ ਮੰਗਦੇ ਆ। ਪੈਸੇ ਮੈਂ ਦੇਣੇ ਨਹੀਂ ਚਾਹੁੰਦਾ ਪਰ ਇਹ ਬਹੁਤੇ ਹੀ ਖਹਿੜੇ ਪਏ ਹੋਏ ਆ। ਦੱਸੋ ਕਿੱਦਾਂ ਕਰਾਂ।"

"ਯਾਰ, ਕਾਹਦੇ ਪੈਸੇ?"

"ਤੁਸੀਂ ਜਾਣਦੇ ਹੀ ਓ, ਏਸ ਮੁਲਕ ਦੀ ਪੁਲੀਸ ਨੂੰ! ...ਇਹ ਜਾਣਬੁੱਝ ਕੇ ਖਰਾਬ ਕਰ ਰਹੇ ਆ, ਦੱਸੋ ਹੁਣ ਕੀ ਕਰਾਂ?"

"ਤੂੰ ਕਿਥੇ ਕੁ ਖੜਾਂ?"

"ਓਦਾਂ ਤਾਂ ਭਾਜੀ ਮੈਂ ਪਹੁੰਚਣ ਵਾਲਾ ਹੀ ਆਂ।"

"ਤੇਰੇ ਆਲੇ ਦੁਆਲੇ ਕੀ ਆ?"

"ਮੈਂ ਨਹਿਰ ਦੇ ਪੁਲ 'ਤੇ ਖੜਾਂ।"

"ਤੂੰ ਏਦਾਂ ਕਰ, ਏਹ ਡੱਬਾ ਨਹਿਰ ਵਿਚ ਉਲੱਦ ਦੇ, ਸਮਝ ਲੈ ਇਹੀ ਚਰਨ ਗੰਗਾ ਐ ਕੀਰਤ ਪੁਰ ਵਾਲੀ।"

“ਠੀਕ ਭਾਜੀ।”

“ਗੱਲ ਸੁਣ, ਕੀਰਤ ਪੁਰ ਫੇਰ ਵੀ ਜਾ ਆਈਂ, ਮੈਨੂੰ ਰਸੀਦ ਭੇਜ ਦੇਵੀਂ।”

“ਠੀਕ ਆ ਭਾਜੀ।”

ਆਖਦਿਆਂ ਗੁਪਾਲੇ ਨੇ ਫੋਨ ਔਫ ਕਰ ਦਿਤਾ।

ਅਰਵਿੰਦ ਵੇਲਾਂ ਨੂੰ ਫੋਨ ਕਰਨ ਲੱਗਿਆ ਕਿ ਉਸ ਨੂੰ ਪੱਕ ਕਰ ਦੇਵੇ ਕਿ ਉਹ ਵਕਤ ਸਿਰ ਹੀ ਫਲਾਈਟ ਫੜ ਲਵੇਗਾ।

(ਸਮਾਪਤ)